### ੴ ਸਤਿਗੁਰ ਪ੍ਰਸਾਦਿ ॥

# ਬਿਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ

### (ਦਸਵਾਂ ਭਾਗ) Part 2

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮਗ੍ਰੰਥ

## ਅਰੰਭਕ ਬੇਨਤੀ

ਸ੍ਰੀ ਪਿਆਰਾ ਸਿੰਘ ਪਦਮ ਦੀ ਲਿਖੀ ਪੁਸਤਕ- " **ਦਸਮ ਗ੍ਰੰਥ ਦਰਸ਼ਨ** " ਵਿਚਲੇ " **ਚਰਿਤ੍ਰੋ ਪਾਖਿਯਾਨ** '- ਲੇਖ, ਦੇ ੧੨੫ ਸਫ਼ੇ ਤੇ ਜਦ ਇਹ ਬਚਨ ਪੜ੍ਹੇ ਕਿ- " **ਗੁਰੂ ਸਾਹਿਬ ਨੇ ਕੁਝ ਆਂਪ-ਬੀਤੀਆਂ ਵੀ ਦਰਜ ਕੀਤੀਆਂ ਹਨ ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤ੍ਰ ਹਨ, ਜਿਵੇਂ -੧੬, ੨੧,੨੨, ੨੩ ਅਦਿ. ੧੫ ਨੰਬਰ ਕੀਰਤਪੁਰ ਦਾ ਹੈ** " - ਤਾਂ ਦਿਲ ਨੂੰ ਬੜਾ ਧੱਕਾ ਲੱਗਾ। ਹੈਂ ? ਇਹ ਕੀ ? ਸੁਣਿਆਂ ਤਾਂ ਇਹ ਸੀ ਕਿ, " ਚਰਿਤ੍ਰੋ ਪਾਖਿਯਾਨ " ਗ੍ਰੰਥ ਵਿਚ ਸਤਿਗੁਰਾਂ ਨੇ ਕੇਵਲ ਕਾਮੀ ਕੁਟਲ ਇਸਤ੍ਰੀਆਂ ਦੇ ਭੈੜੇ ਚਲਿਤ੍ਰਾਂ ਤੋਂ ਹੀ ਸਾਨੂੰ ਸੁਚੇਤ ਕੀਤਾ ਹੋਇਆ ਹੈ। ਸੰਸਾਰ ਦੇ ਮਨੁੱਖ ਮਾਤ੍ਰ ਲਈ ਸ਼ੁੱਭ ਕਰਮਾ ਦੇ ਪੂਰਨੇ ਪਾ ਰਹੇ, ਦਸਮੇਸ਼ ਜੀ ਨੇ, **ਕੀ**, ਆਪਣੇ ਜੀਵਨ-ਕਾਲ ਨਾਲ ਸੰਬੰਧਤ ਸਾਖੀਆਂ ਵੀ ਉਨ੍ਹਾਂ ਹੀ ਚਲਿੱਤਰਾਂ ਵਿਚ ਸ਼ਾਮਲ ਕਰ ਦਿੱਤੀਆਂ ? ਸਦੀਵੀ ਸਚੁ ਨਾਲ ਜੋੜਨ ਵਾਲੇ ਆਪਣੇ ਅਨੁਪਮ ਜੀਵਨ ਕਾਲ ਦੇ ਮਹਾਨ ਸਾਕੇ, ਇਸਤ੍ਰੀਆਂ ਦੇ ਕਾਮ ਗ੍ਰਸੇ ਘਟੀਆਂ ਚਲਿਤ੍ਰਾਂ ਵਿਚ ਲਿਖਣ ਤੋਂ, ਸਤਿਗੁਰਾਂ ਦਾ ਸਰਬੱਤ ਦੀ ਭਲਿਆਈ ਵਾਲਾ ਕਿਹੋ ਜਿਹਾ ਮੰਤਵ ਹੋਵੇਗਾ? ਇਹ ਜਾਣਨ ਲਈ ਉਪਜੀ ਤੀਬਰ ਉਤਸੁਕਤਾ ਨੇ ਮਨ ਬੇਚੈਨ ਕਰ ਦਿੱਤਾ। ਭਾਈ ਬੰਨਤਾ ਸਿੰਘ ਜੀ ਝਟ ਹੀ, ਚਰਿਤ੍ਰੋ ਪਾਖਿਆਨ ਗ੍ਰੰਥ ਦੇ ਸਟੀਕ ਦੀਆਂ ਪੋਥੀਆਂ ਮੰਗਵਾ ਦਿੱਤੀਆਂ। ਉਪ੍ਰੋਕਤ ਵਰਣਣ ੧੫, ੧੬-੨੧-੨੩ ਚਲਿਤ੍ਰ ਪੜ੍ਹੇ ਤਾਂ ਅਜੀਬ ਕਿਸਮ ਦੇ ਤੋਖ਼ਲੇ ਨੇ ਮਨ ਬੇਚੈਨ, ਅਤੇ ਹਿਰਦਾ ਸਖ਼ਤ ਦੁਖੀ ਕਰ ਦਿੱਤਾ। ਕੀ, ਇਹ ਹਨ ਸਤਿਗੁਰਾਂ ਦੀਆਂ " **ਆਪ ਬੀਤੀਆਂ** " ? ਸੁਤਿਗੁਰਾਂ ਨੂੰ ਏਡੇ ਨੀਵੇਂ ਜੀਵਨ ਦੇ ਮਾਲਕ ਦਰਾਉਣ ਵਾਲਾ ਇਹ ਹੈ ਕੌਣ ? " **ਦਮਸ ਗ੍ਰੰਥ ਦਰਸ਼ਨ** " ਪੁਸਤਕ ਨੂੰ ਲਿਖਣ ਵਾਲਾ, ਕੀ, ਸਚ-ਮੁਚ ਸਤਿਗੁਰਾਂ ਦਾ ਹੀ ਸਿੱਖ ਹੋਵੇਗਾ ? ਇਸ ਸ਼ੰਕੇ ਦਾ ਸਮਾਧਾਨ ਪ੍ਰਾਪਤ ਹੋਣ ਤੋਂ ਪਹਿਲਾਂ ਜਦ ਇਹ ਪੜ੍ਹਿ ਲਿਆ ਕਿ, ਦੁਖਦਾਈ ਵਿਅੰਗਾਂ ਵਾਲੀ ਇਹ ਪੁਸਤਕ ਤਾਂ ੧੯੬੮ ਤੋਂ ਗੁਰਸਿੱਖਾਂ ਦੇ ਘਰਾ ਦੀ ਰੌਣਕ ਬਣਦੀ ਆ ਰਹੀ ਹੈ। ਜਦ ਸਾਰੇ ਪੰਥ ਵਿਚੋਂ ਕਿਸੇ ਧਿਰੋਂ ਵੀ ਇਸ ਪੁਸਤਕ ਦੀਆਂ ਲਿਖਤਾਂ ਬਾਰੇ, ਕੋਈ ਕਿੰਤੂ ਨਾ ਹੋਇਆ, ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ, ਜਾਂ ਸ੍ਰੀ ਹਰਿਮੰਦਰ ਸਾਹਿਬ ਤੋਂ ਕਿਸੇ ਪ੍ਰਕਾਰ ਦੀ ਦਖ਼ਲ-ਅੰਦਾਜ਼ੀ ਹੋਈ, ਤਾਂ ਕੀ, ਇਸ ਗੁਰਮਤਿ ਵਿਰੋਧੀ ਪੁਸਤਕ ਨੂੰ ਪੰਥ ਨੇ ਗੁਰਮਤਿ ਦੇ ਅਨਕੂਲ ਮੰਨ ਲਿਆ ਹੋਇਆ ਹੈ ? ਮੇਰੇ ਵਾਵੇਲਾ ਦਾ ਕੀ ਮੁੱਲ ? ਸਚੁ ਦੇ ਅਵਤਾਰ, ਹੇ ਸੱਚੇ ਪਾਤਸ਼ਾ ਜੀਓ ! ਤੁਸੀ ਸਾਡੇ ਲਈ ਕੀ ਕੁਝ ਕੀਤਾ ਤੇ ਬਦਲੇ ਵਿਚ ਅਸੀਂ ਕਿਸ ਪ੍ਰਕਾਰ ਦੀ ਕਮੀਨਗੀ ਕਰ ਰਹੇ ਹਾਂ? **ਮਿਹਰ, ਮਿਹਰ, ਮਿਹਰ**.......

" **ਜਹਾਂ ਖਿਮਾ ਤਹਿ ਆਪ** " ਦਾ ਉਪਦੇਸ਼ ਦ੍ਰਿੜ ਕਰਾ ਰਹੇ ਹੇ, ਕਹਿਣੀ ਕਥਨੀ ਦੇ ਸੂਰੇ, ਸਤਿਗੁਰੂ ਨਾਨਕ ਪਾਤਸ਼ਾਹ ਜੀਓ ! ਵਾਕਿਆ ਹੀ ਤੂੰ ਲਾ-ਮਿਸਾਲ ਧੀਰਜਾਂ ਦਾ ਮਾਲਕ ਅਤੇ ਖਿਮਾਂ ਦਾ ਪੁੰਜ ਹੈਂ। " **ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ** ॥{੯੯੧} ਫ਼ੁਰਮਾਨ ਕਰਨ ਵਾਲੇ, ਸੱਚੇ ਪਾਤਸ਼ਾਹ ਜੀਓ ! ਤੇਰੀ ਉਦਾਰਤਾ ਲਾ-ਮਿਸਾਲ ਹੈ। ਜੋ ਕੁਝ ਅਸਾਂ ਤੇਰੇ ਦਸਮ ਸਰੂਪ ਦੇ ਪਾਵਨ ਪਵਿੱਤਰ ਨਾਮਣੇ ਨਾਲ ਮੜ੍ਹਿਆ ਹੋਇਆ ਹੈ, ਜੇ ਉਸ ਦਾ ਦਸਵਾਂ ਹਿੱਸਾ ਵੀ (ਕਥਿਤ-) **ਦੁਰਬਾਸ਼ਾ ਰਿਸ਼ੀ** ਜਾਂ **ਭਗਵਾਨ ਪਰਸੁਰਾਮ** ਦੇ ਹਿੱਸੇ ਦਾ ਮਿਥ ਲੈਣ ਦੀ ਮੂਰਖਤਾਈ ਕਰ ਬੈਠਦੇ ਸਾਡੀਆਂ ੨੧ ਦੂਣ ੪੨ ਕੁਲਾਂ ਦਾ ਸਰਬ ਨਾਸ ਕਰਕੇ ਵੀ ਉਹ (ਰਿਸ਼ੀ ਅਥਵਾ ਭਗਵਾਨ ਜੀ) ਸੰਤੁਸ਼ਟ ਨਾ ਹੁੰਦੇ। ਪਰ, ਜਾਨੀ ਦੁਸ਼ਮਨ ਬਣ ਆਏ ਨੀਚ ਵੈਰੀਆਂ ਨੂੰ ਸੀਤਲ ਜਲ ਪਿਲਾਉਣ ਦੇ ਨਾਲ ਉਨ੍ਹਾਂ ਦੇ ਘਾਵਾਂ ਤੇ ਕਾਰੀ ਮਲ੍ਹਮ ਲਾ ਕੇ ਨਵੇ ਨਿਰੋਏ ਕਰੀ ਜਾਣ ਵਾਲੇ ਉਦਾਰ ਚਿਤ, ਪਰਉਪਕਾਰ ਅਤੇ ਦਿਆਲਤਾ ਦੇ ਪੁੰਜ, ਹੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਦਸਵੇ ਸਰੂਪ ਜੀਓ ! ਤੂੰ ਧੰਨ ਹੈ, ਤੇਰੀ ਸਹਿਨਸ਼ੀਲਤਾ ਅਪਾਰ ਹੈ, ਸੰਸਾਰ ਵਿਚ ਆਇਆ ਕੇਵਲ ਅਤੇ ਕੇਵਲ ਤੂੰ ਹੀ ਤੂੰ ਹੈਂ ਜਿਸ ਨੇ ਸਾਡੇ ਜਿਹੇ ਅਹੰਕਾਰੀ ਅਪਰਾਧੀਆਂ ਨੂੰ, ਜਿਨ੍ਹਾਂ ਨੇ ਤੇਰੇ ਪਾਵਨ ਪਵਿੱਤਰ ਨਾਮਣੇ ਨਾਲ ਅਤੀਅੰਤ ਘਟੀਆ " **ਬਕਬਾਦ** " (kWie ry bkbwdu lwieE-ਪੰਨਾ ੭੧੮) ਜੋੜੀ ਹੋਈ ਹੈ, ਨੂੰ ਅਣਗੋਲਿਆ ਕਰੀ ਰਖਿਆ। ਹੇ ਦਾਤਾਰ ਜੀਓ ! ਤੂੰ ਸਾਡੇ ਲਈ ਸਰਬੰਸ ਕੁਰਬਾਨ ਕਰ ਦਿੱਤਾ, ਪਰ ਅਸਾਂ ਜੋ

ਕਰਤੂਤ ਕੀਤੀ ਉਸ ਤੋਂ ਨਿਰਸੰਦੇਹ ਅਸੀਂ ਭਾਈ ਗੁਰਦਾਸ ਜੀ ਦੇ ਕਥਨ ਵਾਲੇ, ਵਡੇ ਅਕਿਰਤਘਣ ਸਿੱਧ ਹੋ ਰਹੇ ਹਾਂ :-

{ਵਾਰ ੩੫}

ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ । ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ । ਨਾ ਤਿਸੁ ਭਾਰੇ ਤਰਵਰਾਂ ਫਲ ਸੁਫਲ ਫਲੰਦੇ ।
ਨਾ ਤਿਸੁ ਭਾਰੇ ਜੀਅਜੰਤ ਅਣਗਿਣਤ ਫਿਰੰਦੇ । ਭਾਰੇ ਭੁਈ **ਅਕਿਰਤਘਣ** ਮੰਦੀ ਹੂ ਮੰਦੇ ॥ ੮ ॥
ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ । ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ । ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ ।
ਆਖਿ ਸੁਣਾਏ ਪਛਿਆ ਲਾਹੇ ਵਿਸਵਾਸੁ । ਨਦਰੀ ਪਵੈ **ਅਗਿਰਤਘਣੁ** ਮਤੁ ਹੋਇ ਵਿਣਾਸੁ ॥ ੯ ॥

ਸਤਿਗੁਰੂ ਗ੍ਰੰਥ ਸਾਹਿਬ ਜੀ:--

੧- **ਵਾਰ ਗਉੜੀ ਮ: ੫ ॥ ਨਰਕ ਘੋਰ ਬਹੁ ਦੁਖ ਘਣੇ ਅਕਿਰਤ ਘਣਾ ਕਾ ਥਾਨੁ ॥**
**ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮ ॥੧॥**{ਪੰਨਾ ੩੧੫}

ਤੇਜ ਪ੍ਰਤਾਪ ਅਤੇ ਰਾਜ ਭਾਗ ਮੰਗ ਰਹੇ ਸਾਡੇ ਜਿਹੇ ਲੂਣ ਹਰਾਮੀਆਂ ਨੂੰ ਤਾਂ ਢਿੱਡ ਭਰਵੀਂ ਰੋਟੀ ਵੀ ਨਹੀਂ ਸੀ ਮਿਲਦੀ ਰਹਿਣੀ ਚਾਹੀਦੀ। ਲੂਣ ਹਰਾਮੀਆਂ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ-**ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ {੨੬੧}** " **੧੯, ੨੧, ੨੨, ੨੩ ਆਦਿ** " ਚਰਿਤਰਾਂ ਵਲ ਧਿਆਨ ਜਾਂਦਿਆਂ ਹੀ ਹਿਰਦੇ ਨੂੰ ਕਾਂਬਾ ਛਿੜ ਜਾਂਦਾ ਹੈ। ਹੇ ਗੁਰੂ ਨਾਨਕ ਸਾਹਿਬ ਜੀਓ ! ਤੇਰੀ ਜੋਤਿ ਜੁਗਤਿ ਦੇ ਸਦੀਵੀ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੀਤੀਆਂ ਡੰਡੌਤਾਂ ਦੇ ਵੱਟੇ ਤੈਥੋਂ ਮਾਇਕ ਮੰਗਾਂ ਕਰਦਿਆਂ ਸਾਡੇ, ਜਿਹੇ ਮਨਮੁਖਾਂ ਦਾ ਧਿਆਨ, ਗੁਰੂ ਬਾਣੀ ਦੇ ਇਨ੍ਹਾਂ ਬਚਨਾਂ ਵਲ ਵੀ ਕਦੇ ਨਹੀਂ ਗਿਆ-" **ਮਨਮੁਖ ਲੂਣ ਹਾਰਾਮ, ਕਿਆ ਨ ਜਾਣਿਆ ॥ ਬਧੇ ਕਰਨਿ ਸਲਾਮ, ਖਸਮ ਨ ਭਾਣਿਆ ॥** " {-੧੪੩}

ਕੇਵਲ ਉਨ੍ਹਾਂ ਹੀ ਕਥਿਤ **ਆਪ ਬੀਤੀਆਂ** ਦੀ ਗਲ ਨਹੀਂ ਹੈ ਸਚੇ ਸਤਿਗੁਰੂ ਜੀਓ ! ਬਾਕੀ ਵੀ ਜੋ ਕੁਝ ਤੇਰੇ ਪਾਵਨ ਨਾਮਣੇ ਨਾਲ ਅਸਾਂ ਮੜਿਆ ਹੋਇਆ ਹੈ, ਉਸ ਤੋਂ ਤਾਂ ਤੇਰੀ ਪਾਵਨ " ਗੁਰੂ ਬਾਣੀ " ਦੇ ਸਿਧਾਂਤਾ ਦੀ ਅਟੱਲਤਾ ਵੀ ਹਾਸੋ-ਹੀਣੀ ਬਣ ਰਹੀ ਹੈ। ਹੇ ਦਸਮ ਪਿਤਾ ਜੀਓ ! ਜਿਸ ਇਸਤ੍ਰੀ ਜਾਤੀ ਨੂੰ ਤੁਸਾਂ " **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** " ਮੰਦਾ ਕਹਿਣ ਤੋਂ ਵਰਜਿਆ ਹੋਇਆ ਹੈ, ਉਸ ਮਾਂ ਵਿਚ ਸਾਨੂੰ ਘਟੀਆਂ ਚਲਿੱਤਰ ਵਿਖਾਈ ਦੇਣ ਲੱਗ ਪਏ ? ਜਿਸ ਮਾਂ ਨੂੰ ਗੁਰਬਾਣੀ ਵਿਚ { " **ਧੰਨੁ ਸੁ ਮਾਤਾ ਜਿਨਿ ਜਨ ਜਣੇ ॥**" {੧੧੩੬} "**ਧੰਨੁ ਜਣੇਦੀ ਮਾਇਆ ॥** "{੧੩੮੬}} ਤੁਸਾਂ ਧੰਨ ਧੰਨ ਲਿਖਿਆ, ਉਸ **ਸੁਮੁੱਚੀ ਇਸਤ੍ਰੀ ਜ਼ਾਤੀ** ਦਾ ਆਚਰਨ ਮੰਦਾ ਲਿਖਣ ਦਾ ਦੋਸ਼, **>** {**ਅਜੇਹੇ ਬਅੰਤ ਕੁਫ਼ਰ ਵਿਚੋ ਕੇਵਲ ਵਣਗੀ ਮਾਤ੍ਰ**:--

**ਇਨ ਅਬਲਨ ਕੀ ਰੀਤਿ ਅਪਾਰਾ ॥ ਜਿਨ ਕੋ ਆਵਤ ਵਾਰ ਨਾ ਪਾਰਾ ॥ ੧੧ ॥** (ਚਰਿਤ੍ਰ:੨੭੩]

**ਅਰਥ:**--ਇਨ੍ਹਾਂ ਇਸਤਰੀਆਂ ਦੀ ਲੀਲ੍ਹਾ ਅਪਰਮਪਾਰ ਹੈ ਜਿਸ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ।

**ਦੋਹਰਾ ॥ ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ ॥**
**ਬ੍ਰਹਮ ਬਿਸ਼ਨ ਸ਼ਿਵ ਖਟ ਬਦਨ ਜਿਨ ਸਿਰਜੀ ਕਰਤਾਰ ॥ ੧੨ ॥** [:੩੩੬]
**ਚੌਪਈ ॥ ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ ॥ ਬਿਧਨਾ ਸਿਰਜਿ ਬਹੁਰਿ ਪਛਾਤਾ ॥**
**ਸ਼ਿਵ ਘਰ ਤਜ ਕਾਨਨਹਿ ਸਿਧਾਯੋ ॥ ਤਉ ਤਰੁਨਿ ਕੋ ਅੰਤੁ ਨ ਪਾਯੋ ॥ ੧੬ ॥**

**ਅਰਥ:**--ਇਸਤ੍ਰੀ ਦੇ ਚਲਿੱਤ੍ਰ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਪਰਮਾਤਮਾ ਵੀ ਇਸਤ੍ਰੀ ਨੂੰ ਪੈਦਾ ਕਰਕੇ ਪਛਤਾਉਂਣ ਲੱਗ ਗਿਆ ਸੀ। ਸ਼ਿਵਜੀ ਘਰ ਛੱਡ } ਕੇ ਫਿਰ ਜੰਗਲ ਵਿਚ ਚਲੇ ਗਿਆ ਸੀ ਪਰ ਫਿਰ ਵੀ ਇਸਤ੍ਰੀ ਦਾ ਭੇਦ ਨਹੀਂ ਪਾ ਸਕਿਆ ਸੀ । ੧੬ । }

ਇਸ ਤੋਂ ਵੀ ਕਈ ਗੁਣਾ ਵੱਧ ਦੁਖਦਾਈ ਕਈ ਕੁਝ, ਤੁਹਾਡੇ ਪਾਵਨ ਪਵਿੱਤਰ ਨਾਮਣੇ ਨਾਲ ਕੋਈ ਵੈਰੀ ਨਹੀਂ ਸਗੋਂ ਤੁਹਾਡੇ ਖ਼ਾਲਸੇ ਦਾ ਵਿਦਵਾਨ ਆਗੂ ਹੀ ਜੋੜੀ ਤੁਰਿਆ ਜਾ ਰਿਹਾ ਹੈ? ਅੱਜ ਕੌਣ ਕਰੇ ਸਚੁ ਦੀ ਪਰਖ ? ਜਿਹੜਾ ਖ਼ਾਲਸਾ ਜੀ ਤੇਰੀ ਗੁਰਿਆਈ ਦਾ ਭਾਈਵਾਲ ਬਣਿਆ ਬੈਠਾ ਹੈ, ਜਿਸ ਨੇ ਤੇਰੀ ਸਿਖਿਆ ਵਿਚ ਸ਼ੁੱਧਤਾ ਕਾਇਮ ਰੱਖਣੀ ਸੀ, ਜਿਸ ਜਥੇਦਾਰ ਨੇ ਪਰਖ ਕਰਕੇ ਨਿਰਮਲ ਪੰਥ ਵਿਚੋਂ ਭਿਆਨਕ ਕੋੜ੍ਹ ਦੂਰ ਕਰਨਾ ਸੀ, ਉਹ ਤਾਂ ਆਪਨ ਬਿੱਪ੍ਰ ਦੀ ਝੋਲੀ ਵਿਚ ਜਾ ਬਿਰਾਜਿਆ, ਨਰੈਣੂੰ ਮਹੰਤ ਦਾ ਵੀ ਪਿਉ ਬਣ ਬੈਠਾ ਹੋਇਆ ਹੈ। ਕਿਸ ਅੱਗੇ ਕੀਤੀ ਜਾਵੇ ਫ਼ਰਿਆਦ ? ਕੇਵਲ ਅਤੇ ਕੇਵਲ **ਪੰਥ ਦੇ ਨੌਨਿਹਾਲ** (ਜਵਾਨ ਪੀੜ੍ਹੀ) **ਤੇ ਹੀ ਆਸ ਬਾਕੀ ਬਚੀ ਹੋਈ ਹੈ।** "

ਸੁਹਿਰਦ ਪਾਠਕ ਜੀਓ ! ਇਕਾਗਰਤਾ ਨਾਲ ਇਸ ਪੁਸਤਕ ਨੂੰ ਪੜ੍ਹਨ ਉਪ੍ਰੰਤ ਤੁਸਾਂ ਨਿਰਣਾ ਕਰਨਾ ਹੈ ਕਿ, ਖ਼ਾਲਸਾ ਪੰਥ ਦੀਆਂ ਪਦਵੀਆਂ ਤੇ ਬਿਰਾਜੇ, ਲਗ-ਪਗ ਸਾਰੇ ਆਗੂਆਂ ਨੇ, ਕਿਸ ਯੋਜਨਾਂ ਦੀ ਪੂਰਤੀ ਲਈ, ਇਸ (ਚਰਿਤ੍ਰੋ ਪਾਖਿਯਾਨ)

ਗ੍ਰੰਥ ਦੀ ਅਸਲੀਅਤ ਜਾਣ ਲੈਣ ਤੋਂ (ਅੱਜ ਤੱਕ), ਤੁਹਾਨੂੰ ਦੂਰ ਰਖਿਆ ਹੈ ? ਕੀ, ਅਜੇਹਾ ਕਰ ਕੇ ਇਨ੍ਹਾ ਭੱਦਰ ਪੁਰਸ਼ਾਂ ਨੇ ਪੰਥ ਨਾਲ ਧ੍ਰੋਹ ਕੀਤਾ ਹੈ, ਕਿ ਜਾਂ, ਗੁਰੂ ਪੰਥ ਦੀ ਅਨਮੋਲ ਸੇਵਾ ਕੀਤੀ ਹੈ ? ਗੁਰੂ-ਪੰਥ ਦੀ ਆਸ ਉਮੀਦ ਦੇ ਭਵਿੱਖ, ਗੁਰੂ ਨਾਨਕ ਸਾਹਿਬ ਜੀ ਦੇ ਵਰੋਸਾਏ, ਨੌਜਵਾਨ ਗੁਰਸਿੱਖ ਅਨਮੋਲ-ਹੀਰਿਓ ! ਪੁਸਤਕ ਦੇ ਇਸ ਦਸਵੇਂ ਭਾਗ (ਦੇ ਤਿੰਨਾਂ ਹੀ ਹਿੱਸਿਆਂ) ਨੂੰ ਸੁਹਿਰਦਤਾ ਨਾਲ ਵਿਚਾਰਨ ਉਪ੍ਰੰਤ ਜੇ ਤੁਹਾਡੇ ਹਿਰਦੇ ਵਿਚ ਪੰਥ ਦੀ ਨਿਰੰਤਰ ਮਾਂਦੀ ਹੋ ਰਹੀ ਹਾਲਤ ਨੂੰ ਚੜ੍ਹਦੀ ਕਲਾ ਵਲ ਨੂੰ ਮੋੜਾ ਦੇਣ ਦੀ ਸੱਧਰ ਜਾਗ ਪਵੇ ਤਾਂ, (ਕਿਰਤੀਆਂ ਦੀ ਕਮਾਈ ਤੇ ਮੌਜਾਂ ਮਾਣ ਰਹੇ) ਇਨ੍ਹਾਂ ਵੇਲੜ੍ਹ ਡੇਰੇ ਦਾਰਾਂ ਨੂੰ ਅਤੇ ਜਥੇਦਾਰਾਂ ਨੂੰ ਤੁਸੀਂ ਆਪਣੇ ਨਾਲ ਲਵੋ ਅਤੇ ਸਤਿਗੁਰਾਂ ਦੀ ਸ਼ਰਨ ਵਿਚ ਪੁੱਜ ਕੇ ਪੁਕਾਰਾਂ ਕਰੋ ਕਿ--**ਹਮ ਭੂਲਹ ਤੁਮ ਸਦਾ ਅਭੂਲਾ, ਹਮ ਪਤਿਤ ਤੁਮ ਪਤਿਤ ਉਧਰੀਆ ॥ ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥ ੧ ॥** {੧੨੧੩} ਹੇ ਦਾਤਾਰ ਜੀ ! ਹਾਰ ਕੇ ਤੇਰੇ ਦੁਆਰੇ ਆ ਪਏ ਹਾਂ, ਬਿਬੇਕ ਬੁਧੀ ਬਖ਼ਸ਼ਸ਼ ਕਰੋ-**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ** ॥ ੬੪੧} ਸਤਿਗੁਰਾਂ ਦੀ ਛੱਤਰ ਛਾਇਆ ਹੇਠ, ਗੁਰੂ ਬਾਣੀ ਨੂੰ ਧੁਰਾ ਮੰਨ ਕੇ, ਸੁਹਿਰਦਤਾ ਨਾਲ ਕੀਤੀਆਂ ਗੁਰਮਤਿ ਵਿਚਾਰਾਂ ਤੋ ਬੜੀ ਸੂਝ ਬੂਝ ਨਾਲ ਗੁਰਮਤਾ-ਰੂਪ ਸੋਧ ਪੱਤਰ ਜਾਰੀ ਕਰਵਾਉ। ਦੁਬਿਧਾ ਵੱਸ ਹੋਏ, ਧੜਿਆਂ ਵਿਚ ਵੰਡੇ ਜਾ ਰਹੇ ਖ਼ਾਲਸਾ-ਪੰਥ ਨੂੰ ਇੱਕ ਗੁਰਬਾਣੀ-ਗੁਰੂ-ਧੁਰੇ ਤੇ ਇਕੱਤਰ ਕਰਨਾ ਹੈ। ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਟਗ " ਦੇ ਸਾਰੇ ਹੀ ਹਿਸਿਆਂ ਨੂੰ, ਅਤੇ ਵਿਸ਼ੇਸ਼ ਕਰਕੇ ਦਸਵੇ ਭਾਗ ਦੇ ਤਿੰਨੇ ਪੱਖ ਸੁਹਿਰਦਤਾ ਨਾਲ ਪੜ੍ਹ- ਵਿਚਾਰਿਆਂ, ਤੁਹਾਡੀ ਤਸੱਲੀ ਹੋ ਜਾਣੀ ਹੈ ਕਿ, ਅਸੀਂ ਗੁਰਮਤਿ ਗਾਡੀ ਰਾਹੋਂ ਉੱਖੜ ਕੇ, ਸੱਚ ਦੀ ਥਾਂ ਝੂਠ ਦੇ ਪੁਜਾਰੀ ਬਣ ਰਹੇ ਹਾਂ। ਸਮੁੱਚੇ ਪੰਥ ਨੂੰ ਮੁੜ ਉਸੇ ਅਨਮੋਲ ਅਤੇ ਅਨੂਪਮ ਗੁਰਮਤਿ ਗਾਡੀ ਰਾਹ ਤੇ ਵਾਪਸ ਮੋੜ ਲਿਆਉਣਾ ਹੈ। ਸਾਡੀ ਹਰ ਮੈਦਾਨ ਫ਼ਤਿਹ ਦਾ ਸੁੰਦਰ ਸਿਹਰਾ ਹੱਥਾਂ ਵਿਚ ਫੜੀ, **ਗੁਰਮਤਿ-ਮਰਯਾਦਾ**, ਸਾਡੇ ਏਸੇ ਉੱਦਮ ਦੀ ਉਡੀਕ ਵਿਚ ਖਲੋਤੀ ਹੈ। ਪੰਥ ਦੀ ਮਰਯਾਦਾ ਕੇਵਲ ਅਤੇ ਕੇਵਲ ਸ਼ਬਦ ਹੈ ਅਤੇ ਸ਼ਬਦ ਗੁਰੂ ਦਾ ਵਜੂਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਮੁੱਚੇ-ਸਰੂਪ ਵਿਚ ਬਿਰਾਜਤ ਹੈ। ਮਰਯਾਦਾ ਦਾ ਜੇ ਕੋਈ ਸੰਖੇਪ ਅਤੇ ਸਹਿਲ ਭਾਸ਼ਾ ਵਿਚ ਖਰੜਾ ਤਿਆਰ ਕਰਨਾ ਹੈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆਂ ਦੇ ਅਨਕੂਲ ਹੋਣਾ, ਕੇਵਲ ਮਾਤ੍ਰ ਸ਼ਰਤ ਹੋਣੀ ਲੋੜੀਏ। " **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ** ॥੮॥(ਪੰਨਾ ੨੨੯) -ਉੱਚੇ ਤੋਂ ਉੱਚਾ ਬਣਦੇ ਰਹਿਣ ਲਈ, ਸਦਾ ਆਪਾ ਫ਼ਰੋਲਦੇ ਰਹਿਣਾ ਹੁੰਦਾ ਹੈ। ਪੰਥ ਵਿਚ ਆ ਰਲੇ ਆਪਣੇ ਅਸਲੀ ਵੈਰੀ ਦੀ ਪਛਾਣ ਕਰਨੀ, ਸਾਡੀ **ਪ੍ਰਥਮ ਲੋੜ** ਹੈ।

ਵਿਦਵਤਾ ਦੇ ਜ਼ੋਰ ਤੇ, ਬੜੀਆਂ ਚਤੁਰਾਈਆਂ ਸਿਆਣਪਾਂ ਦੁਆਰਾ ਪਿਆਰਾ ਸਿੰਘ ਪਦਮ ਨੇ ਜਿਸ " ਦਸਮ ਗ੍ਰੰਥ ਦਰਸ਼ਨ " ਪੁਸਤਕ ਵਿਚ ਅਤੀਅੰਤ ਘਟੀਆ ਸਾਹਿਤ, ਦਸ਼ਮੇਸ਼ ਜੀ ਦੇ ਅੰਮ੍ਰਿਤ-ਮਈ ਜੀਵਨ ਕਥਾ ਦਾ ਹਿੱਸਾ ਬਣਾਉਣ ਲਈ ਸਾਰਾ ਜ਼ੋਰ ਲਾਇਆ ਹੋਇਆ ਹੈ, ਉਸ ਚੰਦਰੀ ਪੁਸਤਕ ਨੂੰ ਪੜ੍ਹ ਕੇ, ਦਾਸ ਨੇ ਪਦਮ ਜੀ ਦੀ ਸੇਵਾ ਵਿਚ ਹੌਕਿਆਂ ਹਾੜਿਆਂ-ਰੂਪ ਬੇਨਤੀ ਪੱਤਰ ਲਿਖ ਭੇਜਿਆ ਸੀ। ਪਦਮ ਸਾਹਿਬ ਨੇ ਦਾਸ ਦੀ ਕਿਸੇ ਇੱਕ ਵੀ ਪੁੱਛ ਦਾ ਕੋਈ ਉੱਤਰ ਨਾ ਦਿੱਤਾ। ਲਗ ਪਗ ਉਸੇ ਰੂਪ ਵਿਚ ਹੀ, ਉਹ **ਪੱਤਰ ਰੂਪ ਲੇਖ**, ਤੁਹਾਡੀ ਸੇਵਾ ਵਿਚ ਪੇਸ਼ ਕਰ ਰਿਹਾ ਹਾਂ। ਦਾਸ ਦੇ ਮਨ ਵਿਚ, ਸਤਿਗੁਰਾਂ ਦੇ ਦਰੋਂ ਆਸ ਬਣੀ ਹੋਈ ਹੈ ਕਿ, ਖੰਡ ਵਿਚ ਗਲੇਫੇ ਜ਼ਹਿਰ ਦੀ, ਅਥਵਾ ਗਿਆਨ ਦੀ ਮੋਟੀ ਚਾਦਰ ਵਿਚ ਲਪੇਟੇ ਘਾਤਕ ਕੁਫ਼ਰ ਦੀ ਪਛਾਣ ਕਰ ਕੇ, ਤੁਸੀ ਗੁਰਮਤਿ ਦੇ " **ਅਦਿ ਸਚੁ** " ਦੀ ਅਸਲੀਅਤ ਸਮਝਣ ਵਿਚ ਢਿੱਲ ਨਹੀਂ ਲਾਉਣੀ ਅਤੇ, ਮੁੜ ਉਸੇ ਹੀ ਗੁਰੂ-ਗੋਦ ਵਿਚ ਜਾ ਬਿਰਾਜਣਾ ਹੈ, ਜਿਸ ਪਿਆਰਾਂ ਲੱਦੀ ਬੁੱਕਲ ਵਿਚੋਂ ਨਿਕਲ ਕੇ ਅਸੀਂ ਭਟਕਣਾ ਵਿਚ ਪਏ, ਖੱਜਲ ਖ਼ੁਆਰ ਹੋ ਰਹੇ ਹਾਂ।

੭੮ ਸਾਲ ਦੇ ਮਤਿ-ਹੀਣ ਇਸ ਨਿਤਾਣੇ ਬੁਢੜੇ ਦੀਆਂ ਭੁੱਲਾਂ ਵੱਲ ਨਾ ਜਾਣਾ, ਗੁਰੂਪੰਥ ਪ੍ਰਤੀ ਸ਼ਰਧਾ ਅਤੇ ਇਸ ਨੂੰ ਚੜ੍ਹਦੀ ਕਲਾ ਵਿਚ ਵਿਚਰਦੇ ਵੇਖਣ ਦੀ ਸੱਧਰ ਨੂੰ ਧਿਆਨ ਵਿਚ ਰਖਦਿਆਂ, ਇਸ ਗ੍ਰੰਥ ਨੂੰ ਇਕਾਗਰਤਾ ਨਾਲ ਪੜ੍ਹਨ ਦਾ ਅਤੇ ਦੂਜਿਆਂ ਨੂੰ ਪੜ੍ਹਾਉਣ ਦੇ ਉਪਕਾਰ ਦੀ ਆਸ ਰੱਖਦਾ ਹੋਇਆ-- ਗੁਰਮਤਿ ਅਨੁਸਾਰ ਜੀਵਨ ਢਾਲ ਰਹੇ ਗੁਰਮੁਖਾਂ ਦੀ ਚਰਨ ਧੂੜ ----ਦਾਸਰਾ ਗੁਰਬਖ਼ਸ਼ ਸਿੰਘ

**੨- ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ ॥**
**ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ ॥੪॥**{੧੭੧}

ਨੋਟ:-ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ( **ਘੱਟੋ ਘੱਟ ਪੰਜ ਪੰਜ**) ਪਾਵਨ ਗੁਰੂ-ਫੁਰਮਾਨਾਂ ਦੇ ਅਧਾਰ ਤੇ ਪਰਖ ਕੇ, ਇਸ ਗ੍ਰੰਥਾਂ ਨੂੰ ਗੁਰਮਤਿ ਵਿਰੋਧੀ ਮੰਨਿਆ ਹੈ। ਦਾਸਰੇ ਦੇ ਹੱਥੋਂ ਲਿਖੇ ਨਾਲ ਜਿਸ ਸੱਜਣ ਨੂੰ ਅਸਹਿਮਤੀ ਹੋਵੇ, ਉਹ ਵੀ ਪੰਜ ਹੀ ਗੁਰੂ-ਬਾਣੀ ਸ਼ਬਦਾਂ ਦੇ ਅਧਾਰ ਤੇ ਅਪਣੇ ਵਿਚਾਰ ਲਿਖ ਭੇਜੇ, ਗੁਰਮਤਿ ਵਿਚ ਸੋਧ ਕਰਵਾ ਰਹੇ ਅਜੇਹੇ ਸੂਝਵਾਨ ਸੁਹਿਰਦ ਗੁਰਮੁਖ ਦਾ ਹੁਕਮ ਸਿਰ ਮੱਥੇ ਤੇ ਮੰਨ ਕੇ, ਪੁਸਤਕ ਵਿਚ ਲੋੜੀਂਦੀ ਸੋਧ ਕਰ ਲੈਣ ਵਿਚ, ਇਹ ਦਾਸਰਾ, ਜ਼ਰਾ ਵੀ ਢਿੱਲ ਨਹੀਂ ਕਰੇਗਾ। ਅਜੇਹੇ ਪੰਥ ਦਰਦੀ ਦੇ ਇਸ ਉਪਕਾਰ ਨੂੰ ਮਰਦੇ ਦਮ ਤੱਕ ਨਹੀਂ ਭੁੱਲਾਂਗਾ ।)

# ਪਹਿਲਾ ਕਾਂਡ

## ਸ੍ਰੀ ਪਿਆਰਾ ਸਿੰਘ ਜੀ ਪਦਮ ਦੀ ਸੇਵਾ ਵਿਚ ਲਿਖੀ ਚਿੱਠੀ

**੧ ੴ ਸਤਿਗੁਰ ਪ੍ਰਸਾਦਿ ॥**
**ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥**
**ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥ ੫ ॥**

ਸਤਿਕਾਰ ਯੋਗ ਪ੍ਰੋ: ਪਿਆਰਾ ਸਿੰਘ ਪਦਮ ਸਾਹਿਬ ਜੀਓ, **Jan: 31 1998**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।

ਜ਼ਨਵਰੀ ੧੧ ੧੯੯੮ ਨੂੰ ਲਿਖੇ ਬੇਨਤੀ ਪੱਤਰ ਦੀ ਲੜੀ ਵਿਚ ਹੀ ਇਹ ਤੀਜਾ ਜੋਦੜੀ ਪੱਤਰ ਲਿਖ ਰਿਹਾ ਹਾਂ। ਬਿਨਾਂ ਆਪ ਜੀ ਦਾ ਕਿਸੇ ਪ੍ਰਕਾਰ ਦਾ ਹੁੰਗਾਰਾ ਆਉਣ ਦੇ, ਤੁਹਾਡੀ ਸੇਵਾ ਵਿਚ ਇਸ ਤਰ੍ਹਾਂ ਚਿਠੀਆਂ ਲਿਖੀ ਜਾਣ ਦੇ ਕਾਰਨ, ਯਕੀਨਨ ਤੁਸੀਂ ਦਾਸ ਦੇ ਇਸ ਵਤੀਰੇ ਤੇ ਦੁਖੀ ਹੁੰਦੇ ਹੋਵੋਗੇ। ਜੇ ਤੁਸੀ ਦਾਸ ਦੀ ਲਿਖੀ ਪੁਸਤਕ--" ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਪੜ੍ਹ ਲਈ ਹੁੰਦੀ ਤਾਂ ਬਿਨਾਂ ਲਿਖਿਆਂ ਹੀ ਅਸਲ ਗੱਲ ਦੀ ਸਮਝ ਪੈ ਜਾਣੀ ਸੀ ਕਿ, ਦਾਸ ਨੂੰ ਅਜੇਹੇ ਤਰਲੇ ਲੈਣ ਦੀ ਲੋੜ ਕਿਸ ਕਾਰਨ ਪੈ ਰਹੀ ਹੈ ?

**੧= ਪਿਛੋਕੜ ਵੱਲ ਝਾਤੀ**----ਅਜੇਹੀ ਗੁਸਤਾਖ਼ੀ ਕਰਨ ਦਾ ਪਿਛੋਕੜ ਕੇਵਲ ਪੰਥ ਪਿਆਰ ਹੈ। ਨਿੱਜੀ ਸੁਆਰਥ ਦੀ ਲੇਸ ਮਾਤਰ ਵੀ ਹੁੰਦੀ ਤਾਂ ਅਜੇਹੀਆਂ ਚਿੱਠੀਆਂ ਲਿਖਣ ਬਾਰੇ ਸੋਚ ਵੀ ਨਾ ਸਕਦਾ। ਭਾਂਵੇਂ ਪੁਤਸਕ ਦੀ ਭੂਮਕਾ ਵਿਚ ਵੀ ਵਿਸਥਾਰ ਨਾਲ ਲਿਖਿਆ ਹੋਇਆ ਹੈ ਫਿਰ ਵੀ ਆਪ ਜੀ ਦੀ ਯਾਦ-ਦਹਾਨੀ ਹਿਤ ਬੇਨਤੀ ਹੈ, ਕਿ ੧੯੭੮ ਦੀ ਵਿਸਾਖੀ ਤੋਂ ਵਾਪਰਦੇ ਆ ਰਹੇ ਭਾਣਿਆਂ ਦੇ ਉਪ੍ਰੰਤ ਜੂਨ ੧੯੮੪ ਵਿਚ ਸ੍ਰੀ ਦਰਬਾਰ ਸਾਹਿਬ ਦੀ, ਨਾ ਝੱਲੀ ਜਾਨ ਵਾਲੀ ਬੇਹੁਰਮਤੀ, ਹਜ਼ਾਰਾਂ ਬੇਗੁਨਾਹ ਸਿੱਖ ਨੌਜਵਨਾਂ ਨੂੰ ਧੱਕੇ ਨਾਲ ਸ਼ਹੀਦ ਕਰ ਦੇਣਾ, ਬੀਬੀ ਇੰਦਰਾ ਦੇ ਕਤਲ ਦਾ ਬਹਾਨਾ ਬਣਾ ਕੇ ਹਜ਼ਾਰਾਂ ਸਿੱਖ ਪਰਵਾਰਾਂ ਦੀ ਤਬਾਹੀ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲਿਆਂ ਦੀ ਤਲਾਸ਼ੀ ਲੈਣ ਲਈ ਤਮਾਕੂ ਪੀਣ ਵਾਲੇ ਪੁਲਸੀਆਂ ਦੀ ਟੁਕੜੀ (ਚੌਕੀ) ਬਠਾ ਦੇਣੀ, ਮੰਜੀ ਸਾਹਿਬ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਵਿਚਕਾਰ ਸੜਕ, ਜੋ ਕਈਆਂ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਕਬਜ਼ੇ ਵਿਚ ਸੀ ਅਤੇ ਗੁਰੂ ਰਾਮਦਾਸ ਸਰਾਂ ਦੇ ਨੇੜੇ ਵਡਾ ਗੇਟ ਲਾ ਕੇ ਉਸ ਸੜਕ ਨੂੰ ਮਰਜ਼ੀ ਅਨੁਸਾਰ ਬੰਦ ਵੀ ਕਰ ਲਿਆ ਜਾ ਸਕਦਾ ਸੀ, ਦਰਬਾਰ ਸਾਹਿਬ ਦੇ ਥਾਂ ਦਾ ਹਿੱਸਾ ਬਣ ਚੁਕੀ ਉਸ ਸੜਕ ਤੇ ਪੁਲੀਸ ਦੀ ਗਸ਼ਤ ਹੋਣੀ ਅਰੰਭ ਹੋ ਜਾਣੀ, ਸ੍ਰੀ ਦਰਬਾਰ ਸਾਹਿਬ ਦੀ ਹੱਦ ਵਿਚ ਸਿਆਸੀ ਇੱਕਠ ਕੀਤੇ ਜਾਣ ਤੇ ਪਾਬੰਦੀ, ਕੌਮ ਦੇ ਹਜ਼ਾਰਾਂ ਨੌਨਿਹਾਲ ਬਿਨਾਂ ਮੁਕੱਦਮਾ ਚਾਲਾਇਓ ਜੇਲਾਂ ਵਿਚ ਬੰਦ ਰੱਖ ਕੇ ਸਖ਼ਤ ਤਸੀਹੇ ਦੇਣ ਉਪ੍ਰੰਤ ਸ਼ਹੀਦ ਕੀਤੇ ਜਾਣੇ, ਅਤੇ ਕਿਸੇ ਵੀ ਦਾਦ ਫ਼ਰਿਆਦ ਦੀ ਕੋਈ ਸੁਣਵਾਈ ਨਹੀਂ। ਉਸ ਬਹਾਦਰ ਕੌਮ ਦੀ ਇਹ ਮਾਂਦੀ ਹਾਲਤ, ਜਿਸ ਨੂੰ ਕਦੇ ਦਸ਼ਮੇਸ਼ ਜੀ ਨੇ ਸਤਿਗੁਰ ਪੂਰਾ ਅਤੇ ਸੱਜਣ ਸੂਰਾ ਕਹਿ ਕੇ ਨਿਵਾਜਿਆ ਸੀ, ਜਿਸ ਸੂਰਬੀਰ ਖ਼ਾਲਸਾ ਜੀ ਨੇ ਏਸੇ ਧਰਤੀ ਤੇ ਕਦੇ ਬੜਾ ਸ਼ਕਤੀ ਸ਼ਾਲੀ ਰਾਜ ਕਾਇਮ ਕਰ ਲਿਆ ਹੋਇਆ ਸੀ। ਸੱਭ ਤੋਂ ਵੱਧ ਚਿੰਤਾ ਜਨਕ ਗੱਲ ਇਹ ਬਣ ਖਲੋਤੀ ਸੀ, ਕਿ ਖ਼ਾਲਸਾ ਜੀ ਦੇ ਜਿਸ ਜਥੇਦਾਰ ਜੀ ਦੇ ਸਾਹਮਣੇ ਕਦੇ ਅੱਟਕ ਦਰਿਆ ਵੀ ਬੇਬਸ ਹੋਇਆ ਨੀਵੀਆਂ ਪਾ ਖਲੋਂਦਾ ਸੀ, ਉਹੀ ਜਥੇਦਾਰ, ਅੱਜ ਆਪਣੀ ਕੌਮ ਦੀ ਇਸ ਮਾਂਦੀ ਹਾਲਤ ਨੂੰ ਤਮਾਸ਼ਾਈ ਬਣ ਕੇ ਵੇਖੀ ਜਾਣ ਤੋਂ ਵੱਧ, ਕੁਝ ਵੀ ਕਰਨ ਜੋਗਾ ਨਹੀਂ ਰਹਿ ਗਿਆ ਹੋਇਆ। ਹੇ ਵਾਹਿਗੁਰੂ ਜੀ ! ਇਹ ਕੀ ਭਾਣਾ ਵਰਤਿਆ ਹੈ? ਕਿਉਂ ਹੈ ਅੱਜ ਉਸੇ ਖ਼ਾਲਸਾ ਜੀ ਤੇ ਏਡੀ ਕ੍ਰੋਪੀ, ਜਿਸਦਾ ਪ੍ਰਗਟ ਹੋਣਾ, ਤੇਰੀ ਹੀ ਮੌਜ ਦਾ ਚਮਤਕਾਰ ਮੰਨਿਆਂ ਗਿਆ ਸੀ ?

ਚਿੰਤਾ ਲੱਗੀ ਰਹਿੰਦੀ ਸੀ ਕਿ ਸੰਸਾਰ ਤੋਂ ਨਿਆਰੇ ਦਸ ਸਤਿਗੁਰ ਸਰੂਪਾਂ ਦੀਆਂ ਲਹੂ ਡੋਹਲਵੀਆਂ ਕਰੜੀਆਂ ਘਾਲਣਾ ਦੁਆਰਾ ਸਿਰਜਿਆ ਇਹ ਨਿਆਰਾ ਖ਼ਾਲਸਾ ਪੰਥ, ' ਕਖੋਂ ਹੌਲਾ ਅਤੇ ਪਾਣੀਉਂ ਪਤਲਾ ' ਕਿਸ ਕਾਰਨ ਹੁੰਦਾ ਤੁਰਿਆ ਜਾ ਰਿਹਾ ਹੈ? ਆਖ਼ਰ ਸਮਝ ਪਈ ਕਿ ਜਿਸ ਦਸ਼ਮੇਸ਼ ਜੀ ਨੇ ਖ਼ਾਲਸਾ ਜੀ ਨੂੰ ਸੰਬੋਧਨ ਕਰਕੇ **ਸਤਿਗੁਰ ਪੂਰਾ** ਅਤੇ **ਸੱਜਣ ਸੂਰਾ** ਫ਼ੁਰਮਾਨ ਕੀਤਾ ਸੀ, ਉਸੇ ਸੁਜਾਨ ਸਤਿਗੁਰਾਂ ਨੇ ਨਾਲ ਹੀ ਬੜੀ ਕਰੜੀ ਚਿਤਾਵਣੀ ਵੀ ਦਿੱਤੀ ਸੀ। ਵਿਆਖਿਆ ਸਹਿਤ ਪੂਰੇ ਬਚਨ ਪੁਸਤਕ ਦੇ ਪੰਜਵੇਂ ਭਾਗ ਦੇ ਸਤਵੇਂ ਕਾਂਡ ਦੇ ਲੇਖ-" **ਦਸ਼ਮੇਸ਼ ਜੀ ਦੇ ਹੁਕਮ ਦੀਆਂ ਵੰਡੀਆਂ** " ਵਿਚ ਲਿਖੇ ਜਾ ਚੁੱਕੇ ਹਨ। ਤੁਹਾਡੀ ਜਾਣਕਾਰੀ ਲਈ ਉਨ੍ਹਾਂ ਦਾ ਖੁਲਾਸਾ ਮਾਤ੍ਰ ਇਸ ਪ੍ਰਕਾਰ ਹੈ ਜੀ:--

**(ਸਰਬ ਲੋਹ ਗ੍ਰੰਥ ਚੋਂ)**

**ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹੌਂ ਕਰੌ ਨਿਵਾਸ।**
ਖ਼ਾਲਸਾ ਮੇਰੋ ਮੁਖ ਹੈ ਅੰਗਾ। ਖ਼ਾਲਸੇ ਕੇ ਹੌਂ ਸਦ ਸਦ ਸੰਗਾ।
**ਖ਼ਾਲਸਾ ਮੇਰੋ ਇਸ਼ਟ ਸੁਹਿਰਦ।** ਖ਼ਾਲਸਾ ਮੇਰੋ ਕਹੀਅਤਿ ਬਿਰਦ।.....
**ਖ਼ਾਲਸਾ ਮੇਰੋ ਸਤਿਗੁਰ ਪੂਰਾ। ਖ਼ਾਲਸਾ ਮੇਰੋ ਸੱਜਣ ਸੂਰਾ।....**
**ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।...**

**ਖ਼ਾਲਸਾ ਅਕਾਲ ਪੁਰਖ ਕੀ ਫੌਜ । ਪਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ।**

[ਉਪ੍ਰੋਕਤ ਬਚਨ, ਨਿਰਸੰਦੇਹ, ਅਧਿਆਤਮਕ ਉੱਚਤਾ ਦੇ, ਮਾਨਸਕ ਅਤੇ ਆਤਮਕ ਤੇਜ ਪ੍ਰਤਾਪ ਦੀ ਸਿਖ਼ਰ ਤੇ ਪ੍ਰਤੀਕ ਹਨ

**ਜਬ ਲਗ ਖ਼ਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਉ ਮੈਂ ਸਾਰਾ ।**

**ਜਬ ਇਹ ਗਹੈ ਬਿਪਰਨ ਕੀ ਰੀਤ । ਮੈਂ ਨ ਕਰੋਂ ਇਨ ਕੀ ਪ੍ਰਤੀਤ * ।**

ਉਪ੍ਰੋਕਤ ਬਚਨਾਂ ਤੋਂ ਸਪੱਸ਼ਟ ਹੈ ਕਿ ਜਦੋਂ ਅਤੇ ਜਿਸ ਵੇਲੇ ਜਿਸ ਖ਼ਾਲਸਾ ਜੀ ਨੂੰ **ਸੱਜਣ ਸੂਰਾ ਅਤੇ ਸਤਿਗੁਰ ਪੂਰਾ** ਆਦਿ ਬਚਨਾਂ ਨਾਲ ਨਿਵਾਜਿਆ ਸੀ, ਉਸੇ ਖ਼ਾਲਸਾ ਜੀ ਲਈ, ਉਸੇ ਸਮੇ, ਉਪ੍ਰੋਕਤ (ਅੰਤਲੀਆਂ ਪੰਗਤੀਆਂ) ਫ਼ੁਰਮਾਨ -- ' **ਜਬ ਲਗ**- - - **ਪ੍ਰਤੀਤ** " ਵੀ ਨਾਲ ਹੀ ਕਰ ਦਿੱਤਾ ਸੀ। ਭਾਵ, " ਹੇ ਮੇਰੇ ਖ਼ਲਾਸਾ ਜੀ ! ਜੇ ਤੂੰ ਨਿਆਰੇ ਸਤਿਗੁਰਾਂ ਦੇ ਨਿਆਰੇ ਗਿਆਨ ਅਨੁਸਾਰ ਆਪਣੀ ਜੀਵਨ ਜੁਗਤਿ ਏਸੇ ਤਰ੍ਹਾਂ ਨਿਆਰੀ ਬਣਾਈ ਰੱਖੀ ਤਾਂ ਤੂੰ ਸਾਰੇ ਦਾ ਸਾਰਾ **ਅਧਿਆਤਮਕ** ਅਤੇ **ਸੰਸਾਰੀ** ਤੇਜ ਪ੍ਰਤਾਪ ਮਾਣਦਾ ਰਹੇਂਗਾ "। ੧੬੯੯ ਵਿਚ ਬੋਲੇ ਇਨ੍ਹਾਂ ਬਚਨਾਂ ਅਨੁਸਾਰ ੧੭੯੯ ਵਿਚ ਸਤਿਗੁਰਾਂ ਨੇ ਲਾਹੌਰ ਫ਼ਤਹਿ ਕਰਵਾ ਦਿੱਤਾ। ਸਿਆਸੀ ਸ਼ਕਤੀ ਦੇ ਪੂਰੇ ਤੇਜ ਪ੍ਰਤਾਪ ਸਮੇਤ, ਲਾਹੌਰ ਕਿਲ੍ਹੇ ਵਿਚਲਾ **ਤਾਜ ਤਖ਼ਤ** ਵੀ ਖ਼ਾਲਸਾ ਜੀ ਦੇ ਹਵਾਲੇ ਕਰ ਦਿੱਤਾ ਸੀ। ਯਾਦ ਰੱਖਣ ਵਾਲੀ ਗੱਲ ਇਹ ਸੀ ਕਿ, ਸਤਿਗੁਰਾਂ ਦੇ, ਉਪ੍ਰੋਕਤ ਬਚਨਾਂ ਅਨੁਸਾਰ ਖ਼ਾਲਸਾ ਜੀ ਕੋਲ ਇਹ ਤੇਜ ਪ੍ਰਤਾਪ, ਕੇਵਲ ਉਨਾਂ ਚਿਰ ਹੀ ਰਹਿ ਸਕਣਾ ਸੀ ਜਿੰਨਾ ਚਿਰ ਖ਼ਾਲਸਾ ਜੀ ਨੇ ਆਪਣੀ ਜੀਵਨ ਜੁਗਤ ਓਵੇ ਦੀ ਨਿਆਰੀ ਹੀ ਬਣਾਈ ਰੱਖਣੀ ਸੀ, ਜਿਹੜੀ ਜੀਵਨ ਜੁਗਤ ਤੇ ਪ੍ਰਸੰਨ ਹੋ ਕੇ ਦਸ਼ਮੇਸ਼ ਜੀ ਨੇ ਖ਼ਾਲਸਾ ਜੀ ਨੂੰ ਉਪ੍ਰੋਕਤ ਬਚਨਾਂ ਨਾਲ ਨਿਵਾਜਿਆ ਸੀ। ਦੂਜੇ ਸ਼ਬਦਾਂ ਵਿਚ, ਜੇ ਖ਼ਾਲਸਾਂ ਜੀ ਆਪਣੀ ਜੀਵਨ-ਜੁਗਤ ਨੂੰ ਸਗੋਂ ਹੋਰ ਤੋਂ ਹੋਰ ਨਿਰਮਲ ਅਤੇ **ਨਿਆਰੀ ਬਣਾਈ ਰੱਖਦੇ** ਤਾਂ, ਸਤਿਗੁਰਾਂ ਦੇ ਬਚਨ ਦਾ ਸਦਕਾ, ਇਹ (**ਅਧਿਆਮਕ ਅਤੇ ਸੰਸਾਰੀ**) ਤੇਜ ਪਰਤਾਪ, ਕਿਆਮਤ (**Dooms Day**) ਤੱਕ ਵੀ ਖ਼ਾਲਸੇ ਨੇ ਮਾਣਦੇ ਹੀ ਰਹਿਣਾ ਸੀ--ਕਿਉਂਕਿ--**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ ੧ ॥**[੧੨੦੪]

ਦਾਸ ਨੂੰ, ਸਪੱਸ਼ਟ ਹੋ ਦਿੱਸਿਆ ਕਿ ੧੮੪੯ ਤੱਕ ਪੰਥ ਖ਼ਾਲਸਾ ਉਸ ਪੱਧਰ ਤੋਂ ਨੀਵਾਂ ਡਿੱਗ ਚੁੱਕਾ ਸੀ, ਜਿਸ ਪੱਧਰ ਤੇ ਪੁੱਜੇ ਇਸ ਦੂਲੇ ਖ਼ਾਲਸਾ ਜੀ ਨੂੰ, ਮਹਾਂ ਬਲੀ ਦਸ਼ਮੇਸ਼ ਜੀ ਨੇ, **ਸਤਿਗੁਰ ਪੂਰਾ** ਕਹਿਣ ਦੇ ਨਾਲ ਸਾਰੇ ਦਾ ਸਾਰਾ ਤੇਜ ਪ੍ਰਤਾਪ ਬਖ਼ਸ਼ਸ਼ ਕਰਨ ਦਾ ਬਚਨ ਕੀਤਾ ਸੀ। ਪੰਥ ਦੇ ਜਥੇਦਾਰ ਲਈ ਆਪਾ ਫ਼ਰੋਲਣ ਦੀ ਘੜੀ ਆ ਬਣੀ ਸੀ।-" **ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ** " ਮੁੜ ਅਪਰ ਅਪਾਰਾ ਬਣਨ ਲਈ ਆਪਣੇ ਆਪੇ ਦੀ ਪਛਾਣ ਕਰਨ ਦੀ ਲੋੜ ਸੀ। ਮਨ ਤੋਂ ਵਿਕਾਰਾਂ ਦੀ ਮੈਲ ਲਹਿੰਦੀ ਹੀ ਆਪਣੇ ਅਸਲੇ ਦੀ ਪਛਾਣ ਕਰਨ ਤੋਂ ਹੈ-**ਆਪੁ ਪਛਾਣੈ ਮਨ ਨਿਰਮਲ ਹੋਏ**॥ ਉਸ ਵੇਲੇ **ਦੂਜਿਆਂ ਦੇ ਐਬ ਵੇਖਣ ਨਾਲੋਂ ਅਕਲਮੰਦੀ ਇਹ ਸੀ--" ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥** "॥ ਆਪਣੀ ਬੁਕੱਲ ਵਿਚ ਸਿਰੁ ਨੀਵਾਂ ਕਰ ਕੇ ਵੇੱਖਣ ਦੀ ਘੜੀ ਸੀ। ਆਪਣੇ ਆਪੇ ਦੀ ਪਛਾਣ ਕਰੀ ਰੱਖਣ ਲਈ ਅਨਮੋਲ ਸਿਖਿਆ ਵਾਲੇ, ਅਨੇਕ ਗੁਰੂ-ਬਚਨਾਂ (ਪੰਜਵੇ ਭਾਗ ਦੇ ਛੇਵੇ ਕਾਂਡ ਦਾ ਪੰਜਵਾਂ ਲੇਖ--**ਕਹੁ ਨਾਨਕ ਬਿਨ ਆਪਾ ਚੀਨੈ...** ) ਨੂੰ ਵਿਚਾਰਨ ਦੀ ਲੋੜ ਹੀ ਭੁਲਾ ਦਿੱਤੀ ਅਤੇ ਖ਼ਾਲਸਾ ਜੀ ਸਾਰਾ ਦੋਸ਼ ਦੂਜਿਆਂ ਦੇ ਸਿਰ ਮੜ੍ਹ ਕੇ ਆਪਣੀਆਂ ਭੁਲਾਂ ਵੱਲ ਝਾਤੀ ਮਾਰਨੀ ਫਜ਼ੂਲ ਦੀ ਖੇਚਲ ਮੰਨ ਬੈਠੇ। ਨਿਆਰੀ ਜੀਵਨ-ਜੁਗਤਿ ਦਾ ਨਾਸ ਕਰਕੇ, ਨਿਵਾਣ ਵਲ ਨੂੰ ਤੋਰੀ ਰੱਖਣ ਦੇ ਕਾਰਨ, **ਪ੍ਰੋਹਿਤਵਾਦੀ ਝੂਠ ਭਰਮ-ਜਾਲ ਨੂੰ, ਖ਼ਾਲਸਾ ਜੀ, ਸ਼ੁੱਧ ਗੁਰਮਤਿ ਮੰਨ ਬੈਠੇ**।

" **ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟ ਰਹਿਓ ਰੀ** ॥ **?** ਕਿਸੇ ਵਿਰਲੇ ਥਾਉਂ ਜੇ ਕਦੇ ਸੱਚ ਦੀ ਪਛਾਣ ਕਰਾਉਣ ਵਾਲੀ ਕੋਈ ਪੁਕਾਰ ਉਠੀ ਵੀ, ਤਾਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਨਾਉਣ ਵਿਚ ਨਿਪੁੰਨ, ਬ੍ਰਾਹਮਣ ਦੇ ਚੇਲਿਆਂ ਨੇ ਅਥਵਾ, ਨੀਚ ਸੋਚਣੀ ਵਾਲਿਆਂ ਖ਼ੁਦਗ਼ਰਜ਼ ਲਿਖਾਰੀਆਂ ਨੇ ਹੱਲਾ ਬੋਲ ਕੇ ਸੱਚ ਦੀ ਉਹ " **ਹੂਕ** " ਦਬਾ ਦਿੱਤੀ। ਪਦਮ ਸਾਹਿਬ ਜੀ ! ਖਿਮਾ ਕਰਨਾ--**ਤੁਹਾਡੇ ਸਮੇਤ,** ਕਈ ਹੋਰ ਲਿਖਾਰੀ ਵਿਦਵਾਨਾਂ ਨੇ ਖਾਲਸੇ ਨੂੰ ਅੱਜ ਤੱਕ ਆਪਾ ਫਰੋਲਣ ਦੀ ਸਲਾਹ ਕਦੇ ਨਹੀਂ ਦਿੱਤੀ। ਸਗੋਂ " ਪਿਦਰਮ ਸੁਲਤਾਨ ਬੂਦੱ", ਅਤੇ ਪੰਥ ਵਿਚ ਹਰ ਪਖੋਂ ' **ਸਭ ਚੰਗਾ ਹੈ** ' ਦੀ ਰਟ ਲਗਦੀ ਆ ਰਹੀ ਹੈ। ਖ਼ਾਲਸਾ ਜੀ ਨੂੰ ਆਪਣੀ ਉਸੇ ਨਿਆਰੀ ਜੀਵਨ- ਜੁਗਤ (**ਜਿਸ ਤੇ ਰੀਝ ਕੇ ਦਸ਼ਮੇਸ਼ ਜੀ ਨੇ ਇਸ ਨੂੰ ਸਤਿਗੁਰ ਪੂਰਾ ਕਿਹਾ ਸੀ** ) ਵੱਲ ਮੋੜਾ ਖਾਣ ਦੀ ਸੂਝ ਨਾ ਆਉਣ ਦੇਣ ਵਾਲਿਆਂ ਦਾ ਬੋਲ ਬਾਲਾ ਹੁੰਦਾ ਗਿਆ। [**Foot noTe**:--ਪਦਮ ਸਾਹਿਬ ਜੀ ਲਈ ਇਸ ਵਿਆਖਿਆ ਦੀ ਲੋੜ ਨਹੀਂ। ਪਰ ਕਿਉਂਕਿ ਅੰਤ ਨੂੰ ਇਸ ਸਭ ਕੁਝ ਨੇ ਛਾਪੇ ਖਾਨੇ ਅਵੱਸ਼ ਪੁੱਜਣਾ ਹੈ ਇਸ ਲਈ ਪਾਠਕਾਂ ਦੀ ਜਾਣਕਾਰੀ ਲਈ, ਫ਼ਾਰਸੀ ਦੇ ਇਸ ਅਖਾਣ ਦਾ ਪਿਛੋਕੜ ਇਉਂ ਹੈ--ਗਿੱਦੜਾਂ ਦੀ ਬਰਾਦਰੀ ਵਿਚ ਰਿਵਾਜ ਹੈ ਕਿ ਜਦ ਕੋਈ ਇੱਕ ਗਿੱਦੜ ਹੁਆਂਕ ਪਏ ਤਾਂ ਸਾਰੇ ਨਿੱਕੇ ਵਡੇ ਗਿੱਦੜ ਵੀ ਉਵੇਂ ਦਾ ਰੌਲਾ ਪਾ ਦਿੰਦੇ ਹਨ। ਇੱਕ ਰਾਤ ਜਦ ਏਸੇ ਤਰਾਂ ਗਿੱਦੜ ਹੁਆਂਕੇ ਤਾਂ, ਈਰਾਨ ਪ੍ਰਵਾਰ ਦੇ ਇੱਕ ਪੋਤਰੇ ਨੇ ਆਪਣੇ ਦਾਦਾ ਜੀ ਤੋਂ ਪੁੱਛਿਆ ਕਿ, ਇਹ ਗਿੱਦੜ ਕੀ ਕਹਿ ਰਹੇ ਹਨ ? ਉਸ ਬਜ਼ੁਰਗ ਤੇ ਆਪਣੇ ਲਾਡਲੇ ਪੋਤਰੇ ਨੂੰ ਸਮਝਾਇਆ ਕਿ, ਪਹਿਲੇ ਗਿੱਦੜ ਨੇ ਕਿਹਾ ਸੀ--ਪਿਦਰਮ ਸੁਲਤਾਨ ਬੂਦ (ਭਾਵ, ਮੇਰਾ ਪਿਉ ਰਾਜਾ ਹੁੰਦਾ ਸੀ, ਤਾਂ ਬਾਕੀਆਂ ਨੇ ਰੌਲ ਪਾ ਦਿੱਤਾ ਹੈ--ਤੁਰਾ ਚਿਹ--ਤੁਰਾ ਚਿਹ --ਤੈਨੂੰ ਕੀ--ਤੈਨੂੰ ਕੀ ? (**ਭਾਵ**, ਤੂੰ ਆਪਣੀ ਔਕਾਤ ਵੱਲ ਝਾਤੀ ਮਾਰ, ਤੇਰੇ ਪਿਉ ਦੇ ਰਾਜਾ ਹੋਣ ਨਾਲ ਤੈਨੂੰ ਕੀ ?) ਅਸੀਂ ਆਪਣੇ ਬਜ਼ੁਰਗਾਂ ਦੇ ਸੋਹਲੇ ਬੜੇ ਗਾਏ, ਪਰ ਉਨ੍ਹਾਂ ਦੀ ਜੀਵਨੀ ਤੋਂ ਕੋਈ ਸਿਖਿਆ ਗ੍ਰਹਣ ਨਾ ਕੀਤੀ।

ਫਿਰ ਦੂਜੀ ਪੰਗਤੀ ਵਲ ਧਿਆਨ ਗਿਆ। ਦਸ਼ਮੇਸ਼ ਜੀ ਦੀ ਕਰੜੀ ਚਿਤਾਵਣੀ ਸੀ ਕਿ ਹੇ ਖ਼ਾਲਸਾ ਜੀ ! ਜੇ ਤੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਵੀ ਬਣ ਗਿਆ, ਤਾਂ ਤੂੰ ਮੇਰੇ ਲਈ ਬੇਪ੍ਰਤੀਤਾ ਹੋ ਜਾਣਾ ਹੈ। ਕੀ ਕਿਤੇ ਖ਼ਾਲਸਾ ਜੀ ਬਿੱਪ੍ਰਨ ਕੀ ਰੀਤ ਦੇ ਧਾਰਨੀ ਵੀ ਤਾਂ ਨਹੀਂ ਬਣ ਚੁੱਕੇ

? ਬੜੇ ਗੰਭੀਰ ਤੌਖ਼ਲੇ ਵਾਲੀ ਗੱਲ ਸੀ। ਸੋ ਦਾਸ ਨੇ ਬ੍ਰਾਹਮਣੀ ਗ੍ਰੰਥਾਂ ਨੂੰ ਗੁਰਬਾਣੀ ਗਿਆਨ ਦੀ ਰੌਸਨੀ ਵਿਚ ਪੜ੍ਹ ਕੇ " **ਬਿੱਪ੍ਰਨ ਕੀ ਰੀਤ** " ਦੀ ਅਸਲੀਯਤ ਸਮਝੀ। ਸਪੱਸ਼ਟ ਦਿੱਸ ਪਿਆ ਕਿ, ਐਵੇਂ ਕਿਸੇ ਟਾਵੇਂ ਟਾਂਵੇਂ ਥਾਉਂ ਗੁਰਮਤਿ ਦੀ ਨਿਆਰੀ ਰਹਿਣੀ ਵਾਲੇ (ਗੁਮਨਾਮ) ਪਰਵਾਰ ਦੇ ਸਿਵਾ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾਂ ਤੋਂ ਲੈ ਕੇ, ਨਹੀਂ  ਇਸ ਤੋਂ ਵੀ ਅੱਗੇ, ਸਤਿਗੁਰਾਂ ਦੇ ਸਰਬ-ਉੱਚ ਦਰਬਾਰ, ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਅਰੰਭ ਹੋ ਕੇ **ਸਾਰਾ ਪੰਥ** ਪ੍ਰੋਹਿਤਵਾਦੀ ਰੀਤਾਂ ਦਾ ਧਾਰਨੀ ਬਣ ਚੁੱਕਾ ਹੈ। ਸਾਡੀ ਹਾਲਤ ਦਿਨੋ ਦਿਨ ਹਾਲਤ ਨਿਘੱਰਦੀ ਕਿਉਂ ਜਾ ਰਹੀ ਹੈ ? ਇਸ ਪ੍ਰਸ਼ਨ ਦਾ ਉੱਤਰ ਮਿਲ ਗਿਆ।

ਕੁਝ ਸੁਹਿਰਦ ਸਿੰਘਾਂ ਨਾਲ ਵਿਚਾਰਾਂ ਹੋਈਆਂ ਤਾਂ ਉਨ੍ਹਾਂ ਨੇ, ਇਸ ਪੱਖੋਂ ਪੰਥ ਨੂੰ ਸੁਚੇਤ ਕਰਨ ਲਈ, ਪੁਸਤਕ ਲਿਖਣ ਲਈ ਪ੍ਰੇਰਿਆ। ਦਾਸ ਨੇ **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਪੁਸਤਕ** ਲਿਖਣੀ ਅਰੰਭੀ। ੮੧੨ ਸਫ਼ਿਆਂ ਵਾਲੀ ਪੁਸਤਕ ਦੇ ਪਹਿਲੇ ਭਾਗ, ੧੯੯੫ ਵਿਚ ਛਪ ਕੇ ਸੰਸਾਰ ਦੇ ਜਿਸ ਦੇਸ਼ ਵਿਚ ਪੁੱਜੀ, ਪਰਸੰਸਾ ਪੱਤਰਾਂ ਦਾ ਤਾਂਤਾ ਬੱਝ ਗਿਆ। ਦਾਸ ਨੂੰ ਉਤਸ਼ਾਹ ਮਿਲਿਆ ਕਿ, ਸਿੱਖ ਜਗਤ ਪੂਰੀ ਅਸਲੀਯਤ ਜਾਨਣ ਲਈ ਬੇਚੈਨ ਹੈ। ਬੜੀ ਲਗਨ ਨਾਲ ਉਨ੍ਹਾਂ ਮਘੋਰਿਆਂ ਦੀ ਖੋਜ ਕੀਤੀ ਜਿੰਨ੍ਹਾਂ ਥਾਣੀ, ਪੰਥ ਦਾ ਵੈਰੀ ਬਿੱਪ੍ਰਨ ਕੀ ਰੀਤ, ਪੰਥ ਵਿਚ ਵਾੜੀ ਜਾ ਕੇ ਪੰਥ ਨੂੰ ਮੁੜ ਉਸੇ ਥਾਂ ਲਈ ਆ ਰਿਹਾ ਹੈ ਜਿਥੋਂ, ਸਤਿਗੁਰੂ ਨਾਨਕ ਜੀ ਨੇ ਇਸ ਨੂੰ ਤੋਰਿਆ ਸੀ।

## ੨= ਉਚੇਚੇ ਤੌਰ ਤੇ ਤੁਹਾਡੀ (ਪਿਆਰਾ ਸਿੰਘ ਪਦਮ ਜੀ ਦੀ) ਸ਼ਰਨ ਵਿਚ ਆਉਂਣ ਦਾ ਕਾਰਨ ?:--

ਦਸਮ ਗ੍ਰੰਥ ਬਾਰੇ ਚਲ ਰਹੇ ਵਾਦ-ਵਿਵਾਦ ਦਾ ਪਤਾ ਲੱਗਾ। ਸੋ ਅਸਲੀਯਤ ਜਾਨਣ ਲਈ ਸ੍ਰੀ ਦਸਮ ਗ੍ਰੰਥ ਜੀ ਦਾ ਯਥਾ-ਸ਼ਕਤ ਅਧੈਨ ਕੀਤਾ। ਫਿਰ ਇਸ ਅਦਭੁਤ ਗ੍ਰੰਥ ਨੂੰ ਧਰਮ-ਗ੍ਰੰਥ ਸਿੱਧ ਕਰਨ ਦੇ ਯਤਨਾਂ ਵਿਚ ਲਿਖੀਆਂ ਗਈਆਂ ਪੁਸਤਕਾਂ (੧) ਦਸਮ ਗ੍ਰੰਥ ਦਾ ਬਾਣੀ ਬਿਉਰਾ (= ਭਗਵੰਤ ਸਿੰਘ ਹਰੀ ਜੀ) (੨) ਤੁਹਾਡੀ (ਪਿਆਰਾ ਸਿੰਘ ਪਦਮ ਜੀ ਦੀ) ਲਿਖੀ-- " ਦਸਮ ਗ੍ਰੰਥ ਦਰਸ਼ਨ " (੩) ਭਾਈ ਰਣਧੀਰ ਸਿੰਘ ਜੀ ਦਾ ਲਿਖਿਆ " ਸ਼ਬਦਾਰਥ ਦਸਮ ਗ੍ਰੰਥ ਸਾਹਿਬ "- ਅਤੇ ਗਯਾਨੀ ਨਰੈਣ ਸਿੰਘ ਜੀ ਪੰਡਿਤ ਦੇ ਲਿਖੇ ਦਸਮ ਗ੍ਰੰਥ ਜੀ ਦੇ ਟੀਕੇ, ਆਦਿ ਪੁਸਤਕਾਂ ਪੜ੍ਹੀਆਂ। ਜਿੰਨੇ ਢੰਗ ਵਰਤ ਕੇ ਜਿੰਨੀ ਤਫ਼ਸੀਲ ਨਾਲ ਦਸਮ ਗ੍ਰੰਥ ਸਾਹਿਬ ਦੀ ਮਹਿਮਾਂ ਤੁਸਾਂ ਗਾਈ ਹੈ, ਅਤੇ ਸ੍ਰੀ ਦਸਮ ਗ੍ਰੰਥ ਜੀ ਨੂੰ ਦਸ਼ਮੇਸ਼ ਜੀ ਦੀ ਆਪਣੀ ਲਿਖਤ ਸਿੱਧ ਕਰੀ ਰੱਖਣ ਦੇ ਯਤਨ ਵਿਚ ਜਿੰਨੇ ਲੇਖ ਆਪ ਜੀ ਨਿਰੰਤਰ ਲਿਖੀ ਜਾ ਰਹੇ ਹੋ, ਏਨਾ ਉੱਦਮ ਹੋਰ ਕਿਸੇ ਪਾਸਿਉਂ ਕੀਤਾ ਜਾਂਦਾ (ਪਰਦੇਸੀ ਵੱਸਦੇ ੭੮ ਸਾਲਾ ਇਸ ਗਰੀਬੜੇ ਦੀ) ਨਜ਼ਰੀਂ ਨਹੀਂ ਚੜਿਆ। ਇਸ ਕਾਰਨ ਦਸਮ ਗ੍ਰੰਥ ਬਾਰੇ ਆਪਣੇ ਵਿਚਾਰ ਛਪਵਾਉਣ ਤੋਂ ਪਹਿਲਾਂ ਆਪ ਜੀ ਦੀਆਂ ਲਿਖਤਾਂ ਬਾਰੇ ਆਪ ਜੀ ਨਾਲ ਸਿੱਧੀ ਵਿਚਾਰ ਕਰ ਲੈਣੀ ਠੀਕ ਸਮਝੀ। ਤੌਖ਼ਲਾ ਕੇਵਲ ਇਹੀ ਹੈ ਕਿ, ਕਿਤੇ ਅਜੇਹੀ ਭੁੱਲ ਨਾ ਹੋ ਜਾਵੇ ਜਿਸ ਤੋਂ ਪਾਠਕਾਂ ਦੇ ਮਨਾਂ ਵਿਚ, ਹੋਰ ਵੀ ਵੱਧ ਭਰਮ, ਗ਼ਲਤ-ਫਹਿਮੀ ਜਾਂ ਭੁਲੇਖਾ ਨਾ ਪੈ ਜਾਵੇ ? ਇਸ ਲਈ ਆਪ ਜੀ ਦੀ ਸਲਾਹ ਨਾਲ ਆਪਣੀਆਂ ਲਿਖਤਾਂ ਵਿਚ ਪਹਿਲਾਂ ਹੀ ਸੋਧ ਕਰ ਲਵਾਂ, ਅਤੇ ਪਾਠਕਾਂ ਤੱਕ ਹਰ ਪੱਖੋਂ ਪੂਰਾ ਅਤੇ ਸ਼ੁੱਧ ਗਿਆਨ ਪੁੱਜੇ।

" **ਸੰਤ ਸਿਪਾਹੀ** " ਦੇ ਨਵੰਬਰ ਮਹੀਨੇ ਵਿਚ ਛਪੇ ਤੁਹਾਡੇ ਲਿਖੇ--ਦਸਮ ਗ੍ਰੰਥ ਦੇ ਅਗਿਆਨੀ--ਬਾਰੇ ਗੁਰਮਤਿ ਵਿਚਾਰ ਲਿਖ ਕੇ ਕੈਪਟਨ ਕੰਵਲ ਜੀਤ ਸਿੰਘ ਜੀ ਦੀ ਸੇਵਾ ਵਿਚ ੨੦ ਜਨਵਰੀ ੧੯੯੮ ਨੂੰ ਭੇਜ ਦਿੱਤੇ ਸਨ। ਉਸ ਚਿੱਠੀ ਦਾ ਉਤਾਰਾ ਵੀ ਇਸ ਪੱਤਰ ਦੇ ਨਾਲ ਨੱਥੀ  ਕਰ ਦਿੱਤਾ ਹੈ {*ਉਹ ਉਤਾਰਾ ਪੁਸਕ ਦੇ ਅਖ਼ੀਰ ਵਿਚ ਹੈ } । ਆਪ ਜੀ ਉਸ ਨੂੰ ਵੀ ਪਹਿਲਾਂ ਪੜ੍ਹ ਲੈਣਾ। ਇਸ ਸਾਰੇ ਪੱਤਰ ਵਿਹਾਰ ਨੇ ਪੁਸਤਕ ਦੇ ਕਿਸੇ ਭਾਗ ਦੇ ਰੂਪ ਵਿਚ ਪਾਠਕਾਂ ਦੀ ਕਚਿਹਿਰੀ ਵਿਚ ਪੁੱਜਣਾ ਹੈ। ਸਾਰੇ ਕੁਝ ਬਾਰੇ ਆਪ ਜੀ ਦੇ ਵਿਚਾਰ ਵੀ ਆ ਜਾਣੇ, ਪਾਠਕਾਂ ਲਈ ਲਾਹੇਵੰਦ ਰਹਿਣਗੇ। ਇਸ ਲਈ ਹਾਰਦਿਕ ਮੰਗ ਹੈ ਕਿ, ਇਸ ਵਿਸ਼ੇ ਬਾਰੇ ਲਿਖੀ ਜਾ ਰਹੀ ਸਮੱਗ੍ਰੀ ਛਾਪੇ-ਖ਼ਾਨੇ ਭੇਜਣ ਤੋਂ ਪਹਿਲਾਂ ਆਪ ਜੀ, ਵਲੋਂ ਵਡਮੁੱਲੇ (**ਗੁਰਮਤਿ ਦੇ ਅਨਕੂਲ**) ਸੁਝਾ ਆ ਜਾਣ, **ਤਾਂ ਜੋ ਲੋੜੀਂਦੀ ਸੋਧ ਕਰ ਲਈ ਜਾਵੇ**। ਗੁਰਮਤਿ ਗਿਆਨ ਵਿਚ ਰਲੇ ਪੈਣੋ ਰੋਕਣ ਦੇ ਜ਼ਿਮੇਵਾਰ, ਸਰਬ-ਉੱਚ ਪਦਵੀਆਂ ਤੇ ਬਿਰਾਜਮਾਨ, ਸਨਮਾਨ ਜੋਗ ਜਥੇਦਾਰ ਸਾਹਿਬਾਨ ਤੋਂ ਗੁਰਮਤਿ ਸਿਖਿਆ ਪ੍ਰਾਪਤ ਕਰਨ ਲਈ ਸਾਰਾ ਕੁੱਝ ਉਨ੍ਹਾਂ ਦੀ ਹਜ਼ੂਰੀ ਵਿਚ ਵੀ ਭੇਜਿਆ ਕਿਆ ਹੈ। ਜਥੇਦਾਰ ਸਾਹਿਬਾਨ ਵਲੋਂ ਮਿਲੀਆਂ ਗੁਰਮਤਿ ਸੋਧਾਂ ਅਨੁਸਾਰ ਵੀ ਲੋੜੀਂਦੀ ਗੁਰਮਤਿ ਸੋਧ ਕਰਨ ਉਪ੍ਰੰਤ, ਹਾਜ਼ਰ ਨਾਜਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ=ਰੂਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ, ਖਰੜਾ ਛਾਪੇ ਖ਼ਾਨੇ ਭੇਜ ਦਿੱਤਾ ਜਾਵੇ, ਇਹ ਦਾਸ ਦੀ ਤੀਬਰ ਇਛਿਆ ਹੈ। ਸੁਹਿਰਦ ਗੁਰਮੁਖਾਂ ਨੇ ਹਰ ਪ੍ਰਕਾਰ ਦੀ ਸਹਾਇਤਾ ਦੇ ਕੇ, ਪਜਾਂਹ ਹਜ਼ਾਰ ਪੁਸਤਕਾਂ ਘੱਟ ਤੋਂ ਘੱਟ ਮੁੱਲ ਤੇ ਕੌਮ ਦੇ ਉਸੱਰਈਏ ਲਾਲਾਂ ਦੇ ਪੜ੍ਹਨ ਲਈ **ਵੰਡਿਆਂ ਜਾਣ** ਦਾ ਸੰਕਲਪ ਕੀਤਾ ਹੈ। ਸਤਿਗੁਰੂ ਜੀ ਮਿਹਰ ਕਰਨ, ਨੌਜਵਾਨ ਪੀੜ੍ਹੀ ਜਾਣ ਸਕੇ ਕਿ, ਉਨ੍ਹਾਂ ਨੂੰ ਕਿਸ ਪ੍ਰਕਾਰ ਦੇ ਭੁਲੇਖੇ ਵਿਚ ਉਲਝਾਈ ਰੱਖ ਕੇ, ਕਿਵੇਂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਅਤੇ ਮਹਾਂਨ ਗਿਆਨ ਤੋਂ ਅਣਜਾਣ ਰੱਖਿਆ ਜਾ ਕੇ, ਸਾਰੇ ਪੰਥ ਨੂੰ, ਕਿਵੇਂ ਬਿੱਪ੍ਰ ਦੀ ਝੋਲੀ ਵਿਚ ਪਾਇਆ ਜਾ ਰਿਹਾ ਹੈ। ਸੀਸ ਤਲੀ ਤੇ ਰੱਖ ਕੇ ਜਾਨਾਂ ਵਾਰ ਦੇਣ ਲਈ ਘਰ ਘਾਟ ਛੱਡ ਤੁਰਨ ਵਾਲਾ ਕੌਮ ਦਾ ਅਨਮੋਲ ਸਰਮਾਇਆ, ਨਿਸ਼ਕਪਟ ਅਤੇ ਸੁਹਿਰਦ ਨੌਜਵਾਨਾਂ ਦੀ ਅਗਵਾਈ ਵਿਚ ਕੌਮੀ ਤੌਰ ਤੇ ਭਰਪੂਰ ਹੰਭਲਾ ਵੱਜੇ, ਝੂਠ-ਕੂੜੇ ਨੂੰ ਬੁਹਾਰ ਕੇ ਉਥੇ ਹੀ ਪੁਚਾ ਦਿੱਤਾ ਜਾਵੇ ਜਿਥੋਂ ਆਇਆ ਸੀ।  ਸਤਿਗੁਰਾਂ ਦਾ ਇਹ ਖ਼ਾਲਸਾ ਆਪਣੇ ਅਸਲੇ, ਕੇਵਲ ਅਤੇ ਕੇਵਲ " **ਸਤਿ** " ਨਾਲ ਆ ਜੁੜੇ। ਆਸ ਹੈ ਤੁਸੀਂ ਸੁਹਿਰਦਤਾ ਨਾਲ ਇਸ ਲੰਮੇ ਪਰ ਸੱਚ ਦੀ ਪੁਕਾਰ ਵਾਲੇ ਪੱਤਰ ਰੂਪ ਲੇਖ ਨੂੰ ਇਕਾਗਰਤਾ ਨਾਲ ਪੜ੍ਹ ਕੇ, ਵਿਦਿਆ ਹੀਨ ਇਸ ਨਿਮਾਣੇ ਦਾਸਰੇ ਦੀਆਂ ਭੁੱਲਾਂ ਵੱਲ ਨਾਂ ਜਾਂਦੇ ਹੋਏ, ਲੇਖ ਵਿਚ ਲੋੜੀਂਦੀਆਂ ਗੁਰਮਤਿ ਸੋਧਾਂ ਦੀ ਬਖ਼ਸ਼ਸ਼ ਕਰਕੇ ਦਾਸ ਨੂੰ ਨਿਵਾਜੋਗੇ। ਭਰੋਸਾ ਹੈ ਕਿ ਪੰਥ ਦੀ ਇਸ ਜ਼ਰੂਰੀ ਸੇਵਾ ਵਿਚ ਤੁਸੀਂ ਬੜਾ ਨਿੱਗਰ ਯੋਗਦਾਨ ਪਾਵੋਗੇ?

## ੨

# ਓਸੇ ਗ੍ਰੰਥ ਵਿਚ ਓਸੇ ਹੀ ਚੰਡੀ ਦੇਵੀ ਦਾ, ਚੌਥਾ ਚਰਿਤ੍ਰ ?

ਸ੍ਰੀ ਪਿਆਰਾ ਸਿੰਘ ਜੀਓ, ਆਪਣੀ ਪੁਸਤਕ ਦੇ ੧੨੧ ਸਫ਼ੇ ਤੇ " ਚਰਿਤ੍ਰੋਂ ਪਾਖਯਾਨ " ਸਿਰਲੇਖ ਹੇਠ ਆਪ ਜੀ ਬੜੀ ਵਿਸ਼ਵਾਸ਼ ਭਰਪੂਰ ਪਰ, ਬ੍ਰਾਹਮਣੀ ਬੋਲੀ ਵਿਚ ਗ੍ਰੰਥ ਦੇ ਲਿਖਣ ਦੀ ਤਾਰੀਖ਼-- ਭਾਦੋਂ ਵ੍ਦੀ ਛਠ, ੧੭੫੩ ਲਿਖੀ ਹੈ। ਪਤਾ ਨਹੀਂ ਤੁਸੀਂ ਇਹ ਤਾਰੀਖ਼ ਕਿਥੋਂ ਲਈ ਹੈ? ਕਿਉਂਕਿ-**ਅਥ ਪਖਯਾਨ ਚਰਿਤ੍ਰ**--ਗ੍ਰੰਥ ਵਿਚ ਤਾਂ ਭਾਦੋਂ ਵ੍ਧੀ ਛਠ ਨਹੀਂ ਸਗੋਂ ਭਾਦੋਂ ਸੁਦੀ ਅਸ਼ਟਮੀ ਲਿਖਿਆ ਹੈ। ਵਿਵਾਦ ਗ੍ਰਸ਼ਤ ਇਸ ਗ੍ਰੰਥ ਦੀ ਤਾਰੀਖ ਵੀ ਤੁਸਾਂ ਵਿਵਾਦ ਦੀ ਹੀ ਝੋਲੀ ਵਿਚ ਪਾ ਦਿੱਤੀ ? ਸੱਚ ਕੀ ਹੈ ਇਹ ਤਾਂ ਸਿਵਾਏ ਤੁਹਾਡੇ ਅਤੇ ਜਾਂ ਵਾਹਿਗੁਰੂ ਜੀ ਦੇ, ਹੋਰ ਕੌਣ ਜਾਣੇ ?

ਦੂਜਾ ਤੁਸਾਂ ਚਿਰਤਰੋ ਪਾਖਯਾਨ ਦਾ ਅਖਰੀ ਅਰਥ---" ਦਿਲਚਸਪ ਕਹਾਣੀਆਂ, " ਛਲੀਆ ਕਿੱਸੇ "--ਲਿਖਿਆ ਹੈ ਜਦ ਕਿ, ਵਿਦਵਾਨ, ਪੰਡਿਤ ਨਰੈਣ ਸਿੰਘ ਗਿਆਨੀ ਨੇ **ਅਥ ਸ੍ਰੀ ਚਰਿਤ੍ਰੋਂ ਪਾਖਯਾਨ ਲਿਖਯਤੇ ਗ੍ਰੰਥ ਦੇ ਅਰੰਭ ਵਿਚ--ਪਖਯਾਨ** ਦੇ ਅਰਥ= " ਪ੍ਰਸੰਗ, ਕਥਾ ਵਿਚੋਂ ਹੋਰ ਕਥਾ ਨਿਕਲਣੀ " ਲਿਖੇ ਹਨ ਅਤੇ **ਚਰਿਤ੍ਰ**=ਚਲਿੱਤਰ, ਛਲ ਕਪਟ, ਲਿਖਿਆ ਹੈ। ਪਰ ਉਸੇ ਵਿਦਵਾਨ ਨੇ--**ਅਥ ਚੰਡੀ ਚਰਿਤ੍ਰ, ਉਕਤਿ ਬਿਲਾਸ**--ਲਿਖਦੇ ਸਮੇ, ਚਰਿਤ੍ਰ ਦਾ ਅਰਥ--ਕੌਤਕ, ਬ੍ਰਿਤਾਂਤ, ਜੀਵਨ ਸਮਾਚਾਰ ਵਿਚੋਂ ਕੋਈ ਅਨੋਖਾ ਹਾਲ --ਲਿਖਿਆ ਹੈ। ਭਾਵ, ਜਿਹੜਾ ਅਰਥ ਜਿੱਥੇ ਢੁਕਦਾ ਹੈ ਲਾ ਲਿਆ ਅਤੇ ਪਾਠਕਾਂ ਨੂੰ ਆਪਣੀ ਮਰਜ਼ੀ ਦੇ ਭਰਮ ਵਿਚ ਫ਼ਸਾ ਲਿਆ?

ਬਹੁਤੀ ਹੈਰਾਨੀ ਵਾਲੀ ਗੱਲ ਇਹ ਹੈ ਕਿ, ਤੁਸਾਂ ਵੀ ਆਪਣੇ ਗ੍ਰੰਥ ਵਿਚ ਸਾਰੀਆਂ ਕਹਾਣੀਆਂ੍, ਇਸਤ੍ਰੀ ਅਤੇ ਪੁਰਖ ਚਰਿਤ੍ਰ ਹੋਣ ਦੀ ਤਸੱਲੀ ਕਰਵਾਈ ਹੈ। ਕੀ ਤੁਸੀਂ ਰੌਸ਼ਨੀ ਪਾ ਸਕੋਗੇ ਕਿ, ਤੁਸਾਂ ਪਾਠਕਾਂ ਕੋਲੋਂ ਇਹ ਸਚਾਈ ਕਿਸ ਕਾਰਨ ਲੁਕਾਈ, ਕਿ ਪਹਿਲਾ ਚਰਿਤ੍ਰ (= ਚਰਿਤ੍ਰ ਨੰਬਰ ਇੱਕ) **ਚੰਡੀ ਚਰਿਤ੍ਰ** ਹੈ ਅਤੇ ਆਖ਼ਰੀ ਭਾਵ, ੪੦੫ (=੪੦੪) ਨੰਬਰ ਚਰਿਤ੍ਰ ਸ੍ਰੀ ਅਸਿਧੁਜ-ਮਹਾਂਕਾਲ ਜੀ ਦੀ ਕਥਾ ਹੈ। ਭਾਵ, ਚਰਿਤ੍ਰਾਂ ਦੇ ਦੋਹੀ ਸਿਰੀਂ,( ਕਥਿਤ) ਪਰਮ ਸ਼ਕਤੀਆਂ ਦੀ ਵਾੜ ਹੈ। ਅੰਤਲੇ ਅਸਿਧੁਜ ਜੀ ਦੇ ਹਜ਼ੂਰ ਕੀਤੀ ਗਈ ਬੇਨਤੀ ਚੌਪਈ ਨੂੰ ਤਾਂ ਗੁਰਬਾਣੀ ਨਾਲੋਂ ਵੀ ਉੱਚਾ ਦਰਜਾ ਮਿਲ ਚੁਕਿਆ ਹੈ ਅਤੇ ਇਸ ਪਾਸਿਉਂ ਚੰਡੀ ਚਰਿਤ੍ਰ ਦੇ ਪਾਠੀਆਂ ਦਾ ਵੀ ਕੋਈ ਘਾਟਾ ਨਹੀਂ ਹੈ। ੪੦੨ ਇਸਤ੍ਰੀਆਂ ਪੁਰਖਾਂ ਦੇ ਜਿਨ੍ਹਾਂ ਚਰਿਤ੍ਰਾਂ ਨੂੰ ਛਲੀਆ ਕਹਾਣੀਆਂ, ਛਲ ਕਪਟ ਦੇ ਨਮੂਨੇ ਕਹਿ ਰਹੇ ਹੋ, ਉਨ੍ਹਾਂ ਭੈੜੀਆਂ ਕਰਤੂਤਾਂ ਵਾਲੇ ਗ੍ਰੰਥ ਦੇ ਅਰੰਭ ਵਿਚ ਦੁਰਗਾਂ ਇਸਤ੍ਰੀ ਰੂਪ ਰੱਬ ਅਤੇ ਆਖ਼ੀਰ ਵਿਚ ਸ੍ਰੀ ਅਸਿਧੁਜ ਜੀ, ਪੁਰਖ ਰੂਪ ਰਬ ਸਥਪਾਤ ਕਰਨ ਵਿਚ, ਬ੍ਰਾਹਮਣੀ ਸ਼ਰਾਰਤ ਹੈ, ਕਿ ਜਾਂ ਦਸ਼ਮੇਸ਼ ਜੀ ਵਲੋਂ ਕਿਸੇ ਉਚੇਚੇ ਗਿਆਨ ਦੀ ਬਖ਼ਸ਼ਸ਼ ਕੀਤੀ ਹੋਈ ਹੈ ? {ਨੋਟ:- ਵਡੀ ਹੈਰਾਨ ਕਰਨ ਵਾਲੀ ਤੁਹਾਡੀ ਵਡੀ ਦੁਖਦਾਈ ਕਲਾਬਾਜ਼ੀ-" ੧੬, ੨੧, ੨੨, ੨੩ " ਚਰਿਤ੍ਰ ਦਸ਼ਮੇਸ਼ ਜੀ ਦੇ ਆਪਣੇ ਹੀ ? (ਸਫ਼ਾ-੧੨੫ )}

ਛਲ, ਕਪਟ, ਅਤੇ ਨਗਨ ਅਸ਼ਲੀਲਤਾ ਦੀ ਮੈਲ ਤੋਂ, ਦੋਹੀ ਪਾਸੀਂ ਬਿਰਾਜਮਾਨ ਇਨ੍ਹਾਂ ਪੂਜਯ ਸ਼ਕਤੀਆਂ ਨੂੰ ਗੰਦ-ਆਲੂਦ ਹੋਣੋਂ ਤੁਸੀ ਕਿਸ ਦਲੀਲ ਨਾਲ ਬਚਾ ਸਕਦੇ ਹੋ? ਅਤੇ ਫਿਰ ਸਾਰੇ ਚਾਰ ਸੌ ਚੌਹਾਂ ਚਰਿਤ੍ਰਾਂ ਵਿਚੋਂ ਇਹ ਦੋ (ਪਹਿਲਾ ਤੇ ਆਖ਼ਰੀ) ਅੱਡ ਨਾ ਕਰਕੇ, ਛਲ ਕਪਟ

ਆਦਿ ਸਾਰੇ ਗੰਦ ਵਿਚ ਇਨ੍ਹਾਂ ਦੋਹਾਂ ਦਾ ਨੱਕ ਡੋਬਣ ਵਾਲਾ ਲਿਖਾਰੀ ਕੁਟਲ ਬ੍ਰਾਹਮਣ ਦੇ ਥਾਂ ਦਸਮ ਗੁਰੂ ਨਾਨਕ ਜੀ ਨੂੰ ਕਿਸ ਦਲੀਲ ਨਾਲ ਜੋੜ ਰਹੇ ਹੋ? ਜਿਸ ਵੀ ਸੁਹਿਰਦ ਲਿਖਾਰੀ ਨੇ ਆਪਣਾ ਗ੍ਰੰਥ ਪਰਮਾਤਮਾ ਦੇ ਨਾਮ ਨਾਲ ਅਰੰਭ ਕੀਤਾ ਉਸ ਨੇ ਸਦਾ ਗ੍ਰੰਥ ਵਿਚ ਸਦਾ ਉਰੋਂ ਵਿਚਾਰ ਹੀ ਲਿਖੇ ਹਨ ਇਸ ਉਲਟੀ ਗੰਗਾ ਵਗਾਉਣ ਦੀ ਜ਼ੰਮੇਵਾਰੀ ਦਸ਼ਮੇਸ਼ ਜੀ ਦੇ ਸਿਰ ਮੜ੍ਹਨ ਵਾਲੇ ਕੀ ਦਸ਼ਮੇਸ਼ ਜੀ ਦੇ ਹੀ ਸਿੱਖ ਹਨ ?

ਆਉ ਦੇਵੀ ਚੰਡਕਾ ਦੇ ਇਸ ਪਹਿਲੇ ਚਰਿਤ੍ਰ ਬਾਰੇ ਜਾਣਕਾਰੀ ਪਾਠਕਾ ਨਾਲ ਸਾਂਝੀ ਕਰ ਲਈਏ:--

**੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥**

ਸ੍ਰੀ ਭਗਉਤੀ ਜੀ ਸਹਾਇ ॥ **ਅਥ ਸ੍ਰੀ ਚਤਿਤ੍ਰੋਂ ਪਾਖਯਾਨ ਲਿਖਯਤੇ ॥**

**੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ** ॥ ਇਹ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਖੇਪ ਮੂਲਮੰਤ੍ਰ--**੧ੴ ਸੇਤਿਗੁਰ ਪ੍ਰਸਾਦਿ** ॥ ਦਾ ਵਿਗੜਿਆ ਹੋਇਆ, ਕਿ ਜਾਂ ਸੁਧਰਿਆ ਹੋਇਆ ਰੂਪ ਹੈ ? ਇਸ ਅਦਲਾ ਬਦਲੀ ਦਾ ਅਸਲ ਭਾਵ ਕੀ ਹੋ ਸਕਦਾ ਹੈ? ਕੀ, ਇਹ ਬਦਲੀ ਦਸ਼ਮੇਸ਼ ਜੀ ਨੇ ਆਪ ਕੀਤੀ ਸੀ ? ਕੀ ਦਸ਼ਮੇਸ਼ ਜੀ ਨੂੰ ਆਪਣੇ ਪਿਤਾ ਗੁਰਦੇਵ ਦੇ ਕਰਕੰਵਲਾਂ ਨਾਲ ਲਿਖਿਆ ਮੂਲਮੰਤ੍ਰ ਪਸੰਦ ਨਹੀਂ ਸੀ? ਸਿਵਾਏ ਦੁਬਿਧਾ ਖੜੀ ਕਰਨ ਦੇ, ਇਸ ਉਚੇਚੀ ਤਬਦੀਲੀ ਤੋਂ ਖ਼ਾਲਸਾ ਪੰਥ ਨੂੰ ਕੀ ਉਚੇਚਾ ਲਾਭ ਪੁਜਿਆ ਹੈ ਜੀ?

" ਸ੍ਰੀ ਭਗਉਤੀ ਜੀ ਸਹਾਇ ॥ **ਵਾਰ ਸ੍ਰੀ ਭਗਉਤੀ ਜੀ ॥** " ਬਾਰੇ ਗੁਰਮਤਿ ਵਿਚਾਰ ਬਚਿੱਤ੍ਰ ਨਾਟਕ ਪ੍ਰਤੀ ਲਿਖੇ ਗੁਰਮਤਿ ਵਿਚਾਰਾਂ ਦੇ ਨਾਲ ਹੀ ਆਪ ਜੀ ਕੋਲ ਪੁੱਜ ਚੁੱਕੇ ਹੋਏ ਹਨ। ਅਗਲੀ ਪੰਗਤੀ ਦੇ ਅਰਥ ਪੰਡਿਤ ਨਰੈਣ ਸਿੰਘ ਜੀ ਨੇ ਇਸ ਪ੍ਰਕਾਰ ਲਿਖੇ ਹਨ:--

" ਇਸਤ੍ਰੀਆਂ ਅਤੇ ਪੁਰਸ਼ਾਂ ਦੇ ਚਲਿੱਤਰਾਂ ਸਬੰਧੀ ਰੌਚਕ ਕਥਾਵਾਂ (ਕੁਲ ੪੦੪ ਚਤਿਰਾਂ ਦਾ ਵਰਣਨ ਕੀਤਾ ਗਿਆ ਹੈ)

ਤੁਹਾਡੇ ਵਾਂਗ ਹੀ ਪਡਿਤ ਨਰੈਣ ਸਿੰਘ ਜੀ ਨੇ ਵੀ, ਚਰਿਤ੍ਰਾਂ ਦੇ ਦੋਹਾ ਸਿਰਿਆਂ ਤੇ ਰੱਬੀ ਸ਼ਕਤੀ (ਦਵੀ ਦੁਰਗਾ ਦਾ ਅਤੇ ਅਸਿਧੁਜ ਜੀ) ਨੂੰ ਰੱਖ ਕੇ ਉਨ੍ਹਾਂ ਦੀ ਗਿਣਤੀ ਇਸਤ੍ਰੀਆਂ ਅਤੇ ਪੁਰਖਾਂ ਦੇ ਚਰਿਤ੍ਰਾਂ ਵਿਚ ਹੀ ਦਰਸਾਈ ਹੈ। **ਭਾਵ, " ਸੌ ਸਿਆਣਿਆਂ ਇੱਕੋ ਮਤਿ ? "।**

3-

## ਚਰਿਤ੍ਰ ਪਹਿਲਾ

### (ਚੰਡੀ ਚਰਿਤ੍ਰ)

(ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਜਿਲਦ ਛੇਵੀਂਸਫ਼ਾ ੧)

**ਪਾਤਸ਼ਾਹੀ ੧੦ ॥ ਭੁਜੰਗ ਛੰਦ ॥ ਤਵਪ੍ਰਸਾਦਿ ॥**

**ਤੁਹੀ ਖੜਗਧਾਰੀ ਤੁਹੀ ਬਾਢਵਾਰੀ ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥**
**ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ ॥ ਨਿਹਾਰੌ ਜਹਾਂ ਆਪੁ ਠਾਢੀ ਵਹੀ ਹੈਂ ॥ ੧ ॥**

**ਅਰਥ**:-ਹੇ ਭਗਉਤੀ ! ਤੂੰਹੀ ਸਿਧੀ ਤਲਵਾਰ ਦੀ ਧਾਰ ਏਂ ਅਤੇ ਤੂੰਹੀ ਟੇਢੀ ਤਲਵਾਰ ਏਂ। ਤੂਹੀਂ ਤੀਰ, ਤਲਵਾਰ ਕਾਤੀ ਅਤੇ ਕਟਾਰ ਏਂ । ਤੂੰਹੀ ਸ਼ਾਮ ਦੇਸ਼ ਦੇ ਸ਼ਹਿਰ ਹਲੱਬ ਦੀ ਬਣੀ ਹਲੱਬੀ ਤਲਵਾਰ ਏਂ ਅਤੇ ਦਖਣੀ ਅਤੇ ਪੱਛਮੀ ਦੇਸ਼ਾਂ ਦੀ ਤਲਵਾਰ ਏਂ । ਜਿਧਰ ਵੀ ਮੈਂ ਵੇਖਦਾ ਹਾਂ ਓਥੇ ਤੈਨੂੰ ਬਿਰਾਜਮਾਨ ਪਾਉਂਦਾ ਹਾਂ। ੨ ।

ਸ਼ਸਤ੍ਰਾਂ ਦੇ ਰੂਪ ਵਿਚ ਇਸ਼ਟ ਦੀ ਪੂਜਾ ਤੋਂ ਹੋਣ ਵਾਲੀ ਮਨੁੱਖਤਾ ਨੂੰ ਹਾਨੀ ਬਾਰੇ ਬੜੀ ਖੁੱਲ੍ਹੀ ਗੁਰਮਤਿ ਵਿਚਾਰ ਬਚਿਤ੍ਰ ਨਾਟਕ ਬਾਰੇ ਲਿਖ ਭੇਜੇ ਵਿਚਾਰਾਂ ਵਿਚ ਆਪ ਜੀ ਕੋਲ ਪੁੱਜ ਚੁੱਕੀ ਹੈ। **ਜੈ ਸਿਉ ਰਾਤਾ ਤੈਸੋ ਹੋਵੈ ॥** {੪੧੧}--ਵਾਲੇ ਸਿਧਾਂਤ ਅਨੁਸਾਰ ਸ਼ਸਤ੍ਰਾਂ ਦਾ ਪੁਜਾਰੀ ਵੱਢ ਟੁੱਕ ਕਰਨ ਵਾਲਾ ਕਠੋਰ ਚਿੱਤ ਨਿਰਦਈ ਬਣਦਾ ਰਹਿ ਕੇ ਆਪਣੇ ਪਰਾਏ ਦੀ ਪਛਾਣ ਗੁਆ ਬੈਠਦਾ ਹੈ। ਸ਼ਸਤਰਾਂ ਦੇ ਰੂਪ ਵਿਚ ਸਿਰਜਣਹਾਰ ਦਾ ਪੂਜਾਰੀ, ਆਤਮਕ ਅਨੰਦ ਕਦੇ ਨਹੀਂ ਮਾਣ ਸਕਦਾ। ਸਤਿਗੁਰਾਂ ਦਾ ਫ਼ੁਰਮਾਨ ਹੈ--**ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥ {੨੫੪}** ਮੁਰਦਾਰ ਦਾ ਅਥਵਾ ਨਿਰਜਿੰਦ ਪਦਾਰਥਾਂ ਦਾ ਪੁਜਾਰੀ ਆਤਮਕ ਮੌਤ ਲਿਆਉਣ ਵਾਲੇ ਰੋਗ ਦਾ ਰੋਗੀ ਬਣ ਜਾਂਦਾ ਹੈ। ਆਪਣੇ ਆਪੇ ਦੇ ਸਿਰਜਣਹਾਰ, ਸਾਜ ਸਵਾਰਨ ਹਾਰੇ ਕਾਦਰ ਦੇ ਥਾਂ ਆਪਣੇ ਹੀ ਬਣਾਏ ਸ਼ਸਤਰਾਂ ਦੀ ਪੂਜਾ ?- " **ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ ॥੮॥**" {੧●੮੬} ਵਧੀਆ ਕਿਸਮ ਦੀਆਂ ਤਲਵਾਰਾਂ, ਤੀਰ, ਕਟਾਰ ਅਦਿ ਸ਼ਸਤਰਾਂ ਰੂਪ-ਰੱਬ ਨੂੰ ਚਿਤਵ ਲੈਣ ਤੋਂ ਉਪ੍ਰੰਤ ਹਣ, ਆਪਣੀ ਹੀ ਕਲਪਣਾ ਦੀ ਉਪਜ ਝੂਠ-ਦੇਵੀ ਦੀ ਮਹਿਮਾ:--

**ਤੁਹੀ ਜੋਗ ਮਾਯਾ ਤੁਹੀ ਬਾਕਬਾਨੀ ॥ ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ ॥**
**ਤੁਹੀ ਬਿਸ਼ਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ ॥ ਤੁਹੀ ਬਿਸ੍ਵ ਮਾਤਾ ਸਦਾ ਜੈ ਬਿਰਾਜੈ ॥ ੨॥**

**ਅਰਥ:**--ਹੇ ਭਗੌਤੀ ਤੂਹੀ ਜੋਗ ਮਾਯਾ, ਸਰਸਵਤੀ (=ਬਾਕਬਾਨੀ), ਵਿਕਰਾਲ ਰੂਪ (=ਆਪੁ ਰੂਪਾ) ਅਤੇ ਭਵਾਨੀ ਏਂ । ਤੂੰਹੀ ਵਿਸ਼ਨੂੰ ਬ੍ਰਹਮਾ ਸ਼ਿਵਜੀ ਅਤੇ ਵਿਸ਼ਵਮਾਤਾ ਦੇ ਰੂਪ ਵਿਚ ਸਦਾ ਬਿਰਾਜਮਾਨ (ਮੂਰਤੀ ਰੂਪ ਹੋ ਕੇ ਮੰਦ੍ਰਾਂ ਵਿਚ ਟਿਕੀ ਹੋਈ ?) ਏਂ ।੨।

ਚੰਡੀ ਹੁਣ ਸਿਰਜਣਹਾਰ ਦੇ ਰੂਪ ਵਿਚ ?:--

**ਤੁਹੀ ਦੇਵ ਤੂੰ ਦੈਂਤ ਤੈ ਜਛੁ ਉਪਾਏ ॥ ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ ॥**
**ਤੁਹੀ ਪੰਥ ਹੈ੍ ਅਵਤਰੀ ਸ੍ਰਿਸ਼ਟਿ ਮਾਂਹੀ ॥ ਤੁਹੀ ਬ੍ਕਤ ਤੇ ਬ੍ਰਹਮ ਬਾਦੋ ਬਕਾਰੀ ॥ ੩ ॥**

**ਅਰਥ**:--ਤੂਹੀ ਦੇਵ, ਦੈਂਤ, ਰਾਕਸ਼, ਤੁਰਕੀ ਤੇ ਹਿੰਦੂ ਇਸ ਸੰਸਾਰ ਵਿਚ ਪੈਦਾ ਕੀਤੇ ਹਨ। ਤੂਹੀ ਸੰਸਾਰ ਵਿਚ ਵੱਖ ਵੱਖ ਮਾਰਗਾਂ ਦੇ ਰੂਪ ਵਿਚ ਆਈਓ ਏਂ ਅਤੇ ਤੂੰਹੀ ਪ੍ਰਭੂ ਦੇ ਨਾ ਦੀ ਚਰਚਾ ਕਰਨ ਵਾਲੇ ਲੋਕਾਂ ਨੂੰ ਪੈਦਾ ਕੀਤਾ । ੩ ।

ਤੁਹੀ ਬਿਕ੍ਰਤ ਰੂਪਾ ਤੁਹੀ ਚਾਰੁ ਨੈਨੀ ॥ ਤੁਹੀ ਰੂਪ ਬਾਲਾ ਤੁਹੀ ਬੱਕ੍ਰ ਬੈਨਾਂ ॥
ਤੁਹੀ ਬੱਕ੍ਰ ਤੇ ਬੇਦ ਚਾਰੋ ਉਚਾਰੇ ॥ ਤੁਹੀ ਸੁੰਭ ਨੈਸੁੰਭ ਦਾਨੌ ਸੰਘਾਰੇ ॥ ੪ ॥

ਪਦ ਅਰਥ:-ਬਿਕ੍ਰ=ਟੇਢਾ । ਚਾਰੁ=ਸੁੰਦਰ। ਬਾਲਾ-=ਬਤਲਕ, ਭੋਲੇ ਭਾਲੇ ਪਿਅਰੇ ਰੂਪ ਵਾਲੀ। ਬਕ੍ਰ=ਟੇਢੇ ਬੋਲ। ਬਕ੍ਰ ਤੇ=ਮੂੰਹ ਤੋਂ। ਸੰਘਾਰੇ=ਮਾਰੇ॥ {ਨੋਟ:-ਦਸਮ ਗ੍ਰੰਥ ਜੀ ਨੂੰ ਦਸ਼ਮੇਸ਼ ਜੀ ਦੀ ਹੀ ਕਿਰਤ ਸਿੱਧ ਕਰਨ ਵਾਲੇ ਵੀਰ, ਇਹ ਦਲੀਲ ਵੀ ਦਿੰਦੇ ਹਨ ਕਿ ਸਤਿਗੁਰਾਂ ਨੇ, ਸਾਡੀ ਸਹੂਲਤ ਲਈ ਪੁਰਾਣਕ ਗ੍ਰੰਥਾਂ ਦੀ ਬਾਣੀ ਨੂੰ ਸੋਖੀ ਬੋਲੀ ਵਿਚ ਲਿਖਿਆ ਹੈ। ਪਾਠਕ ਸੱਜਣ, ਨਿਰਣਾ ਕਰ ਲੈਣ, ਕਿ, ਜਿਸ ਦੇ ਪਦ ਅਰਥ ਵੀ ਲਿਖਣੇ ਪੈ ਰਹੇ ਹਨ, ਕੀ ਇਸ ਬੋਲੀ ਨੂੰ ਬੜੀ ਸੌਖੀ ਅਥਵਾ ਸਹਿਲ ਬੋਲੀ ਕਹਾਂਗੇ ਜੀ ?}

**ਅਰਥ**:-ਤੁਹੀ ਭਿਆਨਕ ਰੂਪ ਸੁੰਦਰ ਨੈਣਾਂ ਵਾਲੀ ਰੂਪਵੰਤ ਅਤੇ ਟੇਢੇ ਬੋਲਾਂ ਵਾਲੀ ਏਂ। ਤੁੰਹੀ ਆਪਣੇ ਮੁਖਾਬਿੰਦ ਤੋਂ ਚੌਹਾਂ ਵੇਦਾਂ ਦਾ ਉਚਾਰਣ ਕੀਤਾ ਸੀ ਅਤੇ ਤੂੰ ਹੀ ਸ਼ੁਮੰਭ ਨਿਸੰਭ ਦੈਂਤਾਂ ਨੂੰ ਮਾਰਿਆ ਸੀ । ੪।

ਪਹਿਲਾਂ ਚੰਡਕਾ ਨੂੰ ਸਿਰਜਣਹਾਰ ਪਰਮਾਤਮਾ ਲਿਖ ਲਿਆ, ਹੁਣ ਏਥੇ ਜਿਵੇ ਲਿਖਾਰੀ ਨੇ ਉਸ ਨੂੰ ਵਡੀ ਭਿਆਨਕ ਰੂਪ ਵਾਲੀ ਲਿਖ ਕੇ ਨਾਲ ਹੀ, (ਸ਼ਾਇਦ ਇਸ ਨੂੰ ਮਸ਼ੂਕ **Girl Friend** ਚਿਤਵ ਲਿਆ ਹੈ ? ਜੋ ਭਆਨਕ ਤੋਂ ਝਟ-ਪਟ ਨਾਲ ਹੀ ਸੁੰਦਰ ਨੈਣਾ ਵਾਲੀ ਰੂਪਵੰਤੀ ਬਣਾ ਲਿਆ ? ਇਸ ਧਰਮ ਗ੍ਰੰਥ ਦੀ ਕਿਹੜੀ ਗੱਲ ਸਚੀ ਮੰਨੀ ਜਾਵੇ ?

ਵਡੀ ਹੈਰਾਨੀ ਦੀ ਗੱਲ ਇਹ ਹੈ ਕਿ ਬ੍ਰਾਹਮਣ ਨੇ ਆਪ ਹੀ ਕਈ ਗ੍ਰੰਥਾਂ ਵਿਚ ਵੇਦਾਂ ਦਾ ਰਚੇਤਾ ਬ੍ਰਹਮਾ ਜੀ ਨੂੰ ਲਿਖਿਆ ਹੈ, ਉਨ੍ਹਾਂ ਹੀ ਲਿਖਤਾਂ ਦੇ ਅਧਾਰ ਤੇ ਗੁਰਬਾਣੀ ਵਿਚ--**ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ** ॥ ਲਿਖਿਅ ਹੈ. ਪਰ ਏਥੇ ਬ੍ਰਹਮਾਂ ਦੇ ਥਾਂ ਵੇਦਾਂ ਦੀ ਲਿਖਣਹਾਰੀ ਵੀ ਚੰਡਕਾ ਹੀ ਬਣ ਗਈ ?

ਅੱਗੇ ਜੰਗਾਂ ਵਿਚ ਵਡੇ ਵਡੇ ਰਾਜਿਆਂ ਨੂੰ ਭਾਜੜਾ ਪਾਉਣ ਵਾਲੀ, ਫਿਰ ਉਹੀ ਨਰਸਿੰਘ ਹੋ ਕੇ ਹਰਨਾਕਸ਼ ਨੂੰ ਮਾਰਨ ਵਾਲੀ, ਅਥਵਾ ਵੈਰਾਹ ਰੂਪ ਹੋ ਕੇ ਧਰਤੀ ਦਾ ਭਾਰ ਚੁੱਕਣ ਵਾਲੀ, ਲਿਖ ਕੇ ਉਸੇ ਨੂੰ ਰਾਮ ਹੋ ਕੇ ਦੈਂਤਾਂ ਦਾ ਨਾਸ ਕਰਨ ਵਾਲੀ ਅਤੇ ਕੰਸ ਨੂੰ ਮਾਰਨ ਲਈ ਕ੍ਰਿਸ਼ਨ ਰੂਪ ਹੋ ਕੇ ਆਉਣ ਵਾਲੀ ਬੜਧ ਲੌ। ਅੰਤ ਵਿਚ ਏਹੀ ਚੰਡਕਾ  ਕਾਲ ਰੂਪ ਹੋ ਕੇ ਵਿਨਾਸ਼ ਕਰਨ ਹਾਰੀ ਲਿਖ ਕੇ ਗ੍ਰੰਥ ਨੂੰ ਹਾਸੋ ਹੀਣਾ ਬਣਾ ਦਿੱਤਾ ਹੋਇਆ ਹੈ। ੧੨ਵੇਂ ਛੰਦ ਵਿਚ ਚੰਡਕਾ ਦਾ ਰੂਪ ਇਹ ਬਣ ਗਿਆ ?----

**ਜਯੰਤੀ ਤੁਹੀ ਮੰਗਲਾ ਰੂਪ ਕਾਲੀ ॥ ਕਪਾਲਨਿ ਤੁਹੀ ਤੁਹੀ ਭੱਦ੍ਰਕਾਲੀ ॥**

**ਦ੍ਰਗਾ ਤੂੰ ਛਿਮਾ ਤੂੰ ਸ਼ਿਵਾ ਰੂਪ ਤੇਰੋ ॥ ਤੁਧਾਤ੍ਰੀ ਸ੍ਹਾਹਾ ਨਮਸ਼ਕਾਰ ਮੇਰੋ ॥ ੧੨ ॥ [ਸ਼ਿਵਾ**=ਦੁਰਗਾ]

**ਅਰਥ:**--ਜਯੰਤੀ, ਮੰਗਲਾ, ਕਪਾਲੀ, ਭਦਰਕਾਲੀ, ਦੁਰਗਾ ਆਦਿ ਦੇਵੀਆਂ ਸਭ ਤੇਰਾ ਹੀ ਰੂਪ ਹਨ ਖਿਮਾਂ ਰੂਪ ਵੀ ਤੂੰ ਏਂ ਅਤੇ ਸ਼ਿਵਾ ਰੂਪ ਵੀ ਤੇਰਾ ਹੀ ਹੈ। ਹੇ ਸਾਰਿਆਂ ਦੀ ਰਖਿਅਕ ਮੇਰਾ ਤੈਨੂੰ ਨਮਸਕਾਰ ਏ । ੧੨।

ਕੁਰਬਾਨ ਜਾਈਏ ਬ੍ਰਾਹਮਣ ਗੁਰੂ ਤੋਂ ਜਿਸ ਨੇ, **' ਦੇਹ ਸ਼ਿਵਾ ਬਰ ਮੋਹਿ ਇਹੈ "** ਬਾਣੀ  ਜਾਪ ਕਰਵਾ ਕੇ,, ਖ਼ਾਲਸਾ ਜੀ ਦੇ, ਕੇਵਲ ਇੱਕ ਅਕਾਲ ਦਾ ਉਪਾਸ਼ਕ ਹੋਣ ਵਾਲੇ ਨਿਆਰੇ ਸਿਧਾਂਤ ਨੂੰ, ਮਿੱਟੀ ਵਿਚ ਮਿਲਾ ਦਿੱਤਾ। ਕੋਈ ਪਾਸਾ ਨਹੀਂ ਛਡਿਆ ਜਿਧਰੋਂ ਸੰਤ ਸੂਰਮਿਆਂ ਦਾ ਇਹ ਪੰਥ, ਨਿਆਰਾ ਰਹਿ ਗਿਆ ਹੋਵੇ।

ਫਿਰ ਇਸ ਦੇਵੀ ਦੇ ਹੋਰ ਰੂਪ ਦਰਸਾਏ, ਸੁੰਭ ਅਸੁੰਭ ਦੈਤਾਂ ਨੂੰ ਮਾਰਨ ਵਾਲੀ ਇਸ ਚੰਡੀ ਦੇ ਜੰਗੀ ਕਾਰਨਾਮਿਆ ਦਾ ਸ਼ੋਰ ਸ਼ਰਾਬਾ ਅਤੇ ਢੋਲ ਢਮੱਕਾ। ਪਰ ਇਸ ਸਾਰੇ ਰੌਲੇ ਗੌਲੇ ਵਿਚ, ਲਿਖਾਰੀ ਬਚਿਤ੍ਰ ਨਾਟਕ ਵਿਚਲੇ ਜੰਗਾਂ ਵਾਂਗ ਏਥੇ ਵੀ ਡੈਣਾ ਡਾਕਣੀਆਂ ਅਥਵਾ ਬਿਨਾ ਸਿਰ ਦੇ ਜੋਧੇ ਆਦਿ ਘਿਣਾਵਣਾ ਝੂਠ ਲਿਖਣਾ ਨਹੀ' ਭੁੱਲਿਅ:--

**ਦੋਹਰਾ ॥ ਰਨ ਡਾਕਿਨਿ ਡਹਕਤ ਫਿਰਤ ਕਹਕਤ ਫਿਰਤ ਮਸਾਨ ॥**
**ਬਿਨੁ ਸੀਸਨ ਡੋਲਤ ਸੁਭਟ ਗਹਿ ਗਹਿ ਕਰਨ ਕ੍ਰਿਪਾਨ ॥ ੪੦ ॥**
**ਅਸਿ ਅਨੇਕ ਕਾਢੇ ਕਰਨ ਲਰਹਿ ਸੁਭਟ ਸਮੁਹਾਇ ॥**
**ਲਰਿ ਗਿਰਿ ਮਰਿ ਭੂ ਪਰ ਪਰੈ, ਬਰੈਂ ਬਰੰਗਨਿ ਜਾਇ ॥ ੪੧ ॥**

**ਅਰਥ:**--ਜੰਗ ਦੇ ਮੈਦਾਨ ਵਿਚ ਡਾਕਣੀਆਂ ਡਕਾਰ ਮਾਰਦੀਆਂ ਹੋਈਆਂ ਅਤੇ ਪ੍ਰੇਤ ਬਕਵਾਸ ਕਰਦੇ ਘੁੰਮਣ ਲੱਗੇ ਅਤੇ **ਬਿਨਾਂ ਸਿਰਾਂ ਤੋਂ** ਜੋਧੇ ਹੱਥਾਂ ਵਿਚ ਕ੍ਰਿਪਾਨਾ ਫੜ ਕੇ ਜੰਗ ਦੇ ਮੈਦਾਨ ਵਿਚ ਫਿਰਨ ਲੱਗੇ। ੪੦ । ਅਨੇਕਾਂ ਜੋਧੇ ਤਲਵਾਰਾਂ ਹੱਥ ਵਿਚ ਫੜ ਕੇ ਸਾਹਮਣੇ ਆ ਕੇ ਲੜ ਰਹੇ ਸਨ, ਅਤੇ ਲੜਦੇ ਲੜਦੇ ਮਰਦੇ (ਸਰੀਰ ਤਾਂ) ਧਰਤੀ ਤੇ ਡਿਗੇ ਰਹੇ ਪਰ ਆਪ ਜਾ ਕੇ **ਅਪੱਛਰਾਂ ਨੂੰ ਵਰ** ਰਹੇ ਸਨ । **੪੧** ।ਸੁਣਿਆਂ ਸੀ ਆਤਮਾ ਵੀ ਪਰਮਾਤਮਾ ਵਾਂਗ ਨਿਰਅਕਾਰ ਹੈ ਪਰ ਏਥੇ ਤਾਂ ਆਤਮਾਂ ਸ਼ਾਦੀਆਂ ਰਚਾ ਰਿਹਾ ਹੈ ?

ਭਾਵੇਂ ਦੁਰਗਾ ਰੂਪ ਤ੍ਰੀਮਤ ਨੂੰ ਅਪਾਰ ਸ਼ਕਤੀਆਂ ਦੀ ਮਾਲਕ ਦਰਸਾ ਕੇ, ਲਿਖਾਰੀ ਉਸ ਪ੍ਰਤੀ ਭਗਤੀ ਭਾਵਣਾ ਵੀ ਬੜੀ ਦਰਸਾ ਰਿਹਾ ਹੈ । ਪਰ, ਇਸ ਅਰੰਭਕ ਚਰਿਤ੍ਰ ਵਿਚ ਸਮੁੱਚੀ ਇਸਤ੍ਰੀ ਜ਼ਾਤੀ ਨੂੰ ਬਦਨਾਮ ਕਰਨ ਵਾਲੀ ਚੋਟ ਕਰਨੋ ਨਹੀਂ ਰਿਹਾ ?:-

: **ਅਰਘ ਗਰਭ ਨ੍ਰਿਪ ਤ੍ਰਿਯਨ ਕੋ ਭੇਦ ਨ ਪਾਯੋ ਜਾਇ ॥**

**{ਤ੍ਰਿਯਨ=ਇਸਤ੍ਰੀਆਂ।ਕਿਸੇ ਖ਼ਾਸ ਦੀ ਗਲ ਨਹੀਂ ਸਮੁੱਚੀ ਇਸਤ੍ਰੀ ਜ਼ਾਤ ?}**

**ਤਉ ਤਿਹਾਰੀ ਕ੍ਰਿਪਾ ਤੇ ਕਛੁ ਕਛੁ ਕਹੋ ਬਨਾਇ ॥** ੪੪ ॥

ਅਰਥ:--ਗਰਭ ਵਿਚ ਬੱਚੇ ਦਾ, ਰਾਜੇ ਦਾ, ਅਤੇ **ਇਸਤ੍ਰੀਆਂ ਦਾ ਭੇਦ** ਨਹੀਂ ਪਾਇਆ ਜਾਂਦਾ ਇਨ੍ਹਾਂ ਨੂੰ ਮੈਂ ਤੇਰੀ ਕਿਰਪਾ ਨਾਲ ਥੋਹੜਾ ਬਹੁਤ ਬਣਾਕੇ ਆਖਿਆ ਹੈ । ੪ ।

ਪਿਆਰੇ ਪਦਮ ਸਾਹਿਬ ਜੀਓ ! ਕੀ ਇਹ ਬੋਲੀ ਤ੍ਰੈਕਾਲ-ਦਰਸੀ ਦਸਮ ਗੁਰੂ ਨਾਨਕ ਜੀ ਦੀ ਹੈ ? ਕੀ ਉਨ੍ਹਾਂ ਨੂੰ ਉਪ੍ਰੋਕਤ ਤਿੰਨਾ ਹੀ ਗੱਲਾਂ (ਗਰਭ ਵਿਚਲੇ ਬੱਚੇ ਦਾ, ਰਾਜੇ ਦੇ ਮਨ ਦੀ ਗੱਲ ਦਾ, ਅਤੇ ਇਸਤ੍ਰੀ ਜ਼ਾਤੀ ਦੇ ਆਚਰਨ ?) ਦਾ ਕਦੇ ਪਤਾ ਨਹੀਂ ਸੀ ਲੱਗ ਸਕਿਆ ?

ਇਸ ਚਤ੍ਰਿ ਦੀ ਸਮਾਪਤੀ ਕਰਨ ਲੱਗਿਆ ਲਿਖਾਰੀ ਭਗਵਤੀ ਅੱਗੇ ਇਉ ਅਰਦਾਸ ਕਰਦਾ ਹੈ:--

**ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌਂ ਤ੍ਰਿਯਾ ਪ੍ਰਸੰਗ ॥ ਮੋ ਘਟ ਮੈ ਹ੍ਵੈ ਨਦੀ ਉਪਦਹੁ ਬਾਕ ਤਰੰਗ ॥੪੬॥**

**ਅਰਥ:**--ਸਭ ਤੋਂ ਪਹਿਲਾਂ **ਸ੍ਰੀ ਭਗਉਤੀ** ਦੀ ਅਰਾਧਨਾ ਕਰ ਕੇ ਮੈਂ ਇਸਤਰੀ ਕਥਾਵਾਂ ਦਾ ਵਰਣਨ ਕਰ ਰਿਹਾ ਹਾਂ,। ਹੇ ਨਦੀ ਰੂਪ ਵਿਸ਼ਵ ਸ਼ਕਤੀ ! ਤੁਸੀ ਕ੍ਰਿਪਾ ਕਰਕੇ ਮੇਰੀ ਬਾਣੀ ਰੂਪੀ ਲਹਿਰਾਂ ਵਿਚ ਮੇਰੇ ਹਿਰਦੇ ਅੰਦਰ ਪ੍ਰਗਟ ਹੋ ਜਾਓ । ੪੬ ।

ਇਸ ਤੋਂ ਅਗਲੇ ਸਵੈਯੇ ਵੀ ਨਿਰਸੰਦੇਹ ਚੰਡਕਾ-ਭਗਵਤੀ ਦੇਵੀ ਦੀ ਅਰਾਧਨਾ ਦੇ ਹੀ ਹਨ:---

**ਸ੍ਵੈਯਾ ॥**

**ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ ॥**
**ਭੂਲ ਛਿਮੋ ਹਮਰੀ ਪ੍ਰਭੁ ਆਪਨ ਭੂਲਨਹਾਰ ਕਹੂੰ ਕੋਊ ਮਸੋ ॥**
**ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ ਧਨ ਲਗਤ ਧਾਮ ਭਰੋਸੋ ॥**
**ਯਾ ਕਲਿ ਮੈ ਸਭਿ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ ॥ ੪੭ ॥**

**ਅਰਥ:**--ਤੁਸੀਂ ਮੈਨੂੰ ਇਕ ਤੀਲੇ ਤੋਂ ਸੁਮੇਰ ਪਰਬਤ ਜਿੱਡਾ ਬਣਾ ਦਿੱਤਾ ਹੈ, ਅਤੇ ਤੁਹਾਡੇ ਵਰਗਾ ਗ਼ਰੀਬ-ਜਿਵਾਜ਼ ਹੋਰ ਦੂਸਰਾ ਕੋਈ ਨਹੀਂ। **ਹੇ ਪ੍ਰਭੂ !** ਮੇਰੇ ਵਰਗਾ ਭੁਲਣ ਵਾਲਾ ਹੋਰ ਕੋਈ ਨਹੀਂ ਮੇਰੀ ਭੁੱਲ ਨੂੰ ਮਾਫ਼ ਕਰੋ । ਜਿਹੜਾ ਤੁਹਾਡੀ ਥੋਹੜੀ ਜਿਹੀ ਸੇਵਾ ਕਰਨ ਲੱਗ ਪੈਂਦਾ ਹੈ, ਉਨ੍ਹਾਂ ਦੇ ਘਰ ਤੁਸੀਂ ਝੱਟ ਧਨ ਨਾਲ ਭਰਨ ਲੱਗ ਪੈਂਦੇ ਹੋ । ਇਸ ਕਲਿਜੁਗ ਵਿਚ ਕਾਲ ਰੂਪੀ ਕ੍ਰਿਪਾਨ ਅਤੇ ਭਾਰੀਆਂ ਬਾਹਾਂ ਤੇ ਵੱਡਾ ਭਰੋਸਾ ਕੀਤਾ ਜਾ ਸਕਦਾ ਹੈ। ੪੭ ।

**ਗੁਰਮਤਿ ਵਿਰੋਧੀ ਗੱਲਾਂ**:-- (ੳ) ਅਜੇਹਾ ਲੋਭ ਕਿ ਸੇਵਾ ਦੇ ਬਦਲੇ ਧਨਵਾਨ ਬਣ ਜਾਣ ਦੇ ਸੁਪਨੇ?--**ਫਰੀਦਾ ਜਾ ਲਬੁ ਤ ਨੇਹੁ ਕਿਆ, ਲਬੁ ਤ ਕੂੜਾ ਨੇਹੁ ॥** ਫਿਰ, ਆਸਾ ਰਾਗ ਦੇ ਇੱਕ ਗੁਰੁ-ਸ਼ਬਦ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਾਇਆ-ਮੋਹ ਵਿਚ ਫਸੇ ਲਾਲਚੀ ਬ੍ਰਾਹਮਣ ਦੇ ਠੱਗ-ਖਾਣ ਵਾਲੇ ਪੱਖ ਤੋਂ ਸੁਚੇਤ ਕਰਦੇ ਹੋਏ, ਫੁਰਮਾਨ ਕਰਦੇ ਹਨ:--

੩- **ਦਾਨੁ ਦੇਇ ਕਰਿ ਪੂਜਾ ਕਰਨਾ ॥ ਲੈਤ ਦੇਤ ਉਨ੍ ਮੂਕਰਿ ਪਰਨਾ ॥ ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥੧॥ ਐਸੇ ਬ੍ਰਾਹਮਣ ਡੂਬੇ ਭਾਈ ॥ ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥ ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥ ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥੨॥ ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥ ਮੂਰਖ ਬਾਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥ ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥** {੩੭੨}

**ਦੇਵੀ ਦੀ ਭਗਤੀ ਤੋਂ ਅਮੀਰ ਬਣਨ ਦੇ ਸੁਪਨੇ ਵੇਖਣ ਵਾਲਾ ਬ੍ਰਾਹਮਣ ਹੀ ਉਪਰੋਕਤ ੪੭ ਨੰਬਰ ਸਵੈਯਾ ਲਿਖ ਸਕਦਾ ਹੈ।** ਗੁਰਮਤਿ ਨੇ ਕਾਮਨਾ ਰਹਿਤ ਸੇਵਾ ਨੂੰ ਹੀ ਪਰਵਾਨ ਕੀਤਾ ਹੈ–**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**{੨੮੬} ਅਤੇ ਜੇ ਕਾਮਨਾ ਰੱਖਣੀ ਹੀ ਹੈ, ਤਾਂ ਕੇਵਲ ਨਾਮ-ਧੰਨ ਦੀ:--

੪- **ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥੨॥** {੯੫੮}–ਵਾਰ–੩

ਪਦਮ ਸਾਹਿਬ ਜੀਓ ! ਹੈ ਨਾ ਲਿਖਾਰੀ ਦਾ ਅਨੋਖਾ ਚਲਿੱਤਰ ? ਸੰਬੋਧਨ ਤਾਂ ਪ੍ਰਭੂ ਨੂੰ ਕੀਤਾ ਹੈ ਪਰ ਭਰੋਸਾ ਕਿਰਪਾਨ ਤੇ ਅਤੇ ਭਾਰੀਆਂ ਬਾਹਾਂ ਤੇ ਹੀ ਕੀਤਾ ਜਾ ਰਿਹਾ ਹੈ। ਅਕਾਲਪੁਰਖ ਤਾਂ ਨਿਰਅਕਾਰ ਹੈ। ਫਿਰ ਇਹ ਕਿਰਪਾਨ ਕਿਸ ਦੇ ਹੱਥ ਵਿਚ ਹੈ ? ਇਹ ਭਾਰੀਆਂ ਬਾਹਾਂ ਕਿਸ ਦੀਆਂ ਹਨ ? ਚੰਡੀ ਦੀ ਉਸਤਤਿ ਵਾਲਾ ਅੰਤਲਾ ਸਵੈਯਾ:--

**ਖੰਡਿ ਅਖੰਧਨ ਖੰਡ ਕੈ ਚੰਡਿ ਸੁ ਮੁੰਡ ਰਹੈ ਜ਼ਿਤ ਮੰਡਲ ਮਾਹੀਂ ॥**
**ਦੰਡਿ ਅਦੰਡਨ ਕੋ ਭੁਜਨੰਡਨ ਭਾਰੀ ਘਮੰਡਨ ਕਿਯੋ ਬਲ ਬਾਹੀ ॥**
**ਥਾਪਿ ਅਖੰਡਨ ਕੌ ਸੁਰ ਮੰਡਨ ਨਾਦ ਸੁਨਯੋ ਬ੍ਰਹਮੰਡ ਮਹਾ ਹੀ ॥**
**ਕ੍ਰੂਰ ਕਵੰਡਨ ਕੋ ਰਨ ਮੰਡਲ ਤੋ ਸਮ ਸੂਰ ਕੋਊ ਕਹੂੰ ਨਾਹੀ ॥ ੪੮ ॥ ੧ ॥**

**ਅਰਥ**:--ਅਮਰ ਸੂਰਮਿਆ ਨੂੰ ਮਾਰਕੇ ਉਹਨਾਂ ਦੇ ਸਿਰ **ਚੰਡਕਾ ਨੇ** ਧਰਤੀ ਤੇ ਸੁੱਟ ਦਿੱਤੇ। ਜਿਨ੍ਹਾਂ ਨੂੰ ਕੋਈ ਸਜ਼ਾ ਨਹੀਂ ਦੇ ਸਕਦਾ ਸੀ, ਉਨ੍ਹਾਂ ਨੂੰ ਡੰਡਿਆਂ ਨਾਲ ਸਜ਼ਾਵਾਂ ਦਿੱਤੀਆਂ ਅਤੇ ਭਾਰੀ ਬਲ ਵਾਲੀਆਂ ਬਾਹਾਂ ਨਾਲ ਸਭ ਦਾ ਹੰਕਾਰ ਦੂਰ ਕੀਤਾ । ਇੰਦਰ ਨੂੰ ਫੇਰ ਸਵਰਗ ਵਿਚ ਸਥਾਪਤ ਕਰ ਬ੍ਰਹਿਮੰਡ ਵਿਚ ਹੋਣ ਵਾਲੀ ਖ਼ੁਸ਼ੀ ਦੀ ਆਵਾਜ਼ ਨੂੰ ਧਰਤੀ ਤੇ ਸੁਣਿਆਂ। ਤੁਸੀਂ ਜੰਗ ਦੇ ਮੈਦਾਨ ਵਿਚ ਕਰੜੇ ਧਨੁਖ ਨੂੰ ਧਾਰਨ ਕਰਨ ਵਾਲੀ ਹੋ ਅਤੇ ਤੁਹਾਡੇ ਸਮਾਨ ਹੋਰ ਸੂਰਮਾ ਨਹੀਂ । ੪੮ । ੧ ।

ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਉਪ੍ਰੋਕਤ ਦੋਵੇਂ ਸੈ੍ਯੇ ਚੰਡੀ ਦੀ ਮਹਿਮਾ ਹੀ ਹੈ। ਪਰ ਪਦਮ ਸਾਹਿਬ ਜੀ ਸ਼ਾਇਦ ਤੁਹਾਡੀ ' **ਚੁੰਨ ਚੁੰਨ ' ਕਰਿ ਪੜ੍ਹਨ** ਦੀ ਸਿਖਿਆ ਤੋਂ ਹੀ ਉਹ ਨਿਆਰਾ ਖ਼ਾਲਸਾ ਜਿਹੜਾ ਆਪਣੇ ਆਪ ਨੂੰ ਕੇਵਲ ਇੱਕ ਅਕਾਲਪੁਰਖ **ਦਾ** ਪੁਜਾਰੀ ਮੰਨਦਾ ਹੈ, ਉਸ ਨੇ ਦੇਵੀ ਦੀ ਮਹਿਮਾਂ ਵਾਲੇ ਸੈ੍ਯੇ ਗੁਰਬਾਣੀ ਵਾਂਗ ਪੜ੍ਹਨੇ ਅਤੇ ਗਾਉਣੇ ਅਰੰਭ ਕਰ ਲਏ ਹੋਏ ਹਨ ।

ਚਰਿਤ੍ਰਾਂ ਦੇ ਆਦਿ ਵਿਚਲੇ ਚੰਡੀ-ਰੂਪ ਰੱਬ ਦੇ ਦਰਸ਼ਨ ਕਰ ਲਏ ਹਨ ਆਉ ਓਧਰੋਂ" ਚਰਿਤ੍ਰੋ ਪਾਖਯਾਨ ਦੇ ਅੰਤ ਵਿਚ, ਚਾਰ ਸੌ ਚੌਥੇ (੪●੪) ਚਰਿਤ੍ਰ ਵਿਚ ਚੰਡਕਾ ਦੇ ਪਤੀ ਮਹਾਂਕਾਲ-ਰੂਪ ਰੱਬ ਦੇ ਦਰਸ਼ਨ ਕਰ ਲਈਏ:--

**ਤੁਮਹੀਂ ਬ੍ਰਹਮਾ ਬਿਸ਼ਨ ਬਨਾਯੋ ॥ ਮਹਾਂ ਰੁਦ੍ਰ ਤੁਮ ਹੀ ਉਪਜਾਯੋ ॥**
**ਤੁਮਹੀ ਰਿਖਿ ਕੱਸ਼ਪਹਿ ਬਨਾਵਾ ॥ ਦਿਤ ਅਦਿਤ ਜਨ ਬੈਰ ਬਦਾਵਾ ॥ ੯੮ ॥**

**ਅਰਥ**:--ਤੂੰ ਹੀ ਬ੍ਰਹਮਾ ਅਤੇ ਵਿਸ਼ਨੂੰ ਨੂੰ ਪੈਦਾ ਕੀਤਾ ਅਤੇ ਸ਼ਿਵਜੀ ਨੂੰ ਵੀ ਤੁਸੀ ਉਤਪਨ ਕੀਤਾ । ਤੁਸੀ ਹੀ ਕੈਸ਼ਪ ਰਿਖੀ ਨੂੰ ਬਣਾਇਆ ਅਤੇ ਤੁਸੀਂ ਦੇਵ-ਦਾਨਵ ਦੇ ਵਾਰਿਸਾਂ ਵਿਚ ਵੈਰ ਵਧਾਇਆ । ੯੮।

ਭਾਵ, ਚੰਗੇ ਭਲੇ ਸੂਝਵਾਨ ਜਵਾਨ ਉਮਰ ਮਨੁੱਖ ਨੂੰ ਚਰਿਤ੍ਰ ਹੀਣ ਬਣਾ ਦੇਣ ਵਾਲੀਆਂ ਛਲੀਆ ਕਹਾਣੀਆਂ ਦੇ ਦੋਹੀ ਪਾਸੀ ਬ੍ਰਾਹਮਣੀ ਰੱਬ ਦਾ ਕਰੜਾ ਪਹਿਰਾ ? ਇੱਕ ਵਾਰ ਜਿਹੜਾ ਇਸ ਜਿਲ੍ਹਣ ਵਿਚ ਫਸ ਗਿਆ, ਫਿਰ ਉਹ ਜੀਊਂਦਾ ਬਾਹਰ ਕਿਵੇਂ ਨਿੱਕਲ ਜਾਊ ?:--

ਦੁਰਗਾ, ਚੰਡਕਾ, ਸੀਤਲਾ, ਭਗਉਤੀ, ਭਵਾਨੀ ਆਦਿ ਸਾਰੇ ਓਸੇ ਦੇਵੀ ਦੇ ਕਲਪੇ ਹੋਏ ਅੱਡ ਅੱਡ ਰੂਪਾਂ ਦੇ ਫ਼ਰਜ਼ੀ ਨਾਮ ਹਨ। ਇਨ੍ਹਾਂ ਨਾਵਾਂ ਵਿਚੋਂ ਸੀਤਲਾ, ਸ਼ਿਵ, ਮਹਾਂ ਮਾਈ ਭਾਵ, ਚੰਡਕਾ ਅਤੇ ਭਵਾਨੀ ਦੇ ਜ਼ਿਕਰ ਨਾਲ ਸਮੂਹ ਦੇਵੀ ਦੇਵਤਿਆਂ ਦੀ ਪੂਜਾ ਭਗਤੀ ਤੋਂ ਪ੍ਰਾਪਤ ਹੋਣ ਵਾਲੇ ਫਲਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ:---

੫- ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥ ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਢੇ ਡਉਰੂ

ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੈ ॥ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥{੮੭੪}

ਦੇਵੀ ਦੇਵਤਿਆਂ ਵਾਲੇ ਭਰਮ ਦੇ ਮੂੰਹ ਤੇ ਬੜੀ ਕਰਾਰੀ ਚਪੇੜ ਹੈ । ਇਸ਼ਟ ਆਪਣੇ ਸੇਵਕ ਨੂੰ, ਵੱਧ ਤੋਂ ਵੱਧ ਉਹੀ ਕੁੱਝ ਦੇ ਸਕਦਾ ਹੈ ਜੋ ਕੁੱਝ ਉਸ ਦੇ ਪੱਲੇ ਹੋਵੇ । ਸੋ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਦੇਵੀ ਦੇਵਤਿਆਂ ਦੇ ਪੁਜਾਰੀ, ਗੀਤਾ ਪੜ੍ਹਨ ਵਾਲੇ ਬਿੱਪ੍ਰ ਜੀ ਨੂੰ ਸਮਝਾਇਆ ਹੈ ਕਿ:--

**ਅਰਥ**:--(ਹੇ ਪੰਡਿਤ ਜੀ **!)** ਮੈਂ ਤਾਂ ਆਪਣੇ ਸੁਹਣੇ ਪ੍ਰਭੂ ਦਾ ਨਾਮ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ਨੂੰ ਉਸ ਪਰਮਾਤਮਾ ਦੇ ਨਾਮ ਦੇ ਵੱਟੇ ਵਿੱਚ ਦੇ ਦਿਆਂਗਾ, (ਭਾਵ ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਵੀ ਦੇਵੀ ਦੇਵਤੇ ਦੀ ਲੋੜ ਨਹੀਂ **ਹੈ) । ੧ । ਰਹਾਉ ।** ਕਿਉਂਕਿ, ਜੋ ਮਨੁੱਖ ਭੈਰੋਂ ਵੱਲ ਜਾਂਦਾ ਹੈ (ਭਾਵ ਭੈਰੋਂ ਦੀ ਅਰਾਧਨਾ ਕਰਦਾ ਹੈ) ਉਹ ਵੱਧ ਤੋਂ ਵੱਧ ਭੈਰੋਂ ਵਰਗਾ ਹੀ) ਭੂਤ ਬਣ ਜਾਂਦਾ ਹੈ । ਜੋ ਸੀਤਲਾ ਨੂੰ ਅਰਾਧਦਾ ਹੈ ਉਹ ਸੀਤਲਾ ਵਾਂਗ ਖੋਤੇ ਦੀ ਸਵਾਰੀ ਕਰਕੇ ਖੋਤੇ ਵਾਂਗ ਸੁਆਹ ਹੀ ਉਡਾਉਂਦਾ ਹੈ **। ੧ ।** ਜੋ ਮਨੁੱਖ ਸ਼ਿਵ ਦਾ ਨਾਮ ਜਪਦਾ ਹੈ ਉਹ ਵੱਧ ਤੋਂ ਵੱਧ ਸ਼ਿਵ ਜੀ ਦਾ ਰੂਪ ਲੈ ਕੇ ਸ਼ਿਵ ਦੀ ਸਵਾਰੀ ਬਲਦ ਉਤੇ ਚੜ੍ਹਦਾ ਹੈ ਅਤੇ ਸਿਵ ਜੀ ਵਾਂਗ ਡੰਬਰੂ ਵਜਾਉਂਦਾ ਫਿਰਦਾ ਹੈ **। ੨ ।** ਜੇ ਮਨੁੱਖ ਚੰਡਕਾ ਮੱਯਾ ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਬਣ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਰੂਪ ਹੀ ਬਣ ਸਕਦਾ ਹੈ) **। ੩ ।** ਹੇ ਭਵਾਨੀ! ਤੂੰ ਸਭ ਦਾ ਮੁਢ ਅਖਵਾਉਂਦੀ ਹੈਂ,ਪਰ ਆਪਣੇ ਭਗਤਾਂ ਨੂੰ ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ ਕਿਥੇ ਲੁਕੀ ਰਹਿੰਦੀ ਹੈਂ (ਭਾਵ, ਵਿਕਾਰਾਂ ਤੋਂ ਮੁਕਤੀ ਫਿਰ ਜਨਮ ਮਰਨ ਦੇ ਗੇੜ ਤੋਂ ਮੁਕਤੀ ਭਵਾਨੀ ਪਾਸ ਵੀ ਨਹੀਂ ਹੈ) **। ੪ ।** ਸੋ ਨਾਮਦੇਵ ਬੇਨਤੀ ਕਰਦਾ ਹੈ ਹੇ ਮਿੱਤਰ (ਪੰਡਿਤ !) ਸਤਿਗੁਰੂ ਦੀ ਸਿਖਿਆ ਲੈ ਕੇ ਪਰਮਾਤਮਾਂ ਦੇ ਨਾਮ ਦੀ ਓਟ ਲੈ । ਕੀ ਤੁਹਾਡੀ ਧਰਮ ਪੁਸਤਕ ਗੀਤਾ ਵੀ ਏਹੋ ਨਹੀਂ ਕਹਿੰਦੀ ?

ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਲਈ ਜ਼ਰੂਰੀ ਹੈ ਕਿ ਉਹ ਗੁਰਿਆਈ ਦੀ ਮਾਲਕ ਗੁਰੂ ਬਾਣੀ ਦੀ ਥਾਂ, ਕਿਸੇ ਅਜੇਹੀ ਕੱਚੀ ਬਾਣੀ ਦਾ ਪਾਠੀ ਕਦੇ ਨਾ ਬਣੇ, ਜਿਸ ਨੂੰ ਦਸ਼ਮੇਸ਼ ਜੀ ਨੇ ਗੁਰੂ ਬਾਣੀ ਵਿਚ ਸ਼ਾਮਲ ਕਰਨ ਦੇ ਯੋਗ ਨਹੀਂ ਸੀ ਸਮਝਿਆ। ਸਦਾ ਆਪਣੇ ਸਤਿਗੁਰਾਂ ਦੇ ਹੁਕਮ ਵਿਚ ਰਹਿਣ ਵਾਲਾ ਹੀ ਗੁਰਮੁਖਿ ਆਖਵਾਉਂਦਾ ਹੈ ਅਤੇ ਸਤਿਗੁਰਾਂ ਦਾ ਹੁਕਮ ਇਸ ਪ੍ਰਕਾਰ ਹੈ:--

੬- **ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸ ਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥ ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚਂੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥{੯੨●}**

ਕੇਵਲ ਇਸਤ੍ਰੀ ਦੇ ਜਾਂ ਕੁਝ ਪੁਰਸ਼ਾਂ ਦੇ ਚਰਿਤ੍ਰਾਂ ਬਾਰੇ ਲਿਖੇ " ਚਰਿਤ੍ਰੋ ਪਾਖਯਾਨਥ ਗ੍ਰੰਥ " ਵਿਚਲਾ, ਪਦਮ ਜੀ, ਤੁਹਾਡਾ ਆਪਣਾ ਪਹਿਲਾ ਝੂਠ-ਚਲਿਤ੍ਰ ਭਾਵ, ਕਥਿਤ ਦੇਵੀ ਰੂਪ ਇਸਤ੍ਰੀ ਦਾ ਲੀਚਲਿੱਤਰ ਸਮਤਪਾ ਹੋਇਆ।

## ੪- ' ਦਸਮ ਗ੍ਰੰਥ ਦਰਸ਼ਨ ' ਬਾਰੇ ਸਿਧਾਂਦਕ ਸ਼ੰਕਿਆਂ ਦਾ ਵੇਰਵਾ:--

**(**ਸ੍ਰੀ ਪਦਮ ਜੀ ਨੂੰ ਲਿਖਿਆ ਚਿਠੀ ਰੂਪ ਇਹ ਲੇਖ ੪੦੫ਵੇ ਚਰਿਤ੍ਰ ਤੱਕ ਚਲਦਾ ਹੈ**)**

**(੧)** " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਪੁਸਤਕ ਦੇ ਪਹਿਲੇ ਭਾਗ ਦੀ ਭੂਮਕਾ ਵਿਚ ਵੀ ਅਤੇ " **ਮਾਸੁ ਮਾਸੁ ਕਰਿ ਮੂਰਖ ਝਗੜੇ** " ਪੁਸਤਕ ਵਿਚ ਵੀ ਹੇਠ ਲਿਖੇ ਸ਼ਬਦਾਂ ਦਾ ਉਚੇਚਾ ਨੋਟ ਲਿਖਿਆ ਹੋਇਆ ਹੈ--

> " ਕਿਸੇ ਵਿਦਵਾਨ ਦੀ ਕਿਰਪਾ ਨਾਲ **Hermeneutics** ਦੇ ਵਿਦਵਾਨਾਂ ਦੀ ਰਾਏ ਪੜ੍ਹਨ ਨੂੰ ਮਿਲ ਗਈ। ਉਨ੍ਹਾਂ ਦਾ ਫ਼ਤਵਾ ਹੈ ਕਿ ਕਿਸੇ ਖ਼ਾਸ ਸ਼ਬਦ ਜਾਂ ਤੁਕ ਦੇ ਸਥਾਈ ਅਰਥਾਂ ਤੋਂ ਕਿਸੇ ਗ੍ਰੰਥ ਦੇ ਸਿਧਾਂਤ ਬਾਰੇ ਸਿੱਟਾ ਕੱਢਣਾ ਗ਼ਲਤ ਹੈ ਅਥਵਾ ਹੂੜ ਮਤ ਹੈ। ਹਰ ਤੁਕ ਦਾ ਭਾਵ ਪੂਰੀ ਪੁਸਤਕ ਅਥਵਾ ਪੂਰੇ ਗ੍ਰੰਥ ਦੇ ਸਮੁਚੇ ਆਸ਼ੇ ਦੇ ਅਨਕੂਲ ਹੋਣਾ ਚਾਹੀਦਾ ਹੈ। ਇਹ ਪੜ੍ਹ ਕੇ ਹਿਰਦੇ ਵਿਚੋਂ ਹਉਕਾ ਨਿਕਲਿਆ ਕਿ ਸਾਡੇ ਲਿਖਾਰੀਆਂ ਨੇ ਤਾਂ ਲੱਕ ਹੀ ਇਸ ਭੁੱਲ ਨੂੰ ਕਰੀ ਜਾਣ ਤੇ ਬੰਨ੍ਹ ਲਿਆ ਹੋਇਆ ਹੈ। ਦਿੱਲ ਨੂੰ ਇਹ ਪੱਕਾ ਵਿਸ਼ਵਾਸ਼ ਸੀ, ਕਿ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਆਪਣੇ ਆਪ ਵਿਚ ਵਿਰੋਧੀ ਧਾਰਨਾ ਵਾਲਾ ਕਦੇ ਨਹੀਂ ਹੋ ਸਕਦਾ ।"

ਜਿਵੇਂ ਮਾਸ ਖਾਣ ਨੂੰ ਵਡਾ ਪਾਪ ਸਮਝਣ ਵਾਲਿਆਂ ਲਿਖਾਰੀਆਂ (ਭਾਈ ਰਣਧੀਰ ਸਿੰਘ ਜੀ ਨਾਰੰਗਵਾਲੀਏ, ਭਾਈ ਜੋਗਿੰਦਰ ਸਿੰਘ ਤਲਵਾੜਾ, ਭਾਈ ਜੇ ਪੀ ਸੰਗਤ ਸਿੰਘ ਅਥਵਾ ਸੰਤ ਬਾਬਾ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ) ਨੇ ਪਹਿਲਾਂ ਤੋਂ ਬਣੀ ਆਪਣੀ ਦਲੀਲ ਨੂੰ ਠੀਕ ਸਿੱਧ ਕਰਨ ਲਈ ਗੁਰਬਾਣੀ ਦੀ ਵਰਤੋਂ ਕੀਤੀ ਹੈ। ਖਿਮਾ ਕਰਨਾ ਜੀ, ਉਹੀ ਲਿਖਣ ਢੰਘ ਆਪ ਜੀ ਦਾ ਹੈ। ਆਪਣੀ ਵਿਉਂਤ ਦੀਆਂ ਚੋਣਵੀਆਂ ਤੁਕਾਂ ਲੈ ਕੇ ਦਸਮ ਗ੍ਰੰਥ ਨੂੰ ਦਸ਼ਮੇਸ਼ ਜੀ ਦੀ ਲਿਖਤ, ਅਤੇ ਸਿੱਖਾਂ ਲਈ ਬੜਾ ਲਾਹੇਵੰਧ ਧਰਮ ਗ੍ਰੰਥ ਸਿੱਧ ਕੀਤਾ ਹੋਇਆ ਹੈ। ਸ਼ੱਕ ਬਣਦਾ ਹੈ ਕਿ ਸ਼ਾਇਦ ਦਾਸ ਦੀ ਸਮਝ ਵਿਚ ਹੀ ਫ਼ਰਕ ਹੋਵੇ ਅਤੇ **Hermeneutics** ਦੇ ਵਿਦਵਾਨਾ ਦਾ ਉਪ੍ਰੋਕਤ ਨਿਰਣਾ ਗ਼ਲਤ ਹੀ ਹੋਵੇ ? ਵਿਦਵਤਾ ਦੇ ਭੰਡਾਰ, ਪਦਮ ਸਾਹਿਬ ਜੀਓ ! ਇਸ ਉਪ੍ਰੋਕਿਤ ਸ਼ੰਕੇ ਨੂੰ ਦੂਰ ਕਰਨ ਦੀ ਕਿਰਪਾਲਤਾ ਤੁਸਾਂ ਕਰ ਦੇਣੀ ਜੀ ।

(੨) ਆਪਣੀ ਪੁਸਤਕ ਦੇ ੩੯ ਸਫ਼ੇ ਤੇ " **ਦਸਮ ਗ੍ਰੰਥ ਬਾਰੇ ਸ਼ੰਕਾਵਾਂ "** ਲੇਖ ਵਿਚ ਹੋਰ ਕਈ ਕੁਝ ਨਾਲ, ਆਪ ਜੀ ਨੇ ਇਉਂ ਲਿਖਿਆ ਹੋਇਆ ਹੈ:-–" **ਨਾਲੇ ਗੁਰੂ ਸਾਹਿਬ ਜੀ ਦੀ ਸਾਰੀ ਰਚਨਾਂ ਨੂੰ ਗੁਰਬਾਣੀ ਸਮਝਣਾ ਭੁੱਲ ਹੈ** " ; ਪਰ ਉਸੇ ਪੁਸਤਕ ਦੇ ੫੪ ਸਫ਼ੇ ਤੇ " **ਦਸਮ ਗ੍ਰੰਥ ਦੀ ਵਿਚਾਰਧਾਰਾ** " ਲੇਖ ਦੇ ਅਰੰਭ ਵਿਚ ਹੀ ਤੁਹਾਡਾ ਸਪੱਸ਼ਟ ਫ਼ਤਵਾ ਇਨ੍ਹਾਂ ਲਫ਼ਜ਼ਾਂ ਵਿਚ ਹੈ:--

**ਸ੍ਰੀ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੀ ਦਸਮ ਜੋਤਿ ਸਨ, ਇਸ ਲਈ ਜੋ ਵਿਚਾਰ ਉਨ੍ਹਾਂ ਦਿਤੇ, ਉਹ ਸ੍ਰੀ ਗੁਰੂ ਗਰੰਥ ਦੀ ਵਿਚਾਰਧਾਰਾ ਤੋਂ ਵਿਪਰੀਤ ਹੋਣੇ ਸੰਭਵ ਨਹੀਂ ਹਨ।**

(ੳ) ਨਿਮਰਤਾ ਸਹਿਤ ਬੇਨਤੀ ਹੈ ਕਿ, ਜੇ ਇਸ ਝਮੇਲੇ ਨੂੰ ਵੀ ਨਾਲ ਹੀ ਸਾਫ਼ ਕਰ ਦਿੰਦੇ ਤਾਂ ਕਿੱਡਾ ਚੰਗਾ ਹੁੰਦਾ, ਕਿ, ਜਦ ਤੁਸੀਂ ਦਸਾਂ ਸਤਿਗੁਰਾਂ ਦੀ ਜੋਤਿ ਇੱਕ ਮੰਨਦੇ ਹੋਏ ਇਹ ਕਹਿ ਰਹੇ ਹੋ ਕਿ, ਦਸਮ ਗ੍ਰੰਥ ਵਿਚਲੇ ਦਸ਼ਮੇਸ਼ ਜੀ ਦੇ ਵਿਚਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਹੋਣੇ ਅਸੰਭਵ ਹਨ, ਤਾਂ ਫਿਰ (੪੩ ਸਫ਼ੇ ਤੇ ਤੁਹਾਡੇ ਹੀ ਲਿਖੇ ਅਨੁਸਾਰ) ਦਸ਼ਮੇਸ਼ ਜੀ ਦੀ ਸਾਰੀ ਰਚਨਾ ਨੂੰ ਗੁਰਬਾਣੀ ਸਮਝਣਾ, **ਭੁੱਲ** ਕਿਵੇਂ ਹੋਈ?

(ਅ) ਦੂਜੀ ਗੱਲ--ਆਪਣੇ ਮਹਾਨ ਸਤਿਗੁਰਾਂ ਦਾ ਹਰ ਬਚਨ ਸਿੱਖ ਲਈ ਜੇ ਗੁਰ ਬਾਣੀ ਨਹੀਂ ਤਾਂ ਹੋਰ ਕੀ ਹੈ? ਮਹਾਂਪੁਰਖ ਦੀ ਬੋਲ-ਬਾਣੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--**ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥ ੮ ॥**[੭੫੫]-੧

**ਸੋ ਆਪ ਜੀ ਦੇ ਫਤਵੇ ਅਨੁਸਾਰ ਜੇ**, ਦਸਮ ਗ੍ਰੰਥ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ **ਵਿਪਰੀਤ ਸਿੱਧ ਹੁੰਦੀ ਹੋਵੇ** ਤਾਂ **(੧)** ਉਸ ਲਿਖਤ ਨੂੰ ਦਸ਼ਮੇਸ਼ ਜੀ ਦੀ ਆਪਣੀ ਲਿਖਤ ਕਿਸੇ ਵੀ ਦਲੀਲ ਨਾਲ ਨਹੀਂ ਮੰਨਿਆਂ ਜਾਣਾ ਚਾਹੀਦਾ।

**(੨)** ਫਿਰ ਏਹੀ ਸਮਝਣਾ ਹੋਵੇਗਾ ਕਿ, ਇਹ ਸਾਰੀ ਲਿਖਤ, ਸਿੱਖੀ ਦੇ ਓਸੇ ਵੈਰੀ ਦੀ ਹੀ ਹੈ ਜਿਸ ਨੇ ਗੁਰਬਾਣੀ ਵਿਚ ਰਲੇ ਪਾਏ ਸਨ। ਨਿਰਸੰਦੇਹ ਇਹ ਗ੍ਰੰਥ ਉਸੇ ਖ਼ਤਰਨਾਕ ਵੈਰੀ ਦਾ ਹੀ ਅਦਭੁਤ ਬਾਣ ਹੈ, ਜਿਹੜਾ ਗੁਰੂ ਦੇ ਨਿਆਰੇ ਪੰਥ ਦੀ ਨਿਆਰੀ ਆਭਾ ਨੂੰ ਵਿਗਾੜ ਕੇ ਇਸ ਨੂੰ ਮੁੜ ਮੰਦਰਾਂ ਵਿਚ ਟੱਲ ਖੜਕਾਉਂਦਾ ਵੇਖਣਾ ਲੋੜ ਰਿਹਾ ਹੈ।

{ਨੋਟ:--ਸਮੁੱਚੇ ਬਚਿੱਤ੍ਰ ਨਾਟਕ ਦੀ ਲਿਖਤ ਬਾਰੇ ਦਾਸ ਨੇ ਗੁਰਮਤਿ ਵਿਚਾਰ ਲਿਖ ਕੇ, ਮਿਤੀ ੭ ਨਵੰਬਰ ੧੯੯੭ ਦੀ ਚਿੱਠੀ ਦੁਆਰਾ ਤੁਹਾਡੀ (ਪਦਮ ਜੀ ਦੀ) ਸੇਵਾ ਵਿਚ ਭੇਜ ਦਿੱਤੇ ਹੋਏ ਹਨ। ਏਥੇ ਹੁਣ ਉਸ ਗ੍ਰੰਥ ਬਾਰੇ ਉਚੇਚੀ ਵਿਚਾਰ ਲਿਖਣ ਦੀ ਲੋੜ ਨਹੀਂ ਹੈ ।

**(੩)** " ਦਸਮ ਗ੍ਰੰਥ ਦਰਸ਼ਨ " ਪੁਸਤਕ ਦੇ ੪੩ ਸਫ਼ੇ ਤੇ ਤੁਸਾਂ ਇਉਂ ਲਿਖਿਆ ਹੈ---

" ਚਰਿਤ੍ਰ ਪਖਯਾਨ **ਚਲਾਕ ਔਰਤਾਂ** ਦੀਆਂ ਕਹਾਣੀਆਂ ਦਾ ਸੰਗ੍ਰਹ ਹੈ। ਰਾਜ ਕੁਮਾਰ ਹਨਵੰਤ ਸਿੰਘ ਦੀ ਮਤ੍ਰੇਈ ਮਾਂ ਚਿਤ੍ਰਮਤੀ ਰਾਜ ਕੁਮਾਰ ਦੇ ਰੂਪ ਨੂੰ ਵੇਖਕੇ ਮੋਹਿਤ ਹੋ ਜਾਂਦੀ ਹੈ ਪਰ ਉਹ ਦੁਰਾਚਾਰ ਤੋਂ ਇਨਕਾਰ ਕਰਦਾ ਹੈ। ਫਿਰ ਰਾਣੀ ਤ੍ਰਿਯਾਜਾਲ ਰਚਕੇ ਝੂਠੀ ਊਜ ਲਾ ਕੇ ਰਾਜੇ ਨੂੰ ਉਕਸਾਂਉਂਦੀ ਹੈ ਕਿ ਇਸ ਨੇ ਮੇਰੇ ਵਲ ਮੈਲੀ ਨਿਗਾਹ ਨਾਲ ਦੇਖਿਆ ਹੈ। ਰਾਜਾ, ਪੁੱਤਰ ਨੂੰ ਜੇਲ੍ਹਖਾਨੇ ਸੁੱਟ ਦਿੰਦਾ ਹੈ। ਇਸ ਹਾਲਤ ਵਿਚ ਸਿਆਣੇ ਵਜ਼ੀਰ ਨੇ ਰਾਜੇ ਨੂੰ **ਚਲਾਕ ਤੇ ਫ਼ਰੇਬਣ ਔਰਤਾਂ** ਦੇ ਕਿੱਸੇ ਸੁਣਾਏ ਹਨ ਕਿ ਤੂੰ ਰਾਣੀ ਦੀ ਚਾਲ ਵਿਚ ਆ ਕੇ ਪੁੱਤਰ ਨੂੰ ਕਤਲ ਨਾ ਕਰ, ਬਿਲਕੁਲ ਪੂਰਨ ਭਗਤ ਵਾਲੀ ਕਹਾਣੀ। ਸੋ ਇਹ ਕਹਾਣੀਆਂ ਇਸ ਸਿਲਸਲੇ ਵਿਚ ਹਨ। ਵਜ਼ੀਰ ਕਹਾਣੀਆਂ ਸੁਣਾ ਰਿਹਾ ਹੈ।

ਸਤਿਕਾਰ ਯੋਗ ਪਦਮ ਸਾਹਿਬ ਜੀ ! ਤੁਹਾਡੇ ਉਪ੍ਰੋਕਤ ਲਿਖੇ ਤੋਂ ਇਸ ਗ੍ਰੰਥ ਵਿਚਲੀ ਸਮੱਗ੍ਰੀ ਬਾਰੋ, ਦਧਸ ਨੂੰ ਜੋ ਸਮਝ ਪੈਂਦੀ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ:---

**(ੳ)** ਚਰਿਤ੍ਰ ਪਖ਼ਯਾਨ ਕੇਵਲ ਚਲਾਕ ਔਰਤਾਂ ਦੀਆਂ ਕਹਾਣੀਆਂ ਦਾ ਹੀ ਸੰਗ੍ਰਹ ਹੈ । (ਹਾਲਾਂ ਕਿ ਪਹਿਲਾ ਚਰਿਤ੍ਰ ਹੀ ਦੇਵੀ ਦਾ ਹੈ )

**(ਅ)** ਰਾਜੇ ਦਾ ਸਿਆਣਾ ਵਜ਼ੀਰ ਚਲਾਕ ਅਤੇ ਫ਼ਰੇਬਣ ਔਰਤਾਂ ਦੇ ਇਹ ਕਿੱਸੇ ਸੁਣਾ ਕੇ ਆਪਣੇ ਰਾਜੇ ਨੂੰ ਸਮਝਾਉਂਦਾ ਹੈ ਕਿ ਉਹ ਆਪਣੀ ਰਾਣੀ ਦੀ ਕੁਟਲਤਾ ਦੀ ਅਸਲੀਯਤ ਨੂੰ ਸਮਝ ਕੇ ਨਿਰਦੋਸ਼ ਰਾਮਕੁਮਾਰ ਹਨਵੰਤ ਸਿੰਘ ਨੂੰ ਝੂਠੇ ਦੋਸ਼ਾਂ ਤੋਂ ਆਦਰ ਸਤਿਕਾਰ ਨਾਲ ਬਰੀ ਕਰ ਦੇਵੇ।

**(ੲ)** ਆਪ ਜੀ ਦੇ ਕਥਨ ਅਨੁਸਾਰ ਇਸ ਗ੍ਰੰਥ ਦੇ ਲਿਖਾਰੀ ਕਿਉਂਕਿ ਦਸ਼ਮੇਸ਼ ਜੀ ਹਨ, ਇਸ ਕਾਰਨ ਗੁਰਸਿੱਖ ਪਾਠਕ ਦੇ ਮਨ ਵਿਚ (੧) ਗੱਲ ਏਹ ਆਉਂਦੀ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਵੀ ਦਸਮ ਗੁਰੂ ਨਾਨਕ ਜੀ ਨੇ ਗੁਰਮਤ ਹੀ ਸਮਝਾਈ ਹੋਣੀ ਹੈ। (੨) ਸੱਚ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਸਵੇ ਪ੍ਰਗਟ ਸਰੂਪ ਨੇ ਕਿਸੇ ਵੀ ਕਹਾਣੀ ਵਿਚ ਸੱਚ ਦਾ ਲੜ', ਕਿਸੇ ਹਾਲਤ ਵਿਚ ਹੱਥੋਂ ਨਹੀਂ ਜਾਣ ਦਿੱਤਾ ਹੋਣਾ, (੩) ਕਹਾਣੀਆਂ ਬੜੀ ਉੱਚੀ ਅਤੇ ਸਦੀਵੀ ਸੱਚ ਨਾਲ ਜੋੜਨ ਦੀ ਸਿਖਿਆ ਵਾਲੀਆਂ ਹੋਣਗੀਆਂ ? ਆਪ ਜੀ ਦੇ ਉਪ੍ਰੋਕਤ ਬਚਨਾਂ ਤੋਂ ਉਤਸ਼ਾਹਤ ਹੋ ਕੇ ਦਾਸ ਨੇ ਗ੍ਰੰਥ ਵਿਚੋਂ ਜੋ ਕੁਝ ਪੜ੍ਹਿਆ ਹੈ, ਉਸ ਤੋਂ ਸਖ਼ਤ ਨਿਰਾਸ਼ਾ ਹੋਈ ਹੈ। ਆਖ਼ਰ ਤੁਸੀ ਵੀ ਦਸ਼ਮੇਸ਼ ਜੀ ਦੇ ਪੰਥ ਦੇ ਹੀ ਅੰਗ, ਉੱਚ ਕੋਟੀ ਦੇ ਵਿਦਵਾਨ ਹੋ। ਅਜੇਹਾ ਸਭ ਕੁਝ ਲਿਖਣ ਵਿਚ ਸ਼ਾਇਦ ਕੋਈ ਅਜੇਹਾ ਗੁਝਾ ਗੁਰਮਤਿ-ਭੇਤ ਹੋਵੇ ਜੋ ਦਾਸ ਦੀ ਸਮਝ ਵਿਚ ਨਾ ਆ ਸਕਿਆ ਹੋਣ ਤੋਂ ਐਵੇਂ ਧੰਙਾਣੇ ਦੀ ਨਿਰਾਸਤਾ ਅਤੇ ਬੇਚੈਨੀ ਸਹੇੜ ਬੈਠਾ ਹੋਵਾਂ ? ਸੁਹਿਰਦਤਾ ਨੇ ਮੰਗ ਕੀਤੀ ਕਿ, ਕਿਸੇ ਦੂਜੇ ਤੱਕ ਵਿਚਾਰ ਪੁਚਾਉਣ ਤੋਂ ਪਹਿਲਾਂ, ਹਿਰਦੇ ਦਾ ਸਾਰਾ ਦੁੱਖ ਤੁਹਾਡੀ ਸੇਵਾ ਵਿਚ ਲਿਖ ਭੇਜਾਂ। ਕਉਂਕਿ ਦਸਮ ਗ੍ਰੰਥ ਦੇ ਮਸਲੇ ਵਿਚ ਤੁਸੀਂ ਹੀ ਇਸ ਯੋਗ ਹੋ ਜਿਥੋਂ ਮਨ ਦੇ ਸਾਰੇ ਸ਼ੰਕੇ ਠੀਕ ਢੰਗ ਨਾਲ ਦੂਰ ਹੋ ਸਕਣ ਦੀ ਆਸ ਹੈ।

ਕ''ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ '' ਦੇ ਪਹਿਲੇ ਭਾਗ ਤੋਂ ਹੀ ਦਾਸ ਨੇ ਬ੍ਰਾਹਮਣੀ ਗ੍ਰੰਥਾਂ ਦੇ ਲਿਖਣ–ਢੰਗ ਦਾ ਇਹ ਪੱਖ ਕਈ ਵਾਰ ਉਜਾਗਰ ਕੀਤਾ ਹੈ ਕਿ ਉਹ ਆਪਣੀ ਗੱਲ ਨੂੰ ਥਾਂ ਥਾਂ ਆਪ ਹੀ ਕੱਟਦਾ ਤੁਰਿਆ ਜਾਂਦਾ ਹੋਣ ਦੇ ਕਾਰਨ ਗ੍ਰੰਥ ਦੇ ਕਿਸੇ ਸਿਧਾਂਤ ਬਾਰੇ ਨਿਰਣਾ ਕਰਨਾ ਅਸੰਭਵ ਬਣ ਜਾਂਦਾ ਹੈ। ਗਲ ਬਦਲੀ ਵਾਲੀ ਵਿਧੀ ਤੁਸੀਂ ਵੀ ਬ੍ਰਾਹਮਣ ਵਾਲੀ ਹੀ ਅਪਣਾਈ ਹੋਈ ਹੈ। ੪੩ ਸਫ਼ੇ ਤੇ ਲਿਖੀ ਆਪਣੀ ਗਲ (ਉਪ੍ਰੋਕਤ **੩** ਨੰਬਰ ਪੈਰਾ ਵਿਚਲੀ) ਨੂੰ ਤੁਸਾਂ ਪੁਸਤਕ ਦੇ ੧੨੫ ਤੇ ਜਾ ਕੇ ਆਪ ਹੀ ਬਦਲ ਦਿੱਤਾ ਹੈ:––

> " ਜੇਹਾ ਕਿ ਅਸੀਂ ਅਗੇ ਵੀ ਆਖ ਚੁਕੇ ਹਾਂ ਕਿ ਸਾਰੀਆਂ ਕਹਾਣੀਆਂ ਤ੍ਰਿਯਾ ਚਰਿਤਰ ਨਹੀਂ ਹਨ ", ਕਈ ਪੁਰਖ ਚਰਿਤਰ ਵੀ ਹਨ ਜਿਨ੍ਹਾਂ ਵਿਚ ਕਿਤੇ ਕਿਤੇ ਮਰਦਾਂ ਦੀ ਚਤੁਰਾਈ ਤੇ ਬੀਰਤਾ ਦਾ ਚਿਤਰ ਦਰਸਾਇਆ ਗਿਆ ਹੈ। ਇਸਦਾ ਭਾਵ ਵੀ ਇਹੋ ਹੀ ਹੈ ਕਿ ਬਿਖਮ ਹਾਲਾਤ ਵਿਚੋਂ ਚੇਤੰਨ ਹੋਕੇ ਨਿਕਲ ਜਾਣਾ ਸਿਆਣੇ ਪੁਰਸ਼ਾਂ ਦਾ ਕੰਮ ਹੈ।

ਕੀ, ਕੇਵਲ ਏਨਾ ਹੀ ਲਿਖਣ ਨਾਲ ੪੩ ਸਫ਼ੇ ਵਾਲੇ ਉਪ੍ਰੋਕਤ ਇਨ੍ਹਾਂ ਬਚਨਾਂ ਤੇ (' ਚਰਿਤ੍ਰ ਪਖਯਾਨ ਚਾਲਾਕ ਔਰਤਾਂ ਦੀਆਂ ਕਹਾਣੀਆਂ ਦਾ ਸੰਗ੍ਰਹ ਹੈ। ਰਾਜ ਕੁਮਾਰ ਹਨਵੰਤ ਸਿੰਘ ਦੀ ਮਤ੍ਰਈ ਮਾਂ **........** ਵਜ਼ੀਰ ਕਹਾਣੀਆਂ ਸੁਣਾ ਰਿਹਾ ਹੈ) ਭਰੋਸਾ ਕਰਨ ਦਾ ਕੋਈ ਕਾਰਨ ਬਚਿਆ ਰਹਿ ਜਾਂਦਾ ਹੈ ਜੀ? ' ਜੇ, ਲਿਖਾਰੀ ਨੇ ਵਜ਼ੀਰ ਅਤੇ ਰਾਜੇ ਵਿਚ ਹੋ ਰਹੀ ਵਾਰਤਾ ਦਾ ਜ਼ਰਾ ਵੀ ਧਿਆਨ ਨਹੀਂ ਸੀ ਰੱਖਣਾ, ਤਾਂ ਅਰੰਭ ਵਿਚ ਪਾਠਕਾਂ ਦੇ ਮਨਾਂ ਵਿਚ ਅਜੇਹਾ **ਝੂਠ-ਭਰਮ** ਪਾਉਣ ਦਾ ਕੀ ਅਰਥ ? ਅਜੇਹੀਆਂ ਭੁੱਲਾਂ ਸਿੱਧ ਕਰਦੀਆਂ ਹਨ ਕਿ ਇਹ ਗ੍ਰੰਥ ਅਭੁੱਲ ਸਤਿਗੁਰੂ ਸ੍ਰੀ ਦਸ਼ਮੇਸ਼ ਜੀ ਦੇ ਨਾਮਣੇ ਨਾਲ ਮੜ੍ਹਿਆ ਜਾਣ ਦੇ ਪਿੱਛੇ ਬੜੀ ਵੱਡੀ ਕੁਟਲਤਾ ਭਰੀ ਸਾਜਸ਼ ਕੰਮ ਕਰ ਰਹੀ ਹੈ।

ਅਵੱਲ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂ ਵਾਕ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** -- ਅਨੁਸਾਰ, ਦਸ਼ਮੇਸ਼ ਜੀ ਸ੍ਰੀ ਗੁਰੂ ਨਾਨਕ ਜੀ ਦੀ ਕੇਵਲ ' **ਜੋਤਿ** ' ਦੇ ਹੀ ਵਾਰਸ ਨਹੀਂ ਸਨ ਬਣੇ, ਸਗੋਂ ਉਨ੍ਹਾਂ ਲਈ **ਇਹ ਸ਼ਰਤ ਬੜੀ ਜ਼ਰੂਰੀ ਸੀ,** ਕਿ ਉਹ **ਆਪਣੀ ਜੀਵਨ-ਜੁਗਤਿ ਅਤੇ [ ਛੇਵੇਂ, ਸਤਵੇ ਅਤੇ ਅਠਵੇਂ ਸਤਿਗੁਰਾਂ ਵਾਂਗ- ਕੁਝ ਵੀ ਨਾ ਲਿਖਣਾ ਕੋਈ ਊਣਤਾਈ ਨਹੀਂ, ਪਰ ਜੇ ਕੁਝ ਲਿਖਣਾ ਹੀ ਸੀ ਤਾਂ--]** ਬਾਣੀ ਲਿਖਣ ਵਾਲੀ " **ਜੁਗਤਿ** " ਵੀ ਉਹੀ (ਆਪਣੇ ਪਿਤਾ ਗੁਰਦੇਵ ਜੀ ਵਾਲੀ ਹੀ) ਰੱਖਦੇ। ਜਿਹੜੇ ਲੋਕ ਦਸ਼ਮੇਸ਼ ਜੀ ਨੂੰ ਆਪਣੇ ਪਿਤਾਮਾ ਗੁਰਦੇਵ ਜੀ ਤੋਂ ਅੱਡਰੀ ਮਰਯਾਦਾ ਅਪਣਾ ਬੇਠੇ ਦਰਸਾ ਰਹੇ ਹਨ ਕਿ, ਉਹ ਦਸ਼ਮੇਸ਼ ਜੀ ਦੇ ਹੀ ਸਿੱਖ ਹਨ ਜੀ ?

ਤੁਹਾਡੇ ਲਿਖੇ ਅਨੁਸਾਰ, ਜੇ ਸੱਚ-ਮੁਚ ਹੀ ਇਸ ਗ੍ਰੰਥ ਦਾ ਲਿਖਾਰੀ, ਕੋਈ ਦੂਜਾ ਨਹੀਂ ਸਗੋਂ ਸ੍ਰੀ ਦਸ਼ਮੇਸ਼ ਜੀ ਹੀ ਹਨ, ਤਾਂ ਫਿਰ:--

**(ੳ)** ਦਸ਼ਮੇਸ਼ ਜੀ ਦੀ ਪਦਵੀ ਅਤੇ ਉਨ੍ਹਾਂ ਦੇ ਦੈਵੀ ਗੁਣਾ ਵਾਲੀ ਸਮਰਥਾ ਤੋਂ ਸਤਿਗੁਰਾਂ ਦੇ ਸ਼ਰਧਾਲੂ ਪਾਠਕ ਦੇ ਮਨ ਵਿਚ ਇਹ ਆਸ ਬੱਝਣੀ ਕੁਦਰਤੀ ਗੱਲ ਹੈ ਕਿ, ਕਹਾਣੀਆਂ ਸੁਨਾਉਣ ਵਾਲਾ ਵਜ਼ੀਰ ਆਪਣੇ ਰਾਜੇ **ਪ੍ਰਤੀ ਨਿੱਜੀ ਸਤਿਕਾਰ** ਨੂੰ ਅਤੇ **ਪਦਵੀ ਦੇ ਅਧਿਕਾਰਾਂ ਦੇ ਭੈ** ਨੂੰ ਚੇਤੇ ਰੱਖਦਾ ਹੋਇਆ, ਆਪਣੇ ਵਿਸ਼ੇ ਤੋਂ ਬਾਹਰ ਜ਼ਰਾ ਵੀ ਨਾ ਜਾ ਸਕਦਾ। ਪਰ ਸਭ ਕੁਝ ਇਸ ਦੇ ਉਲਟ ਹੋਣ ਦਾ ਕਾਰਨ ਕੀ ਹੈ ਜੀ?

**(ਅ)** ਫਿਰ ਬੜੀ ਜ਼ਰੂਰੀ ਆਸ ਇਹ ਵੀ ਬੱਝਦੀ ਹੈ ਕਿ, ਕਹਾਣੀਆਂ ਬੜੇ ਉਚੇ ਮਿਆਰ ਵਾਲੀਆਂ ਹੋਣਗੀਆਂ। ਜਿਸ ਮਹੌਲ ਵਿਚ ਵਜ਼ੀਰ ਦੀ ਵਾਰਤਾ ਅਰੰਭ ਹੁੰਦੀ ਹੈ, ਉਸ ਅਨੁਸਾਰ ਇਨ੍ਹਾਂ ਕਹਾਣੀਆਂ ਨੂੰ ਸੁਣ ਕੇ ਰਾਜੇ ਨੇ ਆਪਣੇ ਬੇਗੁਨਾਹ ਪੁੱਤਰ ਦੀ ਕੇਵਲ ਜਾਨ ਬਖ਼ਸ਼ੀ ਹੀ ਨਹੀਂ ਸੀ ਕਰਨੀ, ਸਗੋਂ ਆਪਣੇ ਹੋਣਹਾਰ ਧਰਮੀ ਸਪੁੱਤਰ ਨੂੰ ਸਨਮਾਤ ਵੀ ਜ਼ਰੂਰ ਕਰਨਾ ਸੀ। ਪਰ ਕੀ ਕਾਰਨ ਹੈ ਕਿ ਲਿਖਾਰੀ ਆਪਣੇ ਇਸ ਵਿਸ਼ੇ ਨੂੰ ਥੋੜੀ ਦੂਰ ਜਾ ਕੇ ਅਜੇਹਾ ਭੁੱਲਾ ਕਿ, ਅਰੰਭ ਵਾਲੇ ਵਜ਼ੀਰ, ਰਾਜੇ, ਰਾਣੀ ਅਤੇ ਹਣਵੰਤ ਸਿੰਘ ਆਦਿ ਦੀ ਅਖ਼ੀਰ ਤੱਕ ਕੋਈ ਉੱਘ-ਸੁੱਘ ਹੀ ਨਹੀਂ ਲੱਗੀ? ਕੀ, ਗ੍ਰੰਥ ਦੀ ਏਸੇ ਹੀ ਗੰਭੀਰ ਊਣਤਾਈ ਤੋਂ ਇਹ ਵਿਸ਼ਵਾਸ਼ ਨਹੀਂ ਕਰ ਲੈਣਾ ਚਾਹੀਦਾ ਕਿ ਥਾਂ ਥਾਂ ਤੇ ਗੰਭੀਰ ਭੁੱਲਾਂ ਨਾਲ ਭਰਿਆ ਅਜੇਹਾ ਗ੍ਰੰਥ ਅਭੁੱਲ ਸਤਿਗੁਰਾਂ ਦੀ ਲਿਖਤ ਕਿਸੇ ਵੀ ਹਾਲਤ ਵਿਚ ਨਹੀਂ ਹੋ ਸਕਦੀ ?

## ੫- ਆਪਣੇ ਹੀ ਲਿਖੇ ਦੀ ਖੰਡਨਾ ਦਾ ਹੋਰ ਵੇਰਵਾ

**ਪਦਮ ਸਾਹਿਬ ਜੀਓ** ! ੪੩ ਸਫ਼ੇ ਤੇ ਤੁਸਾਂ ਚਰਿਤਰੋ ਪਖਿਆਨ ਗ੍ਰੰਥ ਦੇ ਕਹਾਣੀ ਸੰਗ੍ਰਹ ਨੂੰ ਅਰੰਭ ਕਰਨ ਦਾ ਮੰਤਵ--" ਰਾਜਾ ਅੰਨ੍ਹੇਵਾਹ ਰਾਣੀ ਤੇ ਵਿਸ਼ਵਾਸ਼ ਕਰਕੇ, ਆਪਣੇ ਧਰਮੀ ਸਪੁੱਤਰ ਦਾ ਖ਼ੂਨ ਨਾ ਕਰ ਬੈਠੇ " ਲਿਖਿਆ ਹੈ। ਲਿਖਾਰੀ ਦੇ ਇਸ ਮੰਤਵ ਨੂੰ ਸਪੱਸ਼ਟ ਕਰਨ ਲਈ ਉਦਾਹਰਣ ਵਜੋਂ ਕਿਸੇ ਕਿਹਾਣੀ ਦਾ ਸੰਖੇਪ ਰੂਪ ਲਿਖਣਾ ਤਾਂ ਕਿਤੇ ਰਿਹਾ, ਪੁਸਤਕ ਦੇ **੧੨੧ ਸਫ਼ੇ** ਤੇ " **ਚਰਿਤ੍ਰ ਪਖਯਾਨ** " ਲੇਖ, ਅਰੰਭ ਕਰਦੇ ਸਾਰ ਹੀ, ਤੁਸਾਂ ਆਪਣੇ ਉਪ੍ਰੋਕਤ ਲਿਖੇ ਨੂੰ ਭੁੱਲ ਭੁਲਾ ਕੇ, ਜੋ ਲਿਖਿਆ ਹੈ ਉਸ ਤੋਂ ਇਉਂ ਲੱਗਦਾ ਹੈ ਕਿ, ਹਨਵੰਤ ਸਿੰਘ ਵਾਲੀ ਗੱਲ ਨਾਲ ਲਿਖਾਰੀ ਦਾ ਕੋਈ ਵਾਸਤਾ ਮੁਢੋਂ ਹੈ ਹੀ ਨਹੀਂ ਸੀ। ਤੁਹਾਡੀ ਆਪਣੀ ਲਿਖਤ ਇਉਂ ਹੈ:---

> " ਇਸ ਨੂੰ ਪਖਯਾਨ ਚਰਿਤਰ ਯਾ ਤ੍ਰਿਯ ਚਰਿਤਰ ਵੀ ਆਖਿਆ ਗਿਆ ਹੈ। ਇਹ **ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ** ਜੋ ਕਿ ਹੁੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ। ਆਮ ਖ਼ਿਆਲ ਹੈ ਕਿ ਇਸ ਵਿਚ **੪੦੪** ਤਿਰਯਾ ਚਰਿਤਰ ਦਿੱਤੇ ਗਏ ਹਨ, ਇਹ ਠੀਕ ਨਹੀਂ । ਪਹਿਲੀ ਗੱਲ ਇਹ ਹੈ ਕਿ ਚਾਰ ਸੌ ਚਾਰ ਕਹਾਣੀਆਂ ਨਹੀਂ, ਕਈ ਥਾਂ ਇਕੋ ਕਹਾਣੀ ਦੇ ਦੋ ਤਿੰਨ ਭਾਗ ਬਣਾ ਕੇ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਕਹਾਣੀ ਇਕੋ ਹੈ । ਜੇ ਕਿਸੇ ਇਸਤਰੀ ਦੇ ਛਲ ਦਾ ਜਵਾਬ ਪੁਰਸ਼ ਨੂੰ ਛਲ ਵਿਚ ਦਿੱਤਾ ਤਾਂ ਉਸ ਲਈ ਦੂਜਾ ਅਧਿਆ ਰਚ ਲਿਆ ਗਿਆ ਹੈ। ਜਿਵੇਂ ਕਿ ਅਨੂਪ ਕੌਰ ਵਾਲਾ ਚਰਿਤਰ **੨੧, ੨੨ ਤੇ ੨੩** ਅਧਿਆਇ ਵਿਚ ਵੰਡ ਦਿਤਾ ਹੈ। ਅਹੱਲਿਆ ਦੀ ਕਥਾ ੧੧੫,

੧੧੬ ਤੇ ੧੧੭ ਅਧਿਆਇਵਾਂ ਵਿਚ, ਕਪਲ ਮੁਨੀ ਦੀ ੧੦੮ ਤੇ ੧੦੯ ਅਧਿਆ ਵਿਚ ਤੇ ਏਵੇ ਜਿਵੇਂ ਗੌਂਡ ਖਾਂ ਡੋਗਰ ਦੀ ਕਹਾਣੀ ੩੬ ਤੇ ੩੭ ਅਧਿਆ ਵਿਚ ਵੰਡ ਕੇ ਅੰਕਿਤ ਕੀਤੀ ਹੈ। **ਕਹਾਣੀਕਾਰ** ਇਸ ਵੰਡ ਲਈ ਆਪਣੀ ਥਾਂ ਠੀਕ ਹੈ ਕਿ ਜਿਸ ਨੇ ਜੋ ਚਾਲਾਕੀ ਯਾ ਜਵਾਬੀ ਚਲਾਕੀ ਕੀਤੀ, ਉਸਨੂੰ ਅੱਡ ਅੱਡ ਪੇਸ਼ ਕਰ ਦਿਤਾ ਪਰ ਸਮੁੱਚੇ ਤੌਰ ਤੇ ਇਹ ਕਹਿਣਾ ਪਵੇਗਾ ਕਿ ਇਸ ਹਿਸਾਬ ਕੁਲ ਕਹਾਣੀਆਂ ੪੦੪ ਨਹੀਂ, ਸਗੋਂ ਕਾਂਡ **੪੦੪?** ਹਨ। ਵੈਸੇ ਗਿਣਤੀ ੪੦੫ ਲਿਖੀ ਹੈ ਪਰ **੩੨੫ਵਾਂ ਚਰਿਤਰ ਪਰਾਪਤ ਨਹੀਂ** । **ਸਾਰੇ ਤ੍ਰਿਯਾ ਚਰਿਤਰ ਵੀ ਨਹੀਂ** , **ਕਈ ਪੁਰਖ-**ਚਰਿਤਰ ਹਨ। ਕਈ ਥਾਂ ਇਸਤ੍ਰੀ ਪੁਰਖ ਚਰਿਤਰਾਂ ਤੋਂ ਨਿਆਰੀ ਗਲ ਵੀ ਹੈ ਪਰੰਤੂ ਇਹ ਮੰਨਣਾ ਪਵੇਗਾ ਕਿ ਤਿਰਯਾ ਚਰਿਤਰ ਵਧੇਰੇ ਹਨ। "

ਤੁਹਾਡੀ ਗੱਲ ਨੇ (ਕਥਿਤ ਲਿਖਾਰੀ) ਅਭੁੱਲ ਗੁਰੂ-ਪਰਮੇਸ਼ਰ, ਸ੍ਰੀ ਦਸ਼ਮੇਸ਼ ਜੀ ਨੂੰ ਭੁੱਲੜ ਕਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਫੁਰਮਾਨਾਂ ਦੀ ਖੰਡਨਾ ਕੀਤੀ ਹੈ--**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ** ॥ ਅਭੁੱਲ ਵਾਹਿਗੁਰੂ ਨਾਲ ਜੁੜਿਆ ਮਨੁੱਖ, ਆਪ ਵੀ ਅਭੁੱਲ ਹੋ ਜਾਂਦਾ ਹੈ। ਦਸ਼ਮੇਸ਼ ਜੀ ਤਾਂ ਆਪ ਹੀ ਗੁਰੂ-ਪਰਮੇਸ਼ਰ ਸਨ- (**ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥** )। ਸੱਚਾ ਗੁਰਸਿੱਖ ਪਰਮੇਸ਼ਰ-ਰੂਪ ਆਪਣੇ ਸਤਿਗੁਰਾਂ ਨੂੰ ਕਿਸੇ ਪਰਕਾਰ ਦੀ ਭੁੱਲ ਨਾਲ ਜੋੜਨਾ ਕਿਵੇਂ ਝੱਲ ਸਕਦਾ ਹੈ ? ਸੋ ਵਿਦਵਾਨ ਪਦਮ ਸਾਹਿਬ ਜੀਓ ! ਤੁਸੀਂ ਆਪ ਹੀ ਦੱਸੋ ਕਿ, ਜਿਹੜਾ ਲਿਖਾਰੀ ਦਲੀਲਾਂ ਦੇ ਦੇ ਕੇ ਦਸ਼ਮੇਸ਼ ਜੀ ਦੇ ਮੱਥੇ ਅਨੇਕ ਭੁੱਲਾਂ ਮੜ੍ਹੀ ਜਾ ਰਿਹਾ ਹੋਵੇ ਉਸ ਨੂੰ ਗੁਰਸਿੱਖ ਮੰਨੀਏ ਕਿ, ਗੁਰਮਤਿ ਦੇ ਪੱਕੇ ਵੈਰੀ **ਬਿੱਪ੍ਰ ਦਾ ਏਜੰਟ ?**

**ਆਪ ਜੀ ਦੀ ਇਸ ਲਿਖਤ ਦੁਆਰਾ, ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੁੜੀਆਂ ਭੁੱਲਾਂ ਦਾ ਹੋਰ ਵੇਰਵਾ**:--

(੧) ਤੁਹਾਡੇ ਅਨੁਸਾਰ ਇਸ ਗ੍ਰੰਥ ਦੇ ਲਿਖਾਰੀ ਦਸ਼ਮੇਸ਼ ਜੀ ਹਨ। ਦਸ਼ਮੇਸ਼ ਜੀ ਵਰਗੇ ਸਰਬ ਕਲਾ ਪਰਬੀਨ ਜਾਗਤ ਜੋਤਿ ਤੋਂ ਲਿਖੇ ਜਾ ਰਹੇ ਗ੍ਰੰਥ ਦੇ ਅਰੰਭ ਤੋਂ ਮਿਲਦੇ ਸੰਕੇਤ ਅਨੁਸਾਰ, ਵਜ਼ੀਰ ਦੀਆਂ ਕਹਾਣੀਆਂ ਅਜੇਹੀਆਂ ਹੋਣੀਆਂ ਜ਼ਰੂਰੀ ਸਨ ਜਿਨ੍ਹਾਂ ਤੋਂ ਰਾਜੇ ਦੀ ਤਸੱਲੀ ਹੋ ਜਾਂਦੀ ਕਿ, ਰਾਣੀ ਨੇ ਵਾਕਿਆ ਹੀ ਉਸ (ਰਾਜੇ) ਨਾਲ ਛਲ ਕੀਤਾ ਸੀ। ਪਰ ਤੁਸੀਂ ਤਾਂ ਆਪ ਹੀ ਲਿਖਾਰੀ ਨੂੰ ਅਪਣੀ ਥਾਉਂ ਖਿਸਕਿਆ ਹੋਇਆ ਦਰਸਾ ਰਹੇ ਹੋ।

(੨) ਅਰੰਭ ਕੀਤੇ ਮੰਤਵ ਨੂੰ ਛੱਡ ਛੱਡਾ ਕੇ, ' ਦਿਲਚਸਪ ਕਹਾਣੀਆਂ, ਛਲੀਆ ਕਿੱਸੇ ' ਅਤੇ ' ਦੇਸੀ ਬਿਦੇਸੀ ਕਹਾਣੀਆਂ ਦੁਆਰਾ ਇਸ ਗ੍ਰੰਥ ਨੂੰ ਹਿੰਦੀ ਸਾਹਿਤ ਦਾ ਅਨੋਖਾ ਸੰਗ੍ਰਹ ' ਬਨਾਉਣ ਦਾ ਮੰਤਵ ਕਿਵੇਂ ਅਤੇ ਕਿਥੋਂ ਬਣ ਗਿਆ? ਇਸ ਬਾਰੇ ਪਤਾ ਨਾ ਲੱਗਣਾ ਵੀ ਲਿਖਾਰੀ ਨੂੰ ਭੁੱਲੜ ਅਥਵਾ ਲਾਪਰਵਾਹ ਸਿੱਧ ਕਰਦਾ ਹੈ।

(੩) ਆਪ ਜੀ ਦਾ ਇਉਂ ਲਿਖਣਾ--" ਆਮ ਖ਼ਿਆਲ ਹੈ ਕਿ ਇਸ ਵਿਚ ੪੦੪ ਤਿਰਯਾ ਚਰਿਤਰ ਦਿੱਤੇ ਗਏ ਹਨ, **ਇਹ ਠੀਕ ਨਹੀਂ**। ਪਹਿਲੀ ਗੱਲ ਇਹ ਹੈ ਕਿ ਚਾਰ ਸੌ ਚਾਰ ਕਹਾਣੀਆਂ ਨਹੀਂ, ਕਈ ਥਾਂ ਇਕੋ ਕਹਾਣੀ ਦੇ ਦੋ ਤਿੰਨ ਭਾਗ ਬਣਾ ਕੇ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਕਹਾਣੀ ਇਕੋ ਹੈ "।-- ਛੋਟੇ ਛੋਟੇ ਹਿੱਸਿਆਂ ਨੂੰ ਪੂਰੀ ਕਹਾਣੀ ਦਾ ਨੰਬਰ ਦੇ ਕੇ ਕਹਾਣੀਆਂ ਦੀ ਗਿਣਤੀ ਵਧਾਉਣ ਦਾ ਕੰਮ ਬੜੇ ਹੌਲੇ ਮੇਲ ਦੇ ਝੂਠੇ ਲਿਖਾਰੀ ਦਾ ਹਥਕੰਡਾ ਤਾਂ ਹੋ ਸਕਦਾ ਹੈ, ਪਰ ਅਜੇਹੀ ਕਮਜ਼ੋਰੀ ਮਹਾਂਬਲੀ ਦਸ਼ਮੇਸ਼ ਜੀ ਦੇ ਆਚਰਨ ਵਿਚ ਦਰਸਾ ਕੇ, ਤੁਸਾਂ ਗੁਰੂ ਨਾਨਕ ਜੀ ਦੀ ਗੁਰਿਆਈ ਨਾਲ ਗੰਬੀਰ ਟਿੱਚਰ ਕੀਤੀ ਅਨੁਭਵ ਹੋ ਰਹੀ ਹੈ ?

(੪) ਨਿਖਾਰ ਕੇ ਇਉਂ ਲਿਖਣਾ-- " ਵੈਸੇ ਗਿਣਤੀ ੪੦੫ ਲਿਖੀ ਹੈ ਪਰ ੩੨੫ਵਾਂ ਚਰਿਤਰ ਪਰਾਪਤ ਨਹੀਂ "। ਆਪ ਹੀ ਤੁਸੀ ਗ੍ਰੰਥ ਦੇ ਲਿਖਾਰੀ ਸ੍ਰੀ ਦਸ਼ਮੇਸ਼ ਜੀ ਨੂੰ ਬਣਾ ਰਹੇ ਹੋ, ਅਤੇ ਫਿਰ ਉਨ੍ਹਾਂ ਨੂੰ ਝੂਠੇ ਅਤੇ ਮਾਮੂਲੀ ਮਾਮੂਲੀ ਭੁੱਲਾਂ ਕਰੀ ਜਾਣ ਵਾਲਾ ਹੋਛੇ ਮੇਲ ਦਾ ਭੁੱਲੜ ਵੀ ਸਿੱਧ ਕਰੀ ਜਾ ਰਹੇ ਹੋ। ਇਸ ਵਿਚ ਕੀ ਭੇਤ ਹੈ ? **ਇਸ ਕਥਿਤ ਭੁੱਲ ਨੂੰ ਠੀਕ ਕਿਸ ਕਾਰਨ ਨਹੀਂ ਕਰ ਲਿਆ ਜਾਂਦਾ ?** ਗ਼ਲਤੀ ਨੂੰ ਜਿਉਂ ਦਾ ਤਿਉਂ ਰਖਣ ਵਿਚ, ਕੀ, ਇਸ ਦਲੀਲ ਨੂੰ ਪੱਕਾ ਕੀਤਾ ਜਾ ਰਿਹਾ ਹੈ--ਇਹ **ਭੁੱਲ ਕਿਉਂਕਿ** (ਅਭੁੱਲ ਦਸਮ ਸਤਿਗੁਰੂ ਨਾਨਕ) **ਸ੍ਰੀ ਦਸ਼ਮੇਸ਼ ਜੀ ਨੇ ਆਪ ਹੀ ਕੀਤੀ ਸੀ**, ਇਸ ਲਈ ਗੁਰੂ-ਪੰਥ ਉਸ ਨੂੰ ਠੀਕ ਨਹੀਂ ਕਰ ਸਕਦਾ ? ਭਾਵ, ਗੁਰੂ ਤਾਂ ਭਾਵੇਂ ਆਪਣੇ ਸਿੱਖ ਦੇ ਪਰਦੇ ਨਿੱਤ ਕੱਜਦਾ ਹੋਵੇ ਪਰ ਗੁਰ-ਪੰਥ ਆਪਣੇ ਗੁਰੂ ਦੀ ਇਹ ਮਾਮੂਲੀ ਜਿਹੀ ਭੁੱਲ, (੩੦੫ ਦੇ ਥਾਂ ੩੦੪ ਲਿਖ ਕੇ) ਠੀਕ ਕਉਂਣ ਕਰੇ? ਕੀ ਦਸਮ ਗ੍ਰੰਥ ਜੀ ਨੂੰ ਵੀ ਗੁਰਿਆਈ ਮਿਲੀ ਹੋਈ ਹੈ ਜੋ ਉਸ ਵਿਚਲੀ ਕਿਸੇ ਵੀ ਲਗ-ਮਾਤ੍ਰ ਨੂੰ ਛੇੜਨਾ ਅਵੱਗਿਆ ਮੰਨੀ ਜਾਵੇ? ਕੀ ਇਹ ਸਾਰੀ ਕੁਟਲਤਾ, ਹੌਲੀ ਹੌਲੀ ਸਿੱਖੀ ਦਾ ਭੋਗ ਪਾਉਣ ਵਾਲੀ ਸਮੱਗਰੀ ਤਿਆਰ ਕਰੀ ਜਾਣ ਦੀ ਹੀ ਯੋਜਨਾਂ ਅਧੀਨ ਨਹੀਂ ਕੀਤੀ ਜਾ ਰਹੀ ਜੀ?

(੫) ਕੀ ਅਜੇਹੇ ਢੁੱਚਰ ਦੇ ਪਿੱਛੇ ਇਹ ਯੋਜਨਾ ਕੰਮ ਤਾਂ ਨਹੀਂ ਕਰ ਰਹੀ, ਕਿ, ਆਉਣ ਵਾਲੀਆਂ ਨਸਲਾਂ ਵੀ ਵੇਖ ਲੈਣ ਜੋ, ਦਸ਼ਮੇਸ਼ ਜੀ ਕਿਹੋ ਜਿਹੀਆਂ ਭੁੱਲਾਂ ਕਿਸ ਸ਼ੁਹਦੀ ਜਿਹੀ ਗੱਲ ਲਈ ਕਰ ਲਿਆ ਕਰਦੇ ਸਨ ? ਸਮੇ ਨਾਲ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਚਨ--" **ਅਭੁਲੁ ਗੁਰੂ ਕਰਤਾਰ "** ਨੂੰ ਝੂਠ ਮੰਨ ਕੇ ਆਪੇ ਦਸਮ ਗ੍ਰੰਥ ਨਾਲ ਹੀ ਸਿੱਧੇ ਜੁੜ ਕੇ ਗੁਰੂ ਨਾਨਕ ਜੀ ਦੇ ਸਿਧਾਂਤ ਨੂੰ ਮੁਢੋਂ ਹੀ ਭੁਲ ਭੁਲਾ ਜਾਣਗੇ। ਸ਼ਾਇਦ ਏਸੇ ਨੀਯਤ ਨਾਲ ਤੁਸੀ " ਗੁਰ ਨਾਨਕ-ਗੱਦੀ " ਦੇ ਅੰਤਮ ਵਾਰਸ ਦਸ਼ਮੇਸ਼ ਜੀ ਲਿਖ ਰਹੇ ਹੋ ? ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਦੇ ਥਾਂ " ਆਦਿ ਗ੍ਰੰਥ " ਵੀ ਨਾਲ ਹੀ ਲਿਖੀ ਜਾ ਰਹੇ ਹੋ?

੭– **ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥
ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥
ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨●॥** {੧੨੪੫}

## ੬- ਉਚੇਚੇ ਜ਼ਿਕਰ ਵਾਲੀਆਂ ਕਹਾਣੀਆਂ ਦਾ ਸੰਖੇਪ

### (੨) ਚਰਿੱਤ੍ਰ ੧੧੫ ਕਥਾ ਰਿਖੀ ਗੌਤਮ ਅਤੇ ਅਹੱਲਿਆ:--

**(ੳ)** ਦੂਜਾ ਤੁਸਾਂ ਇਸ ਚਰਿਤਰ ਦੇ ੧੧੫, ੧੧੬ ਤੇ ੧੧੭ ਤਿੰਨ ਭਾਗਾਂ ਦਾ ਜ਼ਿਕਰ ਕੀਤਾ ਹੈ--ਪੰਡਿਤ ਨਰੈਣ ਸਿੰਘ ਗਿਆਨੀ, ਟੀਕਾਕਾਰ ਅਤੇ ਸੋਧਕ ਡਾ: ਅਜੀਤ ਸਿੰਘ ਔਲਖ ਦੇ ਲਿਖੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਦੀ ਜਿਲਦ ਸਤਵੀਂ ਦੇ ੮੨ ਸਫ਼ੇ ਤੇ ਉਪ੍ਰੋਕਤ ਇਕ ਸੌ ਪੰਦਰਵੇਂ ਚਲਿਤਰ ਦੀ ਕਹਾਣੀ ਦਾ ਸੰਖੇਪ ਇਸ ਪ੍ਰਕਾਰ ਹੈ:--

" ਗੌਤਮ ਰਿਖੀ ਕਿਸੇ ਜੰਗਲ ਵਿਚ ਰਹਿੰਦਾ ਸੀ। ਉਸ ਦੀ ਇਸਤ੍ਰੀ ਅਹੱਲਿਆ ਨੇ ਉਸ ਰਿਖੀ ਨੂੰ ਮਨ ਬਚਨ ਅਤੇ ਕਰਮ ਕਰਕੇ ਆਪਣੇ ਵੱਸ ਵਿਚ ਕਤਿਾ ਹੋਇਆ ਸੀ। ਅਹੱਲਿਆ ਦੇ ਰੂਪ ਦੀ ਸੁੰਦਰਤਾ ਪਾਰਬਤੀ, **ਸ਼ਚੀ** ਅਤੇ **ਸੀਤਾ** ਜੀ ਨਾਲੋਂ ਵੱਧ ਸੀ। ਇੱਕ ਦਿਨ ਕੁਝ ਦੇਵਤੇ ਕਿਸੇ ਕੰਮ ਗੌਤਮ ਰਿਖੀ ਦੇ ਘਰ ਆਏ ਤਾਂ ਇੰਦਰ ਅਹੱਲਿਆ ਦਾ ਰੂਪ ਵੇਖ ਕੇ ਮੋਹਤ ਹੋ ਗਿਆ। ਇੰਦ੍ਰ ਨੂੰ ਵੇਖ ਕੇ ਅਹੱਲਿਆ ਵੀ ਉਸ ਤੇ ਮਰ ਮਿਟੀ। ਅਹੱਲਿਆ ਨੇ ਜੋਗਨੇਸ਼ਵਰ ਨਾਮੀ ਆਪਣੀ ਸਹੇਲੀ ਨੂੰ ਇੰਦ੍ਰ ਕੋਲ ਭੇਜਿਆ ਜਿਸ ਨੇ ਇੰਦ੍ਰ ਨੂੰ ਜਾ ਕੇ ਦੱਸਿਆ, ਕਿ, ' ਅਹੱਲਿਆ ਤੁਹਾਡੇ (ਇੰਦ੍ਰ ਦੇ) ਵਿਜੋਗ ਵਿਚ ਬੜੀ ਦੁਖੀ ਹੈ। ਨਾਂ ਹਾਰਸਿੰਗਾਰ ਕਰਦੀ ਹੈ ਅਤੇ ਨਾ **ਪਾਨ** ਹੀ ਖਾਂਦੀ ਹੈ। ਰਾਤ ਦਿਨ ਤੁਹਾਡਾ (ਇੰਦ੍ਰ) ਦਾ ਹੀ ਰਾਹ ਵੇਖਦੀ ਰਹਿੰਦੀ ਹੈ '। ਇਹ ਕੁਝ ਸੁਣਦੇ ਸਾਰ ਇੰਦ੍ਰ ਦੇਵ ਝੱਟ ਉਸ ਨੂੰ ਜਾ ਮਿਲਿਆ ਅਤੇ--

**ਮੀਤ ਅਲਿੰਗਨ ਚੁੰਬਨ ਆਸਨ ਭਾਂਤਿ ਅਨੇਕਨ ਆਨਿ ਲਏ ॥**
**ਮੋਦ ਬਢਯੋ ਮਨ ਭਾਮਨਿ ਕੇ ਮੁਨਿ ਜਾਚਿਤ ਤੇ ਬਿਸਰਾਏ ਦਏ ॥ ੧੩ ॥**

ਕਈਆਂ ਤਰ੍ਹਾਂ ਦੀਆਂ ਜਫੀਆਂ ਪਾਈਆਂ ਅਤੇ ਚੁਮਨ ਚੱਟਨ ਦੇ ਨਾਲ ਕਈ ਢੰਗਾਂ ਦੇ ਆਸਨਾਂ ਨਾਲ ਦੋਹਾਂ ਨੇ ਪਿਆਰ ਕੀਤਾ। ਅਹੱਲਿਆ ਦੀ ਖੁਸ਼ੀ ਦੀ ਹੱਦ ਨਾ ਰਹੀ। (ਪਦਮ ਜੀਓ ! ਜੱਫੀਆਂ, ਚੁੰਮਨ ਚੱਟਨ ਅਤੇ ਆਸਨ ਆਦਿ ਦੇ Scene ਚਿਤਰਨੇ ਵੀ ਕੀ, ਕਿਸੇ ਸਿਖਿਆ ਦਾ ਹੀ ਅੰਗ ਸਨ ? ਕੀ ਕੇਵਲ, ਕਾਮ ਕ੍ਰੀੜਾ ਕੀਤੀ, ਮੰਦ ਕਮਾਇਆ, ਬੁਰਾ-ਭਲਾ ਕੀਤਾ, ਭੋਗ ਕੀਤਾ ਆਦਿ ਸ਼ਬਦ ਕਾਫ਼ੀ ਨਹੀਂ ਸਨ ?। ਚੁੰਮਨ, ਜੱਫੀਆਂ, ਆਸਨ ਆਦਿ ਲਿਖਣੇ ਕੀ ਦਸਮ ਗੁਰ ਨਾਨਕ ਜੀ ਦੀ ਪਾਵਨ ਹਸਤੀ ਦੇ ਅਨਕੂਲ ਹੀ ਹਨ ਜੀ? ਕੀ ਅਜੇਹੇ ਹੋਲੇ ਮੇਲ ਦੇ ਸ਼ਬਦ ਦਸ਼ਮੇਸ਼ ਜੀ ਦੀ ਕਲਮ ਨਾਲ ਜੋੜਨ ਦਾ ਯਤਨ ਕਰ ਰਿਹਾ ਦਸ਼ਮੇਸ਼ ਜੀ ਦਾ ਹੀ ਸਿੱਖ ਹੈ?)

ਬੜੀ ਸੱਜ ਧੱਜ ਵਾਲੇ ਦੇਵ-ਰਾਜ ਇੰਦ੍ਰ ਨੂੰ ਪਤੀ ਦੇ ਰੂਪ ਵਿਚ ਪਾਕੇ ਅਹੱਲਿਆ ਆਪਣੇ ਪਤੀ, ਮੁਨੀ ਜੀ ਨੂੰ ਭੁਲਾ ਬੈਠੀ। (=੧੪)
ਦੂਰ ਦਰਿਆ ਦੇ ਕੰਢੇ ਸਮਾਧੀ ਵਿਚ ਬੈਠੇ ਮੁਨੀ ਨੂੰ ਉਥੇ ਹੀ ਖੜਕਾ ਸੁਣ ਲਿਆ ਤੇ ਭਗਤੀ ਭੁੱਲ-ਭੁਲਾ ਕੇ ਕਰੋਧ ਨਾਲ ਭਰਿਆ ਘਰ ਵੱਲ ਚਲ ਪਿਆ। ਇੰਦਰ ਮੰਜੀ ਥਲੇ ਲੁਕ ਗਿਆ। ਰਿਸ਼ੀ ਗੌਤਮ ਨੇ ਚੌਂਕ ਕੇ ਆਖਿਆ-" ਕਿਸ ਨਿਰਲੱਜ ਨੇ ਇਹ ਕੁਕਰਮ ਕੀਤਾ ਹੈ "(੧੫)

ਅਗੋਂ ਮੁਨੀ ਦੀ ਪਤਨੀ ਨੇ ਹੱਸ ਕੇ ਕਿਹਾ ਕਿ, ' ਬਿੱਲਾ ਆਇਆ ਸੀ ਤੁਹਾਨੂੰ ਵੇਖਿਆ ਤਾਂ ਡਰ ਸਹਿਮ ਕੇ ਮੰਜੇ ਹੈਠਾਂ ਵੜ ਗਿਆ ਹੈ '। ਮੁਨੀ ਨੂੰ ਅਸਲ ਭੇਤ ਦਾ ਪਤਾ ਨਾ ਲੱਗਾ। ਅਤੇ ਪਤਨੀ ਦੇ ਕਹੇ ਫਿਰ ਤਪ ਕਰਨ ਚਲਿਆ ਜਾਂਦਾ ਹੈ। ਅਹੱਲਿਆ ਨੇ ਇੰਦਰ ਨੂੰ ਖਿਸਕਾ ਦਿੱਤਾ। ਕਈ ਦਿਨਾਂ ਮਗਰੋਂ ਰਿਸ਼ੀ ਨੂੰ ਅਸਲੀਯਤ ਦਾ ਪਤਾ ਲੱਗਾ ਤਾਂ ਸਿਰ ਪਿੱਟ ਕੇ ਰਹਿ ਗਿਆ ਅਤੇ ਗ਼ੁਸੇ ਨਾਲ ਸਰਾਪ ਦੇ ਕੇ ਇੰਦ੍ਰ ਦੇ ਸਰੀਰ ਤੇ ਹਜ਼ਾਰ ਭਗਾਂ ਦੇ ਨਿਸ਼ਾਨ ਬਣਾ ਦਿੱਤੇ। (੧੬ ਤੋਂ ੨੧)

[ਬਾਹਰ ਦਰਿਆ ਦੇ ਕੰਢੇ ਤੇ ਤਪ ਕਰਦੇ ਨੂੰ ਤਾਂ ਘਰ ਵਿਚ ਹੋਏ ਖੜਕੇ ਦਾ ਵੀ ਗਿਆਨ ਹੋ ਜਾਂਦਾ ਹੈ ਪਰ ਘਰ ਆ ਕੇ ਪਤਨੀ ਦੇ ਦੱਸਣ ਤੇ ਵੀ ਮੰਜੇ ਹੇਠ ਵੜੇ ਬਿੱਲੇ ਅਤੇ ਇੰਦ੍ਰ ਦੇ ਫ਼ਰਕ ਦੀ ਸਮਝ ਨਹੀਂ ਆਉਂਦੀ ? ਕਿਆ, ਹਾਸੋ-ਹੀਣੀਆਂ ਅਤੇ ਬੇਦਲੀਲ ਅਣਹੋਣੀਆਂ ਗੱਲਾਂ ਦਾ ਮਿਲਗੋਭਾ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹਿਆ ਜਾ ਰਿਹਾ ਹੈ?]

**ਦੋਹਰਾ।। ਸ੍ਰਾਪ ਦਿਯੈ ਤ੍ਰਿਯ ਕੌ ਬਹੁਰਿ ਜੋ ਤੈਂ ਕਿਯੋ ਚਰਿਤ੍ਰ।। ਤੈ ਪਾਹਨ ਕੀ ਚਾਰਿ ਜੁਗ ਹੋਹਿ ਸਿਲਾ ਅਪਵਿੱਤ੍ਰ ।।੨੨।।**

ਇਸ ਦੁਰਾਚਾਰ ਦੇ ਕਾਰਨ ਆਪਣੀ ਇਸਤ੍ਰੀ ਨੂੰ ਸਰਾਪ ਦੇ ਦਿੱਤਾ ਅਤੇ ਉਹ **ਚਾਰ ਜੁਗਾਂ** ਤਕ, ਪੱਥਰ ਦੀ ਸਿਲ ਬਣ ਕੇ ਰਹਿ ਗਈ। ਚਾਰ ਜੁਗਾਂ ਵਾਲੀ ਇਹ ਗੱਲ ਵੀ ਕੋਰਾ ਝੂਠ ਹੈ। ਰਾਮਾਇਣ ਕਥਾ ਅਨੁਸਾਰ ਅਹੱਲਿਆ ਨੂੰ ਤ੍ਰੇਤੇ ਵਿਚ ਹੀ ਸ੍ਰੀ ਰਾਮ ਜੀ ਨੇ ਮੁੜ ਸੁੰਦਰ ਰੂਪ ਅਹੱਲਿਆ ਬਣਾ ਕੇ ਸੁਰਗਾਂ ਵੱਲ ਨੂੰ ਭੇਜ ਦਿੱਤਾ ਸੀ। ਭਾਵ ਉਹ ਤਾਂ ਦੋ ਜੁਗ ਵੀ ਸਿਲਾ ਨਹੀਂ ਸੀ ਰਹੀ। ਸੋ ਇਹ ਧੰਙਾਣੇ ਦਾ **Deliberate** ਝੂਠ ਵੀ ਤੁਸੀਂ ਦਸ਼ਮੇਸ਼ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਮੜ੍ਹ ਰਹੇ ਹੋ ?

੧੧੫ ਨੰਬਰ ਇਸ ਚਰਿਤ੍ਰ ਦੇ ਤੁਸਾਂ ਦੋ ਭਾਗ ੧੧੬ ਅਤੇ ੧੧੭ ਹੋਰ ਲਿਖੇ ਹਨ। ਪਰ ਪੜ੍ਹਿਆਂ ਪਤਾ ਲੱਗਦਾ ਹੈ ਕਿ ਆਪ ਜੀ ਦੇ ਇਸ ਕਥਨ ਵਿਚ ਜ਼ਰਾ ਵੀ ਸਚਾਈ ਨਹੀਂ ਹੈ। ਭਾਵ, ਉਸ ਕਹਾਣੀ ਨੂੰ ਤਿੰਨ ਭਾਗਾਂ ਵਿਚ ਵੰਡੀ ਹੋਈ ਲਿਖਣਾ ਵੀ (ਤੁਹਾਡਾ ਆਪਣਾ ਲਿਖਿਆ) ਕੋਰਾ **ਝੂਠ** ਹੈ। ਚਮਤਕਾਰੀ ਬੁੱਧੀ ਦੇ ਮਾਲਕ, ਹੇ ਪਦਮ ਸਾਹਿਬ ਜੀਓ! ਅਜੇਹੀਆਂ ਕੱਚੀਆਂ ਅਤੇ ਗੁਰਮਤਿ ਵਿਰੋਧੀ ਗੱਲਾਂ ਤੁਸੀ ਦਸ਼ਮੇਸ਼ ਜੀ ਦੇ ਨਾਮਣੇ ਨਾਲ ਕਿਸ ਯੋਜਨਾ ਅਧੀਨ ਜੋੜ ਰਹੇ ਹੋ ਜੀ? ਆਉ ਆਪਣੇ ਉਸ ਝੂਠ ਦੇ ਚੰਗੀ ਤਰ੍ਹਾਂ ਦਰਸ਼ਨ ਕਰ ਲਉ:--

### ੭- ਚਰਿਤ੍ਰ ੧੧੬ ਕਥਾ ਦੈਂਤ ਸੁੰਦ ਅਪਸੁੰਦ (Deliberate ਝੂਠ ਦਾ ਇੱਕ ਇਹ ਰੂਪ ?)

**ਸੁੰਦ** ਅਤੇ **ਅਪਸੁੰਦ** ਦੋ ਭਾਈ, ਵਡੇ ਮਹਾਂਬਲੀ ਦੈਂਤ ਸਨ ਉਨ੍ਹਾਂ ਤਪ ਕਰਕੇ ਸ਼ਿਵ ਜੀ ਕੋਲੋਂ ਇਹ ਵਰ ਮੰਗ ਲਿਆ ਕਿ ਉਹ ਕਿਸੇ ਦੇ ਮਾਰਨ ਤੇ ਕਦੇ ਵੀ ਨਾ ਮਾਰੇ ਜਾਣ। ਸ਼ਿਵ ਜੀ ਨੇ ਨਾਲ ਇਹ ਕਹਿ ਦਿੱਤਾ ਕਿ ਜੇ ਤੁਸੀ ਆਪਸ ਵਿਚ ਲੜ ਪਏ ਤਾਂ ਦੋਵੇਂ ਮਾਰੇ ਜਾਉਗੇ।

**ਮਹਾਂ ਰੁਦ੍ਰ ਤੇ ਜਬ ਬਰੁ ਪਾਯੋ ॥ ਸਭ ਲੋਕਨ ਚਿਤ ਤੇ ਬਿਸਰਾਯੋ ॥**
**ਜੋ ਕੋਊ ਦੈਂਤ ਦ੍ਰਿਸ਼ਟਿ ਮੈ ਆਵੈ ॥ ਜਿਯ ਲੈ ਕੇ ਫਿਰ ਜਾਨ ਨ ਪਾਵੈ ॥ ੩ ॥**

ਪੰਡਿਤ ਨਰੈਣ ਸਿੰਘ ਜੀ ਦੇ ਲਿਖੇ ਅਰਥ:--ਜਦੋਂ ਸ਼ਿਵਜੀ ਪਾਸੋਂ ਇਹ ਵਰ ਪਾ ਲਿਆ ਤਾਂ ਉਨ੍ਹਾਂ ਨੇ ਮਨ ਵਿਚੋਂ ਸਭ ਲੋਕਾਂ ਨੂੰ ਭੁਲਾ ਦਿੱਤਾ। ਹੁਣ ਉਨ੍ਹਾਂ ਨੂੰ ਜਿਹੜਾ **ਦੈਂਤ** ਮਿਲ ਜਾਂਦਾ, ਉਹ ਜਾਨ ਬਚਾ ਕੇ ਨਾ ਜਾ ਸਕਦਾ (ਪਾਠ ਅਤੇ ਅਰਥ--ਦਹੀ ਥਾਈ **ਦੈਂਤ** ?) । ੩।

**ਐਸੀ ਭਾਂਤਿ ਬਹੁਤ ਦੁਖ ਦਏ ॥ ਦੇਵ ਸਭੈ ਬ੍ਰਹਮਾ ਪੈ ਗਏ ॥...**॥ ੪ ॥

**ਇੱਕ ਭੁੱਲ ਇਹ ਵੀ?** ਕਿਡੀ ਨਵੇਂ ਕਿਸਮ ਦੀ ਉਕਤੀ ਹੈ? ਉਨ੍ਹਾਂ ਦੈਂਤਾਂ ਨੇ ਨਾ ਇੰਦ੍ਰ ਦਾ ਰਾਜ ਖੋਹਿਆ ਅਤੇ ਨਾ ਹੀ ਕਿਸੇ ਦੇਵਤੇ ਦਾ ਸਿਰ ਲਾਹਿਆ। ਲਿਖਤ ਅਨੁਸਾਰ ਇਹ ਦੋਵੇਂ ਦੈਂਤ ਮਾਰਦੇ ਤਾਂ ਦੈਂਤਾਂ ਨੂੰ ਹੀ ਹਨ, ਪਰ ਬ੍ਰਹਮਾਂ ਕੋਲ ਰੋਣਾ ਰੋਣ ਦੇਵਤੇ ਚਲੇ ਗਏ? ਦੈਂਤਾਂ ਦੇ ਮਾਰਨ ਲਈ ਅਵਤਾਰੀ ਹੋਣ ਲਈ ਸਦਾ ਭਗਵਾਨ ਦੇ ਅੱਗੇ ਗਿੜਗੜਾਉਂਣ ਵਾਲੇ ਇਹ **ਦੇਵਤੇ,** ਹੁਣ **ਦੈਂਤਾਂ** ਦੇ ਮਾਰੇ ਜਾਣ ਤੇ ਵੀ ਫ਼ਰਿਆਦੀ ਬਣ ਖਲੋਤੇ ? ਇਹ ਉਲਟੀ ਗੰਗਾ ਕੇਵਲ ਏਸੇ ਗ੍ਰੰਥ ਦੇ ਹਿੱਸੇ ਦੀ ਗੱਲ ਹੈ। **ਪਦਮ ਸਾਹਿਬ ਜੀਓ** ! ਕੀ, ਏਥੇ ਵੀ ਦਸ਼ਮੇਸ਼ ਜੀ ਨੇ ਭੁੱਲ ਤਾਂ ਨਹੀਂ ਕਰ ਦਿੱਤੀ ਜੀ ?

ਫਿਰ ਕਥਿਤ ਪਰਮ ਪਿਤਾ ਬ੍ਰਹਮਾ ਨੇ, ਕਥਿਤ ਪਰਮ ਮਿਸਤ੍ਰੀ ਵਿਸ਼ਕਰਮਾ ਨੂੰ ਬੁਲਾ ਕੇ, **ਤਿਲੋਤਮਾ** ਨਾਮੀ ਇੱਕ ਬੜੀ ਸੁੰਦਰ ਇਸਤ੍ਰੀ ਤਿਆਰ ਕਰਵਾਈ। ਉਹ ਇਸਤ੍ਰੀ ਸੱਜ ਧੱਜ ਕੇ ਉਨ੍ਹਾਂ ਦੈਂਤਾਂ ਦੇ ਡੇਰੇ ਜਾ ਵੜੀ। ਦੋਵੇਂ ਦੈਂਤ ਉਸ ਨੂੰ ਵੇਖ ਕੇ ਮੋਹਤ ਹੋ ਗਏ ਅਤੇ ਉਸ ਤੋਂ ਦੋਹਾਂ ਵਿਚ ਲੜਾਈ ਛਿੜ ਪਈ ਤਾਂ ਰੁਦ੍ਰ ਜੀ ਦੇ ਸਰਾਪ ਅਨੁਸਾਰ, ਉਹ ਦੋਵੇਂ ਦੈਂਤ ਆਪਸ ਵਿਚ ਲੜ ਮਰੇ।

ਇਸ ਚਰਿਤਰ ਨੂੰ ਅਹੱਲਿਆ ਵਾਲੀ ਕਹਾਣੀ ਦਾ ਦੂਜਾ ਭਾਗ ਪਤਾ ਨਹੀਂ ਕਿਸ ਵਿਧੀ ਨਾਲ ਬਣਾਇਆ? ਆਉ ਹੁਣ ਲਗਦੇ ਹਥ ਇਸ ਤੋਂ ਅਗਲੇ ੧੧੭ ਨੰਬਰ ਕਥਿਤ ਤੀਜੇ ਭਾਗ ਦੇ ਵੀ ਦਰਸ਼ਨ ਕਰ ਲਈਏ:--

## ੮- ਚਰਿੱਤ੍ਰ ੧੧੭ ਕਥਾ ਸ਼ੱਚੀ--

**ਅਖੇ,** ਜਦੋ ਦੈਂਤਾਂ ਨੇ ਵਿਰਾਟ ਯੁੱਧ ਕੀਤਾ ਤਾਂ ਦੇਵ-ਰਾਜ ਇੰਦਰ ਕਮਲ-(ਫੁੱਲ ?) ਵਿਚ ਜਾ ਲੁਕਿਆ। ਉਸ ਦੀ ਘਰਦੀ ਸ਼ੱਚੀ ਸਮੇਤ ਸਾਰੇ ਦੇਵਤੇ ਵਿਆਕੁਲ ਹੋਏ ਲਭਦੇ ਰਹੇ ਪਰ ਇੰਦਰ ਨੂੰ ਕੋਈ ਨਾ ਲੱਭ ਸਕਿਆ। ਆਖ਼ਰ ਸ਼ੁਕਰਾਚਾਰੀਆ ਦੇ ਸੁਝਾ ਅਨੁਸਾਰ ਰਾਜ ਭਾਗ **ਜ਼ਜਾਤ** (ਪਦਮ ਸਾਹਿਬ ਤੁਸੀਂ ਤਾਂ ਸਰਬਘਟਾਂ ਦੇ ਗਿਆਤਾ ਹੋ। ਪਾਠਕਾਂ ਦੀ ਜਾਣਕਾਰੀ ਲਈ ਲਿਖ ਭੇਜਣਾ ਕਿ ਇਹ **ਜਜ਼ਾਤ** ਕੌਣ ਸੀ ?) ਨੂੰ ਦੇ ਦਿੱਤਾ ਗਿਆ। **ਜ਼ਜਾਤ** ਨੇ ਸਚੀ ਨੂੰ ਵੀ ਆਪਣੀ ਰਾਣੀ ਬਨਾਉਣ ਦੀ ਜ਼ਿੱਦ ਕੀਤੀ। ਸ਼ਚੀ ਨੇ ਇਹ ਸ਼ਰਤ ਲਾਈ ਕਿ ਜੇ **ਜਜ਼ਾਤ** ਆਪਣੀ ਪਾਲਕੀ ਮੁਨੀਆਂ ਦੇ ਮੋਢਿਆਂ ਤੇ ਚੁਕਵਾ ਕੇ ਉਨ੍ਹਾਂ ਨੂੰ ਦੌੜਾਉਂਦਾ ਹੋਇਆ ਉਸ ਤੱਕ ਪੁੱਜੇ ਤਾਂ ਉਹ ਉਸ ਨਾਲ ਸ਼ਾਦੀ ਕਰ ਲਵੇਗੀ। ਉਸ ਨੇ ਉਸੇ ਵੇਲੇ ਪਾਲਕੀ ਮੰਗਵਾ ਲਈ ਅਤੇ ਵਿਚ ਬੈਠ ਕੇ ਓਵੇਂ ਹੀ ਰਿਖੀਆਂ ਦੇ ਮੋਢਿਆਂ ਤੇ ਚੁਕਵਾ ਕੇ ਤੁਰ ਪਿਆ। ਜਿਉਂ ਜਿਉਂ ਰਿਖੀ ਥੱਕਦੇ ਸਨ ਉਹ ਤੇਜ਼ ਤੁਰਨ ਲਈ ਕੋਰੜੇ ਮਾਰਨ ਲੱਗ ਪਿਆ। **ਉਦਾਲਕ** ਨਾਮੀ ਰਿਖੀ ਨੇ ਗੁੱਸੇ ਵਿਚ ਆ ਕੇ ਸਰਾਪ ਦੇ ਦਿੱਤਾ ਤਾਂ **ਜ਼ਿਜਾਤ** ਇੰਦਰ ਲੋਕ ਵਿਚੋਂ ਧਰਤੀ ਤੇ ਡਿੱਗ ਪਿਆ।

ਚੌਪਈ॥ **ਇਸੀ ਚਰਿੱਤ੍ਰ ਤੌਨ ਕੋ ਟਾਰਯੋ ॥ ਬਹੁਰਿ ਇੰਦ੍ਰ ਕੋ ਜਾਇ ਨਿਹਾਰਿਯੋ ॥**
**ਤਹ ਤੇ ਆਨਿ ਰਾਜੁ ਤਿਹ ਦਯੋ ॥ ਸੁਰਪੁਰ ਬਹੁਰ ਬਧਾਵੋ ਭਯੋ ॥ ੧੮ ॥**

ਇਸ ਤਰ੍ਹਾਂ ਉਸ ਇਸਤ੍ਰੀ ਨੇ ਚਲਿੱਤਰ ਖੇਡ ਕੇ ਉਸਨੂੰ ਟਾਲ ਦਿੱਤਾ ਅਤੇ ਇੰਦਰ ਨੂੰ ਲੱਭ ਲਿਆ। ਰਿਖੀਆਂ ਨੇ ਉਸ ਨੂੰ ਫਿਰ ਰਾਜ ਦੇ ਦਿੱਤਾ ਅਤੇ ਇਸ ਤਰ੍ਹਾਂ ਦੇਵਲੋਕ ਵਿਚ ਫਿਰ ਵਧਾਈ ਦੇ ਗੀਤ ਗਾਏ ਜਾਣ ਲੱਗੇ।

**ਪਦਮ ਜੀਓ ! ਅਜੇਹਾ ਝੂਠ ਕਿਸ ਯੋਜਨਾ ਅਧੀਨ ?** :---

ਗੁਰਮਤਿ ਵਿਰੋਧੀ ਅਤੇ ਕਿਸੇ ਸਿਖਿਆ ਤੋਂ ਖ਼ਾਲੀ, ਇਸ ਤੀਜੀ ਗੱਪ ਦਾ ਵੀ ਅਹੱਲਿਆ ਵਾਲੀ ਝੂਠ-ਕਹਾਣੀ ਨਾਲ ਕੋਈ ਸੰਬਧ ਕਿਸੇ ਤਰ੍ਹਾਂ ਵੀ ਸਿੱਧ ਨਹੀਂ ਹੁੰਦਾ। **ਜਿਸੁ ਸਿਉ ਰਾਤਾ ਤੈਸੋ ਹੋਵੈ**--ਝੂਠ-ਕਹਾਣੀਆਂ ਨੂੰ ਅਨੂਪਮ ਕਹਿਣ ਵਾਲਾ, ਝੂਠ ਦਾ ਪ੍ਰੇਮੀ, ਆਪ ਸੱਚਾ ਕਿਵੇਂ ਰਹਿ ਸਕਦਾ ਹੈ?

## ੯- ਚਰਿੱਤ੍ਰ ੧੦੮ ਕਥਾ ਸੱਸੀ ਪੁੰਨੂ --

**(ੳ)** ਗ੍ਰੰਥ ਵਿਚਲੇ ਸਿਰਲੇਖ ਅਨੁਸਾਰ ਤਾਂ ਇਹ ਕਥਾ **ਸੱਸੀ ਪੁੰਨੂ** ਦੀ ਹੈ, ਪਰ ਤੁਸਾਂ (ਪਦਮ ਜੀ) ਪਤਾ ਨਹੀਂ ਕਿਸ ਦਲੀਲ ਨਾਲ ਇਸ ਨੂੰ ' ਕਪਲ ਮੁਨੀ ' ਸਿਰਲੇਖ ਬਖ਼ਸ਼ਸ਼ ਕੀਤਾ ਹੈ। ਸੰਖੇਪ ਵਿਚ ਇਹ ਕਹਾਣੀ ਇਸ ਪ੍ਰਕਾਰ ਹੈ:--

" ਰੰਭਾ ਨਾਮੀ ਅਪੱਸਰਾਂ ਨੂੰ ਵੇਖਦਿਆਂ ਸਾਰ ਕਪਿਲ ਮੁਨੀ ਦਾ ਵੀਰਜ ਧਰਤੀ ਤੇ ਡਿੱਗ ਪਿਆ। ਰੰਭਾ ਨੇ ਵੇਖ ਲਿਆ ਅਤੇ ਕਿਸੇ ਯੁਕਤੀ ਨਾਲ [ਉਸ ਯੁਕਤੀ ਦਾ ਸ਼ਾਇਦ ਤੁਹਾਨੂੰ (ਪਦਮ ਜੀ) ਪਤਾ ਜ਼ਰੂਰ ਹੋਣਾ ਹੈ ?] ਉਸ ਪਰੀ ਨੇ ਵੀਰਜ ਨੂੰ ਸੰਭਾਲ ਲਿਆ ਅਤੇ ਇਕ ਕੁੜੀ ਨੂੰ ਜਨਮ ਦੇ ਕੇ, ਉਸ ਨੂੰ ਦਰਿਆ ਵਿਚ ਬਹਾ ਦਿੱਤਾ ਅਤੇ ਆਪ ਸੁਰਗਾਂ ਵਿਚ ਜਾ ਵੜੀ:--

**ਗਿਰਯੋ ਰੇਤਿ ਮੁਨਿ ਕੇ ਜਬੈ ਰੰਭਾ ਰਹਯੋ ਅਧਾਨ ॥**
**ਡਾਰਿ ਸਿੰਧੁ ਸਰਿਤਾ ਤਿਸੈ ਸੁਰ ਪੁਰ ਕਿਰਯੋ ਪਯਾਨ ॥ ੩ ॥**

ਦਰਿਆ ਵਿਚ ਰੁੜ੍ਹਦੀ ਕੰਨਿਆਂ ਨੂੰ ਸਿੰਧ ਦੇ ਰਾਜੇ ਬ੍ਰਹਮਦੱਤ ਨੇ ਕੱਢ ਕੇ ਆਪਣੀ ਧੀ ਬਣਾ ਲਿਆ। ਅਤੇ ਉਸ ਦਾ ਨਾਮ ਸੱਸੀ ਰੱਖ ਕੇ ਉਸ ਨੂੰ ਪਾਲ ਕੇ ਜਵਾਨ ਕੀਤਾ।

**ਸ਼ੰਕੇ:-**

(੧) ਪਹਿਲੀ ਗੱਲ ਇਹ ਹੈ ਕਿ ਇਸਤ੍ਰੀ ਨੂੰ ਵੇਖਣ ਨਾਲ ਹੀ ਵੀਰਜ ਪਾਤ ਹੋ ਜਾਣਾ, ਵੈਦਕ ਹਿਕਮਤ ਅਨੁਸਾਰ ਬੜਾ ਕੋਝਾ **ਨਾਮਰਦੀ- ਰੋਗ** ਹੈ। ਅਜੇਹੀ ਸ਼ਰਮਨਾਕ ਕਮਜ਼ੋਰੀ ਬਚਪਨ ਵਿਚ ਪਈਆਂ ਮਾੜੀਆਂ ਆਦਤਾਂ ਤੋਂ ਉਪਜਦੀ ਹੈ। ਰਿਸ਼ੀਆਂ ਵਿਚ ਅਜੇਹੀ ਕਮਜ਼ੋਰੀ, ਸਿੱਧ ਕਰਦੀ ਹੈ ਕਿ ਉਹ ਕੇਵਲ ਅਜੇਹੀ ਭੈੜੀ ਕਮਜ਼ੋਰੀ ਦੇ ਕਾਰਨ ਹੀ ਤਿਆਗੀ ਬਣਦੇ ਹਨ। ਅਤੇ ਫਿਰ ਕੀ, ਕਪਲ ਮੁਨੀ ਜੀ ਨਗਨ ਹੀ ਤੁਰਿਆ ਆਉਂਦਾ ਸੀ ਜੋ ਉਸ ਦਾ ਵੀਰਜ ਗਿਰਦਾ, ਰੰਭਾ ਪਰੀ ਨੇ ਵੇਖ ਲਿਆ ?

(੨) ਪਰੀ ਨੇ ਵੀਰਜ ਚੁਕਿਆ ਤੇ ਉਸੇ ਵੇਲੇ ਉਸ ਤੋਂ ਕੁੜੀ ਕਿਵੇ ਬਣਾ ਲਈ ? ਪ੍ਰਾਕਿਰਤਕ ਨੇਮਾ ਦੇ ਪ੍ਰਤਿਕੂਲ ਝੂਠੀ ਅਤੇ ਅਜੇਹੀ ਅਣਹੋਣੀ ਗੱਲ, ਕੀ ਉਸੇ ਦਸਮਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਨੇ ਹੀ ਲਿਖੀ ਹੋਵੇਗੀ ਜਿਹੜੇ ਸਾਰੇ ਜਗਤ ਨੂੰ ਅਕਾਲਪੁਰਖ ਦੇ ਹੁਕਮ ਵਿਚ ਅਥਵਾ ਉਸ ਦੇ ਭਾਣੇ ਵਿਚ ਸਦਾ ਸ਼ੁਕਰ-ਗੁਜ਼ਾਰ ਰਹਿਣ ਦੀ ਸਿਖਿਆ ਦੇਣ ਆਏ ਸਨ?

ਰਹਿੰਦੀ ਕਹਾਣੀ ਅਨੁਸਾਰ---ਸਿੰਧ ਦੇਸ਼ ਦੇ ਰਾਜੇ ਨੇ ਸੱਸੀ ਲਈ ਪੁੰਨੂੰ ਨੂੰ ਵਰ ਚੁਣਿਆਂ ਅਤੇ ਉਸ ਵਲ ਆਪਣਾ ਦੂਤ ਭੇਜ ਦਿੱਤਾ। ਸੁਣਦੇ ਸਾਰ ਪੁੰਨੂੰ ਜੋ ਵੀ ਇੱਕ ਰਾਜਾ ਹੀ ਸੀ, ਝੱਟ ਆ ਹਾਜ਼ਰ ਹੋਇਆ। ਪੁੰਨੂੰ ਦੀ ਆਉ-ਭਗਤ ਅਤੇ ਉਸ ਦੇ ਅਪਾਰ ਹੁਸਨ ਬਾਰੇ ਬੜੀ ਲੰਮੀ ਵਿਆਖਿਆ ਵਿਚੋਂ ਵਣਗੀ ਮਾਤ੍ਰ:--

**ਰੂਪ ਅਪਾਰ ਲਖੈਂ ਨ੍ਰਿਪ ਕੋ ਪੁਰਬਾਸਿਨ ਕੌ ਉਪਜਿਯੋ ਸੁਖ ਭਾਰੋ ॥**
**ਭੀਰ ਭਈ ਨਰ ਨਾਰਿ ਕੀ ਸਭਹੂੰ ਸਭ ਸ਼ੋਕ ਬਿਦਾ ਕਰਿ ਡਾਰੋ ॥**
**ਪੂਰਨ ਪੁੰਨਯ ਪ੍ਰਤਾਪ ਤੇ ਆਜੁ ਮਿਲਯੋ ਮਨ ਭਾਵਤ ਮੀਤ ਪਿਯਾਰੋ ॥**
**ਆਵਤ ਜਾਂਹਿ ਕਹੈ ਮਨ ਮਾਹਿ ਸੁ ਬਾਲ ਜੀਓ ਪਤ ਲਾਲ ਤਿਹਾਰੋ ॥ ੧੨ ॥**

ਬੜੀ ਧੂਮ ਧਾਮ ਨਾਲ ਸਸੀ ਅਤੇ ਪੁੰਨੂੰ ਦਾ ਵਿਆਹ ਹੋ ਗਿਆ। ਸੱਸੀ ਦਾ ਰੋਮ ਰੋਮ ਪੰਨੂੰ ਦੇ ਪਿਆਰ ਵਿਚ ਰੰਗਿਆ ਗਿਆ। ਰਾਜੇ ਪੁੰਨੂੰ ਦੀਆਂ ਪਹਿਲੀਆਂ ਰਾਣੀਆਂ ਸੱਸੀ ਨਾਲ ਈਰਖਾ ਕਰਨ ਲੱਗ ਪਈਆਂ। ਪਰ ਪੁੰਨੂੰ ਦਾ ਸਸੀ ਨਾਲ ਪਿਆਰ ਵਧਦਾ ਹੀ ਗਿਆ। ਅੰਤ ਵੱਡੀ ਰਾਣੀ ਨੇ ਸ਼ਿਕਾਰ ਤੇ ਗਏ ਰਾਜੇ ਨੂੰ ਮਰਵਾ ਦਿੱਤਾ। ਜਦ ਨੌਕਰ ਚਾਕਰ ਆਪਣੇ ਰਾਜੇ ਦੇ ਮਿਰਤਕ ਸਰੀਰ ਨੂੰ ਘਰ ਲਿਆਉਣ **ਲੱਗੇ ਤਾਂ ਆਕਾਸ਼ ਬਾਣੀ ਹੋਈ**:--

**ਨਭ ਬਾਨੀ ਤਿਨ ਕੋ ਤਬ ਭਈ ॥ ਭ੍ਰਿਤ ਸੁਧਿ ਕਹਾ ਤੁਮਰੀ ਗਈ ॥**
**ਜੋਧਾ ਬਡੋ ਜੁਝਿ ਜਹ ਜਾਵੈ ॥ ਰਨ ਛਿਤ ਤੇਂ ਤਿਨ ਕੌਨ ਉਚਾਵੈ ॥ ੩੮ ॥**

ਆਕਾਸ਼ ਬਾਣੀ ਹੋਣ ਦੀ ਗੱਲ ਬ੍ਰਾਹਮਣੀ ਗ੍ਰੰਥਾਂ ਦੀ ਦੇਣ ਹੈ। ਗੁਰਮਤਿ ਅਜੇਹੀ ਗੱਲ ਨੂੰ ਨਹੀਂ ਮੰਨਦੀ। ਆਕਾਸ਼ ਬਾਣੀ ਸੁਣ ਕੇ ਨੌਕਰਾਂ ਨੇ ਰਾਜੇ ਦੀ ਲਾਸ਼ ਨੂੰ ਉਥੇ ਹੀ ਦਬਾ ਦਿੱਤਾ। ਸੱਸੀ ਨੇ ਜਦ ਸੁਣਿਆਂ ਤਾਂ ਉਹ ਵੀ ਉਸੇ ਕਬਰ ਵਿਚ ਆ ਸਮਾਈ। ਦੇਵਤਿਆਂ ਅਤੇ ਅਪੱਸਰਾਂ ਨੇ ਉਸ ਨੂੰ ਬਿਮਾਨ ਤੇ ਚੜ੍ਹਾ ਲਿਆ ਅਤੇ ਉਨ੍ਹਾਂ ਦੋਹਾਂ (ਸੱਸੀ ਪੁੰਨੂੰ) ਦੀ ਜੈ-ਜੈਕਾਰ ਕੀਤੀ। ਕਿੱਡੀ ਸਸਤੀ ਜੈ ਦੇਵਤਿਆਂ ਕੋਲੋਂ ਜੈ ਜੈਕਾਰ ਕਰਵਾ ਲੈਣੀ।

ਸੱਸੀ ਪੁੰਨੂੰ ਦਾ ਪ੍ਰਚਲਤ ਕਿੱਸਾ ਜਿਸ ਦੇ ਅਧਾਰ ਤੇ ਪੰਜਾਬ ਵਿਚ ਫਿਲਮ ਵੀ ਵਿਖਾਈ ਜਾਂਦੀ ਰਹੀ ਸੀ, ਉਹ ਠੀਕ ਹੈ, ਕਿ ਜਾਂ ਇਹ ਚਰਿੱਤਰ ? ਇਹ ਤਾਂ ਪਦਮ ਜੀ ਤੁਸੀਂ ਹੀ ਜਾਣੋ।

ਏਸੇ ਕਹਾਣੀ ਦੇ ਦੂਜੇ ਭਾਗ ੧੦੯ ਨੰਬਰ ਦੇ ਦਰਸ਼ਨ:--

## ੧੦- ਚਰਿਤਰ ੧੦੯ ਕਥਾ ਉਰਵਸ਼ੀ-- (ਘਾਤਕ Device)

**ਉਪ੍ਰੋਕਤ ਕਹਾਣੀ ਵਿਚਲੇ ਪੁੰਨੂੰ ਨਾਮੀ ਪਤੀ** ਨੂੰ ਮਰਵਾ ਦੇਣ ਵਾਲੀ ਖ਼ਬਰ, ਓਥੇ ਜਾ ਪੁੱਜੀ ਜਿੱਥੇ ਧਰਮਰਾਜ ਕਚਿਹਰੀ ਲਾਈ ਬੈਠਾ ਸੀ। ਧਰਮ ਰਾਜ ਨੇ ਆਖਿਆ ਕਿ ਰਾਣੀ ਨੇ ਗੁੱਸੇ ਵਿਚ ਆਕੇ ਜਿਸ ਦੁੱਖ ਨਾਲ ਆਪਣੇ ਪਤੀ ਨੂੰ ਮਰਵਾਇਆ ਹੈ, ਉਸੇ ਤਰ੍ਹਾਂ ਇਸ ਨੂੰ ਵੀ ਮਾਰਿਆ ਜਾਏ। ਧਰਮਰਾਜ ਦੇ ਨੱਗਰ ਵਿਚ ਨਾਚ ਕਰਨ ਵਾਲੀ **ਉਰਵਸ਼ੀ** ਨਾਮੀ ਅਪੱਛਰਾ ਰਹਿੰਦੀ ਸੀ ਉਸ ਨੇ ਇਸ ਕੰਮ ਦਾ ਬੀੜਾ ਆਪਣੇ ਸਿਰ ਲੈ ਲਿਆ। ਉਸ ਨੇ ਬੜੇ ਛੈਲ ਛਬੀਲੇ ਮਰਦ ਦਾ ਰੂਪ ਧਾਰ ਕੇ ਆਪਣਾ ਨਾਮ **ਮੋਹਨ** ਰੱਖ ਲਿਆ ਅਤੇ ਉਸੇ ਕਾਤਲ ਰਾਣੀ ਦਾ ਦਿਲ ਜਾ ਮੋਹਿਆ। ਰਾਣੀ ਨੇ ਮੋਹਨ ਨੂੰ ਭੋਗ ਕਰਨ ਲਈ ਆਖਿਆ। ਮੋਹਨ-ਰੂਪ ਉਰਵਸ਼ੀ ਨੇ ਕਿਹਾ ਕਿ ਕੁਲ ਦੀ ਰੀਤ ਅਨੁਸਾਰ ਇਸ ਕੰਮ ਲਈ ਰਾਣੀ ਨੂੰ ਉਸ ਦੇ ਟਿਕਾਣੇ ਤੇ ਪੁੱਜਣਾ ਪੈਣਾ ਹੈ। ਰਾਣੀ ਨੇ ਉਸ ਥਾਂ ਪੁੱਜਣ ਦਾ ਸਮਾ ਟਿੱਕ ਲਿਆ ਜਿਥੇ ਉਰਵਸ਼ੀ ਠਹਿਰੀ ਹੋਈ ਸੀ। ਕਹਾਣੀ ਨੂੰ ਅੱਗੇ ਤੋਰਨ ਤੋਂ ਪਹਿਲਾਂ ਤੁਹਾਡਾ (ਪਦਮ ਜੀ) ਦਾ ਧਨਵਾਦ ਕਰ ਲਵਾਂ ਜੀ--

**ਪਦਮ ਸਾਹਿਬ ਜੀਓ !** ਆਪ ਦੀ ਕਿਰਪਾ ਨਾਲ ਇਸ ਕਹਾਣੀ ਵਿਚ ਜੋ ਅੱਗੇ ਪੜ੍ਹਨਾਂ ਨਸੀਬਾਂ ਵਿਚ ਹੋਇਆ ਹੈ, ਉਸ ਨੇ ਦਾਸ ਨੂੰ ਬੜੇ ਪੁਰਾਣੇ ਸ਼ੰਕੇ ਦੀ ਅਸਲੀਯਤ ਸਮਝਾ ਦਿੱਤੀ। ਇਹ ਦੁਖਦਾਈ ਸ਼ੰਕਾ ਸੰਨ ੧੯੪੯ ਤੋਂ ਦਾਸ ਲਈ ਭੇਤ ਬਣਿਆਂ ਹਿਰਦੇ ਵਿਚ ਕੰਡੇ ਵਾਂਗ ਰੜਕਦਾ ਆ ਰਿਹਾ ਸੀ। ਉਸ ਦਾ ਵਰਣਨ ਮੋਟੇ ਸਿਰਲੇਖ ਦੀ ਮੰਗ ਕਰਦਾ ਹੈ---

### ਜ਼ਾਲਮ ਵਿਕਾਰੀਆਂ ਲਈ ਸ਼ਰਮਨਾਕ ਅਤੇ ਘਾਤਕ ' ਯੰਤ੍ਰ 'Device ਬਨਾਉਣ ਦੀ ਸਿਖਿਆ?--

੧੯੪੯ ਦੇ ਅਪਰੈਲ ਦੇ ਮਹੀਨੇ, ਪੁਲੀਸ ਟ੍ਰੇਨਿੰਗ ਦੇ ਸਮੇ ਫਿਲੌਰ ਕਿਲ੍ਹੇ ਵਿਚ ਬਣੇ ਅਜਾਇਬ-ਘਰ ਵਿਚ ਪਏ ਮੰਦ ਕਰਮੀਆਂ ਵਲੋਂ ਵਰਤੇ ਗਏ ਅਤੇ ਵਰਤੇ ਜਾਂਦੇ **ਸੰਦਾਂ** (Devices) ਨੂੰ ਵੇਖਣ ਦਾ ਅਤੇ ਉਨ੍ਹਾਂ ਦੀ ਅਸਲੀਯਤ ਨੂੰ ਸਮਝਣ ਦਾ ਮੌਕਾ ਬਣਿਆਂ। ਸੰਨ੍ਹ ਲਾਉਣ ਵਾਲੇ ਜਾਅਲੀ ਰੁਪਯੇ ਅਤੇ ਨੋਟ ਬਨਾਉਣ ਵਾਲੇ, ਕਤਲ ਆਦਿ ਕਈ ਤਰ੍ਹਾਂ ਦੇ ਉਪੱਦਰ ਕਰਨ ਲਈ ਕਈ ਕਿਸਮਾਂ ਦੇ ਯੰਤ੍ਰਾਂ ਵਿਚ ੮/੯ ਇੰਚ ਲੰਮੀ ਮੋਟੀ ਗਾਜਰ ਵਰਗੀ, ਸਖ਼ਤ ਕੱਪੜੇ ਦੀ ਬੜੀ ਕਰੜੀ ਥੈਲੀ ਪਈ ਸੀ। ਉਸ ਵਿਚ ਪਹਿਲਾਂ ਵੱਡੇ ਟਕੇ-ਪੈਸੇ ਪਾਏ ਹੋਏ ਸਨ ਤੇ ਅਗਾਂਹ ਨੂੰ ਢਾਲਵੀਂ

ਸ਼ਕਲ ਕਰਨ ਲਈ ਛੋਟੇ ਸਿੱਕੇ ਪਾ ਕੇ ਮਨੁੱਖੀ ਲਿੰਗ ਦੀ ਸ਼ਕਲ ਦਾ ਬੜਾ ਕਰੜਾ ਕਿੱਲਾ ਜਿਹਾ ਪਿਆ ਹੈ। Guide (ਜੋ ਸਾਰੇ ਸੰਦਾਂ ਬਾਰੇ ਸਾਨੂੰ ਸਮਝਾ ਰਿਹਾ ਸੀ) ਨੇ ਦਸਿਆ ਕਿ ਇਸ ਨੂੰ " **ਚਪਟੀ** " ਕਹਿੰਦੇ ਹਨ, ਅਤੇ ਕਾਮੀ ਔਰਤਾਂ ਆਪਸ ਵਿਚ ਭੋਗ ਕਰਨ ਹਿਤ ਵਰਤਦੀਆਂ ਹਨ। ਉਸ Guide ਨੇ ਇਹ ਵੀ ਦੱਸਿਆ ਕਿ ਕਈ ਵਾਰੀ ਤਮਾਸ਼ਬੀਨ ਅਤੇ ਵਿਕਾਰੀ ਮਨੁੱਖ, ਕਾਮੀ ਇਸਤ੍ਰੀ ਦੀ ਖ਼ੁਸ਼ੀ ਲਈ ਭੋਗ ਕਰਨ ਸਮੇਂ ਆਪਣੇ ਅੱਗੇ ਇਸ ਚਪਟੀ ਨੂੰ ਬੰਨ੍ਹ ਲੈਂਦੇ ਹਨ। ਬੜਾ ਹੈਰਾਨ ਸਾਂ ਕਿ ਅਜੇਹੀ ਗੰਦੀ ਅਤੇ ਅਰੋਗਤਾ ਦੀ ਵੈਰਨ ਕਾਢ ਕਿਸ ਨੇ ਕੱਢੀ ਹੋਵੇਗੀ? ਇਸ ਸ਼ਰਮਨਾਕ ਸੰਦ ਦੀ ਕਾਢ ਕੱਢਣ ਵਾਲੇ ਦਾ ਪੱਕਾ ਥਹੁ ਪਤਾ, ਅਧਿਆਪਕ ਅਫ਼ਸਰਾਂ ਨੂੰ ਵੀ ਕੋਈ ਨਹੀਂ ਸੀ। ਹੁਣ ਜਦੋਂ ਤੁਹਾਡੇ (ਪਿਆਰਾ ਸਿੰਘ ਪਦਮ ਦੇ) ਲਿਖਣ ਅਨੁਸਾਰ ੧੦੯ ਨੰਬਰ ਚਰਿਤਰ ਵਿਚ ਉਰਵਸ਼ੀ ਨਾਮੀ ਪਰੀ ਨੂੰ ਅਜੇਹੀ ਚਪਟੀ ਬਣਾ ਕੇ ਇਸਤ੍ਰੀ ਨਾਲ ਭੋਗ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰਨ ਦਾ ਅਨੋਖਾਂ ਢੰਗ ਪੜ੍ਹਿਆ, ਤਾਂ ਕਪਾਟ ਖੁਲ੍ਹ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਤੀਰਥਾਂ ਦੇ ਦਰਸ਼ਨ ਇਸ਼ਨਾਨਾਂ ਤੋਂ ਪਾਪ ਨਾਸ ਹੋ ਸਕਣ ਵਾਲੇ ਬ੍ਰਾਹਮਣੀ ਭਰਮ ਤੋਂ ਖ਼ਲਾਸੀ ਦਿਵਾ ਕੇ, ਗੁਰਮਤਿ ਅਨੁਸਾਰ ਜੀਵਨ ਢਾਲ ਲੈਣ ਵਿਚ ਹੀ ਜੀਵਨ ਮੁਕਤ ਹੋਣ ਦੀ ਜਾਚ ਸਿਖਾਈ ਸੀ, ਪਰ ਧੰਨ ਹੈ ਸ੍ਰੀ ਦਸਮ ਗ੍ਰੰਥ ਜਿਸ ਤੋਂ ਸਿਖਿਆ ਲੈ ਕੇ ਖ਼ਾਲਸਾ ਜੀ ਨੇ **ਹੇਮਕੁੰਡ-ਤੀਰਥ** ਸਿਰਜ ਕੇ ਮੁੜ ਉਸੇ ਭਰਮ ਨੂੰ ਸਹੇੜ ਲਿਆ। ਹੁੰਣ ਇਹ ਪਤਾ ਵੀ ਲੱਗ ਗਿਆ ਕਿ ਅਰੋਗਤਾ ਦਾ ਘੁੱਟ ਭਰਨ ਵਾਲੀ **ਅਦਭੁਤ ਚਪਟੀ ਦੀ ਵਰਤੋਂ ਨਾਲ, ਦੁਰਲੱਭ ਮਨੁੱਖਾ ਦੇਹ ਦਾ ਅੰਤ ਕਰਨ ਦਾ ਅਨੋਖਾ ਢੰਗ ਵੀ ਸ੍ਰੀ ਦਸਮ ਗ੍ਰੰਥ ਜੀ ਦੀ ਹੀ ਦੇਣ ਹੈ:--**

**........ ਟਕਿਯਨ ਕੀ ਜਪਟੀ ਉਰ ਬਸੀ ॥ ਮੋਮ ਮਾਰਿ ਆਸਨ ਸੌ ਕਸੀ ॥ ੫੨ ॥**
**ਬਿਖਿ ਕੋ ਲੇਪ ਤਵਨ ਮੋ ਕੀਯੋ ॥ ਸਿਵਹਿ ਰਿਝਾਇ ਮਾਂਗ ਕਰਿ ਲੀਯੋ** ॥ (ਭੋਲਾ ਨਾਥ ਤੋ)
**ਜਾਕੇ ਅੰਗ ਤਵਨ ਸੌ ਲਾਗੈ ॥ ਤਾਕੈ ਲੈ ਪ੍ਰਾਨ ਜਮ ਭਾਗੈ ॥ ੫੩ ॥**
ਤਬ ਲੌ ਨਾਰਿ ਗਈ ਵਹੁ ਆਈ। **ਕਾਂਮੰਤੁਰ ਹਵੈਕੈ ਲਪਟਾਈ** ॥ (ਚਸਕੇ ਲੱਗ ਰਹੇ ਹਨ)
**ਤਾਕੋ ਭੇਦ ਕਛੂ ਨਹਿ ਜਾਨਯੋ ॥ ਉਰਬਸਿ ਕੌ ਕਰਿ ਪੁਰਖ ਪਛਾਨਯੋ ॥ ੫੬ ॥**
**ਤਾਸੋ ਭੋਗ ਅਧਿਕ ਜਬ ਕੀਨੋ ॥ ਮਨ ਮੈ ਮਾਨਿ ਅਧਿਕ ਸੁਖ ਲੀਨੋ ॥** (=ਧੋਖੇ ਅਤੇ ਵਿਸ਼ਵਾਸ਼ ਘਾਤ ਦੀ ਸਿਖਲਾਈ ਦਾ ਸਿੱਖਰ)
**ਬਿਖੁ ਕੇ ਚੜ੍ਹੇ ਮਤ ਤਬ ਭਈ ॥ ਜਮ ਕੇ ਧਾਮ ਬਿਖੈ ਚਲਿ ਗਈ ॥ ੫੫ ॥**

ਇਹ ਸਮਝਣ ਵਿਚ ਕਸਰ ਨਾ ਰਹੀ ਕਿ ਘਿਣਾਵਣੀ ਕਿਸਮ ਦੇ ਵਿਸ਼ਵਾਸ-ਘਾਤ ਨਾਲ ਕਿਸੇ ਨੂੰ ਜਾਨੋਂ ਮਾਰ ਮੁਕਾਉਣ ਲਈ ਨਿਰਦਈ ਉਪੱਦਰਵੀਆਂ ਨੂੰ ਨਵਾਂ ਢੰਗ ਸਿਖਾਲ ਕੇ, ਬਦਮਾਸ਼ੀ ਅਤੇ ਨਿਰਦਾਇਤਾ ਦੇ ਇਤਿਹਾਸ ਵਿਚ ਇਹ ਨਵੀਂ ਕਿਸਮ ਦਾ ਅਧਿਆ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੇ ਖੋਹਲਿਆ ਸੀ? ਉਰਵਸ਼ੀ ਨੇ ਆਪਣੀ ਸੁੰਦਰਤਾ ਦਾ ਪ੍ਰਭਾਵ ਪਾ ਕੇ ਕਾਮ-ਗ੍ਰਸੇ ਸ਼ਿਵ ਕੋਲੋਂ ਘਾਤਕ ਜ਼ਹਿਰ ਮੰਗ ਲਿਆ ਦਰਸਾਇਆ ਹੈ, ਪਰ ਜ਼ਾਲਮ ਵਿਕਾਰੀਆਂ ਕੋਲ ਅੱਜ ਉਸ ਤੋਂ ਵੀ ਵੱਧ ਖ਼ਤਰਨਾਕ **Potassium Cyanide** ਵਰਗੀਆਂ ਜ਼ਹਿਰਾਂ ਪੁੱਜ ਚੁਕੀਆਂ ਹੋਈਆਂ ਹਨ। ਦੇਵਤਿਆਂ ਦਾ ਨਾਮ ਵਰਤ ਕੇ ਲੁੱਚ-ਪੁਣੇ ਦੀ ਸਿਖਲਾਈ ਦਾ ਧੰਦਾ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀ ਰੱਖਣ ਦਾ ਜ਼ੋਰ ਲਾਈ ਜਾਣ ਵਾਲਿਉ, ਡਰੀਏ ਉਸ ਸੱਚੇ ਦੇ ਸੱਚ ਤਪਾਵਸ ਤੋਂ ? ਪਤਾ ਨਹੀਂ ਉਸ ਦੀ ਬੇਆਵਾਜ਼ ਲਾਠੀ ਨੇ ਕਦ ਸਾਨੂੰ ਮਿੱਟੀ ਵਿਚ ਆ ਰੋਲਣਾ ਹੈ ?

ਪਤੀ ਦੀ ਕਾਤਲ, ਉਸ ਰਾਣੀ ਨੂੰ ਵੀ ਧਰਮਰਾਜ ਨੇ ਬੜੀ ਭੈੜੀ ਮੌਤੇ ਮਰਵਾ ਦਿੱਤਾ--ਏਨੀ ਗੱਲ ਲਿਖਣ ਨਾਲ ਮੰਤਵ ਪੂਰਾ ਹੋ ਸਕਦਾ ਸੀ। ਪਰ ਵਿਅਰਥ ਹੀ ਉਰਬਸ਼ੀ ਦੇ ਹੁਸਨ ਦੀਆਂ ਵਡਿਆਈਆਂ ਵਿਚ ਕਈ ਕਈ ਸਿਰਾਂ ਵਾਲੇ ਦੇਵ ਦੈਂਤਾਂ ਦਾ ਨਾਮ ਵਰਤਣ ਵਿਚ ਅਤੇ , ਸੁਰਮਾ ਪਾ ਕੇ ਪਾਨ ਚਬਾਉਂਦੀ, ਮੋਹਨ ਬਣੀ ਉਰਵਸ਼ੀ ਨੂੰ ਵੇਖ ਕੇ ਇੰਦਰ ਸਮੇਤ ਚੰਦ ਸੂਰਜ,, ਚਿੱਟੇ ਹਾਥੀ ਪਸ਼ੂ ਪੰਛੀ ਸਭ ਵਿਆਕੁਲ ਹੁੰਦੇ ਦਰਸਾਉਣ ਵਿਚ ੪੦ ਤੋਂ ਵਧ ਚੌਪਈਆਂ ਅਤੇ ਦੋਹਰੇ ਆਦਿ ਲਿਖਣ ਉਪ੍ਰੰਤ **ਚਪਟੀ** ਬਣਾ ਕੇ ਮੰਦ ਕਮਾਉਣ ਦਾ ਰਸਤਾ ਵਿਖਾਉਣ ਵਾਲਾ ਇਹ ਭਾਗ, ਸ਼ੁੱਭ ਸੋਚਣੀ ਵਾਲੇ ਕਿਸੇ ਨੇਕ ਲਿਖਾਰੀ ਦਾ ਲਿਖਿਆ ਨਹੀਂ ਮੰਨਿਆਂ ਜਾ ਸਕਦਾ। ਘਾਤਕ ਸੰਦ ਬਨਾਉਣ ਦੀ ਸਿਖਸ਼ਾ ਦੇਣ ਵਾਲੀ ਕਹਾਣੀ ਵੱਲ ਪਾਠਕ ਦਾ ਧਿਆਨ, ਉਚੇਚੇ ਤੌਰ ਤੇ ਦਿਵਾਉਣਾਂ, ਤੁਹਾਡੀ ਸੁਹਿਰਦਤਾ ਨੂੰ ਸ਼ਾਇਦ ਹੋਰ ਵੀ ਵੱਧ ਸ਼ੱਕੀ ਬਨਾਉਂਦਾ ਹੋਵੇ ? ਕੀ ਤੁਸੀ ਕਿਸੇ ਦਲੀਲ ਨਾਲ ਸਿੱਧ ਕਰ ਸਕਦੇ ਹੋ ਕਿ ਅਜੇਹੀ ਘਟੀਆ ਕਹਾਣੀ ਅਭੁੱਲ ਗੁਰੂ-ਪਰਮੇਸ਼ਰ ਸ੍ਰੀ ਦਸ਼ਮੇਸ਼ ਦੇ ਪਾਵਨ ਪਵਿੱਤ੍ਰ ਨਾਮਣੇ ਨਾਲ, ਮੜ੍ਹਨੀ, ਸਮਾਜ ਲਈ ਅਥਵਾ ਸਿੱਖ ਪੰਥ ਲਈ ਬੜੀ ਲਾਹੇਵੰਦ ਹੈ? ਇਸ ਗ੍ਰੰਥ ਦੇ ਹੁਣ ਪੰਜਾਬੀ ਅਨੁਵਾਦ ਬਜ਼ਾਰ ਵਿਚ ਆਮ ਮਿਲਦੇ ਹਨ। ਨਸ਼ਿਆਂ ਵਿਚ ਧੜਾ-ਧੜ ਪ੍ਰਵ੍ਰੇਸ਼ ਕਰਦੀ ਜਾ ਰਹੀ ਪੰਜਾਬ ਦੀ ਜਵਾਨੀ ਲਈ, ਅਰੋਗਤਾ ਦਾ ਪੂਰੀ ਤਰ੍ਹਾਂ ਘੁੱਟ ਭਰਨ ਵਾਲੀ **ਚਪਟੀ** ਦੀ ਵਰਤੋਂ ਵੀ ਹੁਣ ਆਮ ਹੋ ਜਾਵੇਗੀ।

## ੧੧-- ਚਰਿੱਤ੍ਰ ੩੬ **ਕਥਾ ਫ਼ਤਹਿਮਤੀ**--- (ਟੀਕੇ ਵਾਲੇ ਗ੍ਰੰਥ ਅਨੁਸਾਰ ਸਿਰਲੇਖ ਗੌਂਡ ਡੋਗਰ ਖਾਨ ਨਹੀਂ ਹੈ)

**(ੳ)** ਸਖੇਪ ਵਿਰਣਨ--ਅਖੇ, ਕਈ ਮੱਝਾਂ (ਭੈਂਸਾਂ) ਦੇ ਮਾਲਕ **ਗੌਡ ਖਾਂ ਡੋਗਰ** ਨਾਮੀ ਦੀ ਇਸਤਰੀ ਜਗਤ ਵਿਚ **ਫਤਹਿਮਤੀ** ਨਾਂ ਨਾਲ ਜਾਣੀ ਜਾਂਦੀ ਸੀ। ਡੋਗਰ ਸਾਰਾ ਦਿਨ ਮਝੀਆਂ ਚਾਰਨ ਚਲਾ ਜਾਂਦਾ ਸੀ ਅਤੇ ਫ਼ਤਹਿਮਤੀ ਇੱਕ ਵਾਗੀ ਨਾਲ ਮੰਦ ਕਮਾਉਣ ਵਿਚ ਰੁੱਝੀ ਰਹਿੰਦੀ ਸੀ। ਇੱਕ ਦਿਨ ਡੋਗਰ ਨੇ ਉਨ੍ਹਾਂ ਨੂੰ ਭੋਗ ਕਰਦਿਆ ਵੇਖ ਲਿਆ ਪਰ ਚੁੱਪ ਰਿਹਾ। ਭੋਗ ਕਰਨ ਮਗਰੋਂ ਜਦ ਉਹ ਸੌਂ ਗਏ ਤਾਂ ਡੋਗਰ ਨੇ ਵਾਗੀ ਦਾ ਸਿਰ ਵੱਢ ਲਿਆ ਤੇ ਲੁਕ ਕੇ ਬੈਠ ਗਿਆ। (ਇੱਕੋ ਮੰਜੇ ਤੇ ਨਾਲ ਹੀ, ਸੁੱਤੀ ਫਤਹਿਮਤੀ ਨੂੰ, ਧੜ ਨਾਲੋਂ ਸਿਰ ਉਤਾਰ ਲੈਣ ਵਾਲੇ ਤਲਾਵਾਰ ਦੇ ਭਰਪੂਰ ਵਾਰ ਹੋਣ ਦੇ ਖੜਕੇ ਨਾਲ ਤਾਂ ਜਾਗ ਨਾ ਆਈ) ਪਰ ਜਦੋਂ ਵਾਗੀ ਦਾ ਗਰਮ ਖ਼ੂਨ ਉਸ ਦੇ ਸਰੀਰ ਨੂੰ ਲੱਗਾ ਤਾਂ **ਫਤਿਹਮਤੀ** ਜਾਗ ਪਈ ਅਤੇ ਆਪਣੇ ਯਾਰ ਦਾ ਸੀਸ ਬਿਨਾ ਧੜ ਵੇਖ ਕੇ (ਡਰਨ ਦੇ ਥਾਂ ਸਗੋਂ) ਬੜੀ ਗੁੱਸੇ ਵਿਚ ਆ ਗਈ ਅਤੇ ਕਿਰਪਾਨ ਲੈ ਕੇ ਕਾਤਲ ਨੂੰ ਏਧਰ ਉਧਰ ਲੱਭਿਆ ਪਰ ਵਿਆਰਥ। ਉਸ ਨੇ ਆਪਣੇ ਮਿੱਤਰ ਦੀ ਲਾਸ਼ (ਇਕੱਲੀ ਨੇ ?) ਚੁੱਕੀ ਤੇ ਨਦੀ ਵਿਚ ਰੋੜ੍ਹ ਆਈ।

ਇੱਕ ਸਾਲ ਪਿੱਛੋਂ, ਇੱਕ ਰਾਤ ਡੋਗਰ ਨੇ ਫਤਹਿਮਤੀ ਨੂੰ ਮੱਖਣ ਲਿਆਉਣ ਲਈ ਆਖਿਆ ਤਾਂ ਉਸ ਨੇ ਹਨੇਰੇ ਤੋਂ ਡਰ ਆਉਣ ਦਾ ਬਹਾਨਾਂ ਕੀਤਾ। ਡੋਗਰ ਨੇ ਕਹਿ ਦਿੱਤਾ ਕਿ ਤੈਨੂੰ ਉਹ ਦਿਨ ਭੁੱਲ ਗਿਆ ਜਦ ਰਾਤ ਵੇਲੇ ਉਸ ਵਾਗੀ ਦੀ ਲੋਥ ਦਰਿਆ ਵਿਚ ਰੋੜ੍ਹ ਕੇ ਆਈ ਸੀ। ਫਤਹਿਮਤੀ ਨੇ ਕ੍ਰੋਧ ਵਿਚ ਆ ਕੇ ਕਿਰਪਾਨ ਫੜ ਕੇ ਆਪਣੇ ਪਤੀ ਨੂੰ ਮਾਰ ਦੇਣ ਲਈ ੫੦ ਕੁ ਵਾਰ ਕੀਤੇ-**ਨਿਜੁ ਪਤਿ ਪੈ ਹਤ ਕੇ ਨਿਮਿਤਿ ਕਰੇ ਪਚਾਸਿਕ ਵਾਰ**--ਪਰ ਹੋਇਆ ਇਉਂ--

**ਨਿਰਖਿ ਚਮਕ ਤਰਵਾਰ ਕੀ ਦੁਰਯਾ ਮਹਿਖ ਤਰ ਜਾਇ ॥**
**ਤਨਿਕ ਨ ਬ੍ਰਿਣ ਲਗਨ ਦਈ ਇਹ ਛਲ ਗਯੋ ਬਚਾਇ** ॥ ੧੫ ॥

**ਅਰਥ:**-- ਉਹ (ਡੋਗਰ) ਤਲਵਾਰ ਦੀ ਲਿਸ਼ਕ ਵੇਖ ਕੇ ਇੱਕ ਮਝ ਥੱਲੇ ਜਾ ਲੁਕਿਆ ਅਤੇ ਛਲ ਕਰਕੇ **ਬਿਨਾ ਕੋਈ ਜ਼ਖ਼ਮ ਲੱਗੇ** ਆਪਣੇ ਆਪ ਨੂੰ ਬਚਾ ਲਿਆ। ੧੫ ।

ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਡੋਗਰ ਨੇ **ਆਪਣੇ ਸਰੀਰ ਤੇ ਜ਼ਰਾ ਵੀ ਜ਼ਖ਼ਮ ਨਹੀ ਸੀ ਲੱਗਣ ਦਿੱਤਾ**। ਇਸਤਰੀ ਦੀ ਇਸ ਕਰਤੂਤ-ਕਹਾਣੀ ਦਾ ਇਹ ਭਾਗ ਏਥੇ ਹੀ ਸਮਾਪਤ ਕਰ ਦਿੱਤਾਂ। ਅਤੇ ਦੂਜਾ ਭਾਗ, ਪੁਰਖ ਦੇ ਜਵਾਬੀ ਚਲਿੱਤ੍ਰ ਦਾ ਹੈ। ਹਾਲਾਂ ਕਿ ਗ੍ਰੰਥ ਦਾ ਨਾਮ ਤ੍ਰਿਯਾ ਚਰਿਤ੍ਰ ਹੈ ਅਤੇ ਅਰੰਭ ਵਿਚ ਫ਼ਰੇਬਣ ਅਤੇ ਝੂਠੀਆਂ ਇਸਤ੍ਰੀਆਂ ਦੀ ਜਾਣਕਾਰੀ ਦੇ ਕੇ ਰਾਜੇ ਤੋਂ ਉਸ ਦੇ ਪੁੱਤਰ ਦੀ ਜਾਣ ਬਚਾਉਣ ਦੇ ਯਤਨ ਦਾ ਪ੍ਰਭਾਵ ਦਿੱਤਾ ਹੋਇਆ ਹੈ। ਸਦਕੇ ਜਾਈਏ ਸਤਿਗੁਰਾਂ ਦੀ ਸਿੱਖੀ ਤੋਂ ਜੋ, ਰੰਗਾ ਰੰਗ ਦੀਆਂ ਭੁੱਲਾਂ ਆਪਣੇ ਅਨੂਪਮ ਇਸ਼ਟ, ਦਸਮ ਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ ਦੇ ਸਿਰ ਮੜ੍ਹੀ ਜਾ ਕੇ ਬ੍ਰਾਹਮਣ ਨੂੰ ਵੀ ਮਾਤ ਪਾਈ ਜਾ ਰਹੇ ਹਨ **?**

## ੧੨- ਚਰਿੱਤ੍ਰ ੩੭ ਕਥਾ ਗੈਂਡੇ ਖਾਂ--

**ਤਵਨ ਤ੍ਰਿਯਾ ਕੋ ਤੁਰਤੁ ਡੋਗਰ ਘਾਉ ਉਬਾਰਿ ॥ ਤਾਹਿ ਤੁਰਤੁ ਮਾਰਤ ਭਯੋ ਗਰੇ ਰਸਹਿਯ ਡਾਰਿ ॥ ੨ ॥**

ਡੋਗਰ ਨੇ ਇਸਤ੍ਰੀ ਦਾ ਵਾਰ ਬਚਾ ਕੇ ਛੇਤੀ ਨਾਲ ਉਸ ਦੇ ਗਲ ਵਿਚ ਰੱਸਾ ਪਾ ਕੇ ਉਸ ਨੂੰ ਮਾਰ ਦਿੱਤਾ। ਲਾਸ਼ ਨੂੰ ਛੱਤ ਨਾਲ ਲਮਕਾ ਦਿੱਤਾ। ਆਪ ਕੋਠੇ ਤੇ ਚੜ੍ਹ ਗਿਆ ਅਤੇ ਰੌਲਾ ਪਾਉਣ ਲੱਗ ਪਿਆ। ਰੌਲਾ ਸੁਣ ਕੇ ਲੋਕ ਆ ਜੁੜੇ ਤਾਂ ਆਪਣੇ ਸਰੀਰ ਦੇ ਜ਼ਖਮ ਵਿਖਾ ਕੇ ਆਖਣ ਲੱਗਾ ਕਿ ਫ਼ਤਹਿਮਤੀ ਮੇਰੇ ਸਰੀਰ ਦੇ ਜਖ਼ਮ ਵੇਖ ਕੇ ਜਰ ਨਾ ਸਕੀ ਅਤੇ ਫਾਹ ਲੈ ਕੇ ਮਰ ਗਈ। ਜਖ਼ਮਾਂ ਬਾਰੇ ਲੋਕਾਂ ਨੂੰ ਇਹ ਕਿਹਾ ਕਿ ਉਸ ਨੂੰ ਕੱਟੇ ਨੇ ਮਾਰਿਆ ਸੀ। ਸੋਹਣਾ ਕੱਫਣ ਪਾ ਕੇ ਇਸਤ੍ਰੀ ਨੂੰ ਦਫ਼ਨਾ ਦਿੱਤਾ। ਕਥਾ ਦੀ ਸਮਾਪਤੀ।

ਛੋਟੀ ਜਿਹੀ ਇਸ ਕਹਾਣੀ ਨੂੰ ਦੋ ਹਿੱਸਿਆਂ ਵਿਚ ਕਿਸ ਕਾਰਨ ਵੰਡਿਆ? ਕਹਾਣੀ ਤੋਂ ਕਿਸੇ ਪ੍ਰਕਾਰ ਦੀ ਸਿਖਿਆ ਤਾਂ ਕੀ ਮਿਲਣੀ ਹੈ ਸਗੋਂ ਪਾਠਕ ਪਹਿਲੇ ਹਿੱਸੇ ਵਾਲੇ ਝੂਠ ਨੂੰ ਅਜੇ ਭੁੱਲਾ ਨਹੀਂ ਕਿ ਦੂਜੇ ਹਿੱਸੇ ਵਿਚਲੇ ਇੱਕ ਹੋਰ ਝੂਠ ਨੇ ਆ ਦਰਸ਼ਨ ਦਿਤੇ-- ਆਪੇ ਤਾਂ ਇਹ ਲਿਖ ਲਿਆ ਕਿ ਡੋਗਰ ਨੇ ਆਪਣੇ ਸਰੀਰ ਤੇ ਜ਼ਰਾ ਵੀ ਜ਼ਖ਼ਮ ਨਹੀਂ ਸੀ ਲੱਗਣ ਦਿੱਤਾ। ਪਰ ਮਗਰੋਂ ਗੱਲ ਹੋਰ ਬਦਲ ਗਈ:--

**ਦੂਧ ਦੁਹਤ ਕਟਿਯਾ ਨਿਮਿਤ ਮਹਿਖੀ ਮਾਰਸਿ ਮੋਹਿ ॥ ਘਾਵ ਭਯੋ ਤਰਵਾਰ ਕਹਾ ਬਤਊਂ ਤੋਹਿ ॥ ੬ ॥**

**ਅਰਥ:**--ਦੁੱਧ ਚੋਣ ਸਮੇ ਕੱਟੇ ਦਾ ਕਰਕੇ ਮੱਝ ਨੇ ਮੈਨੂੰ ਮਾਰਿਆ ਹੈ, ਤੈਨੂੰ ਕੀ ਦੱਸਾਂ ? ਮਾਨੋ, ਮੈਨੂੰ ਤਲਵਾਰ ਦਾ ਜ਼ਖ਼ਮ ਹੋ ਗਿਆ ਹੈ।

**ਚੌਪਈ ॥ ਅਬ ਆਛੋ ਤਿਹ ਕਫ਼ਨ ਬਨੈਯੈ ॥ ਭਲੀ ਭਾਂਤਿ ਭੂਅ ਖੋਦ ਗਡੈਯੈ ॥**
**ਹੋਹੂੰ ਬਯਾਹ ਅਵਰ ਨਹਿ ਕਰਿਹੌ ॥ ਯਾ ਕੇ ਬਿਰਹਿ ਲਾਗਿਕੈ ਬਰਿਹੌ ॥ ੭ ॥**

**ਅਰਥ:**--ਹੁਣ ਇਹਦੇ ਲਈ ਸੋਹਣਾ ਖ਼ਫਨ ਤਿਆਰ ਕੀਤਾ ਜਾਏ ਅਤੇ ਚੰਗੀ ਤਰ੍ਹਾਂ ਧਰਤੀ ਪੁੱਟਕੇ ਇਹਨੂੰ ਦਬਾ ਦਿੱਤਾ ਜਾਵੇ । ਮੈਂ ਹੁਣ ਦੂਜਾ ਵਿਆਹ ਨਹੀਂ ਕਰਾਂਗਾ ਅਤੇ ਇਹਦੇ ਵਿਛੋੜੇ ਵਿਚ ਹੀ ਮਰਜਾਵਾਂਗਾ । ੭ ।

ਇਹ ਨਮੂੰਨੇ ਹਨ ਉਨ੍ਹਾਂ ਕਹਾਣੀਆਂ ਦੇ ਜਿਨ੍ਹਾਂ ਨੂੰ ੧੨੨ ਸਫ਼ੇ ਤੇ ਤੁਸਾਂ **(ਪਦਮ ਜੀ ਨੇ) ਅਨੂਪਮ** ਲਿਖਿਆ ਹੈ। ਪਰ ਅਸਲ ਵਿਚ ਸਭ ਕੁਝ ਹੈ ਸਤਿਗੁਰਾਂ ਦੀ ਨਿੰਦਿਆ। ਪੂਰਨ ਸਤਿਗੁਰਾਂ ਦੀ ਸ਼ਰਨ ਛੱਡ ਕੇ, ਝੂਠ-ਕਹਾਣੀਆਂ ਨਾਲ ਜੁੜ ਰਹੇ, ਸਾਡੇ ਜਿਹੇ ਗੁਰੂ ਨਿੰਦਕਾਂ ਲਈ ਗਰੁਬਾਣੀ ਦਾ ਫ਼ੁਰਮਾਨ:--

੮- **ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥ ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥ ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥ ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥ ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥ ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥੨॥** {੩੦੮-੦੯}-ਵਾ-੧੫

# ਦੂਜਾ ਕਾਂਡ

**੧**

## ਅਜੀਬ ਸ਼ੋਸ਼ਾ? ਕਹਾਣੀਆਂ ਨਹੀਂ ਸਗੋਂ ਦਸ਼ਮੇਸ਼ ਦੀਆਂ ਆਪ-ਬੀਤੀਆਂ?

### ਭਾਵ--ਸਤਿਗੁਰਾਂ ਦੇ ਹੱਥੀਂ ਲਿਖੀਆਂ, ਉਨ੍ਹਾਂ ਦੀ ਆਤਮ ਕਥਾ ਦੀਆਂ ਝਲਕੀਆਂ?

ਪਦਮ ਸਾਹਿਬ ਜੀਓ ! ਤੁਹਾਡਾ ਇਹ ਨਵਾਂ ਪੈਂਤੜਾ ਬੜਾ ਹੀ ਅਜੀਬ ਹੈ। **(੧)** ਪੁਸਤਕ (ਦਸਮ ਗ੍ਰੰਥ ਦਰਸ਼ਨ) ਦੇ ੪੩ ਸਫ਼ੇ ਤੇ ਚਰਿਤ੍ਰ ਪਖਯਾਨ ਗ੍ਰੰਥ ਨੂੰ ਰਾਜਕੁਮਾਰ ਹਨੁਵੰਤ ਸਿੰਘ ਦੀ ਜਾਨ ਬਖ਼ਸ਼ੀ ਕਰਵਾਉਣ ਦੇ ਯਤਨ ਵਿਚ ਰਾਜੇ ਚਿਤ੍ਰ ਸਿੰਘ ਨੂੰ ਉਸ ਦਾ ਵਜ਼ੀਰ ਚਲਾਕ ਔਰਤਾਂ ਦੀਆਂ ਕਹਾਣੀਆਂ ਸੁਣਾਉਂਦਾ ਦਰਸਾ ਲਿਆ, **(੨)** ਫਿਰ, ਰਾਜਕੁਮਾਰ ਦੀ ਜਾਨ ਬਚਾਉਂਣ ਦੀ ਗੱਲ ਭੁੱਲ ਕੇ, ਚਲਾਕ ਔਰਤਾਂ ਦੀਆਂ ਇਨ੍ਹਾਂ ਕਹਾਣੀਆਂ ਨੂੰ ੧੨੧ ਸਫ਼ੇ ਤੇ --" ਦਿਲਚਸਪ ਕਹਾਣੀਆਂ ਛਲੀਆ ਕਿੱਸੇ ਲਿਖ ਦਿੱਤਾ- ਫਿਰ ਇਨ੍ਹਾਂ ਝੂਠ-ਗੱਪਾਂ ਨੂੰ,-ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹ ਹੈ ਜੋ ਕਿ ਹਿੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ--ਵਿਅੰਗ ਝਾੜ ਕੇ ਮਾਨੋਂ ਸਿੱਖ ਜਗਤ ਦਾ ਮੌਜੂ ਉਡਾਇਆ - **(੩)** ੧੨੨ ਸਫ਼ੇ ਤੇ ਬਿਨਾਂ ਕਿਸੇ ਖ਼ਾਸ ਕਹਾਣੀ ਦਾ ਹਵਾਲਾ ਦਿੱਤਿਆਂ, ਉਹੀ ਦਿਲਚਸਪ ਕਹਾਣੀਆਂ ਫਿਰ---ਮੁਗ਼ਲਾਂ ਦੇ ਸ਼ਾਹੀ ਘਰਾਣੇ ਦੀਆਂ ਜਗ ਬੀਤੀਆਂ, ਅਨੰਦਪੁਰ ਦੀਆਂ ਅੱਖੀਂ ਡਿਠੀਆਂ ਡੱਚਾਂ, ਪੁਰਤਗਾਲੀਆਂ ਤੇ ਫ਼ਿਰੰਗੀਆਂ ਦੀਆਂ ਕਹਾਣੀਆਂ ਦਾ ਰੂਪ ਵਟਾ ਬੈਠੀਆਂ। ਫਿਰ ਝਟ-ਪਟ ਹੀ, ਰਾਜੇ, ਜਾਗੀਰਦਾਰ ਯਾ ਵਿਹਲੜ ਸਾਧ ਪਾਤਰਾਂ ਵਾਲੀਆਂ ਕਹਾਣੀਆਂ ਬਣ ਕੇ ਇਸ ਨੂੰ ਇੱਕ " **ਅਨੂਪਮ ਕਹਾਣੀ ਭੰਡਾਰ** " ਘੋਸ਼ਤ ਕਰ ਦਿੱਤਾ। **(੪)** ਪਰ ੧੨੫ ਸਫ਼ੇ ਤੇ ਪੁੱਜ ਕੇ ਤੁਸਾਂ (ਪਦਮ ਸਾਹਿਬ ਜੀ) ਜੋ ਲੋਹੜਾ ਮਾਰਿਆ ਹੈ, ਉਸ ਦਾ ਜ਼ਿਕਰ ਆਪਣੇ ਸ਼ਬਦਾਂ ਵਿਚ ਕਰਨਾਂ ਇਸ ਦਾਸ ਦੇ ਮਨ ਨੇ ਨਹੀਂ ਝਲਿਆ। ਨੀਚਤਾ ਦੀਆਂ ਹੱਦਾਂ ਪਾਰ ਕਰੀ ਜਾ ਰਹੇ ਤੁਹਾਡੇ ਉਹ **ਕੁਫ਼ਰ-ਕੁ-ਬਚਨ** ਤੁਹਾਡੀ ਆਪਣੀ ਬੋਲੀ ਵਿਚ :---

> " ਗੁਰੂ ਸਾਹਿਬ ਨੇ **ਕੁਝ ਆਪ-ਬੀਤੀਆਂ ਵੀ ਦਰਜ ਕੀਤੀਆਂ ਹਨ** ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ
> ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ੧੬, ੨੧, ੨੨ ੨੩ ਆਦਿ। ੧੫ ਨੰਬਰ ਕੀਰਤਪੁਰ ਦਾ ਹੈ। "

**ਲੜੀਵਾਰ ਪੁਸਤਕ--" ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** "--ਲਿਖ ਰਹੇ ਇਸ ਦਾਸਰੇ ਦਾ ਧਰਮ ਬਣਦਾ ਹੈ ਕਿ, ਦਸ਼ਮੇਸ਼ ਜੀ ਦੇ ਪਾਵਨ ਪਵਿੱਤ੍ਰ ਨਾਮਣੇ ਨਾਲ ਜੋੜੀਆਂ ਗਈਆਂ ਤੁਹਾਡੀਆਂ ਉਨ੍ਹਾਂ ਕਹਾਣੀਆਂ ਦੀ ਅਸਲੀਯਤ ਤੋਂ ਪਾਠਕਾਂ ਨੂੰ ਪੂਰੀ ਤਰ੍ਹਾਂ ਜਾਣੂੰ ਕਰਾਵੇ । ਦਾਸ ਦੀ ਤੀਬਰ ਇਛਿਆ ਹੈ ਕਿ ਤੁਸੀਂ ਆਪਣਾ ਪੱਖ ਵੀ ਲਿਖ ਭੇਜੋ, ਤਾਂ ਜੋ (ਹਰ ਪ੍ਰਕਾਰ ਦੀਆਂ ਭਰਮ-ਬੰਦਸ਼ਾਂ ਦੀਆਂ ਧੱਜੀਆਂ ਉਡਾ ਰਹੇ, ਨਿਆਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਨਿਆਰੇ ਗਿਆਨ ਦੇ ਵਿਰੋਧੀ ਬਣੀ ਬੈਠੇ ) ਤੁਸੀਂ ਕਦੇ ਕਿਸੇ ਸਮੇਂ, ਅਜੇਹੀ ਢੁੱਚਰ ਬਾਜ਼ੀ ਨਾ ਘੜ ਲਵੋ ਕਿ, ਲਿਖਣ ਲੱਗਿਆਂ ਦਾਸ ਨੇ ਕਿਸੇ ਪ੍ਰਕਾਰ ਦੀ ਤੰਗ-ਦਿਲੀ ਤੋਂ ਕੰਮ ਲਿਆ ਹੈ। ਬੜਾ ਹੀ ਚੰਗਾ ਹੋਵੇ ਜੇ ਤੁਹਾਡਾ ਪੱਖ ਵੀ ਨਾਲ ਹੀ ਪਾਠਕਾਂ ਦੀ ਕਚਹਿਰੀ ਵਿਚ ਪੁਜ ਜਾਵੇ।

੬- **ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥**

**ਨਾਨਕ ਲਹਰੀ ਲਖ ਸੈ ਆਨ, ਡੁਬਣ ਦੇਇ ਨ ਮਾ ਪਿਰੀ ॥ ੧ ॥** [੫੧੯]

ਪੁਸਤਕ ਦੇ **੧੨੫** ਸਫ਼ੇ ਤੇ ਤੁਹਾਡੀ ਇਹ ਲਿਖਤ ਕਿ--

> " ਗੁਰੂ ਸਾਹਿਬ ਨੇ ਕੁਝ **ਆਪ-ਬੀਤੀਆਂ** ਵੀ ਦਰਜ ਕੀਤੀਆਂ ਹਨ **ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ**
> **ਸਪਸ਼ਟ ਹੋ ਹੀ ਜਾਂਦੀਆਂ ਹਨ ।** ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ੧੬, ੨੧, ੨੨, ੨੩। "

ਸਾਰੀਆਂ ਕਹਾਣੀਆਂ ਦਾਸ ਨੇ ਗਹੁ ਨਾਲ ਪੜ੍ਹੀਆਂ ਹਨ। ਭੁਲੇਖਾ ਪਾਊ ਬੋਲੀ ਵਰਤ ਕੇ ਪਾਠਕਾਂ ਨੂੰ ਅਸਲੀਯਤ ਤੋਂ ਅਣਜਾਣ ਰੱਖਣ ਦੇ ਯਤਨ ਦਾ ਝੌਲਾ ਪੈਂਦਾ ਹੈ। ਇਸ ਲਈ ਜਿਨ੍ਹਾਂ ਨੂੰ ਤੁਸਾਂ ਦਸ਼ਮੇਸ਼ ਜੀ ਦੀ ਆਪ ਬੀਤੀ ਅਥਵਾ ਹੱਡ ਬੀਤੀ ਲਿਖਿਆ ਹੈ ਉਨ੍ਹੰ ਕਹਾਣੀਆਂ ਦੇ ਸੰਖੇਪ ਜ਼ਿਕਰ ਅਤੇ ਨਾਲ ਗੁਰਮਤਿ-ਬਿਬੇਕ ਵਿਚਾਰ ਸਾਂਝੀ ਕਰ ਲੈਣੀ ਪਾਠਕਾਂ ਦੇ ਹਿੱਤ ਵਿਚ ਵੀ ਠੀਕ ਰਹੇਗੀ--

### ੨- ਚਰਿੱਤ੍ਰ ੧੬ ਕਥਾ ਛਜੀਆ (੧)

ਸਤਲੁਜ ਦੇ ਕੰਢੇ ਇੱਕ ਰਾਜਾ ਬਾੜਾ ਸੁਖੀ ਰਹਿੰਦਾ ਸੀ। ਇੱਕ ਦਿਨ ਪੈਸਿਆਂ ਦਾ ਲਾਲਚ ਕਰਕੇ, ਸਾਰੇ ਪੁਰਸ਼ਾਂ ਦਾ ਦਿਲ ਮੋਹ ਲੈਣ ਵਾਲੀ, **ਛਜੀਆ** ਨਾਂ ਦੀ ਬੜੀ ਸੁੰਦਰ, ਇੱਕ ਵੇਸਵਾ, ਰਾਜੇ ਦੇ ਘਰ ਆਈ। ਰਾਜੇ ਨੂੰ ਵੇਖਦਿਆਂ ਹੀ ਛਜੀਆ ਉਸ ਦੇ ਰੂਪ ਤੇ ਮੋਹਤ ਹੋ ਗਈ। ਜੰਤ੍ਰਾਂ ਮੰਤ੍ਰਾਂ ਟੂਣਿਆਂ ਅਤੇ ਚਲਿੱਤਰਾਂ ਦਾ ਸਾਰਾ ਵਾਹ ਲਾ ਬੈਠੀ ਪਰ ਰਾਜਾ ਉਸ ਦੇ ਵੱਸ ਨਾ ਹੋਇਆ।

ਆਖ਼ਰ ਉਸ ਨੇ ਭਗਵੇਂ ਕੱਪੜੇ ਪਾ ਕੇ ਜੋਗੀਆਂ ਵਾਲਾ ਭੇਸ ਬਣਾ ਲਿਆ ਅਤੇ ਰਾਜੇ ਦੇ ਦਰਬਾਰ ਵਿਚ ਜਾ ਪਹੁੰਚੀ ਤਾਂ:--

**ਅੜਿਲ ॥ ਤਿਹ ਜੁਗਿਯਹਿ ਲਖਿ ਰਾਇ ਰੀਝਿ ਚਿਤ ਮੈ ਰਹਯੋ ॥ ਜਾਤੇ ਕਛੁ ਸੰਗ੍ਰਹੌਂ ਮੰਤ੍ਰ ਮਨ ਮੌਂ ਕਹਯੋ ॥**
**ਜਿਹ ਗ੍ਰਿਹਿ ਦਿਯੋ ਪਠਾ ਇਕ ਦੂਤ ਬੁਲਾਇਕੈ ॥ ਹੋ ਕਲਾ ਸਿਖਨ ਕੇ ਹੇਤ ਮੰਤ੍ਰ ਸਮਝਾਇਕੈ ॥ ੮ ॥**

ਜੋਗੀ ਨੂੰ ਵੇਖ ਕੇ ਰਾਜਾ ਬੜਾ ਪ੍ਰਸੰਨ ਹੋਇਆ ਅਤੇ ਸੋਚਿਆ ਕਿ ਇਸ ਤੋਂ ਕੋਈ **ਮੰਤ੍ਰ ਸਿੱਖਣਾ** ਚਾਹੀਦਾ ਹੈ। ਇਸ ਮੰਤਵ ਲਈ ਸਮਾ ਲੈਣ ਵਾਸਤੇ ਉਸ ਜੋਗੀ-ਰੂਪ ਵੇਸਵਾ ਕੋਲ ਆਪਣਾ ਸੇਵਕ ਭੇਜਿਆ। ਇੱਕ ਪਹਿਰ ਅੱਖਾਂ ਬੰਦ ਰਖਣ ਤੋਂ ਬਾਅਦ ਜੋਗੀ-ਰੂਪ ਵੇਸਵਾ ਬੋਲੀ, ਕਿ, ਜੇ ਰਾਜਾ ਮੰਤ੍ਰ ਸਿੱਖਣਾ ਚਾਹੁੰਦਾ ਹੈ ਤਾਂ ਉਹ **ਅੱਧੀ ਰਾਤ** ਵੇਲੇ ਮੇਰੇ ਕੋਲ ਆਵੇ । ਗੋਰਖ ਦੀ ਕ੍ਰਿਪਾ ਨਾਲ ਰਾਜਾ ਨਿਰਾਸ ਨਹੀਂ ਮੁੜੇਗਾ। **ਸੇਵਕ ਨੇ** ਆਪਣੇ ਰਾਜੇ ਨੂੰ ਸਾਰੀ ਗੱਲ ਜਾ ਦੱਸੀ ਅਤੇ ਅੱਧੀ ਰਾਤ ਵੇਲੇ ਰਾਜੇ ਨੂੰ ਉਸ ਵੇਸਵਾ ਦੇ ਘਰ ਜਾ ਵਾੜਿਆ। ਜੋਗੀ ਬਣੀ ਵੇਸਵਾ ਨੇ ਰਾਜੇ ਨੂੰ ਆਖਿਆ ਕਿ ਸਾਰੇ ਲੋਕਾਂ ਨੂੰ ਏਥੋਂ ਭੇਜ ਦੇਵੇ ਅਤੇ ਧੂਪ, ਦੀਪ, ਚੌਲ, ਫੁੱਲ ਅਤੇ **ਵਧੀਆ ਸ਼ਰਾਬ** ਮੰਗਵਾ ਲਏ। ਰਾਜੇ ਨੇ ਵੇਸਵਾ ਦੀ ਦੱਸੀ ਸਮੱਗ੍ਰੀ ਮੰਗਵਾ

ਲਈ ਅਤੇ ਕਹਿ ਕੇ ਸਾਰੇ ਲੋਕ ਉਥੋਂ ਭੇਜ ਦਿੱਤੇ। ਤਦ ਵੇਸਵਾ ਨੇ ਆਪਣਾ ਅਸਲੀ ਰੂਪ ਪ੍ਰਗਟ ਕਰਦਿਆਂ ਰਾਜੇ ਨੂੰ ਆਪਣੇ ਨਾਲ ਭੋਗ ਕਰਨ ਲਈ ਕਿਹਾ। ਰਾਜੇ ਨੇ ਪਰ-ਇਸਤ੍ਰੀ ਨਾਲ ਭੋਗ ਕਰਨਾ ਧਰਮ ਦੇ ਵਿਰੁੱਧ ਕਹਿ ਕੇ ਉਸ ਦੀ ਮੰਗ ਠੁਕਰਾ ਦਿੱਤੀ। ਜਦ ਰਾਜਾ ਕਿਸੇ ਦਲੀਲ ਨਾਲ ਵੀ ਭੋਗ ਕਰਨ ਲਈ ਰਾਜ਼ੀ ਨਾ ਹੋਇਆ ਤਾਂ ਇਸਤ੍ਰੀ ਨੇ ਬਾਹਰ ਨਿਕਲ ਕੇ ਚੋਰ ਚੋਰ ਦਾ ਰੌਲਾ ਪਾ ਦਿੱਤਾ। ਰੌਲਾ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗੇਏ। ਜਦ ਫੜੇ ਜਾਣ ਦਾ ਰਾਜੇ ਨੂੰ ਪ੍ਰਤੱਖ ਡਰ ਪਾ ਲਿਆ ਤਾਂ ਇਸਤ੍ਰੀ ਨੇ ਲੋਕਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਉਹ ਸੁਪਨੇ ਦੇ ਕਾਰਨ ਬਰੜਾਕੇ ਰੌਲਾ ਪਾਉਣ ਲੱਗ ਪਈ ਸੀ। ਲੋਕਾਂ ਦੇ ਚਲੇ ਜਾਣ ਤੇ ਉਸ ਨੇ ਰਾਜੇ ਦਾ ਹਥ ਫੜਕੇ, ਆਖਿਆ ਕਿ ਜਾਂ ਭੋਗ ਕਰੇ ਨਹੀਂ ਤਾਂ ਬਨ੍ਹਵਾ ਦੇਵੇਗੀ। (=ਅੜਿਲ ੩੧, ੩੨)

ਫੜੇ ਜਾਣ ਦੇ ਡਰ ਤੋਂ ਰਾਜਾ ਸੋਚੀਂ ਪੈ ਗਿਆ, ਮਨ ਵਿਚ ਖ਼ਿਆਲ ਆਇਆ ਕਿ ਜੇ ਭੋਗ ਕਰਨ ਤੋਂ ਮੁੰਡਾ ਜੰਮਿਆਂ ਤਾਂ ਉਹ **ਭੰਡ** ਹੋਵੇਗਾ ਅਤੇ ਜੇ ਲੜਕੀ ਜੰਮੀ ਤਾਂ **ਵੇਸਵਾ** ਬਣੇਗੀ, ਅਤੇ ਭੋਗ ਕੀਤਿਆਂ ਧਰਮ ਵੀ ਜਾਂਦਾ ਰਹਿਣਾ ਹੈ। ਪਰ ਜੇ ਦੌੜਦਾ ਹਾਂ ਤਾਂ ਫੜਿਆ ਜਾਣ ਦਾ ਡਰ ਹੈ,

ਯਥਾ: **ਪੂਤ ਹੋਇ ਤੌ ਭਾਂਡ ਵਹ ਸੁਤਾ ਤੌ ਬੇਸਯਾ ਹੋਇ ॥ ਭੋਗ ਕਰੇ, ਭਾਜਤ ਧਰਮ ਭਜੇ ਬੰਧਾਵਤ ਸੋਇ ॥ ੩੫ ॥**

ਸੋ ਰਾਜੇ ਨੇ ਚਲਿਤ੍ਰ ਨਾਲ ਖਿਸਕ ਜਾਣਾ ਸਿਆਣਪ ਸਮਝੀ ਅਤੇ ਉਸ ਵੇਸਵਾ ਨੂੰ ਸੰਬੋਧਨ ਕਰਕੇ ਬੋਲਿਆ :--

**ਚੌਪਈ ॥ ਕਹਯੋ ਸੁਨਹੁ ਤੁਮ ਬਾਤ ਪਿਆਰੀ ॥ ਦੇਖਤ ਥੋ ਮੈ ਪ੍ਰੀਤਿ ਤਿਹਾਰੀ ॥**
**ਤੁਮ ਸੀ ਤ੍ਰਿਯਾ ਹਾਥ ਜੋ ਆਵੇ ॥ ਬਡੋ ਮੂੜ ਜੋ ਤਾਹਿ ਪ੍ਰਹਰੈ ॥ ੩੬ ॥**

**ਅਰਥ:**--ਰਾਜੇ ਨੇ ਆਖਿਆ ਜੇ ਪਿਆਰੀ ! ਤੂੰ ਮੇਰੀ ਗੱਲ ਸੁਣ, ਮੈ ਤਾਂ ਤੇਰਾ ਪਿਆਰ ਵੇਖ ਰਿਹਾ ਸੀ। ਤੇਰੀ ਜਿਹੀ ਸੁੰਦਰ ਇਸਤਰੀ ਹੱਥ ਆਉਣ ਤੇ ਜੋ ਛੱਡ ਦੇਵੇਗਾ, ਉਹ ਵੱਡਾ ਮੂਰਖ ਸਮਝਿਆ ਜਾਵੇਗਾ । ੩੬ ।

**ਦੋਹਰਾ ॥ ਰੂਪਵੰਤ ਤੋਸੀ ਤ੍ਰਿਯਾ ਪਰੈ ਜੁ ਕਰ ਮੈ ਆਇ ॥ ਤਾਹਿ ਤਯਾਗ ਮਨ ਮੈ ਕਰੈ ਤਾਕੋ ਜਨਮ ਲਜਾਇ ॥੩੭॥**
**ਪੋਸਤ ਭਾਂਗ ਅਫੀਮ ਬਹੁ ਲੀਜੈ ਤੁਰਤੁ ਮੰਗਾਇ ॥ ਨਿਜੁ ਕਰ ਮੋਹਿ ਪਿਵਾਇਯੋ, ਹ੍ਰਿਦੈ ਹਰਖ ਉਪਜਾਇ ॥੩੮॥**
**ਤੁਮ ਮਦਰਾ ਪੀਵਹੁ ਘਨੋ ਹਮੈ ਪਿਵਾਵਹੁ ਭੰਗ ॥ ਚਾਰਿ ਪਹਰ ਕੌ ਮਾਨਹੌ ਭੋਗਿ ਤਿਹਾਰੇ ਸੰਗ ॥੩੯॥**

**ਅਰਥ:**--ਤੁਹਾਡੇ ਵਰਗੀ ਸੁੰਦਰ ਇਸਤਰੀ ਹੱਥ ਵਿਚ ਆਉਣ ਤੇ ਜੋ ਉਹਨੂੰ ਛੱਡ ਦੇਵੇਗਾ ਤਾਂ ਉਸਦਾ ਜਨਮ ਲੈਣਾ ਹੀ ਸ਼ਰਮ ਦੀ ਗੱਲ ਹੈ **।੩੭।** ਤੁਸੀ **ਪੋਸਤ, ਭੰਗ, ਅਫ਼ੀਮ ਮੰਗਵਾ ਲਓ** ਅਤੇ ਮਨ ਵਿਚ ਖ਼ੁਸ਼ੀ ਭਰਕੇ **ਆਪਣੇ ਹੱਥਾਂ ਨਾਲ ਮੈਨੂੰ ਪਿਆਓ ।੩੮।** ਤੁਸੀ ਆਪ ਰੱਜਕੇ ਸ਼ਰਾਬ ਪੀਓ ਅਤੇ ਮੈਨੂੰ ਭੰਗ ਪਿਆਓ ਤਾਂ ਮੈਂ **ਚਾਰ ਪਹਿਰ ਤਕ ਤੁਹਾਡੇ ਨਾਲ ਭੋਗ ਕਰਾਂਗਾ** । ੩੯ ।

**ਪਦਮ ਸਾਹਿਬ ਜੀਓ** ! ਆਪ ਜੀ ਨੇ ਇਸ ਕਹਾਣੀ ਨੂੰ ਦਸ਼ਮੇਸ਼ ਜੀ ਦੀ ਆਪ ਬੀਤੀ, ਅਤੇ ਦਲੀਲਾਂ ਦੇ ਕੇ ਕਹਾਣੀ ਦੇ ਲਿਖਾਰੀ ਵੀ ਦਸਮੇਸ਼ ਜੀ ਨੂੰ ਹੀ ਸਿੱਧ ਕੀਤਾ ਹੋਇਆ ਹੈ। ਤੁਹਾਡੇ ਲਿਖੇ ਅਨੁਸਾਰ ਦਸ਼ਮੇਸ਼ ਜੀ ਦੇ ਲਿਖੇ ਉਪ੍ਰੋਕਤ ਦੋਹੇ, ਕੀ, ਗੁਰੂ-ਬਚਨ ਹੀ ਹਨ ? ਕੀ ਇਹ ਬਚਨ ਉਹੀ ਹਨ ਜਿਨ੍ਹਾਂ ਬਾਰੇ ਤੁਸਾਂ ਆਪਣੀ ਪੁਸਤਕ --' ਦਸਮ ਗ੍ਰੰਥ ਦਰਸ਼ਨ " ਦੇ ੪੩ ਸਫ਼ੇ ਤੇ ਇਉਂ ਲਿਖਿਆ ਹੋਇਆ ਹੈ-ਪਰ ਜਦ ਕਹਾਣੀ ਮੁਕਣ ਤੇ ਗੁਰੂ ਕਵੀ ਬੋਲਿਆ ਹੈ ਤਾਂ ਉਹ ਆਪਣੀ ਸੁਰ ਵਿਚ ਬੋਲਿਆ ਹੈ ? ਅਤੇ ਏਸੇ ਪੁਸਤਕ ਦੇ ੫੪ ਸਫ਼ੇ ਤੇ ਇਉਂ ਲਿਖਿਆ ਹੈ--" **ਸ੍ਰੀ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੀ ਦਸਮ ਜੋਤਿ ਸਨ, ਇਸ ਲਈ ਜੋ ਵਿਚਾਰ ਉਨ੍ਹਾਂ ਦਿਤੇ ਉਹ ਸ੍ਰੀ ਗੁਰੂ ਗਰੰਥ ਦੀ ਵਿਚਾਰਧਾਰਾ ਤੋਂ ਵਿਪਰੀਤ ਹੋਣੇ ਸੰਭਵ ਹੀ ਨਹੀਂ** " --ਇਸ ਲਈ ਤੁਹਾਡੇ ਲਿਖੇ ਅਨੁਸਾਰ ਉਪ੍ਰੋਕਤ ਸਾਰਾ ਕੁਝ ਦਸ਼ਮੇਸ਼ ਜੀ ਦੇ ਆਪਣੇ ਹੀ ਬਚਨ ਹਨ ?

(੧) ਕਿਸੇ ਵੇਸਵਾ ਨੂੰ ਕਹੇ ਇਹ ਬਚਨ, ' ਪੋਸਤ, ਭੰਗ ਅਫ਼ੀਮ ਮੈਨੂੰ ਪਿਲਾ ਅਤੇ ਆਪ ਸ਼ਰਾਬ ਪੀ ਲੈ ਤੇ ਫਿਰ ਮੈਂ ਤੇਰੇ ਨਾਲ ਚਾਰ ਪਹਿਰ ਭੋਗ ਕਰਾਂਗਾ, " ਕੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਚਾਰ ਧਾਰਾ ਦੇ ਅਨਕੂਲ ਹੀ ਹਨ ਜੀ?

ਕਹਾਣੀ ਦੀ ਅਗਲੀ ਚੌਪਈ, ਜੋ ਵੀ ਤੁਹਾਡੇ ਲਿਖੇ ਅਨੁਸਾਰ, ਲਿਖਾਰੀ ਹੋਣ ਦੇ ਨਾਤੇ ਦਸ਼ਮੇਸ਼ ਜੀ ਦੇ ਆਪਣੇ ਹੀ ਬਚਨ ਹਨ, ਇਉਂ ਹੈ:--

**ਚੌਪਈ ॥**
**ਫੂਲਿ ਗਈ ਸੁਨ ਬਾਤ ਅਯਾਨੀ ॥ ਭੇਦ ਅਭੇਦ ਕੀ ਬਾਤ ਨ ਜਾਨੀ ॥**
**ਅਧਿਕ ਹ੍ਰਿਦੈ ਸੁਖ ਉਪਜਾਯੋ ॥ ਅਮਲ ਕਹਯੋ ਸੋ ਤੁਰਤੁ ਮੰਗਾਯੋ ॥ ੪੦ ॥**

**ਅਰਥ:**--ਉਹ ਬੇਸਮਝ ਇਹ ਗੱਲ ਸੁਣਕੇ ਫੁੱਲ ਗਈ ਅਤੇ ਉਹਨੇ ਭੇਤ ਨੂੰ ਨਾ ਸਮਝਿਆ। ਉਹ ਮਨ ਵਿਚ ਬੜੀ ਖੁਸ਼ ਹੋਈ ਤੇ ਜਿਹੜੇ ਅਮਲ ਉਹਨੇ ਆਖੇ ਉਹ ਛੇਤੀ ਨਾਲ ਮੰਗਵਾ ਲਏ।੪।

(੧) ਸਪੱਸ਼ਟ ਹੋ ਗਿਆ ਕਿ ਰਾਮਜਨੀ ਨੇ ਦਸ਼ਮੇਸ਼ ਜੀ ਦੇ ਕਥਿਤ ਝੂਠੇ ਬਚਨਾਂ ਨੂੰ ਸੱਚ ਮੰਨ ਲਿਆ ਅਤੇ ਉਨ੍ਹਾਂ ਦੇ ਅੰਦਰ ਦੀ ਗੱਲ, ਨਾ ਬੁੱਝ ਸਕੀ। ਜੇ ਸਤਿਗੁਰਾਂ ਨੂੰ ਵਾਕਿਆ ਹੀ ਆਪਣਾ ਇਸ਼ਟ ਮੰਨਦੇ ਹੋ ਤਾਂ ਆਪਣੇ ਹਿਰਦੇ ਤੇ ਹੱਥ ਰੱਖ ਕੇ ਬੋਲੋ ਕਿ, ਕੀ ਇਹ ਬਚਨ ਉਸੇ ਮਹਾਂ ਬਲੀ, ਵਡਉਪਕਾਰੀ ਨਿਰਭੈ ਜੋਧੇ, ਸ੍ਰੀ ਦਸ਼ਮੇਸ਼ ਜੀ ਦੇ ਹੀ ਹਨ ਜਿਨ੍ਹਾਂ ਨੇ ਜ਼ਾਲਮ ਅਤੇ ਨਿਰਦਈ ਮੁਗ਼ਲ ਸਮਰਾਟ, ਔਰੰਗਜ਼ੇਬ ਵਲ ਭੇਜੇ ਪੱਤਰ ਨੂੰ " ਜ਼ਫ਼ਰ ਨਾਮਹਿ " ਭਾਵ, ' ਫ਼ਤਹਿ ਨਾਮਾ" ਲਿਖਿਆ ਸੀ, ਅਤੇ ਉਸ ਵਿਚ ਹੋਰ ਕਈ ਕਰੜੇ ਸੱਚ-ਬਚਨ ਤੋਂ ਇਲਾਵਾ ਉਸ ਵਲ ਇਉਂ ਵੀ ਲਿਖ ਭੇਜਿਆ ਸੀ--**ਹਮੂੰ ਮਰਦ ਬਾਇਦ ਸ਼ਵਦ ਸੁਖ਼ਨਵਰ ॥ ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥੫੫॥**

**ਭਾਵ,** ਮਰਦ ਹੁੰਦਾ ਹੀ ਉਹ ਹੈ, ਜਿਹੜਾ ਬਚਨਾਂ ਦਾ ਪੱਕਾ ਹੋਵੇ ਅਤੇ ਜਿਸ ਦੇ ਮੂੰਹ ਵਿਚ ਵੀ ਉਹੀ ਹੋਵੇ ਜੋ ਉਸ ਦੇ ਢਿੱਡ ਵਿਚ ਹੈ। ਵੇਸਵਾ ਨਾਲ ਕੀਤਾ ਗਿਆ ਵਿਹਾਰ ਕੀ ਇਨ੍ਹਾਂ ਬਚਨਾਂ ਦੇ ਅਨਕੂਲ ਹੀ ਹੈ ਜੀ ?

(੨) ਅਥਾਹ ਫੌਜੀ ਸ਼ਕਤੀ ਦੇ ਮਾਲਕ ਜ਼ਾਲਮ ਔਰੰਗ ਜ਼ੇਬ ਨੂੰ ਸੱਚੀ ਗੱਲ ਕਹਿਣ ਵਿਚ ਜ਼ਰਾ ਵੀ ਝਿਜਕ ਨਾ ਮੰਨਣ ਵਾਲੇ ਮਹਾਂ ਬਲੀ ਦਲਭੰਜਨ ਸੂਰਮੇਂ, ਅਭੁੱਲ ਦਸਮ ਸਤਿਗੁਰੂ ਜੀ ਨੂੰ (**ਪਦਮ ਜੀਓ ! ਤੁਸਾਂ**--ਸਾਰੇ ਪੰਥ ਵਿਚੋਂ **ਕੇਵਲ ਤੁਸਾਂ**) ਇੱਕ ਵੇਸਵਾ ਦੇ ਸਾਹਮਣੇ ਭਿੱਜੀ ਹੋਈ ਬਿੱਲੀ (ਭੀਗੀ ਬਿੱਲੀ) ਬਣੇ ਝੂਠ ਬੋਲਦੇ, ਅਤੇ ਕਾਇਰਾਂ ਵਾਂਗ ਧੋਖਾ ਦੇਣ ਦੇ ਯਤਨ ਵਿਚ ਰੁਝੇ ਦਰਸਾਇਆ ਹੈ। ਬ੍ਰਾਹਮਣ ਤੋਂ ਮਗਰੋਂ

**ਸੰਸਾਰ ਵਿਚ ਇੱਕ ਤੁਸੀ ਹੀ ਹੋ** ਜਿਨ੍ਹਾਂ ਨੇ ਆਪਣੇ ਇਸ਼ਟ, ਉਸ **ਲਾਸਾਨੀ ਸਤਿਗੁਰੂ** ਜੀ ਦੇ ਨਾਮਣੇ ਨਾਲ ਅਜੇਹਾ ਕੁਝ ਜੋੜ ਕੇ ਅਪਣੀ **ਵਿਦਵਤਾ ਦੇ ਅਥਵਾ ਇਨਸਾਨੀਅਤ ਦੇ ਮੂੰਹ ਤੇ ਲੁੱਕ ਮਲ ਲਈ ਹੈ। ਅੱਗੇ ਤੁਰੀਏ:--**

**ਦੋਹਰਾ ॥ ਪੋਸਤ ਭਾਂਗ ਅਫੀਮ ਬਹੁ ਗਹਿਰੀ ਭਾਂਗ ਘੁਟਾਇ । ਤੁਰਤ ਤਰਨਿ ਲਯਾਵਤ ਭਈ ਮਦ ਸਤ ਬਾਰ ਚੁਆਇ** ।੪੧।

**ਅਰਥ**:--ਪੋਸਤ, ਭੰਗ, ਅਫ਼ੀਮ ਡੂੰਘੀ ਘੋਟੀ ਹੋਈ ਭੰਗ ਅਤੇ **ਸਤ ਵਾਰ ਕਢੀ ਹੋਈ ਸ਼ਰਾਬ** ਉਹ ਇਸਤ੍ਰੀ ਤੁਰੰਤ ਲੈ ਕੇ ਆ ਗਈ । ੪੧।

**ਅਤੇ ਫਿਰ ਮਦਰਾ ਪਯਾਯੇ ਤਰੁਨਿ ਕੋ ਨਿਜੁ ਕਰ ਪਯਾਲੇ ਡਾਰਿ ॥**
**ਇਹ ਛਲ ਸੌ ਤਿਹ ਮੱਤ ਕਰਿ ਰਾਖੀ ਖਾਟ ਸੁਆਰਿ ॥ ੪੫ ॥**

**ਅਰਥ**:--ਆਪਣੇ ਹੱਥੀ ਪਿਆਲੇ ਭਰ ਬਰ ਕੇ ਉਹਨੂੰ ਸ਼ਰਾਬ ਪਿਆਈ ਤੇ ਉਸ ਵੇਸਵਾ ਨਾਲ ਬਹੁਤ ਪਿਆਰ ਜਤਾਇਆ। ਜਦੋਂ ਉਹ ਮਸਤ ਹੋ ਕੇ ਸੌਂ ਗਈ ਤਾਂ ਰਾਜੇ ਨੇ ਸੱਠ ਮੋਹਰਾਂ ਉਥੇ ਰੱਖਕੇ ਦੌੜਨ ਦੀ ਕੀਤੀ । ੪੫ ।

**ਅੜਿੱਲ ॥ ਭਰਿ ਭਰਿ ਨਿਜੁ ਕਰ ਪਯਾਲੇ ਮਦ ਤਿਹ ਪਯਾਇਯੋ ॥ ਰਾਮਜਨੀ ਸੌ ਅਧਿਕ ਸੁ ਨੇਹ ਜਤਾਇਯੋ ॥**
**ਮੱਤ ਹੋਇ ਸਵੈ ਗਈ ਰਾਇ ਤਬ ਲੌ ਕਿਯੋ ॥ ਹੋ ਸਾਠਿ ਮੁਹਰ ਦੈ ਤਾਹਿ ਭਜਨ ਕੋ ਮਗੁ ਲਿਯੋ ॥ ੪੬ ॥**

ਅਰਥ:--ਰਾਜੇ ਨੇ ਆਪਣੇ ਹਥ ਨਾਲ ਉਸ ਇਸਤ੍ਰੀ ਨੂੰ **ਸ਼ਰਾਬ** ਪਿਆਈ ਅਤੇ ਛਲ ਕਰਕੇ ਉਹਨੂੰ ਮੰਜੇ ਉਤੇ ਸੁਆ ਦਿੱਤਾ।੪੫। (ਆਪਣੇ ਹੱਥੀ ਸ਼ਰਾਬ ਪਿਲਾਉਣ ਵਾਲੀ ਗੱਲ ਇੱਕ ਵਾਰੀ ਨਹੀਂ ਸਗੋਂ ਮੁੜ ਮੁੜ ਲਿਖੀ ਜਾ ਰਹੀ ਹੈ) ਆਪਣੇ ਹਥੀਂ ਪਿਆਲੇ ਭਰ ਭਰ ਕੇ ਉਹਨੂੰ ਸ਼ਰਾਬ ਪਿਆਈ ਤੇ ਉਸ ਨਾਲ ਬਹੁਤ ਪਿਆਰ ਜਿਤਾਇਆ (ਉਸ ਨੂੰ ਚੁੰਮਦੇ ਚੱਟਦੇ ਰਹੇ ?) ਜਦੋ ਉਹ ਮਸਤ ਹੋ ਕੇ ਸੌਂ ਗਈ ਤਾਂ ਰਾਜੇ ਨੇ ਸੱਠ ਮੋਹਰਾਂ (ਪਿਆਰ ਜਿਤਾਉਣ ਦੀ ਫੀਸ ?) ਉਥੇ ਰੱਖ ਕੇ ਦੌੜਨ ਦਾ ਰਾਹ ਲਿਆ । ੪੫।

**ਅੱਗੇ ਤੁਰਨ ਤੋਂ ਪਹਿਲਾਂ** ਮੁੜ ਮੁੜ ਬਦਲ ਰਹੀ ਤੁਹਾਡੀ ਗੱਲ ਨੂੰ ਏਥੇ ਹੀ ਸਾਫ਼ ਕਰ ਲੈਣਾ ਠੀਕ ਰਹੇਗਾ। ਪੁਸਤਕ ਦੇ ੪੩ ਸਫ਼ੇ ਤੇ ਹੀ ਪਾਠਕਾਂ ਨੂੰ ਭੁਲੇਖੇ ਵਿਚ ਰੱਖਣ ਲਈ ਤੁਸਾਂ ਇਉਂ ਵੀ ਲਿਖਿਆ ਹੋਇਆ ਹੈ:--

> " ਇਸ ਵਿਚ ਇਹ ਵੀ ਕਿਤੇ ਕਿਤੇ ਆਉਂਦਾ ਹੈ ਕਿ **ਫ਼ਲਾਣੀ ਔਰਤ** ਨੇ ਸ਼ਰਾਬ ਯਾ ਭੰਗ ਪਿਲਾ ਕੇ **ਅਮਕੇ ਮਰਦ** ਨੂੰ ਬੇਹੋਸ਼ ਕਰ ਦਿੱਤਾ ਯਾ ਉਸ ਨਾਲ **ਐਸਾ ਕੀਤ**ਾ, ਇਹ ਸਭ ਕੁਝ ਕਹਾਣੀ ਦਾ ਹਿੱਸਾ ਹੈ, ਗੁਰੂ ਸਾਹਿਬ ਦੀ ਆਪਣੀ ਕਥਨੀ ਨਹੀਂ । " [ਇਸ ਤੋਂ ਅੱਗਲੀ ਲਿਖਤ, ਚਲਦੇ ਵਿਸ਼ੇ ਦੇ ਅੰਤ ਵਿਚ]

**ਸ਼ੰਕਾ:**-- ਤੁਹਾਡੇ ਲਿਖੇ ਅਨੁਸਾਰ (ਕਥਿਤ) ਆਪ ਬੀਤੀ ਦੇ ਲਿਖਾਰੀ ਵੀ ਦਸ਼ਮੇਸ਼ ਜੀ ਆਪ ਹੀ ਹਨ। ਹੁਣ ਇਹ ਦੱਸੋ ਕਿ ਏਥੇ ਉਪ੍ਰੋਕਤ ੩੬ ਤੋਂ ੩੯ ਚੌਪਈਆਂ ਜਿਨ੍ਹਾਂ ਵਿਚ ਆਪਣੇ ਲਈ ਲਿਖਾਰੀ ਜੀ ਪੋਸਤ, ਭੰਗ, ਅਫ਼ੀਮ ਮੰਗ ਰਹੇ ਹਨ ਅਤੇ ਵੇਸਵਾ ਲਈ ਸੱਤ ਵਾਰ ਕੱਢੀ ਸ਼ਰਾਬ--ਤੁਸੀਂ ਕਿਸ ਦਲੀਲ ਨਾਲ ਦਸ਼ਮੇਸ਼ ਜੀ ਦੇ ਥਾਂ ਕਿਸ " **ਅਮਕੇ ਮਰਦ** ' ਨਾਲ ਜੋੜ ਸਕਦੇ ਹੋ? ਤੁਹਾਡੇ ਲਿਖੇ ਦੇ ਉਲਟ, ਏਥੇ ਸ਼ਰਾਬ ਪਿਲਾਉਂਣ ਵਾਲੀ ਔਰਤ ਨਹੀਂ ਸਗੋਂ (ਤਹਾਡੇ ਹੀ ਲਿਖੇ ਅਨੁਸਾਰ ਧੋਖੇ ਨਾਲ ਸ਼ਰਾਬ ਪਿਲਉਣ ਵਾਲੇ) ਅਤੇ ਇੱਕ ਅਬਲਾ ਨੂੰ ਬੇਹੋਸ਼ ਕਰਕੇ ਚੋਰਾਂ ਵਾਂਗ ਖਿਸਕ ਆਉਣ ਵਾਲੇ ਦਸ਼ਮੇਸ਼ ਜੀ ਆਪ ਹਨ । ਝੂਠਾ ਪਿਆਰ **ਇਸਤ੍ਰੀ ਨਹੀਂ** ਦਰਸਾ ਰਹੀ ਸਗੋਂ ਝੂਠਾ ਪਿਆਰ ਜਿਤਾ ਕੇ ਤਿੱਖੀ ਸ਼ਰਾਬ ਦੁਆਰਾ ਬੇਹੋਸ਼ ਇੱਕ **ਅਬਲਾ** ਨੂੰ ਕੀਤਾ ਗਿਆ? ਕੀ, ਇਹ ਗੱਲ ਸ਼ਰਮ ਵਿਚ ਡੁੱਬ ਕੇ ਮਰ ਜਾਣ ਵਾਲੀ ਨਹੀਂ ਹੈ ਜੀ ? ਕੀ,ਤੁਸੀ ਦਸ਼ਮੇਸ਼ ਜੀ ਦੇ ਹੀ ਸਿੱਖ ਹੋ ?

(੩) ਕੀ, **ਤੁਸੀਂ ਹਿਰਦੇ ਤੋਂ ਸੱਚ ਮੰਨਦੇ ਹੋ ਛਲ** ਕਰਨ ਦੀ ਨੀਯਤ ਨਾਲ, ਆਪਣੇ ਹੱਥੀਂ **ਸ਼ਰਾਬ ਦੇ ਪਿਆਲੇ** ਭਰ ਭਰ ਕੇ ਕਿਸੇ **ਵੇਸਵਾ** ਨੂੰ ਪਿਲਾਉਣ ਜਿਹਾ ਗੁਰਮਤਿ ਵਿਰੋਧੀ ਕੁਕਰਮ ਕਰਨਾ ਦਸਮੇਸ਼ ਜੀ (ਜਿਨ੍ਹਾਂ ਨੂੰ ਤੁਸਾਂ ਆਪ ਗੁਰੂ ਨਾਨਕ ਜੀ ਦੀ ਦਸਮ ਜੋਤਿ ਲਿਖਿਆ ਹੈ-੫੪) ਨੇ ਝੱਲ ਲਿਆ ਹੋਵੇਗਾ ?

(੪) ਧੋਖਾ ਦੇਣ ਲਈ ਝੂਠ-ਮੂਠ ਦੇ ਪਿਆਰ-ਜਾਲ ਵਿਚ ਫਸਾ ਕੇ ਇੱਕ ਇਸਤ੍ਰੀ ਨੂੰ ਬੇਸੁੱਧ ਕੀਤਾ ਅਤੇ ੬੦ ਰੁਪੱਯੇ ਉਸ ਨੂੰ ਮੂੰਹ ਬੰਦ ਰੱਖਣ ਦੀ ਫ਼ੀਸ ਦੇ ਕੇ ਦਸ਼ਮੇਸ਼ ਜੀ ਦੌੜ ਆਏ ? ਕੀ ਇਹ ਗੱਲ ਸੱਚ ਹੀ ਹੈ ਜੀ ? --**ਸ਼ਰਮ ਮਗਰ ਹਮ ਕੋ ਨਹੀਂ ਆਤੀ....** ?

**ਹੇ ਪਦਮ ਜੀਉ !** ਕੀ ਅਜੇਹੀ ਘਿਣਾਵਣੀ ਊਜ ਉਸੇ ਅਭੁੱਲ ਅਤੇ ਅੰਤਰਯਾਮੀ ਗੁਰੂ-ਪਰਮੇਸ਼ਵਰ ਦੇ ਸਿਰ ਮੜ੍ਹ ਰਹੇ ਹੋ, ਜਿਨ੍ਹਾਂ ਨੇ ਹੋਸ਼ਿਆਰ ਪੁਰ ਵਿਖੇ ਆਪਣੇ ਸਿੱਖ ਜੋਗਾ ਸਿੰਘ ਨੂੰ ਵੇਸਵਾ ਦੇ ਘਰ ਦਾਖ਼ਲ ਹੋਣੋਂ ਰੋਕ ਲਿਆ ਸੀ? ਕੀ ਚੌਰੀ ਦੌੜ ਜਾਣ ਵਾਲਾ ਗੀਦੀਆਂ ਵਾਲਾ ਕਰਮ ਵੀ ਉਸੇ ਨਿਰਭੈ ਸੂਰਮੇ ਸਤਿਗੁਰੂ ਜੀ ਦੇ ਹੀ ਸਿਰ ਮੜ੍ਹ ਰਹੇ ਹੋ ਜਿਨ੍ਹਾਂ ਨੇ, ਲਖਾਂ ਵੈਰੀਆਂ ਦੇ ਕਰੜੇ ਘੇਰੇ ਵਿਚ ਘਿਰੀ ਹੋਈ ਚਮਕੌਰ ਦੀ ਗੜ੍ਹੀ ਵਿਚੋਂ ਵੀ ਚੁੱਪ ਚਾਪ ਚੋਰੀ, ਨਿਕਲ ਆਉਣਾ ਪ੍ਰਵਾਨ ਨਹੀਂ ਸੀ ਕੀਤਾ ? ਆਪਣੇ ਚੰਗੇ ਜਾਂ ਮੰਦੇ, ਪਿਛੋਕੜ ਦਾ ਚੇਤਾ ਕਰਦਿਆਂ ਆਪਣੇ ਅੰਦਰ ਝਾਤੀ ਮਾਰ ਕੇ ਯਕੀਨ ਕਰ ਲਵੋ--ਕੀ ਤੁਸੀਂ ਸਚ-ਮੁਚ ਦਸ਼ਮੇਸ਼ ਜੀ ਦੇ ਹੀ ਸਿੱਖ ਹੋ ? ਕੀ ਤੁਸਾਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੋਇਆ ਹੈ? ਜੇ ਛਕਿਆ ਹੋਇਆ ਹੈ ਤਾਂ ਫਿਰ ਇਹ ਤਸੱਲੀ ਵੀ ਕਰ ਲਵੋ ਕਿ, **ਕਿਤੇ ਉਸੇ ਬਿੱਪ੍ਰ ਵਾਂਗ ਹੀ ਅੰਮ੍ਰਿਤਧਾਰੀ ਬਣ ਕੇ ਪੰਥ ਵਿਚ ਤਾਂ ਨਹੀਂ ਆ ਵੜੇ ਹੋਏ ਜਿਸ ਨੇ ਖ਼ਾਲਸਾ ਜੀ ਨੂੰ ਗੁਰਬਾਣੀ ਦੇ ਅਖੰਡ ਪਾਠਾਂ ਨਾਲ ਜੋੜਿਆ ਸੀ?** ਬੜੀ ਹੈਰਾਨੀ ਹੈ ਕਿ, ਅਜੇਹਾ ਅਨਰਥ ਦਸ਼ਮੇਸ਼ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਜੋੜਨ ਦੀ ਗੱਲ ਸੋਚਣ ਤੋਂ ਪਹਿਲਾਂ ਤੁਹਾਨੂੰ ਕੋਈ ਚੱਪਣੀ ਵੀ ਨਾ ਮਿਲੀ ਜੋ ਨੱਕ ਡੋਬ ਮਰਦੇ? (ਪੜ੍ਹੋ ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ " ਤੀਜੇ ਭਾਗ ਦਾ ਅਰੰਭਕ ਕਾਂਡ )

ਦਾਦੂ ਦੀ ਕਬਰ ਤੇ ਤਾਂ ਅਜੇ ਕੇਵਲ ਤੀਰ ਹੀ ਝੁਕਾਇਆ ਸੀ ਕਿ ਸਿੰਘਾਂ ਨੇ ਦਸ਼ਮੇਸ਼ ਜੀ ਨੂੰ ਤਨਖਾਹ ਲਾਉਣ ਦੀ ਗੱਲ ਕਹਿਣੋਂ ਝਿਜਕ ਨਹੀਂ ਸੀ ਮੰਨੀ, ਏਥੇ ਤਾਂ ਇਸਤ੍ਰੀ ਦੇ ਡਰ ਤੋਂ ਝੂਠੇ ਬੋਲ ਬੋਲਣ ਦਾ, ਭੰਗ, ਅਫ਼ੀਮ, ਪੋਸਤ ਖਾਣਾ ਮੰਨਣ ਦੇ ਬਚਨ ਬੋਲਣ ਦਾ, " ਸੱਤ ਵਾਰ ਦੀ ਕੱਢੀ ' ਸ਼ਰਾਬ ਦੇ ਪਿਆਲੇ ਆਪਣੇ ਹਥ ਨਾਲ ਭਰ ਭਰ ਕੇ ਫੜਾਉਣ ਦਾ, ਅਤੇ ਸਾਰੀ ਰਾਤ ਉਸ ਨਾਲ ਭੋਗ ਕਰਨ ਲਈ ਰਜ਼ਾ ਮੰਦੀ ਵਾਲੇ ਬਚਨ

ਆਪਣੇ ਪਾਵਨ ਪਵਿੱਤ੍ (ਉਸ) ਮੁੱਖਾਰਬਿੰਦ ਵਿਚੋਂ (ਜਿਸ ਪ੍ਰਤੀ ਖ਼ਾਲਸਾ ਜੀ ਦੀ ਅਪਾਰ ਸ਼ਰਧਾ ਬਣ ਚੁੱਕੀ ਸੀ, ਅਥਵਾ ਜਿਹੜਾ ਦੈਵੀ ਮੁਖੜਾ ਹੁਣ ਖ਼ਾਲਸਾ ਜੀ ਦੀ ਅਮਾਨਤ ਬਣ ਚੁੱਕਾ ਸੀ) ਬੋਲਣ ਦਾ, [ਭਾਵੇਂ ਝੂਠਾ ਲਾਰਾ ਹੀ ਸੀ, ਫਿਰ ਵੀ, ਗੁਰੂ ਨਾਨਕ ਸਾਹਿਬ ਦੀ ਗੁਰਿਆਈ ਦੇ ਮਾਲਕ ਦੀ ਹੈਸੀਯਤ ਵਿਚ ਵਿਚਰਦਿਆਂ, ਕਿਸੇ ਭੈੜੀ ਤੋਂ ਭੈੜੀ ਅਤੇ ਸਖ਼ਤ ਤਸੀਹਾਂ ਵਾਲੀ ਸ਼ਹੀਦੀ ਪਾਉਣ ਵਾਲੀ ਸਥਿਤੀ ਵਿਚ ਵੀ, ਅਜੇਹੇ ਮੰਦ ਬਚਨ ਬੋਲਣ ਦਾ ਮਨ ਵਿਚ ਖ਼ਿਆਲ ਤੱਕ ਵੀ ਆਉਣਾ, ਕਬਰ ਵਲ ਤੀਰ ਝੁਕਾਉਣ ਦੇ ਟਾਕਰੇ ਤੇ, ਕਬਰ ਦੇ ਅੱਗੇ ਲੰਮੇ ਪੈ ਕੇ ਗਿੜਗੜਾਉਂਣ ਨਾਲੋਂ ਵੀ ਭੈੜੀ (ਬੱਜਰ=) ਕੁਰਹਿਤ ਹੈ] ਫਿਰ ਤੁਸੀਂ ਹੀ ਦੱਸੋ ਕਿ ਉਸ ਵੇਲੇ ਦਾ ਖ਼ਾਲਸਾ ਅਜੇਹੀ ਕੁਰਹਿਤ ਕੀਤੀ ਜਾਣ ਤੇ, ਦਸ਼ਮੇਸ਼ ਜੀ ਲਈ ਕੀ ਹੁਕਮ ਕਰਦਾ ? ਕੀ, ਅਜੇਹੇ ਮੰਦੇ ਹਾਦਸੇ ਉਪ੍ਰੰਤ ਗੁਰੂ ਨਾਨਕ ਜੀ ਦੀ ਸਿੱਖੀ ਬਚੀ ਰਹਿੰਦੀ ? ਕੀ ਖ਼ਾਲਸਾ ਪੰਥ ਵਿਚ ਸਮੂਹਕ ਵਿਦ੍ਰੋਹ ਨਾ ਫੈਲ ਜਾਂਦਾ ?

ਜਾਣ ਬੁੱਝ ਕੇ ਅਜੇਹੀ ਭੈੜੀ ਸਥਿਤੀ ਵਿਚ ਫਸ ਜਾਣ ਵਾਲਾ **ਕੋਈ ਵੀ ਮਨੁੱਖ** ਕਿਸੇ ਵੀ ਹਾਲਤ ਵਿਚ ਸਤਿਗੁਰ ਸੱਚਾ ਪਾਤਸ਼ਾਹ ਨਹੀਂ ਮੰਨਿਆਂ ਜਾ ਸਕਦਾ। ਚਰਿਤ੍-ਰੂਪ ਅਤਿਯੰਤ ਘਟੀਆਂ ਕੁਫ਼ਰ ਅਤੇ ਅਣਹੋਣੀਆਂ ਗੱਲਾਂ ਨੂੰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਵਾਲਿਆਂ ਦਾ, ਕੀ ਅਸਲ ਟੀਚਾ ਓਸ ਦਿਨ ਦੀ ਉਡੀਕ ਹੈ, ਜਦ ਅਜੇਹੀ ਘਟੀਆ ਸਮੱਗਰੀ ਤੋਂ ਉਤਸ਼ਾਹਤ ਹੋ ਕੇ ਸਿੱਖੀ ਦਾ ਵੈਰੀ ਖੁਲ੍ਹੇ ਆਮ ਦਸ਼ਮੇਸ਼ ਜੀ ਤੇ ਕੋਝੇ ਤੋਂ ਕੋਝੇ ਹਮਲੇ ਕਰਨ ਲੱਗ ਪਵੇਗਾ, ਅਤੇ ਲੋਕਾਂ ਦਾ ਮਨ, ਗੁਰੂ ਨਾਨਕ ਜੀ ਦੀ ਸਿੱਖੀ ਤੋਂ ਉਪਰਾਮ ਹੋਣਾ ਅਰੰਭ ਹੋ ਜਾਵੇਗਾ ? ਨੀਲ ਅਨੀਲ ਤੋਂ ਵੀ ਅਗੇ ਲੰਘੇ ਹੋਏ, **੧** ਨਾਲ ੧੫ ਬਿੰਦੀਆਂ ਵਾਲੇ, **ਹੇ ਸ਼੍ਰੀ ਪਦਮ ਸਾਹਿਬ ਜੀਓ !** ਅਜੇਹਾ ਸਾਰਾ ਕੁਝ ਲਿਖਣ ਤੋਂ ਤੁਹਾਡਾ ਆਪਣਾ ਅਸਲ ਮੰਤਵ ਕੀ ਹੈ ਜੀ? ਕਿਉਂਕਿ ਤੁਸਾਂ ਤਾਂ---**ਏਥੇ ਹੀ ਬੱਸ ਨਹੀਂ ਕੀਤੀ, ਇਸ ਤੋਂ ਹੋਰ ਵੀ ਘਿਣਾਵਣਾ ਅਨਰਥ ?:--**

**ਅੜਿਲ ॥ ਤਬੈ ਰਾਇ ਗ੍ਰਿਹ ਆਇ ਸੁ ਪ੍ਰਣ ਐਸੋ ਕਿਯੋ । ਭਲੋ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ ॥**
**ਦੇਸ ਦੇਸ ਨਿਜੁ ਪ੍ਰਭ ਕੀ ਪ੍ਰਭਾ ਬਿਖੇਰਿਹੌ । ਹੋ ਆਨ ਤ੍ਰਿਯਾ ਕਹੱ ਬਹੁਰਿ ਨ ਬਹੂੰ ਹੇਰਿਹੌ ॥ ੪੯।**

**ਅਰਥ**:--ਤਾਂ ਰਾਜੇ ਨੇ ਘਰ ਆ ਕੇ ਪ੍ਰਨ ਕੀਤਾ ਕਿ ਇਸ ਵਾਰ ਤਾਂ ਮੈਂ ਜਤਨ ਕਰਕੇ ਆਪਣੇ ਧਰਮ ਨੂੰ ਬਚਾ ਲਿਆ, ਹੁਣ ਮੈਂ ਦੇਸ ਦੇਸਾਂਤਰਾਂ ਵਿਚ ਉਸ ਪ੍ਰਮੇਸ਼ਰ ਦਾ ਜੱਸ ਫੈਲਾਵਾਂਗਾ ਅਤੇ **(ਬਹੁਰਿ) ਅੱਗੇ ਤੋਂ ਕਦੇ ਵੀ ਕਿਸੇ (ਪਰਾਈ) ਇਸਤਰੀ ਵੱਲ ਨਹੀਂ ਤੱਕਾਂਗਾ ।** ੪੯। **ਪਦਮ ਜੀਓ ! ਕੀ ਇਸ ਵਾਰੀ ਰਾਇ ਜੀ ਪ੍ਰਾਈ** ਇਸਤ੍ਰੀ ਤੱਕਣ ਹੀ ਗਏ ਸਨ ?

**(੫)** ਏਥੇ ਅਨਦੰਪੁਰ ਵਾਲੇ ਰਾਜਾ=ਰੂਪ ਸਤਿਗੁਰੂ ਜੀ ਨੂੰ ਇਹ ਪ੍ਰਣ ਕਰਦੇ ਦਰਸਾ ਲਿਆ [ਅੱਗੇ ਤੋਂ ਦੇਸ ਦੇਸਾਂਤਰਾਂ ਵਿਚ ਪਰਮੇਸ਼ਰ ਦਾ ਜਸ ਫੈਲਾਉਂਦਾ ਰਹਾਂਗਾ ਅਤੇ ਦੋਬਾਰ **(ਬਹੁਰਿ)** ਕਿਸੇ ਇਸਤ੍ਰੀ ਵੱਲ ਕਦੇ ਨਹੀਂ ਤੱਕਾਂਗਾ **(=ਹੇਰਿਹੌ)** ] ਪਰ ਫਿਰ, ਤੁਸਾਂ ੨੧, ੨੨, ੨੩ ਅਨੂਪ ਕੌਰ ਵਾਲੀ ਸਾਖੀ ਵੀ ਦਸ਼ਮੇਸ਼ ਜੀ ਦੀ ਆਪਣੀ **ਆਪ ਬੀਤੀ** ਹੀ ਲਿਖ ਕੇ ਪਾਠਕਾਂ ਦੀ ਇਹ ਤਸੱਲੀ ਕਰਵਾਈ ਹੈ ਕਿ--

(੧) ਦਸ਼ਮੇਸ਼ ਜੀ ਏਡੇ ਹੌਲੇ ਆਚਰਨ ਦੇ ਮਾਲਕ ਸਨ ਕਿ ਉਹ ਪਰਾਈ ਇਸਤ੍ਰੀ ਦੇ ਜਾਲ ਵਿਚ ਫਸਣ ਲੱਗੇ, ਆਪਣੇ ਪ੍ਰਣ ਤੋਂ ਅਥਵਾ ਆਪਣੇ ਬਚਨਾਂ ਤੋਂ ਖਿਸਕਣ ਲੱਗੇ ਵੀ ਢਿੱਲ ਨਹੀਂ ਸਨ ਕਰਦੇ,

(੨) ਭਾਵ ਦਸ਼ਮੇਸ਼ ਜੀ ਨੂੰ ਨਾ ਤਾਂ ਆਪਣੇ ਹੀ ਲਿਖੇ ਦੀ, ਅਤੇ ਨਾ ਹੀ ਗੁਰੂ-ਬਾਣੀ ਦੇ-" ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ " ਅਥਵਾ-" ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥" ਬਚਨਾਂ ਦਾ ਕੋਈ ਚੇਤਾ ਰਿਹਾ ?

ਅਗੇ ਚੱਲ ਕੇ ਪਤਾ ਨਹੀਂ ਕਿਹੋ ਜਿਹੇ ਬਚਨਾਂ ਨਾਲ ਵਾਹ ਪੈਣਾ ਹੈ ਪਰ, ਸਤਿਕਾਰਤ ਪਦਮ ਸਾਹਿਬ ਜੀਓ! ਕੇਵਲ ਉਪ੍ਰੋਕਤ ਵਿਚਾਰੇ ਬਚਨਾਂ ਵਿਚ ਹੀ, ਦਸਮੇਸ਼ ਜੀ ਦੀ ਪਾਵਨ ਪਵਿਤ੍ਰ ਸ਼ਖ਼ਸ਼ੀਯਤ ਤੇ ਤੁਹਾਡੇ ਵਲੋਂ ਇਹ ਪੰਜਵੀਂ ਅਤੇ ਬਹੁਤ ਹੀ ਗੰਭੀਰ ਊਜ ਲਾਈ ਗਈ ਹੈ?

ਚੋਰ ਨੂੰ ਚੋਰ, ਜ਼ਾਲਮ ਨੂੰ ਜਾਲਮ, ਠੱਗ ਨੂੰ ਠੱਗ ਕਹਿਣਾ ਅਥਵਾ ਕਿਸੇ ਦੇ ਅਉਗਣਾਂ ਬਾਰੇ ਕਿਸੇ ਭਲੇ ਪੁਰਸ਼ ਨੂੰ ਸੁਚੇਤ ਕਰਨ ਲਈ ਸੱਚ ਸੱਚ ਦੱਸ ਦੇਣਾ, ਚੰਗੇ ਸ਼ਹਿਰੀ ਦਾ ਫ਼ਰਜ਼ ਹੈ। ਏਸੇ ਤਰ੍ਹਾਂ ਨੇਕ ਨਿੱਯਤੀ ਨਾਲ ਕਿਸੇ ਦੇ ਗੁਣ ਅਤੇ ਅਉਗੁਣ ਸੱਚ ਸੱਚ ਲਿਖਣੇ, ਚੰਗੇ ਇਤਿਹਾਸ-ਕਾਰਾਂ ਦਾ ਧਰਮ ਹੁੰਦਾ ਹੈ, ਪਰ ਕਿਸੇ ਨੂੰ ਬਦਨਾਮ ਕਰਨ ਵਾਲੀ **ਝੂਠੀ ਊਜ ਲਾਉਣੀ ' ਨਿੰਦਿਆ '** ਹੈ। ਇਸ ਪ੍ਰਕਾਰ ਦੀ ਨਿੰਦਿਆਂ ਬਾਰੇ ਗੁਰਬਾਣੀ ਦੇ ਫ਼ੁਰਮਾਨ--

**੧੦- ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥**
**ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸ ਗਲੇ ਕੁਲ ਡੋਬੰਨਿ ॥੫॥**
**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥**
**ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥ {੭੫੫}-੧-੩}**

**੧੧- ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥ ਜੇ ਓਹੁ ਕੂਪ ਤਟਾ ਦੇਵਾਵੈ ॥ ਕਰੈ ਨਿੰਦ● ਸਭ ਬਿਰਥਾ ਜਾਵੈ ॥੧॥ ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥ ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ ਸੀਗਾਰ ਸਮੇਤਿ ॥ ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀ ਗੁਨੈ ॥੨॥ ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥ ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥ ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪਰਗਟਿ ਪਾਹਾਰਾ**

॥ ਨਿੰਦਕੁ ਸੋਧਿ ਸਾਧਿ ਬੀਚਾਰਿਆ ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥੧੧॥੭॥੨॥੪੯॥ {੮੭੫}

**ਸੰਤ ਅਥਵਾ ਭਗਤ ਦੇ ਨਿੰਦਕ ਬਾਰੇ ਗੁਰੂ ਫ਼ੁਰਮਾਨ:--**

੧੨- **ਸੰਤ ਕੀ ਨਿੰਦਾ ਜੋਨੀ ਭਵਨਾ ॥ ਸੰਤ ਕੀ ਨਿੰਦਾ ਰੋਗੀ ਕਰਨਾ ॥ ਸੰਤ ਕੀ ਨਿੰਦਾ ਦੂਖ ਸਹਾਮ ॥ ਡਾਨੁ ਦੈਤ ਨਿੰਦਕ ਕਉ ਜਾਮ ॥੧॥ ਸੰਤਸੰਗਿ ਕਰਹਿ ਜੋ ਬਾਦੁ ॥ ਤਿਨ ਨਿੰਦਕ ਨਾਹੀ ਕਿਛੁ ਸਾਦੁ ॥੧॥ ਰਹਾਉ ॥ ਭਗਤ ਕੀ ਨਿੰਦਾ ਕੰਧੁ ਛੇਦਾਵੈ ॥ ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥ ਭਗਤ ਕੀ ਨਿੰਦਾ ਗਰਭ ਮਹਿ ਗਲੈ ॥ ਭਗਤ ਕੀ ਨਿੰਦਾ ਰਾਜ ਤੇ ਟਲੈ ॥੨॥ ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥ ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥ ਪਾਰਬ੍ਰਹਮ ਕੇ ਭਗਤ ਨਿਰਵੈਰ ॥ ਸੋ ਨਿਸਤਰੈ ਜੋ ਪੂਜੈ ਪੈਰ ॥ ਆਦਿ ਪੁਰਖਿ ਨਿੰਦਕੁ ਭੋਲਾਇਆ ॥ ਨਾਨਕ ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥** {੧੧੪੫}

**ਪਰ ਆਪਣੇ ਗੁਰੂ ਦੇ** ਨਿੰਦਕ ਦਾ ਤਾਂ ਸਤਿਗੁਰਾਂ ਨੇ ਦਰਸ਼ਨ ਕਰਨਾਂ ਵੀ ਚੰਗਾ ਨਹੀਂ ਜਾਤਾ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ--

੧੩- **ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥ ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਤਿਆਰੀ ॥ ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥ ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥ ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ ॥੨੩॥** {੬੫੧}

**ਅਰਥ:**--ਜੋ ਮਨੁੱਖ ਆਪਣੇ ਪਿਆਰੇ ਸਤਿਗੁਰੂ ਜੀ ਦੀ ਨਿੰਦਾ (ਗੋਪਨਾ=ਨਿੰਦਣਾ, ਪਿੱਠ ਪਿੱਛੇ ਬੁਰਾ ਕਹਿਣਾ) ਕਰਦੇ ਹਨ ਉਹ ਬਹੁਤ ਭੈੜੇ ਹਨ, ਰੱਬ ਮਿਹਰ ਕਰੇ ! ਹੇ ਭਾਈ ! ਉਨ੍ਹਾਂ ਦਾ ਦਰਸ਼ਨ ਨਾ ਕਰੋ, ਉਹ ਬੜੇ ਪਾਪੀ ਤੇ ਹਤਿਆਰੇ ਹਨ, ਮਨੋਂ ਖੋਟੇ ਉਹ ਆਦਮੀ ਵਿਭਚਾਰਨ ਇਸਤ੍ਰੀ ਵਾਂਗ ਘਰ ਘਰ ਫਿਰਦੇ ਹਨ । ਅੱਗੇ ?--

ਸਰਬੱਤ ਦਾ ਭਲਾ ਮੰਗਣ ਦੀ ਅਰਦਾਸ ਕਰਨੀ ਸਿਖਾਉਣ ਆਏ ਸਤਿਗੁਰੂ ਜੀ, ਸੰਤਾਂ ਭਗਤਾਂ ਦੇ ਅਜੇਹੇ ਨਿੰਦਕ ਲਈ ਵੀ ਭਲੇ ਦੀ ਅਰਦਾਸ ਕਰ ਰਹੇ ਹਨ}

ਸ੍ਰੀ ਪਿਆਰਾ ਸਿੰਘ ਪਦਮ ਸਾਹਿਬ ਜੀਓ ! ਤੁਹਾਡੇ ਵਰਗੇ ਹੰਡੇ-ਵਰਤੇ ਜਹਾਂਦੀਦਾ ਵਿਦਵਾਨ ਦਾ ਇਹ ਲਿਖਣਾ ਕਿ--“ **ਗੁਰੂ ਸਾਹਿਬ ਨੇ ਕੁਝ ਆਪ ਬੀਤੀਆਂ ਵੀ ਦਰਜ ਕੀਤੀਆਂ ਹਨ ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ** ” ਸ਼ਰਾਰਤ ਅਤੇ ਕੁਟਲਤਾ ਭਰਿਆ ਇਸ ਕਰਕੇ ਹੈ, ਕਿਉਂਕਿ, ਤੁਸਾਂ ਦਸ਼ਮੇਸ਼ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਮਾਲਕ ਵੀ ਲਿਖਿਆ ਹੈ। ਫਿਰ ਤੁਸੀਂ ਇਹ ਵੀ ਜਾਣਦੇ ਸੀ, ਕਿ ਉਸੇ ਜੋਤਿ ਦੇ ਮਾਲਕ ਲਈ ਉਸੇ ਹੀ **ਜੀਵਨ ਜੁਗਤਿ** ਦਾ ਮਾਲਕ ਹੋਣਾ ਵੀ ਜ਼ਰੂਰੀ ਸ਼ਰਤ ਹੈ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**{੯੬੬} ਦਸ਼ਮੇਸ਼ ਜੀ ਦੇ ਬਚਪਨ ਦਾ, ਅਥਵਾ ਕਿਸ਼ੋਰ ਅਵਸਥਾ ਦੀ ਜ਼ਿੰਦਗੀ ਦਾ ਇਤਿਹਾਸ ਗਵਾਹ ਹੈ ਕਿ ਗੁਰਿਆਈ ਦੇ ਮਾਲਕ ਬਣਨ ਤੋਂ ਪਹਿਲਾਂ ਹੀ, ਉਨ੍ਹਾਂ ਦੀ **ਜੀਵਨ-ਜੁਗਤਿ**, ਗੁਰਮਤਿ ਦੇ ਐਨ ਅਨਕੂਲ ਸੀ। ਪਰ ਇਨ੍ਹਾਂ ਕਥਿਤ ਆਪ ਬੀਤੀਆਂ ਵਿਚ ਕਥਿਤ ਰਾਜੇ ਦਾ ਕਿਰਦਾਰ ਕੀ, ਗੁਰੂ ਨਾਨਕ ਸਾਹਿਬ ਦੀ ਜੀਵਨ ਜੁਗਤਿ ਦੇ ਅਨਕੂਲ ਹੀ ਹੈ ?

ਜਿਨ੍ਹਾਂ ਹਵਾਲਿਆਂ ਦੇ ਜ਼ਿਕਰ ਨਾਲ ਅਜੇਹੇ ਹਾਨੀ ਕਾਰਕ ਝੂਠ ਨੂੰ ਤੁਸੀਂ ਦਸ਼ਮੇਸ਼ ਜੀ ਦੀ **ਆਤਮ ਕਥਾ** ਲਿਖ ਰਹੇ ਹੋ, ਕੀ, ਇਹ ਨਹੀਂ ਹੋ ਸਕਦਾ ਕਿ, ਅਜੇਹੇ ਹਵਾਲੇ ਲਿਖ ਕੇ ਕਿਸੇ ਚਾਤੁਰ ਵੈਰੀ ਨੇ ਸਾਨੂੰ ਪੁੱਠੇ ਰਾਹ ਪਾਉਣ ਦਾ ਯਤਨ ਕੀਤਾ ਹੋਵੇ ? ਕੀ ਇਹ ਤੁਹਾਡਾ ਸਿੱਖੀ ਧਰਮ ਨਹੀਂ ਸੀ ਬਣਦਾ ਕਿ, ਅਜੇਹੇ ਦੁਖਦਾਈ ਫ਼ਤਵੇ ਲਿਖਣ ਤੋਂ ਪਹਿਲਾਂ, ਇਸ ਪੱਖੋਂ ਵੀ ਵਿਚਾਰ ਕਰ ਲੈਂਦੇ ?

ਪਰ ਤੁਸੀਂ ਕਿਹੜਾ ਭੁੱਲੇ ਹੋਏ ਸੀ, ਕਿ ਜਿਹੜਾ ਕੁਟਲ-ਬੁਧੀ ਵੈਰੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨੇਊ ਪਾਉਣ ਵਾਲੇ ਦਿਨ ਤੋਂ ਸਤਿਗੁਰਾਂ ਦੇ ਨਿਆਰੇ ਪੰਥ ਨੂੰ ਮੁੜ ਮੰਦਰਾਂ ਵਿਚ ਟੱਲ ਖੜਕਾਉਂਦੇ ਵੇਖਣ ਦੀ ਯੋਜਨਾ ਅਧੀਨ ਨਵੇਂ ਤੋਂ ਨਵੇਂ ਕਾਰੇ ਨਿਰੰਤਰ ਕਰਦਾ ਹੀ ਆ ਰਿਹਾ ਹੈ, ਉਹ ਅਜੇਹੇ ਝੂਠ-ਹਵਾਲੇ ਵੀ ਲਿਖ ਸਕਦਾ ਸੀ। ਪੰਥ ਨੂੰ ਵੈਰੀ ਦੀ ਕਿਸੇ ਕੁਟਲਤਾ ਤੋਂ ਸੁਚੇਤ ਕਰਨਾ ਤਾਂ ਕਿਤੇ ਰਿਹਾ, ਤੁਸਾਂ ਸਗੋਂ ਵੈਰੀਆਂ ਦੇ ਦਲਾਲਾਂ ਵਾਲਾ ਹੋਰ ਵੀ ਖ਼ਤਰਨਾਕ ਕਰਮ ਕੀਤਾ ਅਤੇ ਉਚੇਚੇ ਭਰਮਾਊ ਸ਼ਬਦਾਂ ਵਿਚ ਲਿਖੀਆਂ ਝੂਠ-ਕਹਾਣੀਆਂ ਨੂੰ ਨਿਖੇੜ ਕੇ **ਦਸ਼ਮੇਸ਼ ਜੀ ਦੀ ਆਪ ਬੀਤੀ** ਲਿਖ ਦਿੱਤਾ ? ਕੀ, ਆਪ ਜੀ, ਕਿਸੇ ਦਲੀਲ ਨਾਲ ਇਹ ਸਪੱਸ਼ਟ ਕਰਨ ਦੀ ਮਿਹਰ ਕਰ ਸਕਦੇ ਹੋ ਕਿ, ਤੁਹਾਡਾ ਇਹ ਕਰਮ ” ਪੰਥ ਧਰੋਈਆਂ ” ਵਾਲਾ ਨਹੀਂ, ਸਗੋਂ ਪੰਥਕ ਸੇਵਕਾਂ ਵਾਲਾ ਸਮਝਣਾ ਚਾਹੀਦਾ ਹੈ ? ਕੀ ਤੁਹਾਨੂੰ ਪੰਥ ਦਾ ਅੰਗ ਬਣੇ ਰਹਿਣ ਦਾ ਕੋਈ ਹੱਕ ਰਹਿ ਗਿਆ ਹੈ ? ਪਰ, ਮਹਾਰਾਜਾ ਰਣਜੀਤ ਸਿੰਘ ਨੂੰ ਕੋੜਿਆਂ ਦੀ ਸਜ਼ਾ ਦੇਣ ਦਾ ਸਾਹਸ ਕਰਨ ਵਾਲੀ ਜਥੇਦਾਰੀ ਜੀਵਤ ਹੁੰਦੀ ਤਾਂ ਅੱਜ ਤੋਂ ਕਈ ਸਾਲ ਪਹਿਲਾਂ ਤੋਂ ਤੁਸੀਂ ਪੰਥ ਵਿਚੋਂ ਬਾਹਰ ਵਗਾਹ ਮਾਰੇ ਗਏ ਹੁੰਦ, ਕਿਉਂਕਿ :--.

੧੪- **ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ**

**ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥** {੬੮੯॥}

## ੩- ਦਸ਼ਮੇਸ਼ ਜੀ ਦੀ ਉਪ੍ਰੋਕਤ ਕਥਿਤ ਆਪ-ਬੀਤੀ ਬਾਰੇ, ਗੰਭੀਰ ਇਤਰਾਜ਼ਾਂ ਦਾ ਹੋਰ ਵੇਰਵਾ:--

**ੳ)** ਜੋਗੀ ਬਣ ਕੇ ਆਈ ਵੇਸਵਾ ਦੀ ਅਸਲੀਯਤ ਨਾ ਪਛਾਣ ਸਕਣ ਵਾਲੀ ਗੱਲ ਲਿਖਣੀ, ਸਤਿਗੁਰਾਂ ਦੀ ਅੰਤਰਯਾਮਤਾ ਅਤੇ ਉਨ੍ਹਾਂ ਦੀ ਰੂਹਾਨੀ ਅਜ਼ਮਤ ਤੇ ਬਦਨੁਮਾ ਦਾਗ਼ ਨਹੀਂ ਲਾਇਆ ਗਿਆ? ਫਿਰ ਜੋਗਨ ਦੇ ਥਾਂ ਜੋਗੀ ਬਣੀ ਇਸਤ੍ਰੀ ਦੀ ਪਛਾਣ ਨਾ ਕਰ ਸਕਣ ਤੇ, ਆਮ ਮਨੁੱਖਾਂ ਵਾਲੀ ਸੂਝ-ਬੂਝ ਤੋਂ ਵੀ ਦਸ਼ਮੇਸ਼ ਜੀ ਨੂੰ ਸੱਖਣੇ ਦਰਸਾਉਂਣ ਦਾ ਕੀ ਹੋਰ ਵੀ ਵੱਧ ਘੋਰ ਅਪਰਾਧ ਨਹੀਂ ਹੈ ਜੀ? ਦਸ਼ਮੇਸ਼ ਜੀ ਦੀ ਸ਼ਖ਼ਸ਼ੀਯਤ ਨਾਲ ਅਜੇਹੀਆਂ ਕਮਜ਼ੋਰੀਆਂ ਜੋੜ ਕੇ, ਕੀ ਤੁਸਾਂ ਉਨ੍ਹਾਂ ਦਾ ਮੌਜੂ ਨਹੀਂ ਉਡਾਇਆ ਹੋਇਆ ਜੀ ?

**ਅ)** ਪਦਮ ਸਾਹਿਬ ਜੀਓ ! ਇਉਂ ਲੱਗਦਾ ਹੈ ਜਿਵੇ ਤੁਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਨਾ ਕਦੇ ਗਹੁ ਨਾਲ ਪੜ੍ਹੀ ਹੈ ਅਤੇ ਨਾ ਅਰਥ-ਵਿਚਾਰ ਨੂੰ ਧਿਆਨ ਵਿਚ ਰੱਖ ਕੇ ਕਦੇ (ਗੁਰੂ-ਬਾਣੀ ਨੂੰ) ਸੁਣਿਆਂ ਹੀ ਹੈ। ਜੇ ਤੁਸੀਂ ਮੰਤ੍ਰਾਂ ਜੰਤ੍ਰਾਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਿੰਮਨ ਲਿਖਤ ਹੁਕਮਾਂ ਦੀ ਕਦੇ ਵਿਚਾਰ ਕੀਤੀ ਹੁੰਦੀ ਤਾਂ ਮੰਤ੍ਰੰ ਜੰਤ੍ਰਾਂ ਦੇ ਅਜੇਹੇ ਜ਼ਿਕਰ ਵਾਲੀ ਕਹਾਣੀ ਨੂੰ ਦਸ਼ਮੇਸ਼ ਜੀ ਦੀ **ਆਪ ਬੀਤੀ** ਕਦੇ ਨਾ ਲਿਖਦੇ। ਗੁਰਮਤਿ ਨੇ ਜਾਦੂ ਟੂਣੇ ਅਤੇ ਜੰਤ੍ਰਾਂ ਮੰਤ੍ਰਾਂ ਤੰਤ੍ਰਾਂ ਨੂੰ ਕੇਵਲ ਬ੍ਰਾਹਮਣੀ ਮਾਇਆਜਾਲ ਇੱਕ ਭਰਮ ਕਹਿ ਕੇ, ਵਾਹਿਗੁਰੂ ਦੇ ਨਾਮ ਨੂੰ ਹੀ ਸਾਰੇ ਮੰਤ੍ਰਾਂ ਸਿਰ ਮੰਤ੍ਰ ਫ਼ੁਰਮਾਇਆ ਹੈ। ਆਪਣੇ ਪਹਿਲੇ ਸਰੂਪਾਂ ਵਿਚ ਤੰਤ੍ਰਾਂ ਮੰਤ੍ਰਾਂ ਆਦਿ ਬਾਰੇ ਆਪਣੇ ਲਿਖੇ ਦੀ ਖੰਡਨਾਂ, ਦਸਮ ਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਕਦੇ ਨਹੀਂ ਸਨ ਕਰ ਸਕਦੇ । ਦਸ਼ਮੇਸ਼ ਜੀ ਨੇ ਜਿਸ ਗੁਰੂ ਬਾਣੀ ਅੱਗੇ ਆਪਣਾ ਅਝੁੱਕ ਸੀਸ ਝੁਕਾ ਕੇ, ਗੁਰੂ-ਨਾਨਕ ਸਾਹਿਬ ਜੀ ਦੀ ਗੁਰਿਆਈ ਸੌਂਪੀ ਸੀ, ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੰਤ੍ਰਾਂ ਮੰਤ੍ਰਾਂ ਬਾਰੇ **ਫ਼ੁਰਮਾਨ,** ਇਸ ਪ੍ਰਕਾਰ ਹਨ :--

੧੫- **ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥**{੧੫੬}-੪-੧੬

ਇਸੇ ਤੁਕ ਤੋਂ ਹੀ ਕਈ ਸਿੱਖ ਵਿਦਵਾਨ ਮੂਲਮੰਤ੍ਰ (**੧ੴ** - -**ਪ੍ਰਸਾਦਿ**) ਦੇ ਜਾਪ ਨੂੰ ਜਨਮ ਜਨਮਾਂਤਰਾਂ ਦਾ ਪਾਪ ਨਾਸ ਕਰਨ ਵਾਲਾ ਅਮੋਘ ਮੰਤ੍ਰ ਦੱਸ ਰਹੇ ਹੁੰਦੇ ਹਨ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਵੀ ਪ੍ਰਭੂ ਦੇ ਨਾਮ ਨੂੰ ਹੀ ਸਾਰੇ ਮੰਤ੍ਰਾਂ ਤੋਂ ਸ੍ਰੇਸ਼ਟ ਮੰਤ੍ਰ ਲਿਖਿਆ ਹੈ। ਗੁਰਮਤਿ ਨੇ ਸਾਰਿਆਂ ਰੋਗਾਂ ਦਾ ਦਾਰੂ ਨਾਮ ਨੂੰ ਹੀ ਮੰਨਿਆਂ ਹੈ–**ਸਰਬ ਰੋਗ ਕਾ ਅਉਖਦੁ ਨਾਮੁ ॥** {੨੭੪} ਅਤੇ " **ਸਿਮਰਤ ਨਾਮੁ ਦੋਖ ਸਭਿ ਲਾਥੇ ॥** {੧੦੭} - ਤੰਤ੍ਰਾਂ ਮੰਤ੍ਰਾਂ ਦੀ ਸ਼ਕਤੀ ਨਾਲ ਰਾਜ਼ੀ ਹੋਣ ਤੇ ਟੇਕ ਰੱਖਣ ਦੇ ਭਰਮ ਦਾ ਨਾਸ ਕਰਨ ਵਾਲੇ ਹੋਰ ਗੁਰੂ ਫ਼ੁਰਮਾਨ:--

੧੬- **ਹਰਿ ਗੁਰੁ ਦਾਤਾ ਰਾਮ ਗੁਪਾਲਾ ॥ ਜਿਉ ਭਾਵੈ ਤਿਉ ਰਾਖੁ ਦਇਆਲਾ ॥ ਗੁਰਮੁਖਿ ਰਾਮੁ ਮੇਰੈ ਮਨਿ ਭਾਇਆ ॥ ਰੋਗ ਮਿਟੇ ਦੁਖੁ ਠਾਕਿ ਰਹਾਇਆ ॥੩॥ ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥ ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥** {੪੧੬}-੯

੧੭- **ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ ॥ ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥ ਸਾਚਾ ਧਨੁ ਪਾਇਓ ਹਰਿ ਰੰਗਿ ॥ ਦੁਤਰੁ ਤਰੇ ਸਾਧ ਕੈ ਸੰਗਿ ॥੩॥ ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥ ਨਾਨਕ ਬਿਰਥਾ ਕੋਇ ਨ ਹੇਇ ॥੪॥੨੭॥੯੬॥** {੧੮੪-੮੫}

੧੮- **ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥ ਰੋਗ ਸੋਗ ਮਿਟੇ ਪ੍ਰਭ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ ॥੩॥ ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥ ਨਾਨਕ ਬਖਸਿ ਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥੪॥੧੩॥੧੫॥** {੮੬੬}

੧੯- ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥{੧੦੩੫-੩੬}-੩-੧੫

ਸਭ ਰੋਗਾਂ ਦਾ ਦਾਰੂ ਨਾਮ :--

੨●- **ਜੀਅ ਜੁਗਤਿ ਜਾ ਕੈ ਹੈ ਹਾਥ ॥ ਸੋ ਸਿਮਰਹੁ ਅਨਾਥ ਕੋ ਨਾਥੁ ॥**
**ਪ੍ਰਭ ਚਿਤਿ ਆਏ ਸਭੁ ਦੁਖੁ ਜਾਇ ॥ ਭੈ ਸਭ ਬਿਨਸਹਿ ਹਰਿ ਕੈ ਨਾਇ ॥੧॥** {੧੯੪}-੨੬-੯੫

ਟੂਣਿਆਂ ਦਾ ਅਥਵਾ ਜੰਤ੍ਰਾਂ ਮੰਤਰਾਂ ਦਾ ਭਰਮ ਪਾਉਣ ਵਾਲੀ ਕਹਾਣੀ ਨੂੰ ਦਸ਼ਮੇਸ਼ ਜੀ ਦੀ **ਆਪ ਬੀਤੀ** ਲਿਖਣ ਬਾਰੇ ਤਾਂ ਵਿਚਾਰ ਵੀ ਮਨ ਵਿਚ ਨਹੀਂ ਆਉਣਾ ਚਾਹੀਦਾ। ਅਜੇਹਾ ਗੁਰਮਤਿ ਵਿਰੋਧੀ ਅਤੇ ਧ੍ਰਿਗੁਕਾਰ ਯੋਗ ਝੂਠ ਆਪ ਜੀ ਵਰਗੇ ਸੂਝਵਾਨ ਲਿਖਾਰੀ ਦਾ ਲਿਖਿਆ ਹੋਣਾ ਵਡੀ ਬਦਕਿਸਮਤੀ ਵਾਲੀ ਗੱਲ ਹੈ। ਅਜੇਹਾ ਲਿਖਣਾ ਤਾਂ ਹੈ ਹੀ ਬੜੀ ਦੂਰ ਦੀ ਗੱਲ, ਦਸਮ ਸਤਿਗੁਰੂ ਨਾਨਕ ਜੀ ਨੇ ਜਾਦੂ ਟੂਣਿਆਂ ਨਾਲ ਅਥਵਾ ਜੋਗੀਆਂ ਵਾਲੇ ਕਥਿਤ ਜੰਤਾਂ ਮੰਤ੍ਰਾਂ ਨਾਲ, ਸੰਬਧਤ ਕੋਈ ਕਹਾਣੀ ਸੁਣਨੀ ਵੀ ਕਦੇ ਪ੍ਰਵਾਨ ਨਹੀ ਕੀਤੀ।

ਇਸ ਤੋਂ ਵੀ ਵਧ ਹੋਰ ਘੋਰ ਅਨਰਥ ਇਹ ਕਿ, ਮੰਤ੍ਰ ਸਿੱਖਣ ਦਾ ਲਾਲਚ ਏਡਾ ਜ਼ੋਰ ਫੜ ਗਿਆ ਹੋਇਆ ਸੀ ਕਿ, ਦਸ਼ਮੇਸ਼ ਜੀ ਨੇ ਆਪਣੀ ਪਦਵੀ ਦਾ ਖ਼ਿਆਲ ਵੀ ਭੁਲਾ ਦਿੱਤਾ ਅਤੇ ਅੱਧੀ ਰਾਤ ਨੂੰ ਚੋਰਾਂ ਵਾਂਗ ਇੱਕ ਵੇਸਵਾ ਦੇ ਘਰ ਜਾ ਵੜੇ? ਅਜੇਹੀ ਘਟੀਆਂ ਗੱਲ ਦਸ਼ਮੇਸ਼ ਜੀ ਦੀ **ਆਪ ਬੀਤੀ** ਲਿਖਦੇ ਸਮੇਂ ਆਪ ਜੀ ਦਾ ਹਿਰਦਾ ਕਿਉਂ ਨਾ ਕੰਬਿਆ?

**ਏ)** ੧੫ ਬਿੰਦੀਆਂ ਵਾਲੇ ਹੇ ਪਦਮ ਜੀਓ ! ਕੀ, ਸਤਿਗੁਰਾਂ ਦੀ ਅੰਤਰਯਾਮਤਾ ਅਥਵਾ ਆਮ ਸੂਝ-ਬੂਝ ਏਨੀ ਜਵਾਬ ਦੇ ਬੈਠੀ ਸੀ ਕਿ ਜਦ ਵੇਸਵਾ ਨੇ ਹੋਰ ਸਾਰਿਆਂ ਨੂੰ ਅੰਦਰੋਂ ਕੱਢ ਦੇਣ ਲਈ ਕਿਹਾ, ਅਥਵਾ ਨਸ਼ੇ ਮੰਗਵਾਂਉਣ ਲਈ ਆਖਿਆ, ਤਾਂ ਰੋਸ ਨਾਲ ਝੱਟ ਵਾਪਸ ਮੁੜ ਆਉਣ ਦੀ ਥਾਂ ਸਗੋਂ ਸਾਊ ਸੇਵਕਾਂ ਵਾਂਗ ਵੇਸਵਾ ਦੀ ਕੁਟਲਤਾ ਦਾ ਸ਼ਿਕਾਰ ਹੁੰਦੇ ਗਏ, ਅਤੇ ਫਿਰ ਜਦ ਉਸ ਨੇ ਬਾਹਰ ਨਿਕਲ ਕੇ ਰੌਲਾ ਪਾਇਆ ਤਾਂ ਗੀਦੀਆਂ ਅਤੇ ਪਾਪੀਆਂ ਵਾਂਗ ਡਰੇ ਹੋਏ ਅੰਦਰ ਬੈਠੇ ਰਹੇ ? ਅਤੇ ਫਿਰ, ਜੇ ਵੇਸਵਾ ਤੋਂ ਭੰਡ ਜਾਂ ਵੇਸਵਾ ਪੈਦਾ ਹੋਣ ਦਾ ਖ਼ਿਆਲ ਨਾ ਆਉਂਦਾ ਤਾਂ ਕੀ, ਦਸ਼ਮੇਸ਼ ਜੀ ਉਸ ਨਾਲ ਭੋਗ ਕਰਨ ਲਈ ਤਿਆਰ ਹੋ ਪਏ ਸਨ?

**ਸ)** ਇਸ ਸੋ ਵੱਧ ਸਤਿਗੁਰਾਂ ਦੀ ਨਿੰਦਿਆ ਹੋਰ ਕੀ ਹੋ ਸਕਦੀ ਹੈ ? " **ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥** " ਦਾਸ ਦੀ ਕਲਮ ਇਹ ਲਿਖਣੋਂ ਨਹੀਂ ਰੁਕਦੀ ਕਿ, ਜਿਸ ਖ਼ਾਲਸਾ ਪੰਥ ਦੇ **ਜਥੇਦਾਰ ਸਾਹਿਬਾਨ ਨੇ,** ਅਜੇਹੀ ਪੁਸਤਕ ਨੂੰ ਬਾਜ਼ਾਰ ਵਿਚ ਵਿਕਦੀ ਝੱਲ ਲਿਆ ਹੋਇਆ ਹੈ, ਜਿਸ ਵਿੱਚ ਉਪ੍ਰੋਕਤ ਵਰਣਨ, ' ਗੁਰਮਤਿ ਵਿਰੋਧੀ ਝੂਠ-ਕਹਾਣੀ ' ਨੂੰ ਦਸ਼ਮੇਸ਼ ਜੀ ਦੀ ' **ਆਪ ਬੀਤੀ** " ਸਿੱਧ ਕੀਤਾ **ਹੋਇਆ ਹੈ, ਅਜੇਹਾ ਪੰਥ ਚੜ੍ਹਦੀ ਕਲਾ ਵਾਲੇ ਰਾਜਭਾਗ ਦੀ ਪ੍ਰਾਪਤੀ ਕਿਸੇ ਵੀ ਯਤਨ ਨਾਲ ਨਹੀਂ ਕਰ ਸਕੇਗਾ।**

# ੪- ਚਰੱਤ੍ਰ ੨੧ ਕਥਾ ਅਨੂਪ ਕੌਰ - (੨)

" ਦਸਮ ਗ੍ਰੰਥ ਦਰਸ਼ਨ " ਪੁਸਤਕ ਦੇ ੪੩, ੪੪ ਅਥਵਾ ੪੫ ਸਫ਼ਿਆਂ ਤੇ ਬੜੀ ਪ੍ਰਭਾਵਸ਼ਾਲੀ ਬੋਲੀ ਵਿਚ ਤੁਸਾਂ "ਅਨੂਪ ਕੌਰ" ਵਾਲੇ ਚਰਿਤਰ ਦੇ ਨਾਇਕ " ਰਾਜੇ " ਨੂੰ ਦਸ਼ਮੇਸ਼ ਜੀ ਹੀ ਲਿਖ ਕੇ ਉਹ ਕਹਾਣੀ **ਦਸ਼ਮੇਸ਼ ਜੀ ਦੀ ਆਤਮ ਕਥਾ** ਹੋਣ ਦਾ ਪੂਰਾ ਯਕੀਨ ਦਿਵਾਇਆ ਹੋਇਆ ਹੈ। ਇਸ ਚਰਰਿਤ੍ਰ ਵਿਚੋਂ ਤੁਸਾਂ " **ਸੁਧ ਜਬ ਤੇ ਹਮ ਧਰੀ, ਬਚਨ ਗੁਰ ਦਏ ਹਮਾਰੇ** " ਕਵਿਤਾ ਵੀ ਲਿਖੀ ਹੋਈ ਹੈ। ਸੋ ਕੇਵਲ ਤੁਹਾਡੇ ਲਿਖਣ ਤੋਂ ਇਹ ਯਕੀਨ ਕਰਕੇ ਪੰਡਿਤ ਨਰੈਣ ਸਿੰਘ ਗਿਆਨੀ ਦਾ ਲਿਖਿਆ ਟੀਕਾ ਮੰਗਵਾ ਕੇ ਜਦ ਅਰਥਾਂ ਸਮੇਤ ਉਸ ਕਹਾਣੀ ਦਾ ਪੂਰਾ ਰੂਪ ਪੜ੍ਹਿਆ ਤਾਂ ਹਿਰਦਾ ਸਖ਼ਤ ਪੀੜ ਨਾਲ ਕੁਰਲਾ ਉਠਿਆ। ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਸਰੂਪ, ਪਰਮ ਪੁਰਖ ਸ੍ਰੀ ਦਸ਼ਮੇਸ਼ ਜੀ ਨੂੰ ਏਡੀ ਨੀਵੀ ਦਸ਼ਾ ਵਿਚ ਵਿਚਰਦਿਆਂ, ਉਸ ਦੇ ਸਿੱਖ ਹੀ ਦਰਸਾ ਰਹੇ ਹਨ? ਤੁਹਾਡੀ (ਪਦਮ ਜੀ ਦੀ) ਲਿਖਤ ਨੇ ਦਾਸ ਨੂੰ ਵੀ ਜਦ ਏਡੀ ਚਕਰੀ ਦੇ ਦਿੱਤੀ ਹੈ ਤਾਂ ਗੁਰਮਤਿ ਤੋਂ ਅਗਿਆਨੀ ਪਾਠਕਾਂ ਦਾ ਕੀ ਹਾਲ ਹੋ ਰਿਹਾ ਹੋਵੇਗਾ ? ਪੰਥ ਦੇ ਦੋਖੀਆਂ ਨੇ ਅਥਵਾ ਮਾਇਆ ਠੱਗਣ ਲਈ ਪਰਚਾਰਕ ਬਣੇ ਭੇਖੀ ਲੁਟੇਰਿਆਂ ਨੇ ਜਿਹੜੀ ਝੂਠੀ ਕਹਾਣੀ ਦਸ਼ਮੇਸ਼ ਜੀ ਦੀ ਆਪਣੀ ਜੀਵਨ ਕਥਾ ਦੇ ਰੂਪ ਵਿਚ ਗੁਰੂ ਦਰਬਾਰਾਂ ਵਿਚ ਸੁਣਾ ਕੈ ਸੰਗਤਾਂ ਨੂੰ ਭਰਮੀ ਬਨਾਉਣ ਦਾ ਦੁਸ਼ਕਰਮ ਅਰੰਭਿਆ ਹੋਇਆ ਹੈ ਉਸ ਝੂਠ-ਗਾਥਾ ਦੀ ਅਸਲੀਯਤ ਇਸ ਇਤਿਹਾਸਕ ਚਿੱਠੀ-ਪੱਤਰ ਦਾ ਹਿੱਸਾ ਵੀ ਬਣ ਜਾਣੀ ਚਾਹੀਦੀ ਹੈ।

ਦਸਮ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਦੱਸ ਕੇ, **ਪਰਨਾਰੀ ਗਾਮੀ ਹੋਣ ਤੋਂ ਵਰਜਣ ਵਾਲੀ**, ਕਵਿਤਾ-ਰੂਪ ਵਿਸ਼ੇਸ਼ ਬਾਣੀ ਗੁਰੂ ਦਰਬਾਰਾਂ ਵਿਚ ਪੜ੍ਹ ਕੇ ਅਥਵਾ ਇਸ ਦਾ ਕੀਰਤਨ ਕਰਕੇ, ਸੰਗਤਾਂ ਨੂੰ, ਸੁਣਾਈ ਜਾਣ ਦਾ ਰਵਾਜ ਬੜੀ ਦੇਰ ਤੋਂ ਪ੍ਰਚੱਲਤ ਹੈ। ੧੯੯੩ ਤੋਂ ਪਹਿਲਾਂ ਦਾਸ ਨੂੰ ਕੋਈ ਪਤਾ ਨਹੀਂ ਸੀ ਕਿ ਇਹ ਬਾਣੀ ਕਿਸ ਗ੍ਰੰਥ ਵਿਚੋਂ ਹੈ। ਸਿੱਖ ਪਰਚਾਕਾਂ ਪ੍ਰਤੀ ਸ਼ਰਧਾ ਹੀ ਅਜੇਹੀ ਸੀ ਕਿ ਅਸੀਂ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਹੀ ਬਾਣੀ ਸਮਝਦੇ ਰਹੇ ਹਾਂ। ਗਿਆਨੀ ਨ੍ਰੈਣ ਸਿੰਘ ਜੀ ਦੇ ਲਿਖੇ ਅਰਥਾਂ ਸਮੇਤ ਕਵਿਤਾ-ਰੂਪ ਉਹ ਬਾਣੀ ਇਸ ਪ੍ਰਕਾਰ ਹੈ:--

**ਛੰਦ॥ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥ ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥ ੫੧ ॥**
**ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥ ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥**
**ਹੋ ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥ ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥ ੫੨ ॥**
**ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥ ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥**

**ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥ ਹੋ ਅੰਤ ਸ੍ਵਾਨ ਕੀ ਮ੍ਰਿਤ ਹਾਥ ਲੇਂਡੀ ਕੇ ਪਰਹੀ ॥ ੫੩ ॥**
**ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥ ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥**
**ਸਿੱਖਯ ਪੁੱਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥ ਹੋ ਕਹੁ ਸੁੰਦਰਿ ਤਿਹੱ ਸਾਥ ਗਵਨ ਕੈਸੇ ਕਰਿ ਕਰਿਯੈ ॥ ੫੪ ॥**

**ਅਰਥ:**--ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ, ਤਦੋਂ ਤੋਂ ਹੀ ਮੇਰੇ ਗੁਰੂ ਨੇ ਮੈਨੂੰ ਸਿਖਿਆ ਦਿਤੀ ਹੈ ਕਿ ਹੇ ਪੁੱਤਰ ! ਜਿੰਨਾ ਚਿਰ ਤੇਰੇ ਹਿਰਦੇ ਅੰਦਰ ਪ੍ਰਾਣ ਹਨ, ਉਤਨਾ ਚਿਰ ਤੂੰ ਇਹ ਧਾਰੀ ਰੱਖਣਾ ਹੈ ਕਿ ਆਪਣੀ ਇਸਤ੍ਰੀ ਦੇ ਨਾਲ ਤੂੰ ਸਦਾ ਪ੍ਰੇਮ ਵਧਾ, ਪਰ ਪਰਾਈ ਇਸਤ੍ਰੀ ਦੀ ਸੇਜਾ ਉਤੇ ਭੁੱਲਕੇ ਸੁਪਨੇ ਵਿਚ ਵੀ ਨਹੀਂ ਜਾਣਾ ਹੈ। **੫੧।** ਪਰਾਈ ਨਾਰੀ ਨੂੰ ਭੋਗਿਆਂ ਇੰਦ੍ਰ ਨੇ ਹਜ਼ਾਰ ਭਗ ਪਾਏ ਸੀ। ਪਰਾਈ ਨਾਰੀ ਦੇ ਭੋਗਿਆਂ ਚੰਦ੍ਰਮਾਂ ਨੇ ਆਪਣੇ ਆਪ ਨੂੰ ਕਲੰਕ ਲਗਾ ਲਿਆ ਸੀ। ਪਰਾਈ ਨਾਰੀ ਦੇ ਵਾਸਤੇ ਦਸਾਂ ਸਿਰਾਂ ਵਾਲੇ ਨੇ ਆਪਣੇ ਸਿਰ ਗਵਾ ਲਏ ਸੀ। ਪਰਾਈ ਨਾਰੀ ਦੇ ਵਾਸਤੇ ਕੌਰਵਾਂ ਦਾ ਦਲ ਮਾਰਿਆ ਗਿਆ ਸੀ।**੫੨।** ਪਰਾਈ ਨਾਰੀ ਨਾਲ ਪ੍ਰੇਮ ਤਿੱਖੀ ਛੁਰੀ ਵਾਂਗ ਜਾਣੋ। ਪਰਾਈ ਨਾਰੀ ਨਾਲ ਪ੍ਰੇਮ ਦਾ ਅਰਥ ਮੌਤ ਦਾ ਆਉਣਾ ਸਮਝੋ। ਆਪਣੇ ਆਪ ਨੂੰ ਬਹੁਤ ਬਲ ਵਾਲੇ ਸਮਝਕੇ ਜੋ ਪਰਾਈ ਨਾਰੀ ਨਾਲ ਭੋਗ ਕਰਦੇ ਨੇ, ਉਹ ਅੰਤ ਨੂੰ ਡਰਪੋਕ ਆਦਮੀ ਹਥੋਂ ਕੁੱਤੇ ਦੀ ਮੌਤੇ ਮਰਦੇ ਹਨ। **੫੩ ।** (ਰਾਜੇ ਨੇ ਕਿਹਾ) ਹੇ ਸਿਣਤ੍ਰੀ ! ਸਾਡੇ ਪਾਸ ਦੇਸ-ਦੇਸਾਂਤਰਾਂ ਤੋਂ ਇਸਤ੍ਰੀਆਂ ਆਉਂਦੀਆਂ ਹਨ ਅਤੇ ਮਨ-ਭਾਉਂਦੇ ਵਰ ਮੰਗ ਕੇ ਸਾਨੂੰ ਗੁਰੂ ਜਾਣਕੇ ਸਿਰ ਝੁਕਾਉਂਦੀਆਂ ਹਨ। ਉਹ ਸਿੱਖ ਮੇਰੇ ਪੁਤਰ ਹਨ, ਸਿੱਖਾਂ ਦੀਆਂ ਇਸਤ੍ਰੀਆਂ ਮੇਰੀਆਂ ਧੀਆਂ ਹਨ, ਹੇ ਸੁੰਦਰੀ! ਤੂੰ ਹੀ ਦੱਸ, ਇਹਨਾ ਨਾਲ ਭੋਗ ਕਿਵੇਂ ਕੀਤਾ ਜਾਏ? **। ੫੪ ।**

**[ਸ਼ੰਕਾ**--ਕੀ ਜਿਹੜੇ ਸਿੱਖ ਨਹੀ ਸਨ ਉਨ੍ਹਾਂ ਦੀਆਂ ਭੈਣਾ ਨਾਲ ਭੋਗ ਕਰ ਲੈਣਾ ਠੀਕ ਸਮਿਝਆ ਜਾ ਸਕਦਾ ਸੀ?[ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ (ਜਿਲਦ ਛੇਵੀ) ਐਡੀਸ਼ਨ ੧੯੯੩ ਸਫ਼ਾ ੧੦੯ ਤੋਂ ੧੧੧]

ਉਪ੍ਰੋਕਤ ਬਚਨਾਂ ਬਾਰੇ ਦਾਸ ਨੇ ਮਨ ਵਿਚ ਕਈ ਸ਼ੰਕੇ ਉਪਜਦੇ ਰਹੇ ਹਨ। ਕਈ ਵਿਦਵਾਨਾਂ ਨਾਲ ਵਿਚਾਰ ਹੋਏ ਪਰ ਗੁਰਬਾਣੀ ਦੀ ਕਸੱਵਟੀ ਦੀ ਪਰਖ ਕਰਨ ਤੋਂ ਸਾਰੇ ਹੀ ਪਾਸਾ ਵੱਟ ਜਾਂਦੇ ਰਹੇ ਹਨ। ਤੁਹਾਡੇ (ਪਿਆਰਾ ਸਿੰਘ ਪਦਮ) ਸਮੇਤ ਕਈਆਂ ਦਾ ਇਹ ਮਤ ਹੈ ਕਿ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੀ ਪਰਖ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਆਪਣੀ ਤਰਜ਼ ਦਾ ਇੱਕ ਅੱਡਰਾ ਅਤੇ ਬੜਾ ਲਾਹੇਵੰਦ ਧਰਮ ਗ੍ਰੰਥ ਹੈ। ਇਸ ਦੀ ਮਹੱਤਤਾ ਪੰਥ ਵਾਸਤੇ ਆਪਣੇ ਥਾਂ ਹੈ। [ਭਾਵੇਂ ਇਸ ਬਾਣੀ ਦੇ ਅਧਾਰ ਤੇ ਹੇਮਕੁੰਡ ਵਰਗਾ ਗੁਰਮਤਿ ਵਿਰੋਧੀ ਅਤੇ ਪ੍ਰੋਹਿਤਾਂ ਦੇ ਹਿੱਤ ਦਾ ਤੀਰਥ ਬਣ ਜਾਵੇ ਫਿਰ ਵੀ ਇਸ ਗ੍ਰੰਥ ਨੂੰ ਪੰਥ ਲਈ ਲਾਹੇਵੰਦ ਹੀ ਸਮਝਣਾ ਚਾਹੀਦਾ ਹੈ ?] ਪਰ ਦਾਸ ਦਾ ਅਟੱਲ ਵਿਸ਼ਵਾਸ਼ ਇਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਉੱਤਰ ਅਧਿਕਾਰੀਆਂ ਦਾ ਵੀ ' ਨਾਨਕ ' ਕਰਕੇ ਜਾਣਿਆ ਜਾਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਦਾ ਕੇਵਲ ਸਰੀਰ ਹੀ ਹੋਰ ਹੁੰਦਾ ਸੀ ਬਾਕੀ, **ਜੋਤਿ** ਅਤੇ **ਜੁਗਤਿ** ਦੋਵੇਂ ਗੁਰੂ ਨਾਨਕ ਸਾਹਿਬ ਵਾਲੀਆਂ ਹੀ ਸਨ। ਸਤਿਗੁਰੂ ਗ੍ਰੰਥ ਸਾਹਿਬ ਜੀ ਇਸ ਤੱਥ ਦੀ ਪੁਸ਼ਟੀ ਇਉਂ ਕਰਦੇ ਹਨ--**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

[੯੬੬], ਭਾਵ, **ਗਿਆਨ-ਜੋਤਿ*** ਦੇ ਨਾਲ **ਜੀਵਨ-ਜੁਗਤ** ਵੀ ਗੁਰੂ ਨਾਨਕ ਸਾਹਿਬ ਵਾਲੀ ਹੋਣੀ ਜ਼ਰੂਰੀ ਹੈ। ਮਨੁੱਖ ਨੂੰ ਸੰਤ ਅਤੇ ਸੂਰਮਾ ਬਨਾਉਣ ਲਈ ਉਸ ਨੂੰ ਜਿਹੜਾ ਕੋਰਸ ਪਾਸ ਕਰਵਾਉਂਣ ਦਾ ਟੀਚਾ, ਆਦਿ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਮਿਥਿਆ ਸੀ, ਬਾਕੀ ਨੌ ਗੁਰੂ ਸਾਹਿਬਾਨ ਨੇ ਕੇਵਲ ਅਤੇ ਕੇਵਲ ਉਹੀ ਕੋਰਸ ਪੂਰਾ ਕਰਵਾਇਆ ਸੀ। ਜਿਸ ਤਰ੍ਹਾਂ ਦੀ ਲਿਖਤ ਪਹਿਲੇ ਨੌਂ ਸਤਿਗੁਰਾਂ ਵਿਚੋਂ ਕਿਸੇ ਨੇ ਨਹੀਂ ਸੀ ਲਿਖੀ, ਅਜੇਹੀ ਓਪਰੇ ਢੰਗ ਦੀ ਲਿਖਤ ਦਸਮ ਗੁਰੂ ਨਾਨਕ ਸਾਹਿਬ ਜੀ ਕਿਵੇਂ ਲਿਖ ਸਕਦੇ ਸਨ? ਗੁਰਮਤਿ ਦੀ ਸਿਖਲਾਈ ਦਾ ਜਿਹੜਾ ਕਥਿਤ ਪਾਠ, ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪਰਖ ਤੇ ਪੂਰਾ ਨਹੀਂ ਉਤਰਦਾ, ਸਮਝੋ ਉਸ ਵਿਚ ਖੋਟ ਹੈ। ਉਸ ਨਾਲ ਸੰਬੰਧ ਰਖਿਆਂ **ਪੰਥ ਕਿਸੇ ਹਾਲਤ ਵਿਚ ਨਿਆਰਾ ਨਹੀਂ ਸੀ ਰਹਿ ਸਕਦਾ।** ਗੁਰੂ ਪੰਥ ਦੀ ਚੜ੍ਹਦੀ-ਕਲਾ ਵਾਲੀ ਪਹਿਲੀ ਅਵਸਥਾ ਨੂੰ ਮੋੜ ਲਿਆਉਂਣ ਲਈ, ਅਤੇ ਫਿਰ ਤੇਜ ਪ੍ਰਤਾਪ ਵਾਲੀ ਉਸੇ ਜੀਵਨੀ ਨੂੰ ਸਥਿਰ ਰਖਣ ਲਈ, ਇਕੋ ਇੱਕ ਏਹੀ ਸਾਧਨ ਹੈ, ਕਿ ਅਸੀਂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੱਚਾ ਸਤਿਗੁਰੂ ਮੰਨਦੇ ਹੋਏ ਦੂਜੇ ਗ੍ਰੰਥਾਂ ਦੀ ਬਾਣੀ ਪਰਖਣ ਲਈ, ਸਦਾ ਗੁਰੂਬਾਣੀ ਨੂੰ ਹੀ ਕਸਵੱਟੀ ਮੰਨੀਏ-**ਸਤਿਗੁਰ ਜੇਵਡੁ ਅਵਰ ਨ ਕੋਈ**--। ਗੁਰੂ ਬਾਣੀ ਦੀ ਹਰ ਪੱਖੋਂ ਸੰਪੂਰਨਤਾ, ਵਿਲੱਖਣਤਾ ਅਤੇ ਸ਼ੁੱਧਤਾ ਪ੍ਰਤੀ ਪੱਕਾ ਵਿਸ਼ਵਾਸ਼ ਬਣ ਜਾਣ ਦੇ ਕਾਰਨ, ਦਾਸ ਹਰ ਦੂਜੀ ਬਾਣੀ ਨੂੰ (ਸਤਿਗੁਰੂ ਗ੍ਰੰਥ ਸਾਹਿਬ ਜੀ=) ਗੁਰੂ ਬਾਣੀ ਦੀ ਕਸਵੱਟੀ ਤੇ ਪਰਖਣ ਲਈ ਅਤੇ ਪੰਥ ਨੂੰ ਸੁਚੇਤ ਕਰਨ ਦਾ ਯਤਨ ਕਰਨ ਲਈ, **ਬਚਨ-ਬੱਧ** ਹੈ।

## ਇਨ੍ਹਾਂ ਬਚਨਾ ਦੇ ਪਿਛੋਕੜ ਦਾ ਵੇਰਵਾ:--

ਸ੍ਰੀ ਦਸਮ ਗ੍ਰੰਥ ਦੇ " ਚਰਿਤ ਪਾਖਯਾਨ" ਭਾਗ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਸਿੱਧ ਕਰਨ ਵਾਲੇ ਸਿੱਖ ਵਿਦਵਾਨਾਂ ਵਿਚੋਂ ਤੁਹਾਡਾ (ਪਿਆਰ ਸਿੰਘ ਪਦਮ ਜੀ ਦਾ) ਨਾਮ ਬੜਾ ਪ੍ਰਸਿੱਧ ਹੈ। ਆਪਣੀ ਪੁਸਤਕ " **ਦਸਮ ਗ੍ਰੰਥ ਦਰਸ਼ਨ** " ਵਿਚ ਦਸਮ ਗ੍ਰੰਥ ਜੀ ਦੀ ਸਾਰੀ ਬਾਣੀ ਨੂੰ ਦਸ਼ਮੇਸ਼ ਜੀ ਦੀ ਆਪਣੀ ਕਿਰਤ ਸਿੱਧ ਕਰਨ ਦੇ ਯਤਨ ਵਿਚ, ਇਸ ਬਾਣੀ ਦੇ ਵਿਚੋਂ ਵੀ ਹਵਾਲੇ ਦਿੱਤੇ ਹੋਏ ਹਨ। ਆਪਣੇ ਉਸ ਲੇਖ ਵਿਚ (ਪੁਸਤਕ ਦੇ ੪੪ ਸਫ਼ੇ ਤੇ) ਤੁਸਾਂ ਇਉਂ ਲਿਖਿਆ ਹੈ:--

(੨) ਦੂਸਰੇ, ਇਹਨਾਂ ਰਚਨਾਵਾਂ ਦੀ ਅੰਦਰਲੀ ਗਵਾਹੀ ਹੈ। " ਅਵਤਾਰ ਕਥਾ ' ਲਿਖਣ ਵਾਲੇ ਕਵੀ ਦਾ ਫ਼ੁਰਮਾਨ ਹੈ--
**" ਜਉ ਕਿਛੁ ਇਛ ਕਰੋਂ ਧਨ ਕੀ, ਚਲਿਓ ਧਨ ਦੇਸਨ ਦੇਸ ਤੇ ਆਵੈ।** ੧੯੦੧ (ਕ੍ਰਿਸ਼ਨਾਵਤਾਰ)
ਇਸ ਤਰ੍ਹਾਂ ਚਰਿਤ੍ਰਪਖਯਾਨ ਕਰਤਾ ਆਖਦਾ ਹੈ:--
**ਬਾਲ ਹਮਾਰੇ ਪਾਸ, ਦੇਸ ਦੇਸਨ ਤ੍ਰਿਯ ਆਵਹਿ । ਮਨ ਬਾਂਛਤ ਬਰ ਮਾਂਗ, ਜਾਨਿ ਗੁਰ ਸੀਸ ਝੁਕਾਵਹਿ ॥**
ਕੀ ਕੋਈ ਅਨੰਦਪੁਰ ਵਿਚ ਇਸ ਸਮੇਂ ਦਸ਼ਮੇਸ਼ ਜੀ ਤੋਂ ਸਿਵਾ ਹੋਰ ਵੀ ਅਜੇਹੀ ਪ੍ਰਸਿੱਧ ਹਸਤੀ ਸੀ ਜਿਸ ਪਾਸ ਇਉਂ ਦੇਸਾਂ ਦੇਸਾਂ ਤੋਂ ਭੇਟਾ ਚੜ੍ਹਦੀਆਂ ਤੇ ਸ਼ਰਧਾਲੂ ਸੁੰਦਰੀਆਂ ਦਰਸ਼ਨ ਲਈ ਆਉਂਦੀਆਂ ਸਨ? ਇਸ ਦਾ ਜਵਾਬ ਹੈ, ਨਹੀਂ। ਜੇ ਕੋਈ ਇਤਨਾ ਵਡਾ ਮਾਲਦਾਰ ਤਾਂਤ੍ਰਿਕ ਕਵੀ ਹੁੰਦਾ ਤਾਂ ਉਸ ਨੂੰ ਗੁਰੂ ਸਾਹਿਬ ਦੀ ਨੌਕਰੀ ਕਰਨ ਦੀ ਕੀ ਲੋੜ ਸੀ। ਇਜੇਹੇ ਅਨੇਕਾਂ ਹਵਾਲੇ ਗੁਰੂ ਸਾਹਿਬ ਦੀ ਸ਼ਖ਼ਸ਼ੀਅਤ ਦੀ ਹੀ ਪੁਸ਼ਟੀ ਕਰਦੇ ਹਨ।

ਭਾਵ ਇਹ ਹੈ ਕਿ ਅਨੂਪ ਕੌਰ ਵਾਲੀ ਕਹਾਣੀ ਦੇ ਲਿਖਾਰੀ ਅਤੇ ਪਾਤ੍ਰ ਦਸ਼ਮੇਸ਼ ਜੀ ਆਪ ਹੀ ਹਨ। ਚਰਿਤ੍ਰੋ ਪਖਯਾਨ ਗ੍ਰੰਥ ਅਨੁਸਾਰ, **ਅਨੂਪ ਕੌਰ ਚਰਿਤ੍ਰ** ਵਾਲੀ ਕਹਾਣੀ ਦਾ ਸੰਖੇਪ ਰੂਪ ਇਸ ਪ੍ਰਕਾਰ ਹੈ:--

" ਸਤਲੁਜ ਦਰਿਆ ਦੇ ਕੰਢੇ ਅਨੰਦਪੁਰ ਪਿੰਡ ਦੀ ਇੱਕ ਧਨਵਾਨ ਇਸਤ੍ਰੀ ਨਗਰ ਦੇ ਰਾਜੇ ਤੇ ਮੋਹਤ ਹੋ ਗਈ। ਉਸ ਨੇ ਇੱਕ **ਮਗਨ ਦਾਸ** ਨਾਮੀ ਚਤੁਰ ਮਨੁੱਖ ਨੂੰ ਲਾਲਚ ਦੇ ਕੇ ਰਾਜੇ ਨੂੰ ਬੁਲਾ ਲਿਆਉਣ ਲਈ ਭੇਜਿਆ। **ਮਗਨ ਦਾਸ** ਨੇ ਜਾ ਕੇ ਰਾਜੇ ਨੂੰ ਕਿਹਾ ਕਿ ਜੇ ਤੁਸੀਂ **ਮੰਤ੍ਰ ਸਿੱਖਣਾ** ਚਾਹੁੰਦੇ ਹੋ ਤਾਂ ਜਿਵੇਂ ਮੈਂ ਆਖਾਂ ਓਵੇਂ ਹੀ ਕਰੋ। ਤਦ ਰਾਇ ਜੀ ਝੱਟ ਤਿਆਰ ਹੋ ਪਏ ਅਤੇ:--

**ਭੁਜੰਗ ਛੰਦ ॥**

**ਚਲਯੋ ਧਾਰਿ ਆਤੀਤ ਕੋ ਭੇਸ ਰਾਈ ॥ ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥**
**ਚਲਯੋ ਸੋਤ ਤਾਕੇ ਫਿਰਯੋ ਨਾਹਿ ਫੇਰੇ ॥ ਧਸਯੋ ਜਾਇਕੈ ਵਾ ਤ੍ਰਿਯਾ ਕੇ ਸੁ ਡੇਰੇ ॥ ੧੦ ॥**

**ਅਰਥ**:--ਉਹ ਰਾਜਾ ਤਪੱਸਵੀ ਦਾ ਭੇਸ ਧਾਰਕੇ ਆਪਣੇ ਮਨ ਵਿਚ ਭਗਵਤੀ ਦਾ ਸਿਮਰਨ ਕਰਦਾ ਹੋਇਆ ਤੁਰਿਆ। ਉਹ ਤੁਰਦਾ ਚਲਿਆ ਗਿਆ ਅਤੇ ਇਸ ਤਰ੍ਹਾਂ ਬਿਨਾ ਮੁੜੇ ਉਹ ਉਸ ਇਸਤ੍ਰੀ ਦੇ ਘਰ ਆ ਪਹੁੰਚਾ । ੧੦ ।

(ਆਪਣੇ ਇਸ ਭੇਤ ਨੂੰ ਗੁਪਤ ਰੱਖਣ ਲਈ) ਰਾਜਾ ਜੀ ਨੇ ਤਪੱਸਵੀ ਦਾ ਭੇਸ ਬਣਾਇਆ ਅਤੇ ਇਕੱਲੇ ਹੀ ਰਾਤ ਵੇਲੇ ਉਸ ਇਸਤ੍ਰੀ ਦੇ ਘਰਾ ਜਾ ' **ਧਸੇ** '। ਅੱਗੋ ਇਤ੍ਰੀ ਨੇ ਫੁੱਲ, ਪਾਨ ਅਤੇ ਸ਼ਰਾਬ ਮੰਗਵਾ ਕੇ ਤਪੱਸਵੀ ਦਾ ਸਵਾਗਤ ਕੀਤਾ। (ਛੰਦ ੧੧) ਅਨੰਦ ਪੁਰ ਦਾ ਉਹ ਰਾਜਾ ਜੇ ਕੋਈ ਭਲਾ ਲੋਕ ਹੁੰਦਾ, ਅਤੇ ਜੇ ਵਾਕਿਆ ਹੀ ਉਹ ਕੋਈ ਮੰਤ੍ਰ ਲੈਣ ਹੀ ਘਰੋਂ ਤਪੱਸਵੀ ਬਣ ਕੇ ਤੁਰਿਆ ਸੀ, ਤਾਂ ਸ਼ਰਾਬ ਆਦਿ ਵੇਖਦਿਆਂ ਸਾਰ ਹੀ ਪਰਤ ਆਉਣਾ ਚਾਹੀਦਾ ਸੀ ਪਰ:--

**ਬਸਤ੍ਰ ਪਹਿਰਿ ਬਹੁ ਮੋਲ ਕੇ ਅਤਿਥ ਭੇਸ ਕੋ ਡਾਰਿ ॥ ਤਵਨ ਸੇਜ ਸੋਭਿਤ ਕਰੀ ਉਤਮ ਭੇਖ ਸੁਧਾਰ ॥੧੨।**

**ਅਰਥ**:-ਰਾਜੇ ਨੇ ਤਪੱਸਵੀ ਦੇ ਭੇਸ ਨੂੰ ਛੱਡ ਕੇ ਮੁੜ ਕੀਮਤੀ ਬਸਤ੍ਰ ਪਾ ਲਏ ਅਤੇ ਉਤਮ ਭੇਸ ਧਾਰਕੇ ਉਸ ਦੀ ਸੇਜ ਨੂੰ ਸੁੰਦਰ ਬਣਾਇਆ।

[ਲਿਖਾਰੀ ਨੇ ਇਹ ਇਸ਼ਾਰਾ ਤਾਂ ਕਿਤੇ ਨਹੀਂ ਕੀਤਾ ਕਿ ਦਸ਼ਮੇਸ਼ ਜੀ ਨੇ ਆਪਣੇ ਸੁੰਦਰ ਲਿਬਾਸ ਦੇ ਉੱਤੋਂ ਦੀ ਤਪੱਸਵੀ ਵਾਲਾ ਭੇਸ ਪਾ ਲਿਆ ਹੋਇਆ ਸੀ। ਸਪੱਸ਼ਟ ਲਿਖਿਆ ਹੈ--ਅਤਿਥ **ਭੇਸ ਕੋ ਡਾਰ**--ਉਸ ਤਪੱਸਵੀ ਭੇਸ ਨੂੰ ਲਾਹ ਕੇ, ਉਤਮ ਭੇਖ ਪਾਇਆ ਤੇ ਸੇਜ ਨੂੰ ਸੁੰਦਰ ਕੀਤਾ ਸੀ, ਭਾਵ, ਸੁੰਦਰ ਬਸਤਰ ਵੀ ਰਾਜਾ ਨਾਲ ਹੀ ਲੈ ਗਿਆ ਸੀ ?]

ਇਸਤ੍ਰੀ ਰਾਜੇ ਦੇ ਤਰਲੇ ਕਰਨ ਲੱਗ ਪਈ ਕਿ ਉਹ ਉਸ ਨਾਲ ਭੋਗ ਕਰੇ, ਕ੍ਰਿਸ਼ਨ ਲੀਲ੍ਹਾ ਦੀਆਂ ਉਦਾਹਰਣਾ ਵੀ ਦੇਂਦੀ ਹੈ ਪਰ ਰਾਜਾ ਭੋਗ ਕਰਨ ਲਈ ਤਿਆਰ ਨਾ ਹੋਇਆ। ਫਿਰ ਉਹ ਕਹਿੰਦੀ ਹੈ ਕਿ ਉਸ ਨੂੰ ਕਾਮ ਬੜਾ ਸਤਾ ਰਿਹਾ ਹੈ, ਤਾਂ ਰਾਜਾ ਉਸ ਨੂੰ ਉਪਦੇਸ਼ ਦਿੰਦਾ ਹੈ ਕਿ ਉਹ **ਸ਼ਿਵ ਜੀ ਦਾ ਧਿਆਨ** ਧਰੇ।(ਵਾਹਿਗੁਰੂ, ਸਤਿਨਾਮ, ਅਕਾਲਪੁਰਖ ਆਦਿ ਸੁਤੇਅ ਹੀ ਮੂਹੋਂ ਨਿਕਲਨ ਦੇ ਥਾਂ ਉਚੇਚੇ ਤੌਰ ਤੇ ' ਸ਼ਿਵ ਜੀ " ਦਾ ਜਾਪ ?') ਪਰ ਰਾਜਾ ਨਿੰਦਾ ਅਤੇ ਬਦਨਾਮੀ ਦੇ ਡਰ ਤੋਂ ਧਰਮ ਰਾਜ ਦੇ ਡਰੋਂ ਅਥਵਾ ਨਰਕਾਂ ਵਿਚ ਪੈ ਜਾਣ ਦੇ ਭੈ ਕਾਰਨ ਵੀ ਇਸ ਕੁਕਰਮ ਤੋਂ ਬਚਿਆ ਰਹਿਣ ਦਾ ਕਾਰਨ ਜ਼ਾਹਰ ਕਰਦਾ ਹੈ (=ਛੰਦ, ੨੩ ੨੪ ੨੫, ੨੬,)। ਫਿਰ ਜਦੋ ਇਸਤ੍ਰੀ ਕਹਿਦੀ ਹੈ ਕਿ ਜੇ ਨਿੰਦਾ ਦੇ ਫੋਕੇ ਡਰ ਤੋਂ ਭੋਗ ਨਹੀਂ ਕਰਦਾ ਤਾਂ ਮੇਰੀ ਲੱਤ ਹੇਠੋਂ ਦੀ ਲੰਘ ਜਾ-- **ਟਾਂਗ ਤਰੇ ਅਬਿ ਹਾਇ ਨਿਕਸਿਯੈਂ** (ਅੜਿਲ-੨੮) ਰਾਜਾ ਕਹਿੰਦਾ ਹੈ ਕਿ ਲੱਤ ਥਲਿਓਂ ਤਾਂ ਉਹ ਲੰਘੇ ਜਿਹੜਾ ਭੋਗ ਨਾ ਕਰ ਸਕਦਾ ਹੋਵੇ ਅਤੇ ਜਾਂ ਖੁਸਰਾ ਹੋਣ ਦੇ ਕਾਰਣ ਕੇਵਲ ਕੋਲ ਬਹਿ ਹੀ ਰਹਿਣ ਜੋਗਾ ਹੋਵੇ, ਜਾਂ ਕੋਈ ਸਾਰੀ ਰਾਤ ਇਸਤ੍ਰੀ ਨੂੰ **ਬਜਾਉਂਦੇ** ਰਹਿਣ ਜੋਗਾ ਨਾ ਹੋਵੇ--**ਰੈਨਿ ਸਗਰੀ ਨ ਬਾਜਾਵੈ ॥ ...੨੯॥**(ਅੜਿੱਲ ੨੯=) [ਪਿਆਰੇ ਪਾਠਕ ਜੀਓ ! ਜ਼ਰਾ ਵਿਚਾਰ ਕਰੀਏ, ਕਿ ਜੇ ਅਸੀਂ ਉਪ੍ਰੋਕਤ (**੫੧ ਤੋਂ ੫੪ ਨੰਬਰ ਵਾਲੀ**) ਕਵਿਤਾ, ਦਸ਼ਮੇਸ਼ ਜੀ ਵਲੋਂ ਮਿਲਿਆ ਕੀਮਤੀ ਉਪਦੇਸ਼ ਮੰਨਦੇ ਹਾਂ, ਤਾਂ ਅਸੀਂ ਕਿਹੜੀ ਦਲੀਲ ਨਾਲ ਕਹਾਂਗੇ ਕਿ ਏਹੋ ਜਿਹੇ (ਸੰਗ ਕਰਨਾ, ਭੋਗ ਕਰਨਾ ਆਦਿ ਬਚਨ ਛੱਡ ਕੇ ' ਬਜਾਉਂਦੇ ਰਹਣ ' ਕਹਿਣ ਵਾਲੇ)) ਹੌਲੇ ਅਤੇ ਲੋਫ਼ਰਾਂ ਵਾਲੇ ਬੋਲ ਦਸ਼ਮੇਸ਼ ਜੀ ਦੇ ਨਹੀਂ ਸਗੋਂ ਇਹ ਬੋਲ, ਨੀਚ ਸੋਚਣੀ ਵਾਲੇ ਕਿਸੇ ਮਾਇਆਧਾਰੀ ਘਟੀਆ ਰਾਜੇ ਦੇ ਹਨ ?}

ਫਿਰ ਰਾਜੇ ਨੇ ਭੋਗ ਕਰਨ ਤੋਂ ਆਪਣੀ ਬੇਬਸੀ ਦੀ ਇੱਕ ਗੱਲ ਇਉਂ ਵੀ ਕਹੀ:--

**ਰਾਇ ਬਾਚ ॥**

**ਪ੍ਰਥਮ ਛਤ੍ਰੀ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ ॥ ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜਿਯਾਰੋ ॥**
**ਬਹੁਰਿ ਸਭਨ ਮੈਂ ਬੈਠਿ ਆਪੁ ਕੋ ਪੂਜ ਕਹਾਊ ॥ ਹੋ ਰਮੋਂ ਤੁਹਾਰੇ ਸਾਥ ਨੀਚ ਕੁਲ ਜਨਮਹਿ ਪਾਊਂ ॥ ੩੨॥**

ਭਾਵ, ਇਹ ਹੋਇਆ ਕਿ ਮਨੁੱਖਤਾ ਦੇ ਸ਼ੁੱਭ ਗੁਣਾ ਦੀ ਸੰਭਾਲ ਦੀ ਗੱਲ ਨਹੀਂ ਹੈ, ਹੋਰ ਡਰਾਂ ਤੋਂ ਮਗਰੋਂ ਪੂਜਨੀਕ ਬਣੇ ਬੈਠੇ ਖਤਰੀ ਕੁਲ ਦੇ ਰਾਜੇ ਨੂੰ, ਹੁਣ ਨੀਚ ਕੁਲ ਦੇ ਘਰ ਜਨਮ ਹੋ ਜਾਣ ਦਾ ਭੈ ਖਾ ਰਿਹਾ ਹੈ ? ਪਰ ਅੱਗੋ ਉਸ ਬੀਬੀ ਦਾ ਬਚਨ:--

**ਕਹਾ ਜਨਮ ਕੀ ਬਾਤ ਜਨਮ ਸਭ ਕਰੇ ਤਿਹਾਰੇ ॥ ਰਮੋਂ ਨ ਹਮ ਸੋਂ ਆਜੁ ਐਸ ਘਟਿ ਭਾਗ ਹਮਾਰੇ ॥**
**ਬਿਰਹ ਤਿਹਾਰੇ ਲਾਲ ਬੈਠਿ ਪਾਵਕ ਮੋਂ ਬਰਿਯੈ ॥ ਹੋ ਪੀਵ ਹਲਾਹਲ ਆਜੁ ਮਿਲੇ ਤੁਪਰੇ ਗਿਨੁ ਮਰਿਯੈ ॥ ੩੩ ॥**

ਹੇ ਸੱਚੇ ਪਾਤਸ਼ਾਹ ਜੀਉ ! ਜਨਮ ਦੀ ਗੱਲ ਕੀ ਕਰਦੇ ਹੋ ? ਸਾਰੇ ਜਨਮ ਤਾਂ ਹਨ ਹੀ ਤੁਹਾਡੇ ਬਣਾਏ ਹੋਏ। ਛੱਡੋ ਅਜੇਹੇ ਡਰਾਂ ਝਿਜਕਾਂ ਨੂੰ ਅਤੇ ਆਉ ਅਨੰਦ ਕਰੀਏ। ਹੁਣ ਰਾਇ ਜੀ ਨੂੰ, ਭਗਾਉਤੀ ਜੀ ਦੇ ਡਰ ਨੇ ਆ ਘੇਰਿਆ ?

ਦੋਹਰਾ ॥

**ਰਾਇ ਡਰਯੋ ਜਉ ਦੈ ਮੁਝੈ ਸ੍ਰੀ ਭਗਵਤਿ ਕੀ ਆਨ ॥ ਸੰਕ ਤਯਾਗ ਯਾਂਸੋ ਰਮੋ ਕਰਹਿੋਂ ਨਰਕ ਪਯਾਨ ॥ ੩੪ ॥**

**ਅਰਥ**:--ਰਾਜਾ ਡਰ ਗਿਆ ਕਿ ਜੇ ਮੈਨੂੰ **ਇਹ ਭਗਵਤੀ ਦੀ ਸੌਹ ਦੇ ਦੇਵੇਗੀ** ਤਾਂ ਮੈਨੂੰ ਨਿਰ-ਸੰਕੋਚ ਹੋਕੇ ਇਹਦੇ ਨਾਲ ਰਮਣ ਕਰਨਾ ਪਵੇਗਾ ਅਤੇ ਨਰਕ ਵਿਚ ਜਾਣਾ ਪਵੇਗਾ ॥

{ਨੋਟ-ਸ਼ਿਵ ਅਤੇ ਭਗਉਤੀ, ਪਤੀ ਪਤਨੀ ਦੋਵੇ ? ਕੀ ਇਨ੍ਹਾਂ ਬਚਨਾਂ ਨੂੰ ਦਸ਼ਮੇਸ਼ ਜੀ ਦੇ ਮੰਨੀਏ ਕਿ, ਜਾਂ ਕਿਸੇ ਸ਼ੈਵ ਭਗਤ ਅਥਵਾ ਤਾਂਤਰਿਕ ਕਵੀ ਦੇ ਲਖੇ ?]

(ਆਖ਼ਰ, ਤੰਗ ਆ ਕੇ ਰਾਇ ਜੀ ਸਾਰੀ ਇਸਤ੍ਰੀ ਜ਼ਾਤੀ ਬਾਰੇ ਆਪਣੀ ਰਾਏ ਫ਼ੁਰਮਾਨ ਕਰਦੇ ਹਨ=) " ਇਸਤ੍ਰੀਆਂ ਨਾਲ ਪ੍ਰੇਮ ਦਾ ਕੀ ਕਹਿਣਾ, ਉਹ ਕਦੀ ਵੀ ਪ੍ਰੇਮ ਨਹੀਂ ਨਿਭਾਉਂਦੀਆਂ। ਇੱਕ ਪੁਰਸ਼ ਨੂੰ ਛੱਡ ਕੇ ਹੋਰ ਸੁੰਦਰ ਪੁਰਸ਼ਾਂ ਦੀ ਕਾਮਨਾ ਕਰਨ ਲਗਦੀਆਂ ਹਨ। ਜਿਸ ਵੀ ਜੁਆਨ ਆਦਮੀ ਨਾਲ ਇਸਤ੍ਰੀ ਜ਼ਿਆਦਾ ਪਿਆਰ ਵਿਖਾਉਂਦੀ ਹੈ, ਉਹਦੇ ਸਾਹਮਣੇ ਤੁਰੰਤ ਹੀ ਨੰਗੀ ਹੋ ਜਾਂਦੀ ਹੈ (ਛੰਦ-੩੯)

ਆਖ਼ਰ ਰਾਇ ਜੀ ਅਥਵਾ **ਦਸ਼ਮੇਸ਼ ਜੀ** ? ਨੇ ਉਪ੍ਰੋਕਤ (੫੧ ਤੋਂ ੫੪ ਸਵੈਯੇ ਤੱਕ) ਬਚਨ ਕਹੇ। ਉਨ੍ਹਾਂ ਬਚਨਾ ਨੂੰ ਸੁਣ ਕੇ ਉਹ ਇਸਤ੍ਰੀ ਬੜੀ ਕ੍ਰੋਧ ਵਿਚ ਆ ਗਈ ਤੇ ਉਸ ਨੇ ਚੋਰ ਚੋਰ ਦਾ ਰੌਲਾ ਪਾ ਦੇਣ ਦੀ ਧਮਕੀ ਦਿੱਤੀ। ਪਰ ਰਾਜੇ ਨੇ ਅਗੋਂ ਫਿਰ ਏਹੀ ਕਿਹਾ ਕਿ-**ਪਰ ਨਾਰੀ ਕੀ ਸੇਜ ਪਾਵ (=ਪੈਰ) ਸੁਪਨੇ ਹੂੰ ਨ ਧਰਿਯਹੁ ॥** [ਨੋਟ:--ਉੱਪਰ ੧੨ ਨੰਬਰ ਛੰਦ ਵਿਚ ਅਸੀਂ ਪੜ੍ਹ ਆਏ ਹਾਂ ਕਿ ਰਾਜੇ ਨੇ ਤਪੱਸਵੀ ਵੇਸ ਉਤਾਰ ਕੇ ਸ਼ਾਹੀ ਲਿਬਾਸ ਪਾ ਲਿਆ ਅਤੇ ਉਸ ਇਸਤ੍ਰੀ ਦੀ ਸੇਜ ਸੁੰਦਰ ਬਣਾ ਦਿੱਤੀ ਸੀ। ਤਪਵਸੀ ਬਣੇ ਰਹਿ ਕੇ ਭੁੰਞੇ ਹੀ, ਕਿਸੇ ਸਫ਼ ਚਟਾਈ ਆਦਿ ਤੇ, ਕਿਸੇ ਪੀਹੜੇ ਤੇ, ਜਾਂ ਹੋਰ ਮਾਮੂਲੀ ਮੰਜੇ ਤੇ ਬੈਠਣ ਦੇ ਥਾਂ, ਬਣ ਫੱਬ ਕੇ ਇਸਤ੍ਰੀ ਦੀ ਵਿਛਾਈ ਸੇਜ ਤੇ ਜਦ ਬੈਠ ਹੀ ਗਏ ਸਨ ਤਾਂ ਏਥੇ ਝੂਠ ਲਿਖਣ ਦਾ ਕੀ ਅਰਥ ਕਿ ਪਰਾਈ ਨਾਰੀ ਦੀ ਸੇਜ ਦੇ ਸੁਪਨੇ ਵਿਚ ਵੀ ਪੈਰ ਨਹੀਂ ਰੱਖਦਾ ?} ਖ਼ੈਰ.....ਉਸ ਜ਼ਨਾਨੀ ਨੇ ਚੋਰ ਚੋਰ ਦਾ ਰੌਲਾ ਪਾ ਦਿੱਤਾ। **ਅੱਗੇ ੨੨ਵਾਂ ਚਲਿੱਤਰ ਤੁਰ** ਪਿਆ--

ਦੋਹਰਾ॥ **ਸੁਨਤ ਚੋਰ ਕੇ ਬਚ ਸ੍ਰਵਨ ਉਠਯੋ ਰਾਇ ਡਰ ਧਾਰ ॥ ਭਜਯੋ ਜਾਇ ਡਰ ਪਾਇ ਮਨ, ਪਨੀ ਪਾਮਰੀ ਡਾਰਿ ॥ ੧ ॥**

**ਅਰਥ**:--ਕੰਨਾ ਨਾਲ ਚੋਰ ਚੋਰ ਦੀ ਗੱਲ ਸੁਣਕੇ ਰਾਜਾ ਡਰ ਕੇ ਉਠਿਆ ਅਤੇ **ਜੁੱਤੀ ਤੇ ਰੇਸ਼ਮੀ ਚਾਦਰ** ਛੱਡ ਕੇ ਭਜ ਗਿਆ। ੧ ।

ਚੋਰ ਚੋਰ ਦਾ ਰੌਲਾ ਸੁਣ ਕੇ ਲੋਕ ਤਲਵਾਰਾਂ ਆਦਿ ਲੈ ਰੌਲਾ ਪਾਉਂਦੇ ਦੌੜੇ ਕਿ, ' ਚੋਰਾ ਤੈਨੂੰ ਅਸਾਂ ਜੀਉਂਦੇ ਨੂੰ ਨਹੀਂ ਜਾਣ ਦੇਣਾ,' ਅਤੇ--

ਲੋਕਾਂ ਨੇ ਭੁਲੇਖੇ ਨਾਲ ਉਸੇ ਇਸਤ੍ਰੀ ਦੇ ਭਰਾ ਨੂੰ ਘੇਰ ਕੇ ਫੜ ਲਿਆ ਅਤੇ ਉਸ ਦੀ ਦਾਹੜੀ ਤੋ ਫੜਕੇ ਪੱਗ ਲਾਹ ਦਿੱਤੀ, ਉਸ ਨੂੰ ਚੋਰ ਚੋਰ ਕਹਿ ਕੇ ਤਿੰਨ ਸੋਟੇ ਮਾਰੇ (-ਚੌਪਈ ੫) ਸੋਟੇ ਲੱਗਣ ਨਾਲ ਉਹ ਧਰਤੀ ਤੇ ਡਿੱਗ ਕੇ ਬੇਹੋਸ਼ ਹੋਗਿਆ, ਲੋਕਾਂ ਨੇ ਉਸ ਦੀਆਂ ਮੁਸ਼ਕਾਂ ਬੰਨ੍ਹ ਦਿੱਤੀਆਂ (-ਚੌ:੬) ਫਿਰ ਲੱਤਾਂ ਮੁੱਕੀਆਂ ਚੱਲਣ ਲੱਗੀਆਂ ਤਾਂ ਉਹ ਇਸਤ੍ਰੀ ਕਹਿੰਦੀ ਰਹੀ ਕੇ ਇਹ ਉਸ ਦਾ ਭਾਈ ਹੈ ਪਰ ਉਸ ਦੀ ਕਿਸੇ ਨਾ ਸੁਣੀ (-ਚੌ-੭) ਉਸ ਦੇ ਮੂੰਹ ਤੇ ਜੁੱਤੀਆਂ ਮਾਰੀਆਂ ਤੇ ਜੇਲ੍ਹ ਵਿਚ ਬੰਦ ਕਰ ਦਿੱਤਾ । [ਕੀ, ਭਰਾ ਦੇ ਹੁੰਦਿਆਂ ਹੀ ਇਸਤ੍ਰੀ ਅਤੇ ਰਾਜਾ ਉਪ੍ਰੋਕਤ ਸਾਰਾ " ਸਤਿਸੰਗ ਦੇ ਥਾਂ ਝੂਠ-ਸੰਗ ?" ਕਰਦੇ ਰਹੇ ਸਨ? ਕਿ ਜਾਂ ਕਵੀ ਨੇ ਅਚਨਚੇਤ ਗੱਲ ਬਦਲ ਕੇ ਸਮਝਾ ਦਿੱਤਾ ਕਿ ਜੇ ਰਾਜਾ (ਦਸ਼ਮੇਸ਼ ਜੀ ?) ਫੜਿਆ ਜਾਂਦਾ ਤਾਂ ਉਸ ਨਾਲ ਵੀ ਅਜੇਹਾ ਕੁਝ ਹੀ ਹੋਣਾ ਸੀ?]। ਇਸ ਤਰ੍ਹਾਂ ਇਹ ਛਲ ਖੇਡ ਕੇ ਰਾਜਾ ਦੌੜ ਗਿਆ ਅਤੇ ਜੇਲ੍ਹ ਵਿਚ ਉਸ ਇਸਤ੍ਰੀ ਦਾ ਭਰਾ ਭੇਜ ਦਿੱਤਾ। ਕੋਈ ਵੀ **ਸਿੱਖ** ਇਸ ਭੇਤ ਨੂੰ ਨਾ ਸਮਝ ਸਕਿਆ--' **ਸਿਖਯਨ ਭੇਦ ਅਭੇਦ ਨ ਪਾਯੋ** ' (=ਚਪਈ ੯) ਇਸ ਤੋਂ **ਅਗੇ ਤੇਈਵਾਂ ਚਲਿਤ੍ਰ ਸ਼ੁਰੂ ਹੁੰਦਾ ਹੈ।** ਸਵੇਰਾ ਹੋਣ ਤੇ:--

**ਦੋਹਰਾ॥ ਪ੍ਰਾਤ ਭਏ ਤਵਨੈ ਤ੍ਰਿਯਾ ਹਿਤ ਤਜਿ ਰਿਸ ਉਪਜਾਇ ॥ ਪਨੀ ਪਾਮਰੀ ਜੋ ਹੁਤੇ ਸਭਹਿਨ ਦਏ ਦਿਖਲਾਇ ॥ ੨ ॥**

**ਅਰਥ**:--ਸਵੇਰ ਵੇਲੇ ਉਸ ਇਸਤਰੀ ਨੇ ਪ੍ਰੇਮ ਰਹਿਤ ਹੋ ਕੇ, ਗੁੱਸੇ ਨਾਲ ਜੁਤੀ ਤੇ ਰੇਸ਼ਮੀ ਚਾਦਰ ਸਾਰੇ ਲੋਕਾਂ ਨੂੰ ਦਿਖਾ ਦਿੱਤੇ।

**ਚੌਪਈ॥ ਰਾਇ ਸਭਾ ਮਹਿ ਬਚਨ ਉਚਾਰੇ ॥ ਪਨੀ ਪਾਮਰੀ ਹਰੇ ਹਮਾਰੇ ॥**
**ਤਾਂਹਿ ਸਿਖਯ ਜੋ ਹਮੈ ਬਤਾਵੈ ॥ ਤਾ ਤੇ ਕਾਲ ਨਿਕਟ ਨਹਿ ਆਵੈ ॥ ੩ ॥**

ਏਧਰ ਰਾਜੇ ਨੇ ਸਭਾ ਵਿਚ ਇਹ ਕਹਿ ਦਿੱਤਾ ਕਿ ਸਾਡੀ ਜੁਤੀ ਅਤੇ ਰੇਸ਼ਮੀ ਚਾਦਰ ਨੂੰ ਕੋਈ ਚੋਰੀ ਕਰਕੇ ਲੈ ਗਿਆ ਹੈ। ਜਿਹੜਾ ਸਿੱਖ ਉਸ ਦਾ ਪਤਾ ਲਿਆਵੇਗਾ, ਕਾਲ (ਮੌਤ) ਉਸ ਦੇ ਕਦੇ ਨੇੜੇ ਨਹੀਂ ਆਵੇਗੀ।[ ਕਿੱਡਾ ਵਧੀਆ ' **ਸੱਚ** ? ' ਸਤਿਗੁਰਾਂ ਦੇ ਬਚਨ ਕਰਕੇ ਪੇਸ਼ ਕੀਤਾ ਗਿਆ ਹੈ? ਪਰਾਈ ਇਸਤ੍ਰੀ ਦੇ ਸੰਗ ਤੋਂ ਰੋਕਣ ਵਾਲੇ ਬਚਨ ਜੇ ਦਸ਼ਮੇਸ਼ ਜੀ ਦੇ ਹੀ ਮੰਨਦੇ ਹਾਂ ਤਾਂ ਅਜੇਹਾ ਘਟੀਆ ਕਿਸਮ ਦਾ ਝੂਠ-ਫ਼ਰੇਬ ਕਿਸੇ ਦੂਜੇ ਵੱਲ ਕਿਵੇਂ ਅਤੇ ਕਿਸ ਦਲੀਲ ਨਾਲ ਖਿਸਕਾ ਸਕਦੇ ਹਾਂ?]

ਸਿੱਖਾਂ ਨੇ ਧਨਵਾਨ ਜ਼ਨਾਨੀ ਬਾਰੇ ਦੱਸ ਦਿਤਾ ਕਿ ਉਹ ਦੋਵੇਂ ਚੀਜ਼ਾ ਲੋਕਾਂ ਨੂੰ ਵਿਖਾਉਂਦੀ ਫਿਰਦੀ ਹੈ। ਤਾਂ ਰਾਜੇ ਦਾ ਹੁਕਮ ਹੋਣ ਤੇ ਲੋਕਾਂ ਨੇ ਝੱਟ ਜਾ ਕੇ ਜੁਤੀ ਅਤੇ ਰੇਸ਼ਮੀ ਚਾਦਰ ਸਮੇਤ ਉਸ ਇਸਤ੍ਰੀ ਨੂੰ ਫੜ ਲਿਆਂਦਾ। (-ਚੌ: ੪, ੫, ਅਤੇ ੬) ਰਾਜੇ ਨੇ ਪੁਛਿਆ ਕਿ," ਹੇ ਸੁੰਦਰੀ ! ਦੱਸ ਤੂੰ ਮੇਰੇ ਬਸਤ੍ਰ ਕਿਉਂ ਚੁਰਾਏ ਸਨ। ਮੇਰੇ ਸੂਰਮਿਆਂ ਦੀ ਭੀੜ ਦਾ ਤੈਨੂੰ ਡਰ ਨਹੀਂ ਸੀ ਰਿਹਾ। ਦਸ ਹੁਣ ਚੋਰੀ ਦੀ ਤੈਨੂੰ ਕੀ ਸਜ਼ਾ ਮਿਲੇ। ਤੈਨੂੰ ਇਸਤ੍ਰੀ ਜਾਣਕੇ ਛੱਡਦਾ ਹਾਂ ਨਹੀਂ ਤਾਂ ਤੈਨੂੰ ਜਾਨੋ ਮਾਰ ਦੇਣਾ ਸੀ (-ਚੌ: ੭)। (ਸਾਰੀ ਬਾਜੀ ਉਲਟੀ ਪੈ ਗਈ ਵੇਖ ਕੇ) ਉਹਦਾ ਚੇਹਰਾ ਪੀਲਾ ਪੈ ਗਿਆ ਅਤੇ ਅੱਖਾਂ ਪਾੜ ਪਾੜ ਕੇ ਵੇਖਣ ਲਗੀ। ਛਾਤੀ ਧੜਕੀ ਜਾਵੇ ਅਤੇ ਬੋਲਿਆ ਕੁਝ ਨਾ ਜਾਏ (ਚੌ: ੮) (ਕਾਬੂ ਆਈ ਉਹ ਬੇਬਸ ਇਸਤ੍ਰੀ ਹੁਣ ਇਹ ਕਿਵੇਂ ਕਹਿੰਦੀ ਕਿ, ਹੇ ਨਿਆਇ ਅਧੀਸ਼ ਜੀਓ! ਇਹ ਦੋਵੇਂ ਚੀਜ਼ਾਂ ਤੇ ਤੁਸੀਂ ਆਪ ਹੀ ਮੇਰੇ ਘਰ ਛੱਡ ਭੱਜੇ ਸਾਉ) ਉਸ ਨੂੰ ਚੁੱਪ ਵੇਖਕੇ ਰਾਇ ਜੀ ਇਉਂ ਬੋਲੇ ' ਅਸੀਂ ਤੇਰੇ ਕੋਲੋਂ ਪੁੱਛ ਰਹੇ ਹਾਂ, ਤੂੰ ਕੁਝ ਨਹੀਂ ਬੋਲ ਰਹੀ। ਤੈਨੂੰ ਘਰ ਵਿਚ ਚੰਗੀ ਤਰ੍ਹਾਂ ਰੱਖਾਂਗੇ, ਠੀਕ ਹੈ ਤੇਰਾ ਫ਼ੈਸਲਾ ਇਕਾਂਤ ਵਿਚ ਕੀਤਾ ਜਾਏਗਾ ਅਤੇ ਤੈਨੂੰ ਬਿਨਾ ਕਿਸੇ ਦੁੱਖ ਦੇ ਜਾਣ ਦਿੱਤਾ ਜਾਏਗਾ। (-ਅੜਿਲ ੯) ਅਗਲੀ ਸਵੇਰੇ ਉਸ ਇਸਤ੍ਰੀ ਨੂੰ ਬੁਲਾ ਕੇ ਉਸ ਨੂੰ ਕਿਹਾ ਕਿ ,' ਤੂੰ ਸਾਡੇ ਉਤੇ ਗੁੱਸੇ ਹੋ ਕੇ ਸਾਨੂੰ ਜਾਲ ਵਿਚ ਫ਼ਸਾਇਆ--**ਹਮਹੂੰ ਤੁਮ ਕਹ ਚਰਿਤ ਦਿਖਾਯੋ ॥** ਪਰ ਅਸਾਂ ਵੀ ਤੈਨੂੰ ਆਪਣਾਂ ਚਲਿੱਤਰ (=ਛਲ, ਕਪਟ) ਵਿਖਾ ਦਿੱਤਾ। [ਕੀ, ਦਸਮ ਗੁਰੂ ਨਾਨਕ ਜੀ ਇਸ ਤਰ੍ਹਾਂ ਦੇ ਚਲਿਤ੍ਰ ਕਰਨ ਲੱਗ ਪਏ ਸਨ? ਅਜੇਹਾ ਕੁਝ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜਨ ਵਾਲੇ ਅਸੀਂ, ਕੀ ਬ੍ਰਾਹਮਣ ਨਾਲੋਂ ਕਿਸੇ ਪੱਖੋਂ ਘੱਟ ਰਹਿ ਗਏ ਹਾਂ? ਆਪਣੇ ਇਸ਼ਟ, ਆਪਣੇ ਭਗਵਾਨ ਨੂੰ ਆਚਰਣ-ਹੀਨ ਅਤੇ ਘਟੀਆ ਹਰਕਤਾ ਕਰਦਾ ਦਰਸਾਉਣ ਵਾਲੇ (ਬ੍ਰਾਹਮਣ ਦੀ ਆਪਣੀ ਕਲਮ ਨਾਲ ਲਿਖੇ) ਸਾਕੇ ਪੁਸਤਕ ਦੇ ਪਹਿਲੇ ਭਾਗ ਵਿਚ ਏਸੇ ਕਰਕੇ ਵਿਸਥਾਰ ਨਾਲ ਲਿਖੇ ਸਨ ਕਿ ਅਸੀਂ ਕੁਝ ਸਿਖਿਆ ਲਈਏ, ਪਰ.......]

ਅਖ਼ੀਰ ਫੈਸਲਾ ਇਉਂ ਹੁੰਦਾ ਹੈ:---

**ਛਿਮਾ ਕਰਹੁ ਅਬ ਤ੍ਰਿਯ ਹਮੈਂ ਬਹੁਰਿ ਨ ਕਰਿਯਹੁ ਰਾਂਧਿ ॥ ਬੀਸ ਸੰਹਸਰ ਟਕਾ ਤਿਸ ਦਈ ਛਿਮਾਹੀ ਬਾਂਧਿ ॥੧੨॥**

**ਅਰਥ**:--ਹੇ ਇਸਤ੍ਰੀ ! ਹੁਣ ਤੂੰ ਮੈਨੂੰ ਮਾਫ਼ ਕਰ, ਮੈਂ ਵੀ ਇਸ ਝਗੜੇ ਨੂੰ ਹੋਰ ਵਾਧਾਉਣਾ ਨਹੀਂ ਚਾਹੁੰਦਾ, ਇਸ ਪਿੱਛੋ ਉਸ ਇਸਤ੍ਰੀ ਨੂੰ ਵੀਹ ਹਜ਼ਾਰ ਟਕੇ ਛਿਮਾਹੀ ਦੇ ਬੰਨ ਦਿੱਤੇ ਗਏ । ੧੨ ।

" ਅਨੰਦਪੁਰ ਦੇ ਗੁਰੂ ਸਾਹਿਬ ਜੀ ਕਿਸੇ ਇਸਤ੍ਰੀ ਦੇ ਘਰ ਭੇਸ ਵਟਾ ਕੇ ਜਾ ਵੜੇ ਅਤੇ ਜਦ ਉਸ ਕਾਮ ਰੋਗ ਦੀ ਰੋਗਣ ਨੇ ਚੋਰ ਚੋਰ ਦਾ ਰੌਲਾ ਪਾਇਆ ਤਾਂ ਆਪਣੀ ਜੁੱਤੀ ਅਤੇ ਰੇਸ਼ਮੀ ਚਾਦਰ ਉਥੇ ਹੀ ਛੱਡ ਕੇ ਦੌੜ ਆਏ "--ਇਸ ਗੱਲ ਦੀ ਕਿਤੇ ਲੋਕਾਂ ਵਿਚ ਚਰਚਾ ਹੀ ਨਾ ਚੱਲ ਤੁਰੇ? ਕਿਤੇ ਇਹ ਗੱਲ ਇਤਿਹਾਸਕਾਰਾਂ ਤੱਕ ਨਾ ਜਾ ਪੁੱਜੇ ? ਸ਼ਹਿਰ ਦੀ ਇੱਕ **ਧਨਵਾਨ ਬੀਬੀ** ਨੂੰ ਚੁੱਪ ਰਹਿਣ ਲਈ ਵੀਹ ਹਜ਼ਾਰ ਟਕਾ ਛਿਮਾਹੀ ਭਰਦੇ ਰਹਿਣ ਦਾ ਅਰਥ, ਗ਼ਰੀਬ-ਪਰਵਰੀ ਤਾਂ ਹੋ ਹੀ ਨਹੀਂ ਸਕਦਾ ?

## ੫
## ਅਨੂਪ ਕੌਰ ਦੀ ਕਥਾ ਬਾਰੇ ਗੰਭੀਰ ਸ਼ੰਕਿਆਂ ਦਾ ਵੇਰਵਾ

**੧)** ਲਿਖਾਰੀ ਦਾ ਕਮਾਲ ਇਹ ਹੈ ਕਿ ਦਸ਼ਮੇਸ਼ ਜੀ ਦਾ ਨਾਮ ਲਿਖਣ ਤੋਂ ਬਿਨਾ ਹੀ ਸਿੱਖਾਂ ਦੇ ਮਨਾ ਵਿਚ ਭਰਮ ਬਣਾ ਦਿੱਤਾ ਕਿ **ਅਨੂਪ ਕੌਰ** (ਅੰਮ੍ਰਿਤਧਾਰੀ?) ਵਾਲੀ ਇਹ ਵਾਰਤਾ ਕਿਸੇ ਅੰਮ੍ਰਿਤਧਾਰੀ ਬੀਬੀ ਦੀ ਅਤੇ ਦਸ਼ਮੇਸ਼ ਜੀ ਦੀ ਹੀ ਹੈ। ਅਤੇ ਭਾਵੇਂ ਉਸ ਕਵਿਤਾ ਵਿਚ ਮਨ ਇੱਛੇ ਵਰਾਂ ਦੀ ਪ੍ਰਾਪਤੀ ਦੀ, ਗੁਰਮਤਿ ਦੀ ਵਿਰੋਧੀ ਗਲ, ਅਤੇ ਪੁਰਾਣਕ ਕਹਾਣੀਆਂ ਤੇ ਸਤਿਗੁਰਾਂ ਦੀ ਮੋਹਰ ਲਾ ਕੇ, ਉਸ ਕੋਰੇ ਝੂਠ ਨੂੰ ਸੱਚ ਦਾ ਰੂਪ ਦੇਣ ਵਾਲੀ ਹੈ, ਫਿਰ ਵੀ ਉਨ੍ਹਾਂ ਬਚਨਾ ਨੂੰ ਦਸ਼ਮੇਸ਼ ਜੀ ਦਾ ਬੜਾ ਕੀਮਤੀ ਉਪਦੇਸ਼ ਸਮਝ ਕੇ ਗੁਰਬਾਣੀ ਵਾਂਗ ਦੀਵਾਨਾਂ ਵਿਚ ਪੜ੍ਹਿਆ ਅਤੇ ਗਾਵਿਆ ਜਾਣ ਲੱਗ ਪਿਆ?

੨) ਇੱਕ ਪਾਸੇ ਤਾਂ ਅਸੀਂ ਦਸ਼ਮੇਸ਼ ਜੀ ਨੂੰ ਅਭੁੱਲ ਅਤੇ ਅੰਤ੍ਰਯਾਮੀ ਮੰਨਦੇ ਹੋਏ ਭਾਈ ਜੋਗਾ ਸਿੰਘ ਜੀ ਦੀ ਰਖਿਆ ਕਰਨ ਲਈ ਉਨ੍ਹਾਂ ਨੂੰ ਹੁਸ਼ਿਆਰ ਪੁਰ ਪੁੱਜੇ ਕਹਿ ਰਹੇ ਹਾਂ, ਤੇ ਏਧਰ ਉਨ੍ਹਾਂ ਨੂੰ ਏਨਾ ਭੁੱਲੜ ਕਹਿ ਰਹੇ ਹਾਂ ਕਿ ਉਹ ਆਪਣੇ ਹੀ ਪਿੰਡ ਦੀ ਧਨਵਾਨ ਇਸਤ੍ਰੀ ਦੇ ਮਨ ਦੀ ਕੁਟਲਤਾ ਨੂੰ ਸਮਝ ਕੇ ਕਿਸੇ ਹੋਰ ਤਰ੍ਹਾਂ ਉਸ ਦੇ ਮਨ ਵਿਚ ਪ੍ਰਭੂ ਪਿਆਰ ਦੀ ਜੋਤਿ ਜਗਾਉਣ ਦਾ ਉਪਕਾਰ ਕਰਨ ਦੇ ਥਾਂ, ਉਲਟਾ ਆਪ ਹੀ ਤਪੱਸਵੀ ਦਾ ਭੇਸ ਬਣਾ ਕੇ, ਉਸ ਕੁਟਲ ਬੀਬੀ ਕੋਲ ਰਾਤ ਵੇਲੇ ਇੱਕਲੇ, ਉਸ ਦੇ ਘਰ ਜਾ ਵੜੇ ਵੀ ਮੰਨ ਰਹੇ ਹਾਂ।

੩) ਲਿਖਾਰੀ ਦੀ ਇਸ ਗੱਲ ਤੇ ਵੀ ਅਸੀਂ ਕੋਈ ਕਿੰਤੂ ਨਹੀਂ ਕਰਦੇ ਕਿ ਤਪੱਸਵੀ ਦਾ ਭੇਸ ਬਣਾ ਕੇ ਜਾਣ ਵਾਲਾ ਰਾਜਾ (=ਰੂਪ ਦਸ਼ਮੇਸ਼) ਜੀ ਆਪਣਾ ਸ਼ਾਹੀ ਲਿਬਾਸ ਵੀ ਨਾਲ ਕਿਸ ਕਾਰਨ ਨਾਲ ਲੈ ਗਏ ਸਨ? ਕੀ ਉਨ੍ਹਾਂ ਨੂੰ ਪਤਾ ਸੀ ਕਿ ਉਥੇ ਜਾ ਕੇ ਕਿਸੇ ਮੰਤ੍ਰ ਦੀ ਗੱਲ ਨਹੀਂ ਹੋਣੀ ਸਗੋਂ ਉਸ ਇਸਤ੍ਰੀ ਦੀ ਸੇਜ ਨੂੰ ਭਾਗ ਲਾਉਣ ਦੀ ਗੱਲ ਤੁਰ ਪੈਣੀ ਹੈ?

੪) ਗੁਰਬਾਣੀ ਮੰਤ੍ਰ ਤੋਂ ਵੱਡਾ ਉਹ ਕਿਹੜਾ ਮੰਤ੍ਰ ਸੀ ਜਿਹੜਾ ਦਸ਼ਮੇਸ਼ ਜੀ ਨੂੰ ਆਪਣੇ ਪਿਤਾ ਗੁਰਦੇਵ ਜੀ ਕੋਲੋਂ ਨਹੀਂ ਸੀ ਮਿਲ ਸਕਿਆ ਅਤੇ ਪਤਾ ਲੱਗਣ ਤੇ ਉਹ ਅਨੰਦਪੁਰ ਦੀ ਹੀ ਵਾਸੀ, ਕਾਮ-ਕੁੱਠੀ ਇੱਕ ਧਨਵਾਨ ਇਸਤ੍ਰੀ ਕੋਲੋਂ ਸਿੱਖਣ ਲਈ ਤਪੱਸਵੀ ਦਾ ਭੇਸ ਬਣਾ ਝੱਟ ਪੱਟ ਤੁਰ ਪਏ ਸਨ?

੫) ਇੱਕੀਵੇ ਚਲਿਤ੍ਰ ਦੇ ਦਸਵੇ ਛੰਦ ਵਿਚ ਇਸਤ੍ਰੀ ਦੇ ਘਰ ਨੂੰ ਤੁਰਨ ਸਮੇ ਰਾਇ ਜੀ ਮਨ ਵਿਚ ਸ੍ਰੀ ਭਗਵਤੀ ਜੀ ਦਾ ਸਿਮਰਨ ਕਰਦੇ ਹਨ। ਫਿਰ ੩੪ਵੇਂ ਅੜਿੱਲ ਅਨੁਸਾਰ ਹੋਰ ਵੀ ਅਨੋਖੀ ਗੱਲ, ਉਸ ਇਸਤ੍ਰੀ ਕੋਲੋਂ ਇਹ ਭੁੱਲ ਹੋ ਗਈ ਕਿ ਉਸ ਨੇ ਹੋਰ ਤਰਲੇ ਤਾਂ ਸਾਰੇ ਲਏ ਪਰ ਭਗਵਤੀ ਦੇਵੀ ਦੀ ਸੌਂਹ ਨਾ ਪਾ ਸਕੀ। ਜੇ ਕਿਤੇ ਉਹ ਭਗਵਤੀ ਦੇਵੀ ਦੀ ਸੋਂਹ ਪਾ ਦੇਂਦੀ, ਤਾਂ ਹੋ ਸਕਦਾ ਹੈ ਰਾਜਾ ਜੀ ਉਸ ਨਾਲ ਸ਼ਾਦੀ ਵੀ ਰਚਾ ਬਹਿੰਦੇ? ਭਲਾ ਜੇ ਕਿਸੇ ਸੱਚੇ ਭਗਤ ਨੂੰ ਅਕਾਲਪੁਰਖ ਦੀ ਸੌਂਹ ਪਾ ਦਿੱਤੀ ਜਾਵੇ ਤਾਂ ਕੀ ਉਹ ਗੰਦ ਖਾਣ ਨੂੰ ਤਿਆਰ ਹੋ ਜਾਵੇਗਾ ? ਕੀ ਗੁਰਮਤਿ ਵਿਚ ਅਜੇਹੀ ਸੌਂਹ ਦਾ ਵਿਧਾਨ ਬਣਿਆਂ ਹੋਇਆ ਹੈ? ਜੇ ਔਰੰਗਜ਼ੇਬ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੌਂਹ ਅਥਵਾ ਵਾਹਿਗੁਰੂ ਜੀ ਦੀ ਕਸਮ ਪਾ ਦਿੰਦੇ ਤਾਂ ਕੀ ਉਨ੍ਹਾਂ ਮੁਸਲਮਾਨ ਹੋਣਾ ਮਨ ਜਾਣਾ ਸੀ? ਕਿੱਡੀ ਸਫ਼ਾਈ ਅਤੇ ਕਿੱਡਾ ਜਾਦੂ ਹੈ ਲਿਖਾਰੀ ਦੇ ਲਿਖਣ-ਢੰਗ ਵਿਚ ਕਿ, ਉਸ ਦਾ ਲਿਖਿਆ ਭਾਵੇਂ ਸਭ ਕੁਝ ਨਿਰਮੂਲ ਅਤੇ ਨਿਰੋਲ ਗੁਰਮਤਿ ਵਿਰੋਧੀ ਹੈ, ਫਿਰ ਵੀ ਅਸੀਂ ਆਪ ਹੀ ਸਾਰਾ ਕੂੜ ਕੁਬਾੜ ਦਸ਼ਮੇਸ਼ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਜੋੜੀ ਜਾ ਰਹੇ ਹਾਂ? ਸਾਡੀ ਅਣਗਹਿਲੀ ਅਥਵਾ ਗੁਰਮਤਿ ਤੋਂ ਸਾਡੀ ਅਗਿਆਨਤਾ ਦਾ ਹੀ ਕਾਰਨ ਹੈ ਕਿ ਅਜੇਹੇ ਹੁਸ਼ਿਆਰ ਲਿਖਾਰੀਆਂ ਨੇਂ ਵਾਰ ਸ੍ਰੀ ਭਗੌਤੀ ਜੀ ਕੀ ", ਸਾਡੀ ਅਰਦਾਸ ਵਿਚ ਸ਼ਾਮਲ ਕਰਾ ਲਈ ਹੋਈ ਹੈ।

੬) ਕੀ ਇਹ ਗੱਲ ਸੂਰਮੇ ਸਤਿਗੁਰਾਂ ਦੇ ਆਚਰਨ ਦੇ ਅਨਕੂਲ ਹੈ ਕਿ ਉਹ ਉਸ ਇਸਤ੍ਰੀ ਦੇ ਘਰੋਂ ਚੋਰਾਂ ਵਾਂਗੂ ਭੱਜ ਤੁਰੇ ?

੭) ਕੀ ਇਹ ਗੱਲ ਵੀ ਸਤਿਗੁਰਾਂ ਦੇ ਆਚਰਨ ਦੇ ਅਨਕੂਲ ਹੀ ਹੈ, ਕਿ ਉਹ ਆਪਣਾ ਤਪੱਸਵੀ ਵਾਲਾ ਭੇਸ, ਜਿਹੜਾ ਉਨ੍ਹਾਂ ਨੇ ਉਸ ਨਾਰੀ ਦੀ ਸੇਜ ਦੇ ਅਨਕੂਲ ਨਾ ਜਾਣ ਕੇ, ਆਪ ਹੀ ਆਪਣੇ ਗਲੋਂ ਲਾਹ ਦਿੱਤਾ ਸੀ, ਭੱਜਣ ਲੱਗੇ ਉਹ ਲਿਆਉਣਾ ਤਾਂ ਨਾ ਭੁੱਲੇ ਪਰ ਜਿਹੜਾ ਲਿਬਾਸ ਪਾ ਕੇ ਉਸ ਇਸਤ੍ਰੀ ਦੀ ਸੇਜ ਸੁੰਦਰ ਬਣਾਈ ਸੀ, ਆਪਣੇ ਸਰੀਰ ਦੀ ਸੋਭਾ, ਸਰੀਰ ਦੁਆਲੇ ਲਪੇਟੀ ਹੋਈ, ਆਪਣੀ ਰੇਸ਼ਮੀ ਚਾਦਰ ਅਤੇ ਜੁੱਤੀ ਭੁੱਲ ਆਏ ?

੮) ਫਿਰ ਆਪਣੇ ਦਰਬਾਰ ਵਿਚ ਆਪਣੇ ਹੀ ਸਿੱਖਾਂ ਨਾਲ ਵਡਾ ਝੂਠ ਬੋਲਣ ਤੋਂ ਝਿਜਕ ਨਾ ਕਰਨੀ ਕਿ ਉਨ੍ਹਾਂ ਦੀ ਚਾਦਰ ਅਤੇ ਜੁੱਤੀ ਕੋਈ ਚੋਰੀ ਚੁੱਕ ਕੇ ਲੈ ਗਿਆ ਹੈ, ਅਜੇਹੀ ਘਟੀਆਂ ਗੱਲ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੁੜੀ ਹੋਈ ਝੱਲ ਕੇ, ਕੀ ਅਸੀਂ ਗੁਰੂ ਨਿੰਦਕ ਨਹੀਂ ਬਣ ਰਹੇ? ਅਜੇਹੀਆਂ ਗੱਲਾਂ ਦਾ ਭਰਮ ਪਾਉਣ ਵਾਲਾ ਗ੍ਰੰਥ ਕੀ ਦਸ਼ਮੇਸ਼ ਜੀ ਨੇ ਆਪ ਹੀ ਲਿਖਣਾ ਸੀ?

੯) ਫਿਰ ਇਸ ਤੋਂ ਵੀ ਵੱਡੀ ਬੇਹਯਾਈ ਵਾਲੀ ਗੱਲ ਕਿ ਨਿਆਂ ਦੀ ਕੁਰਸੀ ਤੇ ਬੈਠਾ, ਆਪਣੇ ਦਰਬਾਰੀਆਂ ਦੇ ਸਾਹਮਣੇ ਲਿਖਾਰੀ ਦੀ ਕਲਪਣਾ ਦੀ ਉਪਜ ਉਹ ਰਾਜਾ, ਉਸੇ ਇਸਤ੍ਰੀ ਨੂੰ ਇਹ ਕਹਿ ਰਿਹਾ ਕਿ ਦੱਸ ਤੂੰ ਮੇਰੀ ਜੁੱਤੀ ਅਤੇ ਚਾਦਰ ਕਿਉਂ ਚੁਰਾਈ ਸੀ, ਅਤੇ

ਚੋਰੀ ਦੀ ਸਜ਼ਾ ਤੈਨੂੰ ਕੀ ਦਿੱਤੀ ਜਾਵੇ? ਆਪੇ ਹੀ ਗੱਲ ਟਾਲ ਕੇ ਅਗਲੀ ਸਵੇਰ ਦੀ ਪੇਸ਼ੀ ਪਾ ਦਿਤੀ। ਅਤੇ ਇਕਾਂਤ ਇਸ ਵਿਚ ਉਸ ਇਸਤ੍ਰੀ ਕੋਲੋਂ ਮਾਫ਼ੀ ਮੰਗਦਾ ਹੈ। ਫਿਰ ਬਦਨਾਮੀ ਤੋਂ ਡਰਦਾ ਮਾਰਿਆ, ਉਸ ਨੂੰ ਵੀਹ ਹਜ਼ਾਰ ਟਕਾ ਛੇਮਾਹੀ ਹਰਜਾਨਾ ਭਰਨਾ ਮੰਨ ਜਾਂਦਾ ਹੈ। ਕੀ, ਅਸੀਂ ਆਪਣੇ ਦਸ਼ਮੇਸ਼ ਦਾ ਆਚਰਨ ਏਡਾ ਨੀਵਾਂ ਦਰਸਾਉਂਦੇ ਹੋਏ ਵੀ ਉਨ੍ਹਾਂ ਦਾ ਪਿਆਰਾ ਖ਼ਾਲਸਾ ਹੀ ਰਹਿ ਚੁੱਕੇ ਹਾਂ ? ਪੁਸਤਕ ਦੇ ਪਹਿਲੇ ਭਾਗ ਵਿਚ ਅਸੀਂ ਚੰਗੀ ਤਰ੍ਹਾਂ ਵਿਚਾਰ ਆਏ ਹਾਂ ਕਿ ਆਪਣੇ ਇਸ਼ਟ ਦੇ ਆਚਰਨ ਵਿਚ ਗਿਰਾਵਟ ਉਹੀ ਲਿਖਾਰੀ ਦਰਸਾਉਂਦਾ ਹੈ ਜਿਸ ਦੇ ਆਪਣੇ ਆਚਰਨ ਵਿਚ ਗਿਰਾਵਟ ਹੋਵੇ ਅਤੇ ਉਹ ਸਾਰਿਆਂ ਸ਼ਰਧਾਲੂਆਂ ਦਾ ਆਚਰਨ ਉਸੇ ਹੀ ਪੱਧਰ ਤੇ ਲੈ ਆਉਣਾ ਚਾਹੁੰਦਾ ਹੋਵੇ। ਸੱਚ ਦੇ ਢੰਡੋਰਚੀ ਸੱਚ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਕਿਸੇ ਵੀ ਸਰੂਪ ਨਾਲ ਅਜੇਹੀਆਂ ਘਟੀਆ ਗੱਲਾਂ ਜੋੜਨ ਵਾਲਾ ਗ੍ਰੰਥ ਪੜ੍ਹਿਆ ਜਾਣਾ ਕਦੇ ਨਹੀਂ ਝੱਲਣਾ ਚਾਹੀਦਾ। ਗੁਰੂ ਬਾਣੀ ਤੋਂ ਸਾਡੀ ਅਗਿਆਨਤਾ ਦਾ ਹੀ ਕਾਰਨ ਹੈ ਕਿ ਅਸੀਂ ਘਾਤਕ ਸੰਖੀਏ ਦੇ ਦੁਆਲੇ ਲਪੇਟੀ ਹੋਈ ਖੰਡ ਦੀ ਅਸਲੀਯਤ ਨਹੀਂ ਸਮਝ ਰਹੇ ।

੧੦) " **ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ** "-- ਦਸ਼ਮੇਸ਼ ਜੀ ਤਾਂ ਕੇਵਲ ਨੌ ਸਾਲ ਦੇ ਸਨ ਕਿ ਗੁਰੂ-ਪਿਤਾ ਜੀ ਜਰਵਾਣਿਆਂ ਦੀ ਕੈਦ ਵਿਚ ਜਾ ਬਿਰਾਜੇ ਸਨ। ਉਨ੍ਹਾਂ ਨੇ ਅਜੇਹੀ ਸਿਖਿਆ ਬਾਲ-ਗੋਬਿੰਦ ਜੀ ਨੂੰ ਕਿਸ ਕਾਰਨ ਦੇਣੀ ਸੀ? ਫਿਰ ਜਿਸ ਦਸ਼ਮੇਸ਼ ਨੇ ਅਵਾਤਾਰੀ ਹੋਣ ਦੇ ਬੁਹੜੇ ਦਿਨਾਂ ਪਿਛੋਂ ਹੀ ਭੀਖਣ ਸ਼ਾਹ ਜੀ ਨੂੰ ਵਡਮੁੱਲਾ ਉਪਦੇਸ਼ ਦੇ ਦਿੱਤਾ ਸੀ,' ਅਤੇ ਜਿਨ੍ਹਾਂ ਦੀ ਸਾਰੀ ਬਾਲ ਉਮਰ ਅਦਭੁਤ ਕੌਤਕਾਂ ਨਾਲ ਜੁੜੀ ਹੋਈ, ਅਸੀਂ ਆਪ ਮੰਨ ਰਹੇ ਹਾਂ, ਸਾਰੀਆਂ **ਕਲਾਂ** ਆਪਣੇ ਨਾਲ ਲੈ ਕੇ ਜਨਮੇ, ਵੀ ਅਸੀਂ ਆਪ ਹੀ ਕਹੀ ਜਾ ਰਹੇ ਹਾਂ । ਫਿਰ ਸਰਬਕਲਾ ਸਮਰੱਥ ਸਤਿਗੁਰੂ ਜੀ ਨੂੰ ਅਜੇਹੇ ਕਿਸੇ ਉਪਦੇਸ਼ ਦੀ ਲੋੜ ਏਡੀ ਛੋਟੀ ਉਮਰ ਵਿਚ ਕਿਵੇਂ ਪੈ ਗਈ? ਆਪਣੇ ਦੇਸ਼ ਦੀ ਇਸ ਪਰੰਪਰਾ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ, ਆਮ ਤੌਰ ਤੇ ਅਸੀਂ ਆਪਣੇ ਬੱਚਿਆਂ ਨਾਲ ਅਜੇਹੀ ਗੱਲ ਬੜੀ ਘੱਟ ਸਾਂਝੀ ਕਰਦੇ ਹਾਂ। ਸ਼ਾਦੀ ਦੇ ਕਾਬਲ ਹੋਏ ਬੱਚੇ ਨਾਲ ਕਿਸੇ ਸੂਝਵਾਨ ਪਿਤਾ ਨੇ ਭਾਂਵੇਂ ਕਦੇ ਖੁੱਲੀ ਗੱਲ ਕੀਤੀ ਹੋਵੇ, ਉਂਜ ਸਿੱਖ ਧਰਮ ਵਿਚ ਬਚਿਆਂ ਨੂੰ ਅਜੇਹੀ ਸਿਖਿਆ ਅਨੰਦ ਕਾਰਜ ਸਮੇਂ ਹੀ ਦਿੱਤੀ ਜਾਂਦੀ ਹੈ । ਭਾਵੇਂ ਅੱਜ ਬੜਾ ਅਗਾਂਹ ਚਧੂ ਜ਼ਮਾਨਾ ਹੈ ਫਿਰ ਵੀ ਅੰਦਰ ਝਾਤੀ ਮਾਰੋ--ਤੁਸੀਂ ਹੀ ਦੱਸੋ--ਕੀ ਤੁਸਾਂ ਆਪਣੇ (੯ ਸਾਲ ਤੋਂ ਘੱਟ) ਧੀ ਪੁੱਤ ਨਾਲ Sex ਬਾਰੇ ਕੋਈ ਅਜੇਹਾ ਨੰਗਾ ਵਿਚਾਰ ਵਟਾਂਦਰਾ ਕਦੇ ਕੀਤਾ ਹੈ ?

## ਇੱਕ ਇਹ ਪੱਖ--

ਉਪ੍ਰੋਕਤ ਵਿਚਾਰ ਵਿਚ ਅਸਾਂ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ " **ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ** " **ਬਚਨਾ ਵਾਲੀ ਕਵਿਤਾ** (੨੧ਵੇਂ ਚਰਿਤ੍ਰ ਦੇ ੫੧ ਤੋਂ ੫੪ ਸਵੈਯੇ ਫਿਰ ੫੮ ਛੰਦ ਵਿਚ) ਇਕ ਰਾਜਾ ਉਸ ਇਸਤ੍ਰੀ ਨੂੰ ਕਹਿੰਦਾ ਹੈ, ਜਿਹੜੀ ਰਾਜੇ ਨੂੰ ਆਪਣੇ ਨਾਲ ਭੋਗ ਕਰਨ ਲਈ ਕਹਿ ਰਹੀ ਸੀ। ਭਾਵ ਇਹ ਚੰਗੀ ਸਿਖਿਆ ਵਾਲੇ ਬਚਨ " ਕਬੀਓ ਬਾਚ " ਨਹੀਂ ਹਨ। ਸਗੋਂ ਇੱਕ ਪਾਤ੍ਰ ਦੂਜੇ ਪਾਤ੍ਰ ਨੂੰ ਕਹਿ ਰਿਹਾ ਹੈ। ਉਸੇ ਗ੍ਰੰਥ ਦੇ ਵਿਚਲੀ ੩੩ਵੇ ਚਲਿੱਤ੍ਰ ਦੇ ਵਿਚ ਇੱਕ ਮੰਤ੍ਰੀ ਦੁਆਰਾ ਰਾਜੇ ਨੂੰ ਇਹ ਉਪਦੇਸ਼ ਦਿੱਤਾ ਜਾ ਰਿਹਾ ਹੈ ਕਿ ਜੇ ਕੋਈ ਵਧੀਆਂ ਇਸਤ੍ਰੀ ਹੱਥ ਲਗ ਜਾਏ ਤਾਂ ਹਥੋਂ ਜਾਣ ਨਹੀਂ ਦੇਣੀ ਚਾਹੀਦੀ। ਫਿਰ ਓਸੇ ਨਾਲ ਹੀ ਖੂਬ ਰੰਗ ਰਲੀਆਂ ਮਨਾਉਂਣੀਆਂ ਚਾਹੀਦੀਆਂ ਹਨ ਅਤੇ ਆਪਣੀ ਇਸਤ੍ਰੀ ਨਾਲ ਪਿਆਰ ਕਦੇ ਨਹੀਂ ਕਰਨਾ ਚਾਹੀਦਾ, ਭਾਵ ਚੰਗੀ ਵਧੀਆ ਇਸਤ੍ਰੀ ਹੱਥ ਲੱਗ ਜਾਏ ਤਾਂ ਫਿਰ ਆਪਣੀ ਧਰਮ-ਪਤਨੀ ਦਾ ਤਿਆਗ ਕਰ ਦੇਣ ਦਾ ਉਪਦੇਸ਼ ਹੈ। ਪਾਤ੍ਰ ਦੇ ਮੂੰਹ ਦੀ ਗੱਲ ਜੇ ਇਕ ਥਾਂ ਗੁਰੂ ਉਪਦੇਸ਼ ਸਮਝੀ ਜਾ ਸਕਦੀ ਹੈ, ਤਾਂ ਉਸੇ ਹੀ ਗ੍ਰੰਥ ਦੇ ਉਸੇ ਹੀ ਭਾਗ ਵਿਚ, ਕੇਵਲ ਨੌ ਚਲਿਤ੍ਰਾਂ ਉਪਰੰਤ, ਪਾਤ੍ਰ ਦੀ ਹੀ ਕਹੀ ਦੂਜੀ ਗੱਲ ਗੁਰੂ ਉਪਦੇਸ਼ ਮੰਨਣ ਦੀ ਰੋਕ ਕਿਵੇਂ ਮੰਨੀ ਜਾ ਸਕਦੀ ਹੈ?

**ਅੜਿੱਲ ॥ਸੁਨੋ ਰਾਇ ਇਕ ਤ੍ਰਿਯਾ ਸੁਭ ਤਾਂਹਿ ਬੁਲਾਇਯੈ ॥ ਤਾ ਸੌ ਮੈਨ ਬਿਹਾਰ ਬਿਸੇਖ ਕਮਾਇਯੈ ॥**
**ਐਸੀ ਤ੍ਰਿਯ ਕਰ ਪਰੈ ਜਾਨ ਨਹਿ ਦੀਜਿਯੈ ॥ ਹੋ ਨਿਜ ਨਾਰੀ ਸੋ ਨੇਹੁ ਨ ਕਬਹੂੰ ਕੀਜਿਯੋ ॥ ੧੯ ॥**
**ਚੌਪਈ ॥ ਭਲੌ ਵਹੈ ਜੋ ਭੋਗ ਕਮਾਵੈ ॥ ਭਾਂਤ ਭਾਂਤਿ ਸੋ ਦਰਬੁ ਲੁਟਾਵੈ ॥**
**ਨਿਜੁ ਤ੍ਰਿਯ ਸਾਥ ਨ ਨੇਹ ਲਗੈਯੈ ॥ ਜੋ ਜਿਤ ਜਗ ਆਪਨ ਨ ਕਹੈਯੈ ॥ ੨੦ ॥** [ਚਰਿਤ੍ਰ ਨੰ: ੩੩ ॥ ੧੫੮ ॥ ਅਫਜੂੰ ]

ਕਿਸੇ ਇੱਕ ਪਾਤਰ ਦੇ ਮੂੰਹ ਦੀ ਗੱਲ ਨੂੰ ਸਤਿਗੁਰਾਂ ਦਾ ਉਪਦੇਸ਼ ਮੰਨ ਕੇ, ਜਦ ਗੁਰੂ ਦਰਬਾਰ ਵਿਚ ਸੰਗਤਾਂ ਨੂੰ ਸੁਣਾਉਣ ਦਾ ਧਾਰਮਿਕ ਨੀਯਮ ਬਣ ਜਾਏ, ਤਾਂ ਫਿਰ ਓਸੇ ਗ੍ਰੰਥ ਵਿਚਲੇ ਕਿਸੇ ਦੂਜੇ ਪਾਤਰ ਦੀ ਕਹੀ ਗੱਲ ਨੂੰ ਗੁਰੂ ਉਪਦੇਸ਼ ਨਾ ਮੰਨਿਆਂ ਜਾਣਾ ਕਿਧਰ ਦਾ ਅਸੂਲ ਰਹਿ ਜਾਂਦਾ ਹੈ ? ਉਪ੍ਰੋਕਤ (ਸ੍ਰੀ ਆਸਾ ਦੀ ਵਾਰ ਵਿਚਲਾ--ਅਖੀ ਸੂਤਕੁ ਵੇਖਣਾ--ਅਤੇ ਫਿਰ ੧੧ ਤੋਂ ੨੦ ਨੰਬਰ ਤੱਕ ਕੁਲ ੧੧) ਪਰ ਨਾਰੀ ਗਮਨ ਤੋਂ ਵਰਜਣ ਵਾਲੇ ਅੰਮ੍ਰਿਤ ਮਈ ਗੁਰੂ ਫੁਰਮਾਨਾਂ ਦੇ ਨਾਲ ਆਚਰਣ ਨੂੰ ਉੱਚਾ ਸੁੱਚਾ ਬਣਾਈ ਰੱਖਣ ਦੇ ਗੁਰੂ ਉਪਦੇਸ਼ ਦੇ ਅਥਾਹ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁੰਦਿਆਂ ਸਾਨੂੰ ਕਿਸੇ ਵੀ ਹੋਰ ਅਜੇਹੇ ਧਰਮ ਗ੍ਰੰਥ ਦੀ ਲੋੜ ਅਨੁਭਵ ਹੋਣੀ, ਸਿੱਧ ਕਰਦਾ ਹੈ ਕਿ ਅਸਾਂ ਅਜੇ ਤੱਕ ਸੱਚੇ ਹਿਰਦੇ ਤੋਂ ਅਤੇ ਸੱਚੀ ਸ਼ਰਧਾ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸੱਚਾ ਅਤੇ ਪੂਰਨ ਗੁਰੂ ਮੰਨਿਆਂ ਹੀ ਨਹੀਂ ਹੈ। ਅਸਲ ਵਿਚ ਅਸੀਂ ਆਪਣੇ ਸਤਿਗੁਰੂ ਜੀ ਤੋਂ ਮੂੰਹ ਮੋੜ ਕੇ ਕਿਸੇ ਦੂਜੇ ਦੀ ਸੰਗਤਿ ਵਿਚ ਬੈਠ ਰਹੇ ਹਾਂ:--

੨੧- **ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥ ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥ ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥** {੧●੬੮}-੨-੨੪

## ੬- ਚਰਿੱਤ੍ਰ ੭੧ ਕਥਾ ਸਿਰਮੌੜ ਦਾ ਰਾਜਾ (੩)

ਹੋਰ ਵੀ ਨੀਵੀਂ ਵਿਚਾਰ ਦੇ ਗੁਰੂ ਨਿੰਦਕਾਂ ਵਾਲਾ ਦੁਸ਼ਕਰਮ ? :--

ਪੁਸਤਕ ' ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ' ਦੇ ਪਹਿਲੇ ਭਾਗ ਵਿਚ ਪੁਰਾਣਕ ਲਿਖਤਾਂ ਦੇ ਅਧਾਰ ਤੇ ਸਪੱਸ਼ਟ ਕੀਤਾ ਹੋਇਆ ਹੈ, ਕਿ, ਪੁਰਾਤਣ ਸਮੇਂ ਤੋਂ ਧਰਮ ਗੁਰੂ ਬਣ ਚੁੱਕੇ ਪ੍ਰੋਹਿਤ ਜੀ ਨੇ, ਪੁਰਾਣ, ਸਿੰਮ੍ਰਿਤੀਆਂ ਆਦਿ ਧਰਮ ਗ੍ਰੰਥ ਲਿਖਣ ਸਮੇ, ਆਪਣੇ ਆਚਰਨ ਵਿਚ ਆ ਚੁੱਕੀਆਂ ਸਾਰੀਆਂ ਕਮਜ਼ੋਰੀਆਂ, ਅਥਵਾ ਵਿਕਾਰ (ਚੋਰੀ, ਠੱਗੀ, ਬਚਨ ਕਰਕੇ ਖਿਸਕ ਜਾਣਾ, ਝੂਠ, ਪਰਇਸਤ੍ਰੀ-ਗਾਮਤਾ, ਬਦਲਾ ਲਊ ਭਾਵਣਾ, ਵੈਰ ਵਿਰੋਧ, ਵਿਸ਼ਵਾਸ਼-ਘਾਤ, ਬਲਾਤਕਾਰ, ਬੁਜ਼ਦਿਲੀ, ਭਖਦੇ ਜੰਗ ਵਿਚੋਂ ਪਿੱਠ ਦੇ ਕੇ ਦੌੜ ਪੈਣਾ, ਆਦਿ) ਉਨ੍ਹਾਂ (ਬ੍ਰਹਮਾਂ, ਬਿਸ਼ਨ, ਮਹੇਸ਼, ਰਾਮ ਕ੍ਰਿਸ਼ਨ ਭਗਵਾਨਾ ਦੇ ਅਥਵਾ ਹੋਰ ਦੇਵੀ ਦੇਵਤਿਆਂ) ਦੇ ਆਚਰਨ ਵਿਚ ਦਰਸਾ ਦਿੱਤੀਆਂ, ਜਿਨ੍ਹਾਂ ਨੂੰ ਲੋਕਾਂ ਲਈ ਵਡੇ ਪੂਜਨੀਕ ਬਣਾ ਲਿਆ ਹੋਇਆ ਸੀ। " **ਜੇਸਾ ਸਿਮਰੇ ਤੈਸੋ ਹੋਵੇ** "- ਦੇ ਅਟੱਲ ਕੁਦਰਤੀ ਨਿਯਮ ਅਨੁਸਾਰ, ਉਨ੍ਹਾਂ ਭਗਵਾਨਾਂ ਦੀ ਪੂਜਾਰੀ, ਸਾਰੀ ਹਿੰਦੂ ਕੌਮ ਦੇ ਆਚਰਨ ਵਿਚ (ਭਿਗਵਾਨਾਂ ਦੇ ਆਚਰਨ ਵਿਚ ਦਰਸਾਏ ਹੋਏ) ਉਹ ਸਾਰੇ ਐਬ ਪ੍ਰਵੇਸ਼ ਕਰ ਗਏ। ਜਿਸ ਦਾ ਹੀ ਸਿੱਟਾ ਸੀ ਕਿ ਭਾਰਤੀ ਕੌਮ ਅਜੇਹੀ ਕਮਜ਼ੋਰ ਅਤੇ ਸਾਹ-ਸਤ ਹੀਣ ਬਣ ਗਈ ਕਿ ਵਿਦੇਸ਼ੀ ਲੁਟੇਰਿਆਂ ਤੋਂ ਆਪਣੀ ਜਾਣ, ਮਾਲ ਅਥਵਾ ਧੀ ਭੇਣ ਦੀ ਪਤਿ, ਕੁਝ ਵੀ ਨਾ ਬਚਾ ਸਕੇ ਅਤੇ ਸੈਂਕੜੇ ਸਾਲਾਂ ਦੀ ਗੁਲਾਮੀ ਸਹੇੜ ਲਈ। ਉਵੇਂ ਹੀ, ਹੁਣ ਤੁਸੀਂ ਵੀ, ਸਾਰੇ ਨੀਵੇਂ ਕਰਮ ਦਸਮ-ਗੁਰੂ ਨਾਨਕ ਸਾਹਿਬ ਦੇ ਆਚਰਨ ਵਿਚ ਦਰਸਾਉਣੋਂ ਫ਼ਰਕ ਨਹੀਂ ਛੱਡ ਰਹੇ। **ਚਰਿਤ੍ਰੋ ਪਖਯਾਨ** ਗ੍ਰੰਥ ਵਿਚ, ਲਿਖਾਰੀ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚੰਗਾ ਜਾਂ ਮੰਦਾ ਕਿਰਦਾਰ ਨਿਭਾਉਂਦੇ, ਗ੍ਰੰਥ ਦੀ ਕਿਸੇ ਵੀ ਕਹਾਣੀ ਵਿਚ (ਸਪੱਸ਼ਟ ਸ਼ਬਦਾਂ ਵਿਚ), ਨਹੀਂ ਦਰਸਾਇਆ ਹੋਇਆ। ਪਰ, ਜਿਹੜੀ ਕਸਰ ਲਿਖਾਰੀ ਨੇ ਜਾਣ ਬੁੱਝ ਕੇ ਛੱਡੀ ਹੋਈ ਸੀ, ਉਸ ਨੂੰ ਤੁਸਾਂ (ਪਿਆਰਾ ਸਿੰਘ ਪਦਮ ਜੀ ਨੇ) ਬੜੀ ਮਿਹਨਤ ਨਾਲ ਪੂਰਾ ਕੀਤਾ ਹੈ। ਅੱਤਿ ਦਰਜੇ ਦੇ ਨੀਵੇਂ ਪੱਧਰ ਦੀਆਂ, ਗੁਰਮਤਿ ਵਿਰੋਧੀ **ਕਹਾਣੀਆਂ, ਬੜੀਆਂ ਦਲੀਲਾਂ ਦੇ ਦੇ ਕੇ ਕਲਗ਼ੀਧਰ ਜੀ ਦੇ ਆਚਰਨ ਦਾ ਹਿੱਸਾ ਬਣੀਆਂ ਦਰਸਾਉਣ ਵਿਚ, ਤੁਸੀਂ ਪੂਰਾ ਟਿੱਲ ਲਾਇਆ ਹੋਇਆ ਹੈ।**

ਦਸ਼ਮੇਸ਼ ਜੀ ਦੀ ਜਿਹੜੀ " **ਆਪ ਬੀਤੀ** " ਤੁਸਾਂ ਅੱਗੇ ਲਿਖੀ ਹੈ ਉਹ ਉਪ੍ਰੋਕਤ ਸਭ ਕੁਝ ਤੋਂ ਨਿਆਰੀ ਅਤੇ ਦਸ਼ਮੇਸ਼ ਜੀ ਦੀ ਪਾਵਨ ਸ਼ਖ਼ਸ਼ੀਯਤ ਨੂੰ ਹੋਰ ਵੀ ਵੱਧ ਨੀਵੀਂ ਪੱਧਰ ਨੂੰ ਧ੍ਰੂ ਖੜਨ ਦਾ ਯਤਨ ਸਿੱਧ ਹੋ ਰਹੀ ਹੈ। ਕਿਸੇ ਦੂਜੇ ਦਾ ਹੱਕ ਖੋਹ ਲੈਣ ਬਾਰੇ, ਆਪਣੇ ਪਹਿਲੇ ਸਰੂਪ ਸਮੇ--**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ** ॥", ਕਹਿਣ ਵਾਲੇ, ਅਤੇ ਫਿਰ ਠੱਗ ਖਾਣ ਨੂੰ ਮੁਰਦਾਰ ਖਾਣ ਤੁੱਲ ਫ਼ੁਰਮਾਨ ਕਰਨ ਵਾਲੇ--(੧) **ਲਬੁ ਕੁਤਾ ਕੂੜੁ ਚੂਹੜਾ <u>ਠਗਿ ਖਾਧਾ ਮੁਰਦਾਰੁ</u>** ॥[੧੫]-੪ (੨) **ਕਲਿ ਹੋਈ ਕੁਤੇਮੁਹੀ ਖਾਜੁ ਹੋਆ ਮੁਰਦਾਰੁ ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥ ...** [੧੨੪੨] ਦਸਮ ਗੁਰੂ ਨਾਨਕ ਜੀ ਨੂੰ ਹੀ ਯਾਤਰੂਆਂ ਦੀਆਂ ਪੱਗਾ ਲਾਹ ਕੇ **ਪੈਸੇ ਵੱਟਦੇ ਦਰਸਾਉਣ ਵਿਚ ਤੁਸਾਂ (ਪਦਮ ਜੀ !) ਪੰਥਕ ਸੇਵਾ ਮੰਨ ਲਈ** ? ਆਪਣੀ ਪੁਸਤਕ ਦੇ ਉਸੇ ੧੨੫ ਸਫ਼ੇ ਤੇ ਹੀ ੭੧ ਨੰਬਰ ਦੇ ਚਲਿਤਰ ਦੇ ਹਵਾਲੇ ਨਾਲ **ਤੁਸਾਂ** ਇਉਂ ਦੇ ਬਚਨ ਲਿਖੇ ਹਨ:--

> " ਜਿਸ ਸਮੇਂ ਸਤਿਗੁਰੂ ਪਾਉਂਟੇ ਸਾਹਿਬ ਤੋਂ **ਵਾਪਸ ਮੁੜਦੇ ਕਪਾਲਮੋਚਨ ਤੀਰਥ** ਤੇ ਆਏ ਤਾਂ ਖ਼ਿਆਲ ਆਇਆ ਕਿ ਆਪਣੇ ਸਿਖਾਂ ਨੂੰ ਸਿਰੋਪਾਉ ਵਜੋਂ ਪੱਗਾਂ ਦਿੱਤੀਆਂ ਜਾਣ, ਪਰੰਤੂ ਪੱਗਾਂ ਕਿਤੋਂ ਮਿਲੀਆਂ ਨਹੀਂ, ਕੁਝ ਸਿਖਾਂ ਨੂੰ ਪਾਉਂਟੇ ਤੇ ਬੂੜੀਏ ਭੇਜਿਆ ਗਿਆ ਪਰ ਇਤਨੀ ਮਲਮਲ ਉਥੋਂ ਨ ਮਿਲੀ ਅਖ਼ੀਰ ਫੈਸਲਾ ਕੀਤਾ ਕਿ ਇਸ ਪਵਿਤਰ ਤੀਰਥ ਲਾਗੇ ਜੋ ਪਿਸ਼ਾਬ ਕਰਦਾ ਹੋਵੇ ਉਸਨੂੰ ਫੜ ਲਓ ਤੇ ਉਸਦੀ ਪੱਗ ਲਾਹ ਲਓ, ਅਜੇਹਾ ਕਰਨ ਤੇ ਉਸਨੂੰ ਨਸੀਹਤ ਮਿਲੇਗੀ ਕਿ ਧਰਮ ਅਸਥਾਨ ਤੇ ਗੰਦ ਖਿਲਾਰਨੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਗੁਰੂ ਸਾਹਿਬ ਦੇ ਸਿਪਾਹੀਆਂ ਨੂੰ ਇਹ ਹੁਕਮ ਮਿਲਣ ਦੀ ਦੇਰ ਸੀ ਕਿ ਉਨ੍ਹਾਂ ਥੋੜੇ ਸਮੇ ਵਿਚ ਹੀ ਅਠ ਸੌ ਪੱਗਾਂ ਇਕੱਠੀਆਂ ਕਰ ਲਈਆਂ ਤੇ ਉਥੇ ਹੀ ਧੁਆ ਲਈਆਂ ਗਈਆਂ। ਇਸ ਤਰਹਾਂ ਉਨ੍ਹਾਂ **ਉਜਲ ਦਸਤਾਰਾਂ** ਦੇ ਆਏ ਸਿੱਖਾਂ ਪ੍ਰੇਮੀਆਂ ਨੂੰ ਵੰਡਕੇ ਸਿਰੋਪਾਉ ਦਿੱਤੇ ਗਏ।
>
> ਇਹ ਘਟਨਾ ਗੁਰੂ ਸਾਹਿਬ ਨੇ ' **ਪੁਰਖ ਚਰਿਤਰ** ' ਦੇ ੭੧ ਨੰਬਰ ਤੇ ਦਰਜ ਕੀਤੀ ਹੈ--

[(੧) ਗ਼ਰੀਬ ਯਾਤਰੂਆਂ ਦੇ ਮਨਾਂ ਨੂੰ ਦੁਖੀ ਕਰਨ ਵਾਲੀ ਜਬਰ ਅਤੇ ਲੁੱਟ-ਧੱਕੇ ਦੀ ਮੈਲ ਵਾਲੀਆਂ ਪੱਗਾ, ਉੱਜਲ ਕਿਵੇਂ ਬਣ ਗਈਆਂ ਜੀ?

(੨) ਇਸਤ੍ਰੀਆਂ ਦੇ ਚਰਿਤ੍ਰਾਂ ਦੀਆਂ ਕਹਾਣੀਆਂ ਸੁਨਾਉਣੀਆਂ ਅਰੰਭ ਕਰਨ ਵਾਲੇ ਵਜ਼ੀਰ ਨੇ, ਜਾਂ ਗ੍ਰੰਥ ਦੇ ਲਿਖਾਰੀ ਨੇ ਕਦੋਂ ਤੇ ਕਿਸ ਦਲੀਲ ਨਾਲ, ਪੁਰਖ ਚਰਿਤ੍ਰ ਵੀ ਲਿਖਣੇ ਅਰੰਭ ਕਰ ਦਿੱਤੇ ਸਨ ?

(੩) ਅਭੁੱਲ ਸਤਿਗੁਰੂ ਸ੍ਰੀ ਦਸ਼ਮੇਸ਼ ਦੇ ਨਾਮਣੇ ਨਾਲ, ਕੀ, ਤੁਸਾਂ ਇਹ ਨਵੇਂ ਕਿਸਮ ਦੀ ਭੁੱਲ ਨਹੀਂ ਲਿਆ ਜੋੜੀ ਹੈ ਜੀ?]

ਤੁਹਾਡੀ (ਪਿਆਰਾ ਸਿੰਘ ਪਦਮ ਜੀ ਦੀ) ਇਸ ਲਿਖਤ ਬਾਰੇ ਗੰਭੀਰ ਸ਼ੰਕਿਆਂ ਦਾ ਵੇਰਵਾ:--

**(ੳ)** ਤੁਹਾਡਾ ਇਹ ਲਿਖਣਾ ਨਿਰੋਲ ਝੂਠ ਹੈ ਕਿ ਪਾਉਂਟਾ ਸਾਹਿਬ ਤੋਂ ਵਾਪਸੀ ਤੇ ਦਸ਼ਮੇਸ਼ ਜੀ ਕਪਾਲ ਮੋਚਨ ਗਏ ਸਨ। ਤੁਹਾਡੇ ਉਪਰੋਕਤ ਝੂਠ ਨੂੰ ਇਸ ਕਹਾਣੀ ਦੇ ਲਿਖਾਰੀ ਨੇ, ਅਰੰਭ ਵਿਚ ਹੀ ਨੰਗਾ ਕਰ ਦਿੱਤਾ ਹੋਇਆ ਹੈ:--

**ਦੋਹਰਾ ॥ ਨਗਰ ਪਾਵਟਾ ਬਹੁ ਬਸੈ ਸਾਰਮੌਰ ਕੇ ਦੇਸ ॥ ਜਮੁਨਾ ਨਦੀ ਨਿਕਟਿ ਬਹੈ ਜਨੁਕ ਪੁਰੀ ਅਲਿਕੇਸ ॥ ੧ ॥**
**ਨਦੀ ਜਮੁਨ ਦੇ ਤੀਰ ਮੈਂ ਤੀਰਥ ਮੁਚਨ ਕਪਾਲ ॥ ਨਗਰ ਪਾਂਵਟਾ ਛੋਰਿ ਹਮ ਆਏ ਤਹਾਂ ਉਤਾਲ ॥ ੨ ॥**

**ਅਰਥ:**--ਸਿਰਮੌਰ ਦੇਸ ਵਿਚ ਪਾਉਂਟਾ ਸ਼ਹਿਰ ਵੱਸਦਾ ਹੈ, ਜਿਹਦੇ ਕੋਲ ਜਮਨਾ ਨਦੀ ਵਹਿੰਦੀ ਹੈ, ਉਹ ਕੁਬੇਰ ਦੇਵਤੇ ਦੀ ਪੁਰੀ ਵਾਂਗ ਸੁੰਦਰ ਹੈ ।੧। ਜਮਨਾ ਨਦੀ ਦੇ ਕੰਢੇ ਕਪਾਲ ਮੋਚਨ ਨਾ ਦਾ ਇਕ ਤੀਰਥ ਹੈ। **ਪਾਉਂਟਾ ਨਗਰ ਛੱਡਕੇ ਅਸੀਂ ਇਥੇ ਆ ਗਏ**। ੨ ।

**ਚੌਪਈ ॥ ਖਿਲਤ ਆਖੇਟਕ ਸੂਕਰ ਮਾਰੇ ॥ ਬਹੁਤੇ ਮ੍ਰਿਗ ਔਰ ਹਨਿ ਡਾਰੇ ॥**
**ਪੁਨਿ ਤਿਹ ਠਾਂ ਕੌ ਹਮ ਮਗੁ ਲੀਨੋ ॥ ਵਾ ਤੀਰਥ ਕੇ ਦਰਸ਼ਨ ਕੀਨੋ ॥ ੩ ॥**

**ਅਰਥ**:--ਸ਼ਿਕਾਰ ਖੇਡਦਿਆਂ ਏਥੇ ਬਹੁਤ ਸੂਰ ਤੇ ਹਰਨ ਮਾਰੇ। ਫਿਰ ਅਸਾਂ ਉਸ ਅਸਥਾਨ ਦਾ ਰਾਹ ਲਿਆ ਤੇ ਉਸ ਤੀਰਥ ਦੇ ਦਰਸ਼ਨ ਕੀਤੇ।

ਮਨਘੜਤ ਗੱਲਾਂ ਨਾਲ ਆਪਣੀ ਮਰਜ਼ੀ ਦਾ ਰੰਗ ਚਾੜ੍ ਕੇ, ਇਹ ਝੂਠ-ਕਹਾਣੀਆਂ ਤੁਸੀਂ, ਕਿਸ ਘਾਤਕ ਯੋਜਨਾ ਅਧੀਨ ਪਾਠਕਾਂ ਦੇ ਪੇਸ਼ ਕੀਤੀਆਂ ਹਨ? ਅਨੰਦਪੁਰ ਨੂੰ ਵਾਪਸ ਮੁੜਦਿਆਂ, (ਬ੍ਰਾਹਮਣੀ ਲੁੱਟ-ਨੀਤੀ ਅਧੀਨ ਪੁਰਾਣਕ ਕਹਾਣੀਆਂ ਦੇ ਅਧਾਰ ਤੇ ਬਣੇ=*) ਕਿਸੇ ਤੀਰਥ ਤੇ, ਠਹਿਰ ਜਾਣਾ ਹੋਰ ਗੱਲ ਹੈ। ਪਰ ਸ਼ਿਕਾਰ ਖੇਡਦਿਆਂ ਉਚੇਚੇ ਤੌਰ ਤੇ ਕਿਸੇ ਤੀਰਥ ਦੇ ਦਰਸ਼ਨਾਂ ਲਈ ਜਾ ਠਹਿਰਣਾ ਹੋਰ ਗੱਲ ਹੈ। ਤੁਹਾਨੂੰ ਪਤਾ ਸੀ ਕਿ ਅਜੇਹੇ ਤੀਰਥ ਤੇ ਸਤਿਗੁਰੂ ਜੀ ਉਸ ਸਮੇਂ ਹੀ ਪੁਜਿਆ ਕਰਦੇ ਸਨ ਜਦੋਂ ਯਾਤਰੂਆਂ ਦਾ ਵਿਸ਼ਾਲ ਇੱਕਠ ਹੋ ਰਿਹਾ ਹੋਵੇ। ਅਜੇਹੇ ਤੀਰਥਾਂ ਤੇ ਪੁੱਜਣ ਦਾ ਸਤਿਗੁਰਾਂ ਦਾ ਮੰਤਵ ਦਰਸ਼ਨ ਇਸ਼ਨਾਨ ਨਹੀਂ ਸੀ ਹੁੰਦਾ। ਉਥੇ ਜੁੜੇ ਲੋਕਾਂ ਨੂੰ ਗੁਰਮਤਿ ਗਿਆਨ ਤੋਂ ਜਾਣੂ ਕਰਾ ਕੇ, ਤੀਰਥਾਂ ਦੇ ਇਸ਼ਨਾਨ ਤੋਂ ਮਿਲਦੇ ਫਲਾਂ ਦੇ ਫੋਕਟ ਭਰਮ-ਜਾਲ ਵਿਚੋਂ ਕਢਣ ਲਈ ਹੀ ਗੁਰਦੇਵ ਜੀ ਤੀਰਥਾਂ ਤੇ ਜਾਇਆ ਕਰਦੇ ਸਨ॥ ਇਸ ਦਲੀਲ ਦੀ ਪੁਸ਼ਟੀ ਗੁਰੂ ਬਾਣੀ ਦੁਆਰਾ ਇਸ ਪ੍ਰਕਾਰ ਹੋ ਰਹੀ ਹੈ:--

੨੨– **ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਨ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ ਗੁਰ ਤਿਗੁਰ ਦਰਸੁ ਭਇਆ ॥੧॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥ ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥ ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥ ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥ {੧੧੧੬}-੪-੧੦**

[***Foot note:--**ਪਦਮ ਪੁਰਾਨ ਦੀ ਕਥਾ ਅਨੁਸਾਰ ਇੱਕ ਵਾਰ ਕਥਾ ਸੁਣਾਉਂਦਿਆ ਸੰਗਤਿ ਵਿਚ ਬੈਠੀ ਆਪਣੀ ਬੇਟੀ ਤੇ ਬ੍ਰਹਮਾਂ ਦੀ ਨਜ਼ਰ ਟਿਕ ਗਈ । ਸਰਸਵਤੀ ਉਠ ਕੇ ਖੱਬੇ ਪਾਸੇ ਜਾ ਬੈਠੀ ਤਾਂ ਬ੍ਰਹਮਾਂ ਨੇ ਉਧਰ ਸਿਰ ਲਾ ਲਿਆ। ਫਿਰ ਸੱਜੇ ਪਾਸੇ ਅਤੇ ਪਿਛਲੇ ਪਾਸੇ ਜਿਧਰ ਲੜਕੀ ਜਾ ਬੈਠੇ ਉਧਰੇ ਹੀ ਬ੍ਰਹਮਾ ਸਿਰ ਲਾ ਲਵੇ। ਚੌਹੀ ਪਾਸੀ ਚਾਰ ਸਿਰ ਕੁੜੀ ਨੂੰ ਘੂਰਨ ਲੱਗ ਪਏ ਤਾਂ, ਆਖ਼ਰ ਉਹ ਬੀਬੀ ਅਸਮਾਨ ਵੱਲ ਉਡੀ ਤਾਂ ਬਰ੍ਹਮਾਂ ਨੇ ਪੰਜਵਾਂ ਸਿਰ ਉਤਾਂਹ ਨੂੰ ਲਾ ਲਿਆ। ਮਹਾਂ-ਭੈਰਵ (ਸ਼ਿਵ) ਕੋਲੋਂ ਨਾ ਰਿਹਾ ਗਿਆ ਤਾਂ ਉਸ ਨੇ ਆਪਣੇ ਖੱਬੇ ਹੱਥ ਦੀ ਚੀਚੀ ਉਂਗਲ ਨਾਲ ਬ੍ਰਹਮਾਂ ਦਾ ਪੰਜਵਾਂ ਸਿਰ ਕੱਟ ਲਿਆ। ਬ੍ਰਹਮ ਹਤਿਆਂ ਦੇ ਦੋਸ਼ ਵਿਚ ਕਟਿਆ ਹੋਇਆ ਸਿਰ ਸ਼ਿਵ ਦੇ ਹੱਥ ਨਾਲ ਚੰਬੜ ਗਿਆ। ਸਿਵ ਜੀ ਕਈ ਤੀਰਥਾਂ ਦੇ ਭੌਂਦਾ ਰਿਹਾ ਪਰ ਕਥਿਤ ਤੌਰ ਤੇ ਸੰਸਾਰ ਦਾ ਖੈ ਕਰ ਸਕਣ ਦੀ ਸ਼ਕਤੀ ਵਾਲੇ ਉਸ ਭਗਵਾਨ ਦੇ ਹੱਥ ਨਾਲੋਂ ਸਿਰ ਨਾ ਲੱਥਾ। ਆਖ਼ਰ ਇਸ ਕਪਾਲਮੋਚਨ ਤੀਰਥ ਤੇ ਆਇਆ ਤਾਂ ਸ਼ਿਵ ਜੀ ਦੀ ਉਸ ਸਿਰ ਤੋਂ ਖ਼ਲਾਸੀ ਹੋਈ।**ਮਹਾਨ ਕੋਸ਼ ਦੇ** ੨੯੫ ਸਫ਼ੇ ਤੇ ਇੱਕ ਕਥਾ ਇਸ ਪ੍ਰਕਾਰ ਹੈ--ਸ੍ਰੀ ਰਾਮਚੰਦ੍ਰ ਜੀ ਨੇ ਇੱਕ ਦੈਂਤ ਦਾ ਸਿਰ ਵਢਿਆ ਤਾਂ ਉਹ**ਮਹੇਦਰ ਰਿਖੀ** ਦੀ ਲੱਤ ਨਾਲ ਚਿਮਟ ਗਿਆ, ਜੋ ਕਿਸੇ ਵੀ ਤੀਰਥ ਤੇ ਨ੍ਹਾਤਿਆਂ ਨਾ ਉਤਰਿਆ। ਇਸ ਤੀਰਥ ਤੇ ਇਸ਼ਨਾਨ ਕੀਤਾ ਤਾਂ ਸਿਰ ਲਹਿ ਗਿਆ}

**(ਅ)** ਜਿਸ ਸਤਿਪੁਰਖ, ਨਿਆਰੇ ਸਤਿਗੁਰੂ, ਪੂਰਨ ਸੰਤ, ਸੱਚੇ ਪਾਤਸ਼ਾਹ ਜੀ ਦੇ ਚਰਨਾ ਦੀ ਧੂੜੀ ਹੀ ਬ੍ਰਾਹਮਣ ਦੇ ਸਿਰਜੇ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ---" **ਅਠ ਸਠਿ ਮਜਨੁ ਚਰਨਹ ਧੂਰੀ ॥ ੧ ॥ [੨੨੪]** ਉਸ ਗੁਰੂ ਪਰਮੇਸ਼ਰ ਨੂੰ ਦਰਸ਼ਨ-ਇਸ਼ਨਾਨਾਂ ਲਈ ਤੀਰਥਾਂ ਤੇ ਜਾਣ **ਦੀ ਕੀ ਲੋੜ?** ਜਿਸ ਸਾਧੂ-ਸਤਿਗੁਰੂ ਦੇ ਚਰਨਾਂ ਦੀ ਧੂੜ ਨੂੰ ਜਮੁਨਾ, ਗੰਗਾ ਆਦਿ ਕਥਿਤ ਪਵਿੱਤਰ ਨਦੀਆਂ ਤਰਸਦੀਆਂ ਹੋਣ ਉਹੀ ਪਰਮਪਾਵਨ ਦਸ਼ਮੇਸ਼ ਜੀ, ਤੀਰਥਾਂ ਦੇ ਦਰਸ਼ਨ-ਇਸ਼ਨਾਨ ਲਈ ਕਿਉਂ ਜਾਣ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ :-

੨੩– **ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥ ਤੀਰਥਿ ਅਠਸਠਿ ਮਜਨੁ ਨਾਈ ॥ ਸਤਸੰਗਤਿ ਕੀ ਧੂਰਿ ਪਰੀ**

**ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥ ਜਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥** {੧੨੬੩}-੨

**ਪ੍ਰਭੂ ਦੇ ਸੇਵਕਾਂ** ਦੇ ਚਰਨ ਗੰਗਾ ਮਈਆ ਜਿਹੇ ਕ੍ਰੋੜਾਂ ਤੀਰਥਾਂ ਦੇ ਤੁੱਲ ਫ਼ੁਰਮਤਨ ਕੀਤੇ ਹਨ:-

੨੪- **ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥ ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥੧॥ ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥ ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥।੮੨੮॥**

ਨਿਰਮੂਲ ਕਹਾਣੀਆਂ ਦੇ ਅਧਾਰ ਤੇ ਬਣੇ ਅਜੇਹੇ ਤੀਥ ਦੇ ਦਰਸ਼ਨ ਲਈ ਪੁੱਜਣ ਵਾਲੀ ਲਿਖਾਰੀ ਦੀ ਗੱਲ, ਗੁਰਮਤਿ ਵਿਰੋਧੀ ਹੈ।

**(ੲ)** ਪਦਮ ਜੀਓ ! ਤੁਹਾਡਾ ਫ਼ੁਰਮਾਨ ਹੈ ਕਿ--ਕਪਾਲ ਮੋਚਨ ਪੁੱਜ ਕੇ ਸਿੱਖਾਂ ਨੂੰ ਸਿਰੋਪਾਉ ਦੇਣ ਬਾਰੇ ਦਸ਼ਮੇਸ਼ ਜੀ ਨੂੰ ਖ਼ਿਆਲ ਆਇਆ ਤਾਂ ਪਾਉਂਟੇ ਤੋਂ ਜਾਂ ਬੂੜੀਏ ਤੋਂ ਪੱਗਾਂ ਅਥਵਾ ਮਲਮਲ ਨਾ ਮਿਲ ਸਕੀ। ਅਜੇਹੀ ਗੱਲ ਸਤਿਗੁਰਾਂ ਦੇ ਪਾਵਨ ਨਾਮਣੇ ਨਾਲ ਮੜ੍ਹ ਕੇ, ਕੀ ਤੁਸੀਂ ਇਹ ਕਹਿ ਰਹੇ ਹੋ ਕਿ ਦਸ਼ਮੇਸ਼ ਜੀ ਨੂੰ " ਚਾਦਰ ਵੇਖ ਕੇ ਪੈਰ ਪਸਾਰਨੇ ਚਹੀਦੇ ਹਨ "--ਪਰਚਲਤ ਕਹਾਵਤ ਦਾ ਵੀ ਕੋਈ ਪਤਾ ਨਹੀਂ ਸੀ? ਬੜੀ ਹੈਰਾਨੀ ਦੀ ਗੱਲ ਹੈ ਕਿ ਜਦ ਪੱਗਾਂ ਅਥਵਾ ਮਲਮਲ ਗੁਰੂ ਘਰ ਦੇ ਤੋਸ਼ੇ-ਖ਼ਾਨੇ ਵਿਚ ਹੈ ਹੀ ਨਹੀਂ ਸੀ, ਤਾਂ ਦਸ਼ਮੇਸ਼ ਜੀ ਨੂੰ ਸਿਰੋਪਾਉ ਦੇਣ ਦਾ ਖ਼ਿਆਲ ਕਿਵੇਂ ਆ ਸਕਦਾ ਸੀ? ਗੁਰੂ ਦਰਬਾਰ ਵਲੋਂ ਸਿਰੋਪਾਉ ਦੀ ਪ੍ਰਾਪਤੀ ਇੱਕ ਪਵਿਤਰ ਦਾਤ ਮੰਨੀ ਜਾਂਦੀ ਰਹੀ ਹੈ। ਅਤੇ ਫਿਰ ਇਹ ਨਿਰੀ ਪੱਗ ਹੀ ਨਹੀਂ ਸੀ ਹੁੰਦੀ। ਮਹਾਨ ਕੋਸ਼ ਦੇ ੧੯੯ ਸਫ਼ੇ ਤੇ **ਸਿਰਪਾਓ ਦੇ ਅਰਥ ਇਸ ਪ੍ਰਕਾਰ ਹਨ:--**

**ਸਿਰਪਾਉ**=ਸਿਰਾਪਾ ਅਥਵਾ ਸਰੋਪਾ। ਸਿਰ ਤੋਂ ਪੈਰ ਤੱਕ ਪਹਿਰਣ ਦੀ ਪੁਸ਼ਾਕ । ੨- ਖਿਲਤ।

**ਗੁਰੂ-ਬਾਣ ਅਨੁਸਾਰ ਸਿਰਪਾਉ**= **ਆਦਰ-ਮਾਣ** ਅਥਵਾ **ਪ੍ਰਭੂ-ਭਗਤੀ-ਰੂਪ,** ਮਾਣ-ਸਤਿਕਾਰ ਵਾਲਾ **ਸਿਰਪਾਉ:--**

੨੫- **ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥ ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥ ਰਹਾਉ ॥ ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥ ੨॥੨੯॥੯੩॥** {੬੩੧}

**ਅਰਥ:**--ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ-(ਜਿਨ੍ਹਾਂ ਸੇਵਕਾਂ ਦੀ) ਪੁਕਾਰ ਸਭ ਤਾਕਤਾਂ ਦੇ ਮਾਲਕ ਸੁਆਮੀ ਨੇ ਸੁਣ ਲਈ, ਉਨ੍ਹਾਂ ਦੇ (ਮਾਇਆ ਦੇ) ਬੰਧਨ ਕੱਟ ਕੇ ਪ੍ਰਭੂ ਨੇ ਉਨ੍ਹਾਂ ਦੇ ਜੀਵਨ ਸੋਹਣੇ ਬਣਾ ਦਿੱਤੇ। ਉਨ੍ਹਾਂ ਸੇਵਕ ਦਾਸਾਂ ਨੂੰ ਆਦਰ-ਮਾਣ (=**ਸਿਰਪਾਉ**) ਦੇ ਕੇ ਆਪਣੇ ਵਿਚ ਮਿਲਾ ਲਿਆ, ਤੇ ਸੰਸਾਰ ਵਿਚ ਉੱਘੇ ਕਰ ਦਿੱਤੇ। ੨ ।

੨੬- **ਸੰਤਨ ਕੇ ਕਾਰਜ ਸਗਲ ਸਵਾਰੇ ॥ ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥ ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥ ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥** {੬੩੧}

**ਅਰਥ:--(**ਪਰਮਾਤਮਾ ਦੇ ਸੇਵਕ ਭਗਤ ਜਨਾਂ ਨੂੰ) ਹਰ ਥਾਂ ਆਦਰ ਮਿਲਦਾ ਹੈ (ਹਰ ਥਾਂ ਲੋਕ) ਜੀ-ਆਇਆਂ ਆਖਦੇ ਹਨ। (ਸੰਤ ਜਨਾਂ ਨੂੰ) ਕਿਸੇ ਗੱਲੇ ਕੋਈ ਥੁੜ ਨਹੀਂ ਰਹਿੰਦੀ। ਪਰਮਾਤਮਾ ਦਾ ਤੇਜ-ਪ੍ਰਤਾਪ (ਸਾਰੇ ਸੰਸਾਰ ਵਿਚ) ਰੌਸ਼ਨ ਹੋ ਜਾਂਦਾ ਹੈ। ਪ੍ਰਭੂ ਦੀ ਭਗਤੀ ਕਰਨ ਵਾਲੇ ਮਨੁੱਖਾਂ ਪਾਸੋਂ ਜੇ ਪਾਟਾ ਹੋਇਆ ਭੂਰਾ (=ਲੂਗਰਾ) ਵੀ ਮਿਲ ਜਾਏ, ਤਾਂ ਉਸ ਨੂੰ ਪਹਿਨ ਕੇ ਨੰਗਾ ਹੋਣ ਦਾ ਡਰ ਨਹੀਂ ਰਹਿੰਦਾ। ਪ੍ਰਭੂ ਨਾਲੋਂ ਟੁੱਟੇ ਹੋਏ (=ਸਾਕਤ, ਵਿਕਾਰੀ) ਮਨੁੱਖ ਪਾਸੋਂ ਜੇ ਰੇਸ਼ਮੀ ਸਿਰੋਪਾ (=ਸਿਰ ਤੋਂ ਪੈਰਾਂ ਤੱਕ ਦੀ ਪੁਸ਼ਾਕ) ਵੀ ਮਿਲ ਜਾਏ, ਉਹ ਪਹਿਨਿਆਂ ਇਜ਼ੱਤ ਗਵਾ ਲਈਦੀ ਹੈ।੩।

੨੭- **ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥ ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਹਿਰਾਇਆ ॥ ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥ ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥ ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥ ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥ ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧॥੨॥** {੧੦੭੩}

ਪਰ ਜਿਹੋ ਜਿਹੇ ਸਰੋਪੇ ਦਾ ਜ਼ਿਕਰ ਪਦਮ ਸਾਬਿ ਜੀ ਤੁਸੀਂ ਦਸਮ ਪਿਤਾ ਜੀ ਦੇ ਪਾਵਨ ਨਾਮਣੇ ਨਾਲ ਮੜ੍ਹ ਰਹੇ ਉਹ ਸਰੋਪਾ ਕਿਸੇ ਸਾਕਤ ਦੀ ਕਾਢ ਹੈ। ਉਸ ਸਰੋਪੇ ਦਾ ਜ਼ਿਕਰ ਇਉਂ ਹੈ:--

੨੮- **ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥ ਸਾਕਤ ਸਿਉ ਮੁਖਿ ਜੋਰਿਐ ਅਧ**

**ਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥{੮੧੧} -੧੪॥੪੪॥**

**ਅਰਥ**:--ਪ੍ਰਭੂ ਦੀ ਭਗਤੀ ਕਰਨ ਵਾਲੇ ਮਨੁੱਖਾਂ ਪਾਸੋਂ ਜੇ ਪਾਟਾ ਹੋਇਆ ਭੂਰਾ ਵੀ ਮਿਲ ਜਾਏ, ਤਾਂ ਉਸ ਨੂੰ ਪਹਿਨ ਕੇ ਨੰਙਗਾ ਹੋਣ ਦਾ ਢਰ ਨਹੀਂ ਰਹਿੰਦਾ। ਪ੍ਰਭੂ ਨਾਲੋਂ ਟੁੱਟੇ ਹੋਏ ਮਨੁੱਖ ਜੇ ਰੇਸ਼ਮੀ ਸਿਰੋਪਾ ਬੀ ਮਿਲੇ, ਉਹ ਪਹਿਨਿਆਂ ਇੱਜ਼ਤ ਗਵਾ ਲਈਦੀ ਹੈ। ੩ । ਪਰਮਾਤਮਤ ਨਾਲੋਂ ਟੁੱਟਰੇ ਹੋਏ ਮਨੁੱਖ ਨਾਲ ਮੇਲ-ਜੋਲ ਰੱਖਿਆਂ ਉਹ ਮੇਲ-ਜੋਲ (ਤੋੜ ਨਹੀਂ ਨਿਭਦਾ) ਅੱਧ ਵਿਚੋਂ ਹੀ ਟੁੱਟ ਜਾਂਦਾ ਹੈ। ਜੇਹੜਾ ਮਨੱਖ ਪ੍ਰਭੂ ਦੀ ਭਗਤੀ ਕਰਨ ਵਾਲੇ ਬੰਦਿਆਂ ਦੀ ਸੇਵਾ ਕਰਦਾ ਹੈ ਉਹ ਇਸ ਲੋਕ ਵਿਚ ਵੀ ਤੇ ਪਰਲੋਕ ੯ਵਚ ਵੀ (ਝਗੜਿਅ ਬਖੇੜਿਆਂ ਤੋਂ) ਬਚਿਆ ਰਹਿੰਦਾ ਹੈ। ੪ ।

ਗੁਰੂ ਬਾਣੀ ਦੇ ਪਾਵਨ ਫ਼ੁਰਮਾਨਾਂ ਤੋਂ ਸਿੱਧ ਹੈ ਕਿ ਸਿਰੋਪਾ ਕੇਵਲ ਸਾਰਾ ਸਰੀਰ ਕੱਜਣ ਵਾਲਾ ਪੁਸ਼ਾਕਾ ਹੀ ਨਹੀਂ ਸਗੋਂ ਸਤਿਗੁਰਾਂ ਕੋਲੋਂ ਮਿਲੇ ਸਿਰੋਪਾ ਦਾ ਅਰਥ ਸਾਰੀ ਜਿੰਦਗੀ ਦਾ ਸੰਵਰ ਜਾਣਾ ਹੈ। ਭਾਵ, ਸਤਿਗੁਰਾਂ ਤੋਂ ਸਿਰੋਪਾ ਮਿਲਣ ਦਾ ਅਰਥ ਮਨੁੱਖ ਦੀ ਸਾਰੀ (ਲੋਕ ਅਤੇ ਪਰਲੋਕ ਵਿਚਲੀ) ਜ਼ਿੰਦਗੀ, ਮਾਣ ਸਤਿਕਾਰ ਵਾਲੀ ਬਣ ਜਾਂਦੀ ਹੈ।

ਉਚੇਚੇ ਤੌਰ ਤੇ ਚੁਣੀ ਕਹਾਣੀ ਦਾ ਕੁਝ ਪੱਖ ਤੁਸਾਂ ਪਾਠਕਾਂ ਤੋ ਲੁਕਾਇਆ ਹੈ। ਪਰ ਕਿਉਂਕਿ ਇਹ ਚਿੱਠੀ ਆਖ਼ਰ ਪੁਸਤਕ ਦੇ ਰੂਪ ਵਿਚ ਜਨਤਾ ਦੀ ਕਚਹਿਰੀ ਵਿਚ ਪੁੱਜਣੀ ਹੈ, ਇਸ ਲਈ ਅਗਲੀ ਵਿਚਾਰ ਲਿਖਣ ਤੋਂ ਪਹਿਲਾਂ ਇਸ ਚਰਿਤ੍ਰ ਦੇ ਪੂਰੇ ਦਰਸ਼ਨ ਕਰ ਲਈਏ :-

**ਜਬ ਪਯਾਦਨ ਐਸੇ ਸੁਨਿ ਪਾਯੋ ॥ ਤਿਹੀ ਭਾਂਤਿ ਮਿਲਿ ਸਭਨ ਕਮਾਯੋ ॥**
**ਜੋ ਮਨਮੁਖ ਤੀਰਥ ਤਿੱਹ ਆਯੋ ॥ ਪਾਗ ਬਿਨਾਂ ਕਰਿ ਤਾਂਹਿ ਪਠਾਯੋ ॥ ੭ ॥**

**ਅਰਥ**:--ਜਦੋ ਸਿਪਾਹੀਆਂ ਨੇ ਇਸ ਤਰ੍ਹਾਂ (ਹੁਕਮ) ਸੁਣਿਆਂ ਤਾਂ ਸਾਰਿਆਂ ਮਿਲ ਕੇ ਉਸੇ ਤਰ੍ਹਾਂ ਕੀਤਾ। ਜਿਹੜਾ ਵੀ ਮਨਮੁਖ ਇਸ ਤੀਰਥ ਤੇ ਆਇਆ, ਉਹਨੂੰ ਪੱਗ ਤੋਂ ਬਿਨਾ ਕਰਕੇ ਭੇਜ ਦਿੱਤਾ । ੭ ।

" ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ " ਕਹਾਣੀ ਅਨੁਸਾਰ, ਹੁਕਮ ਤਾਂ ਸੀ ਕੇਵਲ ਉਨ੍ਹਾਂ ਦੀਆਂ ਪੱਗਾਂ ਲਾਹੁਣ ਦਾ ਜਿਹੜੇ ਉਸ ਪਵਿੱਤਰ ਤੀਰਥ ਦੇ ਨੇੜੇ ਪਿਸ਼ਾਬ ਕਰਦੇ ਹੋਣ, ਪਰ ਪਿਆਦਿਆਂ ਨੇ ਮਨਮੁੱਖ ਘੋਸ਼ਤ ਕਰ ਕੇ ਸਾਰਿਆਂ ਨੂੰ ਹੀ ਸਿਰੋਂ ਨੰਗੇ ਕਰਕੇ ਘਰਾਂ ਨੂੰ ਤੋਰ ਦਿੱਤਾ ? ਭਲਾ ਪਦਮ ਜੀਓ ! ਕਿਸੇ ਦੀ ਪੱਗ ਲਾਹੁਣੀ, ਕੀ ਗੁਰਮੁਖਾਂ ਦਾ ਕਰਮ ਹੈ?

**ਦੋਹਰਾ ॥ ਰਾਤਿ ਬੀਚ ਕਰਿ ਆਠ ਸੈ ਪਗਰੀ ਲਈ ਉਤਾਰਿ । ਆਨਿ ਤਿਨੈ ਹਮ ਦੀਹ ਮੈ ਧੋਵਨ ਦਈ ਸੁਧਾਰਿ ॥ ੮ ॥**

**ਅਰਥ**:--ਇੱਕ ਹੀ ਰਾਤ ਵਿਚ ਅਠ ਸੌ ਪੱਗਾ ਲਾਹ ਲਈਆਂ, ਉਨ੍ਹਾਂ ਲਿਆ ਕੇ ਸਾਨੂੰ ਦਿੱਤੀਆਂ, ਤਾਂ ਉਨ੍ਹਾਂ ਨੂੰ ਧੋ ਕੇ ਸਾਫ਼ ਕਰ ਲਿਆ ਗਿਆ।੮।

**ਚੌਪਈ ॥ ਪ੍ਰਾਤ ਲੇਤ ਸਭ ਧੋਇ ਮਗਾਈ ॥ ਸਭ ਹੀ ਸਿਖਯਨ ਕੋ ਬੰਧਵਾਈ ॥**
**ਬਚੀ ਸੁ ਬੇਚਿ ਤੁਰਤੁ ਤਹ ਲਈ ॥ ਬਾਕੀ ਬਚੀ ਸਿਪਾਹਿਨ ਦਈ ॥ ੯ ॥**

**ਅਰਥ**:--ਸਵੇਰੇ ਉਹ ਧੋਤੀਆਂ ਹੋਈਆਂ ਪੱਗਾਂ ਮੰਗਵਾਈਆਂ ਤੇ ਸਾਰੇ ਸਿੱਖਾਂ ਨੂੰ ਬੰਨਵਾ ਦਿੱਤੀਆਂ। ਜੋ ਬਚ ਗਈਆਂ ਉਨ੍ਹਾਂ ਨੂੰ ਛੇਤੀ ਵੇਚ ਦਿੱਤਾ ਗਿਆ, ਜੋ ਬਾਕੀ ਬਚੀਆਂ ਉਹ ਸਿੱਖ ਸਿਪਾਹੀਆਂ ਨੂੰ ਵੰਡ ਦਿੱਤੀਆਂ । ੯ ।

## ਬਿਬੇਕ ਵਿਚਾਰ:--

**(ਸ)** ਕੇਵਲ ਪੱਗੜੀ ਨੂੰ ਅਤੇ ਫਿਰ ਦੂਜਿਆਂ ਕੋਲੋਂ ਖੋਹ ਕੇ ਬਖ਼ਸ਼ਸ਼ ਕੀਤੀਆਂ ਪੱਗੜੀਆਂ ਨੂੰ, ਸਿਰੋਪਾ ਲਿਖਣ ਵਾਲਾ ਲਿਖਾਰੀ ਨਿਰਸੰਦੇਹ ਗੁਰਮਤਿ ਦਾ ਵੈਰੀ ਹੈ। ਪਰ ਪਦਮ ਜੀ ਤੁਸੀਂ ? ਇਹ ਕਿਵੇਂ ਮਨ ਲਿਆ ਜਾਵੇ ਕਿ ਆਪ ਜੀ ਵਰਗਾ ਤਜਰਬੇਕਾਰ ਵਿਦਵਾਨ ਹੇਠ ਲਿਖੀਆਂ ਸਚਾਈਆਂ ਤੋਂ ਭਲੀ ਭਾਂਤ ਜਾਣੂੰ ਨਹੀਂ ਹੈ?:--

(੧) ਦੂਰੋਂ ਨੇੜਿਉ ਤੀਰਥਾਂ ਤੇ ਇਸ਼ਨਾਨ ਕਰਨ ਆਏ ਸ਼ਰਧਾਲੂ, ਧਰਮ ਅਸਥਾਨ ਤੇ ਗੰਦ ਪਾਉਣ ਦੀ ਨਿੱਯਤ ਨਾਲ ਨਹੀਂ ਪੁੱਜਦੇ, ਸਗੋਂ ਲਗ-ਪਗ (ਜੇਬ-ਕੁਤਰਿਆਂ , ਜੁੱਤੀ-ਚੋਰਾਂ ਅਥਵਾ, ਠੱਗਾਂ ਦੀ ਗੱਲ ਨਹੀਂ) ਸਾਰੇ ਯਾਤਰੂ, ਕੀਤੇ ਹੋਏ ਪਿੱਛਲੇ ਪਾਪਾਂ ਦੀ ਮੈਲ ਨੂੰ ਧੋ ਕੇ ਸੁਰਗਾਂ ਵਿਚ ਪੁਚਾਉਣ ਵਾਲੇ ਰਸਤੇ ਨੂੰ ਸਾਫ਼ ਕਰਨ ਦੀ ਸੱਧਰ ਲੈ ਕੇ ਘਰੋਂ ਤੁਰਦੇ ਹਨ।

(੨) ਟੱਟੀ ਪਿਸ਼ਾਬ ਦਾ ਆਉਣਾ, ਅਟੱਲ ਰੱਬੀ ਨਿਯੱਮ ਹੈ। ਇਸ ਕਿਰਿਆ ਨੂੰ ਆਪਣੀ ਮਰਜ਼ੀ ਨਾਲ ਲੰਮੇ ਸਮੇ ਲਈ ਰੋਕੀ ਰੱਖਣਾ, ਜੀਵ ਦੇ ਵੱਸ ਦੀ ਗੱਲ ਨਹੀਂ ਹੈ।

(੩) ਧਾਤਰੂਆਂ ਲਈ ਤੀਰਥਾਂ ਤੇ ਟੱਟੀ ਪਿਸ਼ਾਬ ਵਾਸਤੇ ਉਚੇਚੀ ਥਾਂ ਬਨਾਉਣੀ, ਪ੍ਰਬੰਧਕਾਂ ਦਾ ਫ਼ਰਜ਼ ਹੁੰਦਾ ਹੈ। ਜੇ ਯਾਤਰੂਆਂ ਦੇ ਆਉਣ ਨਾਲ ਤੀਰਥ ਅਸਥਾਨ ਦੇ ਨੇੜੇ ਗੰਦ ਪੈਂਦਾ ਹੈ ਤਾਂ ਉਸ ਦੀ ਸਿੱਧੀ ਜ਼ਿਮੇਵਾਰੀ ਉਨ੍ਹਾਂ ਪ੍ਰਬੰਧਕਾਂ ਤੇ ਹੈ ਜਿਹੜੇ ਯਾਤਰੂਆਂ ਦੀ ਕਮਾਈ ਵਿਚੋਂ ਤਕੜਾ ਹਿੱਸਾ ਠੱਗ ਰਹੇ ਹੁੰਦੇ ਹਨ।

(੪) ਠੀਕ ਪ੍ਰਬੰਧ ਨਾ ਹੋਣ ਦੇ ਕਾਰਨ ਤੀਰਥਾਂ ਦੇ ਨੇੜੇ ਪਿਸ਼ਾਬ ਕਰਨ ਵਾਲੇ ਸ਼ਰਧਾਲੂ ਯਾਤਰੂਆਂ ਦੀਆਂ ਪੱਗਾਂ ਲਾਹਉਣ ਦਾ ਕੰਮ ਕਿਸੇ ਪੱਖੋਂ ਵੀ ਸ਼ਲਾਘਾ-ਯੋਗ ਨਹੀਂ ਮੰਨਿਆਂ ਜਾ ਸਕਦਾ। ਸਗੋਂ ਅਜੇਹਾ ਕੁਕਰਮ ਕਰਨ ਵਾਲੇ ਨੂੰ ਲੋਕ, ਨੀਚ ਅਤੇ ਸ਼ੋਹਦਾ ਕਹਿਣਗੇ। ਏਨੇ ਤੱਥਾਂ ਤੋਂ ਜਾਣੂੰ ਹੁੰਦੇ ਹੋਏ ਵੀ ਤੁਸੀਂ ਸਤਿਗੁਰਾਂ ਦੇ ਮੱਥੇ ਧਾਤਰੂਆਂ ਦੀਆਂ ਪੱਗਾਂ ਲਾਹੁਣ ਦਾ ਦੋਸ਼ ਲਾ ਰਹੇ ਹੋ ?**ਅਤੇ ਫਿਰ**:--

(ੳ) ਗੁਰਬਾਣੀ ਨੇ ਜਿਸ ਸਿਰੋਪਾ ' ਨੂੰ ਅਜੇਹੀ ਪਾਵਨ ਪਵਿੱਤਰ ਬਖ਼ਸ਼ਸ਼ ਫ਼ੁਰਮਾਇਆ ਹੈ, ਜਿਹੜਾ ਲੋਕ ਪ੍ਰਲੋਕ ਸੁਆਰ ਕੇ ਮਨੁੱਖ ਦੀ ਸਾਰੀ ਜਿੰਗਦੀ ਆਦਰ ਯੋਗ ਬਣਾ ਦਿੰਦੀ ਹੈ, ਉਸ (ਸਿਰੋਪਾਉ) ਨੂੰ ਦਸ਼ਮੇਸ਼ ਜੀ ਵਲੋਂ ਗ਼ਰੀਬ ਯਾਤਰੂਆਂ ਕੋਲੋਂ ਖੋਹੀਆਂ ਹੋਈਆਂ ਪੱਗਾਂ ਦੇ ਰੂਪ ਵਿਚ ਪੇਸ਼ ਕਰਨਾ ਸਤਿਗੁਰਾਂ ਦੀ ਸਖ਼ਤ ਨਿਰਾਦਰੀ ਹੈ।

(ਅ) ਪਰਮ ਸੂਰਮੇ, ਦੀਨਾਂ ਦੇ ਨਾਥ, ਗ਼ਰੀਬਾਂ ਨਿਤਾਣਿਆਂ ਦੇ ਸੰਗੀ ਸਾਥੀ, ਦਇਆ ਦੇ ਪੁੰਜ, ਵੈਰੀ ਜ਼ਾਲਮਾਂ ਦੇ ਫੱਟਾਂ ਤੇ ਵੀ ਸਨੇਹ-ਲੇਪ ਲਾਉਂਣ ਤੇ ਲਵਾਉਂਣ ਵਾਲੇ, ਅਤੇ ਦੁਖਿਆਰਿਆਂ ਦੇ ਸੱਚੇ ਦਰਦੀ ਸ੍ਰੀ ਦਸਮੇਸ਼ ਜੀ ਨੂੰ---" ਡਿੱਗੀ ਖੋਤੀ ਤੋਂ ਤੇ ਗ਼ੁੱਸਾ ਘਮਿਆਰ ਤੇ "

ਆਖਾਣ ਤੋਂ ਅਣਜਾਣ, ਪ੍ਰਬੰਧਕਾਂ ਨੂੰ ਅਕਲ ਦੇਣ ਦੇ ਥਾਂ ਤੀਰਥਾਂ ਤੇ ਆਏ, ਓਮੀ ਅਤੇ ਨਿਰਦੋਸ਼ ਸ਼ਰਧਾਲੂਆਂ ਦੀਆਂ ਪੱਗਾਂ ਲੁਹਾ ਕੇ ਆਪਣੇ ਸਿੱਖਾਂ ਨੂੰ ਸਿਰੋਪਾ ਦਿੰਦੇ, ਅਤੇ ਉਨ੍ਹਾਂ ਵਿਚੋਂ ਬਚੀਆਂ ਪੱਗੜੀਆਂ ਨੂੰ ਵੇਚ ਕੇ ਪੈਸੇ ਵੱਟਦੇ, ਇੱਕ ਨਿਰਦਈ ਅਤੇ ਧੱਕੇ-ਖੋਰ ਲਾਲਚੀ ਲੁਟੇਰਾ ਬਣੇ, ਦਰਸਾਉਣ ਦਾ ਅਪਰਾਧ ਕੀਤਾ ਹੈ।

**ਪਦਮ ਸਾਹਿਬ ਜੀਓ !** ਇਹ ਸ਼ੰਕਾ ਕਰ ਲੈਣਾ ਤੁਹਾਡੇ ਲਈ ਅਸੰਭਵ ਕਿਸ ਕਾਰਨ ਬਣ ਚੁੱਕਾ ਹੈ ਕਿ, ਦਸਮ ਗੁਰੂ ਨਾਨਕ ਜੀ ਨੂੰ ਨੀਵੀਂ ਕਿਸਮ ਦੀਆਂ ਭੁੱਲਾਂ ਕਰਦੇ ਦਰਸਾਉਣ ਵਾਲੀਆਂ ਕਹਾਣੀਆਂ ਪੰਥ ਦੇ ਕਿਸੇ ਵੈਰੀ ਨੇ ਲਿਖ ਦਿੱਤੀਆਂ ਹੋਣੀਆਂ ਹਨ? ਕੀ, ਕਿਤੇ ਤੁਸੀਂ ਇਨ੍ਹਾਂ ਕਾਰਿਆਂ ਦੇ ਵੱਟੇ ਪੰਥ-ਦੋਖੀਆਂ ਕੋਲੋਂ ਮਾਇਆ ਦਾ ਤਕੜਾ ਗੱਫਾ ਤਾਂ ਨਹੀਂ ਲੈ ਰਹੇ ਜੀ ? ਸੱਚ ਵਲੋਂ ਅੱਖੀਆਂ ਬੰਦ ਕਰੀ ਰੱਖਣ ਤੇ ਅੜੇ ਰਹਿਣਾ ਅਤੇ ਗੁਰਮਤਿ ਤੋਂ ਅਗਿਆਨੀ ਸਿੱਖਾਂ ਦੇ ਮਨਾ ਵਿਚ ਦਸ਼ਮੇਸ਼ ਜੀ ਬਾਰੇ ਗੰਭੀਰ ਕਿਸਮ ਦੇ ਗੁਰਮਤਿ ਵਿਰੋਧੀ ਕਾਰੇ ਕਰਨ ਦਾ ਭਰਮ ਪੈਦਾ ਕਰਨ ਦੀ ਸੇਵਾ ਕਰੀ ਰੱਖਣ ਵਾਲੇ ਆਪ ਜੀ ਵਰਗੇ ਲਿਖਾਰੀ ਦੇ ਬਾਰੇ, ਉਪ੍ਰੋਕਤ ਕਿਸਮ ਦੇ ਸ਼ੰਕੇ ਪੈਦਾ ਹੋਣੇ, ਵਡੀ ਗੱਲ ਨਹੀਂ ਰਹਿੰਦੀ ਹੈ ਜੀ।

ਪੁਸਤਕ ਦੇ ੧੨੯ ਸਫ਼ੇ ਤੇ ਇਸ ਕਹਾਣੀ ਬਾਰੇ ਲਿਖਣਾ ਬੰਦ ਕਰਦੇ ਸਮੇ, ਉਚੇਚੇ ਤੌਰ ਤੇ ਦਸਵਾਂ ਦੋਹਰਾ ਪੁਸਤਕ ਵਿਚ ਲਿਖਣਾ ਤੁਸੀਂ ਨਹੀਂ ਭੁੱਲੇ। ਪੰਡਿਤ ਨਰੈਣ ਸਿੰਘ ਜੀ ਦੇ ਲਿਖੇ ਅਰਥਾਂ ਸਮੇਤ ਉਹ ਦੋਹਰਾ ਵੀ ਚਿੱਠੀ ਦਾ ਭਾਗ ਬਣ ਜਾਣਾ ਚਾਹੀਦਾ ਹੈ। ਤਾਂ ਜੋ ਕੱਲ੍ਹ ਨੂੰ ਜਦ ਇਹ ਚਿੱਠੀ ਆਮ ਪਾਠਕਾਂ ਦੀ ਕਚਿਹਿਰੀ ਪੁੱਜੀ, ਸੂਝਵਾਨ ਪਾਠਕ, ਸਤਿਗੁਰਾਂ ਪ੍ਰਤੀ ਆਪ ਜੀ ਦੀ ਸ਼ਰਧਾ ਬਾਰੇ ਠੀਕ ਠੀਕ ਅਨੁਮਾਨ ਲਾ ਸਕਣ:----

**ਦੋਹਰਾ ॥**

**ਬਟਿਕੈ ਪਗਰੀ ਨਗਰ ਕੋ, ਜਾਤ ਭਏ ਸੁਖ ਪਾਇ ॥ ਭੇਦ ਮੂਰਖਨ ਨਾ ਲਹਯੋ, ਕਹਾਂ ਗਯੋ ਕਰਿ ਰਾਇ ॥ ੧੦ ॥**

**ਅਰਥ**:--ਪੱਗਾਂ ਦੇ ਪੈਸੇ ਵਟਕੇ ਸੁਖੀ ਸੁਖੀ ਆਪਣੇ ਨਗਰ ਨੂੰ ਚਲੇ ਗਏ । ਇਸ ਤਰ੍ਹਾਂ ਮੂਰਖਾਂ ਨੇ ਭੇਦ ਨੂੰ ਨਾਂ ਸਮਝਿਆ ਕਿ ਰਾਜਾ ਕੀ ਕਰ ਕੇ ਕਿਥੇ ਚਲਾ ਗਿਆ ਹੈ ?

ਲੋਕਾਂ ਦੀਆਂ ਪੱਗਾਂ ਲਾਹੁਣਾ ਯਕੀਨਨ ਮਾੜਾ ਕੰਮ ਹੈ। ਅਜੇਹਾ ਮਾੜਾ ਕੰਮ ਕਰਨ ਉਪ੍ਰੰਤ ਮਨ ਪ੍ਰੇਸ਼ਾਨ ਹੋਣ ਦੇ ਥਾਂ, ਸਗੋਂ ਪਛਤਾਵੇ ਦੇ ਅਭਾਵ ਨਾਲ ਲੁਟ ਦੀਆਂ ਪੱਗਾਂ ਦੇ ਪੈਸੇ ਵੱਟ ਕੇ ਸੁਖ ਮਾਨਣਾ, ਬੜੇ ਪੱਥਰ ਦਿਲ ਅਤੇ ਨਿਰਦਈ ਲੁਟੇਰਿਆਂ ਦੇ ਹਿੱਸੇ ਦਾ ਹੀ ਕੁਕਰਮ ਹੋ ਸਕਦਾ ਹੈ। ਫਿਰ ਤੀਰਥਾਂ ਦੇ ਪ੍ਰਬੰਧਕਾਂ ਨੂੰ ਮੂਰਖ ਅਤੇ ਗ਼ੈਰ-ਜਿੰਮੇਵਾਰ ਮਾਇਆ ਠੱਗਣੇ ਸਾਧ-ਲੁਟੇਰੇ ਲਿਖਣ ਦੇ ਥਾਂ ਉਨ੍ਹਾਂ ਗ਼ਰੀਬਾਂ ਨੂੰ ਹੀ **ਮੂਰਖ** ਲਿਖਿਆ ਹੈ, ਜਿਹੜੇ ਰਾਜੇ ਦੇ ਧੱਕੇ ਅਤੇ ਜਬਰ ਦਾ ਸ਼ਿਕਾਰ ਹੋਏ ਚੁੱਪ ਚਾਪ ਘਰਾਂ ਨੂੰ ਪਰਤ ਗਏ ਸਨ। ਨਿਆਰੀ ਕਿਸਮ ਦੇ ਸਿਰੋਪੇ ਵੰਡਣ ਉਪ੍ਰੰਤ ਬਚ ਰਹੀਆਂ ਲੁੱਟ ਦੀਆਂ ਪੱਗਾਂ (੧) ਗ਼ਰੀਬ ਲੋੜਵੰਦਾਂ ਨੂੰ ਮੋੜ ਦੇਣ ਦੇ ਥਾਂ ਸਗੋਂ ਪੈਸੇ ਵੱਟ ਕੇ ਖ਼ੁਸ਼ ਹੋਣਾ ਅਤੇ (੨) ਗ਼ਰੀਬ ਨਿਤਾਣਿਆਂ ਨੂੰ ਸਗੋਂ ਟਿੱਚਰਾਂ ਕਰਨੀਆਂ ? **ਪਦਮ ਸਾਹਿਬ ਜੀਓ !** ਕੀ ਤੁਸੀਂ ਯਕੀਨ ਨਾਲ ਕਹਿ ਰਹੇ ਹੋ ਕਿ ਇਹ ਸਾਰਾ ਕੁਝ ਦਸ਼ਮੇਸ਼ ਜੀ ਨੇ ਆਪਣੀ ਆਪ-ਬੀਤੀ ਦੇ ਤੌਰ ਤੇ ਆਪਣੀ ਹੀ ਕਲਮ ਨਾਲ ਲਿਖਿਆ ਹੋਵੇਗਾ ਜੀ?

# ੭

# ਸਤਿਗੁਰਾਂ ਦਾ ਕੋਟਾਨ ਕੋਟ ਧੰਨਵਾਦ ਅਤੇ ਜੋਦੜੀਆਂ

ਗੁਰਬਾਣੀ ਵਿਚੋਂ ਪੜ੍ਹਿਆ ਸੀ--**ਜਿਉ ਜਨਨੀ ਸੁਤੁ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥** [੧੬੮] ਅਤੇ ਇਹ ਵੀ ਪੜ੍ਹਿਆ ਸੀ--**ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥** ਪਰ ਅਰਥ-ਭਾਵ ਦੀ ਅਜੇਹੀ ਸਮਝ ਕਦੇ ਨਹੀਂ ਸੀ ਆਈ ਜੋ ਅੱਜ ਆਈ ਹੈ।--ਸੱਚੇ ਪਾਤਸ਼ਾਹ ਜੀਓ !--ਂ ਹਮ **ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥** ਂ [੮੦੯] ਅਸੀਂ ਰੋਜ਼ ਭੁੱਲਾਂ ਕਰਦੇ ਹਾਂ, ਤੁਸੀਂ ਸਦਾ ਬਖ਼ਸ਼ਿੰਦ ਹੀ ਬਣੇ ਰਹੇ ਹੋ। ਸਾਡੀਆਂ ਭੁੱਲਾਂ ਨੂੰ ਨਾ ਚਿਤਾਰਨਾ ਆਪ ਜੀ ਦਾ ਬਿਰਦ ਹੈ। ਪਰ, ਸਾਡੇ ਜਿਹੇ ਨੀਚਾਂ ਤੇ ਵੀ ਆਪਣੀ ਕਿਰਪਾਲਤਾ ਬਣਾਈ ਰੱਖਣੀ ਜਿਹੜੇ ਜਿਹੜੇ ਵਡੇ ਲੂਣ ਹਰਾਮੀ ਅਤੇ ਅਕਿਰਤਘਣ ਹੋਣ ਦੇ ਨਾਲ ਘਟੀਆ ਕਿਸਮ ਦੇ ਗੁਰੂ-ਨਿੰਦਕ ਵੀ ਹਾਂ ? ਇਹ **ਕੇਵਲ ਅਤੇ ਕੇਵਲ** ਤੇਰੇ ਹੀ ਹਿੱਸੇ ਦੀ ਗੱਲ ਹੈ। ਬਚਿੱਤ੍ਰ ਨਾਟਕ ਵਿਚ ਅਸਾਂ ਪਰਮਾਤਮਾਂ ਜੀ ਨੂੰ ਵੀ ਗੁੱਸੇ ਨਾਲ ਤਪੇ ਹੋਏ ਆਪਣੀ ਕਿਰਤ ਦਾ ਆਪ ਹੀ ਸਰਬਨਾਸ ਕਰਦੇ **(= ਤੇ ਹਮ ਤਮਕਿ ਤਨਿਕ ਮੋ ਖਾਪੇ)**-ਵੇਖ ਲਿਆ ਹੋਇਆ ਹੈ। ਪਰ, ਅਸਮਾਨਾਂ ਨੂੰ ਛੂੰਹਦੀਆਂ ਵਡਿਆਈਆਂ ਦੇ ਮਾਲਕ **ਹੇ ਦਸ਼ਮੇਸ਼ ਜਓ !** ਤੁਸੀਂ ? ਅਤੇ ਏਧਰ ਨੀਚਤਾ ਦੀ ਖੱਡ ਵਿਚ ਪਏ ਹੋਏ ਅਸੀਂ **.........**?

ਰੱਬ ਨਾਲੋਂ ਵੀ ਵੱਧ ਗੰਭੀਰਤਾ ਅਤੇ ਧੀਰਜ ਦੇ ਮਾਲਕ, ਸ਼ਾਂਤੀ ਦੇ ਪੁੰਜ, ਦਸਮ ਗੁਰੂ ਨਾਨਕ ਸਾਹਿਬ ਜੀਓ ! ਨਿਰਮਲ ਨਿਰਵੈਰ ਅਤੇ ਖਿਮਾ ਦੇ ਪੁੰਜ ਸੱਚੇ ਪਿਤਾ, **ਹੇ ਕਲਗ਼ੀਆਂ ਵਾਲੇ ਸਵਚੇ ਸੰਤ ਜੀਓ** ! ਤੁਸੀਂ ਧੰਨ ਹੋ--ਧੰਨ ਹੋ--ਧੰਨ ਹੋ--ਧੰਨ ਹੋ। ਆਪ ਜੀ ਦੇ ਨਾਮਣੇ ਨਾਲ ਜੁੜੀਆਂ ਉਪ੍ਰੋਕਤ ਕਹਾਣੀਆਂ ਪੜ੍ਹੀਆਂ ਤਾਂ ਕਪਾਟ ਖੁਲ੍ਹ ਗਏ। ਅਸੀਂ ਆਪਣੀ ਫੋਕੀ ਵਿਦਿਆ ਦੇ ਹੰਕਾਰ ਵਿਚ ਕਿਡੇ ਨੀਚ ਬਣ ਚੁੱਕੇ ਹਾਂ, ਜੋ ਲਗ-ਪਗ ੩੦੦ ਸਾਲਾਂ ਤੋਂ ਤੁਹਾਡੇ ਪਾਵਨ ਪਵਿੱਤਰ ਨਾਮਣੇ ਨਾਲ ਅਜੇਹੀਆਂ ਘਟੀਆ ਅਤੇ ਸ਼ਰਮਨਾਕ ਊਜਾਂ ਮੜ੍ਹਦੇ ਤੁਰੇ ਆ ਰਹੇ ਹਾਂ, ਪਰ ਤੁਹਾਡੇ ਮੱਥੇ ਤੇ ਕੋਈ ਵੱਟ ਤੱਕ ਨਹੀਂ ਪਿਆ ? ਜੇ ਕਿਤੇ ਏਹੀ ਕੁਝ ਬ੍ਰਾਹਮਣ ਦੇ ਪਰਸਰਾਮ ਵਰਗੇ ਕਥਿਤ ਅਵਤਾਰੀ ਭਗਵਾਨ ਨਾਲ ਜਾਂ, ਗੌਤਮ, ਦੁਰਬਾਸ਼ਾ ਆਦਿ ਜਿਹੇ ਕਿਸੇ ਮਹਾਨ ਰਿਖ਼ੀ ਮੁਨੀ ਨਾਲ ਕੀਤਾ ਹੁੰਦਾ, ਤਾਂ, **ਸਾਨੂੰ ਅਜੇਹੇ ਕਥਿਤ ਲਿਖਾਰੀ ਗਿਆਨੀਆਂ ਨੂੰ, ਜਿਹੜੇ** ਇਸ ਗ੍ਰੰਥ ਨੂੰ ਤੇਰੀ (ਦਸ਼ਮੇਸ਼ ਜੀ ਦੀ) ਕਿਰਤ ਸਿੱਧ ਕਰਦੇ ਆ ਰਹੇ ਹਾਂ, ਅਤੇ **ਉਨ੍ਹਾਂ ਜਥੇਦਾਰਾਂ ਨੂੰ, ਜਿਹੜੇ** ਤੇਰੇ ਨਿਆਰੇ ਗਿਆਨ ਅਤੇ ਨਿਆਰੀ ਮਰਯਾਦਾ ਦੀ ਸ਼ੁੱਧਤਾ ਕਾਇਮ ਰੱਖਣ ਦੀ ਜ਼ਿਮੇਵਾਰੀ ਵਾਲੀਆਂ ਪਦਵੀਆਂ ਸਾਂਭੀ ਆ ਰਹੇ ਹਨ, **ਸਾਰਿਆਂ ਦੇ ਖ਼ਾਨਦਾਨ ਦਾ ਖੁਰਾ ਖੋਜ, ਸੰਸਾਰ ਤੋਂ ਮਿਟ ਚੁੱਕਾ ਹੁੰਦਾ।** ਪਰਸਰਾਮ ਦੇ ਪਿਤਾ ਨੂੰ ਤਾਂ ਸੰਹਸਰਬਾਹੀ, ਕੇਵਲ ਇੱਕੋ ਖੱਤਰੀ ਨੇ ਕਤਲ ਕੀਤਾ ਸੀ। ਪਰ ਭਗਵਾਨ ਕਹੇ ਜਾ ਰਹੇ, ਪਰਸਰਾਮ ਨੇ ਸਾਰੇ ਖੱਤਰੀਆਂ ਦੀ ੨੧ ਕੁਲਾਂ ਦਾ ਖੁਰਾ ਖੋਜ ਮਿੱਟਾ ਦਿੱਤਾ ਲਿਖਿਆ ਹੈ। ਹੇ ਸੱਚੇ ਪਾਤਿਸ਼ਾਹ ਜੀਓ ! ਅਸੀਂ ਤਾਂ (ਜਾਣੇ ਜਾਂ ਅਣਜਾਣੇ

ਵਿਚ) ਲੱਗ-ਪਗ ਸਾਰੇ ਤੇਰੀ ਘੋਰ ਬਦਨਾਮੀ ਕਰਨ ਤੇ ਲੱਕ ਬੰਨੀ ਬੈਠੇ ਹਾਂ। ਜੇ ਤੁਹਾਡੇ ਥਾਂ ਭਗਵਾਨ ਪਰਸਰਾਮ ਹੁੰਦਾ ਤਾਂ ਸਾਡੀਆਂ ਸੈਂਕੜੇ ਕੁਲਾਂ ਨਸ਼ਟ ਕਰ ਲੈਣ ਤੇ ਵੀ ਚੈਨ ਨਾਲ ਨਾ ਬੈਠਦਾ। ਤੂੰ ਤਾਂ ਏਡਾ ਬਖ਼ਸ਼ਿੰਦ ਹੈਂ ਕਿ, ਸਾਨੂੰ ਕਿਸੇ ਭੈੜੀ ਮੌਤੇ ਮਾਰਨ ਦੇ ਥਾਂ ਸਗੋਂ ਜਾਇਦਾਦਾਂ ਅਤੇ ਚੌਧਰਾਂ ਵਾਲੇ ਬਣੀ ਜਾਣ ਦੀ ਖੁੱਲ੍ਹ ਦਿੱਤੀ ਹੋਈ ਹੈ। ਆਪਣੇ ਪਰਵਾਰ ਦੇ ਕਾਤਲਾਂ ਨੂੰ ਵੀ ਦਿੱਲੀ ਤੇ ਤਖ਼ਤ ਦੇ ਬਿਠਾਉਂਣ ਦੀ ਅਨੂਪਮ ਉਦਾਹਰਣ ਕਾਇਮ ਕਰਨ ਵਾਲੇ ਹੇ **ਦਸਮ ਗੁਰੂ ਨਾਨਕ ਜੀਓ ! ਤੂੰ ਧੰਨ ਹੈ--ਧੰਨ ਧੰਨ, ਧੰਨ ਧੰਨ, ਧੰਨ ਹੈਂ** ।

**ਦੁਹਾਈ ਹੈ ਪੰਥ ਦੇ ਜਥੇਦਾਰ ਸਾਹਿਬ ਜੀਓ** ! ਅੱਤਿ ਹੋ ਚੁੱਕੀ ਹੈ। ਪਾਉ ਨੱਥ ਸਾਨੂੰ ਅਕਿਰਤਘਣ ਬਕਵਾਸੀਆਂ ਨੂੰ। ਖਾਉ ਪਰਤਾ ਆਪਣੇ ਅਸਲੇ ਵੱਲ। ਜਿਵੇਂ ਪੰਚਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਕਰੜੀ ਘਾਲਣਾ ਨਾਲ ਝੂਠ-ਬਾਣੀ ਤੋਂ ਸੱਚ ਨੂੰ ਅੱਡ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਿਰਜਿਆ ਸੀ, ਉਵੇਂ ਹੀ ਪੰਥ ਵਿਚ ਆ ਵੜੇ ਝੂਠ ਦਾ ਖੁਰਾ ਖੋਜ ਮਿਟਾ ਕੇ ਜੁੜ ਜਾਉ ਕੇਵਲ ਅਤੇ ਕੇਵਲ **ਸਚੁ** ਨਾਲ। ਬਖ਼ਸ਼ਸ਼ਾਂ ਦੇ ਭੰਡਾਰ ਖੁਲ੍ਹ ਜਾਣਗੇ। ਹੇ ਖ਼ਾਲਸਾ ਜੀ ਮਾਰ ਝਾਤੀ ਆਪਣੇ ਪਿਛੋਕੜ ਵਲ। ਤੂੰ ਉਹੀ ਹੈ ਜਿਸ ਨੇ ਹਜ਼ਾਰਾਂ ਸਾਲਾਂ ਦੀ ਬਣੀ ਹੋਈ ਆਪਣੀ ਬ੍ਰਾਹਮਣੀ ਮਰਯਾਦਾ ਨੂੰ ਤਿਆਗ ਕੇ ਗੁਰੂ ਨਾਨਕ ਜੀ ਦੇ ਝੰਡੇ ਥੱਲੇ ਆ ਵੜਨ ਵਿਚ ਜ਼ਰਾ ਝਿਜਕ ਨਹੀਂ ਮੰਨੀ। ਸਾਨੂੰ ਭੁੱਲੀ ਪਇਆਂ ਨੂੰ ਅਜੇ ਤਾਂ ਕੇਵਲ ੨੫੦ ਸਾਲ ਹੀ ਹੋਏ ਹਨ, ਹੁਣ ਤਾਂ ਸਗੋਂ ਅਸਾਂ ਕਪੁੱਤਰਾਂ ਤੋਂ ਸਪੁੱਤਰ ਬਣਨਾ ਹੈ, ਸ੍ਰੀ ਚੰਦੀਆਂ ਵਾਲਾ ਚਲਨ ਛੱਡ ਕੇ ਭਾਈ ਲਹਿਣਾ ਜੀ ਵਾਲੇ ਰਸਤੇ ਤੇ ਆ ਚੜ੍ਹਨਾ ਹੈ--ਝੂਠ ਨੂੰ ਵਗਾਹ ਮਾਰਨ ਵਿਚ ਸ਼ਰਮ ਕਿਉਂ ਮੰਨ ਰਹੇ ਹੋ ? ਅਤੇ ਫਿਰ, ਇਹ ਕਹਾਵਤ ਵੀ ਸੰਸਾਰ ਪ੍ਰਸਿੱਧ ਹੈ -- ਆਪਣੀ ਭੁੱਲ ਨੂੰ ਮੰਨ ਲੈਣਾ ਸਭ ਤੋਂ ਸ੍ਰੇਸ਼ਟ ਬਹਾਦਰੀ ਹੋਇਆ ਕਰਦੀ ਹੈ--ਸਿੱਧ ਕਰ ਦਿਉ ਕਿ ਖ਼ਾਲਸਾ ਜੀ ਸਚ ਮੁਚ ਹੀ ਬਹਾਦਰਾਂ ਦੀ ਕੌਮ ਹੈ। ਅਪਣੇ ਅਸਲੇ ਵਲ ਨੂੰ ਹੀ ਤਾਂ ਮੋੜਾ ਖਾਣਾ ਹੈ ? ਸੱਚ ਨੂੰ ਸੱਚ ਮੰਨ ਲੈਣ ਵਿਚ ਝਿਜਕ ਕਾਹਦੀ ? ਬਣ ਜਾਉ ਪੂਰਨ ਸੱਚੁ ਦਾ ਰੂਪ । ਸਤਿਗੁਰਾਂ ਦਾ ਗੁਰਮੁਖ ਤਾਂ ਹੁੰਦਾ ਹੀ ਸੱਚ ਦਾ ਰੂਪ ਹੈ--

੨੯- ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥ ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ ਗੁਰਮੁਖਿ ਮਨੂਆ ਉਲਟਿ ਪਰਾਵੈ ॥ ਗੁਰਮੁਖਿ ਬਾਣੀ ਨਾਦੁ ਵਜਾਵੈ ॥ ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥ ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ ਸਚੈ ਸਬਦੇ ਸਚੁ ਸੁਭਾਖੀ ॥ ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ ਮੈਲੁ ਨ ਲਾਗੈ ਸਚਿ ਸਮਾਵੈ ॥ ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥ ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥ ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ ਗੁਰਮੁਖਿ ਸਚੀ ਊਤਮ ਬਾਣੀ ॥ ਗੁਰਮੁਖਿ ਸਚੋ ਸਚੁ ਵਖਾਣੀ ॥ ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥ ਗੁਰਮੁਖਿ ਹੋਵੈ ਸੁ ਸੋਝੀ ਪਾਏ ॥ ਹਉਮੈ ਮਾਇਆ ਭਰਮੁ ਗਵਾਏ ॥ ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥ ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ ਸਚੈ ਨਾਮਿ ਸਦਾ ਲਿਵ ਲਾਏ ॥ ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥ ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥ ਮਨਹਠਿ ਕਰਮ ਕਰੇ ਸੋ ਛੀਜੈ ॥ ਬਹੁਤੇ ਭੇਖ ਕਰੇ ਨਹੀ ਭੀਜੈ ॥ ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥ ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥ ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸਬਦੁ ਪਛਾਣੁ ॥ ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ ਹਉਮੈ ਵਿਚਹੁ ਮੋਹੁ ਚੁਕਾਇਆ ॥ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥ ਆਪੇ ਕਰੇ ਕਰਾਏ ਆਪੇ ॥ ਆਪੇ ਵੇਖੈ ਥਾਪਿ ਉਥਾਪੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ ਗੁਰਮੁਖਿ ਸਚੋ ਸਚੁ ਕਮਾਵੈ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥ {੧੦੫੮}

ਅਫ਼ ਸਾਰੇ ਰਲ ਕੇ ਜੈਕਾਰੇ ਦੀ ਸੁਰ ਨਾਲ ਬੋਲੀਏ---

## ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

੮

# ਚੁਣੀਆਂ ਹੋਈਆਂ ਹੋਰ ਕਹਾਣੀਆਂ ?

**ਆਪਣੀ ਪੁਸਤਕ ੧੨੬ ਸਫ਼ੇ ਤੇ ਆਪ ਜੀ ਨੇ** ਇਉਂ ਲਿਖਿਆ ਹੈ:---

> " ਸੋ ਉਨ੍ਹਾਂ ਪੁਰਾਣੀਆਂ ਲੋਕ ਪਰੰਪਰਾਵਾਂ ਅਤੇ ਸਾਹਿਤ ਭੰਡਾਰ ਵਿਚੋਂ ਇਹ ਕਹਾਣੀਆਂ ਨਹੀਂ ਲਈਆਂ ਸਗੋਂ ਸਮਕਾਲੀ ਸਮਾਜ ਵਿਚ ਵਾਪਰ ਰਹੇ ਚਲਿਤਰ ਵੀ ਦਰਜ ਕਰ ਦਿੱਤੇ ਹਨ। ਅਕਬਰ, ਜਹਾਂਗੀਰ ਤੇ ਸ਼ਾਹਜਹਾਂ ਦੀਆਂ ਸੁਣੀਆਂ ਸੁਣਾਈਆਂ ਕਹਾਣੀਆਂ ਵੀ ਲਿਖ ਦਿੱਤੀਆਂ ਹਨ। ਮੁਗ਼ਲ ਘਰਾਣੇ ਦੀਆਂ ਕਈ ਗੁਪਤ ਘਟਨਾਵਾਂ ਦਰਜ ਕਰਨੋਂ ਵੀ ਸੰਕੋਚ ਨਹੀਂ ਕੀਤਾ। **੨੭੮** ਚਰਿਤਰ ਔਰੰਗੇ ਦੀ ਭੈਣ ਰੌਸ਼ਨ ਆਰਾ ਦਾ ਹਾਲ ਦੇ ਦਿਤਾ "-

## ਚਲਿੱਤਰ ੨੭੮ ਕਥਾ ਰੌਸ਼ਨ ਆਰਾ-- (੪)

ਭੁਲੇਖਾ ਪਾਊ ਉਪ੍ਰੋਕਤ ਝੂਠ-ਭੂਮਕਾ ਲਿਖਣ ਉਪ੍ਰੰਤ ਤੁਸਾਂ ਜਿਸ ੨੭੮ ਚਰਿਤ੍ਰ ਦਾ ਜ਼ਿਕਰ ਕੀਤਾ ਹੈ, ਕੇਵਲ ਸੱਤਾਂ ਚੌਪਈਆਂ ਵਾਲੀ ਉਸ ਕਹਾਣੀ ਦਾ ਸੰਖੇਪ ਰੂਪ ਇਉਂ ਹੈ:-- " ਔਰੰਗਜ਼ੇਬ ਦੀ ਭੈਣ ਰੌਸ਼ਨ ਆਰਾ ਕਿਸੇ ਸੈਫਦੀਨ **ਪੀਰ** ਨਾਲ ਨਿਹੁੰ ਲਾ ਬੈਠੀ। :----

ਔਰੰਗਸ਼ਾਹ ਭੇਦ ਨਹਿ ਜਾਨੈ ॥ ਵਹੈ ਮੁਰੀਦ ਭਈ ਤਿਹ ਮਾਨੈ ॥
ਪੀਯ ਸਮਝਿ ਤਿਹ ਭੋਗ ਕਮਾਵੈ ॥ ਪੀਰ ਭਾਖਿ ਸਭਹੂੰ ਸੁਨਾਵੈ ॥ ੪ ॥

**ਅਰਥ:**--ਔਰੰਗਜ਼ੇਬ ਅਸਲ ਭੇਤ ਨੂੰ ਨਹੀਂ ਸਮਝ ਰਿਹਾ ਸੀ ਅਤੇ ਇਹੋ ਮੰਨਦਾ ਸੀ ਕਿ ਉਹ ਉਸ ਪੀਰ ਦੀ ਮੁਰੀਦ ਹੈ। ਉਹ ਉਸ ਨਾਲ ਭੋਗ ਬਿਲਾਸ ਤਾਂ ਕਰਦੀ ਸੀ ਪਰ ਸਭ ਦੇ ਸਾਹਮਣੇ ਉਸ ਨੂੰ ਆਪਣਾ ਪੀਰ ਕਹਿੰਦੀ ਸੀ। ੪ ।

" ਇਕ ਦਿਨ ਪੀਰ ਆਪਣੇ ਘਰ ਚਲਾ ਗਿਆ। ਮਿਲਨ ਨੂੰ ਜੀ ਕੀਤਾ ਤਾਂ ਬਿਮਾਰੀ ਦਾ ਇਲਾਜ ਕਰਵਾਉਣ ਦੇ ਬਹਾਨੇ, ਰੌਸ਼ਨ ਆਰਾ ਉਸ ਪੀਰ ਕੋਲ ਚਲੀ ਗਈ ਅਤੇ ਕਈ ਦਿਨ ਰਹਿ ਕੇ ਮੁੜ ਦਿੱਲੀ ਪਰਤ ਆਈ। ਆਪਣੇ ਭਰਾ ਔਰੰਗਜ਼ੇਬ ਨੂੰ ਇਹ ਆਖ ਕੇ, ਕਿ ਪੀਰ ਨੇ ਉਸ ਦਾ ਬੜਾ ਵਡਾ ਰੋਗ ਦੂਰ ਕਰ ਦਿੱਤਾ ਹੈ, ਬੜਾ ਇਨਾਮ ਦਿਵਾਇਆ। ਅਸਲ ਭੇਤ ਦਾ ਔਰੰਗਜ਼ੇਬ ਨੂੰ ਕੱਖ ਪਤਾ ਨਾ ਲੱਗਾ "। ਬੱਸ, ਏਨੀ ਕਹਾਣੀ।

ਔਰੰਗਜ਼ੇਬ ਨੇ ਜਦ ਆਪਣੇ ਪਿਤਾ ਸ਼ਾਹਜਹਾਂਨ ਨੂੰ (ਸੰਨ ੧੬੫੮ ਤੋਂ ੨੩ ਜਨਵਰੀ ੧੬੬੬ ਤੱਕ) ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਰਖਿਆ ਤਾਂ ਉਸ ਦੀ ਇਕਲੌਤੀ ਬੇਟੀ, (ਅਰੰਗਜ਼ੇਬ ਦੀ ਸਕੀ ਭੈਣ) ਆਪਣੇ ਬੁੱਢੜੇ ਪਿਤਾ ਦੀ ਸੇਵਾ ਲਈ ਉਸ ਦੇ ਨਾਲ ੭ ਸਾਲ ਆਗਰੇ ਕਿਲ੍ਹੇ ਵਿਚ ਕੈਦੀਆਂ ਵਾਲੀ ਜ਼ਿੰਦਗੀ ਗੁਜ਼ਾਰਦੀ ਰਹੀ। ਉਸ ਬੀਬੀ ਦੀ ਜੀਵਨੀ ਬਾਰੇ ਫਿਲਮ ਵੀ ਬਣੀ ਹੋਈ ਹੈ। ਉਸ ਵਿਚ ਉਸ ਨੂੰ ਅੰਤਲੇ ਸੁਆਸਾਂ ਤੱਕ ਪਾਕ-ਦਾਮਨ ਦਰਸਾਇਆ ਹੋਇਆ ਹੈ। ਫਿਰ ਇਤਿਹਾਸਕਾਰ ਨੇ ਔਰੰਗਜ਼ੇਬ ਦੇ ਸ਼ੱਕੀ ਸੁਭਾ ਬਾਰੇ ਇਹ ਵੀ ਲਿਖਿਆ ਹੋਇਆ ਹੈ ਕਿ, (ਭੈਣ ਦੀ ਗੱਲ ਤਾਂ ਕਿਤੇ ਰਹੀ) ਉਸ ਨੇ ਆਪਣੀ ਸਕੀ ਔਲਾਦ ਦੇ ਆਚਰਣ ਦੀ ਪੂਰੀ ਸੂਹ ਰੱਖਣ ਲਈ ਬੜੇ ਇਤਬਾਰੀ ਸੂਹੀਏ ਲਾ ਰੱਖੇ ਸਨ।

ਰੌਸ਼ਨ ਆਰਾ ਵਾਲੀ ਅਜੇਹੀ ਕਿਸੇ ਕਹਾਣੀ ਦਾ ਜ਼ਿਕਰ, ਕਿਸੇ ਵੀ ਇਤਿਹਾਸਕਾਰ ਨੇ ਨਹੀਂ ਕੀਤਾ। ਇਹ ਗੰਭੀਰ ਇਤ੍ਰਾਜ਼ ਵਾਲੀ ਗੱਲ ਇਸ ਕਾਰਨ ਹੈ ਕਿ, **ਸੁਣੀਆਂ ਸੁਣਾਈਆਂ ਝੂਠੀਆਂ ਅਫ਼ਵਾਹਾਂ** ਦੇ ਅਧਾਰ ਤੇ, ਕਿਸੇ ਖ਼ਾਨਦਾਨ ਤੇ ਗੰਦੀ ਊਜ ਲਾਉਣ ਦੀ, ਅਥਵਾ ਕਿਸੇ ਗ੍ਰੰਥ ਵਿਚ ਲਿਖਣ ਦੀ ਗੱਲ, ਸੱਚ ਦੇ ਅਵਤਾਰ ਅਤੇ ਜਗਤ ਨੂੰ ਕੇਵਲ ਸੱਚ ਨਾਲ ਜੋੜਨ ਆਏ, ਦਸਮ ਗੁਰੂ ਨਾਨਕ ਸਾਹਿਬ ਜੀ, ਨੇ ਕਦੇ ਵੀ ਪ੍ਰਵਾਨ ਨਹੀਂ ਸੀ ਕਰਨੀ । ਜਿਸ ਔਰੰਗਜ਼ੇਬ ਦੇ ਬੇਟੇ ਮੁਹੰਮਦ ਸ਼ਾਹ ਨੂੰ ਦਿੱਲੀ ਦੇ ਤਖ਼ਤ ਤੇ ਆਪ ਬਿਠਾਇਆ ਸੀ ਉਸ ਸਮਰਾਟ ਦੀ ਭੈਣ ਬਾਰੇ ਅਜੇਹੀ ਘਟੀਆ ਕਹਾਣੀ ਲਿਖਣ ਦੀ ਗੱਲ ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੋੜਨ ਵਾਲੀ ਗੱਲ ਕੋਈ ਨੇਕ ਮਨੁੱਖ ਕਦੇ ਨਹੀਂ ਕਰ ਸਕਦਾ। ਪਦਮ ਸਾਹਿਬ ਜੀ ! ਸ਼ਾਇਦ ਤੁਸਾਂ " ਵੇਖ ਕੇ ਅਣਿਡਿਠ " ਕਰਨ ਦਾ ਉਪਦੇਸ਼ ਦੇਈ ਰੱਖਣ ਵਾਲੀ ਪੰਥਕ ਅਰਦਾਸ ਕਦੇ ਸੁਣੀ ਹੀ ਨਹੀਂ ? ਪੰਥ ਨੂੰ ਅਜੇਹੀ ਅਰਦਾਸ ਸਿਖਾਉਣ ਵਾਲੇ, ਸਾਰੇ ਜਹਾਨ ਦੇ ਪਰਦੇ ਕੱਜਣ ਵਾਲੇ, ਦਸ਼ਮੇਸ਼ ਜੀ ਆਪ ਹੀ ਬੀਬੀਆਂ ਦਾ ਨੰਗੇਜ ਨੰਗਾ ਕਰ ਰਹੇ ਹਨ ? ਉਹ ਵੀ ਕੱਚੀ ਪੱਕੀ ਸੁਣੀ ਸੁਣਾਈ ਅਫ਼ਵਾਹ ਦੇ ਅਧਾਰ ਤੇ? ਪਰ ਜਦ ਲੱਕ ਹੀ ਬੇਸ਼ਰਮੀ ਤੇ ਬੰਨ੍ਹ ਲਿਆ ਤਾਂ ਕਸਰ ਕਿਉਂ ਰਖਣੀ ਹੋਈ?

## ੯- ਚਰਿੱਤ੍ਰ ੨੧੭ ਕਥਾ ਸ਼ਾਹ ਸਿਕੰਦਰ ਕੀ

ਪੁਸਤਕ ਦੇ ੧੨੭ ਸਫ਼ੇ ਦੀਆਂ ਅੰਤਲੀਆਂ ਸਤਰਾਂ ਵਿਚ ਆਪ ਜੀ ਨੇ ਇਉਂ ਲਿਖਿਆ ਹੈ--

> ਕਈ ਕਹਾਣੀਆਂ ਉਨ੍ਹਾਂ (ਦਸ਼ਮੇਸ਼ ਜੀ ਨੇ) ਆਪਣੇ ਵਪਾਰੀ ਸਿੱਖਾਂ ਪਾਸੋਂ ਵੀ ਸੁਣੀਆਂ ਹੋਣਗੀਆਂ ਤੇ ਕਈ ਉਹਨਾਂ ਨੂੰ ਰਵਾਇਤ ਵਿਚ ਚਲਦੀਆਂ ਮਿਲੀਆਂ, ਇਹਨਾਂ ਸਾਰੀਆਂ ਨੂੰ ਇਤਿਹਾਸਕ ਕਸਵੱਟੀ ਤੇ ਪਰਖਣ ਦੀ ਲੋੜ ਨਹੀਂ। ਸਕੰਦਰ ਬਾਦਸ਼ਾਹ ਦੀ ਕਹਾਣੀ ੨੧੭ ਚਰਿਤੇ ਵਿਚ ਦਿੱਤੀ ਹੈ ਤੇ ਉਸਨੂੰ ਸਾਰਾ ਹਿੰਦੋਸਤਾਨ ਫ਼ਤੇ ਕਰਦਾ ਦਸਿਆ ਹੈ, ਜੋ ਇਤਿਹਾਸਕ ਤੌਰ ਤੇ ਠੀਕ ਨਹੀਂ ।

ਕੀ ਤੁਸੀ ਹੇਠ ਲਿਖੇ ਸ਼ੰਕੇ ਨਿਵਿਰਤ ਕਰ ਦੇਣ ਦੀ ਕਿਰਪਾਲਤਾ ਕਰੋਗੇ ਜੀ:--

(੧) ਆਪ ਜੀ ਨੂੰ ਕਿਵੇ ਪਤਾ ਹੈ ਕਿ ਕਈ ਕਹਾਣੀਆਂ ਉਨ੍ਹਾਂ ਨੇ ਆਪਣੇ ਵਪਾਰੀ ਸਿੱਖਾਂ ਤੋਂ ਲਈਆਂ ਹੋਣਗੀਆਂ ? ਸ਼ੱਕ ਵਾਲੀ ਗੱਲ ਅੰਤਰਜਾਮੀ ਸਤਿਗੁਰਾਂ ਨਾਲ ਜੋੜਨ ਵਿਚ ਕੀ ਭੇਤ ਹੈ ?

(੨) ਆਪਣੇ ਵਪਾਰੀ ਸਿੱਖਾਂ ਕੋਲੋਂ ਸੁਣੀਆਂ ਉਨ੍ਹਾਂ " ਕਈ ਕਹਾਣੀਆਂ " ਵਿਚੋਂ ਕੁਝ ਦਾ ਹੀ ਅਤਾ-*/ਪਤਾ ਲਿਖ ਦਿੰਦੇ ? ਗ੍ਰੰਥ ਵਿਚ ਲਿਖਣ ਲਈ ਸਮੱਗ੍ਰੀ ਦਾ ਗਿਆਨ ਦੇਣ ਵਾਲੇ ਸਿੱਖ ਕੀ ਆਪਣੇ ਸਤਿਗੁਰਾਂ ਦੇ ਗੁਰੂ ਵੀ ਬਣ ਬਹਿਆ ਕਰਦੇ ਸਨ? ਦੂਰੋਂ ਆਈ ਸੰਗਤਿ ਦਾ ਸਤਿਗੁਰਾਂ ਕੋਲ ਕੀ ਅਜੇਹੀਆਂ ਕਹਾਣੀਆਂ ਸਨਣ ਵਾਲਾ ਸਤਿ ਸੰਗ ਹੋਇਆ ਕਰਦਾ ਸੀ ? ਕੀ, ਆਪ ਜੀ ਦਾ ਅਰਥ ਇਹ ਹੈ ਕਿ

ਦਸ਼ਮੇਸ਼ ਜੀ ਦੇ ਵੇਲੇ ਫ਼ਜ਼ੂਲ ਕਿਸਮ ਦੀਆਂ ਕਹਾਣੀਆਂ ਸੁਣਨ ਸਨਾਉਣ ਨੂੰ ਹੀ ਸਤਿਸੰਗਤਿ ਕਿਹਾ ਜਾਂਦਾ ਸੀ ? ਕੀ ਆਪ ਜੀ ਦਾ ਕਹਿਣਾ ਇਹ ਹੈ ਕਿ ਦਸ਼ਮਸ਼ ਜੀੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਫ਼ੁਰਮਾਨ--

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ ੫ ॥**

(੩) ਫਿਰ ਜਿਹੜੀਆਂ ਕਹਾਣੀਆਂ ਪਹਿਲਾਂ ਤੋਂ ਰਵਾਇਤ ਵਿਚ ਚੱਲ ਰਹੀਆਂ ਸਨ ਉਨ੍ਹਾਂ ਨੂੰ ਗ੍ਰੰਥ ਵਿਚ ਲਿਖਣ ਤੋਂ ਸਤਿਗੁਰਾਂ ਨੇ ਲੋਕਾਂ ਨੂੰ ਕਿਹੜਾ ਵਾਧੂ ਗਿਆਨ ਦਿੱਤਾ ਸੀ ?

**(੪)** ਇਤਿਹਾਸ ਨਾਲ ਸੰਬੰਧਤ ਕਿਸੇ ਕਹਾਣੀ ਨੂੰ ਇਤਿਹਾਸਕ ਕਸਵੱਟੀ ਤੇ ਕਿਸ ਕਾਰਨ ਨਹੀਂ ਪਰਖਣਾ ਚਾਹੀਦਾ ਜੀ? ਇਸਤ੍ਰੀਆਂ ਦੇ ਮਨਘੜਤ ਚਰਿਤ੍ਰ-ਕਾਹਾਣੀਆਂ ਵਿਚ ਹੋਰ ਤਰ੍ਹਾਂ ਦਾ ਮਿਲਗੋਭਾ ਕਰਨ ਦੀ ਕੀ ਲੋੜ ਸੀ ? ਅਤੇ ਫਿਰ ਜੇ ਮਗਰੋਂ ਆਪਣਾ ਵਿਸ਼ਾ ਬਦਲ ਲੈਣਾ ਸੀ ਤਾਂ ਹਨਵੰਤ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਜਾਣ ਵਾਲਾ ਅਤੇ ਵਜ਼ੀਰ ਦਾ ਰਾਜੇ ਨੂੰ ਚਲਾਕ ਇਸਤ੍ਰੀਆਂ ਦੀਆਂ ਕਰਤੂਤਾਂ ਸਣਾਉਣ ਵਾਲਾ ਝੂਠ ਲਿਖਣ ਲਈ **ਸਚੁ** ਨਾਲ ਜੁੜੇ **ਸਚੁ** ਹੋ ਚੁੱਕੇ ਗੁਰਪਰਮੇਸ਼ਰ ਸ੍ਰੀ ਦਸ਼ਮੇਸ਼ ਜੀ, ਨੂੰ ਝੂਠ ਦੇ ਖੋਭੇ ਵਿਚ ਵੜਨ ਲਈ ਕਿਹੜੀ ਮਜਬੂਰੀ ਸੀ ਜੀ? ਅਸਲ ਵਿਚ ਜਿਹੜੇ ਲੋਕ ਦਸਮੇਸ਼ ਜੀ ਵਰਗੀ ਅਸਮਾਨੀ ਛੂੰਹਦੀਆ ਵਡਿਆਈਆਂ ਵਾਲੀ ਸਖ਼ਸ਼ੀਅਤ ਨੂੰ ਅਜੇਹੀਆਂ ਨੀਵੀਆਂ ਗੱਲਾਂ ਨਾਲ ਜੋੜ ਰਹੇ ਹਨ, ਅਸਲ ਵਿਚ ਉਹ ਆਪ ਰਸਾਤਲਿ ਜਿਹੀ ਨੀਚਤਾ ਵਿਚ ਡਿੱਗੇ ਹੋਏ ਹਨ।

(੫) " ਇਤਿਹਾਸਕ ਤੌਰ ਤੇ ਠੀਕ ਨਹੀਂ " ਸ਼ਬਦ ਲਿਖ ਕੇ ਤੁਸਾਂ ਦਸ਼ਮੇਸ਼ ਜੀ ਨੂੰ ਭੁੱਲੜ ਕਹਿਣ ਦਾ ਅਪਰਾਧ ਏਥੇ ਫੇਰ ਕੀਤਾ ਹੈ। ਸੰਸਾਰ ਦੇ ਇਤਿਹਾਸ ਵਿਚ ਬੜੇ ਉੱਘੇ ਹੀਰੋ ਸਿਕੰਦਰ-ਏ-ਆਜ਼ਮ ਨੂੰ ਝੂਠ ਨਾਲ ਜੋੜਨ ਦਾ ਅਪਰਾਧ ਦਸ਼ਮੇਸ਼ ਜੀ ਦੇ ਨਾਮਣੇ ਨਾਲ ਮੜ੍ਹੀ ਰੱਖਣ ਦੀ ਜ਼ਿੱਦ ਕਰਨ ਵਾਲਿਓ, ਡਰੋ ਉਸੇ **ਕਾਲ ਜੀ** ਦੇ ਭਿਆਨਕ ਕ੍ਰੋਧ ਕੋਲੋਂ, ਜਿਸ ਨੇ ਤੁਹਾਡੇ ਹੀ ਵਿਸ਼ਵਾਸ਼ ਅਨੁਸਾਰ ਦਸ਼ਮੇਸ਼ ਜੀ ਨੂੰ ਆਪਣਾ ਪੁੱਤਰ ਬਣਾ ਕੇ ਸੰਸਾਰ ਵਿਚ ਭੇਜਿਆ ਸੀ। ਨਿਰਵੈਰ ਪੁੱਤਰ ਦੀ ਬੇਅਦਬੀ ਤੋਂ ਕਿਤੇ ਉਹ ਪਰਮ ਪਿਤਾ ਰੰਜ ਵਿਚ ਨਾ ਆ ਜਾਵੇ ? ਪੈਰ ਪੈਰ ਤੇ ' **ਅਭੁਲ ਗੁਰੂ ਕਰਤਾਰ**-- ਗੁਰੂ ਫ਼ੁਰਮਾਨ ਦੀ ਖੰਡਨਾ ਵੀ ਨਾਲ ਹੀ ਕਰੀ ਜਾ ਰਹੇ ਹੋ ?

**ਪਰਮ-ਝੂਠ ਗਾਥਾ ਦੇ ਲਿਖਾਰੀ** ਜੀ, ਇਸ ਅਦਭੁਤ ਪ੍ਰਸੰਗ ਦਾ ਉਦਘਾਟਨ ਇਉਂ ਕਰਦੇ ਹਨ:--

**" ਫੈਲਕੂਸ ਪਤਿਸ਼ਾਹ ਕੇ ਸੂਰ ਸਿਕੰਦਰ ਪੂਤ ॥ ਸੰਬਰਾਰਿ ਲਾਜਤ ਨਿਰਖਿ ਸੀਰਤਿ ਸੂਰਤਿ ਸਪੂਤ ॥੧॥"[ਪੋਥੀ ਸਤਵੀਂ-੪੮੦]**

**ਅਰਥ:**--ਫੈਲਕੂਸ ਬਾਦਸਸ਼ਾਹ ਦਾ ਇਕ ਸੂਰਬੀਰ ਪੁੱਤਰ ਸੀ ਜਿਸ ਦਾ ਨਾਂ ਸਿਕੰਦਰ ਸੀ, ਉਸ ਦੀ ਸੂਰਤ ਅਤੇ ਸੀਰਤ ਵੇਖਕੇ ਕਾਮਦੇਵ ਵੀ ਈਰਖਾ ਕਰਦਾ ਸੀ। ੧ ।

**ਫੈਲਕੂਸ** ਅਤੇ **ਸਕੰਦਰ**, ਦੋਵੇਂ ਪਿਉ ਪੁੱਤਰ ਯੂਨਾਨ ਦੇਸ਼ ਦੀਆਂ ਇਤਿਹਾਸਕ ਹਸਤੀਆਂ ਸਨ। ਸੰਸਾਰ ਪ੍ਰਸਿੱਧੀ ਵਾਲੇ ਇਨ੍ਹਾਂ ਦੋਹਾਂ (ਬਾਪ ਬੇਟੇ) ਨੂੰ ਸੰਸਾਰ ਭਰ ਦੇ ਇਤਿਹਾਸਕਾਰ ਜਾਣਦੇ ਪਛਾਣਦੇ ਹਨ, ਅਤੇ ਇਨ੍ਹਾਂ ਦੀ ਜੀਵਨੀਂ ਦੀਆਂ ਸੱਚੀਆਂ ਘਟਨਾਵਾਂ ਕਈਆਂ ਨੇ ਲਿਖੀਆਂ ਹਨ। ਈਸਵੀ ਸੰਨ ਦੇ ਅਰੰਭ ਹੋਣ ਤੋਂ ਕਰੀਬ ੪੦੦ ਸਾਲ ਪਹਿਲਾ ਸਿਕੰਦਰ ਨੇ ਭਾਰਤ ਤੇ ਹਮਲਾ ਕੀਤਾ ਸੀ। ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰ ਲੈਣ ਦੀ ਲੋਚਨਾ ਲੈ ਕੇ ਘਰੋਂ ਤੁਰਿਆ ਸਿਕੰਦਰ-ਏ-ਆਜਮ ਮਸਾਂ ਰਾਵੀ ਦਰਿਆ ਹੀ ਪਾਰ ਕਰ ਸਕਿਆ ਅਤੇ ਕੁਝ ਦਿਨ ਮੁਲਤਾਨ ਸ਼ਹਿਰ ਦੇ ਨੇੜੇ ਡੇਰੇ ਲਾਈ ਰੱਖ ਕੇ ਵਾਪਸ ਆਪਣੇ ਦੇਸ਼ ਯੂਨਾਨ ਨੂੰ ਪਰਤ ਗਿਆ ਸੀ। ਘਰ ਪੁੱਜਣ ਤੋਂ ਪਹਿਲਾਂ ੩੩ ਸਾਲ ਦੀ ਉਮਰ ਵਿਚ ਹੀ ਇਹ ਅਣਵਿਆਹਿਆ ਸਮਰਾਟ, ਖ਼ਾਲੀ ਹੱਥ ਕੱਫਨ ਤੋਂ ਬਾਹਰ ਕਢੀ ਰੱਖਣ ਦਾ ਹੁਕਮ ਦੇ ਕੇ, ਸੰਸਾਰ ਤੋਂ ਕੂਚ ਕਰ ਗਿਆ ਸੀ। ਇਸ ਸੰਖੇਪ ਜਿਹੀ ਇਤਿਹਾਸਕ ਸਚਾਈ ਨੂੰ ਪੁਰਾਣਕ ਗਾਥਾਵਾਂ ਨਾਲੋਂ ਵੀ ਵੱਧ ਝੂਠੀ ਬਣਾ ਧਰਿਆ ਹੋਇਆ ਹੈ। ਸੱਚੀ ਇਤਿਹਾਸਕ ਘਟਣਾ ਨੂੰ ਜਿਸ ਤਰ੍ਹਾਂ ਦੇ ਸੁਮੇਰ ਪਰਬਤ ਜਿੱਡੇ ਝੂਠ ਦਾ ਰੂਪ ਦਿੱਤਾ ਹੈ, ਆਉ ਉਸ ਦੇ ਘਟੀਆ ਅਤੇ ਬੇਸੁਰੇ ਝੂਠ ਦੇ ਦਰਸ਼ਨ ਕਰ ਲਈਏ:--

ਪੁਰਾਣਾ ਦੀਆਂ ਕਥਾਂ-ਕਹਾਣੀਆਂ ਵਿਚੋਂ, ਅਜੇਹੇ ਨਵਜਨਮੇ ਕਾਕੇ ਦੀ ਕਰਤੂਤ ਫਿਲਮਾਈ ਹੋਈ ਹੈ ਜਿਸ ਨੇ ਜਨਮ ਲੈਂਦੇ ਸਾਰ ਆਸਮਾਨੀ ਚਮਕਦੇ ਸੂਰਜ ਨੂੰ ਫਲ ਸਮਝ ਕੇ ਖਾ ਲਿਆ ਸੀ। ਇੱਕ ਗਾਥਾ ਵਿਚ ਅਗਸਤ ਨਾਮੀ ਰਿਸ਼ੀ ਨੂੰ ਸਾਰੇ ਸਮੁੰਦਰਾਂ ਦਾ ਪਾਣੀ ਪੀ ਕੇ ਵਾਪਸ ਕਢਦਾ ਦਰਸਾਇਆ ਹੋਇਆ ਹੈ। ਏਧਰ ਸਕੰਦਰ ਦੀਆਂ ਜਿੱਤਾਂ ਦੀ ਗੱਲ ਇਨ੍ਹਾਂ ਝੂਠ-ਕਹਾਣੀਆਂ ਨੂੰ ਵੀ ਮਾਤ ਪਾ ਰਹੀ ਹੈ। ਪਰ ਪਦਮ ਦੀ ਤੁਸਾਂ ਕੇਵਲ--" ਸਕੰਦਰ ਬਾਦਸ਼ਾਹ ਦੀ ਕਹਾਣੀ ੨੧੭ ਚਰਿਤ੍ਰ ਵਿਚ ਦਿੱਤੀ ਹੈ ਤੇ ਉਸਨੂੰ ਸਾਰਾ ਹਿੰਦੋਸਤਾਨ ਫ਼ਤੇ ਕਰਦਾ ਦਸਿਆ ਹੈ, ਜੋ ਇਤਿਹਾਸਕ ਤੌਰ ਤੇ ਠੀਕ ਨਹੀਂ " । ਏਨਾ ਲਿਖ ਕੇ **ਗਲ-ਬਦਲੀ** ਕਰ ਲਈ। ਜਦ ਤੁਸਾਂ (ਕਥਿਤ ਤੌਰ ਤੇ ਸਤਿਗੁਰਾਂ ਦੀ ਆਪਣੀ ਕਲਮ ਦੇ ਲਿਖੇ) ਇਸ ਸ਼ਾਹਕਾਰ ਦੀ ਗੱਲ ਛੇੜੀ ਹੀ ਸੀ ਤਾਂ, ਸੁਹਿਰਦਤਾ ਮੰਗ ਕਰਦੀ ਸੀ, ਕਿ, ਦਸਮਗ੍ਰੰਥ ਵਾਲੇ ਇਸ ਅਦਭੁਤ ਸਿੰਕਦਰ ਦੀਆਂ ਸਾਰੀਆਂ ਕਥਿਤ ਜਿੱਤਾਂ ਤੋਂ ਪਾਠਕਾਂ ਦੀ ਪੂਰੀ ਜਾਣ-ਪਛਾਣ ਕਰਵਾਉਂਦੇ। ਚਰਿਤ੍ਰੋ ਪਖਯਾਨ ਦੇ ਇਸ ਪੁਰਖ ਚਰਿਤ੍ਰ ਵਿਚਲੇ ਫੈਲਕੂਸ ਦੇ ਇਕਲੋਤੇ ਸਪੁੱਤਰ ਸੰਕਦਰ ਬਾਰੇ ਤੁਸਾਂ ਸਭ ਕੁਝ ਲਿਖਣ ਦੀ ਸ਼ਰਮ ਪਤਾ ਨਹੀਂ ਕਿਸ ਕਾਰਨ ਮੰਨ ਲਈ ?

**ਚੌਪਈ ॥ ਰਾਜ ਸਾਜ ਜਬ ਹੀ ਤਿਨ ਧਰਿਯੋ ॥ ਪ੍ਰਥਮ ਜੰਗ ਜੰਗਿਰ ਸੌ ਕਰਿਯੋ ॥**
**ਤਾਕੋ ਦੇਸ ਛੀਨਿ ਕਰਿ ਲੀਨੋ ॥ ਨਾਮੁ ਸਿਕੰਦਰ ਸ਼ਾਹ ਕੋ ਕੀਨੋ ॥ ੨ ॥**

ਸਕੰਦਰ ਨੇ ਪਹਿਲਾ ਜੰਗ ਕਿਸੇ **ਜੰਗਰ** ਰਾਜੇ ਨਾਲ ਕਰਕੇ ਉਸ ਦਾ ਮੁਲਕ ਖੋਹ ਲਿਆ, ਫਿਰ **ਦਾਰਾ ਬਾਦਸ਼ਾਹ** ਨੂੰ ਜਾ ਮਾਰਿਆ ਤੇ, ਹਿੰਦੋ-ਸਤਾਨ ਵੱਲ ਆ ਗਿਆ। (ਬਿੰਦੂ ਸਾਰ ਅੰਭੀ ਆਦਿ ਸਰਹੱਦੀ ਰਾਜਿਆਂ ਨੂੰ ਅਤੇ ਪੰਜਾਬ ਦੇ ਸੂਰਬੀਰ ਪੋਰਸ ਤੋਂ ਸ਼ਾਇਦ ਲੁਕ-ਛੁਪ ਕੇ ਲੰਘ ਗਿਆ ਹੋਵੇ?) ਸਿੱਧਾ ਯੂ ਪੀ ਦੇ **ਕਨੌਜ** ਸ਼ਹਿਰ ਤੇ ਜਾ ਪਿਆ ਅਤੇ ਢੋਲ-ਢਮੱਕਿਆਂ ਨਾਲ ਉਥੋਂ ਦੀ **ਰਾਜਕੁਮਾਰੀ ਵਿਆਹ** ਲਈ। (ਉਂਜ ਇਹ ਸੰਸਾਰ ਪ੍ਰਸਿੱਧ ਇਤਿਹਾਸਕ ਸਚਾਈ ਹੈ ਕਿ ਸਕੰਦਰ ੩੩ ਸਾਲ ਦੀ ਉਮਰ ਵਿਚ ਕੁਆਰਾ ਹੀ ਮਰ ਗਿਆ ਸੀ)। ਉਥੋਂ **ਨੈਪਾਲ** ਜਾ ਪਿਆ ਅਤੇ ਕਸਤੂਰੇ ਹਰਨਾ ਦਾ ਸ਼ਿਕਾਰ ਕੀਤਾ। ਉਥੋਂ

ਸਿੱਧਾ **ਬੰਗਾਲ** ਜਾ ਮਾਰਿਆ ਉਥੋਂ **ਛੱਜਕਰਣ ?** ਪ੍ਰਦੇਸ ਨੂੰ ਜਾ ਲਿਤਾੜਿਆ। ਉਥੋਂ **ਝਾੜ ਖੰਡ** ਨੂੰ ਜਾ ਝਾੜਿਆ ਤੇ ਫਿਰ **ਬੁੰਦੇਲ ਖੰਡ** ਨੂੰ ਜਾ ਦਬਾਇਆ। ਫਿਰ **ਮਹਾਂਰਾਸ਼ਟਰ, ਤੈਲੰਗਾਨਾ, ਦ੍ਰਾਵੜ** ਆਦਿਕ ਜਿੱਤੇ। ਉਥੋਂ ਹਟ ਕੇ **ਬਰਬਰੀਨ** ਵਾਲਿਆਂ ਨੂੰ, ਅਤੇ **ਸਲੀਨ**? ਵਾਲਿਆਂ ਦਾ ਨਾਸ ਕੀਤਾ, ਅਤੇ ਓਥੋਂ **ਅਰਬਾਂ** ਦਾ ਘੁਮੰਡ ਚੂਰ ਚੂਰ ਕੀਤਾ। **ਹਿੰਲਾਸੀ, ਹਬਸ਼ੀ** ਸਾਰਿਆਂ ਨੂੰ ਮਾਰ ਮੁਕਾਇਆ। (ਚੌਪਈ ੮ ਤੱਕ) ਫਿਰ **ਪੱਛਮ** ਵਾਸੀਆਂ (ਅਮਰੀਕਾ ਆਦਿ ਦੇਸ਼ਾਂ) ਨੂੰ ਜਿੱਤ ਕੇ **ਗ਼ਜ਼ਨੀ** ਦਾ ਘੁਮੰਡ ਆਪਣੇ ਵੱਸ ਵਿਚ ਕੀਤਾ। (ਸਿਕੰਦਰ ਨੂੰ ਕਿਧਰੋਂ ਕਿਧਰ ਦੌੜਾਇਆ ਜਾ ਰਿਹਾ ਹੈ। ਲਿਖਾਰੀ ਦੀ ਭੂਗੋਲਕ ਜਾਣਕਾਰੀ ਦਾ ਬੜਾ ਹੀ ਅਦਭੁਤ ਨਮੂੰਨਾ ? )

ਤਿੰਨਾ ਹੀ ਪਾਸਿਆਂ ਨੂੰ ਜਿੱਤ ਕੇ, ਉੱਤਰ ਦੇਸ਼ ਵਲ ਮੂੰਹ ਕੀਤਾ। ਜੰਗ ਦਾ ਸ਼ੋਰ ਸ਼ਰਾਬਾ ਸੁਣ ਕੇ **ਸ਼ਿਵ ਜੀ ਜਾਗ** ਪਏ। ਪਹਿਲਾਂ **ਬਲਖ** ਸ਼ਹਿਰ ਨੂੰ ਅਤੇ ਫਿਰ **ਬੁਖ਼ਾਰੇ** ਨੂੰ ਜਾ ਉਜਾੜਿਆ। ਉਥੋਂ **ਤਿੱਬਤ** ਜਾ ਜਿੱਤੀ ਅਤੇ ਆਪਣੀ ਫੌਜ ਨੂੰ ਤਨਖ਼ਾਹਾਂ ਵੰਡੀਆਂ। (ਚੌ:੧੩) ਫਿਰ **ਕਸ਼ਮੀਰ, ਕਾਬਲ**, ਤੇ ਫਿਰ **ਖਿਸ਼ਟਵਾੜ, ਕਹਿਲੂਰ, ਕੈਂਥਲ** ਆਦਿ ਇਲਾਕੇ ਮਾਰ ਕੇ ਬੜੇ ਦੁਰਗਮ ਪ੍ਰਦੇਸ਼ **ਕੰਬੋਜ, ਕਿਲਮਾਕ** ਆਦਿ ਨੂੰ ਪਲਾਂ ਵਿਚ ਜਾ ਕੱਟਿਆ। ਅਤੇ ਫਿਰ ਰੋਹ ਵਿਚ ਆ ਕੇ **ਚੀਨ** ਦੀਆਂ ਅਨੇਕ ਫੌਜਾਂ ਨਸ਼ਟ ਕੀਤੀਆਂ ? (ਚੌ: ੧੪) **ਚੀਨ ਮਚੀਨ** ਦੇ ਰਾਜੇ ਦਾਸੀਆਂ ਲੈ ਕੇ ਆ ਹਾਜ਼ਰ ਹੋਏ। ਚਾਰੇ ਦਿਸ਼ਾਵਾਂ ਨੂੰ ਆਪਣੇ ਅਧੀਨ ਕਰਕੇ ਸਮੁੰਦਰ ਨੂੰ ਆਪਣੇ ਅਧੀਨ ਕਰ ਲੈਣ ਦਾ ਖ਼ਿਆਲ ਆ ਗਿਆ।

ਫਿਰ **ਡੱਚਾਂ** ਨੂੰ ਜਿੱਤ ਕੇ **ਅੰਗ੍ਰੇਜ਼ਾਂ** ਨੂੰ ਮਾਰ ਮੁਕਾਇਆ। ਫਿਰ **ਮਛਲੀ ਬੰਦਰ** ਜਿਤ ਕੇ **ਹੁਗਲੀ ਬੰਦਰ** ਨੂੰ ਉਜਾੜਿਆ ਅਤੇ **ਕੋਕਬੰਦਰ** ਜਿਤ ਕੇ **ਗੁਆ** ਨੂੰ ਆਪਣੇ ਅਧੀਨ ਕੀਤਾ, ਅਤੇ **ਹਿਜਲੀ ਬੰਦਰ** ਤੇ ਵੀ ਫ਼ਤਹ ਦਾ ਨਗਾਰਾ ਜਾ ਖੜਕਾਇਆ। (ਚੌ: ੧੭) ਸਮੁੰਦਰਾਂ ਨੂੰ ਪਾਰ ਕਰਕੇ ਪਤਾਲ ਵਿਚ ਚਲਾ ਗਿਆ, **ਸੱਤਾਂ ਹੀ ਰਸਾਤਲਾਂ** ਨੂੰ ਜਿੱਤ ਕੇ **ਸਵਰਗ** ਦਾ ਰਸਤਾ ਲਿਆ। ਉਥੇ ਬੜੇ ਕ੍ਰੋਧ ਵਿਚ **ਇੰਦ੍ਰ** ਨਾਲ ਲੜ ਕੇ ਮੁੜ ਧਰਤੀ ਵਲ ਨੂੰ ਪਰਤ ਆਇਆ। **ਚੰਦ੍ਰ ਲੋਕਾਂ ਨੂੰ ਅਧੀਨ** ਕਰਕੇ ਸਾਰੀ ਧਰਤੀ ਨੂੰ ਜਿੱਤ ਕੇ **ਰੂਸ** ਦੇਸ਼ ਵਲ ਚੱਲ ਪਿਆ ? (ਚੌ: ੧੯) [ਕੀ, ਰੂਸ ਇਸ ਧਰਤੀ ਤੋਂ ਅੱਡਰਾ ਸੀ? ਕੀ ਸਾਰੀ ਧਰਤੀ ਜਿੱਤ ਲੈਣ ਦੀ ਗੱਲ ਐਵੇਂ ਗੱਪ ਹੀ ਸੀ? [ਲਿਖਾਰੀ ਦੀ ਸੂਝ ਬੂਝ ਦਾ ਦੀਵਾਲਾ ?]

ਅਖ਼ੇ, **ਰੂਸ** ਦਾ ਰਾਜਾ **ਵੀਰ ਸੈਨ** ਸੀ, ਜਿਸ ਦੇ ਸਾਹਮਣੇ ਸ਼ਿਵ ਜੀ ਵੀ ਭੱਜ ਪਿਆ ਸੀ। ਉਸ ਨੇ ਸਕੰਦਰ ਨਾਲ ਭਿਆਨਕ ਯੁੱਧ ਕੀਤਾ। ਫਿਰ ਉਸ ਨੇ **ਪੱਥਰ ਵਰਗੇ ਸਰੀਰ ਵਾਲਾ ਇੱਕ ਦੈਂਤ ਨੂੰ ਬੁਲਾ** ਲਿਆ। ਉਹ ਹੀਰੇ ਵਰਗੀ ਸਖ਼ਤ ਚੀਜ਼ ਨੂੰ ਵੀ ਆਪਣੀ ਚੁਟਕੀ ਵਿਚ ਪੀਹ ਦਿੰਦਾ ਸੀ। ਅਖ਼ੇ--ਜਦੋਂ ਉਹ ਗੁੱਸੇ ਨਾਲ ਛਾਲ ਮਾਰਦਾ ਸੀ ਤਾਂ ਉਥੇ ਖੂਹ ਜਿਡਾ ਟੋਆ ਬਣ ਜਾਂਦਾ ਸੀ? ਜਦੋਂ ਉਹ ਦੈਂਤ ਹੱਥ ਵਿਚ ਗਦਾ ਅਤੇ ਪ੍ਰਾਸ਼ ਫੜਦਾ ਤਾਂ ਪੰਜ ਹਜ਼ਾਰ ਸਵਾਰ ਤ੍ਰਾਹ ਨਾਲ ਹੀ ਮਰ ਜਾਂਦੇ ? ਹਵਾ ਦੇ ਬੁੱਲੇ ਵਾਂਗ ਜਦ ਉਹ ਚਲਦਾ ਤਾਂ ਦੁਸ਼ਮਣਾ ਨੂੰ ਹਵਾ ਦੇ ਪਤਿਆਂ ਵਾਂਗ ਉਡਾ ਦਿੰਦਾ ਸੀ। ਉਨੇ ਭਾਂਤ ਭਾਂਤ ਦੇ ਅਣਗਿਣਤ ਜੋਧੇ ਮਾਰੇ ਜਿਨ੍ਹਾਂ ਦਾ ਵਿਸਥਾਰ ਲਿਖਣ ਲਈ ਅੱਡਰੇ ਗ੍ਰੰਥ ਦੀ ਲੋੜ ਹੈ ਉਹ ਦੈਂਤ ਮਸਤ ਹਾਥੀ ਨੂੰ ਸਹਿਜ ਹੀ ਗਦਾ ਨਾਲ ਮਾਰ ਮੁਕਾਉਂਦਾ ਸੀ। ਜਦ ਅਨੇਕ ਸੂਰਮੇ ਮਾਰੇ ਗਏ ਤਦ ਸਿਕੰਦਰ ਡਰ ਕੇ ਵਿਚਾਰਾਂ ਵਿਚ ਪੈ ਗਿਆ । (ਚੌ: ੨੨ ਤੋਂ ੨੮)

**ਦਿਨ-ਨਾਥ ਮਤੀ** ਨਾਮੀ ਇਸਤ੍ਰੀ ਮਰਦਾਵੇਂ ਭੇਸ ਵਿਚ ਆਈ ਅਤੇ ਉਸ ਦੈਂਤ ਤੇ ਟੁੱਟ ਕੇ ਪੈ ਗਈ। ਪਹਿਲਾਂ ਉਸ ਨੇ ਤੀਰ ਮਾਰਿਆ, ਫਿਰ ਬਰਛੇ ਦਾ ਵਾਰ ਕੀਤਾ ਪਰ ਫਿਰ ਜਦ ਜ਼ੋਰ ਨਾਲ ਕਿਰਪਾਨ ਦਾ ਵਾਰ ਕੀਤਾ ਤਾਂ ਉਹ ਦੈਂਤ ਧਰਤੀ ਦੇ ਡਿੱਗ ਪਿਆ।

**ਚੌਪਈ ॥ ਪਹਿਲੇ ਤੀਰ ਤਵਨ ਕੌ ਮਾਰੈ ॥ ਬਰਛਾ ਬਹੁਰਿ ਕੋਪ ਤਨ ਝਾਰੈ ॥**
**ਤਮਕਿ ਤੇਗ ਘਾਇ ਪ੍ਰਹਾਰਯੋ ॥ ਗਿਰਯੋ ਭੂਮਿ ਜਾਨੁ ਹਨਿ ਡਾਰਯੋ ॥ ੩੦ ॥**

(ਹੈ ਨਾ ਕਮਾਲ ਦੀ ਫੁਰਤੀ ? ਜਦੋਂ ਦੈਂਤ ਚੰਗਾ ਭਲਾ ਸੀ ਉਦੋਂ ਤਾਂ ਤੀਰ ਬਰਛੇ ਅਤੇ ਕਿਪਾਨ ਦੇ ਵਾਰ ਅਡੋਲ ਰਹਿ ਕੇ ਝੱਲਦਾ ਰਿਹਾ, ਪਰ ਜਦੋਂ ਜ਼ਖ਼ਮੀ ਹੋ ਕੇ ਧਰਤੀ ਤੇ ਡਿੱਗ ਪਿਆ ਤਾਂ) ਧਰਤੀ ਤੋਂ ਉੱਠ ਕੇ ਉਸ ਨੇ ਉਸ ਇਸਤ੍ਰੀ ਨੂੰ ਜਾ ਫੜਿਆ ਪਰ ਉਸ ਦੀ ਸੁੰਦਰਤਾ ਵੇਖ ਕੇ ਉਸ ਨੂੰ ਮਾਰਿਆ ਨਾ। ਫਿਰ ਉਸ ਦੈਂਤ ਨੇ ਸੂਰਮਿਆ ਨੂੰ ਇਉਂ ਮਾਰਿਆ ਜਿਵੇਂ ਤੇਜ਼ ਹਨੇਰੀ ਬੂਟਿਆਂ ਨੂੰ ਪੁੱਟਦੀ ਹੈ। ਅਜੇਹੀ ਹਨੇਰੀ ਝੁੱਲੀ ਵੇਖ ਕੇ ਸਿਕੰਦਰ ਡਰ ਗਿਆ ?--

**ਚੌਪਈ ॥ ਤਬ ਹੀ ਸ਼ਾਹ ਸਕੰਦਰ ਡਰਿਯੋ ॥ ਬੋਲਿ ਅਰਸਤੂ ਮੰਤ੍ਰ ਬਿਚਾਰਿਯੋ ॥**
**ਬਲੀਨਾਸ਼ ਕੋ ਬੋਲਿ ਪਠਾਯੋ ॥ ਚਿੱਤ ਮੈ ਅਧਿਕ ਤ੍ਰਾਸ ਉਪਜਾਯੋ ॥ ੩੪ ॥**

ਅਰਥ:--ਸ਼ਾਹ ਸਕੰਦਰ ਦੇ ਚਿਤ ਵਿਚ ਜਦ ਬਹੁਤ ਡਰ ਪੈਦਾ ਹੋ ਗਿਆ ਤਾਂ ਉਸ ਨੇ ਅਰਸਤੂ ਨੂੰ ਬੁਲਾ ਕੇ ਉਸ (ਤੋਂ ਸਿੱਖੇ ਮੰਤ੍ਰ ਦੇ ਜ਼ੋਰ ਨਾਲ) ਬਲੀਨਾਸ਼ ਨੂੰ ਬੁਲਾ ਲਿਆ।

ਸਿਕੰਦਰ ਨੇ **ਬਲੀਨਾਸ਼** ਨੂੰ ਬੁਲਾ ਕੇ ਆਖਿਆ, ਕੀ, ਮੈ ਰੂਸ ਸ਼ਹਿਰ ਵਿਚ ਕਿਸੇ ਅੰਦਰ ਜਾ ਬੈਠਾਂ ? ਬਲੀਨਾਸ਼ ਨੇ ਸਿਕੰਦਰ ਨੂੰ ਸਮਝਾਇਆ ਕਿ ਇਹ ਦੈਂਤ ਤੁਹਾਡੇ ਸਿਵਾ ਹੋਰ ਕਿਸੇ ਸੂਰਮੇਂ ਦੇ ਵੱਸ ਵਿਚ ਨਹੀਂ ਆਉਣ, ਤੁਸੀ ਇਸ ਦੇ ਗਲ ਵਿਚ ਫਾਹ ਪਾ ਕੇ ਕਾਬੂ ਕਰੋ। ਬਲੀਨਾਸ਼ ਦੇ ਕਹੇ, ਸਿਕੰਦਰ ਅੱਗੇ ਵਧਿਆ ਤੇ ਦੈਂਤ ਦੇ ਗਲ ਵਿਚ ਕਮੰਦ ਪਾ ਕੇ ਉਸ ਨੂੰ ਤੰਬੂ ਦੇ ਅੰਦਰ ਲੈ ਆਇਆ। ਚੰਗਾ ਚੋਖਾ ਖਵਾ ਪਿਆ ਕੇ ਉਸ ਦੈਂਤ ਨੂੰ ਅਜ਼ਾਦ ਕਰ ਦਿੱਤਾ ਤਾਂ ਦੈਂਤ ਨੇ ਸਿਕੰਦਰ ਨੂੰ ਕਈ ਦਾਸੀਆਂ ਲਿਆ ਦਿੱਤੀਆਂ । ਉਨ੍ਹਾਂ ਦਾਸੀਆਂ ਵਿਚੋਂ ਸੁੰਦਰ ਦਾਸੀ ਨੂੰ ਸਕੰਦਰ ਨੇ ਵਰ ਲਿਆ। **ਬਾਕੀ ਬੇਗਮਾਂ ਨੂੰ ਛੱਡ ਕੇ ਦਾਸੀਆਂ ਵਿਚੋਂ ਵਿਆਹੀ ਇਸਤ੍ਰੀ ਦੇ ਨਾਲ ਸਕੰਦਰ ਉਸ ਥਾਂ ਤੇ ਚਲਾ ਗਿਆ ਜਿੱਥੇ ਅੰਮ੍ਰਿਤ ਕੁੰਡ ਸੀ।** [ ਚੌ: ੨੯ ਤੋਂ ੪੧)

**ਪਦਮ ਸਾਹਿਬ ਜੀਓ !** ਸਕੰਦਰ ਨੂੰ ਉਸ ਦੀ ਆਪਣੀ ਸ਼ਕਤੀ ਦਾ ਚੇਤਾ ਜੇ ਬਲੀਨਾਸ਼ ਨਾ ਕਰਾਉਂਦਾ ਤਾਂ ਕੀ ਉਸ ਨੇ ਦੈਂਤ ਕੋਲੋਂ ਡਰ ਕੇ ਭੱਜ ਜਾਣਾ ਸੀ ? ਕੀ, ਇਹ ਸਾਰੀ ਐਂਵੇ ਵਿਅਰਥ ਦੀ ਬੇਸੁਰੀ ਗੱਪ-ਬਾਜੀ ਹੀ ਨਹੀਂ ਹੈ ਜੀ ? ਉਪ੍ਰੋਕਤ ਸਾਰੀ ਗੱਲ ਪੂਰੀ ਕਰ ਲੈਣ ਉਪ੍ਰੰਤ ਹੁਣ ਅਗਲੀ ਸਿਖਿਆ ਪੜ੍ਹ ਲਵੋ ਜੋ ਤੁਹਾਡੇ ਅਨੁਸਾਰ ਦਸ਼ਮੇਸ਼ ਜੀ ਨੇ ਆਪ ਲਿਖੀ ਸੀ:--

**ਚੌਪਈ ॥ ਜੁ ਤ੍ਰਿਯਾ ਰੈਨਿ ਜੋ ਸੇਜ ਸੁਹਾਵੈ ॥ ਦਿਵਸ ਬੈਰਿਯਨ ਖੜਗ ਬਜਾਵੈ ॥**

**ਐਸੀ ਤਰੁਨ ਕਰਨ ਜੌ ਪਰਈ ॥ ਤਿਹ ਤਜਿ ਔਰ ਕਵਨ ਚਿਤ ਕਰਈ ॥ ੪੨ ॥**
**ਭਾਂਤਿ ਭਾਂਤਿ ਤਾਸੋ ਰਤਿ ਠਾਨੀ ॥ ਚੇਰੀ ਤੇ ਬੇਗਮ ਕਰਿ ਜਾਨੀ ॥**
**ਤਾ ਕੌ ਸੰਗਿ ਆਪੁਨੇ ਲਯੋ ॥ ਆਬਿਹਯਾਤ ਸੁਨਯੋ ਤਹ ਗਯੋ ॥ ੪੩ ॥**

**ਅਰਥ:**--ਜਿਹੜੀ ਇਸਤ੍ਰੀ ਰਾਤ ਨੂੰ ਸੇਜ ਦੀ ਸੋਭਾ ਵਧਾਉਂਦੀ ਹੈ ਅਤੇ ਦਿਨ ਨੂੰ ਦੁਸ਼ਮਣਾ ਨਾਲ ਲੜਦੀ ਹੈ ਇਸ ਤਰ੍ਹਾਂ ਦੀ ਇਸਤ੍ਰੀ ਜਦ ਹੱਥ ਲੱਗ ਜਾਵੇ ਤਾਂ ਫਿਰ ਭਲਾ ਅਜੇਹੀ ਇਸਤ੍ਰੀ ਨੂੰ ਛੱਡ ਕੇ ਕੋਈ ਕਿਸੇ ਹੋਰ ਇਸਤ੍ਰੀ ਨੂੰ ਕਿਉਂ ਚਾਹੇਗਾ।੪੨। ਉਸ ਇਸਤ੍ਰੀ ਨਾਲ ਉਸ ਨੇ ਭਾਂਤ ਭਾਂਤ ਦੇ (ਆਸਨ ਬਣਾ ਕੇ) ਕਈ ਪ੍ਰਕਾਰ ਨਾਲ ਭੋਗ ਕੀਤਾ ਅਤੇ ਉਸ ਨੂੰ ਦਾਸੀ ਤੋਂ ਬੇਗਮ ਬਣਾ ਦਿੱਤਾ। ਉਸ ਨੂੰ ਨਾਲ ਲਿਆ ਅਤੇ ਜਿੱਥੇ ਆਬੇ-ਹੱਯਾਤ ਸੀ ਉਥੇ ਪਹੁੰਚ ਗਿਆ। ੪੩ ।

## ੧੦- ਹੇਮਕੁੰਡ, ਚਪਟੀ ਅਤੇ ਹੁਣ ਸ੍ਰੀ ਦਸਮ ਗ੍ਰੰਥ ਜੀ ਦਾ ਆਬਿਹੱਯਾਤ=ਅੰਮ੍ਰਿਤ ?

ਪਦਮ ਸਾਹਿਬ ਜੀਓ ! ਪਾਠਕਾਂ ਨੂੰ ਪੁੱਠਾ ਗਿਆਨ ਸਮਝਾਉਣ ਲਈ ਅਰੰਭ ਕੀਤੇ ਯਤਨਾਂ ਵਿਚ ਆਪ ਜੀ ਨੇ ਆਪਣੀ ਪੁਸਤਕ ਦੇ ੫੪ ਸਫ਼ੇ ਤੇ ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਮੰਨ ਕੇ ਅੱਗੇ ਲਿਖੇ ਹੋਏ ਇਹ---" **ਇਸ ਲਈ ਜੋ ਵਿਚਾਰ ਉਨ੍ਹਾਂ** ( ਦਸ਼ਮੇਸ਼ ਜੀ ਨੇ ਦਸਮ ਗ੍ਰੰਥ ਵਿਚ) **ਦਿਤੇ, ਉਹ ਸ੍ਰੀ ਗੁਰੂ ਗਰੰਥ ਦੀ ਵਿਚਾਰਧਾਰਾ ਤੋਂ ਵਿਪਰੀਤ ਹੋਣੇ ਸੰਭਵ ਨਹੀਂ ਹਨ** "। ਬਾਕੀ ਲਿਖੇ ਹੋਰ ਸਾਰੇ ਝੂਠ-ਬਚਨਾਂ ਨਾਲੋਂ ਵੱਧ **ਦੁਖਦਾਈ ਝੂਠ** ਹੈ। ਬਚਿੱਤਰ ਨਾਟਕ ਤੋਂ ਅਰੰਭ ਹੋ ਕੇ ਹੁਣ ਤੱਕ ਵਿਚਾਰੇ (ਜਾਂ ਅਗੇ ਵਿਚਾਰ ਅਧੀਨ ਆਉਣ ਵਾਲੇ) ਸਾਰੇ ਚਰਿਤ੍ਰੋ ਪਖ਼ਯਾਨ ਗ੍ਰੰਥ ਵਿਚੋਂ ਕਿਸੇ ਵੀ **ਬਚਨ, ਬਾਣੀ ਜਾਂ ਕਹਾਣੀ ਨੂੰ** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ, **ਗੁਰਮਤਿ ਦੇ ਅਨਕੂਲ ਨਹੀਂ ਮੰਨਿਆਂ ਜਾ ਸਕਦਾ। ਹੁਣ ਇਸ-**(ਅੰਮ੍ਰਿਤ ਸ਼ਾਹ ਸਿਕੰਦਰ ਪਾਯੋ) '**ਸ਼ਾਹ ਸਕੰਦਰ ਨੂੰ ਜਿਸ ਅੰਮ੍ਰਿਤ ਕੁੰਡ ਤੇ ਪੁਜਿਆ ਦਰਸਾਇਆ ਹੈ, ਉਹ ਹੋਰ ਵੀ ਵੱਧ ਘਾਤਕ ਝੂਠ=ਰੂਪ ਮਹੁਰਾ ਹੈ। ਗੁਰੂ ਬਾਣੀ ਵਿਚ--ਅੰਮ੍ਰਿਤ** " ਕੇਵਲ ਪਰਮਾਤਮਾ ਦਾ ਨਾਮ ਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨੌਂ ਹੀ ਸਰੂਪਾਂ ਨੇ, ਖਾਣ ਵਾਲੇ ਜਾਂ ਪੀਣ **ਵਾਲੇ ਅਥਵਾ ਕਿਸੇ** ਵੀ **ਦ੍ਰਿਸ਼ਟਮਾਨ ਪਦਾਰਥ** ਨੂੰ ਸਦੀਵੀ ਜਿੰਦਗੀ ਦੇਣ ਜੋਗ **ਅੰਮ੍ਰਿਤ** ਨਹੀਂ ਮੰਨਿਆਂ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ, ਇਹ **ਨਾਮ=ਰੂਪੀ ਅੰਮ੍ਰਿਤ** ਵੀ ਕਿਤੋਂ ਬਾਹਰੋਂ ਪ੍ਰਾਪਤ ਨਹੀਂ ਹੁੰਦਾ। ਜੇ ਪਿਛਲੀ ਕਮਾਈ ਦੇ ਫਲ ਸਰੂਪ ਲੇਖ ਲਿਖੇ **ਹੋਏ ਹੋਣ, ਤਾਂ ਗੁਰੂ ਜੀ ਦੀ ਵਿਚਾਰ** ਅਨੁਸਾਰ ਜੀਵਨ ਜੁਗਤਿ ਬਣਾ ਲੈਣ ਤੇ, ਸਤਿਗੁਰਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਣ ਨਾਲ ਜਦ ਉਹ ਮਿਹਰਬਾਨ ਹੁੰਦੇ ਹਨ ਤਾਂ (ਸਦੀਵੀ **ਆਤਮਕ ਜ਼ਿੰਦਗੀ** ਦੇਣ ਵਾਲਾ) ਨਾਮ-ਅੰਮ੍ਰਿਤ* ਆਪਣੇ ਹਿਰਦੇ ਵਿਚੋਂ ਹੀ ਪ੍ਰਾਪਤ ਹੋ ਜਾਂਦਾ ਹੈ:--

**੩●- ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ ਨਾਨਕ ਅੰਮ੍ਰਿਤੁ ਏਕੁ ਹੈ**
**ਦੂਜਾ ਅੰਮ੍ਰਿਤੁ ਨਾਹਿ ॥ ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥**
**ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥ {੧੨੩੯}-ਵਾ-੨**

[* **Foot Note:**-ਪੁਸਤਕ ਦੇ ਪੰਜਵੇਂ ਭਾਗ ਦੇ ਤੀਜੇ ਕਾਂਡ ਵਿਚ ੧੪ ਤਰ੍ਹਾਂ ਦੇ ਅੰਮ੍ਰਿਤ ਦੀ ਗੁਰੂ ਬਾਣੀ ਸ਼ਬਦਾਂ ਦੁਆਰਾ ਵਿਆਖਿਆ ਲਿਖੀ ਹੋਈ ਹੈ। ੬੧ ਗੁਰੂ ਸ਼ਬਦਾਂ ਦੇ ਅਰਥਾਂ ਸਮੇਤ ਹਵਾਲੇ ਦੇਣ ਉਪ੍ਰੰਤ ੩੭੦ ਗੁਰੂ ਬਾਣੀ ਸ਼ਬਦਾਂ ਦੀ ਸੂਚੀ ਦਿੱਤੀ ਹੋਈ ਹੈ}

ਬ੍ਰਾਹਮਣ ਨੇ ਗੰਭੀਰ ਤਰ੍ਹਾਂ ਦੀ ਸਦੀਵੀ ਲੁੱਟ ਮਚਾਈ ਰੱਖਣ ਦਾ ਸਾਧਨ ਬਣਾ ਲੈਣ ਦੀ ਯੋਜਨਾ ਅਧੀਨ (=ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ' ਤੀਜਾ ਭਾਗ), ਪਹਾੜ ਦੀ ਮਧਾਣੀ ਨੂੰ ਨਾਗ ਦਾ ਨੇਤ੍ਰਾ ਪਾ ਕੇ ਦੇਵਤਿਆਂ ਅਤੇ ਦੈਂਤਾਂ ਕੋਲੋਂ ਸਮੁੰਦਰ ਰਿੜਕਵਾ ਕੇ ਅੰਮ੍ਰਿਤ ਦਾ ਘੜਾ ਕਢਵਾਇਆ ਸੀ ਜਿਸ ਦੇ ਅਧਾਰ ਤੇ ਚਾਰ ਤੀਰਥ ਅਜੇਹੇ ਸਿਰਜ ਲਏ ਜਿੱਥੇ ਹਜ਼ਾਰਾਂ ਪਾਪਾਂ ਦਾ ਨਾਸ ਕਰਨ ਦੀ ਕਥਿਤ ਸਮਰਥਾ ਵਾਲੇ ਕੁੰਭ ਦੇ ਮੇਲੇ ਲੱਗਦੇ ਹਨ। ਸੰਸਾਰ ਵਿਚੋਂ ਕਿਸੇ ਵੀ ਹੋਰ ਲਿਖਾਰੀ ਨੇ ਕਿਸੇ ਅਜੇਹੇ ਪਦਾਰਥ ਦਾ ਥਹੁ ਪਤਾ ਕਿਸੇ ਥਾਂ ਨਹੀਂ ਲਿਖਿਆ ਜਿਸ ਨੂੰ ਪੀਣ ਨਾਲ ਜਾਂ ਖਾਣ ਨਾਲ ਜੀਵ ਨੂੰ ਸਦੀਵੀ ਸਰੀਰਕ ਜਿੰਦਗੀ ਮਿਲ ਸਕਦੀ ਹੋਵੇ। ਇਹ ਨਿਆਰੇ ਕਿਸਮ ਦਾ ਜਿਹੜਾ ਝੂਠ ਤੁਸੀਂ ਦਸਮ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਨਾਮਣੇ ਨਾਲ ਮੜ੍ਹ ਰਹੇ ਹੋ ਉਸ ਤੋਂ ਲੋਕਾਂ ਦੇ ਮਨਾਂ ਵਿਚ ਕਿਸੇ ਅੰਮ੍ਰਿਤ ਜਲ ਬਾਰੇ ਭਰਮ ਹੋਰ ਵੀ ਪੱਕਾ ਹੋ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਅਸੀਂ " ਨਾਮ ਅੰਮ੍ਰਿਤ " ਦੀ ਮਹੱਤਤਾ ਸਮਝਣ ਦੀ ਲੋੜ ਮੁਕਾ ਬਹਿੰਦੇ ਹਾਂ। ਸਿਕੰਦਰ ਸ਼ਾਹ ਵਾਲੀ ਉਪ੍ਰੋਕਤ ਗਾਥਾ ਵਿਚ ਜਿਵੇਂ ਅਤੇ ਜਿਸ ਨਵੀ ਕਿਸਮ ਦੇ ਝੂਠ ਦੀ ਮਿਲਾਵਟ ਨਾਲ **ਆਬਿਹਯਾਤ** ਦੀ ਗੱਲ ਲਿਖੀ ਹੋਈ ਹੈ, ਉਸ ਦੀ ਅਸਲੀਯਤ ਜੇ ਤੁਸੀ ਆਪ ਹੀ ਪੁਸਤਕ ਵਿਚ ਲਿਖ ਦਿੰਦੇ ਤਾਂ ਹੁਣ ਇਹ ਕੁਝ ਲਿਖਣ ਦੀ ਲੋੜ ਨਾ ਰਹਿੰਦੀ:--

**ਦੋਹਰਾ ॥ ਜਹ ਤਾਕੌ ਚਸ਼ਮਾ ਹੁਤੋ ਤਹੀ ਪਹੂਚੋ ਜਾਇ ॥ ਮਕਰ ਕੁੰਟ ਜਹ ਡਾਰਿਯੈ ਮਛਲੀ ਹੋਇ ਬਨਾਇ ॥ ੪੪ ॥**

**ਅਰਥ:**--ਉਹ ਕੁੰਡ ਵਾਲੇ ਅਸਥਾਨ ਤੇ ਆ ਪਹੁੰਚਿਆ, ਉਥੇ **ਮਗਰ-ਮਛ ਅਤੇ ਮਛੀਆਂ ਤਰ** ਰਹੀਆਂ ਸਨ ।੪੪। (ਟੀਕਾ ਕਾਰ ਪੰਡਿਤ ਨਰੈਣ ਸਿੰਘ ਜੀ)

ਹੁਣ ਜਦ ਸਕੰਦਰ ਅੰਮ੍ਰਿਤ ਦੇ ਕੁੰਡ ਤੇ ਪੁੱਜ ਗਿਆ ਤਾਂ, ਵੇਖੋ ਦੇਵਤਿਆਂ ਨੂੰ ਅਤੇ ਇੰਦ੍ਰ ਨੂੰ ਕਿਹੋ ਜਿਹਾ ਫ਼ਿਕਰ ਆ ਘੇਰਦਾ ਹੈ ?

**ਚੌਪਈ ॥ ਇੰਦ੍ਰ ਦੇਵ ਤਬ ਮੰਤ੍ਰ ਬਤਾਯੋ ॥ ਅੰਮ੍ਰਿਤ ਸ਼ਾਹ ਸਿਕੰਦਰ ਪਾਯੋ ॥**
**ਅਜਰ ਅਮਰ ਮਨਖਯ ਜੋ ਹ੍ਵੈ ਹੈ ॥ ਜੀਤਿ ਸੁ ਲੋਕ ਚੌਦਹੂੰ ਲੈਹੈ ॥ ੪੫ ॥**

**ਅਰਥ:**--ਦੇਵਤਿਆਂ ਨੇ ਇੰਦ੍ਰ ਨੂੰ ਦਸਿਆ ਕਿ ਸ਼ਾਹ ਸਿਕੰਦਰ ਨੇ ਅੰਮ੍ਰਿਤ ਕੁੰਡ ਲਭ ਲਿਆ ਹੈ। ਜਿਹੜਾ ਵਿਅਕਤੀ ਅਜਰ ਅਮਰ ਹੋ ਗਿਆ ਉਹ ਤਾਂ ਚੋਦਾਂ ਲੋਕਾਂ ਨੂੰ ਜਿਤ ਲਵੇਗਾ।

**ਹ**ਾਏ ਜੇ ਕਿਤੇ ਮਨੁੱਖ ਅਮਰ ਹੋ ਗਿਆ ਤਾਂ ਉਸ ਨੇ ਚੌਦਾਂ ਲੋਕ ਜਿੱਤ ਲੈਣੇ ਹਨ। ਜੇ ੧੪ ਲੋਕ ਜਿਤਣ ਦੀ ਚਿੰਤਾ ਵਾਲੀ ਉਪ੍ਰੋਕਤ ਗੱਲ ਸੱਚੀ ਹੈ ਤਾਂ ਪਿਛਲੀ ੧੯ ਨੰਬਰ ਚੌਪਈ ਵਿਚ--**ਲੋਕ ਚੌਦਹੂੰ ਬਸਿ ਕੀਏ ਜੀਤਿ ਪ੍ਰਿਥਮੀ ਸਭ ਲੀਨ ॥** ਕੀ ਝੂਠ ਹੀ ਲਿਖ ਮਾਰੀ ਸੀ ? ਸਕੰਦਰ ਨੇ ਜਦ ਚੌਦਾਂ ਲੋਕ ਜਿੱਤ ਲਏ ਸਨ ਤਾਂ ਉਸ ਵੇਲੇ ਇੰਦ੍ਰ ਨੇ ਕੋਈ ਵਾਵੇਲਾ ਕਿਸ ਕਾਰਨ ਨਾ ਕੀਤਾ ? **ਪਿਆਰੇ ਪਦਮ ਸਾਹਿਬ**

**ਜੀਉ !** ਪਤਾ ਨਹੀਂ ਅਜੇਹੀਆਂ, ਸਵੈ ਵਿਰੋਧੀ ਕੱਚੀਆਂ ਅਤੇ ਝੂਠ-ਗੱਲਾਂ ਲਿਖਾਰੀ ਆਪ ਹੀ ਬਣਾ ਬਣਾ ਕੇ ਲਿਖਦਾ ਰਿਹਾ ਸੀ ਕਿ, ਜਾਂ ਕਥਿਤ ਇੰਦ੍ਰ ਦੀ ਹੀ ਮਤ ਮਾਰੀ ਗਈ ਸੀ? ਝੂਠ ਵਾਰਤਾ ਅੱਗੇ ਇਉ ਤੁਰੀ:--

**ਦੋਹਰਾ:--ਤਾਤੇ ਯਾਕੋ ਕੀਜਿਯੈ ਕਛੁ ਉਪਚਾਰ ਬਨਾਇ ॥ ਜਿਤਯੋ ਜਰਾ ਤਨ ਜੜ੍ਹ ਰਹੈ ਅੰਮ੍ਰਿਤ ਪਿਯੌ ਨ ਜਾਇ ॥ ੪੬॥**

**ਅਰਥ**:--ਇਸ ਲਈ ਇਸਦਾ ਕੋਈ ਹਲ ਲਭਣਾ ਚਾਹੀਦਾ ਹੈ ਜਿਸ ਨਾਲ ਇਸ ਮੂਰਖ ਦਾ ਸਰੀਰ ਬੁਢਾ ਹੋ ਜਾਵੇ ਤੇ ਇਸ ਪਾਸੋਂ ਅੰਮ੍ਰਿਤ ਪੀਤਾ ਨਾ ਜਾ ਸਕੇ। ੪੬।

ਇੰਦ੍ਰ ਨੇ ਰੰਬਾ ਨਾਮੀ ਪਰੀ ਨੂੰ ਭੇਜਿਆ ਜੋ ਇੱਕ ਬੁਢੇ ਪੰਛੀ ਦਾ ਰੂਪ ਧਾਰ ਕੇ ਕੁੰਡ ਦੇ ਲਾਗੇ ਆਕੇ ਬਹਿ ਗਈ। ਉਸ ਦੇ ਤਨ ਉਤੇ ਇੱਕ ਵੀ ਖੰਭ ਬਾਕੀ ਨਹੀਂ ਸੀ ਰਿਹਾ ਅਤੇ ਉਸ ਦੀ ਭੈੜੀ ਸ਼ਕਲ ਵਲ ਵੇਖਿਆ ਵੀ ਨਹੀਂ ਸੀ ਜਾ ਰਿਹਾ । (ਅੜਿਲ ੪੭) ਜਦ ਸਿਕੰਦਰ ਅੰਮ੍ਰਿਤ ਪੀਣ ਲੱਗਾ ਤਾਂ ਖੱਬੇ ਪਾਸੇ ਬੈਠਾ ਪੰਛੀ ਹੱਸ ਪਿਆ। (ਦੋਹਰ-੪੮) ਤਦ ਸਿਕੰਦਰ ਨੇ ਉਸ ਨੂੰ ਪੁਛਿਆ ਕਿ ਭਰਾਵਾ ਮੈਨੂੰ ਵੇਖ ਕੇ ਕਿਉਂ ਹਸਿਆ ਏਂ ? ਪੰਛੀ ਨੇ ਕਿਹਾ--ਵੇਖ ਮੇਰੇ ਸਰੀਰ ਉਤੇ ਕੋਈ ਵੀ ਖੰਭ ਬਾਕੀ ਨਹੀਂ ਬਚਿਆ ਹੈ। ਜਦ ਤੋਂ ਮੈ ਇਹ ਭੈੜਾ ਜਲ ਪੀਤਾ ਹੈ, ਮੈ ਪ੍ਰਾਣ ਨਹੀਂ ਤਿਆਗ ਰਿਹਾ ਅਤੇ ਬਹੁਤ ਦੁਖੀ ਹਾਲਤ ਵਿਚ ਜੀਅ ਰਿਹਾ ਹਾਂ । ਇਹ ਸੁਣ ਕੇ ਸਕੰਦਰ ਡਰ ਗਿਆ ਅਤੇ ਅੰਮ੍ਰਿਤ ਨਾ ਪੀਤਾ। (ਚੌਪਈ ੪੯ ਤੋਂ ੫੧)

ਪਤਾ ਨਹੀਂ ਸਿਕੰਦਰ ਦੀ ਮਤਿ ਕਿਉਂ ਮਾਰੀ ਗਈ? ਜਦ ਉਸ ਨੇ ਪਾਣੀ ਵਿਚ ਮਛੀਆਂ ਅਤੇ ਮਗਰਮਛ ਚੰਗੇ ਭਲੇ ਤਰਦੇ ਵੇਖ ਲਏ ਸਨ ਤਾਂ ਖੰਭਾਂ ਤੋਂ ਰਹਿਤ ਉਸ ਪੰਛੀ ਨੂੰ ਪੁਛਣਾ ਚਾਹੀਦਾ ਸੀ ਕਿ, ਇਹ ਜਿਹੜੇ ਜੀਵ ਰਹਿੰਦੇ ਹੀ ਇਸ ਜਲ ਦੇ ਵਿਚੇ ਹੀ ਹਨ ਉਨ੍ਹਾਂ ਦੇ ਸਰੀਰ ਬੁਢੜੇ ਅਤੇ ਕਮਜ਼ੋਰ ਕਿਸ ਕਾਰਨ ਨਹੀਂ ਹੋਏ ?

**ਪਦਮ ਜੀਉ ! ਦੁਹਾਈ ਹੈ ਦਸ਼ਮੇਸ਼ ਜੀ ਦੇ ਹੀ ਨਾਮ ਦੀ**, ਨਾ ਜੋੜੋ ਅਜੇਹਾ ਗੁਰਮਤਿ ਵਿਰੋਧੀ ਬੇਮਤਲਬਾ ਝੂਠ---ਬਾਦਸ਼ਾਹ ਦਰਵੇਸ਼--ਨਾਸਰੋ ਮਨਸੂਰ-- ਏਜ਼ਦੀ ਮਨਜ਼ੂਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਨਾਮਣੇ ਨਲ--

੩੧– **ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥ ਸੇ ਵਡਭਾਗੀ ਜਿ ਤੁਧੁ ਧਿਆਇਦੇ**
**ਜਿਨ ਸਤਿਗੁਰੁ ਮਿਲੀਐ ॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥**
**ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥**{੩●੪}

## ੧੧- ਚਰਿੱਤ੍ਰ ੨੬੬ ਕਥਾ ਰਣਖੰਭਕਲਾ

ਆਪ ਜੀ ਦਾ ਇਹ ਲਿਖਣਾ ਬਿਲਕੁਲ ਸੱਚ ਹੈ ਕਿ-–ਇਸ " ੨੬੬ਵੇਂ ਚਰਿਤਰ ਵਿਚ ਮੂਰਤੀ ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਹੈ "।

**ਕਹਾਣੀ ਦਾ ਸੰਖੇਪ**:-- **ਸੁਮਤ ਸੈਨ** ਇਕ ਰਾਜ ਦੀ ਰਾਜਕੁਮਾਰੀ **ਦਾ ਨਾਮ ਰਣਖੰਭ ਕਲਾ** ਸੀ। ਉਸ ਨੂੰ ਵਿਦਿਆ ਪੜ੍ਹਾਉਣ ਲਈ ਰਾਜੇ ਨੇ ਇੱਕ ਵਿਦਵਾਨ ਬ੍ਰਾਹਮਣ ਨੂੰ ਨਿਯੁਕਤ ਕੀਤਾ ਹੋਇਆ ਸੀ। ਰਾਜਕੁਮਾਰੀ ਨੇ ਉਸ ਬ੍ਰਹਮਣ ਨੂੰ, ਸਿਰ ਝੁਕਾ ਝੁਕਾ ਕੇ ਪੱਥਰ-ਰੂਪ ਸਾਲਿਗ੍ਰਾਮ ਦੀ ਪੂਜਾ ਕਰਦੇ ਸਮੇ ਵੇਖਿਆ ਤਾਂ ਉਸ ਨੇ ਬ੍ਰਾਹਮਣ ਨੂੰ ਬੜੇ ਕਰੜੇ ਸ਼ਬਦਾਂ ਵਿਚ ਕੇਵਲ ਮੂਰਤੀ ਪੂਜਾ ਤੋਂ ਹੀ ਨਹੀਂ ਵਰਜਿਆ, ਸਗੋਂ ਆਪਣੇ ਜਜਮਾਨਾਂ ਨੂੰ ਲੁੱਟ ਕੇ ਖਾਣ ਵਾਲੀ ਬ੍ਰਾਹਮਣਾਂ ਦੀ, ਨੀਤੀ ਨੂੰ ਵੀ ਭਲੀ-ਭਾਂਤ ਭੰਡਿਆ ਹੈ। ਗੁਰਬਾਣੀ ਤੋਂ ਅਗਿਆਨੀ ਸਿੱਖ, ਰਾਜਕਮੁਾਰੀ ਰਣਖੰਭ ਕਲਾ ਦੀਆਂ ਤਰਕ ਮਈ ਰੁੱਖੀਆਂ ਅਤੇ ਧਮਕੀ ਭਰੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ, ਇਹੀ ਸਮਝਣ ਤੇ ਮਜਬੂਰ ਹੋ ਜਾਂਦਾ ਹੈ ਕਿ, ਜਿੰਨੇ ਖਰੇ ਖਰੇ ਅਤੇ ਜ਼ੋਰਦਾਰ ਸ਼ਬਦਾਂ ਵਿਚ ਮੂਰਤੀ ਪੂਜਾ ਦੀ ਅਤੇ ਬ੍ਰਾਹਮਣਵਾਦ ਦੀ ਖੰਡਨਾ, ਚਰਿਤ੍ਰ ਪਖਯਾਨ ਗ੍ਰੰਥ ਵਿਚ ਕੀਤੀ ਗਈ ਹੈ, ਓਨੀ ਖੰਡਨਾ ਸ਼ਾਇਦ (ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ) ਹੋਰ ਕਿਸੇ ਗ੍ਰੰਥ* ਵਿਚ ਨਹੀਂ ਹੈ।

[} **Foot note:--**ਸਾਡੀ ਬਦਕਿਸਮਤੀ ਹੈ ਕਿ, ਅਸੀਂ ਸਰਬਪੱਖੀ ਸ਼ੁੱਧ ਅਤੇ ਸਦੀਵੀ ਸੱਚ ਵਾਲੇ ਗਿਆਨ ਦੇ ਮਹਾਂ-ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਮੰਤ੍ਰ ਪਾਠਾਂ ਤੋਂ ਮਨ ਇੱਛੇ ਫਲ ਦੇਣ ਵਾਲਾ, ਅਥਵਾ ਪੂਜਾ ਵੰਦਨਾ ਕਰੀ ਰੱਖਣ ਵਾਲਾ ਮੰਦਰ ਦਾ ਦੇਵਤਾ ਹੀ ਥਾਪੀ ਰਖਿਆ ਹੈ। ਸਤਿਗੁਰਾਂ ਦੇ ਗਿਆਨ ਤੋਂ ਆਪ ਜਾਣੂੰ ਹੋਣ ਦਾ ਅਤੇ ਇਸ ਨਿਆਰੇ ਅਤੇ ਸਰਬਸਾਂਝੇ ਗਿਆਨ ਤੋਂ ਸੰਸਾਰ ਨੂੰ ਜਾਣੂੰ ਕਰਾਉਣ ਦਾ ਉਪਰਾਲਾ ਕਰਨ ਬਾਰੇ ਅਸਾਂ ਕਦੇ ਵਿਚਾਰਿਆ ਤੱਕ ਨਹੀਂ। ਸਾਡੇ ਪਰਚਾਰਕ ਵੀ ਮਾਇਆ ਦੀ ਉਗ੍ਰਾਹੀ ਖ਼ਾਤਰ ਹੀ, ਭੱਜੇ ਫਿਰਦੇ ਦਿੱਸ ਆਉਂਦੇ ਹਨ।

ਪੁਸਤਕ " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਦੇ ਤੀਜੇ ਭਾਗ ਦਾ ਦੂਜਾ ਕਾਂਡ ਮੂਰਤੀ ਅਥਵਾ ਪੱਥਰ ਪੂਜਾ ਬਾਰੇ ਹੀ ਹੈ। ਉਸਦੇ ੧੪ ਅੱਡ ਅੱਡ ਲੇਖਾਂ ਵਿਚ ਮੂਰਤੀ-ਰੂਪ ਪੱਥਰ ਪੂਜਣ ਦੀ ਖੰਡਨਾ ਬਾਰੇ ੧੬ ਗੁਰੂ ਬਾਣੀ ਸ਼ਬਦਾਂ ਦੇ ਹਵਾਲੇ ਹਨ, ਫਿਰ ਗੁਰੂ ਬਾਣੀ ਸ਼ਬਦਾਂ ਦੇ ਅਧਾਰ ਤੇ ਹੀ**ਮੂਰਤਿ**, **ਤਸਵੀਰ** ਅਥਵਾ **ਚਿਤ੍ਰ** ਦਾ ਗੁਰਮਤਿ ਅਨੁਸਾਰ ਵੇਰਵਾ ਹੈ। " ਨਾਨਕ ਸ੍ਰੀ ਡੇਰਾਵਾਦ ਵਲੋਂ ਮਿਲ ਰਿਹਾ ਮੂਰਤੀ ਪੂਜਾ ਉਤਸ਼ਾਹ " ਅੱਡਰਾ ਲੇਖ ਹੈ। ਫਿਰ ' ਅਕਾਲ ਮੂਰਤਿ " ਦੇ ਗੁਰਮਤਿ ਅਰਥ, ਫਿਰ ਨਿਰਅਕਾਰ ਪ੍ਰਭੂ ਦੇ ਨਿਰਗੁਣ ਸਰੂਪ ਬਾਰੇ ਗੁਰਬਾਣੀ ਵਿਚਾਰ, ਸੱਚੇ ਸਤਿਗੁਰੂ ਜੀ ' ਹਰਿ ਮੂਰਤਿ ", ਮਨੁੱਖਾ ਸਰੀਰ " ਮੂਰਤਿ " ਫਿਰ (ਸਿਆਰੀ ' f ' ਤੋਂ ਬਿਨਾਂ ਤੱਤੇ ਵਾਲੀ) ' ਮੂਰਤ ' ਮੂਰਤੀ ਅਥਵਾ ਪੱਥਰ ਦੀ ਪੂਜਾ ਅਤੇ ਭਗ਼ਤ ਧੰਨਾ ਜੀ, ਅਤੇ ਪੱਥਰ ਪੂਜਣ ਵਾਲੀ ਕਹਾਨੀ ਦੇ ਪਿਛੋਕੜ ਦੇ, ਨਾਲ ਕੁਲ ੬੯ ਗੁਰੂ ਬਾਣੀ ਸ਼ਬਦਾਂ ਦਾ ਹਵਾਲਾ ਹੈ। ਬੜੇ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਇਸ **ਪੱਖੋਂ ਵੀ** ਸ੍ਰੀ ਗੁਰੂ ਗ੍ਰੰਥ ਦੇ ਗਿਆਨ ਦੀ ਬਰਾਬਰੀ, ਸੰਸਾਰ ਦਾ ਕੋਈ ਗ੍ਰੰਥ ਨਹੀਂ ਕਰ ਸਕਦਾ

ਪਿਆਰੇ ਪਦਮ ਸਾਹਿਬ ਜੀਓ ! ਤੁਸੀ ਵੀ ਅਗਿਆਨੀ ਨਹੀਂ ਹੋ। ਮੂਰਤੀ ਪੂਜਾ ਦੀ ਖੰਡਨਾਂ ਕਰਨ ਦੇ ਪਰਦੇ ਦੇ ਓਹਲੇ, ਰਣਖੰਭ-ਕਲਾ-**ਰੂਪ ਪ੍ਰੋਹਿਤ-ਲਿਖਾਰੀ**, ਨੇ **ਜਿਸ ਦੁਖਦਾਈ ਢੰਗ ਨਾਲ ਭੰਗ ਅਤੇ ਸ਼ਰਾਬ ਦੇ ਸੇਵਨ ਨੂੰ,** ਅਤੇ " **ਅਕਾਲ ਪੁਰਖ** " ਦੇ ਥਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਰੱਦ ਕੀਤੇ ਹੋਏ ਰਬ ਦੇ ਨਾਮ=) ਕਾਲ-ਪੁਰਖ, ਕਾਲ, ਅਥਵਾ ਮਹਾਂਕਾਲ ਦੀ ਪੂਜਾ ਨੂੰ, **ਧਰਮ ਦਾ ਅੰਗ ਬਣਾਇਆ ਹੈ**, ਉਸ ਤੋਂ ਪਾਠਕਾਂ ਨੂੰ ਸੁਚੇਤ ਕਰਨ ਤੋਂ ਰਹਿ ਜਾਣਾ, ਕੀ, ਤੁਹਾਡੀ ਸੁਹਿਰਦਤਾ ਨੂੰ ਹੋਰ ਵੀ ਵੱਧ ਸ਼ੱਕੀ ਨਹੀਂ ਬਣਾਉਂਦਾ ਜੀ ? ਪਾਠਕਾਂ ਦੀ ਜਾਣਕਾਰੀ ਲਈ, ਆਉ ਹੁਣ ਉਹ ਕਸਰ ਪੂਰੀ ਕਰ ਲਈਏ।

ਰਣਖੰਭ ਕਲਾ ਦੀਆਂ ਗੱਲਾਂ ਬੇਸ਼ੱਕ ਸ਼ੁੱਧ ਗਿਆਨ ਵਾਲੀਆਂ ਹੀ ਸਨ। ਪਰ, ਭਾਵੇਂ ਉਹ ਰਾਜਕੁਮਾਰੀ ਹੀ ਸੀ, ਫਿਰ ਵੀ ਇੱਕ ਸਿਖਸ਼ਕਾ **(Pupil)** ਦੇ ਨਾਤੇ ਉਸ ਦੀ ਤਰਕਮਈ ਭਾਸ਼ਾ ਤੋਂ ਬ੍ਰਾਹਮਣ ਗੁਰੂ ਝਿੱਥਾ ਪੈ ਗਿਆ। ਉਸ ਨੂੰ ਪਤਾ ਸੀ ਕਿ ਮਹਾਂਕਾਲ ਦੀ ਪੁਜਾਰਨ ਹੋਣ ਦੇ ਕਾਰਨ ਰਾਜਕੁਮਾਰੀ ਰਣਖੰਭ-ਕਲਾ **ਭੰਗ ਦਾ ਸੇਵਨ** ਨੇਮ ਨਾਲ ਕਰਦੀ ਹੈ। ਇਸ ਕਮਜ਼ੋਰੀ ਤੋਂ ਜਾਣੂੰ, ਪ੍ਰੋਹਿਤ-ਗੁਰੂ ਬੋਲਣੋ ਨਾ ਰਹਿ ਸਕਿਆ:--

**ਦਿਜ ਬਾਚ ॥** (=ਬ੍ਰਾਹਮਣ ਦਾ ਬਚਨ)

**ਚੌਪਈ ॥ ਸੁਨਿ ਏ ਬਚਨ ਮਸਿਰ ਰਿਸਿ ਭਰਾ ॥ ਧਿਕ ਧਿਕ ਤਾਕਹਿ ਬਚਨ ਉਚਰਾ ॥**
**ਤੈਂ ਹਮਰੀ ਬਾਤਨ ਕਹ ਜਾਨੈ ॥ ਭਾਂਗ ਖਾਇਕੈ ਬੈਨ ਪ੍ਰਮਾਨੈ ॥ ੩੬ ॥**

**ਅਰਥ:**-ਇਹ ਗੱਲਾਂ ਸੁਣ ਕੇ ਬ੍ਰਹਮਣ ਗੁੱਸੇ ਨਾਲ ਭਰ ਗਿਆ ਅਤੇ ਕੁਮਾਰੀ ਨੂੰ ਫ਼ਿਟਕਾਰਨ ਲੱਗਾ। ਤੂੰ ਮੇਰੀਆਂ ਗੱਲਾਂ ਨੂੰ ਕੀ ਸਮਝੇਂਗੀ ਜਿਹੜੀ ਭੰਗ ਪੀ ਕੇ ਗੱਲਾਂ ਕਰ ਰਹੀ ਹੈ।

**ਕੁਇਰ ਬਾਚ ॥**

**ਸੁਨੋ ਮਿਸਰ ਤੁਮ ਬਾਤ ਨ ਜਾਨਤ ॥ ਅਹੰਕਾਰਤ ਕੈ ਬਚਨ ਪ੍ਰਮਾਨਤ ॥**
**ਭਾਂਗਿ ਪੀਏ ਬੁਧਿ ਜਾਤ ਨ ਹਰੀ ॥ ਬਿਨ ਪੀਏ ਤਵ ਬੁਧਿ ਕਹ ਪਰੀ ॥ ੩੭ ॥**
**ਤੁਮ ਆਪਨ ਸਯਾਨੇ ਕਹਲਾਵਤ ॥ ਤਬ ਹੀਂ ਭੂਲਿ ਨ ਭਾਂਗ ਚੜ੍ਹਾਵਤ ॥**
**ਜਬ ਪੁਨ ਜਾਹੁ ਕਾਜ ਭਿੱਛਾ ਕੇ ॥ ਕਰਹੋ ਖ੍ਵਾਰ ਰਹਤ ਗ੍ਰਿਹਿ ਜਾਕੇ ॥ ੩੮ ॥**

**ਅਰਥ**:--ਕੁਮਾਰੀ ਨੇ ਆਖਿਆ ਹੇ ਬ੍ਰਾਹਮਣ ! ਸੁਣ, ਤੂੰ ਗੱਲ ਨਹੀਂ ਸਮਝਦਾ ਅਤੇ ਹੰਕਾਰ ਦੀਆਂ ਗੱਲਾਂ ਕਰਦਾ ਏਂ । ਭੰਗ ਪੀਣ ਨਾਲ ਬੁੱਧੀ ਮਾਰੀ ਨਹੀਂ ਜਾਂਦੀ। ਇਹ ਮੈਨੂੰ ਦੱਸ ਕਿ ਭੰਗ ਨਾ ਪੀਣ ਨਾਲ ਤੁਹਾਨੂੰ ਕਿਹੜੀ ਅਕਲ ਆ ਗਈ ਹੈ । ੩੭ । ਤੁਸੀਂ ਖ਼ੁਦ ਆਪਣੇ ਆਪ ਨੂੰ ਸਿਆਣੇ ਸਮਝਦੇ ਹੋ ਅਤੇ ਕਿਤੇ ਭੁੱਲ ਕੇ ਵੀ ਭੰਗ ਨਹੀਂ ਪੀਂਦੇ। ਪਰ ਜਦ ਤੁਸੀਂ ਭਿਖਿਆ ਮੰਗਣ ਜਾਓਗੇ ਤਾਂ ਜਿਸ ਦੇ ਵੀ ਘਰ ਜਾਓਗੇ ਓਸੇ ਨੂੰ ਦੁਖੀ ਕਰੋਗੇ । ੩੮ ।

ਰਣਖੰਭ ਕਲਾ ਨੂੰ ਗੁਰਮਤਿ-ਗਿਆਨ ਦਾ ਮਾੜਾ ਜਿਹਾ ਬੁਰਕਾ ਪੁਆ ਕੇ, ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਭੰਗੜ ਬਣਾਇਆ ਜਾ ਰਿਹਾ ਹੈ?

ਰਾਜਕੁਮਰੀ ਪ੍ਰੋਹਿਤਵਾਦ ਨੂੰ ਭੰਡਣ ਵਾਲੀਆਂ ਗੱਲਾਂ ਹੋਰ ਵੀ ਕਰੜੇ ਸ਼ਬਦਾਂ ਵਿਚ ਕਹਿਣਾ ਜਾਰੀ ਰੱਖਦੀ ਹੋਈ, ਸਗੋਂ ਭੰਗ ਪੀਣ ਦੇ ਸੋਹਲੇ ਛੋਹ ਲੈਂਦੀ ਹੈ:--

**ਅੜਿਲ ॥ ਏ ਬਿਦਿਆ ਬਲ ਕਰਹਿ ਜੋਗ ਕੀ ਬਾਤ ਨ ਜਾਨੈ ॥ ਏ ਸੁਚੇ ਕਰਿ ਰਹਹਿ ਹਮਨਿ ਆਚੇਤ ਪ੍ਰਮਾਨੇ ॥**
**ਕਹਾ ਭਯੋ ਜੌ ਭਾਂਗ ਭੂਲਿ ਭੌਦੂ ਨਹਿ ਖਾਈ ॥ ਹੋ ਨਿਜੁ ਤਹ ਤੇ ਬਿਸੰਭਾਰ ਰਹਤ ਸਭ ਲਖਤ ਲੁਕਾਈ ॥੯੦॥**

**ਅਰਥ**:--ਤੁਸੀਂ ਆਪਣੀ ਵਿਦਿਆ ਜਾਂ ਗਿਆਨ ਦਾ ਘੁਮੰਡ ਕਰਦੇ ਹੋ ਪਰ ਜੋਗ ਦੀ ਗੱਲ ਤੁਸੀਂ ਨਹੀਂ ਜਾਣਦੇ। ਖ਼ੁਦ ਆਪਣੇ ਆਪ ਨੂੰ ਪੰਡਿਤ ਮੰਨਦੇ ਹੋ ਅਤੇ ਸਾਨੂੰ ਮੂਰਖ ਸਮਝਦੇ ਹੋ। ਕੀ ਹੋਇਆ ਜੇ (ਤੇਰੇ ਜਿਹੇ) ਮੂਰਖ ਨੇ ਭੁੱਲ ਕੇ ਵੀ ਭੰਗ ਨਹੀਂ ਪੀਤੀ ਪਰ ਸਾਰੇ ਜਾਣਦੇ ਹਨ ਕਿ (ਭੰਗ ਨਾ ਪੀਣ ਵਾਲੀ ਇੱਸ ਤਰ੍ਹਾਂ ਨਾਲ) ਧਰਤੀ ਤੇ ਬੋਝ ਹੀ ਹੈ। ੯੦ ॥

**ਭਾਂਗ ਖਾਇ ਭਟ ਭਿੜਹਿ ਗਜਨ ਕੇ ਦਾਂਤ ਉਪਾਰਹਿ ॥ ਸਿਮਟਿ ਸਾਂਗ ਸੰਗ੍ਰਹਹਿ ਸਾਰ ਸਨਮੁਖ ਹ੍ਵੈ ਝਾਰਹਿ ॥**
**ਤੈ ਮੂਜੀ ਪੀ ਭਾਂਗ ਕਹੋ ਕਾ ਕਾਜ ਸਵਰਿਹੈ ॥ ਹੋ ਹ੍ਵੈ ਕੈ ਮ੍ਰਿਤਕ ਸਮਾਨ ਜਾਇ ਔਧੇ ਮੁਖ ਪਰਿ ਹੈ ॥ ੯੧ ॥**

**ਅਰਥ:**--ਭੰਗ ਪੀ ਕੇ ਹੀ ਸੂਰਮੇ ਲੜਦੇ ਹਨ ਅਤੇ ਹਾਥੀਆਂ ਦੇ ਵੀ ਦੰਦ ਤੋੜ ਦਿੰਦੇ ਹਨ। ਹੱਥ ਵਿਚ ਘੁੱਟ ਕੇ ਉਹ ਭਾਲਾ ਫੜਦੇ ਹਨ ਅਤੇ ਦੁਸ਼ਮਣ ਦੇ ਸਾਹਮਣੇ ਹੋਕੇ ਵਾਰ ਕਰਦੇ ਹਨ, ਹੇ ਮੂਜੀ ! ਤੂੰ ਭੰਗ ਪੀ ਕੇ ਕੀ ਕਰ ਸਕੇਂਗਾ, ਤੂੰ ਤਾਂ ਇਕ ਲਾਸ਼ ਵਾਂਗ ਪੁਠਾ ਹੋ ਕੇ ਡਿੱਗ ਪਵੇਂਗਾ । ੯੧ ।

ਰਾਜਕੁਮਾਰੀ ਰੋਹ ਵਿਚ ਆਈ ਬੋਲੀ ਗਈ--ਤੁਸੀਂ ਹੁਣ ਨਰਕ ਵਿਚ ਜਾਓਗੇ ਅਤੇ ਚੰਡਾਲ ਦੀ ਜੂਨ ਵਿਚ ਜਨਮ ਲਵੋਗੇ। ਤੁਸੀਂ ਹੁਣ ਸਾਰੇ ਟੱਬਰ ਸਮੇਤ ਬੁੱਚੜ ਖਾਨੇ ਵਿਚ ਪੁੱਠੇ ਟੰਗ ਕੇ ਮਾਰ ਦਿੱਤੇ ਜਾਉਗੇ **। ੯੩ ।** ਹੇ ਬ੍ਰਾਹਮਣ ! ਦੱਸੋ ਅੱਗੇ ਜਾ ਕੇ ਕੀ ਉੱਤਰ ਦਿਉਗੇ ਜਦੋਂ ਤੁਸੀ ਕਾਲ ਤੇ ਜਾਲ ਵਿਚ ਫੱਸ ਜਾਓਗੇ ? ਤਦ ਦੱਸੋ ਓਥੇ ਕਿਹੜਾ ਪਾਠ ਪੜ੍ਹੋਂਗੇ ? ਕੀ ਓਥੇ ਜਾਕੇ ਵੀ ਲਿੰਗ ਦੀ ਹੀ ਪੂਜਾ ਕਰੋਗੇ? ।੯੪। ਓਥੇ ਕੀ ਸ਼ਿਵਜੀ ਆਵੇਗਾ ਕਿ ਸ੍ਰੀ ਕ੍ਰਿਸ਼ਨ ਆਵੇਗਾ? ਜਿਥੇ ਤੁਹਾਨੂੰ ਕਾਲ ਬੰਨ੍ਹ ਕੇ ਲੈ ਜਾਵੇਗਾ ਅਤੇ ਪੁੱਤਰ, ਮਾਤਾ, ਪਿਤਾ ਕੋਈ ਵੀ ਤੁਹਾਡੇ ਨਾਲ ਨਹੀਂ ਹੋਵੇਗਾ, ਓਥੇ ਕੀ ਰਾਮ ਤੁਹਾਡੀ ਸਹਾਇਤਾ ਕਰੇਗਾ ? **।੯੫।** ਇਸ ਲਈ ਮਹਾਂਕਾਲ ਪ੍ਰਭੂ ਅਗੇ ਹੀ ਸਿਰ ਝੁਕਾਉਣਾ ਚਾਹੀਦਾ ਹੈ, ਜਿਸਦਾ ਡਰ ਚੌਦਾਂ ਭਵਣ ਮੰਨਦੇ ਹਨ। ਜਿਸਦੀ ਆਨ ਸਭ ਜੀਵ ਮੰਨਦੇ ਹਨ ਅਤੇ ਜਿਸ ਨੂੰ ਵਿਧਾਤਾ ਦੇ ਰੂਪ ਵਿਚ ਸਭ ਪਹਿਚਾਣਦੇ ਹਨ । ੯੬।

ਅੱਗੇ ਮਹਾਂਕਾਲ, ਅਥਵਾ ਕਾਲ ਪੁਰਖ ਦੀ ਮਹਿਮਾਂ ਅਰੰਭ ਹੋ ਜਾਂਦੀ ਹੈ। ਪਰ ਜਦੋਂ ਹੀ ਬ੍ਰਾਹਮਣ ਨੇ ਆਪਣਾ ਪੱਖ ਦੱਸਣਾ ਚਾਹਿਆ ਤਾਂ ਰਾਜਕੁਮਾਰੀ ਹੋਰ ਵੱਧ ਰੋਹ ਵਿਚ ਆ ਕੇ ਪਹਿਲਾਂ ਵਿਦਿਆ ਦਾਤੇ ਆਪਣੇ ਗੁਰੂ ਨੂੰ ਨਦੀ ਵਿਚ ਖ਼ੂਬ ਗੋਤੇ ਦਿੰਦੀ ਹੈ ਅਤੇ ਫਿਰ ਉਸ ਨੂੰ ਡਰ ਪਾਉਂਦੀ ਹੈ ਕਿ, ਜੇ ਉਸ ਨੇ ਪੱਥਰ ਪੂਜਣੇ ਤਿਆਗਣ ਦੀ ਅਤੇ ਮਹਾਂਕਾਲ ਦਾ ਸਿੱਖ ਬਣ ਜਾਣ ਵਾਲੀ, ਉਸ ਦੀ ਗੱਲ ਨਾਂ ਮੰਨੀ ਤਾਂ ਫਿਰ ?:---

**ਕਹੀ ਕੁਅਰਿ ਪਿਤੁ ਪਹਿ ਮੈਂ ਜੈਹੌਂ ॥ ਤੈਂ ਮਹਿ ਡਾਰਾ ਹਾਥ ਬਤੈਹੌਂ ॥**
**ਤੇਰੇ ਦੋਨੋ ਹਾਥ ਕਟਾਊਂ ॥ ਤੌ ਰਾਜਾ ਕੀ ਸਤਾ ਕਹਾਊਂ ॥ ੧੨੧।**

**ਅਰਥ:**--ਰਾਜਕੁਮਾਰੀ ਕਹਿਣ ਲੱਗੀ ਕਿ ਮੈਂ ਆਪਣੇ ਪਿਤਾ ਦੇ ਪਾਸ ਜਾਵਾਂਗੀ ਅਤੇ ਕਹਾਂਗੀ ਕਿ ਤੂੰ ਮੈਨੂੰ ਹੱਥ ਪਾਇਆ ਹੈ। ਤੇਰੇ ਦੋਵੇਂ ਹੱਥ ਕਟਾਵਾਂਗੀ ਅਤੇ ਤਦੇ ਇਕ ਰਾਜੇ ਦੀ ਪੁਤਰੀ ਕਹਾਵਾਂਗੀ । ੧੨੧।

" **ਜੈਸੀ ਸੰਗਤਿ ਤੈਸੀ ਰੰਗਤਿ** " ਅਜੇਹੇ ਗ੍ਰੰਥ ਦੇ ਪਾਠ ਨੂੰ ਧਰਮ ਦਾ ਹਿੱਸਾ ਸਮਝਣ ਵਾਲੇ ਵੀ ਕੁਟਲ ਨੀਤੀਆਂ ਕਿਵੇਂ ਨਾ ਸਿੱਖਦੇ। ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਬਾਰੇ ਵੈਰੀਆਂ ਨੇ ਵੀ ਲਿਖਿਆ ਹੈ ਕਿ, ਬੰਦ ਬੰਦ ਤਾਂ ਬੇਸ਼ਕ ਕਟਿਆ ਜਾਵੇ, ਖੋਪਰੀ ਤਾਂ ਭਾਵੇ ਲਾਹ ਦਿੱਤੀ ਜਾਵੇ, ਚਰਖੜੀ ਤੇ ਚਾੜ੍ਹ ਕੇ ਤੂੰਬਾ ਤੂੰਬਾ ਤਾਂ ਭਾਵੇ ਕਰ ਦਿੱਤਾ ਜਾਵੇ ਪਰ, ਸਤਿਗੁਰੂ ਨਾਨਕ ਜੀ ਦਾ ਖ਼ਾਲਸਾ ਆਪਣੇ ਸੁਆਰਥ ਲਈ ਝੂਠ ਬੋਲਣਾ ਜਾਣਦਾ ਹੀ ਨਹੀਂ। ਏਧਰ ਵੇਖੋ, ਹੁਣੇ ਹੀ ਧਰਮ ਦੀ ਠੇਕੇਦਾਰ ਬਣੀ ਰਾਜਕੁਮਾਰੀ ਝੂਠੀ ਊਜ਼ ਲਾ ਕੇ ਆਪਣੇ ਗੁਰੂ ਦੇ ਦੋਵੇਂ ਹੱਥ ਕਟਵਾਉਣ ਲਈ ਤਿਆਰ ਹੈ। ਸ਼ਾਇਦ ਅਜੇਹੀ ਕੁਟਲਤਾ ਮਹਾਂਕਾਲ ਦੇ ਪੁਜਾਰੀਆਂ ਦੇ ਧਰਮ ਦਾ ਅੰਗ ਹੀ ਹੋਵੇ ਜੀ ?

## ੧੨- " ਕਬਿਯੋ ਬਾਚ " ਦੀ ਉਚੇਚੀ ਮਹੱਤਤਾ ?

ਪਿਆਰੇ ਪਦਮ ਸਾਹਿਬ ਜੀਓ **!** ਪੁਸਤਕ ਦੇ ੪੩ ਸਫ਼ੇ ਤੇ--" **ਪਰ ਜਦ ਕਹਾਣੀ ਮੁੱਕਣ ਤੇ ਗੁਰੂ-ਕਵੀ ਬੋਲਿਆ ਹੈ ਤਾਂ ਉਹ ਆਪਣੀ ਸੁਰ ਵਿਚ ਬੋਲਿਆ ਹੈ**--ਤੁਹਾਡੇ ਲਿਖੇ ਅਨੁਸਾਰ " **ਕਬਿਯੋ ਬਾਚ** " ਦਾ ਅਰਥ ਦਸ਼ਮੇਸ਼ ਜੀ ਆਪ ਹੀ ਬੋਲ ਰਹੇ ਹੁੰਦੇ ਹਨ-- ਲਉ ਫਿਰ ਹੁਣ ਤੁਹਾਡਾ ਗੁਰੂ ਕਵੀ ਬੋਲਿਆ ਜੇ--

**ਕਬਿਯੋ ਬਾਚ ॥**

ਤਬ ਦਿਜ ਮਹਾਂ ਕਾਲ ਕੋ ਧਿਆਯੋ ॥ ਸਰਿਤਾ ਮਹਿ ਪਾਹਨਨ ਬਹਾਯੋ ॥

**ਦੂਜੇ ਕਾਨ ਨ ਕਿਨਹੂੰ ਜਾਨਾ ॥ ਕਹਾ ਮਿਸ੍ਰ ਪਰ ਹਾਲ ਬਿਹਾਨਾ ॥ ੧੨੪ ॥**

**ਅਰਥ:**--ਤਦ ਬ੍ਰਾਹਮਣ ਨੇ ਮਹਾਂਕਾਲ ਦੀ ਅਰਧਨਾ ਕੀਤੀ ਅਤੇ ਪੱਥਰਾਂ ਨੂੰ ਨਦੀ ਵਿਚ ਸੁੱਟ ਦਿੱਤਾ। ਕਿਸੇ ਨੂੰ ਕੰਨੋ ਕੰਨ ਵੀ ਖ਼ਬਰ ਨਾ ਹੋਈ ਕਿ ਮਿਸ਼ਰ ਨਾਲ ਕੀ ਵਰਤੀ ।

**ਦੋਹਰਾ ॥ ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਏ ॥**

**ਮਹਾਂਕਲ** ਕੋ ਸਿੱਖ ਕਰਿ **ਮਦਰਾ ਭਾਂਗ** ਪਿਵਾਏ ॥ ੧੨੫ ॥

**ਭਾਵ,** ਇਸ ਛਲ ਨਾਲ ਉਸ ਬ੍ਰਾਹਮਣ ਨੂੰ ਛਲਿਆ ਅਤੇ ਪੱਥਰ ਨਦੀ ਵਿਚ ਰੋੜ੍ਹ ਦਿੱਤੇ। ਉਸ ਨੂੰ **ਸ਼ਰਾਬ ਤੇ ਭੰਗ ਪਿਆ** ਕੇ **ਮਹਾਂਕਾਲ ਦਾ ਸਿੱਖ** ਬਣਾ ਲਿਆ **?**

ਪਦਮ ਜੀਓ ! ਤੁਹਾਡੇ ਆਪਣੇ ਲਿਖੇ ਅਨੁਸਾਰ--

(੧) **ਕਬਿਯੋ ਬਾਚ** " ਦਾ ਅਰਥ ਹੈ ਦਸ਼ਮੇਸ਼ ਜੀ ਦੇ ਆਪਣੇ ਬਚਨ। ਉਪਰੋਕਤ ਦੋਹਰੇ ਤੋਂ ਕੀ, ਇਹ ਸੱਚ ਮੰਨਆਂ ਜਾਵੇ ਕਿ ਮਹਾਂਕਾਲ ਦਾ ਸਿੱਖ ਬਨਾਉਣ ਲਈ, ਖੰਡੇ ਬਾਟੇ ਦੇ ਅੰਮ੍ਰਿਤ ਨਹੀਂ ਸਗੋਂ **ਭੰਗ** ਅਤੇ **ਸ਼ਰਾਬ** ਪਲਾਈ ਜਾਇਆ ਕਰਦੀ ਸੀ?

(੨) ਕੀ ਅਜੇ ਵੀ ਕੋਈ ਸ਼ੱਕ ਰਹਿ ਗਿਆ ਹੈ ਕਿ ਦਸਮ ਗ੍ਰੰਥ ਜੀ ਦਾ " **ਮਹਾਂਕਾਲ** " ਗੁਰੂ ਗ੍ਰੰਥ ਸਾਹਿਬ ਜੀ ਦਾ " ਅਕਾਲ ਪੁਰਖ ਵਾਹਿਗੁਰੂ " ਨਹੀਂ ਹੈ ? ਕੀ ਸਪੱਸ਼ਟ ਨਾ ਹੋ ਗਿਆ ਕਿ, ਪੁਸਤਕ ਵਿਚ ਕਈ ਥਾਵਾਂ ਤੇ ਜੋ ਤੁਸਾਂ " ਮਹਾਂ ਕਾਲ ਰਖਵਾਰ ਹਮਾਰੋ "

ਸਰਬ ਕਾਲ ਹੈ ਪਿਤਾ ਹਮਾਰਾ " ਆਦਿ ਬਚਨ ਗੁਰੂ ਬਾਣੀ ਦੇ ਅਨਕੂਲ ਸਿੱਧ ਕਰਨ ਦਾ ਯਤਨ ਕੀਤਾ ਹੈ, ਉਹ ਕੁਰਾਹੇ ਪਾਉਣ ਲਈ ਸਭ ਭਰਮਾਉ ਬੋਲ ਹੀ ਹਨ। ਕੀ ਤੁਸੀਂ ਕਿਸੇ ਠੋਸ ਦਲੀਲ ਨਾਲ ਸਿੱਧ ਕਰ ਸਕਦੇ ਹੋ ਕਿ ਇਹ ਸਾਰਾ ਕੂੜ ਗੁਰਮਤਿ ਦੇ ਅਨਕੂਲ ਹੈ ਅਤੇ ਬਿੱਪ੍ਰਵਾਦ ਨਾਲ ਜੋੜਨ ਦਾ ਉਪਰਾਲਾ ਨਹੀਂ ਹੈ ?

ਹੁਣ ਲੱਗਦੇ ਹਥ ਕਵੀ ਜੀ ਦੇ ਹੀ ਹੋਰ ਬਚਨਾਂ ਦੇ ਦਰਸ਼ਨ ਵੀ ਕਰ ਲਉ:--

**ਕਬਿਯੋ ਬਾਚ ॥**

**ਅੜਿੱਲ ॥ ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ ॥ ਘੋਰ ਨਰਕਮਹਿ ਪਰੈ ਜੁ ਤਾਂਹਿ ਨ ਰਾਵਈ ॥**

**ਜੋ ਪਰ ਤ੍ਰਿਯਪਰ ਸੇਜ ਭਜਤ ਹੈ ਜਾਇ ਕਰਿ ॥ ਹੋ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ ॥ ੨੦ ॥** [ਚਲਿੱਤਰ ੨੪੪}

**ਅਰਥ:**--ਕਵੀ ਜੀ ਕਹਿੰਦੇ ਹਨ ਜਿਹੜੀ ਇਸਤਰੀ ਕਾਮਾਵਸ ਹੋ ਕੇ ਮਨੁੱਖ ਦੇ ਪਾਸ ਆਉਂਦੀ ਹੇ ਅਤੇ ਮਨੁੱਖ ਉਸ ਨਾਲ ਭੋਗ ਨਾ ਕਰੇ ਤਾਂ ਉਹ ਮਨੁੱਖ ਨਰਕ ਵਿਚ ਪੈਂਦਾ ਹੈ। ਪਰ ਜੇ ਮਨੁੱਖ ਪਰਾਈ ਇਸਤਰੀ ਦੇ ਘਰ ਜਾਕੇ ਉਸਦੀ ਸੇਜ ਤੇ ਜਾ ਕੇ ਭੋਗਦਾ ਹੈ ਉਹ ਵੀ ਝਟ ਨਰਕ ਵਿਚ ਜਾ ਪੈਂਦਾ ਹੈ । ੨੦ ।

ਕਵੀ ਜੀ ਦੀ ਸਿਖਿਆ ਹੈ ਕਿ ਪਰਾਈ ਇਸਤ੍ਰੀ ਦੇ ਘਰ ਨਹੀਂ ਜਾਣਾ ਚਾਹੀਦਾ ਪਰ ਜੇ ਕੋਈ ਇਸਤ੍ਰੀ ਆਪਣੀ ਮਰਜ਼ੀ ਨਾਲ ਆਵੇ ਤਾਂ ਉਸ ਦੀ ਪੂਰੀ ਤਸੱਲੀ ਨਾ ਕਰਾਉਣੀ ਵਡਾ ਪਾਪ ਹੈ ?

**ਕਬਿਯੋ ਬਾਚ ॥**

**ਦੋਹਰਾ ॥ ਕਾਮਾਤੁਰ ਹ੍ਵੈ ਜੋ ਤਰੁਨਿ ਮੁਹਿ ਭਜਿ ਕਹੈ ਬਨਾਇ ॥**

**ਤਾਹਿ ਭਜੈ ਨਾਹਿ ਜਨ ਨਰਕ ਪਰੈ ਪੁਨਿ ਜਾਇ ॥ ੨੨ ॥** [ਚਰਿਤ੍ਰ ੨੪੪]

**ਅਰਥ**:--ਜੇ ਕਾਮਵਸ ਇਸਤਰੀ ਮਨੁੱਖ ਨੂੰ ਕਹੇ ਕਿ ਮੇਰੇ ਨਾਲ ਭੋਗ ਕਰ ਅਤੇ ਜਿਹੜਾ ਮਨੁੱਖ ਭੋਗ ਨਾ ਕਰੇ ਤਾਂ ਐਸਾ ਆਦਮੀ ਨਰਕ ਵਿਚ ਪੈਂਦਾ ਹੈ । ੨੨।

ਪਦਮ ਸਾਹਿਬ ਜੀਓ! ਜੇ ਉਪਰੋਕਤ ' **ਕਬਿਯੋ ਬਾਚ** ' ਦਸ਼ਮੇਸ਼ ਜੀ ਦੇ ਨਹੀਂ ਹਨ ਤਾਂ ਫਿਰ ਇਹ ਦੱਸੋ ਕਿ ਉਹ ਕਵੀ ਕਿਹੜਾ ਹੈ ਜਿਸ ਨੇ ਉਪ੍ਰੋਕਤ (ਵਡਮੁੱਲੇ ?) ਬਚਨ ਲਿਖੇ ਹਨ ਜੀ? ਕੁਰਬਾਨ ਜਾਈਏ, ਬੜੀ ਵਧੀਆ ਸ਼ਬਦਾਵਲੀ ਵਰਤ ਕੇ (ਗੁਰਮਤਿ ਦੀ?) ਸਿਖਿਆ ਦਿੱਤੀ ਜਾ ਰਹੀ ਹੈ।

ਅੱਛਾ ਜੀ, ਹੁਣ ਇਹ ਦੱਸੋ ਕਿ, ੨੧ਵੀ ਕਥਾ ਅਨੂਪ ਕੌਰ ਵਿਚਲੇ ਇਹ ਬਚਨ -**ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥** ਕਬਿਯੋ ਬਾਚ ਨਹੀ ਹਨ। ਕਬੀਯੋ ਬਾਚ ਦੇ **ਸਿਰਲੇਖ ਤੋਂ ਬਿਨਾ ਹੋਣ** ਤੇ ਵੀ, ਤੁਸਾਂ ਦਸ਼ਮੇਸ਼ ਜੀ ਦੇ ਆਪਣੇ ਬਚਨ ਹੋਣ ਦੀ ਤਸਦੀਕ ਕਿਸ ਅਧਾਰ ਤੇ ਲਿਖੀ ਹੈ? ਨਿਯਮ ਅਜੇਹਾ ਮਿਥਿਆ ਜਾਣਾ ਚਾਹੀਦਾ ਹੈ ਜੋ ਸਾਰੇ ਗ੍ਰੰਥ ਤੇ ਇੱਕ ਸਾਰ ਵਰਤਿਆ ਜਾ ਸਕਦਾ ਹੋਵੇ। ਇਹ ਕਿੱਧਰ ਦਾ ਅਸੂਲ ਹੈ ਕਿ ਜਿਥੇ ਮਰਜ਼ੀ ਹੈ ਕੋਈ ਬਚਨ ਦਸ਼ਮੇਸ਼ ਜੀ ਦਾ ਮਿਥ ਕੇ ਗੁਰੂ ਬਾਣੀ ਥਾਪ ਬਹਿਣਾ? ਇਸ ਗ੍ਰੰਥ ਵਿਚੋਂ ਆਪਣੀ ਪਸੰਦ ਦੇ ਬਚਨ ਚੁਣ ਕੇ ਉਨ੍ਹਾਂ ਨੂੰ ਦਸ਼ਮੇਸ਼ ਜੀ ਦੇ ਆਪਣੇ ਬਚਨ ਘੋਸ਼ਤ ਕਰ ਸਕਦੇ ਹੋ ਤਾਂ, ਏਸੇ ਗ੍ਰੰਥ ਵਿਚੋਂ ਕੋਈ ਦੂਜਾ ਪਾਠਕ, ਆਪਣੀ ਪਸੰਦ ਦੇ ਬਚਨਾਂ ਨੂੰ ਦਸ਼ਮੇਸ਼ ਜੀ ਦਾ ਹੀ ਫ਼ੁਰਮਾਨ ਮਿਥ ਕੇ, ਉਨ੍ਹਾਂ ਤੇ ਅਮਲ ਕਰਨਾ ਚਾਹੇ, ਤਾਂ ਉਸ ਨੂੰ ਤੁਸੀ ਕਿਸ ਦਲੀਲ ਨਾਲ ਵਰਜ ਸਕਦੇ ਹੋ ?

ਅਨੂਪ ਕੌਰ ਵਾਲੀ ਕਹਾਣੀ ਤੁਸਾਂ ਸਤਿਗੁਰਾਂ ਦੀ **ਆਪ ਬੀਤੀ ਲਿਖੀ** ਹੈ। ਫਿਰ ਉਸ ਕਥਾ ਵਿਚ ਹਰ ਇੱਕ ਬਚਨ ਦਸ਼ਮੇਸ਼ ਜੀ ਦਾ ਆਪਣਾ ਬਚਨ ਕਿਵੇਂ ਨਾ ਹੋਇਆ? ਅਜੇਹੇ ਹੋਰ:--

**ਦੋਹਰਾ ॥ ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥**

**ਮਹਾ ਨਰਕ ਸੋ ਡਾਰਿਯੋ ਦੈ ਜੋ ਜਾਨ ਨਿਰਾਸ ॥ ੧੮ ॥** (ਚਰਿਤ੍ਰ-੨੧)

**ਅਰਥ:**--ਕਾਮ ਦੀ ਦੁਖੀ ਕੀਤੀ ਹੋਈ ਇਸਤ੍ਰੀ ਜਦੋਂ ਪੁਰਸ਼ ਦੇ ਪਾਸ ਆਉਂਦੀ ਏ ਅਤੇ ਜੇ ਉਹ ਪੁਰਸ਼ ਉਸਨੂੰ ਨਿਰਾਸ ਭੇਜਦਾ ਹੈ ਤਾਂ ਉਸ ਪੁਰਸ਼ ਨੂੰ ਵਡੇ ਨਰਕ ਵਿਚ ਸੁਟਿਆ ਜਾਣਾ ਚਾਹੀਦਾ ਹੈ । ੧੮ ।

**੧੬ਵਾਂ ਚਰਿਤਰ** ਵੀ ਤੁਸਾਂ ਦਸ਼ਮੇਸ਼ ਜੀ ਦੀ ਆਪਣੀ ਆਪ ਬੀਤੀ ਹੀ ਲਿਖੀ ਹੈ, ਉਸ ਵਿਚਲੇ ਇਹ ਬਚਨ:--

**ਕਾਮਾਤੁਰ ਹ੍ਵੈ ਤਰੁਨ ਆਵਤ ਪ੍ਰਿਯ ਕੇ ਪਾਸ ॥**
**ਮਹਾਂ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ ॥ ੨੩ ॥**
**ਤਨ ਅਨੰਗ ਜਾਕੇ ਜਗੈ ਤਾਂਹਿ ਨ ਦੈ ਰਤਿ ਦਾਨ ॥**
**ਤਵਨ ਪੁਰਖ ਕੌਂ ਡਾਰਿਯਤ ਜਹਾਂ ਹਰਕ ਕੀ ਖਾਨ ॥ ੨੪ ॥**

**ਅਰਥ:**--ਕਾਮ ਤੋਂ ਦੁਖੀ ਕੀਤੀ ਜੇਹੜੀ ਇਸਤ੍ਰੀ ਪਿਆਰੇ ਦੇ ਪਾਸ ਆਉਂਦੀ ਏ, ਜੇ ਪਿਆਰਾ ਉਹਨੂੰ ਨਿਰਾਸ ਕਰਦਾ ਹੈ ਤਾਂ ਐਸਾ ਮਿੱਤਰ ਘੋਰ ਨਰਕ ਵਿਚ ਡਿਗਦਾ **। ੨੩ ।** ਜੋ ਆਦਮੀ ਕਾਮ-ਰਤੀ ਇਸਤ੍ਰੀ ਨੂੰ ਭੋਗ ਦਾਨ ਨਹੀਂ ਦੇਂਦਾ, ਉਸ ਆਦਮੀ ਨੂੰ ਨਰਕ ਦੀ ਖਾਨ ਵਿਚ ਸੁੱਟ ਦੇਣਾ ਚਾਹੀਦਾ ਹੈ।੨੪।

ਸੁਹਿਰਦਤਾ ਨਾਲ ਵਿਚਾਰ ਕੇ ਉੱਤਰ ਦਿਉ, ਕੀ ਇਨ੍ਹਾਂ ਦੋਹਰਿਆਂ ਦੇ ਅਰਥ-ਭਾਵ ਉਹੀ ਨਹੀਂ ਹਨ ਜੋ ਉਪ੍ਰੋਕਤ ਦੋਹਾਂ ਹੀ " **ਕਬਿਯੋ ਬਾਚਾਂ** " ਦੇ ਹਨ। ਕਿਸ ਦਲੀਲ ਨਾਲ ਤੁਸੀਂ ਇਹ ਕਹਿ ਸਕਦੇ ਹੋ ਕਿ ਇਨ੍ਹਾਂ ਬਚਨਾਂ ਨਾਲ ਦਸ਼ਮੇਸ਼ ਜੀ ਦਾ ਕੋਈ ਸੰਬੰਧ ਨਹੀਂ? ਅਜੇਹੇ ਬਚਨ ਲਿਖਣ ਵਾਲਾ ਲਿਖਾਰੀ ਕਿਸੇ ਬਿਰਹਾ ਕੁੱਠੀ ਕਾਮਣ ਨਾਲ ਭੋਗ ਕਰਨ ਤੋਂ ਕਿਵੇਂ ਇਨਕਾਰੀ ਹੋ ਸਕਦਾ ਸੀ?

ਜਿਨ੍ਹਾਂ ਚਿਰ ਸੱਚ ਤੋਂ ਉਖੜੇ ਰਹਾਂਗੇ ਦਿਨੋਂ ਦਿਨ ਆਤਮਕ ਮੌਤੇ ਮਰਦੇ ਹੀ ਤੁਰੇ ਜਾਂਵਾਂਗੇ। ਆਖ਼ਰ ਸਮਾ ਆ ਜਾਣਾ ਹੈ ਜਦ ਸੱਚ ਨੇ ਝੂਠ ਦੀ ਛਾਤੀ ਤੇ ਪੈਰ ਰੱਖ ਕੇ ਖਲੋ ਜਾਣਾ ਹੈ:--**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥** [੯੫੩]-

੩੨- **ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥ ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥**
**ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ ॥**
**ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥ ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ ॥**
**ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥੧੨॥**{੧੨੯੩}

## ੧੩- ਚਰਿੱਤ੍ਰ ੮੧ ਕਥਾ ਦ੍ਰਿਗ ਧੰਨਿਆ

੧੨੯ ਸਫ਼ੇ ਤੇ ਹੀ--ਉਪਰੋਕ ੨੬੬ ਨੰਬਰ ਚਰਿਤਰ ਦੇ ਨਾਲ ਤੁਸਾਂ ੮੧ ਨੰਬਰ ਚਤਿਰ ਬਾਰੇ ਇਉਂ ਲਿਖਿਆ ਹੈ--(ਇਸ) ਵਿਚ ਸੱਚ ਦਾ ਨਿਰੂਪਣ ਹੈ ਅਤੇ ਕਈ ਬਾਣੀ ਦੇ ਤੁਕਾਂਸ਼ ਵੀ ਮਿਲਦੇ ਹਨ " । " ਬਾਣੀ " ਪਦ ਤੋਂ ਝਉਲਾ ਤਾਂ ਗੁਰਬਾਣੀ ਦਾ ਹੀ ਪੈਂਦਾ ਹੈ ਪਰ ਬੜੀ ਹੈਰਾਨੀ ਹੈ ਕਿ ਤੁਸਾਂ " ਬਾਣੀ ਦੀ ਕਿਸੇ ਕਥਿਤ--" ਤੁਕਾਂਸ਼ " ਦੀ ਉਦਾਹਰਣ ਕਿਸ ਕਾਰਨ ਨਹੀਂ ਦਿੱਤੀ ? ਆਪ ਜੀ ਦੇ ਭਰਮਾਊ ਬੋਲਾਂ ਤੋਂ ਪਾਠਕਾਂ ਦੇ ਮਨਾਂ ਵਿਚ ਪਏ ਭੁਲੇਖੇ ਨੂੰ ਦੂਰ ਕਰਨ ਲਈ, ਉਪ੍ਰੋਕਤ ਸਿਰਲੇਖ ਵਾਲੇ ੮੧ ਨੰਬਰ ਚਰਿਤਰ ਦੀ ਵਿਚਾਰ ਵੀ ਸੰਝੀ ਕਰ ਲਈਏ।

ਕਹਾਣੀ ਇਉ ਅਰੰਭ ਹੁੰਦੀ ਹੈ--ਕਾਮਦੇਵ ਵਰਗੇ ਸੁੰਦਰ **ਸ਼ਰੋਮਨੀ ਸਿੰਘ** ਰਾਜੇ ਦੀ ਸੁੰਦਰ ਇਸਤ੍ਰੀ **ਧੰਨੀਆ** ਰਾਜੇ ਨੂੰ ਬੜੀ ਪਿਆਰੀ ਸੀ। ਰਾਜੇ ਨੇ ਇੱਕ ਦਿਨ ਇੱਕ ਜੋਗੀ ਆਪਣੇ ਘਰ ਬੁਲਾਇਆ ਅਤੇ ਉਸ ਨਾਲ ਪ੍ਰਮੇਸ਼ਰ ਦੇ ਮਿਲਾਪ ਸਬੰਧੀ ਗੋਸ਼ਟੀ ਕੀਤੀ।

ਰੰਗ ਨਾਥ ਜੋਗੀ ਨੇ (ਚੌਥੇ ਦੋਹਰੇ ਤੋਂ ੨੪ਵੇਂ ਦੋਹਰੇ ਤੱਕ) ਜੋ ਉਪਦੇਸ਼ ਰਾਜੇ ਅਤੇ ਰਾਣੀ ਨੂੰ ਦਿੱਤਾ ਉਹ ਭਾਵੇਂ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਦੇ ਤੁੱਲ ਤਾਂ ਨਹੀਂ ਹੈ, ਪਰ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੈ ਕਿ, **ਰੰਗਨਾਥ** ਜੋਗੀ ਦਾ ਉਹ ਉਪਦੇਸ਼ ਵਾਕਿਆ ਹੀ ਸੱਚ ਦੇ ਨੇੜੇ ਲੈ ਜਾਣ ਵਾਲਾ ਹੈ। ਪਰ ਸੱਚ ਦਾ ਅਜੇਹਾ ਉਪਦੇਸ਼ ਦੇਣ ਵਾਲੇ ਦਾ ਮਾਣ ਸਤਿਕਾਰ ਵਧਿਆ ਵਿਖਾ ਕੇ ਪਾਠਕਾਂ ਨੂੰ ਉਸ ਗਿਆਨ ਦੇ ਧਾਰਨੀ ਬਣਨ ਦਾ ਉਤਸ਼ਾਹ ਦੇਣ ਦੇ ਥਾਂ, ਉਪਦੇਸ਼ ਸੁਣਨ ਵਾਲੀ ਰਾਣੀ ਧੰਨੀਆ ਨੇ ਉਸ ਨਿਰਦੋਸ਼ ਜੋਗੀ ਨੂੰ ਲੂਣ, ਪਾ ਕੇ ਜ਼ੀਊਂਦੇ ਨੂੰ ਟੋਏ ਵਿਚ ਦਬਵਾ ਸਖ਼ਤ ਬੇਰਹਿਮੀ ਨਾਲ ਕਤਲ ਕਰਦੀ ਦਰਸਾਇਆ ਹੈ। ਕਹਾਣੀ ਨੂੰ ਸਿਖਿਆ ਦਾਇਕ ਬਨਾਉਣ ਲਈ, ਚਾਹੀਦਾ ਤਾਂ ਇਹ ਸੀ ਕਿ, ਅਜੇਹਾ ਘੋਰ ਪਾਪ ਕਰਨ ਵਾਲੀ ਧੰਨਿਆਂ ਰਾਣੀ ਨੂੰ, ਦੁਖੀ ਹੋ ਕੇ ਮਰਦੀ ਦਰਸਾਇਆ ਜਾਂਦਾ, ਪਰ ਏਥੇ ਉਲਟਾ ਉਸ ਨੂੰ ਆਪਣੇ ਸਾਰੇ ਮਨੋਰਥਾਂ ਵਿਚ ਸਫ਼ਲ ਹੁੰਦੀ ਦਰਸਾਇਆ ਹੋਇਆ ਹੈ। ਗੁਰਮਤਿ ਤੋ ਅਗਿਆਨੀ ਮਨੁੱਖ ਤਾਂ **ਰੰਗ ਨਾਥ** ਦੇ ਥਾਂ ਸਗੋਂ ਧਨੀਆਂ ਰਾਣੀ ਦਾ ਚੇਲਾ ਬਣਨਾ ਪਸੰਦ ਕਰੇਗਾ। ਕੀ ਤੁਸੀਂ (ਪਦਮ ਸਾਹਿਬ) ਸਪੱਸ਼ਟ ਕਰਨ ਦੀ ਕਿਰਪਾਲਤਾ ਕਰੋਗੇ ਕਿ ਅਜੇਹੇ ਘਟੀਆਂ ਚਰਿਤ੍ਰ ਦਾ ਉਚੇਚੇ ਤੌਰ ਤੇ ਜ਼ਿਕਰ ਕਰਨ ਤੋਂ ਆਪ ਜੀ ਦਾ ਅੰਤਰੀਵ ਮਨਸ਼ਾ ਕੀ ਹੈ ਜੀ?

**੩੭੪ਵਾਂ ਚਰਿਤ੍ਰ** ---ਪੁਸਤਕ ਦੇ ੧੨੯ ਸਫ਼ੇ ਤੇ ਹੀ ਤੁਸਾਂ (ਪਦਮ ਸਾਹਿਬ ਜੀਓ !) ਇਸ ਗਾਥਾ ਦੀ ਬੜੀ ਸਿਫ਼ਤ ਲਿਖੀ ਹੋਈ ਹੈ। ਦਾਸ ਨੇ ਇਹ ਸਮਝ ਕੇ ਕਿ ਸ਼ਾਇਦ ਕੋਈ ਬੜੀ ਸਿਖਿਆ ਦਾਇਕ ਚੰਗੀ ਕਹਾਣੀ ਹੋਣੀ ਹੈ, ਬੜੀ ਉਤਸੁਕਤਾ ਨਾਲ ੩੭੪ ਨੰਬਰ ਚਰਿਤਰ ਲਭਾ। ਪਰ ਜਦ ਉਸ ਚਰਿੱਤ੍ਰ ਵਿਚੋਂ ਕਈ ਤਰ੍ਹਾਂ ਦੇ ਨਸ਼ੇ ਪੀ ਕੇ ਕਈ ਤਰ੍ਹਾਂ ਨਾਲ ਭੋਗ ਬਿਲਾਸ ਕਰਨ ਦੀ ਸਿਖਿਆ ਮਿਲਦੀ ਪੜ੍ਹੀ ਤਾਂ ਸ਼ਰਮ ਨਾਲ ਸਿਰ ਨੀਵਾਂ ਹੋ ਗਿਆ। ਧੰਨ ਹੋ ਪਦਮ ਸਾਹਿਬ ਜੀ ਚੰਗੀ ਰਹਿਬਰੀ ਕਰਦੇ ਹੋ? ਪਰ ਤੁਹਾਡਾ ਵੀ ਕੀ ਵੱਸ, ਜੋ ਕੁਝ ਤੁਹਾਡੇ ਪੱਲੇ ਹੈ ਤੁਸਾਂ ਉਹੀ ਵਰਤਣਾ ਵਰਤਾਉਣਾ ਹੋਇਆ:--

੩੩- **ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**
**ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ**
**ਅੰਧੁ ਬੂਡੌ ਧੰਧਲੀ ॥ ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ ਕਰ ਜੋੜਿ**
**ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥** {੭੬੭}-੨-੫

ਪਿਆਰੇ ਪਦਮ ਸਾਹਿਬ ਜੀਓ ! ਕਿਤੇ ਇਹ ਨਾ ਸਮਝ ਬੈਠਿਓ ਕਿ ਸਤਿਗੁਰਾਂ ਨੇ ਅੱਖੀਆਂ ਤੋਂ ਅੰਨ੍ਹੇ ਨੂੰ ਅੰਧਾ ਫ਼ੁਰਮਾਨ ਕੀਤਾ ਹੈ। ਆਉ ਧਿਆਨ ਨਾਲ ਸੁਣੀਏ ਕਿ ਸਤਿਗੁਰੂ ਜੀ ਅੰਨ੍ਹਾਂ ਕਿਸ ਨੂੰ ਕਹਿ ਰਹੇ ਹਨ:--

੩੪- **ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ ਹੋਇ ਸੁਜਾਖਾ ਨਾਨਕਾ ਸੋ ਕਿਉ**
**ਉਝੜਿ ਪਾਇ ॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥** {੯੫੪}-ਵ;-੧੬

੩੫- **ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ ॥**
**ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥੩॥** {੯੫੪}-ਵਾ-੧੬

ਜੇ ੩੦੦ ਸਾਲ ਪਿਛੋਂ ਵੀ ਹੁਕਮ ਦੀ ਪਛਾਣ ਆ ਜਾਵੇ ਤਦ ਵੀ ਸਮਝੋ ਕਿ ਸਾਡੇ ਭਾਗ ਬਹੁਤ ਚੰਗੇ ਹਨ। ਪਰ ਅੰਨ੍ਹੇ ਆਗੂਆਂ ਨੇ ਆਪਣੇ ਅਸਲੇ ਦੀ ਪਛਾਣ ਨਾ ਆਪ ਕਰ ਸਕਣੀ ਹੈ ਅਤੇ ਨਾ ਕਿਸੇ ਹੋਰ ਨੂੰ ਕਲਿਆਣਕਾਰੀ ਰਸਤਾ ਵਿਖਾ ਸਕਣਾ ਹੈ।

## ੧੪- ਚਰਿੱਤ੍ਰ ੨੧੫ ਕਥਾ ਤਰੁਣ ਕੁਮਾਰੀ-

ਆਪਣੀ ਪੁਸਤਕ ਦੇ ੧੨੭ ਸਫ਼ੇ ਤੇ ੨੧੫ ਨੰਬਰ ਚਲਿੱਤਰ ਦੇ ਹਵਾਲੇ ਨਾਲ ਇਉਂ ਲਿਖਿਆ-ਸ਼ਿਵਾ-ਜੀ ਦਾ ਪੁੱਤਰ ਸ਼ੰਭਾ-ਜੀ ਆਪਣੇ ਦਰਬਾਰੀ ਕਵੀ ਕਲਸ ਦੀ ਲੜਕੀ ਦੇ ਪ੍ਰੇਮ ਜਾਲ ਵਿਚ ਫਸ ਕੇ ਮਾਰਿਆ ਗਿਆ ਸੀ ˝ ਵੀ **ਪੂਰਾ ਸੱਚ ਸਿੱਧ ਨਹੀਂ ਹੋਇਆ** । ਉਪ੍ਰੋਕਤ ੨੧੫ਵੀ ਕਹਾਣੀ ਦਾ ਸੰਖੇਪ ਰੂਪ ਇਉਂ ਹੈ-- ' ਦੱਖਣ ਦੇ ਰਾਜੇ **ਸ਼ੁੰਭਾ ਜੀ** ਦੇ ਘਰ **ਕਲਸ** ਨਾਮੀ ਕਵੀ ਰਹਿੰਦਾ ਸੀ। ਉਸ ਦੀ ਬੜੀ ਹੀ ਸੁੰਦਰ ਕੰਨਿਆਂ ਤੇ ਰਾਜਾ ਮੋਹਤ ਹੋ ਗਿਆ। ਰਾਜੇ ਨੇ ਆਪਣੀ ਦਾਸੀ ਰਾਹੀਂ **ਤਰੁਣ ਕੁਮਾਰੀ** ਨੂੰ ਆਪਣੇ ਮਹਲੀ ਬੁਲਾਇਆ ਤਾਂ ਉਸ ਨੇ ਕਿਹਾ ਕਿ ਉਹ ਪੂਜਾ ਕਰਨ ਲਈ ਜਾ ਰਹੀ ਹੈ ਰਾਜਾ ਉਥੇ ਹੀ ਆ ਮਿਲੇ।

ਇਹ ਖ਼ਬਰ ਉਸ ਨੇ **ਸ਼ੁੰਭਾ ਜੀ** ਦੇ ਦੁਸ਼ਮਣਾਂ ਨੂੰ ਵੀ ਪੁਚਾ ਦਿੱਤੀ। ਦੁਸਮਣ ਦੀ ਫੌਜ ਨੇ, ਸ਼ੰਭਾ ਜੀ ਸਮੇਤ **ਤਰੁਣ ਕੁਮਾਰੀ** ਨੂੰ ਵੀ ਫੜ ਲਿਆ ਅਤੇ ਉਹ ਵੀ ਕਲਸ ਪੁੱਤਰੀ ਦੀ ਅਪਾਰ ਸੁੰਦਰਤਾ ਤੇ ਮੋਹਤ ਹੋ ਗਿਆ। ਤਰੁਣ ਕਮਾਰੀ ਨੇ ਉਸ (ਬਿਨਾ ਕਿਸੇ ਨਾਮ ਦੇ) ਵੈਰੀ ਨੂੰ ਬਹੁਤ ਸਾਰੀ ਸ਼ਰਾਬ ਪਿਆ ਕੇ ਬੇਸੁੱਧ ਕਰ ਲਿਆ ਅਤੇ ਫਿਰ ਅਪਣੀ ਤਲਵਾਰ ਕੱਢੀ ਤੇ ਉਸ ਦੀ ਧੌਣ ਵੱਢ ਕੇ ਖਿਸਕਦੀ ਬਣੀ।

ਫੜੇ ਜਾਣ ਤੋਂ ਵੱਧ **ਸ਼ੁੰਭਾ ਜੀ** ਬਾਰੇ ਹੋਰ ਜ਼ਿਕਰ ਕੋਈ ਨਹੀਂ ਹੈ। ਜਦ ਦੁਸ਼ਮਨ ਹੀ ਮਰ ਗਿਆ ਸੀ ਤਾਂ ਕੀ ਪਤਾ ਸ਼ੰਭਾ ਜੀ ਬਚ ਹੀ ਨਿਕਲਿਆ ਹੋਵੇ? ਖ਼ੈਰ ਕੁਝ ਵੀ ਹੋਇਆ ਹੋਵੇ ਤਰੁਣ ਕੁਮਾਰੀ ਦੀ ਚਤੁਰਾਈ ਅਤੇ ਬਹਾਦਰੀ ਸਲਾਹਣ ਜੋਗ ਹੈ। ਲਿਖਾਰੀ ਨੇ ਅੰਤਲੀ ਚੌਪਈ ਵਿਚ ਇਉਂ ਲਿਖ ਕੇ ਮਾਨੋਂ ਖੀਰ ਵਿਚ ਸੁਆਹ ਦਾ ਬੁੱਕ ਪਾ ਦਿੱਤਾ:--

**ਚੰਚਲਾਨ ਕੇ ਚਰਿੱਤ੍ਰ ਕੋ ਚੀਨਿ ਸਕਤ ਨਹਿ ਕੋਇ ॥**
**ਬ੍ਰਹਮ ਬਿਸ਼ਨ ਰੁਦ੍ਰਾਦਿ ਸਭ ਸੁਰ, ਸੁਰਪਤਿ ਕੋਊ ਹੋਇ ॥ ੧੩ ॥**

**ਅਰਥ:**--ਇਸਤ੍ਰੀਆਂ ਦੇ ਚਲਿਤ੍ਰਾਂ ਨੂੰ ਕੋਈ ਨਹੀਂ ਪਛਾਣ ਸਕਿਆ, ਚਾਹੇ ਬ੍ਰਹਮਾ ਹੋਵੇ, ਵਿਸ਼ਨੂੰ ਹੋਵੇ ਸ਼ਿਵਜੀ ਹੋਵੇ ਜਾਂ ਦੇਵਰਾਜ ਇੰਦਰ ਹੋਵੇ। ੧੩।

ਇਉਂ ਲੱਗਦਾ ਹੈ ਜਿਵੇ ਤਰੁਣ ਕੁਮਾਰੀ ਦੀ ਚਤੁਰਾਈ, ਨਿਡਰਤਾ, ਬਹਾਦੁਰੀ, ਅਤੇ ਆਪਣਾ ਸਤ ਬਚਾ ਲੈਣ ਵਾਲੀ ਸਫ਼ਲਤਾ, ਕੋਈ ਗੱਲ ਵੀ ਲਿਖਾਰੀ ਨੂੰ ਚੰਗੀ ਨਹੀਂ ਲੱਗੀ। ਉਸ ਦੀ ਸ਼ਲਾਘਾ ਕਰਨ ਦੇ ਥਾਂ ਸਗੋਂ ਲਿਖਾਰੀ ਜੀ ਏਡੇ ਚਿੜ ਗਏ, ਕਿ, ਸਾਰੀ ਇਸਤ੍ਰੀ ਜਾਤੀ ਨੂੰ ਹੀ ਅਜੇਹਾ ਬੇ-ਇਤਬਾਰਾ ਲਿਖ ਮਾਰਿਆ, ਕਿ ਜਿਸ ਦੇ ਛਲ-ਕਪਟ ਦੀ ਸਮਝ (ਉਪ੍ਰੋਕਤ) ਸਾਰੇ ਭਗਵਾਨਾਂ ਨੂੰ ਨਹੀਂ ਆ ਸਕਦੀ।

ਅੱਜ ਦਾ ਠੱਗ, ਡਾਕੂ ਕਾਤਲ ਕੱਲ੍ਹ ਨੂੰ ਭਾਈ **ਸੱਜਣ ਜੀ** ਬਣ ਕੇ ਗੁਰਮਤਿ ਦੇ ਪਰਚਾਰਕ ਬਣ ਸਕਣ ਵਾਲੀ ਹਾਲਤ ਨੂੰ ਧਿਆਨ ਵਿਚ ਰੱਖ ਕੇ--ਕਿਸੇ ਖ਼ਾਸ ਮਨੁੱਖ ਦੀ ਖ਼ਾਸ ਮੰਦੀ ਕਰਤੂਤ ਦੇ ਕਾਰਨ ਉਸ ਨੂੰ ਵਕਤੀ ਤੌਰ ਤੇ, ਮੰਦਾ ਕਹਿਣਾ ਹੋਰ ਗੱਲ ਹੈ, ਪਰ ਸਰਬੱਤ ਦੀ ਗੱਲ ਹੋਵੇ ਤਾਂ,--**ਸਭਨਾ ਜੀਆ ਵਿਚਿ ਹਰਿ ਆਪਿ**--ਵਾਲਾ ਗੁਰਮਤਿ ਸਿਧਾਂਤ ਨਹੀਂ ਭੁੱਲਣਾ। ਅਤੇ ਗੁਰੂ ਗ੍ਰੰਥ ਸਾਹਿਬ ਜੀ, ਪੁਕਾਰ ਪੁਕਾਰ ਕੇ ਕਹਿ ਰਹੇ ਹਨ, ਕਿ ਜਦ ਉਸ ਪ੍ਰਭੂ ਦੇ ਬਿਨਾ, ਕੋਈ ਹੈ ਹੀ ਨਹੀਂ ਤਾਂ ਮੰਦਾ ਕੌਣ ਹੋਇਆ ?

੩੬-- **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ ਨਹ ਪਾਇ ਝਗੜਾ**
**ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥**
**ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥** {੫੬੬}-੧

੩੭- **ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥**
**ਮੰਦਾ ਕੋ ਨ ਅਲਾਏ ॥ ਸਭ ਜੈ ਜੈ ਕਾਰੁ ਸੁਣਾਏ ॥੧॥** {੬੨੭}-੯-੭੩

**ਸਾਰਿਆਂ ਇਸਤ੍ਰੀਆਂ ਨੂੰ ਬੇਇਤਬਾਰੀਆਂ ਲਿਖਣ ਵਾਲੇ ਕੀ ਉਹੀ ਦਸਮ ਗੁਰੂ ਨਾਨਕ ਜੀ ਹਨ ਜਿਨ੍ਹਾਂ ਨੇ ਆਪਣੇ ਪਹਿਲੇ ਸਰੂਪ ਸਮੇ ਇਸਤ੍ਰੀ ਨੂੰ ਮੰਦਾ ਕਹਿਣ ਤੋ ਸਖ਼ਤੀ ਨਾਲ ਵਰਜਿਆ ਸੀ ? ਯਥਾ:--**

੩੮- **ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ**
**ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ**

**ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥{੪੭੩}ਵਾ-੧੯**

## ੧੫- ਇਸਤ੍ਰੀ ਜਾਤੀ ਅਤੇ ਦਸਮ ਗ੍ਰੰਥ ਸਾਹਿਬ

**ਚੁਨ ਚੁਨ** ਕੇ ਬਾਣੀ ਕੰਠ ਕਰਨ ਦੀ ਗੱਲ ਸਮਝਾਉਣ ਵਾਲੇ ਪਦਮ ਸਾਹਿਬ ਜੀਓ ! ਤੁਸਾਂ ਆਪਣੀ ਪੁਸਤਕ ਦੇ ੧੨੨ ਸਫ਼ੇ ਤੇ ਕਿਸ ਦਲੀਲ ਤੇ ਇਉਂ ਲਿਖਿਆ ਹੋਇਆ ਹੈ--

ਇਹ ਗੱਲ ਤਾਂ ਸਾਫ਼ ਹੈ ਕਿ ਸਿੱਖ ਧਰਮ ਅਤੇ ਸਾਹਿਤ ਵਿਚ ਇਸਤਰੀ ਦੀ ਵਡਿਆਈ ਕੀਤੀ ਗਈ ਹੈ ਤੇ ਰਵਾਇਤੀ ਤੌਰ ਤੇ ਇਸਤ੍ਰੀ ਜਾਤੀ ਨਾਲ ਘਿਰਣਾ ਕਰਨ ਵਾਲੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ:--

**ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨੁ ॥** [ਵਾਰ ਆਸਾ

ਫਿਰ ਗੁਰੂ ਅਮਰਦਾਸ ਜੀ ਨੇ ਸਤੀ ਤੇ ਪਰਦੇ ਦੀ ਰਸਮ ਹਟਾ ਕੇ ਨਾਰੀ ਸੁਤੰਤਰਤਾ ਲਈ ਹੋਰ ਕਦਮ ਉਠਾਏ। ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਸਾਜਨਾ ਸਮੇਂ ਸ੍ਰੀ ਜੀਤੋ ਜੀ ਤੋਂ ਪਤਾਸੇ ਪੁਆ ਕੇ ਉਨ੍ਹਾਂ ਨੂੰ ਕੌਮੀ ਸਿਰਜਣਾ ਵਿਚ ਹਿੱਸੇਦਾਰ ਬਣਾਇਆ ਤੇ ਸ੍ਰੀ ਸਾਹਿਬ ਕੌਰ ਨੂੰ ਪੰਥ ਖ਼ਾਲਸੇ ਦੀ 'ਮਾਤਾਂ ਕਰਾਰ ਦਿਤਾ। ਫਿਰ ਆਦਿ ਗਰੰਥ ਵਿਚ ਜੋ ਅਧਿਆਤਮਕ ਗੀਤ ਗਾਏ ਹਨ, ਉਨ੍ਹਾਂ ਵਿਚ ਸਭ ਤੋਂ ਵਧ ਇਸਤਰੀ ਦਾ ਪ੍ਰਤੀਕ ਵਰਤ ਕੇ ਭਗਤੀ ਭਾਵਨਾ ਪਰਗਟਾਈ ਗਈ ਹੈ। ਸਪਸ਼ਟ ਹੈ ਕਿ ਗੁਰੂ ਸਾਹਿਬਾਨ ਦੇ ਸਨਮੁਖ ਇਸਤਰੀ ਦੀ ਹੈਸੀਅਤ ਉਚੇਰੀ ਸੀ। ਅਜੇਹੀ ਪਰੰਪਰਾ ਤੇ ਮਾਨਤਾ ਦੇ ਬਾਵਜੂਦ ਗੁਰੂ ਸਾਹਿਬ ਨੂੰ ਇਸ ਤਰ੍ਹਾਂ ਦੇ ਇਸਤਰੀ ਚਰਿਤਰ ਲਿਖਣ ਦੀ ਕਿਉਂ ਲੋੜ ਪਈ। ਇਸ ਦਾ ਉਤਰ ਬੜਾ ਸਾਫ਼ ਹੈ, ਗੁਰੂ ਜੀ ਨੇ ਇਹ ਕਹਾਣੀਆਂ ਲਿਖ ਕੇ ਇਸਤਰੀ ਜਾਤੀ ਦੀ **ਨਿਖੇਧੀ ਨਹੀਂ ਕੀਤੀ ਸਗੋਂ ਪਰ ਨਾਰੀ ਗਮਨ** ਤੇ ਦੁਰਾਚਾਰੀ ਔਰਤਾਂ ਦੀ ਭੰਡੀ ਅਵੱਸ਼ ਕੀਤੀ ਹੈ । ਆਦਿ ਗ੍ਰੰਥ ਵਿਚ ਕਈ ਥਾਈਂ ਲਿਖਿਆ ਹੈ:--

ਪਰ ਧਨ ਪਰ ਨਾਰੀ ਰਤੁ ਨਿੰਦਾ, ਬਿਖੁ ਖਾਈ ਦੁਖੁ ਪਾਇਆ ॥ [ਮਲਾਰ ਮ: ੧

ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ, ਤੈਸੋ ਹੀ ਇਹ ਪਰ ਗ੍ਰਿਹ । [ਆਸਾ ਮ: ੫

ਸਪੱਸ਼ਟ ਹੈ ਕਿ ਤੁਸੀ ਗੁਰੂ ਬਾਣੀ ਸਿਧਾਂਤ ਤੋਂ ਅਣਜਾਣ ਨਹੀਂ ਹੋ। ਤੁਹਾਡੇ ਆਪਣੇ ਹੀ ਲਿਖੇ ਅਨੁਸਾਰ ਦਸ਼ਮੇਸ਼ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੋਤਿ ਦੇ ਮਾਲਕ ਦਮਸ ਗੁਰੂ ਨਾਨਕ ਜੀ ਹੀ ਸਨ। ਫਿਰ ਉਪਰੋਕਤ ਦੋ ਸੌ ਪੰਦਰਵੇ (੨੧੫ ਵੇਂ) ਚਲਿਤਰ ਦੀ ੧੩ਵੀਂ ਚੌਪਈ ਵਿਚ ਸਮੁੱਚੀ ਇਸਤ੍ਰੀ ਜਾਤੀ ਨੂੰ ਬੇਤਿਬਾਰੀ ਲਿਖ ਦੇਣਾ ਸ਼ਾਇਦ ਕਹਾਣੀ ਦੀ ਮਜਬੂਰੀ ਹੀ ਹੋਵੇ? ਪਰ ੧੫ਵਾਂ ਚਰਿਤਰ ਵੀ ਤੁਸਾਂ ਕੀਰਤ ਪੁਰ ਸਤਿਗੁਰਾਂ ਦੇ ਨੱਗਰ ਨਾਲ ਸੰਬਧਤ ਹੀ ਦਰਸਾਇਆ ਹੈ। ਉਸ ਦੀਆਂ ਅੰਤਲੀਆਂ ਦੋ ਚੌਪਈਆਂ ਵੀ ਏਸੇ ਤਰ੍ਹਾਂ ਦਾ ਹੀ ਗਿਆਨ ਵੰਡ ਰਹੀਆਂ ਹਨ:--

(੧) **ਸਕਲ ਜਗਤ ਮੈਂ ਜੇ ਪੁਰਖੁ ਤ੍ਰਿਯਾ ਕੋ ਕਰਤ ਬਿਸਵਾਸ ॥ ਸਾਤਿ ਦਿਵਸ ਭੀਤਰ ਤੁਰਤੁ ਹੋਤ ਤਵਨ ਕੋ ਨਾਸ ॥ ੧੧ ॥**
**ਜੋ ਨਰ ਕਾਹੂ ਤ੍ਰਿਯਾ ਕੋ ਦੇਤ ਆਪਨੋ ਚਿੱਤ ॥ ਤਾ ਨਰ ਕੌ ਇਹ ਜਗਤ ਮੈਂ ਹੋਤ ਖੁਆਰੀ ਨਿੱਤ ॥ ੧੨ ॥**[ਚਰਿ:੧੫]

**ਅਰਥ**:--ਸਾਰੇ ਸੰਸਾਰ ਵਿਚ ਜਿਹੜਾ ਵੀ ਕੋਈ ਆਦਮੀ ਇਸਤ੍ਰੀ ਤੇ ਭਰੋਸਾ ਕਰਦਾ ਹੈ, ਉਹਦਾ ਸੱਤਾ ਦਿਨਾਂ ਦੇ ਅੰਦਰ ਵਿਨਾਸ਼ ਹੋ ਜਾਂਦਾ ਹੈ।੧੧। ਜੋ ਆਦਮੀ ਆਪਣੇ ਦਿਲ ਦਾ ਭੇਤ ਇਸਤ੍ਰੀ ਨੂੰ ਦਸ ਦੇਂਦਾ ਏ, ਉਹ ਇਸ ਸੰਸਾਰ ਵਿਚ ਸਦਾ ਖ਼ੁਆਰ ਹੁੰਦਾ ਹੈ । ੧੨।

ਏਥੇ ਵੀ ਸਾਰੀ ਇਸਤ੍ਰੀ ਜ਼ਾਤੀ ਨੂੰ ਬੇ-ਇਤਬਾਰੀ ਸਮਝਣ ਦਾ ਉਪਦੇਸ਼ ਹੈ। ਕਹਾਣੀ ਅਨੁਸਾਰ ਇਹ ਬੋਲ ਕਹਾਣੀ ਦੇ ਕਿਸੇ ਪਾਤ੍ਰ ਦੇ ਨਹੀਂ ਸਗੋਂ ਲਿਖਾਰੀ ਦੇ ਆਪਣੇ ਬਚਨ ਹਨ। ਫਿਰ ਹੇਠ ਲਿਖੇ ਸਾਰੇ ਬਚਨ ਵੀ ਕਿਸੇ ਪਾਤ੍ਰ ਦੇ ਨਹੀਂ ਸਗੋਂ ਲਿਖਾਰੀ ਦੇ ਹੀ ਹਨ:-

(੩) **ਤ੍ਰਿਯਹਿ ਨ ਅੰਤਰ ਦੀਜਿਯੈ ਤਾ ਕੋ ਲੀਜੈ ਭੇਦ ॥ ਬਹੁ ਪੁਰਖਨ ਕੇ ਕਰਤ ਹੈ ਹ੍ਰਿਦੈ ਚੰਚਲਾ ਛੇਦ ॥੧੧॥**
**ਚਿਤ ਤ੍ਰਿਯ ਕੋ ਹਰਿ ਲੀਜਿਯੈ ਤਾਹਿ ਨ ਦੀਜੈ ਚਿੱਤ ॥ ਨਿਤਪ੍ਰਤਿ ਤਾਹਿ ਰਿਝਾਇਯੈ ਦੈ ਦੈ ਅਗਨਿਤ ਬਿੱਤ ॥੧੨॥**
**ਗੰਧ੍ਰਬ ਜੱਛ ਭੁਜੰਗ ਗਨ ਨਰ ਬਪੁਰੇ ਕਿਨਮਾਂਹਿ ॥ ਦੇਵ ਅਦੇਵ ਤ੍ਰਿਯਨ ਕੇ ਭੇਦ ਪਛਾਨਤ ਨਾਹਿ ॥੧੩॥**[ਚਲਿ-੧੦]

**ਅਰਥ**:--ਕਦੀ ਵੀ ਕਿਸੇ ਇਸਤ੍ਰੀ ਨੂੰ ਆਪਣਾ ਭੇਦ ਨਹੀਂ ਦੇਣਾ ਚਾਹੀਦਾ, ਪਰ ਉਸ ਦਾ ਭੇਦ ਜ਼ਰੂਰ ਜਾਣ ਲੈਣਾ ਚਾਹੀਦਾ ਹੈ। ੧੧ ॥ ਇਸਤ੍ਰੀ ਦਾ ਚਿੱਤ ਤਾਂ ਬੇਸ਼ੱਕ ਚੁਰਾ ਲਵੋ ਪਰ ਉਸ ਨੂੰ ਆਪਣਾ ਚਿੱਤ ਕਦੇ ਨ ਦਿਉ। ਪਰ ਕਈ ਤਰ੍ਹਾਂ ਦੇ ਪਦਾਰਥ ਦਿੰਦੇ ਰਹਿ ਕੇ ਉਸ ਨੂੰ ਪ੍ਰਸੰਨ ਕਰਦੇ ਰਹੋ। ੧੨ । ਗੰਧਰਵ, ਛੱਜ, ਭੁਜੰਗ, ਦੇਵ, ਅਦੇਵ ਕੋਈ ਵੀ ਇਸਤ੍ਰੀ ਦੇ ਭੇਦ ਨੂੰ ਨਹੀਂ ਸਮਝ ਸਕਿਆ, ਫਿਰ ਭਲਾ ਇਹ ਮਨੁੱਖ ਕਿਸ ਦੇ ਪਾਣੀ ਹਾਰ ਹਨ। ੧੩ ।

ਕੀ ਇਹ ਸੱਚ ਨਹੀਂ ਕਿ ਇਨ੍ਹਾਂ ਚੌਪਈਆਂ ਵਿਚ ਮਨੁੱਖ ਨੂੰ ਧੋਖੇ ਬਾਜ਼ ਅਤੇ ਵਿਸ਼ਵਾਸ਼ਘਾਤ ਬਣਨ ਦੀ ਸਿਖਿਆ ਦਿੱਤੀ ਹੋਈ ਹੈ? ਏਸੇ ਤਰ੍ਹਾਂ ਦੀ ਸਿਖਿਆ ਹੀ ਅਗਲੀ ਚੌਪਈ ਵਿਚ ਹੈ:--

(੪) **ਅੜਿੱਲ ॥ਨਿਜੁ ਮਨ ਕੀ ਕਛੁ ਬਾਤ ਨ ਤ੍ਰਿਯ ਕੋ ਦੀਜਿਯੈ ॥ ਤਾਕੋ ਚਿੱਤ ਚੁਰਾਇ ਸਦਾ ਹੀ ਲੀਜਿਯੈ ॥**
**ਨਿਜੁ ਮਨ ਕੀ ਤਾਸੋ ਜੋ ਬਾਤ ਸੁਨਾਇਯੈ ॥ ਹੋ ਬਾਹਰ ਪ੍ਰਗਟ ਜਾਇ ਆਪੁ ਪਛੁਤਾਇਯੈ ॥ ੨੦ ॥**[ਚਰਿ: ੧੧]

**ਅਰਥ:**--ਇਸਤ੍ਰੀ ਨੂੰ ਕਦੇ ਆਪਣੇ ਮਨ ਦੀ ਗੱਲ ਨਹੀਂ ਦੱਸਣੀ ਚਾਹੀਦੀ ਅਤੇ ਉਸਦਾ ਮਨ ਸਦਾ ਹੀ ਚੁਰਾ ਲੈਣਾ ਚਾਹੀਦਾ ਹੈ। ਜਦੋਂ ਵੀ ਉਹਨੂੰ ਆਪਣੇ ਮਨ ਦੀ ਗੱਲ ਦੱਸੋਗੇ ਤਾਂ ਉਹ ਗੱਲ ਜ਼ਰੂਰ ਹੀ ਬਾਹਰ ਪ੍ਰਗਟ ਹੋ ਜਾਵੇਗੀ ਤੇ ਪਿੱਛੋਂ ਪਛਤਾਉਣਾ ਪਵੇਗਾ। ੨੦ ।

**ਸੋਰਠਾ ॥ ਜੋ ਨਿਜੁ ਤਿਯ ਕੌਂ ਦੇਤ ਪੁਰਖ ਭੇਦ ਕਛੁ ਆਪਨੋ ॥**
**ਤਾ ਕੋ ਬਿਧਨਾ ਲੇਤ ਪ੍ਰਾਨ ਹਰਨ ਕਰਿ ਪਲਕ ਮੈਂ ॥ ੩੦ ॥**[ਚਰਿ-੧੨]

**ਅਰਥ:**--ਜੋ ਮਨੁੱਖ ਆਪਣੀ ਇਸਤ੍ਰੀ ਨੂੰ ਥੋਹੜਾ ਜਿਹਾ ਵੀ ਆਪਣਾ ਭੇਦ ਦੇਂਦਾ ਹੈ, ਪ੍ਰਭੂ ਪਲ ਵਿਚ ਉਸਦੇ ਪ੍ਰਾਣ ਨਸ਼ਟ ਕਰ ਦਿੰਦਾ ਹੈ ।੩੦।

ਗ੍ਰਿਹਸਤੀ ਜੀਵਨ ਨੂੰ ਦੁਖੀ ਬਨਾਉਣ ਵਾਲੀ ਸਿਖਿਆ ਵੀ ਕੀ ਉਸੇ ਮਹਾਨ ਸਤਿਗੁਰਾਂ ਨੇ ਲਿਖੀ ਹੈ ਜਿਨ੍ਹਾਂ ਨੇ ਆਪਣੇ ਤੀਜੇ ਸਰੂਪ ਵਿਚ ਇਹ ਉਪਦੇਸ਼ ਦਿੱਤਾ ਸੀ:--

੩੯- ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥ {੭੮੮}-ਵਾ-੯

**ਅਰਥ**:--ਜੋ (ਸਿਰਫ਼ ਸਰੀਰਕ ਤੌਰ ਤੇ) ਰਲ ਕੇ ਬਹਿਣ ਉਹਨਾਂ ਨੂੰ ਅਸਲ ਇਸਤ੍ਰੀ ਖ਼ਸਮ ਨਹੀਂ ਆਖੀਦਾ, ਜਿੰਨ੍ਹਾਂ ਦੇ ਦੋਹਾਂ ਜਿਸਮਾਂ ਵਿਚ ਇੱਕੋ ਆਤਮਾ ਹੋ ਜਾਏ ਉਹ ਹੈ ਇਸਤ੍ਰੀ ਤੇ ਉਹ ਹੈ (ਅਸਲ) ਪਤੀ । ੩ ।

ਜੇ ਇਹ ਗ੍ਰੰਥ ਦਸ਼ਮੇਸ਼ ਜੀ ਨੇ ਹੀ ਲਿਖਿਆ ਹੈ ਤਾਂ ਫਿਰ ਹੇਠ ਲਿਖੇ ਬਚਨ ਕਿਸ ਦੇ ਜ਼ਿੰਮੇ ਮੜ੍ਹੀਏ ਜੀ ?

(੫) ਜੋ ਨਰ ਅਪੁਨੇ ਚਿੱਤ ਕੌ ਤਿਯ ਕਰ ਦੇਤ ਬਨਾਇ ॥
ਜਰਾ ਤਾਂਹਿ ਜੋਬਨ ਹਰੈ ਪ੍ਰਾਨ ਰਹਤ ਜਮ ਜਾਇ ॥ ੯ ॥
ਸੋਰਠਾ ॥ ਤ੍ਰਿਯਹਿ ਨ ਦੀਜੈ ਭੇਦ ਤਾਹਿ ਭੇਦ ਲੀਜੈ ਸਦਾ ॥
ਕਹਤ ਸਿੰਮ੍ਰਿਤਿ ਅਰੁ ਬੇਦ ਕੋਕ ਸਾਰਊ ਸੌ ਕਹਤ ॥ ੧੦ ॥[ਚ੍ਰਿ:੧੩]

ਸਿੰਮ੍ਰਿਤੀਆਂ ਅਤੇ ਵੇਦਾਂ ਦਾ ਅਜੇਹਾ ਘਟੀਆ ਪਾਠ ਪੜ੍ਹਾਉਣ ਵਾਲੇ ਅਜੇਹੇ ਬਚਨਾ ਵਾਲਾ ਗ੍ਰੰਥ ਦਸਮ ਗੁਰੂ ਨਾਨਕ ਸ੍ਰੀ ਦਸ਼ਮੇਸ਼ ਜੀ ਦਾ ਲਿਖਿਆ ਕਿਸੇ ਹਾਲਤ ਵਿਚ ਨਹੀਂ ਹੋ ਸਕਦਾ। ਕਿਉਂਕਿ ਜਿਸ ਅਨੁਪਮ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਨ੍ਹਾਂ ਨੇ ਗੁਰਿਆਈ ਦੀ ਮਾਲਕੀ ਸੌਂਪ ਕੇ ਸਾਨੂੰ ਉਨ੍ਹਾਂ ਦੇ ਲੜ ਲਾਇਆ ਹੈ ਉਨ੍ਹਾਂ ਦਾ ਫ਼ੁਰਮਾਨ ਇਸ ਪ੍ਰਕਾਰ ਹੈ:--

੪੦- ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥੧॥
ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ ਰਹਾਉ ॥ {੩੨੯}-੩੩

**ਅਰਥ**:--ਹੇ ਵੀਰ ! ਇਹ ਸਿਮ੍ਰਤੀ ਜੋ ਵੇਦਾਂ ਦੇ ਅਧਾਰ ਤੇ ਹੀ ਬਣੀ ਹੈ (ਇਹ ਤਾਂ ਆਪਣੇ ਸ਼ਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ, ਮਾਨੋ) ਸੰਗਲ ਤੇ (ਕਰਮ-ਕੰਡ ਦੀਆਂ) ਰੱਸੀਆਂ ਲੈ ਕੇ ਆਈ ਹੋਈ ਹੈ ।੧। (ਇਸ ਸਿਮ੍ਰਿਤੀ ਨੇ ਸਾਰੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ, (ਇਨ੍ਹਾਂ ਨੂੰ ਸੁਰਗ ਆਦਿਕ ਦੇ) ਮੋਹ ਦੀ ਫਾਹੀ ਵਿਚ ਫ਼ਸਾ ਕੇ (ਇਨ੍ਹਾਂ ਦੇ ਸਿਰ ਤੇ) ਮੌਤ (ਦੇ ਸਹਿਮ) ਦਾ ਤੀਰ ਖਿੱਚਿਆ ਹੋਇਆ ਹੈ । ੧। ਰਹਾਉ ।

(੬) ਪਰੈ ਆਪਦਾ ਕੈਸਿਯੈ ਕੋਟ ਕਸ਼ਟ ਸਹਿ ਲੇਤ ॥
ਤਊ ਸੁਘਰ ਨਰ ਇਸਤ੍ਰਿਯਨ ਭੇਦ ਨ ਅਪਨੋ ਦੇਤ ॥ ੧੩ ॥[ਚਰਿ:੧੯]

**ਅਰਥ**:-ਆਪਣੇ ਤੇ ਕਿੰਨੀ ਵੀ ਬਿਪਤਾ ਕਿਉਂ ਨ ਆ ਪਵੇ ਅਤੇ ਕਿੰਨੇ ਹੀ ਦੁਖ ਕਿਉਂ ਨ ਸਹਿਣੇ ਪੈਣ, ਸਿਆਣੇ ਆਦਮੀ ਇਸਤ੍ਰੀਆਂ ਨੂੰ ਆਪਣਾ ਭੇਦ ਨਹੀਂ ਦੇਂਦੇ । ੧੩ ।

ਕਿਸੇ ਇੱਕ ਦੀ ਗੱਲ ਨਹੀਂ ਹੈ ਹਰ ਬਾਰ ਸਮੁੱਚੀ ਇਸਤ੍ਰੀ ਜ਼ਾਤ ਨੂੰ ਹੀ ਬੇਇਤਬਾਰੀ ਕਿਹਾ ਗਿਆ ਹੈ। ਇਸਤ੍ਰੀ ਨੂੰ ਮੰਦਾ ਕਹਿਣ ਤੋਂ ਰੋਕਣ ਵਾਲੇ ਦਸਮ ਗੁਰੂ ਨਾਨਕ ਸਾਹਿਬ ਜੀ ਨੂੰ ਕਿਹੋ ਜਹੀਆਂ ਗੁਰਮਤਿ ਵਿਰੋਧੀ ਗੱਲਾਂ ਨਾਲ ਜੋੜਿਆ ਜਾ ਰਿਹਾ ਹੈ **?** ਬੇਇਤਬਾਰੀ ਕਹਿ ਲੈਣ ਤੇ ਹੀ ਬਸ ਨਹੀਂ, ਹੁਣ ਇਸਤ੍ਰੀ ਨੂੰ ਖ਼ਤਰਨਾਕ ਹੱਦ ਤਕ ਗੁੰਝਲਦਾਰ ਵੀ ਬਣਾਇਆ ਜਾ ਰਿਹਾ ਹੈ ?

(੭) ਚੰਚਲਾਨ ਕ ਚਰਿਤ੍ਰ ਕੋ ਸਕਤ ਨ ਕੋਊ ਪਾਇ ॥ ਚੰਦ੍ਰ ਸੂਰ ਅਸੁਰ ਸਭ ਬ੍ਰਹਮ ਬਿਸ਼ਨ ਸੁਰ ਰਾਇ ॥੪੯॥[ਚਰਿ:੨੪]

**ਅਰਥ**:--ਇਸਤ੍ਰੀਆਂ ਦੇ ਚਲਿੱਤਰਾਂ ਨੂੰ ਕੋਈ ਨਹੀਂ ਸਮਝ ਸਕਿਆ। ਚੰਦ੍ਰ ਸੂਰਜ, ਦੈਂਤ, ਬ੍ਰਹਮਾ, ਵਿਸ਼ਨੂੰ ਅਤੇ ਇੰਦ੍ਰ ਵੀ ਇਨ੍ਹਾਂ ਦੇ ਭੇਦ ਨੂੰ ਨਹੀਂ ਸਮਝ ਸਕੇ ਹਨ।੪੯।

(੮) ਦੋਹਰਾ॥ ਅਤਿਭੁਤ ਗਤਿ ਬਨਿਤਾਨ ਕੀ ਜਿਹ ਨ ਸਕਤ ਕੋਊ ਪਾਇ ॥
ਭੇਦ ਹਾਥ ਆਵੈ ਨਹੀ ਕੋਟਨਿ ਕਿਯੇ ਉਪਾਇ ॥ ੨੮ ॥ [ਚ੍ਰਿ: ੬੬]

**ਅਰਥ**:-ਇਸਤ੍ਰੀਆਂ ਦੀ ਰੀਤ ਅਸਚਰਜ ਹੈ, ਇਹਨੂੰ ਕੋਈ ਨਹੀਂ ਸਮਝ ਸਕਦਾ। ਅਨੇਕਾਂ ਜਤਨ ਕਰਨ ਤੇ ਵੀ ਇਸ ਭੇਦ ਨੂੰ ਕੋਈ ਨਹੀਂ ਪਾ ਸਕਿਆ। ੧੮।

(੯) ਕਿੰਨਰ ਜੱਛ ਭੁਜੰਗ ਗਨ ਨਰ ਮੁਨਿ ਦੇਵ ਅਦੇਵ ॥ ਤ੍ਰਿਯ ਚਰਿਤ੍ਰ ਕੋਂ ਚਿਤ ਮੈ ਰੰਚ ਨ ਚੀਨਤ ਭੇਵ ॥੧੫॥[ਚ੍ਰਿ:-੬੭]

**ਅਰਥ**:--ਕਿੰਨਰ, ਜੱਥ, ਸੱਪ, ਗਨ, ਮੁਨੀ, ਦੇਵਤੇ ਤੇ ਰਾਖ਼ਸ਼ ਇਸਤ੍ਰੀ ਦੇ ਚਲਿੱਤਰਾਂ ਨੂੰ ਜ਼ਰਾ ਵੀ ਨਹੀਂ ਸਮਝ ਸਕੇ । ੧੫।

(੧੦) ਚੌਪਈ ॥ ਬਨਿਤਾ ਚਰਿਤ ਹਾਥ ਨ ਆਯੋ ॥ ਦੇਵ ਦੇਤ ਕਿਨਹੂੰ ਨਹਿ ਪਾਯੋ ॥
ਤ੍ਰਿਯਾ ਚਰਿਤ੍ਰ ਨ ਕਿਸਹੂ ਕਹਿਯੈ ॥ ਚਿਤ ਮੈਂ ਸਮਝਿ ਮੋਨਿ ਹ੍ਵੈ ਰਹਿਯੈ ॥ ੨੧ ॥[ਚਰਿ: ੮੪]

**ਅਰਥ**:--ਇਸਤ੍ਰੀਆਂ ਦੇ ਚਲਿੱਤਰ ਦੈਂਤ ਤੇ ਦੇਵਤਾ ਕੋਈ ਭੀ ਨਹੀਂ ਸਮਝ ਸਕਿਆ ਹੈ। ਇਸਤ੍ਰੀ ਕਿਸਨੂੰ ਆਖਿਆ ਜਾਏ, ਇਸ ਨੂੰ ਵੇਖਕੇ ਚੁਪ ਰਹਿਣਾ ਹੀ ਭਲਾ ਹੈ।੨੧।

(੧੧) ਬ੍ਰਹਮਾ ਬਿਸ਼ਨ ਸਰ ਅਸੁਰ ਸਭ ਰੈਨਾਧਿਪ ਦਿਨਰਾਇ ॥
ਬੇਦ ਬਯਾਸ ਅਰੁ ਬੇਦ, ਤ੍ਰਿਯ ਭੇਦ ਸਕੇ ਨਹਿ ਪਾਇ ॥ ੧੫ ॥ [ਚਰਿ: ੧੨੪]

**ਅਰਥ**:-ਬ੍ਰਹਮਾ, ਵਿਸ਼ਨੂੰ ਦੇਵਤੇ, ਰਾਕਸ਼, ਚੰਦ੍ਰਮਾਂ, ਸੂਰਜ, ਵੇਦ-ਵਿਆਸ ਅਤੇ ਵੇਦ ਕੋਈ ਵੀ ਇਸਤ੍ਰੀ ਦੇ ਭੇਤ ਨੂੰ ਨਹੀਂ ਸਮਝ ਸਕਿਆ।੧੫।

(੧੨) ਭੂਤ ਭਵਿੱਖ ਭਵਾਨ ਮੈ ਸੁਨਿ ਯਤ ਸਦਾ ਬਨਾਇ ॥
ਚਤੁਰਿ ਚਰਿਤ੍ਰ ਕੌ ਸਦਾ ਭੇਵ ਨ ਪਾਯੋ ਜਾਇ ॥ ੪੦ ॥ [ਚਰਿ:੧੨੯]

**ਅਰਥ**:--ਭੂਤਕਾਲ ਭਵਿਖ ਅਤੇ ਵਰਤਮਾਨ ਵਿਚ ਸਦਾ ਹੀ ਇਹ ਗਲਾਂ ਸੁਣੀਆਂ ਜਾਣਗੀਆਂ ਕਿ ਇਸਤ੍ਰੀਆਂ ਦੇ ਚਲਿੱਤਰ ਕੋਈ ਨਹੀਂ ਜਾਣ ਸਕਿਆ।

(੧੩) ਤਰੁਨਿਨ ਕਰ ਹਿਯਾਰੋ ਨਹਿ ਦੀਜੈ ॥ ਤਿਨ ਕੋ ਚੋਰਿ ਸਦਾ ਚਿਤ ਲੀਜੈ ॥
ਤ੍ਰਿਯ ਕੋ ਕਛੁ ਬਿਸਵਾਸ ਨ ਕਰਿਯੈ ॥ ਤ੍ਰਿਯ ਚਰਿਤ੍ਰ ਤੇ ਜਿਯ ਅਤਿ ਡਰਿਯੈ ॥ ੨੦॥[ਚਰਿ:੨੧੪]

**ਅਰਥ**:--ਇਸਤ੍ਰੀ ਨੂੰ ਕਦੇ ਵੀ ਦਿਲ ਨਹੀਂ ਦੇਣਾ ਚਾਹੀਦਾ, ਪਰ ਉਸਦਾ ਦਿਲ ਚੁਰਾ ਲੈਣਾ ਚਾਹੀਦਾ ਹੈ। ਇਸਤ੍ਰੀ ਉਤੇ ਕਦੇ ਵਿਸ਼ਵਾਸ਼ ਨਾ ਕਰੋ ਅਤੇ ਉਸਦੇ ਚਲਿੱਤਰਾਂ ਤੋਂ ਹਮੇਸ਼ਾਂ ਡਰਦੇ ਰਹੋ।੨੧।

(੧੪) ਇਨ ਕੀ ਅਗਮ ਅਗਾਧਿ ਕਹਾਨੀ ॥ ਦਾਨਵ ਦੇਵ ਨ ਕਿਨਹੂੰ ਜਾਨੀ ॥ ੨੨ ॥[ਚਰਿ: ੧੬੭]

**ਅਰਥ**:--ਇਨ੍ਹਾਂ ਇਸਤ੍ਰੀਆਂ ਦੀ ਕਹਾਣੀ ਅਗੰਮ ਅਤੇ ਅਗਾਧ ਹੈ ਜਿਸ ਨੂੰ ਦੇਵ-ਦਾਨਵ ਹੀ ਨਹੀਂ ਜਾਣ ਸਕੇ । ੨੨ ।

(੧੫) ਇਨ ਅਬਲਨ ਕੀ ਰੀਤਿ ਅਪਾਰਾ ॥ ਜਿਨ ਕੋ ਆਵਤ ਵਾਰ ਨਾ ਪਾਰਾ ॥ ੧੧ ॥ [ਚਰਿ:੨੭੩]

**ਅਰਥ**:--ਇਨ੍ਹਾਂ ਇਸਤਰੀਆਂ ਦੀ ਲੀਲ੍ਹਾ ਅਪਰਮਪਾਰ ਹੈ ਜਿਸ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ।

(੧੬) **ਦੋਹਰਾ ॥ ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ ॥**
**ਬ੍ਰਹਮ ਬਿਸ਼ਨ ਸ਼ਿਵ ਖਟ ਬਦਨ ਜਿਨ ਸਿਰਜੀ ਕਰਤਾਰ ॥ ੧੨ ॥** [ਚਰਿ:੩੩੬]

(੧੭) **ਚੌਪਈ ॥ ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ ॥ ਬਿਧਨਾ ਸਿਰਜਿ ਬਹੁਰਿ ਪਛਾਤਾ ॥**
**ਸ਼ਿਵ ਘਰ ਤਜ ਕਾਨਨਹਿ ਸਿਧਾਯੋ ॥ ਤਉ ਤਰੁਨਿ ਕੋ ਅੰਤੁ ਨ ਪਾਯੋ ॥ ੧੬ ॥**

**ਅਰਥ**:--ਇਸਤ੍ਰੀ ਦੇ ਚਲਿੱਤ੍ਰ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਪਰਮਾਤਮਾ ਵੀ ਇਸਤ੍ਰੀ ਨੂੰ ਪੈਦਾ ਕਰਕੇ ਪਛਤਾਉਂਣ ਲੱਗ ਗਿਆ ਸੀ। ਸ਼ਿਵਜੀ ਘਰ ਛੱਡ ਕੇ ਫਿਰ ਜੰਗਲ ਵਿਚ ਚਲੇ ਗਿਆ ਸੀ ਪਰ ਫਿਰ ਵੀ ਇਸਤ੍ਰੀ ਦਾ ਭੇਦ ਨਹੀਂ ਪਾ ਸਕਿਆ ਸੀ । ੧੬ ।

(੧੮) **ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ ॥ ਬਿਧਨਾ ਸਿਰਜਿ ਬਹੁਰਿ ਪਛਤਾਯੋ ॥**
**ਜਿਨ ਇਹ ਕਿਯੋ ਸਕਲ ਸੰਸਾਰੋ ॥ ਵਹੈ ਪਛਾਨਿ ਭੇਦ ਤ੍ਰਿਯ ਹਾਰੋ ॥ ੧੩ ॥**[ਚਰਿ:੩੧੨]

**ਅਰਥ**:--ਇਸਤ੍ਰੀ ਦੇ ਰਹਿਸ ਨੂੰ ਕੋਈ ਵੀ ਨਹੀਂ ਸਮਝ ਸਕਿਆ ਹੈ। ਇਨ੍ਹਾਂ ਨੂੰ ਬਣਾ ਕੇ ਤਾਂ ਵਿਧਾਤਾ ਵੀ ਪਛਤਾਉਂਦਾ ਸੀ। ਜਿਸ ਪ੍ਰਭੂ ਨੇ ਇਹ ਸਾਰਾ ਸੰਸਾਰ ਬਣਾਇਆ ਹੈ ਉਹ ਵੀ ਇਸ ਦੇ ਰਹਿਸ ਦੇ ਸਾਹਮਣੇ ਹਾਰ ਗਿਆ ਹੈ। ੧੩ ॥

**ਪਦਮ ਸਾਹਿਬ ਜੀਓ ! ਕੀ ਉਪ੍ਰੋਕਤ ਬਚਨ ਉਸੇ ਸਤਿਗੁਰੂ ਸਚੇ ਪਾਤਸ਼ਾਹ ਜੀ ਹਨ ਜਿਨ੍ਹਾਂ ਨੇ ੨●● ਸਾਲ ਤੋਂ ਵੱਧ ਸਮਾ ਜਗਤ ਨੂੰ ਇਹ ਉਪਦੇਸ਼ ਦਿੱਤਾ ਸੀ :-** (੧) ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥{੪੨੫} **(੨) ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥** {੭੫੭} ਅਤੇ- **(੩) ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥** {੧੩੮੧} **ਅਤੇ-**

੪੧- **ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**
**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩●॥**
{੧੩੮੪}

ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਤਵਾ ਹੈ ਕਿ, ਫਿਕੇ ਬਚਨਾ ਨਾਲ ਕਿਸੇ ਦਾ ਦਿਲ ਦੁਖਾਉਣ ਵਾਲਾ ਹੰਕਾਰੀ ਮਨੁੱਖ, ਪ੍ਰਭੂ ਦੀ ਨੇੜਤਾ ਕਦੇ ਪ੍ਰਾਪਤ ਨਹੀਂ ਕਰ ਸਕਦਾ

ਜੇ ਹੋਰ ਇਕਾਗਰਤ ਨਾਲ ਪੜ੍ਹਿਆ ਜਾਵੇ ਤਾਂ, ਇਸ ਚਰਿਤ੍ਰੋ ਪਾਖਯਾਨ ਗ੍ਰੰਥ ਵਿਚੋਂ ਸਮੁਚੀ ਇਸਤ੍ਰੀ ਜ਼ਾਤੀ ਨੂੰ ਨਖਿੱਧ ਅਤੇ ਬੇਇਤਬਾਰੀ ਸਿੱਧ ਕਰ ਰਹੀ ਹੋਰ ਸਮੱਗ੍ਰੀ ਵੀ ਮਿਲ ਸਕਦੀ ਹੈ। ਸੋ ਇਹ ਤੱਥ ਸਿੱਧ ਹੋਣ ਵਿਚ ਕੋਈ ਕਸਰ ਨਹੀਂ ਰਹਿੰਦੀ ਕਿ, ਇਸ ਲੇਖ ਦੇ ਅਰੰਭ ਵਿਚ ਇਉਂ -" **ਸੋ ਕਿਉ ਮੰਦਾ ਆਖੀਐ .....--**" ਗੁਰਬਾਣੀ ਦੀ ਪਾਵਨ ਪੰਗਤੀ ਵਰਤ ਕੇ, ਲਿਖਿਆ ਭਾਸ਼ਨ, ਸੁਹਿਰਦਤਾ ਦਾ ਪ੍ਰਗਟਾਵਾ ਨਹੀਂ ਹੈ। ਸਿ ਵਿਚ ਛਰਧ ਵੀ ਸ਼ਵਕ ਨਹੀਣ ਕਿ, ਤੁਸੀਂ (ਪਦਮ ਸਾਹਿਬ ਜੀ) ਚੰਗੀ ਤਰ੍ਹਾਂ ਜਾਣਦੇ ਹੋਏ ਵੀ, ਕਿ ਚਰਿਤ੍ਰੋਂ ਪਖਿਯਾਨ ਗ੍ਰੰਥ ਗੁਰਮਤਿ-ਗਿਆਨ ਨੂੰ ਦੂਸ਼ਤ ਕਰਨ ਲਈ, ਗੁਰੂ ਨਾਨਕ ਸਾਹਿਬ ਜੀ ਦੀ ਸਿਖੀ ਦੇ ਵੈਰੀਆਂ ਨੇ ਲਿਖਿਆ ਹੈ, ਫਿਰ ਵੀ ਬੜੇ ਭੁਲੇਖਾ ਪਾਊ ਝੂਠ ਦੁਆਰਾ ਇਸ ਝੂਠ ਨੂੰ ਪੰਥ ਦਾ ਧਰਮ ਗ੍ਰੰਥ ਕਿਸ ਯੋਜਨਾ ਅਧੀਨ ਬਣਾ ਰਹੇ ਹੋ ਜੀ?

ਦਿੱਲੀ ਦੇ ਤਖ਼ਤ ਤੇ **ਬਹਾਦਰਸ਼ਾਹ ਰੰਗੀਲਾ** ਅਜੇਹਾ ਸਮਰਾਟ ਬੈਠ ਗਿਆ, ਜਿਹੜਾ ਸਦਾ ਸ਼ਰਾਬ ਅਤੇ ਰਾਗ-ਰੰਗ ਦੀਆਂ ਮਹਿਫ਼ਲਾਂ ਵਿਚ ਹੀ ਬਦ-ਮਸਤ ਰਹਿੰਣ ਨੂੰ ਬਾਦਸ਼ਾਹਤ ਮੰਨ ਬੈਠਾ ਹੋਇਆ ਸੀ। ਲੋਕਾਂ ਵਿਚ ਆਚਰਨ ਹੀਣਤਾ ਵਧੀ ਅਤੇ ਆਤਮਕ ਬਲ ਘਟਦਾ ਗਿਆ। ਅਜੇਹੇ ਅੱਯਾਸ਼ੀ ਅਤੇ ਆਚਰਨ ਹੀਨ ਬਾਦਸ਼ਾਹ ਦੀ ਫ਼ੌਜ ਵੀ ਨਿਕੰਮੀ ਹੋ ਜਾਣੀ ਕੁਦਰਤੀ ਗੱਲ ਸੀ। ਕਮਜ਼ੋਰੀ ਦੀਆਂ ਅਜੇਹੀਆਂ ਸੂਆਂ ਸੁਣ ਕੇ ਗ਼ਜ਼ਨੀ ਤੋਂ ਨਾਦਰ ਸ਼ਾਹ ਚੜ੍ਹ ਆਇਆ। ਬਿਨਾ ਇੱਕ ਗੋਲੀ ਚਲਾਇਆ ਉਸ ਨੇ ਦਿੱਲੀ ਦਾ ਕਿਲ੍ਹਾ ਆ ਮੱਲਿਆ। ਕਿਸੇ ਭੁੱਲ ਦੇ ਕਾਰਨ ਨਾਦਰਸ਼ਾਹ ਅਜੇਹਾ ਕਹਿਰਵਾਨ ਹੋ ਗਿਆ ਕਿ ਉਸ ਨੇ ਦਿੱਲੀ ਵਿਚ ਕਤਲ-ਆਮ ਦਾ ਹੁਕਮ ਦੇ ਦਿੱਤਾ। ਬਾਲ ਤੋਂ ਬਿਰਧ ਤੱਕ ਸਾਰੇ (ਇਸਤ੍ਰੀ ਮਰਦ) ਮਨੁੱਖ ਬੇਰਹਿਮੀ ਨਾਲ ਕਤਲ ਕੀਤੇ ਜਾਣ ਲੱਗ ਪਏ। ਬਹਾਦਰ ਸ਼ਾਹ ਨੇ ਕਿਸੇ ਵੇਸਵਾ ਦੀ ਇੱਕ ਖ਼ੂਬਸੂਰਤ ਕੰਵਾਰੀ ਬੀਬੀ ਨਾਦਰਸ਼ਾਹ ਦੇ ਮਨ ਪਰਚਾਵੇ ਲਈ ਮੰਗਵਾਈ ਹੋਈ ਸੀ। ਉਸ ਬੀਬੀ ਨੇ ਨਾਦਰ ਸ਼ਾਹ ਨੂੰ ਆਪਣੇ ਤੇ ਰਿਝਾ ਲਿਆ। ਨਦਰ ਸ਼ਾਹ ਨੇ ਖ਼ੁਸ਼ ਹੋ ਕੇ ਕੁਝ ਮੰਗਣ ਲਈ ਆਖਿਆ ਤਾਂ ਉਸ ਨੇ ਨਾਦਰ ਸ਼ਾਹ ਕੋਲੋਂ ਕੇਵਲ ਇਹ ਮੰਗ ਕਤਿ ਕਿਲ ਉਹ ਤੁਰੰਤ ਕਤਲ ਆਮ ਬੰਦ ਕਰਵਾ ਦੇਵੇ। ਜਿਸ ਨਾਦਰ ਸ਼ਾਹ ਨੇ ਅਜੇਹਾ ਘਿਣਾਵਨਾਂ ਅਤਿਆਚਾਰ ਕਿਸੇ ਦੇ ਵੀ ਕਹੇ ਬੰਦ ਨਹੀਂ ਸੀ ਕਤਿਾ ਇੱਕ ਅਜੇਹੀ ਅਬਲਾ ਨੇ ਬੰਦ ਕਰਵਾ ਲਿਆ ਜਿਸ ਨੂੰ ਮਨੁੱਖ ਨੇ ਆਪਣੀ ਹਵਸ ਦਾ ਖਿਡਾਉਣਾ ਬਣਾਇਆ ਹੋਇਆ ਸੀ।

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼, ਕੌਮ ਅਤੇ ਧਰਮ ਦੀ ਪਿੱਠ ਵਿਚ ਛੁਰਾ ਵੱਜਾ ਉਸ ਵਿਚ ਕਦੇ ਕਿਸੇ ਵੀ ਦੇਸ਼ ਦੀ ਇਸਤ੍ਰੀ ਨਹੀਂ, ਸਗੋਂ ਮਰਦ ਹੀ ਮੋਹਰੀ ਹੁੰਦਾ ਆ ਰਿਹਾ ਹੈ। ਕੌਮ ਅਤੇ ਦੇਸ਼ ਨਾਲ ਧਰੋਹ ਕਮਾਉਂਣ **ਵਾਲੇ, ਜੈ ਚੰਦ ਚੁਹਾਨ** ਅਥਵਾ **ਧਿਆਨ ਸਿੰਘ ਡੋਗਰੇ** ਦੇ ਅਤੇ (ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ ਸਿੰਘਾਂ ਨਾਲ ਸੀ ਓਸ ਦੀ ਖੁਰਾਸਾਨੀ) ॥ **ਪਹਾੜਾ ਸਿੰਘ** ਦੇ ਟਾਕਰੇ ਤੇ ਕੋਈ ਇਸਤ੍ਰੀ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲੇਗੀ। ਏਥੋਂ ਤੱਕ ਕਿ ਮਿਥਿਹਾਸਕ ਗਾਥਾ ਵਿਚ ਵੀ, ਦੇਸ਼, ਕੌਮ ਅਤੇ ਪਰਵਾਰ ਨਾਲ ਵਿਸ਼ਵਾਸ਼ ਘਾਤ ਕਰਨ ਲਈ ਭਬੀਖਨ, ਇੱਕ ਮਨੁੱਖ ਹੀ ਚੋਣ ਵਿਚ ਆਇਆ। ਪਰ ਕਲਮ ਕਿਉਂਕਿ ਮਰਦ ਦੇ ਹੱਥ ਵਿਚ ਹੈ, ਬੇਇਤਬਾਰੀ ਅਤੇ ਨੀਚ ਇਸਤ੍ਰੀ ਨੂੰ ਲਿਖਿਆ ਜਾ ਰਿਹਾ ਹੈ। ਫਿਰ ਏਸੇ ਇਸਤ੍ਰੀ ਨੂੰ ਬਾਜ਼ਾਰ ਵਿਚ ਮਰਦ ਨੇ ਬਿਠਾਇਆ, ਇਸ ਗ਼ਰੀਬਣੀ ਨੂੰ ਟਕੇ ਟਕੇ ਤੋਂ ਬਾਜ਼ਾਰਾਂ ਵਿਚ ਵੀ ਮਰਦ ਨੇ ਹੀ ਨੀਲਾਮ ਕੀਤਾ,

ਕਿੱਡਾ ਅਨਰਥ ਹੈ ਕਿ ਮਰਦ ਹੀ ਬਿਲਕੁਲ ਝੂਠ ਕਹਾਣੀਆਂ ਦੁਆਰਾ ਉਸ ਦੇ ਚਲਿੱਤ੍ਰ ਲਿਖ ਰਿਹਾ ਹੈ। ਇਸ ਤੋਂ ਵੀ ਕਿਤੇ ਵੱਧ ਬੇਸ਼ਰਮੀ ਵਾਲੀ ਗੱਲ ਇਹ ਹੈ ਕਿ ਇਸਤ੍ਰੀ ਨੂੰ ਬਦਨਾਮ ਕਰਨ ਵਾਲੀ ਕੁਟਲ ਗੱਲ, ਦਸਮ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਪਵਿਤ੍ਰ ਨਾਮਣੇ ਨਾਲ ਜੋੜਨ ਲਈ ਯਤਨ ਸ਼ੀਲ ਵੀ (**ਪਿਆਰਾ ਸਿੰਘ ਜੀਓ ! ਤੁਹਾਡੇ ਜਿਹਾ**) ਮਰਦ ਹੀ ਹੈ।

## ੧੬- ਚੁਣ ਚੁਣ ਕੇ ਬਾਣੀ ਪੜ੍ਹਨਾ ਗੁਰਬਾਣੀ ਦੀ ਘੋਰ ਅਵੱਗਿਆ?

ਪੁਸਤਕ ਦੇ **੪੪ ਸਫ਼ੇ** ਦੇ ਅਰੰਭਕ ਪੈਰੇ ਵਿਚ ਤੁਸਾਂ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਦਾ (**ਸੱਚਾ ਝੂਠਾ**) ਹਵਾਲਾ ਦੇ ਕੇ ਇਉਂ ਲਿਖਿਆ ਹੈ " **ਸਿੱਖਾਂ ਦੇ ਪੁਰਾਣੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੋਇਆ ਹੈ--ਦੁਹੂੰ ਗ੍ਰੰਥ ਮੈਂ ਬਾਨੀ ਜੋਈ । ਚੁਨ ਚੁਨ ਕੰਠ ਕਰੈ ਨਿਤ ਸੋਈ ।੩੮।** "

ਇਸ ਤੋਂ ਅੱਗੇ ਬਚਿਤ੍ਰ ਨਾਟਕ, ਚਰਿਤ੍ਰੋ ਪਖਯਾਨ, ਅਥਵਾ ਚੰਡੀ ਚਰਿਤ੍ਰ ਆਦਿ ਵਿਚੋਂ ਚੁਣ ਚੁਣ ਕੇ ਗਾਈਆਂ ਜਾਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦਾ ਹਵਾਲਾ ਮਾਤ੍ਰ ਦਿੱਤਾ ਹੋਇਆ ਹੈ। **੫੩ ਸਫ਼ੇ** ਤੱਕ ਸਾਰੇ ਲੇਖ ਵਿਚ ਦਸਮ ਗ੍ਰੰਥ ਤੋਂ ਛੁੱਟ ਹੋਰ ਦੂਜੇ ਗਰੰਥ ਵਿਚੋਂ ਚੁਣੀ ਕਿਸੇ ਬਾਣੀ ਦਾ ਕੋਈ ਜ਼ਿਕਰ ਨਹੀਂ ਹੈ। ਸ਼ੰਕਾ ਪ੍ਰਗਟ ਹੁੰਦਾ ਹੈ " **ਦੁਹੂੰ ਗ੍ਰੰਥ ਮੈ ਬਾਨੀ ਜੋਈ** --ਤੋਂ ਆਪ ਜੀ ਦਾ ਭਾਵ ਕੀ ਹੈ? ਕੀ ਦੂਜਾ ਗ੍ਰੰਥ ਭਾਈ ਗੁਰਦਾਸ ਜੀ ਦੀਆਂ ਵਾਰਾਂ ਹੈ ਕਿ ਜਾਂ ਗੁਰਪ੍ਰਤਾਪ ਸੂਰਜ ਹੈ ਜੀ?

" ਦੁਹੂੰ ਗ੍ਰੰਥ " ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਤਾਂ ਹੋ ਹੀ ਨਹੀਂ ਸਕਦੀ। ਕਿਉਂਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਗੁਰਿਆਈ ਦੇ ਮਾਲਕ, ਗਿਯਾਰਵੇਂ ਸ੍ਰੀ ਗੁਰੂ ਨਾਨਕ ਜੀ, ਸਮਝਣ ਵਾਲਾ, (**ਤੁਹਾਡੇ ਗੱਲ ਨਹੀਂ**) ਭਾਈ ਦੇਸਾ ਸਿੰਘ ਜੀ ਵਰਗਾ, ਕੋਈ ਗੁਰਸਿੱਖ ਵਿਦਵਾਨ, ਸਤਿਗੁਰਾਂ ਦੇ ਪਾਵਨ ਸਰੂਪ ਨੂੰ ਕਿਸੇ ਦੂਜੇ ਗ੍ਰੰਥ ਦੇ ਟਾਕਰੇ ਤੇ, **ਦੂਜਾ ਗ੍ਰੰਥ** ਕਦੇ ਕਿਸੇ ਵੀ ਹਾਲਤ ਵਿਚ ਨਹੀਂ ਸੀ ਲਿਖ ਸਕਦਾ। ਸਤਿਗੁਰਾਂ ਦੀ ਅਵੱਗਿਆ ਵਾਲੇ ਬਚਨ, ਕੇਵਲ ਹੰਕਾਰੀ ਬਿੱਪ੍ਰ ਜਾਂ ਉਸ ਦਾ ਕੋਈ ਚੇਲਾ ਹੀ ਲਿਖ ਸਕਦਾ ਹੈ। ਤੁਸੀਂ, (ਪਿਆਰਾ ਸਿੰਘ ਪਦਮ ਜੀ !) ਅਜੇਹਾ ਅਨਰਥ ਲਿਖਣ ਲਈ ਤੁਸੀਂ ਕਿਸ ਤੰਗੀ ਦੇ ਕਾਰਨ ਮਜਬੂਰ ਹੋ ਗਏ ਸੀ ?

ਸਤਿਗੁਰਾਂ ਦੀ ਕਿਰਪਾ ਨਾਲ ਗੁਰਸਿੱਖਾਂ ਵਿਚ ਹੁਣ ਏਨੀ ਕੁ ਜਾਗਰਤ ਆ ਰਹੀ ਹੈ ਕਿ, ਕਈ ਗੁਰਸਿਖ, ਅਜੇਹੇ ਭਾਈ ਦੇ ਗਲ ਵਿਚ ਰੱਸਾ ਪਾਉਣ ਤੱਕ ਜਾਣ ਲੱਗ ਪਏ ਹਨ, ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਮੁੱਖਵਾਕ ਨੂੰ, ਅਥਵਾ ਹੁਕਮ ਨਾਮੇ ਨੂੰ ਉਚੇਚੇ ਤੌਰ ਤੇ ਫਲ ਦਾਇਕ ਅਤੇ ਚੰਗਾ, ਕਹਿੰਦਾ ਹੋਵੇ । ਅਜੇਹੇ ਭਾਈ ਜੀ ਕੋਲੋਂ ਝੱਟ ਪੁੱਛ ਲੈਣਗੇ--ਕਿਉਂ ਭਾਈ ਜੀ ? ਜੇ ਅੱਜ ਵਾਲਾ ਮੁਖ ਵਾਕ ਚੰਗਾ ਆਇਆ ਹੈ ਤਾਂ ਕੀ, ਗੁਰਬਾਣੀ ਵਿਚ ਕੋਈ ਮਾੜੇ ਹੁਕਮਨਾਮੇ ਵੀ ਹਨ ? ਸੋ , **੧** ਤੋਂ ਅਰੰਭ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬ੍ਰਹਮ ਵਿਚਾਰ ਵਾਲੀ ਸਾਰੀ ਗੁਰਬਾਣੀ, ਸੱਚ ਨਾਲ ਜੋੜਨ ਵਾਲੇ **ਅੰਮ੍ਰਿਤ ਬਚਨ** ਹੀ ਹਨ। **ਬਾਣੀ ਗੁਰੂ ਗੁਰੂ ਹੈ ਬਾਣੀ**,--ਬਾਰੇ ਹੋਰ ਹੁਕਮ :--(੧) **ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥**[੪੨੨] (੨) **ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ੨ ॥** [੪੯੪] (੩) **ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥ [੯੬੩]** (੪) **ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ ॥** [੯੭੮] (੫) **ਲਿਖੁ ਲੇਖਣਿ ਕਾਗਦਿ ਮਸਵਾਣੀ ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥** [੧੮੫] (੬) **ਊਚੀ ਬਾਣੀ ਊਚਾ ਹੋਇ ॥ ਗੁਰਮੁਖਿ ਸਬਦਿ ਵਖਾਣੈ ਕੋਇ ॥ ੨ ॥** [੩੬੧] (੭) **ਨਿਰਮਲ ਬਾਣੀ ਨਿਜ ਘਰਿ ਵਾਸਾ ॥ ਨਾਨਕ ਹਉਮੈ ਮਾਰੇ ਸਦਾ ਉਦਾਸਾ ॥ ੪ ॥** [੩੬੨] (੮) **ਮਨ ਰੇ ਸਦਾ ਅਨੰਦੁ ਗੁਣ ਗਾਇ ॥ ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥ ੧ ॥ ਰਹਾਉ ॥** [੩੬] (੯) **ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੩ ॥** [੬੨੮] (੧੦) **ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥** [੫੧੫] ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਕਿਸੇ ਬਾਣੀ ਨੂੰ ਵਿਸ਼ੇਸ਼ ਤੌਰ ਉਚੇਚੇ ਫਲ ਦੇਣ ਵਾਲੀ ਮਿਥ ਕੇ ਚੁਣ ਲੈਣਾ ਅਤੇ ਉਸ ਦੇ ਪਾਠ ਖ਼ਾਸ ਵਿਧੀਆਂ ਨਾਲ ਕਰਨੇ, ਗੁਰਬਾਣੀ ਦੀ ਨਿਰਾਦਰੀ ਹੈ। ਪਰ ਤੁਸੀਂ ਸ਼ਾਇਦ ਇਹ ਪੁੱਛ ਲਵੋ ਕਿ ਸਿੱਖ ਰਹਿਤ ਮਰਯਾਦਾ ਵਿਚ ਖ਼ਾਸ ਬਾਣੀਆਂ ਦਾ ਨਿਤਨੇਮ ਕਰਨ ਦੀ ਆਗਿਆ ਕਿਉਂ ਹੈ। ਬਾਣੀਆਂ ਦੀ ਉਹ ਚੋਣ (੧) ਪੰਥਕ ਮਰਯਾਦਾ ਵਿਚ ਇੱਕ-ਸੁਰਤਾ ਰੱਖਣ ਲਈ (੨) ਗੁਰਬਾਣੀ ਪਾਠ ਦੁਆਰਾ ਸਤਿਗੁਰਾਂ ਦੀ ਹਾਜ਼ਰੀ ਭਰਦੇ ਰਹਿਣ ਲਈ ਅਤੇ (੩) ਗੁਰਬਾਣੀ ਦੀ ਸਿਖਿਆ ਅਨੁਸਾਰ ਜੀਵਨ ਢਾਲਦੇ ਰਹਿਣ ਲਈ ਹੈ। ਨਿਤਨੇਮ ਦੇ ਪਾਠ ਤੋਂ ਕਿਸੇ ਉਚੇਚੇ ਕਰਾਮਾਤੀ ਫਲ ਦੀ ਆਸ ਰੱਖਣੀ ਮਨਮਤਿ ਹੈ।

**ਗੁਰੂ-ਬਾਣੀ ਨੂੰ ਕੇਵਲ ਜ਼ਬਾਨੀ ਕੰਠ ਕਰ ਲੈਣ ਨਾਲ ਹੀ,** ਵਡਾ ਧਰਮੀ ਹੋਣ ਦੀ ਨਿਸ਼ਾਨੀ ਨਹੀਂ ਹੈ:--

ਇਸ ਪੱਖੋਂ ਅਸੀਂ ਖ਼ੁਸ਼-ਕਿਸਮਤ ਹਾਂ ਕਿ ਸਾਡੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਜੇਹੇ ਪਾਵਨ ਸਰੂਪ ਹਨ ਜਿਹੜੇ ਗੁਰਿਆਈ ਦੇ ਮਾਲਕ ਬਣ ਜਾਣ ਦੀ ਬਦੌਲਤ, ਵੈਰੀਆਂ ਦੀ ਛੇੜ ਛਾੜ ਤੋਂ ਪੂਰਨ ਤੌਰ ਤੇ ਬਚੇ ਰਹੇ ਸਨ। ਹੋਰ ਭਾਂਵੇ ਕੋਈ ਰਹਿਤਨਾਮਾ ਹੈ ਅਤੇ ਭਾਵੇ ਕੋਈ ਹੁਕਮਨਾਮਾ ਹੈ, ਵੈਰੀਆਂ ਦੀ ਪਹੁੰਚ ਤੋਂ ਬਾਹਰ ਨਹੀਂ ਸੀ ਰਹਿ ਸਕਿਆ। ਸੋ ਕੋਈ ਗੱਲ ਜੋ ਗੁਰਮਤਿ-ਕਸਵੱਟੀ ਦੀ ਪਰਖ ਤੇ ਪੂਰੀ ਨਹੀਂ ਉਤਰਦੀ ਉਸ ਨਾਲ ਸਾਡਾ ਕੋਈ ਵਾਸਤਾ ਨਹੀਂ ਹੋਣਾ ਚਾਹੀਦਾ। ਇਹ ਬਚਨ--" **ਦੂਹੋਂ ਗ੍ਰੰਥ ਮੈਂ ਬਾਨੀ ਜੋਈ । ਚੁਨ ਚੁਨ ਕੰਠ ਕਰੈ ਨਿਤ ਸੋਈ ॥** " ਗੁਰਬਾਣੀ ਨਹੀਂ ਹੈ, ਅਤੇ ਨਾ ਇਹ ਬਚਨ ਗੁਰੂਬਾਣੀ ਦੇ ਅਨਕੂਲ ਹੀ ਹਨ। ਸਦਾ ਆਪਣੇ ਨਾਲ ਗੁਟਕੇ ਚੁੱਕੀ ਫਿਰਨ ਦੀ ਖੇਚਲ ਤੋਂ ਬਚਨ ਲਈ, ਜਾਂ ਕਿਸੇ ਅਜੇਹੇ ਸਮੇ ਜਦੋਂ ਗੁਟਕਾ ਜਾਂ ਪੋਥੀ ਨਾ ਮਿਲ ਸਕੇ ਤਾਂ ਗੁਰੂ ਬਾਣੀ ਪਾਠ ਦੇ ਨਿੱਤ ਨੇਮ ਵਿਚ ਫ਼ਰਕ ਨਾ ਪੈਣ ਦੇਣ ਲਈ, ਬਾਣੀਆਂ ਕੰਠ ਕਰ ਲੈਣੀਆਂ ਲਾਹੇਵੰਦ ਕਰਮ ਹੈ। ਪਰ ਬਹੁਤੀਆਂ ਬਾਣੀਆਂ ਕੰਠ ਕਰ ਲੈਣ ਦੇ ਹੰਕਾਰੀ ਬਣ ਜਾਣਾ ਠੀਕ ਨਹੀਂ ਹੈ, ਅਤੇ ਨਾ ਹੀ ਧਰਮ ਪੁਸਤਕਾਂ ਨੂੰ ਕੇਵਲ ਕੰਠ ਕਰ ਲੈਣ ਨਾਲ ਹੀ ਕੋਈ ਮਨੁੱਖ ਕਦੇ ਉੱਚੇਚੇ ਆਚਰਨ ਵਾਲਾ ਬਣ ਸਕਿਆ ਹੈ। ਧਰਮ ਪੁਸਤਕਾਂ ਨੂੰ ਕੰਠ ਕਰ ਲੈਣ ਦੇ ਕਾਰਨ ਹੀ ਧਰਮ-ਅਭਿਮਾਨੀਆਂ ਲਈ ਸਤਿਗੁਰਾਂ ਦੇ ਫ਼ੁਰਮਾਨ:--

੪੨- **ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥**

ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥ {੨੧੬}-੬-੧੬੪

**ਪਦ ਅਰਥ:**-ਚਤੁਰ=ਚਾਰੇ । ਮੁਖ ਬਚਨੀ=ਮੂੰਹ ਦੇ ਬਚਨਾ ਨਾਲ, ਜ਼ਬਾਨੀ, ਕੰਠ ਕਰ ਲੈਣੇ। ਮਹਲੁ=ਟਿਕਾਣਾ । ਸੁਧਾਖਰੁ=ਸੁੱਧ ਅੱਖਰ, ਪਵਿੱਤਰ ਲਫ਼ਜ਼, ਪਰਮਾਤਮਾ ਦਾ ਨਾਮ। ਓਹੁ=ਉਹ ਮਨੁੱਖ। ਝਾਖ ਝਖਾਈਐ=ਝਖਾਂ ਹੀ ਮਾਰਦਾ ਹੈ, ਖ਼ੁਆਰੀ ਹੀ ਸਹੇੜਦਾ ਹੈ। ੩ ।

੪੩- ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥ ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥ {੭●॥-੧-੨੬

**ਪਦ ਅਰਥ:**--ਮੁਖਾਗਰ=ਜ਼ਬਾਨੀ। ਬਿਚਰੇ=ਵਿਚਾਰ ਸਕੇ (ਪਠਾ ਅਤੇ ਅਰਥ-ਵਿਚਾਰ, ਸਭ ਕੁਝ ਜ਼ਬਾਨੀ ਹੀ ਉਚਾਰਨ ਕਰ ਸਕਦਾ ਹੋਵੇ)। ਤੀਰਥਿ ਨਾਇ=ਤੀਰਥਾਂ ਦੇ ਇਸ਼ਨਾਨ ਕੇ। ਖਟੁ ਕਰਮਾ=(ਮਿਥੇ ਹੋਏ) ਛੇ ਧਰਮ ਕਰਮ (ਪੜ੍ਹਨਾ, ਪੜ੍ਹਾਉਣਾ, ਵਿਦਿਆ-ਦਾਨ ਕਰਨਾ, ਮਾਇਆ-ਦਾਨ ਲੈਣਾ, ਜਗ ਕਰਨਾ, ਜਗ ਕਰਾਉਣੇ, ਇਹ ਛੇ ਕਰਮ ਬ੍ਰਾਹਮਣ ਹੀ ਕਰ ਸਕਦਾ ਹੈ]

੪੪- ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥੧॥੭॥ {੬੬੮}

੪੫- ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥ {੧੧੬੯}-੩

੪੬- ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥ ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥ ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥੩੭॥੬●॥ {੧੨੧੬}

ਸੋ “ ਚੁਨ ਚੁਨ ਕੰਠ ਕਰੈ ਨਿਤ ਸੋਈ ” ਗੁਰਮਤਿ ਨਹੀਂ ਸਗੋਂ ਇਹ ਕਚੇ ਬਚਨ ਹਨ । ਦਸਮ ਗ੍ਰੰਥ ਵਿਚੋਂ ਚੋਣ ਕਰਕੇ ਬਾਣੀ ਪੜ੍ਹਨ ਦਾ ਸਪੱਸ਼ਟ ਅਰਥ ਏਹੀ ਹੈ ਕਿ ਗ੍ਰੰਥ ਦੀ ਬਾਕੀ ਬਾਣੀ ਪੜ੍ਹਨ ਦੇ ਕਾਬਲ ਨਹੀਂ ਹੈ। ਉਸੇ ਬਾਣੀ ਵਿਚੋਂ, ਆਪਣੀ ਵਿਉਂਤ ਅਨੁਸਾਰ ਚੁਣ ਚੁਣ ਕੇ ਵਰਤੇ ਬਚਨਾਂ ਦੁਆਰਾ, ਕਿਸੇ ਗ੍ਰੰਥ ਦਾ ਕੇਵਲ ਇੱਕ ਪੱਖ ਪੇਸ਼ ਕਰਕੇ, ਪਾਠਕਾਂ ਦੇ ਮਨਾ ਵਿਚ ਇਕ-ਵਾਗਾ ਭਰਮ ਪੈਦਾ ਕਰ ਦੇਣ ਵਾਲਾ ਲਿਖਾਰੀ, ਸੁਹਿਰਦ ਨਹੀਂ ਮੰਨਿਆ ਜਾ ਸਕਦਾ। ‘ ਮਾਸੁ ਮਾਸੁ ਕਰਿ ਮੂਰਖੁ ਝਗੜੇ ’ ਪੁਸਤਕ ਤੁਸਾਂ ਵੀ ਪੜ੍ਹੀ ਹੈ। ਉਸ ਵਿਚ ਉਨ੍ਹਾਂ ਪ੍ਰਸਿੱਧ ਲਿਖਾਰੀਆਂ ਦੀ ਕੁਟਲਤਾ ਨੰਗੀ ਕੀਤੀ ਹੋਈ ਹੈ ਜਿਨ੍ਹਾਂ ਨੇ, ਲੋਕਾਂ ਦੇ ਮਨਾਂ ਵਿਚ ਮਾਸ ਖਾਣ ਬਾਰੇ ਘਿਰਣਾ ਪੈਦਾ ਕਰਨ ਦੀ ਨੀਯਤ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਆਪਣੇ ਮਤਲਬ ਦੀਆਂ ਪੰਗਤੀਆਂ ਚੁਣ ਕੇ ਵਰਤੀਆਂ ਹੋਈਆਂ ਸਨ। ਏਸੇ ਤਰ੍ਹਾਂ ਹੀ ਤੁਸੀਂ (ਪਿਆਰਾ ਸਿੰਘ ਪਦਮ ਨੇ) ਦਸਮ ਗ੍ਰੰਥ ਜੀ ਨੂੰ ਖ਼ਾਲਸਾ ਪੰਥ ਦੀ ਸਿਰਜਨਾ ਦਾ ਕੇਵਲ ਮਾਤ੍ਰ ਸਾਧਨ ਸਿੱਧ ਕਰਨ ਲਈ, ਆਪਣੇ ਮਤਲਬ ਦੀਆਂ ਚੌਪਈਆਂ, ਦੋਹਰੇ ਅਥਵਾ ਤੁਕਾਂ ਆਦਿ ਚੁਣ ਚੁਣ ਕੇ ਵਰਤੀਆਂ ਹੋਈਆਂ ਹਨ।

ਸਾਰੇ ਸੰਸਾਰ ਵਿਚ ਅੱਜ ਤੱਕ ਛਪੀਆਂ ਪੁਸਤਕਾਂ ਵਿਚੋਂ ਕੋਈ ਅਜੇਹੀ ਪੁਸਤਕ ਦੱਸੋ ਜਿਸ ਵਿਚੋ ਕੇਵਲ ਚੰਗੇ ਬਚਨ ਲੱਭ ਲੱਭ ਕੇ ਹੀ ਪੜ੍ਹਨ ਦੀ ਹਦਾਇਤ ਵੀ ਨਾਲ ਹੀ ਲਿਖੀ ਹੋਈ ਹੋਵੇ ? ਦਸਮ ਗ੍ਰੰਥ ਵਿਚੋਂ ਵੀ ਅਜੇਹੀ ਹਦਾਇਤ ਕਿਤੋਂ ਨਹੀਂ ਲੱਭੀ ਕਿ, “ **ਖ਼ਬਰਦਾਰ, ਇਸ ਗ੍ਰੰਥ ਵਿਚੋਂ ਚੰਗੀ ਬਾਣੀ ਚੁਣ ਚੁਣ ਕੇ ਹੀ ਪੜ੍ਹਨੀ ਹੈ ?** ਅਤੇ ਫਿਰ ਚੋਣ ਕਰਨ ਦਾ ਨਿਯਮ ਵੀ ਕਿਤੇ ਨਹੀਂ ਲਿਖਿਆ। ਕਿਸੇ ਗ੍ਰੰਥ ਵਿਚੋਂ ਚੋਣ ਕਿਸੇ ਨੇ ਕਿਹੋ ਜਿਹੀ ਕਰ ਲੈਣੀ ਹੈ, ਇਹ ਗ੍ਰੰਥ ਨੇ ਕਦੇ ਨਹੀਂ ਦੱਸਿਆ, ਇਹ ਤਾਂ ਪੜ੍ਹਨ ਵਾਲੇ ਦਾ ਮਨ ਹੀ ਜਾਣੇ? ਕਾਮ ਵਾਸਨਾ ਨੂੰ ਉਤੇਜਤ ਕਰਨ ਵਾਲੀ ਗੰਦੀ ਅਥਵਾ ਅਸ਼ਲੀਲ ਭਾਸ਼ਾ ਵਾਲਾ ਗ੍ਰੰਥ ਪੜ੍ਹਨ ਦੀ ਮਨਾਹੀ ਤਾਂ ਜ਼ਰੂਰ ਕੀਤੀ ਜਾਂਦੀ ਸੁਣੀ ਹੈ, ਪਰ ਗ੍ਰੰਥ ਵਿਚੋਂ ਚੰਗੀ ਬਾਣੀ ਚੁਣ ਚੁਣ ਕੇ ਪੜ੍ਹਨ ਵਾਲੀ ਅਨੋਖੀ ਗੱਲ ਕਿਸੇ ਸਿਆਸੀ ਜਾਂ ਧਾਰਮਿਕ ਆਗੂ ਨੇ ਨਾ ਕਦੇ ਕਹੀ ਹੈ ਅਤੇ ਨਾ ਅਜੇਹੀ ਕੱਚੀ ਗੱਲ ਕਿਤੋਂ ਲਿਖੀ ਹੀ ਮਿਲਦੀ ਹੈ। ਇਹ ਨਿਆਰੀ ਹਦਾਇਤ ਕੇਵਲ ਤੁਹਾਡੇ (ਪਦਮ ਸਾਹਿਬ ਦੇ) ਦਿਮਾਗ਼ ਦੀ ਹੀ ਉਪਜ ਲੱਗਦੀ ਹੈ ?

ਦਸਮ ਗ੍ਰੰਥ ਦੀ ਬਾਣੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੈਸਲੇ ਨੂੰ ਸਿਰ-ਮੱਥੇ ਤੇ ਰੱਖ ਲੈਣ ਵਾਲੀ ਗੁਰਮਤਿ-ਰੀਤ ਨੂੰ ਤਿਲਾਂਜਲੀ ਦੇ ਦੇਣੀ ਗੁਰਮੁਖਤਾਈ ਨਹੀਂ ਹੈ। ਅਤੇ ਫਿਰ, ਦਸਮ ਗ੍ਰੰਥ ਦੀ ਅੰਦਰੂਨੀ, ਸੱਚੀ ਅਤੇ ਪੂਰੀ ਪੂਰੀ ਤਸਵੀਰ ਪਾਠਕਾਂ ਸਾਹਮਣੇ ਰੱਖ ਕੇ ਉਨ੍ਹਾਂ ਦਾ ਫ਼ੈਸਲਾ ਲੈਣ ਦੀ ਗੱਲ ਨੂੰ ਵੀ ਛੱਡ ਛਡਾ ਕੇ, ਕੇਵਲ ਆਪਣੀ ਮਰਜ਼ੀ ਠੋਸਣ ਲਈ, ਮਰਜ਼ੀ ਅਨੁਸਾਰ ਚੁਣੀ ਹੋਈ ਬਾਣੀ ਵਰਤਦਿਆਂ, ਭੁਲੇਖਾ ਪਾਊ ਬੋਲੀ ਵਿਚ ਪੁਸਤਕਾਂ ਲਿਖਣ ਦਾ ਹੀ ਸਿੱਟਾ ਹੈ ਕਿ ਪੰਥ ਦੁਬਿਦਾ ਵਿਚ ਫਸਿਆ ਹੋਇਆ ਹੈ। ਆਪਣੇ ਸਤਿਗੁਰਾਂ ਦੇ ਹੁਕਮਾਂ ਦੇ ਅਨਕੂਲ ਚੱਲਣਾ ਹੀ ਅਸਲ ਗੁਰਸਿੱਖੀ ਹੈ:--

੪੭- ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥ {੮੩੬}-੫-੮

## ੧੭- ਦਸਮ ਗ੍ਰੰਥ ਜੀ ਵਿਚੋਂ ਚੁਣੀ ਬਾਣੀ ਦਾ ਦੂਜਾ ਪੱਖ ? ---

ਪਦਮ ਜੀਓ ! ਦਸਮ ਗ੍ਰੰਥ ਦੀ ਜਿਹੜੀ ਬਾਣੀ ਤੁਸਾਂ ਗੁਰੂ ਗ੍ਰੰਥ ਸਾਹਿਬ ਦੇ ਨਿਆਰੇ ਗਿਆਨ ਦੇ ਅਨਕੂਲ ਕਹਿ ਰਹੇ ਹੋ, ਅਸਲ ਵਿਚ ਉਹ ਗੁਰਬਾਣੀ ਦੇ ਆਸ਼ੇ ਦੇ ਪ੍ਰਤਿਕੂਲ ਸਿੱਧ ਹੋਈ ਤੁਸਾਂ ਆਪ ਵੇਖ ਲਈ ਹੈ। ਦੂਜੀ ਤਰ੍ਹਾਂ ਦੀ ਬਾਣੀ, ਜਿਸ ਨੂੰ ਵੀ ਤੁਸੀ ਅਨੂਪਮ ਕਹਾਣੀ ਦਾ ਅਨੂਪਮ ਭਾਗ ਹੀ ਲਿਖ ਰਹੇ ਹੋ, ਚੁਣ ਚੁਣ ਕੇ ਲਿਖ ਦੇਣ ਤੋਂ ਤੁਸੀਂ, ਕਿਸੇ ਵੀ ਦਲੀਲ ਨਾਲ ਨਹੀਂ ਰੋਕ ਸਕਦੇ।

ਕਥਿਤ ਵਜ਼ੀਰ ਜੋ ਕਥਿਤ ਰਾਜੇ ਨੂੰ ਕਹਾਣੀਆਂ ਸੁਣਾ ਰਿਹਾ ਸੀ ਉਨ੍ਹਾਂ ਦਾ ਜ਼ਿਕਰ ਕਰਦਿਆਂ ਤੁਸਾਂ ਆਪਣੀ ਪੁਸਤਕ ਦੇ ੪੩ ਸਫ਼ੇ ਤੇ ਇਉਂ ਦੇ ਸ਼ਬਦ ਵੀ ਲਿਖੇ ਹਨ--

> ਇਸ ਵਿਚ ਇਹ ਵੀ ਕਿਤੇ ਕਿਤੇ ਆਉਂਦਾ ਹੈ, ਕਿ ਫ਼ਲਾਣੀ ਔਰਤ ਨੇ, ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼
> ਕਰ ਦਿੱਤਾ, ਯਾ **ਉਸ ਨਾਲ ਐਸਾ ਕੀਤਾ**, ਇਹ ਸਭ ਕੁਝ ਕਹਾਣੀ ਦਾ ਹਿੱਸਾ ਹੈ, ਗੁਰੂ ਸਾਹਿਬ ਦੀ ਆਪਣੀ ਕਥਨੀ ਨਹੀਂ ।

(ੳ) ਪਦਮ ਸਾਹਿਬ ਜੀਓ ! ਪਤਾ ਨਹੀਂ ਤੁਸੀ ਜਾਣ ਬੁੱਝ ਕੇ, ਮੁੜ ਮੁੜ ਝੂਠ ਕਿਸ ਮਜਬੂਰੀ ਕਾਰਨ ਲਿਖੀ ਗਏ ਹੋ ? ਤੁਹਾਡੀ ਹੀ ਚੁਣੀ ਹੋਈ ੨੬੬ ਨੰਬਰ ਕਹਾਣੀ ਦਾਸ ਨੇ ਉੱਪਰ ੮ ਨੰਬਰ ਤੇ ਵਿਚਾਰੀ ਹੈ ਉਸ ਵਿਚ ਰਣਖੰਭ ਕਲਾ ਰਾਜਕੁਮਾਰੀ ਨੇ ਆਪਣੇ ਬ੍ਰਾਹਮਣ-ਗੁਰੂ ਨੂੰ ਸ਼ਰਾਬ ਅਤੇ ਭੰਗ ਬੇਹੋਸ਼ ਕਰਨ ਲਈ ਨਹੀਂ ਸੀ ਪਿਆਈ, ਸਗੋਂ ਉਸ ਨੂੰ ਮਹਾਂਕਾਲ ਦਾ ਸਿੱਖ ਬਨਾਉਣ ਲਈ (ਸ਼ਰਾਬ ਅਤੇ, ਭੰਗ ਸ਼ਾਇਦ ਪਾਹੁਲ ਦੇ ਤੌਰ ਤੇ) ਪਿਲਾਏ ਸਨ, ਯਥਾ -" **ਮਹਾਂਕਾਲ ਕੋ ਸਿੱਖਯ ਕਰਿ ਮਦਰਾ ਭਾਂਗ ਪਿਵਾਇ ॥੧੨੫॥"** [ਚਰਿ-੨੬੬]

(ਅ) " ਉਸ ਨਾਲ ਐਸਾ ਕੀਤਾ " ਅਸ਼ੀਲਲਤਾ ਦਾ ਸੰਕੇਤ ਮਾਤ੍ਰ ਬੜਾ ਠੀਕ ਇਸ਼ਾਰਾ ਹੈ। ਉਂਜ ਭੋਗ ਕੀਤਾ, ਮੰਦਾ ਕੀਤਾ, ਪਤਿ ਲੁੱਟੀ, ਸੰਗ ਕੀਤਾ, ਆਦਿ ਕਈ ਤਰ੍ਹਾਂ ਨਾਲ, ਉਹੀ ਮਤਲਬ ਹੱਲ ਹੋ ਸਕਦਾ ਹੈ। ਜਿਵੇ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਵਿਚੋਂ -**ਪਰ ਧਨ ਪਰ ਨਾਰੀ ਰਤੁ ਨਿੰਦਾ, ਬਿਖੁ ਖਾਈ ਦੁਖੁ ਪਾਇਆ ॥** [ਮਲਾਰ ਮ: ੧ ਅਤੇ,-- **ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ, ਤੈਸੋ ਹੀ ਇਹ ਪਰ ਗ੍ਰਿਹ** । [ਆਸਾ ਮ: ੫ ਦੋ ਪੰਗਤੀਆਂ ਲਿਖੀਆਂ ਹਨ--ਏਹੀ ਅਰਥ ਸਮਝਾਉਣ ਲਈ ਗੁਰਬਾਣੀ ਵਿਚ ਅਜੇਹੇ ਹੋਰ ਬਚਨ ਵੀ ਹਨ ਜਿਵੇ--

੪੮- **ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥** {੧੧੬੩}-੨

ਭਗਤ ਨਾਮ ਦੇਵ ਜੀ ਦੇ ਇਸ ਗੁਰੂ ਫ਼ੁਰਮਾਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਪਰਾਈ ਇਸਤ੍ਰੀ ਦਾ ਸੰਗ ਸਤਿਗੁਰਾਂ ਤੋਂ, ਸੈਂਕੜੇ ਸਾਲ ਪਹਿਲਾਂ ਹੀ ਦੁਸ਼ਕਰਮ ਮੰਨਿਆਂ ਜਾਂਦਾ ਆ ਰਿਹਾ ਸੀ ।

੪੯- **ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥ ਜੈਸੇ ਸਿੰਬਲੁ ਦੇਖਿ
ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਲਪਟਾਨਾ ॥੧॥ ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥**{੧੧੬੪} -੨-੮

੫●- **ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥ ਪਰ ਧਨ ਪਰ ਨਾਰੀ ਰਤੁ
ਨਿੰਦਾ ਬਿਖੁ ਖਾਈ ਦੁਖੁ ਪਾਇਆ ॥ ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ
ਮਾਇਆ ॥ ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥** {੧੨੫੫}-੩

੫੧- **ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥** {੧੩੪੮}-੨

੫੨- **ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥ ਉਦਮੁ ਕਰੈ ਸੁਆਨ ਕੀ ਨਿਆਈ
ਚਾਰੇ ਕੁੰਟਾ ਘੋਖਾ ॥੨॥ ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥ ਦਿਨ ਪ੍ਰਤਿ ਕਰੈ
ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥੩॥ ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥
ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥੪॥੬॥** {੬੭੨}

੫੩- **ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬ ਕਉਣੁ ਪੜਦਾ ਤੇਰਾ ਢਾਕੈ ॥੩॥ ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥
ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥੪॥੧੫॥੨੬॥**{੬੧੬}

੫੪- **ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ
ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥**{੬੩੧}-੩

੫੫- **ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥
ਸਾਧ ਕੀ ਟਹਲ ਸੰਤਸੰਗਿ ਹੇਤ ॥ ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥ ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥**

**ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥** {੨੭੪}-ਅਸ-੯

੫੬- **ਨਉਮੀ ਨਵੇ ਛਿਦ੍ਰ ਅਪਵੀਤ ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥ ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥ ਹਿਰਹਿ ਪਰ ਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥** {੨੯੮}

੫੭- **ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥**
**ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੩॥**{੪●੨}-੩-੧੨੫

ਕੁਝ ਹੋਰ ਅਜੇਹੇ ਸ਼ਬਦਾਂ ਦੀ ਸੂਚੀ ਜਿਨ੍ਹਾਂ ਵਿਚ ਪਰ ਇਸਤ੍ਰੀ-ਗਾਮੀ ਹੋਣ ਤੋਂ ਅਥਵਾ ਪਰ ਘਰ ਜਾਂ ਪਰ ਇਸਤ੍ਰੀ ਤੇ ਬੁਰੀ ਨਜ਼ਰ ਰੱਖਣ ਤੋਂ ਰੋਕਿਆ ਹੈ--

੧=[੨੪]-੨੯ ੨=[੧੫੪]-੧- ੩=[੪੨੫]-੮੭੩]-੨ ੩=[੯੭੧]-੮ ੫=[੧੦੧੨]-੭ ੬=[੬੭੨]-੬ ੭=[੬੧੬]-੧੫-੨੬ ੮=[੬੩੨]-੩ ੯=[੬੩੨]-੭ ੧੦=[੯੦੩]-੩
੧੧=[੧੦੦੧]-੧੧ ੧੨=[।੨੬]-੨ ੧੩=[੨੯੮]-੯ ੧੪=[੩੧੫]-ਵਾ-੨੭ ੧੪=[੯੩]- ੧੬=[ਓ੩]-੫-੧੨੭ ੧੭=[੬੭੨]-੬ ੧੮=[੧੩੬੨]੮ ੧੯=੧੨੩੦]-੪ ੨੦=[੨੧੩]-੧-੧੫੪

ਇਹ ਵਣਗੀ ਮਾਤ੍ਰ ਉਹ ਸ਼ਬਦਾਵਲੀ ਹੈ ਜੋ ਦਸਮ ਗੁਰੂਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਹਿਲੇ ਸਰੂਪਾਂ ਵਿਚ ਅਸ਼ਲੀਲਤਾ ਦਰਸਾਉਂਣ ਲਈ ਵਰਤਦੇ ਰਹੇ ਹਨ। ਤੁਸਾਂ (ਪਦਮ ਸਾਹਿਬ ਨੇ) ਵੀ ਏਹੀ ਪ੍ਰਭਾਵ ਦਿੱਤਾ ਹੈ ਕਿ ਇਸ ਚਰਿਤ੍ਰੋ ਪਖਯਾਨ ਗ੍ਰੰਥ ਦੀ ਕਹਾਣੀ ਵਿਚਲੀ ਕਿਸੇ ਅਸ਼ਲੀਲਤਾ ਦਾ ਪ੍ਰਗਟਾਵਾ--" **ਉਸ ਨਾਲ ਐਸਾ ਕੀਤਾ** " ਵਰਗੀ ਭਾਸ਼ਾ ਵਿਚ ਹੀ ਕੀਤਾ ਹੈ। ਅਤੇ ਫਿਰ ਤੁਸਾਂ-"**ਕਿਤੇ ਕਿਤੇ ਆਉਂਦਾ** ' ਲਿਖ ਕੇ ਪਾਠਕਾਂ ਨੂੰ ਇਹ ਪ੍ਰਭਾਵ ਵੀ ਨਾਲ ਹੀ ਦਿੱਤਾ ਹੋਇਆ ਹੈ ਕਿ, ਅਜੇਹੀ ਮਾੜੀ ਮੋਟੀ ਅਸ਼ਲੀਲਤਾ ਕਿਤੇ ਵਿਰਲੀ ਹੀ ਆਉਂਦੀ ਹੈ। ਪਰ ਗ੍ਰੰਥ ਪੜ੍ਹਨ ਤੋਂ ਤੁਹਾਡੀਆਂ ਦੋਵੇਂ ਗੱਲਾਂ ਬਿਲਕੁਲ ਹੀ ਝੂਠੀਆਂ ਅਤੇ ਜਾਣ ਬੁੱਝ ਕੇ ਕੁਰਾਹੇ ਪਾਉਣ ਦੇ ਯਤਨ ਵਾਲੀਆਂ ਸਿੱਧ ਹੋਈਆਂ ਹਨ। ਸੋ ਗ੍ਰੰਥ ਦਾ ਇਹ ਪੱਖ ਵੀ ਤੁਹਾਡੇ ਹੀ ਮਿਥੇ **ਚੁਨ ਚੁਨ ਕੇ** ਵਾਲੇ ਅਸੂਲ ਦੁਆਰਾ ਲਿਖਣਾ ਜ਼ਰੂਰੀ ਬਣ ਗਿਆ ਹੈ, ਤਾਂ ਜੋ ਪਾਠਕਾਂ ਦੀ ਕਚਹਿਰੀ ਵਿਚ ਪੁੱਜਣ ਤੋਂ ਪਹਿਲਾਂ ਤੁਸੀ ਆਪਣਾ ਪੱਖ ਲਿਖ ਕੇ ਦਾਸ ਵਲੋਂ ਕਿਸੇ (ਭੁਲੇਖੇ ਨਾਲ ਵੀ ਹੋਈ) ਮੂਰਖਤਾਈ ਤੇ **ਆਪਣੀ ਚਾਤੁਰ ਬੁਧੀ ਦਾ ਰੰਗ ਚਾੜ੍ਹ ਕੇ ਉਸ ਨੂੰ ਉਜਾਗਰ ਰੂਪ ਵਿਚ ਪਾਠਕਾਂ ਦੇ ਸਾਹਮਣੇ ਪੇਸ਼ ਕਰ** ਸਕੋ:--

## ੧੮- ਚਰਿੱਤ੍ਰ ੧੧੧ " ਕਥਾ ਰਾਣੀ ਰਾਜਪ੍ਰਭਾ "

ਬੜਾ ਹੀ ਸੁੰਦਰ-ਸਰੂਪ ਰਾਜਾ ਦੁਰਜਨ ਸਿੰਘ, ਹਰਨ ਦਾ ਪਿੱਛਾ ਕਰਦਾ ਹੋਇਆ, ਰਾਜਪ੍ਰਭਾ ਦੇ ਮਹਲ ਕੋਲ ਆ ਨਿਕਲਿਆ । ਚੰਦ ਨੂੰ ਛੂਹੰਦਾ ਇਹ ਸੁੰਦਰ ਮਹਿਲ ਜਮੁਨਾ ਨਦੀ ਦੇ ਕੰਢੇ ਤੇ ਬਣਿਆ ਹੋਇਆ ਸੀ। ਮਹਲ ਦੇ ਕੋਲ ਪੁੱਜਣ ਤੱਕ ਹਰਨ ਥੱਕ ਗਿਆ ਸੀ। ਰਾਜੇ ਨੇ ਉਸ ਨੂੰ ਸਿੰਗਾਂ ਤੋ ਜਾ ਫੜਿਆ। ਰਾਜਕੁਮਾਰੀ ਰਾਜਪ੍ਰਭਾ ਇਹ ਕੋਤਕ ਵੇਖ ਕੇ ਰਾਜੇ ਤੇ ਮੋਹਤ ਹੋ ਗਈ ਅਤੇ ਉਸ ਨਾਲ ਪ੍ਰੀਤ ਨਾਤਾ ਜੋੜ ਲਿਆ। ਫਿਰ ਰਾਧਾ ਅਤੇ ਕ੍ਰਿਸ਼ਨ ਦਾ ਦ੍ਰਿਸ਼ਟਾਂਤ ਦੇ ਕੇ ਪਾਠਕਾਂ ਲਈ ਜੋ ਉਪਦੇਸ਼ ਹੈ, ਅਰਥਾਂ ਸਮੇਤ ਉਸ ਦੇ ਦਰਸ਼ਨ ਕਰ ਲਉ:--

**ਐਸੀ ਫਬਤ ਦੁਹੁੰਨ ਕੀ ਜੋਰੀ ॥ ਜਨੁਕ ਕ੍ਰਿਸ਼ਨ ਬ੍ਰਿਖਭਾਨ ਕਿਸ਼ੋਰੀ ॥**
**ਦੁਹੂੰ ਹਾਥ ਤਿਹੁ ਕੁੱਚਨ ਮਰੋਰੈ ॥ ਜਨੁ ਖੋਯੋ ਨਿਧਨੀ ਧਨੁ ਟੋਰੈ ॥ ੧੨ ॥**
**ਬਾਰ ਬਾਰ ਤਿਹ ਗਰੇ ਲਗਾਵੈ ॥ ਜਨੁ ਕੰਦ੍ਰਪ ਕੋ ਦ੍ਰਪ ਮਿਟਾਵੈ ॥**
**ਭੋਗਤ ਤਾਂਹਿ ਜੰਘ ਲੈ ਕਾਂਧੇ ॥ ਜਨੁ ਦਵੈ ਮੈਨ ਤਰਕਸਨ ਬਾਂਧੇ ॥** ੧੩ ॥

**ਅਰਥ**:--ਦੋਹਾਂ ਦੀ ਜੋੜੀ ਇਸ ਤਰ੍ਹਾਂ ਫੱਬਦੀ ਸੀ ਮਾਨੋਂ ਬ੍ਰਿਖ ਭਾਨ ਦੀ ਧੀ (ਰਾਧਾ) ਅਤੇ ਕ੍ਰਿਸ਼ਨ ਹੋਣ। ਉਸ ਦੋਹਾਂ ਹਥਾਂ ਨਾਲ ਮੱਮੇ (=ਕੁਚਨ) ਇਸ ਤਰ੍ਹਾਂ ਮਰੋੜ ਰਿਹਾ ਸੀ ਮਾਨੋਂ ਕੋਈ ਗ਼ਰੀਬ, (ਉਨ੍ਹਾਂ ਮੱਮੀਆਂ ਵਿਚੋਂ) ਧਨ ਲੱਭ ਰਿਹਾ ਹੋਵੇ ।੧੨। ਰਾਜਾ ਬਾਰ ਬਾਰ ਉਸ ਨੂੰ ਗਲ ਨਾਲ ਲਾਉਂਦਾ ਸੀ, ਮਾਨੋਂ ਕਾਮਦੇਵ ਦਾ ਹੰਕਾਰ ਮਿਟਾ ਰਿਹਾ ਹੋਵੇ। ਦੋਹਾਂ ਲੱਤਾਂ ਨੂੰ ਮੋਢਿਆਂ ਤੇ ਰਖਕੇ ਉਹ ਇੰਝ ਲਗ ਰਿਹਾ ਸੀ ਜਿਵੇਂ ਕਾਮਦੇਵ ਨੇ ਦੋ ਤੀਰ ਕਮਾਨ ਬੱਧੇ ਹੋਣ । ੧੩ ।

ਕਿੱਡੀ ਹੈਰਾਨੀ ਦੀ ਗੱਲ ਹੈ ਕਿ, ਇਕ ਪਾਸੇ ਤਾਂ **ਤੀਰ** ਨੂੰ **ਪੀਰ** ਕਿਹਾ ਜਾ ਰਿਹਾ ਹੈ, ਅਤੇ ਏਥੇ ਮੋਢੇ ਤੇ ਰਖੀਆਂ ਇਸਤ੍ਰੀ ਦੀ ਟੱਗਾਂ ਦੀ ਉਪਮਾਂ ਵੀ ਉਸੇ ਪੀਰ (ਮੈਨ-ਤੀਰ) ਨਾਲ ਹੀ ਦਿੱਤੀ ਜਾ ਰਹੀ ਹੈ। ਅਜੇਹਾ ਬੇਦਲੀਲਾ **ਕੱਚ** ਅਤੇ ਬੇਸ਼ਰਮ ਵਿਕਾਰੀਆਂ ਵਾਲੀ ਭਾਸ਼ਾ, ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜੀ ਰੱਖਣ ਲਈ ਜ਼ਿੱਦ ਕਰਨ ਵਾਲੇ ਕੀ ਗੁਰਸਿੱਖੀ ਦੇ ਸੱਜਣ ਹਨ ?|--

**ਭਾਂਤਿ ਭਾਂਤਿ ਸੌ ਚੁੰਬਨ ਕੀਨੇ ॥ ਭਾਂਤਿ ਭਾਂਤਿ ਆਸਨ ਤ੍ਰਿਯ ਦੀਨੇ ॥**
**ਗਹਿ ਗਹਿ ਤਾ ਸੌ ਗਰੇ ਲਗਾਈ ॥ ਮਾਨਹੁ ਰੰਕ ਨਵੈ ਨਿਧਿ ਪਾਈ ॥ ੧੪ ॥**

**ਅਰਥ**:-ਕਈ ਪ੍ਰਕਾਰ ਦੇ ਚੁੰਮਣ ਕੀਤੇ ਅਤੇ ਕਈ ਪ੍ਰਕਾਰ ਦੇ ਆਸਣ ਬਾਣਾਏ, ਬਾਰ ਬਾਰ ਉਸਨੂੰ ਫੜਕੇ ਗਲ੍ਹ ਨਾਲ ਲਾਇਆ, ਮਾਨੋਂ ਕਿਸੇ ਰਿਧਨ ਨੂੰ ਖ਼ਜ਼ਾਨਾਂ ਮਿਲ ਗਿਆ ਹੋਵੇ ।

**ਸਵੈਯਾ ॥ ਮੀਤ ਅਲਿੰਗਨ ਆਸਨ ਚੁੰਬਨ ਕੀਨੈ ਅਨੇਕ ਤੇ ਕੌਨ ਗਨੈ ॥**
**ਮੁਸਕਾਤ ਲਜਾਤ ਕਛੂ ਲਲਤਾ ਸੁ ਬਿਲਾਸ ਲਸੈ ਪਿਯ ਸਾਥ ਤਨੈ ॥**
**ਝਮਕੈ ਜਰ ਜੇਬ ਜਰਾਇਨ ਕੀ ਦਮਕੈ ਮਨੋ ਦਾਮਿਨ ਬੀਚ ਘਨੈ ॥**
**ਲਖਿ ਨੈਕੁ ਪ੍ਰਭਾ ਸਜਨੀ ਸਭ ਹੀ ਇਹ ਭਾਂਤਿ ਰਹੀ ਅਤਿ ਰੀਸਿ ਮਨੈ ॥ ੧੫ ॥**

**ਅਰਥ:**--ਆਪਣੇ ਮਿੱਤਰ ਨਾਲ ਉਸ ਨੇ ਕਈ ਪ੍ਰਕਾਰ ਦੇ ਚੁੰਮਣ ਅਤੇ ਆਸਣ ਕੀਤੇ। ਉਹ ਇਸਤਰੀ ਮੁਸਕਰਾਉਂਦੀ ਸ਼ਰਮਾਉਂਦੀ ਆਪਣੇ ਪ੍ਰੀਤਮ ਦੇ ਸਰੀਰ ਨਾਲ ਲੱਗੀ ਰਹੀ। ਉਸ ਦੇ ਜਰੀ ਵਾਲੇ ਕਪੜੇ ਇੰਜ ਚਮਕ ਰਹੇ ਸਨ ਜਿਵੇਂ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੋਵੇ। ਉਸਦੇ ਰੂਪ ਨੂੰ ਵੇਖ ਕੇ ਸਭ ਸਖੀਆਂ ਈਰਖਾ ਕਰ ਰਹੀਆਂ ਸਨ । ੧੫ ।

**ਹੇ ਨੀਲ ਅਨੀਲ ਨੂੰ ਪਿੱਛੇ ਛੱਡ ਤੁਰੇ, ਪਦਮ** ਸਾਹਿਬ ਜੀਓ ! ਕਿਰਪਾ ਸਹਿਤ ਬਾਰ ਬਾਰ ਲਿਖੇ ਜਾ ਰਹੇ " **ਕਈ ਪ੍ਰਕਾਰ ਦੇ ਅਲਿੰਗਨ, ਚੁੰਮਣ** ਅਤੇ **ਆਸਣਾ** ਦਾ ਵੇਰਵਾ ਜ਼ਰੂਰ ਲਿਖ ਭੇਜਣਾ ਜੀ। ਪੰਡਿਤ ਨਰੈਣ ਸਿੰਘ ਜੀ ਟੀਕਾਕਾਰ ਜੀਊਂਦੇ ਹੁੰਦੇ ਤਾਂ ਉਨ੍ਹਾਂ ਤੋਂ ਹੀ ਪੁੱਛ ਲੈਂਦਾ। ਕੌਮ

ਦੇ ਗਭਰੂਆਂ ਦੇ ਆਚਰਨ ਦਾ ਘਾਤ ਕਰਨ ਵਾਲੀ ਸਿਖਲਾਈ ਦੇਣ ਲਈ, ਝੂਠੇ ਅਤੇ ਭਰਮਾਊ ਸ਼ਬਦਾਂ ਦੁਆਰਾ ਇਸ ਗ੍ਰੰਥ ਦੇ ਪੜ੍ਹਨ ਦਾ ਮਨਾਂ ਵਿਚ ਸ਼ੌਕ ਪੈਦਾ ਕਰਨ ਲਈ, ਉਨ੍ਹਾਂ (ਪੰਡਿਤ ਨਰੈਣ ਸਿੰਘ) ਦੇ ਪਿੱਛੋਂ ਸਿੱਖ ਪੰਥ ਵਿਚ ਸ਼ਾਇਦ ਤੁਹਾਡੇ ਜਿਹਾ ਵਿਦਵਾਨ ਹੋਰ ਕੋਈ ਨਹੀਂ ਰਿਹਾ ਹੈ ?

**ਕੰਚਨ ਸੇ ਤਨ ਹੈ ਰਮਨੀਯ ਦ੍ਰਿਗਚਲ ਚੰਚਲ ਹੈ ਅਨਿਯਾਰੇ ॥**
**ਕੰਜਨ ਸੇ ਮਨ ਰੰਜਨ ਰਾਜਤ ਕੰਜਨ ਸੇ ਅਤਿ ਹੀ ਕਜਰਾਰੇ ॥**
**ਰੀਝਤ ਦੇਵ ਅਦੇਵ ਲਖੇ ਛਬਿ ਮੈਨ ਮਨੋ ਦੋਊ ਸਾਂਚਨ ਢਾਰੇ ॥**
**ਜੋਬਨ ਜੇਬ ਜਗੇ ਅਤਿ ਹੀ ਸੁਭ ਬਾਲ ਬਨੇ ਦ੍ਰਿਗ ਲਾਲ ਤਿਹਾਰੇ ॥**
**ਜੋਬਨ ਜੇਬ ਜਗੇ ਅਤਿ ਹੀ ਸੁਭ ਬਾਲ ਬਨੇ ਦ੍ਰਿਗ ਲਾਲ ਤਿਹਾਰੇ ॥ ੧੬ ॥**

**ਦੋਹਰਾ ॥ਪ੍ਰੀਤ ਦੁਹਨ ਕੀ ਅਤਿ ਬਢੀ ਤ੍ਰੀਯ ਪਿਯਾ ਕੇ ਮਾਂਹਿ ॥ ਪਟ ਛੂਟਯੋ ਨਿਰਪਟ ਭਏ ਹਹਯੋ ਕਪਟ ਕਛੁ ਨਾਹਿ ॥੧੭॥**

**ਅਰਥ:**--ਉਸਦਾ ਸੋਨੇ ਵਰਗਾ ਸੁੰਦਰ ਸਰੀਰ ਤੇ ਨੈਣ ਸਨ ਜਿਹੜੇ ਕਿ ਕੰਜਨ ਵਾਂਗ ਹਰ ਇਕ ਦਾ ਦਿਲ ਮੋਹ ਲੈਣ ਵਾਲੇ ਸਨ। ਉਨ੍ਹਾਂ ਨੂੰ ਵੇਖਕੇ ਦੇਵ-ਦਾਨਵ ਵੀ ਸਭ ਪ੍ਰਸੰਨ ਹੋ ਰਹੇ ਸਨ ਕਿ ਸ਼ਇਦ ਇਕੋ ਸੱਚੇ ਨਾਲ ਦੋ (ਭੋਗ ਵਿਲਾਸ ਵਿਚ ਜੁੱਟੇ ਹੋਣ ਕਰਕੇ ਰਾਜਾ ਤੇ ਰਾਣੀ ਦੋਵੇ?) **ਕਾਮਦੇਵ** ਬਣਾਏ ਹਨ। ਹੇ ਪ੍ਰੀਤਮ ਜੋਬਨ ਵਿਚ ਤੁਹਾਡੇ ਇਹ ਦੋਵੇਂ ਨੈਣ ਲਾਲ ਲਾਲ ਦਿਖਾਈ ਦੇ ਰਹੇ ਹਨ ਅਤੇ ਬੜੇ ਸੋਹਣੇ ਲੱਗ ਰਹੇ ਹਨ। ੧੬ । ਪ੍ਰੇਮੀ ਅਤੇ ਪ੍ਰੇਮਕਾ ਦੀ ਏਨੀ ਪ੍ਰੀਤ ਵਧੀ ਕਿ ਹੁਣ ਕੋਈ ਵੀ ਭੇਤ ਬਾਕੀ ਨਾ ਬਚਿਆ ਅਤੇ ਬਿਨਾ ਸ਼ੱਕ ਉਹ ਇਕ ਦੂਜੇ ਦੇ ਹੋ ਗਏ । ੧੭।

ਕੀ ਇਹ ਕਾਮ-ਤਮਾਸ਼ਾ ਖੁਲ੍ਹੇ ਅਸਮਾਨ ਹੇਠ ਹੋ ਰਿਹਾ ਸੀ, ਜੋ ਅਸਮਾਨੀ ਵੱਸਦੇ ਦੇਵ-ਦਾਨਵ ਵੀ ਮੌਜਾਂ ਮਾਣ ਰਹੇ ਸਨ? ਕੀ ਇਹ ਸਾਰਾ ਗੁਰੂ ਉਪਦੇਸ਼ ਹੀ ਹੈ ਜੀ ? ਅੱਗੇ ਵੇਖੀਏ---

**ਭਾਂਤਿ ਭਾਂਤਿ ਆਸਨ ਕਰੈਂ ਤਰੁਨ ਤਰੁਨਿ ਲਪਟਾਇ ॥ ਮੋਦ ਦੁਹਨ ਕੋ ਅਤਿ ਬਢਯੋ ਗਨਨਾਂ ਗਨੀ ਨ ਜਾਇ ॥ ੧੮ ॥**

**ਅਰਥ:**--ਉਸ ਕਈ ਪ੍ਰਕਾਰ ਦੇ ਆਸਨ ਬਣਾ ਕੇ ਇਕ ਦੂਸਰੇ ਨੂੰ**...**। ਦੋਹਾ ਵਿਚ ਮੋਦ (=ਆਨੰਦ, ਖ਼ੁਸ਼ੀ, ਮਜ਼ਾ) ਏਨਾ ਵਧ ਗਿਆ ਕਿ ਅਨੁਮਾਨ ਨਹੀਂ ਸੀ ਲਾਇਆ ਜਾ ਸਕਦਾ ।

**ਚੌਪਈ ॥**

**ਚਿਮਟਿ ਚਿਮਟਿ ਨ੍ਰਿਪ ਕੇਲ ਕਮਾਵੈ ॥ ਲਪਟਿ ਲਪਟਿ ਤਰੁਨੀ ਸੁਖੁ ਪਾਵੈ ॥**
**ਬਹਸਿ ਬਹਸਿ ਆਲਿੰਗਨ ਕਰਹੀ ॥ ਭਾਂਤਿ ਭਾਂਤਿ ਸੌ ਬਚਨ ਉਚਰਹੀ ॥ ੧੯ ॥**

**ਅਰਥ:**--ਚੰਬੜ ਚੰਬੜ ਕੇ ਰਾਜਾ ਪ੍ਰੇਮ ਕ੍ਰੀੜਾ ਕਰਦਾ ਸੀ ਅਤੇ ਲਿਪਟ ਲਿਪਟ ਕੇ ਇਸਤਰੀ ਸੁਖ ਪਾਉਂਦੀ ਸੀ। ਮੁਸਕਰਾ ਕੇ ਉਹ ਇਕ ਦੂਸਰੇ ਨੂੰ ਮਿਲਦੇ ਅਤੇ ਕਈ ਪ੍ਰਕਾਰ ਦੀਆਂ ਗੱਲਾਂ ਕਰਦੇ ਰਹਿੰਦੇ । ੧੯ ।

**ਦੋਹਰਾ ॥ ਭਾਂਤਿ ਭਾਂਤਿ ਆਸਨ ਕਰੈ ਭਾਂਤਿ ਭਾਂਤਿ ਸੁਖ ਪਾਏ ॥**
**ਲਪਟਿ ਲਪਟਿ ਸੁੰਦਰ ਰਮੈਂ ਚਿਮਟ ਚਿਮਟ ਤ੍ਰਿਯ ਜਾਇ ॥ ੨੦॥**

**ਅਰਥ:**--ਕਈ ਪ੍ਰਕਾਰ ਦੇ ਆਸਣਾਂ ਤੋਂ ਸੁਖ ਪ੍ਰਾਪਤ ਕਰਦੇ ਪ੍ਰੇਮੀ ਅਤੇ ਪ੍ਰੇਮਕਾ ਲਿਪਟ ਲਿਪਟ ਅਤੇ ਚਿਮਟ ਚਿਮਟ ਕਾਮ ਕ੍ਰੀੜਾ ਕਰ ਰਹੇ ਸਨ ।

ਜਵਾਨ ਪਾਠਕਾਂ ਵਿਚ ਕਾਮ ਉਤੇਜਣਾ ਲਿਆ ਕੇ ਹੁਣ ਦੂਜੇ ਪ੍ਰਕਾਰ ਦੀ ਗੁਰਸਿਖ਼ਸ਼ਾ ? :--

**ਚੌਪਈ ॥ ਭਾਂਤਿ ਭਾਂਤਿ ਕੇ ਅਮਲ ਮੰਗਾਏ ॥ ਬਿਬਿਧਿ ਬਿਧਨ ਪਕਜਵਾਨ ਪਕਾਏ ॥**
**ਦਾਰੂ ਪੋਸਤ ਔਰ ਧਤੂਰੋ ॥ ਪਾਨ ਡਰਾਇ ਕੁਸੰਭੜੋ ਰੂਰੋ ॥ ੨੧ ॥**

**ਅਰਥ:**--ਕਈ ਪ੍ਰਕਾਰ ਦੇ ਨਸ਼ੀਲੇ ਪਦਾਰਥ ਮੰਗਵਾਏ ਗਏ ਕਈ ਪ੍ਰਕਾਰ ਦੇ ਪਕਵਾਨ ਪਕਾਏ ਗਏ। ਸ਼ਰਾਬ ਧਤੂਰਾ ਅਤੇ ਪਾਨ ਮੰਗਵਾਏ ਗਏ। ੨੧ ।

**ਦੋਹਰਾ ॥ ਅਮਿਤ ਆਫੂਆ ਕੀ ਬਰੀ ਖਾਇ ਚੜ੍ਹਾਈ ਭੰਗ ॥**
**ਦੁਤਰ ਪਹਰ ਭਗਯੋ ਤ੍ਰਿਯਹਿ ਤਉ ਨ ਮੁਚਯੋ ਅਨੰਗ ॥ ੨੨**

**ਅਰਥ:**--ਤੇਜ ਅਫ਼ੀਮ (=ਆਫੂਆ) ਦੀ ਵੱਡੀ ਗੋਲੀ ਖਾ ਕੇ ਉਹ ਚਾਰ ਪਹਿਰ ਤੱਕ ਕਾਮ-ਭੋਗ ਵਿਚ ਲੱਗੇ ਰਹੇ ਪਰ ਫਿਰ ਵੀ ਕਾਮ ਦੀ ਤਸੱਲੀ ਨਹੀਂ ਹੋਈ । ੨੨ ।

੩੧ਵੀ ਚੌਪਈ ਤੱਕ ਏਹੀ ਕਾਮ ਕ੍ਰੀੜੀ ਦਾ ਅਤੇ ਉਨ੍ਹਾਂ ਦੋਹਾਂ ਦੇ ਹੁਸਨ ਦਾ ਹੀ ਗੁਨ ਗਾਇਨ ਹੈ। ੩੨ਵੀ ਚੌਪਈ ਵਿਚ ਇਹ ਲਿਖਿਆ ਹੈ ਕਿ ਰਾਜਾ ਅਤੇ ਰਾਜਕੁਮਾਰੀ ਦੀ ਇਹ ਕਰਤੂਤ ਵੇਖ ਕੇ ਇਕ ਗੋਲੀ ਏਡੀ ਈਰਖਾਲੂ ਹੋ ਗਈ ਕਿ ਉਸ ਨੇ ਸਾਰੀ ਗੱਲ ਰਾਜਕੁਮਾਰੀ ਦੇ ਪਿਤਾ (ਉਥੋਂ ਦੇ ਰਾਜੇ) ਨੂੰ ਜਾ ਦੱਸੀ। ਉਹ ਕ੍ਰੋਧਵਾਨ ਹੋ ਕੇ ਆ ਗਿਆ। ਪਿਤਾ ਰਾਜੇ ਦੇ ਕ੍ਰੋਧਵਾਨ ਹੋ ਜਾਣ ਦੀ ਖ਼ਬਰ, ਰੰਗਰਲੀਆਂ ਮਨਾ ਰਹੇ ਜੋੜੇ ਕੋਲ ਵੀ ਪੁਜ ਗਈ। ਆਪਣੇ ਯਾਰ ਰਾਜੇ ਦੇ ਕਹਿਣ ਤੇ ਰਾਜਕੁਮਾਰੀ ਨੇ ਵਿਹੜੇ ਵਿਚ ਸੇਜ ਵਿਛਾ ਦਿੱਤੀ ਅਤੇ ਰਾਜੇ ਨੂੰ ਤੀਰ ਕਮਾਨ ਲਿਆ ਫੜਾਇਆ। ਤਾਜ਼ੀ ਵਿਛਾਈ ਉਸ ਸੇਜ ਉਤੇ ਫਿਰ ਉਹੀ ਕਾਰਾ:--**ਭਾਂਤਿ ਭਾਂਤਿ ਕੇ ਭੋਗਨ ਭਰਹੀ ॥ ਜਿਯ ਅਪਨੇ ਕੋ ਤ੍ਰਾਸ ਨ ਕਰਹੀ ॥ ੪੪ ॥** ਫੜਨ ਆ ਰਹੇ ਰਾਜੇ ਤੋਂ ਨਿਡਰ ਹੋ ਕੇ ਭੋਗ ਬਿਲਾਸ ਕਰਦੇ ਰਹੇ।

ਏਨੇ ਨੂੰ ਉਥੇ ਚਕਵਾ ਅਤੇ ਚਕਵੀ ਆ ਗਏ। ਰਾਜੇ ਨੇ ਖੱਬੇ ਅਤੇ ਸੱਜੇ ਹੱਥ ਨਾਲ ਤੀਰ ਚਲਾ ਕੇ ਦੋਹਾਂ ਨੂੰ ਮਾਰ ਲਿਆ ਅਤੇ ਭੁੰਨ ਕੇ ਦੋਹਾਂ ਨੇ ਰਲ ਕੇ ਖਾ ਲਏ। ਫਿਰ ਉਹੀ ਚੁਦਾਈ-ਧੰਦਾ ?--**ਤਿੰਨ ਦੁਹੰਅਨ ਦੁਹੂੰਅਨ ਕੋ ਖਾਯੋ ॥ ਸ਼ੰਕ ਛੋਰਿ ਪੁਨ ਕੇਲ ਕਮਾਯੋ ॥**
ਏਧਰ ਕੁਝ ਠੰਢ ਵਰਤੀ ਤਾਂ ਉਨ੍ਹਾਂ ਨੇ ਦੋਹਾਂ ਪੰਛੀਆਂ ਦੀ ਜੋ ਖੱਲ ਲਾਹੀ ਸੀ, ਸਿਰਾਂ ਤੇ ਪਾ ਲਈ ਅਤੇ ਨਦੀ ਵਿਚ ਜਾ ਵੜੇ ਤੇ ਪਾਰਲੇ ਕੰਢੇ ਜਾ ਲੱਗੇ । ਅਤੇ ਫਿਰ:--

**ਦੋ ਹੈ ਦੋਊ ਅਰੂੜਿਤ ਭਏ ॥ ਚਲਿ ਕਰਿ ਦੇਸ ਆਪਨੇ ਗਏ ॥**
**ਤਾ ਕੌ ਲੈ ਪਟਰਾਨੀ ਕੀਨੋ ॥ ਚਿਤ ਕੋ ਸ਼ੋਕ ਦੂਰਿ ਕਰਿ ਦੀਨੋ ॥ ੪੯ ॥**

**ਦੋਹਰਾ ॥**

**ਦੇਸ ਆਨਿ ਅਪਨੇ ਬਸੇ ਤਿਯ ਕੋ ਸਦਨ ਬਨਾਇ ॥ ਭਾਂਤਿ ਭਾਂਤਿ ਤਾਸੋ ਰਮੈ** ਨਿਸੁ ਦਿਨ ਮੋਦ ਬਢਾਏ ॥

ਇਕ ਸੌ ਗਿਆਰਹਵਾਂ **(੧੧੧ ਵਾਂ)** ਚਰਿਤ੍ਰ ਸਮਾਪਤ ਹੋਇਆ॥

**ਸਾਰੀ ਗਾਥਾ ਦਾ ਸੰਖੇਪ ਰੂਪ ਲਿਖਣ ਤੋ ਮੰਤਵ ? ਇਹ ਜਾਨਣ ਦੀ ਉਤਸੁਕਤਾ ਕਿ, ਸ਼ਾਇਦ ਮੰਦ ਕਮਾਉਣ** ਕਰਕੇ ਇਨ੍ਹਾਂ ਵਿਚੋਂ ਕਿਸੇ ਨੂੰ ਕੋਈ ਉਚੇਚਾ ਰੋਗ ਹੀ ਲੱਗਾ ਦਰਸਾਇਆ ਹੋਵੇ ਜੋ ਪਾਠਕਾਂ ਨੂੰ ਕੋਈ ਸਿਖਿਆ ਮਿਲ ਸਕੇ? ਇਸ ਗ੍ਰੰਥ ਦੇ ਅਰੰਭ ਵਿਚ ਜੋ ਵਜ਼ੀਰ ਦੀ ਗੱਲ ਚੱਲੀ ਸੀ ਉਸ ਵਾਸਤੇ ਹੀ ਕੋਈ ਸਿਖਿਆ ਹੁੰਦੀ ? ਸਿਵਾਏ ਲੁੱਚ ਪੁਣੇ ਦੀ ਰੰਗਾ ਰੰਗ ਸਿਖਲਾਈ ਦੇ, ਇਸ ਤੋਂ ਹੋਰ ਕੀ ਲੱਭਾ ਹੈ ? **ਸ੍ਰੀ ਪਦਮ ਜੀਓ !** ਤੁਸੀਂ ਹੀ ਸਮਝਾ ਦਿਉ, ਕਿ, ਇਸ ਗਾਥਾ ਵਿਚੋਂ ਕਿਸ ਪ੍ਰਕਾਰ ਦੀ ਕੀ ਸਿਖਿਆ ਮਿਲੀ **? ਕਿਹੜੀ ਉਚੇਚੀ ਸਿਖਿਆ ਦੇਣ ਲਈ ਅਨਹੋਣੇ ਝੂਠ ਅਤੇ ਅਸ਼ਲੀਲਤਾ ਦੇ ਸਾਗਰ ਵਿਚ ਗੋਤੇ ਲੱਗਦੇ ਰਹੇ ? ਕੀ ਇਹ ਅਵਤਾਰੀ ਮਹਾਂਪੁਰਖਾਂ ਦੇ ਚਲਨ ਦੇ ਅਨਕੂਲ ਹੈ ?** ਪਾਠਕਾਂ ਦੀ ਜਾਣਕਾਰੀ ਲਈ ਲਿਖ ਭੇਜਣਾ।--

## ੧੯- ਚਰਿੱਤਰ ੩੨੫ ਕਥਾ ਸੁਲਤਾਨ ਕੁਮਾਰੀ

**ਪਦਮ ਜੀਓ ਤੁਹਾਡੇ**--ਯਾ **ਉਸ ਨਾਲ ਐਸਾ ਕੀਤਾ**, ਦਾ **ਇੱਕ ਨਮੂਨਾ ਇਹ :--**

**ਇਕ ਦਿਨ ਭਾਂਗ ਮਿੱਤ੍ਰ ਤਿਹ ਲਈ ॥ ਪੋਸਤ** ਸਹਿਤ **ਅਫੀਮ ਚੜ੍ਹਾਈ ॥**
**ਬਹੁ ਰਤਿ ਕਰੀ ਨ ਬੀਰਜ ਗਿਰਾਈ ॥ ਆਠ ਪਹਿਰ ਲਗਿ ਕੁਅਰਿ ਬਜਾਈ ॥ ੧੦ ॥**

**ਅਰਥ**:--ਇਕ ਦਿਨ ਉਸ ਦੇ ਮਿੱਤ੍ਰ ਨੇ ਪੋਸਤ ਅਤੇ ਭੰਗ ਛਕ ਕੇ ਬਿਨਾ ਖ਼ਲਾਸ ਹੋਣ (ਛੁੱਟਣ) ਦੇ, ਅੱਠ ਪਹਿਰ ਉਸ ਦੀ ਠੁਕਾਈ ਕੀਤੀ।

**ਸਭ ਨਿਸਿ ਨਾਰਿ ਭੋਗ ਜਬ ਪਾਯੋ ॥ ਬਹੁ ਆਸਨ ਕਰਿ ਹਰਖ ਬਢਾਯੋ ॥**
**ਤਾ ਪਰ ਤਰੁਨਿ ਚਿਤ ਤੇ ਅਟਕੀ ॥ ਭੂਲਿ ਗਈ ਸਭ ਹੀ ਸੁਧਿ ਘਟ ਕੀ ॥ ੧੧ ॥**
**ਦ੍ਵੈ ਘਟਕਾ ਜੋ ਭੋਗ ਕਰਤ ਨਰ ॥ ਤਾ ਪਰ ਰੀਝਤ ਨਾਰਿ ਬਹੁਤ ਕਰਿ ॥**
**ਚਾਰਿ ਪਹਰ ਜੋ ਕੇਲ ਕਮਾਵੈ ॥ ਸੋ ਕਿ ਤ੍ਰਿਯ ਕੈ ਚਿੱਤ ਚੁਰਾਵੈ ॥ ੧੨ ॥**

**ਅਰਥ**:--ਜਦ ਸਾਰੀ ਰਾਤ ਉਹ ਨਾਰੀ ਨਾਲ ਭੋਗ ਕਰਦਾ ਰਿਹਾ ਅਤੇ ਭਿੰਨ ਭਿੰਨ ਆਸਣਾਂ (ਤੋਂ ਉਸ ਦੀ ਚੁਦਾਈ ਕਰਨ) ਨਾਲ ਉਸ ਨੂੰ ਬਹੁਤ ਸੁਖ ਦਿੱਤਾ ਤਾਂ ਉਹ ਇਸਤ੍ਰੀ ਦਿਲੋਂ ਉਸ ਦੀ ਹੀ ਹੋ ਗਈ ਅਤੇ ਘਰ ਬਾਹਰ ਦੀ ਸਭ ਸੁੱਧ ਭੁੱਲ ਗਈ।੧੧। ਜੋ ਮਰਦ ਦੋ ਘੜੀਆਂ ਤੱਕ (ਲਗਾਤਾਰ) ਭੋਗ ਬਿਲਾਸ ਕਰਦਾ ਰਹਿੰਦਾ ਹੈ, ਉਹ ਭਲਾ ਇਸਤ੍ਰੀ ਦਾ ਚਿਤ ਕਿਉਂ ਨਾ ਚੁਰਾਏਗਾ । ੧੨ ।

**ਰੈਨ ਸਕਲ ਤਿਨ ਤਰੁਨਿ ਬਜਾਈ ॥ ਭਾਂਤਿ ਭਾਂਤਿ ਕੇ ਸਾਥ ਹੰਢਾਈ ॥**
**ਆਸਨ ਕਰੇ ਤਰੁਨ ਬਹੁ ਹਾਰਾ ॥ ਚੁੰਬਨਾਦਿ ਲਖ ਘਾਤ ਅਪਾਰਾ ॥ ੧੩ ॥**
**ਭਾਂਤਿ ਭਾਂਤਿ ਕੇ ਚਤੁਰਾਸਨ ਕਰਿ ॥ ਭਜਯੋ ਤਾਂਹਿ ਤਰ ਦਾਬਿ ਭੁਜਨ ਭਰਿ ॥**
**ਚੁੰਬਨ ਆਸਨ ਕਰਤ ਬਿਚੱਛਨ ॥ ਕੋਕ ਕਲਾ ਕੋਬਿਦ ਸਭ ਲੱਛਨ ॥ ੧੪ ॥**

**ਅਰਥ**:--ਉਸ ਨੇ ਤਾਂ ਸਾਰੀ ਰਾਤ ਅੱਡ ਅੱਡ ਢੰਗਾਂ ਨਾਲ ਇਸਤ੍ਰੀ ਨਾਲ ਭੋਗ ਬਿਲਾਸ ਕੀਤਾ । ਉਸ ਨੇ ਬਹੁਤ ਪ੍ਰਕਾਰ ਦੇ ਆਸਣ ਬਣਾਏ ਅਤੇ ਭਿੰਨ ਭਿੰਨ ਪ੍ਰਕਾਰ ਨਾਲ ਚੁੰਮਣ ਆਦਿ ਕੀਤੇ । ੧੩। ਉਨ੍ਹਾਂ ਨੇ ਭੰਤ ਭੰਤ ਦੇ ਚੱਤਰਤਾ ਪੂਰਵਕ ਆਸਣ ਕੀਤੇ ਅਤੇ ਉਸਦੀਆਂ ਬਾਹਾਂ ਨੂੰ ਦਬਾ ਕੇ ਉਸ ਨਾਗ ਭੋਗ ਕੀਤਾ। ਉਹ ਕੋਕ ਸ਼ਾਸਤਰ ਦੇ ਲੱਛਣਾ ਅਨੁਸਾਰ ਵਿਲੱਖਣ ਪ੍ਰਕਾਰ ਦੇ ਚੁੰਮਣ ਆਸਣ ਕਰਦੇ ਰਹੇ । ੧੪ ।

ਦੋਹਿਰਾ ॥ **ਪੋਸਤ ਸ੍ਰਾਬ ਅਫ਼ੀਮ** ਬਹੁ **ਘੋਟਿ ਚੜ੍ਹਾਵਤ ਭੰਗ ॥**
**ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ ॥ ੧੫ ॥**

**ਅਰਥ**:--ਉਸ ਆਦਮੀ ਨੇ ਪੋਸਤ ਭੰਗ ਅਤੇ ਸ਼ਰਾਬ ਪੀ ਕੇ ਚਾਰ ਪਹਿਰ ਤਕ ਉਸ ਦੀ ਚੁਦਾਈ (=ਭਜਾ) ਕੀਤੀ ਪਰ ਫਿਰ ਵੀ ਉਸ ਦਾ ਕਾਮ ਸ਼ਾਂਤ ਨ ਹੋਇਆ । ੧੫

**ਚੋਪਈ ॥ ਭੋਗ ਕਰਤ ਸਭ ਰੈਨਿ ਬਿਤਾਵਤ ॥ ਦਲਿਮਲਿ ਸੇਜ ਮਲਿਨ ਹ੍ਵੈ ਜਾਵਤ ॥**
**ਹੋਤ ਦਿਵਾਕਰ ਕੀ ਅਨੁਰਾਈ ॥ ਛੈਲ ਸੇਜ ਮਿਲਿ ਬਹੁਰਿ ਬਿਛਾਈ ॥ ੧੬ ॥**
**ਪੋਢਿ ਪ੍ਰਜੰਕ ਅੰਕ ਭਰਿ ਸੋਊ ॥ ਭਾਂਗ ਅਫੀਮ** ਪਿਯਤ ਮਿਲਿ **ਦੋਊ ॥**
**ਬਹੁਰਿ ਕਾਮ ਕੀ ਕੇਲ ਮਚਾਵੈਂ ॥ ਕੋਕ ਸਾਰ ਮਤ ਪ੍ਰਗਟ ਦਿਖਾਵੈਂ ॥ ੧੭ ॥**
**ਕੈਫਨ ਸਾਥ ਰਸਮਸੇ ਹ੍ਵੈ ਕਰਿ ॥ ਪ੍ਰੋਢਿ ਪ੍ਰਜੰਕ ਰਹਤ ਦੋਊ ਸਵੈ ਕਰਿ ॥**
**ਬਹੁਰਿ ਜਗੈ ਰਸ ਰੀਤਿ ਮਚਾਵੈਂ ॥ ਕਵਿਤ ਉਚਾਰਿ ਧੁਰਪਦ ਗਾਵੈਂ ॥੧੮॥**

## ੨੦- ਚਰਿੱਤਰ ੪੦੨ ਕਥਾ ਸਦਾ ਕੁਮਾਰੀ

**ਚਿੰਜੀ** ਸ਼ਹਿਰ ਦੇ **ਚਿੰਗਸ ਸੈਨ** ਰਾਜੇ ਦੀ ਇਸਤ੍ਰੀ ਦਾ ਨਾਮ **ਗੈਹਰ ਮਤੀ** ਸੀ। **ਸੁਰੇਸ੍ਰਾ** ਨਾਮੀ ਇੱਕ ਸ਼ਹਿਰ ਜਿਸ ਦੀ ਸੁੰਦਰਤਾ ਤੋਂ ਇੰਦ੍ਰ ਪੁਰੀ ਵੀ ਲੱਜਿਤ ਹੁੰਦੀ ਸੀ। ਬਲਵੰਤ ਸਿੰਘ ਇੱਕ ਸ਼ਾਹ ਸੀ ਜਿਸ ਵਰਗਾ ਹੋਰ ਕੋਈ ਸ਼ਾਹ ਨਹੀਂ ਸੀ। ਚੰਬੇਲੀ ਦੇ ਫੁੱਲ ਵਰਗੀ ਉਸ ਦੀ ਪੁੱਤਰੀ **ਸਦਾ ਕੁਮਾਰੀ** ਦੀ ਸੁੰਦਰਤਾ ਨੂੰ ਵੇਖ ਕੇ ਚੰਦ ਸੂਰਜ ਵੀ ਉਲਝਣ ਵਿਚ ਪੈ ਜਾਂਦੇ ਸਨ। ਸਦਾ ਕੁਮਾਰੀ ਨੇ ਜਦ ਰਾਜੇ ਨੂੰ ਵੇਖਿਆ ਤਾਂ ਉਸ ਦੀ ਸਹਿਨਸ਼ੀਲਤਾ ਜਾਂਦੀ ਰਹੀ ਅਤੇ, ਸਹੇਲੀ ਰਾਹੀਂ ਰਾਜੇ ਨੂੰ ਅਖਵਾਇਆ ਕਿ- " ਤੁਹਾਡਾ ਰੂਪ ਵੇਖ ਕੇ ਮੈਂ ਕਾਮ-ਬੁਖ਼ਾਰ ਨਾਲ ਤਪਣ ਲੱਗ ਪਈ ਹਾਂ ਮੇਰੇ ਨਾਲ ਭੋਗ ਕਰਕੇ ਮੇਰਾ ਸੰਤਾਪ ਦੂਰ ਕਰੋ। ਜੇ ਮੇਰੇ ਕੋਲ ਨਾ ਆ ਸਕੋ ਤਾਂ ਮੈਨੂੰ ਹੁਕਮ ਕਰੋ ਮੈਂ ਆ ਜਾਂਦੀ ਹਾਂ। " । ਆਪ ਹੀ ਉਸ ਦੇ ਘਰ ਜਾਣਾ ਠੀਕ ਸਮਝ ਕੇ ਰਾਜਾ ਉਸ ਦੇ ਘਰ ਜਾ ਵੜਿਆ। ਇਸਤ੍ਰੀ ਨੇ ਸਵਾਗਤ ਵਜੋਂ ਦੀਵਾ ਬਾਲ ਕੇ ਧੂਪ ਬੱਤੀ ਜਗਾ ਕੇ ਰਾਜੇ ਦੀ ਪੂਜਾ ਕੀਤੀ(ਚੌਪਈ ੧ ਤੋਂ ੭)

**ਸੁਭਰ ਸੇਜ ਊਪਰ ਬੈਠਾਯੋ ॥ ਭਾਂਗ ਅਫ਼ੀਮ ਸ਼ਰਾਬ ਮੰਗਾਯੋ ॥**
**ਪ੍ਰਥਮ ਕਹਾ ਨ੍ਰਿਪ ਸੌ ਇਨ ਪੀਜੈ ॥ ਬਹੁਰਿ ਮੁਝੈ ਮਦਨੰਕੁਸ ਦੀਜੈ ॥ ੮ ॥**

**ਅਰਥ:**--ਉਸ ਨੂੰ ਸੁੰਦਰ ਸੇਜ ਤੇ ਬਿਠਾਇਆ ਅਤੇ ਭੰਗ ਅਫ਼ੀਮ ਅਤੇ ਸ਼ਰਾਬ ਮੰਗਵਾਈ। ਰਾਜੇ ਨੂੰ ਕਿਹਾ ਕਿ ਪੀਵੋ ਅਤੇ ਮੇਰੇ ਨਾਲ ਕਾਮ ਕ੍ਰੀੜਾ (ਮਦਨੰਕੁਸ) ਕਰੋ । ੮ ।

ਉਸ ਇਸਤ੍ਰੀ ਦੇ ਘਰ ਪੁੱਜਣ ਲੱਗੇ ਨੇ ਅਤੇ ਸੇਜ ਤੇ ਬੈਠਣ ਲੱਗੇ ਨੇ ਤਾਂ ਢਿੱਲ ਨਹੀਂ ਲਾਈ ਪਰ ਹੁਣ ਜਦ ਖਾ ਪੀ ਕੇ ਭੋਗ ਕਰਨ ਦੀ ਵਾਰੀ ਆਈ ਸੁਣੀ ਤਾਂ ਨਰਕਾਂ ਵਿਚ ਪੈਣ ਦੇ ਡਰ ਨੇ ਆ ਘੇਰਿਆ:--

**ਸੁਨਤ ਬਚਨ ਇਹ ਭੂਪ ਨ ਮਾਨਾ ॥ ਜਮ ਕੇ ਡੰਡ ਤ੍ਰਾਸ ਤਰਸਾਨਾ ॥**
**ਕਹਯੋ ਨ ਮੈ ਤੋਸੌ ਰਤਿ ਕਰਿਹੋ ॥ ਘੋਰ ਨਰਕ ਮੋ ਭੂਲਿ ਨ ਪਰਹੌ ॥ ੯ ॥**

**ਪਦਮ ਜੀਓ !** ਹੈ ਤਾਂ ਇਸ ਰਾਜੇ ਦੀ ਹਾਲਤ ਵੀ ਉਹੀ ਜੋ ਅਨੰਦਪੁਰ ਵਾਲੇ ਰਾਜੇ ਦੀ ਸੀ। ਕੀ, ਸੁਹਿਰਦ ਪਾਠਕਾਂ ਨੂੰ ਵਾਹਿਗੁਰੂ ਦਾ ਧੰਨਵਾਦ ਨਹੀਂ ਕਰਨਾ ਚਾਹੀਦਾ, ਕਿਉਂ ਜੋ ਇਹ ਕਹਾਣੀ ਦਸ਼ਮੇਸ਼ ਜੀ ਦੀ **ਆਪ ਬੀਤੀ** ਬਨਣੋ, ਤੁਹਾਥੋਂ ਬਚ ਨਿਕਲੀ ? ਇਸ ਪਾਸਿਓਂ ਸੁੱਖ ਰਹੀ ਚਲੋ ਕਹਾਣੀ ਅੱਗੇ ਤੋਰੀਏ--ਜਿਉਂ ਜਿਉਂ ਰਾਜਾ ਨਾਂਹ ਕਰੇ ਕੁਮਾਰੀ ਕਾਮ ਭੋਗ ਲਈ ਵੱਧ ਤੋਂ ਵੱਧ ਹਾੜੇ ਕੱਢੇ।(ਚੌਪਈ-੧੦ ਤੋ ੧੨]ਅਤੇ ਕਹੇ:--

**ਸਵੈਯਾ ॥ ਆਸਨ ਔਰ ਅਲਿੰਗਨ ਚੁੰਬਨ ਆਜੁ ਭਲੇ ਤੁਮਰੇ ਕਸਿ ਲੈਹੌ ॥**
**ਰੀਝਿ ਹੈਂ ਜੌਨ ਉਪਾਇ ਗੁਮਾਨੀ ਤੈਂ ਤਾਹਿ ਉਪਾਇ ਸੋ ਤੋਹਿ ਰਿਝੈਹ ॥**
**ਪੋਸਤ ਭਾਂਗ ਅਫ਼ੀਮ ਸ਼ਰਾਬ ਖਵਾਇ ਤੁਮੈ ਤਬ ਆਪੁ ਚੜੈਹੌ ॥**
**ਕੋਟ ਉਪਾਵ ਕਰੌ ਕਯੋਂ ਨ ਮੀਤ ਪੈ ਕੇਲ ਕਰੇ ਬਿਨੁ ਜਾਨ ਨ ਦੈਹੌ ॥ ੧੩ ॥**

**ਅਰਥ:**--ਅਜ ਘੁਟ ਘੁਟ ਕੇ ਮੈਂ ਤੁਹਾਡੇ ਨਾਲ ਜੱਫੀਆਂ ਪਾਵਾਂਗੀ ਅਤੇ ਚੁੰਮਣ ਲਵਾਂਗੀ ਅਤੇ ਤੁਸੀਂ ਜਿਸ ਉਪਾਅ ਨਾਲ ਵੀ ਖ਼ੁਸ਼ ਹੋਵੋਗੇ ਮੈਂ ਉਹੀ ਉਪਾਅ ਕਰਾਂਗੀ। ਪੋਸਤ ਭੰਗ, ਅਫ਼ੀਮ ਅਤੇ ਸ਼ਰਾਬ ਆਦਿ ਦਾ ਤੁਹਾਨੂੰ ਸੇਵਨ ਕਰਵਾ ਕੇ ਫਿਰ ਆਪ ਖੁਦ ਪੀਵਾਂਗੀ। ਜੇ ਪਿਆਰੇ ਭਾਵੇਂ ਕਰੋੜਾਂ ਉਪਅ ਕਰ ਲਵੋ ਪਰ ਅਜ ਕਾਮ ਕ੍ਰੀੜਾ ਕੀਤੇ ਬਿਨਾਂ ਮੈ ਤੁਹਨੂੰ ਨਹੀਂ ਜਾਣ ਦੇਵਾਂਗੀ। ੧੩ ।

ਆਖ਼ਰ ਜਦ ਰਾਜਾ ਭੋਗ ਕਰਨ ਲਈ ਰਾਜ਼ੀ ਨਾ ਹੋਇਆ ਤਾਂ ਬਲਵੰਤ ਸਿੰਘ ਬਾਣੀਏ ਦੀ ਪੁੱਤਰੀ ਸਦਾ ਕੁਮਾਰੀ ਨੇ ਆਪਣੀਆਂ ਸਹੇਲੀਆਂ ਮੰਗਵਾ ਲਈਆਂ ਅਤੇ ਦੇਸ਼ ਦੇ **ਰਾਜੇ ਦੇ ਸਿਰ ਤੋ ਪੱਗ ਲਾਹ ਲਈ ਅਤੇ ਉਸ ਦੇ ਤਾਲੂ ਵਿਚ ਜੁੱਤੀਆਂ ਮਰਵਾਣੀਆਂ ਅਰੰਭ** ਕਰਵਾ ਦਿੱਤੀਆਂ। ੧੯ ਸੌ ਜੁਤੀਆਂ ਪੈਣ ਤੇ ਰਾਜੇ ਨੇ ਸਮਝ ਲਿਆ ਕਿ ਜੁੱਤੀਆਂ ਦੀ ਅਜੇਹੀ ਸਖ਼ਤ ਮਾਰ ਨਾਲ ਉਸ ਦੀ ਮੌਤ ਹੋ ਜਾਣੀ ਹੈ ਤਾਂ ਘਾਬਰ ਕੇ ਬੋਲਿਆ:--

**ਪੁਨਿ ਰਾਜਾ ਇਹ ਭਾਂਤਿ ਬਖਾਨੋ ॥ ਮੈ ਤ੍ਰਿਯ ਤੋਰ ਚਰਿੱਤਰ ਨ ਜਾਨੋ ॥**
**ਅਬ ਜੁਤਿਨ ਸੌ ਮੁਝੈ ਨ ਮਾਰੋ ॥ ਜੋ ਚਾਹੌ ਤੌ ਆਨਿ ਬਿਹਾਰੋ ॥ ੨੨ ॥**

**ਅਰਥ**:-ਤਦ ਰਾਜੇ ਨੇ ਕਿਹਾ, 'ਹੇ ਇਸਤ੍ਰੀ ਮੈਂ ਤੇਰੇ ਚਲਿੱਤਰ ਨੂੰ ਸਮਝਿਆ ਨਹੀਂ ਸੀ ਤੂੰ ਹੁਣ ਜੁਤੀਆਂ ਨਾਲ ਮੈਨੂੰ ਨ ਮਾਰ ਅਤੇ ਜਿਸ ਤ੍ਰਾਂ ਚਾਹੇਂ ਮੇਰੇ ਨਾਲ ਆ ਕੇ ਰਮਣ ਕਰ '।

**ਸ਼ਾਹ ਸੁਤਾ ਜਬ ਯੌ ਸੁਨ ਪਾਈ ॥ ਨੈਨ ਸੈਨ ਦੈ ਸਖੀ ਹਟਾਈ ॥**
**ਆਪੁ ਗਈ ਰਾਜਾ ਪਹਿ ਧਾਇ ॥ ਕਾਮ ਭੋਗ ਕੀਨਾ ਲਪਟਾਇ ॥ ੨੩ ॥**

**ਅਰਥ:**--ਬਾਣੀਏਂ ਦੀ ਪੁੱਤਰੀ ਨੇ ਜਦ ਇਹ ਸੁਣਿਆਂ ਤਾਂ ਅੱਖ ਦੇ ਇਸ਼ਾਰੇ ਨਾਲ ਆਪਣੀਆਂ ਸਖ਼ੀਆਂ ਨੂੰ ਭੇਜ ਦਿੱਤਾ। ਆਪ ਭੱਜ ਕੇ ਰਾਜੇ ਕੋਲ ਗਈ ਅਤੇ ਕਾਮ ਭੋਗ ਕਰਨ ਲੱਗੀ।

ਹੈ ਨਾ ਕਮਾਲ ਦੀ ਗੱਲ ? ਜੁਤੀਆਂ ਦੀ ਸਖ਼ਤ ਮਾਰ ਨੇ ਤਾਂ ਕਾਮ-ਸ਼ਕਤੀ ਵਧਾਉਣ ਵਾਲੇ ਬੜੇ ਕੀਮਤੀ ਮਜੂਨ ਦਾ ਕੰਮ ਦਿੱਤਾ। ਮਾਰ ਪੈਣੀ ਬੰਦ ਹੁੰਦਿਆਂ ਹੀ, ਰਾਜਾ ਭੋਗ ਕਰਨ ਲਈ ਅਜੇਹੀ ਤਿਆਰੀ ਫੜ ਬੈਠਾ ਕਿ ਸੁਦਾਕੁਮਾਰੀ ਦੇ ਦੌੜ ਕੇ ਪੁਜਦਿਆਂ ਹੀ ਝੱਟ ਜੁਮਾਹ-ਖੇਡ ਅਰੰਭ ਹੋ ਗਿਆ? ਗਰਮਾ ਗਰਮੀ ਵਿਚ ਇੱਕ ਝੁੱਟੀ ਲਾ ਕੇ ਫਿਰ:--

**ਪੋਸਤ ਭਾਂਗ ਅਫ਼ੀਮ ਮਿਲਾਇ ॥ ਆਸਨ ਤਾ ਤਰ ਦਿਯੋ ਬਨਾਇ ॥**
**ਚੁੰਬਨ ਰਾਇ ਅਲਿੰਗਨ ਲਏ ॥ ਲਿੰਗ ਦੇ ਤਿਹ ਭਗ ਮੋ ਭਏ ॥ ੨੪ ॥**

**ਅਰਥ:**--ਪੋਸਤ ਭੰਗ ਅਤੇ ਅਫ਼ੀਮ ਦਾ ਸੇਵਨ ਕਰਕੇ ਉਸ ਨੇ ਕਈ ਪ੍ਰਕਾਰ ਦੇ ਆਸਣ ਬਣਾਏ,ਰਾਜੇ ਨੇ ਚੁੰਮਣਾਂ ਜੱਫ਼ੀਆਂ (=ਆਲਿੰਗਣਾ) ਦਾ ਆਦਾਨ-ਪ੍ਰਦਾਨ ਕੀਤਾ ਅਤੇ ਨਾਲ ਹੀ ਉਸ ਦੀ ਭਗ ਵਿਚ ਲਿੰਗ ਵਾੜ ਦਿੱਤਾ । ੨੪ ।

**ਪਦਮ ਸਾਹਿਬ ਜੀਓ ! ਇੱਕ ਇਹ ਭਰਮ ਵੀ ਦੂਰ ਕਰ ਦਿਉ ਕਿ ਬਾਕੀ ਸਾਰੀਆਂ ਜ਼ਬਾਨਾਂ ਵਾਲੇ ਕਾਮ-ਭੋਗ ਅਤੇ ਉਸ ਨਾਲ ਸੰਬਧਤ ਅੰਗਾਂ ਦਾ ਆਪਣੀ ਬੋਲੀ ਵਿਚ ਪ੍ਰਚਲਤ ਨਾਮ ਹੀ ਲੈਂਦੇ ਹਨ--ਫ਼ਾਰਸੀ ਵਾਲੇ ਅਜ਼ੂਏ ਤਨਾਸਲ,** ਅੰਗ੍ਰੇਜ਼ੀ ਵਾਲੇ **ਪੀਨਸ** ਅਤੇ ਦਸਮ ਗ੍ਰੰਥ ਦਾ ਲਿਖਾਰੀ ਭਗ, ਲਿੰਗ। ਲੰਡ ਅਤੇ ਲੰਡਾ ਆਦਿ ਲਫ਼ਜ਼ ਵਰਤਦਾ ਹੈ। ਅਤੇ ਇਹ ਵੀ ਅਟੱਲ ਸਚਾਈ ਹੈ ਕਿ, ਭਾਵੇ ਕਿਸੇ ਬੋਲੀ ਵਿਚ ਅਸ਼ਲੀਲਤਾ ਵੱਲ ਧਿਆਨ ਦਿਵਾਉ, ਮਨ ਦੀਆਂ ਅੱਖੀਆਂ ਅੱਗੇ ਜੋ ਕੁਝ ਆਉਂਦਾ ਹੈ ਉਸ ਦੀ ਰੂਪ-ਰੇਖਾ ਕਿਸੇ ਵੀ ਢੰਗ ਨਾਲ ਬਦਲੀ ਨਹੀਂ ਜਾ ਸਕਦੀ । ਫਿਰ ਕਥਿਤ ਤੌਰ ਤੇ ਦਸ਼ਮੇਸ਼ ਜੀ ਦੇ ਲਿਖੇ ਇਸ ਸਭ ਕੁਝ ਲਈ ਪੰਜਾਬੀ ਦੇ ਪਰਚਲਤ ਬੋਲ ਲਿਖਦਿਆ ਸ਼ਰਮ ਕਿਉਂ ਮੰਨਣੀ ਹੋਈ? ਕੀ ਇਹ ਸਾਰਾ ਪਖੰਡ ਸਗੋਂ ਅਸ਼ਲੀਲਤਾ ਨਾਲ ਜੁੜੇ ਰਹਿਣ ਵਿਚ ਸਹਾਈ ਨਹੀਂ ਹੁੰਦਾ **ਜੀ ? ਏਧਰ ਵੇਖੋ ਛਿੱਤਰਾਂ ਦੀ ਬਾਰਸ਼ ਨੇ ਰਾਜੇ ਨੂੰ ਕਿੱਡਾ ਤਿੱਖਾ ਕਰ ਦਿੱਤਾ। ਜਿਵੇਂ ਰਾਜੇ ਲਈ ਛਿਤਰੌੜ ਤਾਂ ਸਗੋਂ ਕਾਮ ਸ਼ਕਤੀ ਵਧਾਉਣ ਲਈ ਕੁੜੀਆਂ ਨੇ ਰਾਜੇ ਨੂੰ ਕੀਮਤੀ ਕੁਸ਼ਤਾ ਖੁਆ ਦਿੱਤਾ ਹੋਵੇ:--**

**ਭਗ ਮੋ ਲਿੰਗ ਦਿਯੋ ਰਾਜਾ ਜਬ ॥ ਰੁਚਿ ਉਪਜੀ** ਤਰੁਨੀ ਕੇ ਜਿਯ ਤਬ ॥
ਲਪਟਿ ਲਪਟਿ ਆਸਨ ਤਰ ਗਈ ॥ ਚੁੰਬਨ ਕਰਤ ਭੂਪਨ ਕੇ ਭਈ ॥ ੨੫ ॥

**ਅਰਥ:**--ਜਦੋ ਰਾਜੇ ਨੇ ਇਸਤ੍ਰੀ ਦੀ ਮੂਤਣੀ ਵਿਚ ਆਪਣਾ ਮੂਤਣਾ ਪਾਇਆ ਤਾਂ ਇਸਤ੍ਰੀ ਬਹੁਤ ਪ੍ਰਸੰਨ ਹੋਈ। ਹੇਠਾਂ ਪਈ ਉਹ ਘੁਟ ਘੁਟ ਕੇ ਜੱਫੀਆਂ ਪਾਉਣ ਲੱਗੀ ਅਤੇ ਰਾਜੇ ਦੀਆਂ ਚੁੰਮੀਆਂ ਲੈਣ ਲੱਗੀ।

ਗਹਿ ਗਹਿ ਤਿਹ ਕੋ ਗਰੇ ਲਗਾਵਾ ॥ **ਆਸਨ ਸੌ ਆਸਨਹਿ ਛੁਹਾਵਾ ॥**
**ਅਧਰਨ ਸੌ ਦੋਊ ਅਧਰ** ਲਗਾਈ ॥ ਦੁਹੰ ਕੁਚਨ ਸੌ ਕੁਚਨ ਮਿਲਾਈ ॥ ੨੬ ॥(ਅਧਰਨ=ਬੁਲ੍ਹ)
ਇਹ ਬਿਧਿ ਭੋਗ ਕਿਯਾ ਰਾਜਾ ਤਨ ॥ ਜਿਹ ਬਿਧਿ ਰੁਚਾ ਚੰਚਲਾ ਕੇ ਮਨ ॥

ਬਹੁਰੋ ਰਾਵ ਬਿਦਾ ਕਰਿ ਦਿਯੋ ॥ ਅਨਤ ਦੇਸ ਕੋ ਮਾਰਗ ਲਿਯੋ ॥ ੨੭ ॥
ਰਤਿ ਕਰਿ ਰਾਵ ਬਿਦਾ ਕਰਿ ਦਿਯਾ ॥ ਐਸਾ ਚਰਿਤ ਚੰਚਲਾ ਕਿਯਾ ॥
ਅਵਰ ਪੁਰਖ ਸੌ ਰਾਵ ਨ ਭਾਖਾ ॥ ਜੌ ਤ੍ਰਿਯ ਕਿਯ ਸੋ ਜਿਯ ਮੋ ਰਾਖਾ ॥ ੨੮ ॥
**ਦੋਹਿਰਾ ॥ ਕਿਤਕ ਦਿਨਨ ਨ੍ਰਿਪ ਚੰਚਲਾ ਵਿਹੁ ਲਈ ਬੁਲਾਇ ॥**
**ਰਾਨੀ ਕਰਿ ਰਾਖੀ ਸਦਨ ਸਕਾ ਨ ਕੋ ਛਲ ਪਾਇ ॥ ੨੯ ॥ ੧ ॥**

ਸੌ ਛਿੱਤਰ ਵੀ ਖਾਧੇ ਅਤੇ ਭੂਕਾਂ ਸਮੇਤ ਗੰਡੇ ਵੀ ਖਾ ਲਏ ? ਜੁਤੀਆਂ ਮਾਰ ਕੇ ਗਰਮ ਕਰ ਲੈਣ ਵਾਲੀ ਵਿਧੀ ਏਡੀ ਭਾਈ ਕਿ ਰਾਜੇ ਨੇ ਉਸੇ ਜ਼ਨਾਨੀ ਨੂੰ ਮੰਗਵਾ ਕੇ ਆਪਣੀ ਰਾਣੀ ਬਣਾ ਲਿਆ। ਪਿਆਰੇ ਪਦਮ ਜੀਓ ! ਕੀ ਸਮਝ ਸਕਦੇ ਹੋ ਕਿ ਇਸ ਗਾਥਾ ਤੋਂ ਪਾਠਕ ਲਈ ਕੀ ਸਿਖਿਆ ਪ੍ਰਗਟ ਹੋਈ ?

## ੨੧- ਚਰਿਤ੍ਰ ਨੰ: ੩੧੨ । ਕਥਾ ਜੱਟ ਕੀ ਇਸਤ੍ਰੀ

ਬੜੇ ਛੈਲ ਛਬੀਲੇ ਸੁੰਦਰ ਰਾਜਕੁਮਾਰ ਤੇ ਇੱਕ ਜੱਟ ਦੀ ਇਸਤ੍ਰੀ ਮੋਹਤ ਹੋ ਗਈ। ਰਾਜਕੁਮਾਰ ਨੂੰ ਪਾਉਣ ਲਈ ਉਹ ਜੋਗੀ ਦਾ ਭੇਸ ਧਾਰ ਕੇ ਰਾਜਕੁਮਾਰ ਕੋਲ ਆਈ ਅਤੇ ਉਸ ਨੂੰ ਭਰੋਸਾ ਦਿਵਾਇਆ ਕਿ ਉਹ ਭੂਤ ਜਗਾ ਸਕਦੀ ਹੈ । ਫਿਰ ਰਾਜਕੁਮਾਰ ਨੂੰ ਭਰਮਾਇਆ ਕਿ ਜੇ ਭੂਤ ਜਗਾਉਣ ਵਾਲਾ ਤਮਾਸ਼ਾ ਵੇਖਣਾ ਚਾਹੇ ਤਾਂ ਉਸ ਦੇ ਨਾਲ ਚੱਲੇ। ਭੂਤ ਵੇਖਣ ਦੀ ਉਤਸੁਕਤਾ ਜਾਗ ਪੈਣ ਨਾਲ ਰਾਜਕੁਮਾਰ, ਜੋਗੀ ਬਣੀ ਉਸ ਇਸਤ੍ਰੀ ਦੇ ਨਾਲ ਜੰਗਲ ਨੂੰ ਹੋ ਤੁਰਿਆ। ਜਦ ਸੰਘਣੇ ਜੰਗਲ ਵਿਚ ਚਲੇ ਗਏ ਤਾਂ ਉਜਾੜ ਥਾਂ ਤੇ ਉਸ ਇਸਤ੍ਰੀ ਨੇ ਆਪਣਾ ਅਸਲ ਰੂਪ ਪ੍ਰਗਟ ਕਰਦਿਆਂ ਰਾਜਕੁਮਾਰ ਨੂੰ ਇਉਂ ਆਖਿਆ:--

**ਤ੍ਰਿਯ ਬਾਚ ॥**
**ਕੈ ਜੜ ਪ੍ਰਾਨਨ ਕੀ ਆਸਾ ਤਜ ॥ ਕੈ ਰੁਚਿ ਮਾਨਿ ਆਉ ਮੁਹਿ ਕੌ ਭਜੁ ॥**
ਕੈ ਤੁਹਿ ਕਾਟਿ ਕਰੈ ਸਤ ਖੰਡਾ ॥ **ਕੈ ਦੈ ਮੋਹਿ ਭਗ ਬਿਖੈ ਲੰਡਾ ॥ ੧੧ ॥**
**ਰਾਜ ਕੁਅਰ ਅਤ ਹੀ ਤਬ ਡਰਾ ॥ ਕਾਮ ਭੋਗ ਤਿਹ ਤ੍ਰਿਯ ਸੰਗ ਕਰਾ ॥**
**ਇਹ ਛਲ ਸੈ ਵਾਕੋ ਛਲਿ ਗਈ ॥ ਰਾਇ ਬਿਰਾਗਿਯਹਿ ਭੋਗਤ ਭਈ ॥ ੧੨ ॥**

ਕੀ, ਇਹ ਬਚਨ ਕਿਸੇ ਹੋਰ ਸ਼ਬਦਾਂ ਵਿਚ ਨਹੀਂ ਸਨ ਕਹੇ ਜਾ ਸਕਦੇ? ਕੀ ਇਹ ਗੰਦੀ ਸ਼ਬਦਾਵਲੀ ਕਲਗ਼ੀਧਰ ਜੀ ਦੇ ਮੁਖਾਰਬਿੰਦ ਵਿਚ ਪਾਉਣ ਵਾਲੇ, ਦਸ਼ਮੇਸ਼ ਜੀ ਦੇ ਹੀ ਸਿੱਖ ਮੰਨੇ ਜਾ ਸਕਦੇ ਹਨ ? ਕੀ, ਦਸ਼ਮੇਸ਼ ਜੀ ਗੁਰਿਆਈ ਦੇ ਫ਼ਰਜ਼ ਭੁੱਲ ਭੁਲਾ ਕੇ ਅਜੇਹੀਆਂ ਅਰਥ ਹੀਣ ਅਤੇ ਕਿਸੇ ਸਿਖਿਆ ਦਾਇਕ ਸਿੱਟੇ ਤੋਂ ਸਖਣੀਆਂ ਗੰਦੀਆਂ ਅਤੇ ਵਿਕਾਰਾਂ ਵਿਚ ਪ੍ਰਵਿਰਤ ਹੋਣ ਦਾ ਉਤਸ਼ਾਹ ਦੇਣ ਵਾਲੀਆਂ ਕਹਾਣੀਆਂ ਲਿਖਣ ਵਿਚ ਰੁੱਝੇ ਰਹੇ ? ਕੀ ਅਜੇਹੀ ਨੀਵੇਂ ਵਿਚਾਰ ਦਸ਼ਮੇਸ਼ ਜੀ ਦੇ ਪਾਵਨ ਸਰੂਪ ਨਾਲ ਜੋੜਨ ਵਾਲੇ ਵਿਦਵਾਨ, ਦਸ਼ਮੇਸ਼ ਪਿਤਾ ਦੇ ਸਪੁੱਤਰ ਅਖਵਾ ਸਕਦੇ ਹਨ? ਜੇ ਸਪੁੱਤਰ ਏਹੋ ਜਿਹੇ ਹਨ ਤਾਂ ਫਿਰ ਕਪੁੱਤਰ ਕਿਹੋ ਜਿਹੇ ਹੁੰਦੇ ਹਨ ?

## ੨੨- ਚਰਿੱਤ੍ਰ ੩੪੫ ਕਥਾ ਅੰਗਨਾ ਦੇਵੀ

ਕੁਲ ੧੪ ਚੌਪਾਈਆਂ ਵਾਲੀ ਛੋਟੀ ਜਿਹੀ ਕਹਾਣੀ- ਕਿ ਅਮਰ ਸਿੰਘ ਰਾਜੇ ਦੀ ਪਤਨੀ ਅੰਗਨਾ ਦੇਵੀ ਸੁੰਦਰਤਾ ਦਾ ਅਨੂਪਮ ਨਮੂਨਾ ਸੀ। ਉਸ ਨੂੰ ਇੱਕ ਬੜਾ ਸੁੰਦਰ ਖੱਤਰੀ ਪੁੱਤਰ ਭਾ ਗਿਆ, ਜਿਸ ਨੂੰ ਅੰਗਨਾ ਦੇਵੀ ਨੇ ਆਪਣੇ ਘਰ ਬੁਲਾ ਲਿਆ (੧ ਤੋਂ ੪ ਚੌਪਈ)। ਅਤੇ:--

**ਪੋਸਤ ਭਾਂਗ ਅਫ਼ੀਮ ਮਗ਼ਾਈ ॥ ਪਾਨਿ ਡਾਰਿ ਕਰਿ ਭਾਂਗ ਘੁਟਾਈ ॥** **[ਵੀਰਜ ਖ਼ਲਾਸ ਹੋਣੋ**
**ਪਾਨ ਕਿਯਾ ਦੋਹੂੰ ਬੈਠਿ ਪ੍ਰਜੰਕਹਿ ॥ ਰਤਿ ਮਾਨੀ ਭਰਿ ਭਰਿ ਦ੍ਰਿੜ ਅੰਕਹਿ ॥ ੫ ॥** **ਰੋਕਣ ਦਾ ਨੁਸਖ਼ਾ ?]**

**ਅਰਥ:**-ਪੋਸਤ, ਭੰਗ ਅਤੇ ਅਫ਼ੀਮ ਮੰਗਵਾਈ ਅਤੇ ਪਾਣੀ ਪਾ ਕੇ ਭੰਗ ਘੁਟਵਾਈ। ਪਲੰਘ ਉਤੇ ਬੈਠ ਦੇ ਦੋਵਾਂ ਨੇ ਭੰਗ ਪੀਤੀ ਇਕ ਦੂਸਰੇ ਨੂੰ ਜੱਫੀਆ ਭਰ ਭਰ ਕੇ ਅੰਗਾਂ ਨੂੰ ਘੁਟ ਭੋਗ ਕੀਤਾ ।੫।

**ਦੋਹਰਾ ॥ ਜਬੈ ਟਨਾਨੇ ਕੈਫ਼ ਕੇ ਆਏ ਅਖਿਅਨ ਮਾਹਿ ॥ ਕਰਹਿ ਬਿਲਾਸ ਪ੍ਰਜੰਕ ਚੜਿ ਹਸਿ ਹਸਿ ਨਾਰਿ ਔ ਨਾਹਿ ॥੬॥**

**ਅਰਥ:**--ਜਦ ਅਫ਼ੀਮ ਦਾ ਨਸ਼ਾ ਅੱਖਾਂ ਵਿਚ (=ਟਨਾਨੇ) ਆ ਗਿਆ ਤਾਂ ਦੋਵੇਂ ਇਸਤਰੀ ਮਰਦ ਪਲੰਘ ਤੇ ਚੜ੍ਹ ਕੇ ਹੱਸ ਹੱਸ ਕੇ ਭੋਗ ਕਰਨ ਲੱਗੇ । ੬।

ਅਤੇ ਫਿਰ ਨਸ਼ਿਆਂ ਦੀ ਬਰਕਤ ਨਾਲ:--

**ਚੌਪਈ ॥ ਭਾਂਤ ਭਾਂਤਿ ਕੇ ਆਸਨ ਲੈਕੇ ॥ ਅਬਲਾ ਕਹ ਬਹੁ ਭਾਂਤਿ ਰਿਝੈ ਕੈ ॥**
**ਆਪਨ ਪਰ ਘਾਯਲ ਕਰਿ ਮਾਰੀ ॥ ਮਦਨ ਮੋਹਨੀ ਰਾਜ ਦੁਲਾਰੀ ॥ ੭ ॥**

**ਅਰਥ:**--ਕਈ ਪ੍ਰਕਾਰ ਆਸਣ ਬਣਾ ਕੇ ਅਤੇ ਇਸਤ੍ਰੀ ਨੂੰ ਅਨੇਕਾਂ ਢੰਗਾਂ ਨਾਲ ਖ਼ੁਸ਼ ਕਰਕੇ ਉਸ ਨੇ ਮਨ ਮੋਹਣੀ ਰਾਜ ਕੁਮਾਰੀ ਨੂੰ ਮੋਹ ਲਿਆ । ੭ ।

## ੨੩- ਚਰਿਤ੍ਰ ੨੫੭ ਕਥਾ ਖੰਜਨ ਦੇਵੀ

ਅਚਲਾਵਤੀ ਨਗਰ ਦੇ ਸੂਰ ਸਿੰਘ ਰਾਜੇ ਦੀ ਪੁੱਤਰੀ ਖੰਜਨ ਦੇਵੀ ਅਜੇਹੀ ਸੁੰਦਰ ਸੀ ਕਿ ਨਾਗ ਇਸਤਰੀਆਂ ਵੀ ਲੱਜਤ ਹੁੰਦੀਆਂ ਸਨ। ਉਥੇ ਪ੍ਰਚੰਡ ਸਿੰਘ ਨਾਮੀ ਇੱਕ ਸੌਦਾਗਰ ਆਇਆ ਜੋ ਮਾਨੋ ਚੰਦ੍ਰਮਾ ਹੀ ਸੀ ਜਿਹੜੀ ਇਸਤ੍ਰੀ ਵੀ ਉਸ ਨੂੰ ਵੇਖਦੀ ਉਸੇ ਦੀ ਹੀ ਹੋ ਜਾਂਦੀ। ਰਾਜਕੁਮਾਰੀ ਖੰਜਣ ਦੇਵੀ ਵੀ ਉਸ ਤੇ ਮੋਹਤ ਹੋ ਗਈ ਅਤੇ ਆਪਣੀ ਦਾਸੀ ਉਸ ਵੱਲ ਭੇਜੀ। ਸੌਦਾਗਰ ਨੂੰ ਕਹਿ ਆਈ ਕਿ ਉਹ ਰਾਜਕੁਮਾਰੀ ਨੂੰ ਇੱਕ ਦੇਗ਼ ਵਿਚ ਬੰਦ ਕਰਕੇ ਮਹਲਾਂ ਕੋਲ ਵਗਦੀ ਨਦੀ ਵਿਚ ਬਹਾ ਦੇਵੇਗੀ, ਉਸ ਤੇ ਬੱਝੇ ਤੂਬੇਂ ਨੂੰ ਨਿਸ਼ਾਨੀ ਸਮਝ ਕੇ ਰਾਜਕੁਮਾਰੀ ਨੂੰ ਸਾਂਭ ਲਵੇ। ਇਸ ਢੰਗ ਨਾਲ ਖੰਜਨ ਦੇਵੀ ਆਪਣੇ ਪਿਆਰੇ ਪ੍ਰਚੰਡ ਸਿੰਘ ਨੂੰ ਜਾ ਮਿਲੀ (ਚੌਪਈ-੧ ਤੋਂ ੧੦) ਅਤੇ ਅੱਗੇ:--

**ਪੋਸਤ ਭਾਂਗ ਅਫ਼ੀਮ** ਮਗ਼ਾਈ ॥ ਦੁਹੂੰ ਖਾਟ ਪਰ ਬੈਠਿ ਬੜ੍ਹਾਈ ॥
**ਚਾਰਿ ਪਹਰ ਤਾਸੌ ਕਰਿ ਭੋਗਾ** ॥ ਭੇਦ ਨ ਲਖਾ ਦੂਸਰੇ ਲੋਗਾ ॥ ੧੧ ॥
ਇਹ ਬਿਧਿ ਤਾਸੌ ਰੋਜ ਬੁਲਾਵੈ ॥ ਕਾਮਿ ਭੋਗ ਕਰਿ ਤਾਹਿ ਪਠਾਵੈ ॥
ਭੂਪ ਸਹਿਤ ਕੋਈ ਭੇਦ ਨ ਪਾਵੈ ॥ ਨਿਤਪ੍ਰਤਿ ਅਪਨੋ ਮੂੰਡ ਮੁਡਾਵੈ ॥ ੧੨ ॥

ਬਸ ਏਨੀ ਕਹਾਣੀ ਵਿਚ ਦੱਸੋ ਭੰਗ ਅਫ਼ੀਮ ਦੀ ਅਤੇ ਚਾਰ ਪਹਿਰ ਭੋਗ ਕਰਨ ਦੀ ਗੱਲ ਲਿਖਣ ਦੀ ਉਚੇਚੀ ਲੋੜ ਕਿਵੇਂ ਆ ਪਈ ਸੀ? ਕੀ, ਦਸ਼ਮੇਸ਼ ਜੀ ਦੇ ਪਾਵਨ ਪਵਿੱਤ੍ਰ ਨਾਮਣੇ ਨਾਲ, ਨਸ਼ੇ ਖਾ ਕੇ ਭੋਗ ਕਰਨ ਦੇ ' ਗੁਨ-ਗਾਇਨ ' ਜੋੜਨ ਦਾ ਸਿੱਧਾ ਅਰਥ ਕੌਮ ਦੇ ਗਭਰੂਆਂ ਦੇ ਆਚਰਨ ਅਤੇ ਅਰੋਗਤਾ ਦਾ ਘੁੱਟ ਭਰਨ ਵਾਲੀ ਕੁਟਲਤਾ ਨਹੀਂ ਹੈ ਜੀ ?

**੨੪- ਚਰਿਤ੍ਰ ੨੧੩ ਕਥਾ ਮ੍ਰਿਗ ਨੈਣੀ** [ ਐਸਾ ਕਰਨ ਲਈ ਧਰਮ ਅਸਥਾਨਾ ਦੀ ਵਰਤੋਂ ਦੀ ਖੁਲ੍ਹ ?]

ਬੁੰਦੇਲ ਖੰਡ ਦੇ ਸ਼ਵ-ਭਗਤ ਰਾਜੇ **ਰੁਦਰਕੇਤ** ਰਾਜੇ ਦੀ ਪੁੱਤ੍ਰੀ ਮ੍ਰਿਗਨੈਣੀ ਏਡੀ ਸੁੰਦਰ ਸੀ ਕਿ ਵਡੇ ਵਡੇ ਰਾਜੇ ਉਸ ਦੇ ਚਾਹਵਾਨ ਸਨ। ਉਹ ਰਾਜਕੁਮਾਰੀ, **ਇੰਦਰਕੇਤ** ਨਾਮੀ ਇੱਕ ਬੜੇ ਹੀ ਸੁੰਦਰ ਖੱਤਰੀ ਨੌਜਵਾਨ ਨੂੰ ਆਪਣਾ ਦਿਲ ਦੇ ਬੈਠੀ ਅਤੇ ਆਪਣੀ ਇੱਕ ਸਹੇਲੀ ਭੇਜ ਕੇ ਉਸ ਨੂੰ ਮੰਗਵਾ ਕੇ ਉਸ ਨੂੰ ਘੁਟ ਕੇ ਗਲ ਨਾਲ ਲਾ ਲਿਆ ਅਤੇ ਛਕ-ਛਕਾ ਕੇ ਕਈ ਕਈ ਆਸਣਾ ਨਾਲ ਭੋਗ ਕਰਕੇ ਜਨਮਾ ਜਨਮਾਂਤ੍ਰਾਂ ਦੇ ਦੁਖ ਦੂਰ ਕਰ ਲਏ [-ਦੋਹਰੇ ਚੌਪਈਆਂ ਅਤੇ ਅੜਿਲ ੧ ਤੋਂ ੭] ਅਤੇ ਫਿਰ ਭੋਗ ਕਰਨ ਲਈ ਸ਼ਿਵ ਮੰਦਰ ਦੀ ਚੋਣ ?:---

**ਸ਼ਿਵ ਮੰਦਰਿ ਮੇਂ ਜਾਇ ਭੋਗ ਤਾਸੌ ਕਰੈ ॥ ਮਹਾਂ ਰੁਦ੍ਰ ਕੀ ਕਾਨਿ ਨ ਕਛੁ ਚਿਤ ਧਰੈ ॥**
**ਜਯੋਂ ਜਯੋਂ ਜਰਕੈ ਖਾਟ, ਸੁ ਘੰਟ ਬਜਾਵਹੀਂ ॥ ਪੂਰਿ ਤਵਨ ਧੁਨਿ ਰਹੇ ਨ ਜੜ੍ਹ ਕਛੁ ਪਾਵਹੀ ॥੮॥**

**ਅਰਥ**:--ਉਹ ਹਰ ਰੋਜ਼ ਸ਼ਿਵਜੀ ਦੇ ਮੰਦਰ ਵਿਚ ਜਾ ਕੇ ਉਸ ਨਾਲ ਕਾਮ ਕਲੋਲ ਕਰਦੀ ਅਤੇ ਸ਼ਿਵਜੀ ਦੀ ਵੀ ਕੁਝ ਪ੍ਰਵਾਹ ਨਾ ਕਰਦੀ। (ਘੱਸੋ ਵੱਜਣ ਨਾਲ) ਜਿਵੇਂ ਜਿਵੇਂ ਪਲੰਘ ਚੀਕਦਾ ਤਾਂ ਉਹ (ਓਵੇਂ ਓਵੇਂ ਮੰਦਰ ਦਾ) ਟੱਲ ਵਜਾਉਂਦੀ ਰਹਿੰਦੀ ਅਤੇ ਸਾਰੇ ਮੂਰਖ ਉਸ ਆਵਾਜ਼ ਨੂੰ ਸੁਣਕੇ ਅਸਲ ਗੱਲ ਨਾ ਸਮਝ ਸਕੇ। ੮ ।

ਇੱਕ ਦਿਨ ਉਹ ਸ਼ਿਵ ਮੰਦਰ ਵਿਚ ਕਾਮ ਦੇਵਤੇ ਦੀ ਪੂਜਾ ਕਰ ਰਹੇ ਸਨ ਕਿ ਰਾਜੇ ਦੇ ਆਉਣ ਦੀ ਖ਼ਬਰ ਸੁਣ ਕੇ ਆਪਣੀ ਸਖੀ ਭੇਜ ਕੇ ਰਾਜੇ ਨੂੰ ਅਖਵਾ ਦਿੱਤਾ ਕਿ ਅਜੇ ਦੋ ਘੜੀਆਂ ਠਹਿਰ ਕੇ ਆਉਣ, ਕਿਉਂਕਿ ਅਜੇ ਕੁਮਾਰੀ ਜੀ ਪੂਜਾ ਵਿਚ ਮਘਨ ਹਨ। ਰਾਜਾ ਬੜਾ ਖੁਸ਼ ਹੋਇਆ ਕਿ, ਸ਼ੁਕਰ ਹੈ ਮੇਰੀ ਧੀ ਵੀ ਸਿਵ ਭਗਤਨੀ ਬਣ ਗਈ ਹੈ। ਚਲੋ, ਮੈ ਦੋ ਘੜੀਆਂ ਹਟ ਕੇ ਪੂਜਾ ਕਰ ਲਵਾਂਗਾ (੯-੧੦):-

**ਚੌਪਈ ॥ ਉਤੈ ਮੀਤ ਤਿਨ ਲਿਯੋ ਬੁਲਾਈ ॥ ਕਾਮ ਰੀਤਿ ਕਰਿ ਪ੍ਰੀਤੁ ਪਜਾਈ ॥**
**ਕਰਿ ਕਰਿ ਕੁਵਤਿ ਸੇਜ ਚਰਕਾਵੇ ॥ ਏਕ ਹਾਥ ਤਨ ਘੰਟ ਬਜਾਵੈ ॥ ੧੧ ॥**
**ਭਾਂਤਿ ਭਾਂਤਿ ਤਾਕੌ ਰਤਿ ਕੀਨੀ ॥ ਨ੍ਰਿਪ ਜੜ ਧੁਨਿ ਘੰਟਾ ਚੀਨੀ ॥**
**ਭੇਦ ਅਭੇਦ ਕਛੂ ਨਹਿ ਪਾਯੋ ॥ ਇਹ ਦੁਹਿਤਾ ਕਸ ਕਰਮ ਕਮਾਯੋ ॥ ੧੨ ॥**
**ਤਾ ਸੌ ਭੌਗ ਬਹੁਤ ਬਿਧਿ ਕੀਨੋ ॥ ਲਪਟਿ ਲਪਟਿ ਆਸਨ ਕਹ ਦੀਨੋ ॥**
**ਚੰਬਨ ਆਲਿੰਗਨ ਕੀਨੇ ਤਿਨ ॥ ਭੇਦ ਨ ਲਹਯੋ ਮੂੜ੍ਹ ਰਾਜੈ ਇਨ ॥ ੧੩ ॥**

**ਅਰਥ**:--ਉਸ ਨੇ ਮਿੱਤਰ ਨੂੰ ਬੁਲਾ ਲਿਆ ਅਤੇ ਉਸ ਨਾਲ ਬੜੇ ਪਿਆਰ ਨਾਲ ਕਾਮ ਕਰੀੜਾ ਕੀਤੀ। ਏਧਰ ਜਦ ਮੰਜੀ ਕੜ ਕੜ ਕਰਕੇ ਜ਼ੋਰ ਨਾ ਖੜਕਣ ਲੱਗੀ ਤਾਂ ਉਧਰ ਕੁਮਾਰੀ ਇੱਕ ਹਥ ਨਾਲ ਟੱਲ ਖੜਕਾ ਦੇਵੇ । **੧੧** । ਕਈ ਤਰੀਕਿਆਂ ਨਾਲ ਉਸ ਨੇ ਕਾਮ ਕਰੀੜਾ ਕੀਤੀ ਅਤੇ ਰਾਜਾ (ਪੂਜਾ ਦਾ) ਟੱਲ ਹੀ ਖੜਕਦਾ ਸਮਝਦਾ ਰਿਹਾ। ਉਸ ਦੀ ਲਾਡਲੀ ਕਿਸ (ਪ੍ਰਕਾਰ ਦੀ ਸ਼ਿਵ-ਪੂਜਾ ਵਾਲਾ) ਕਰਮ ਕਮਾ ਰਹੀ ਹੈ ਉਹ ਇਸ ਭੇਤ ਨੂੰ ਨਾ ਜਾਣ ਸਕਿਆ । **੧੨** । ਉਨ੍ਹਾਂ ਦੋਹਾਂ ਨੇ ਅਨੇਕ ਵਿਧੀਆਂ ਅਨੁਸਾਰ ਭੋਗ ਵਿਲਾਸ ਕੀਤਾ ਅਤੇ ਲਪਟ ਲਪਟ ਕੇ ਆਸਣ ਬਣਾਏ। ਉਧਰ ਉਨ੍ਹਾਂ ਚੁੰਮਣ ਅਤੇ ਅਲਿੰਗਨ ਕੀਤੇ ਏਧਰ ਮੂਰਖ ਰਾਜਾ ਕਝ ਨਾ ਸਮਝ ਸਕਿਆ। ੧੩।

ਫਿਰ ਬਾਬਲ ਪਿਤ-ਰਾਜੇ ਨੂੰ ਇਹ ਕਹਿ ਕੇ, ਕਿ,' ਸ਼ਿਵ ਜੀ ਨੇ ਮੈਨੂੰ ਪਤੀ ਦੇ ਦਿੱਤਾ ਹੈ ' ਉਸੇ ਨਾਲ ਸ਼ਾਦੀ ਕਰ ਲਈ।

**ਪਦਮ ਸਾਹਿਬ ਜੀਓ !** ਕੀ ਇਸ ਕਹਾਣੀ ਤੋਂ ਇਹੀ ਸਿਖਿਆ ਮਿਲਦੀ ਹੈ ਕਿ ਧਰਮ ਅਸਥਾਨ ਬਦਮਾਸ਼ੀ ਕਰਨ ਲਈ ਵਧੀਆ ਅਤੇ ਹਰ ਪੱਖੋਂ ਸੁਰੱਖਿਅਤ ਅੱਡੇ ਹੁੰਦੇ ਹਨ ? ਕਿ, ਜਾਂ ਕਿਸੋ ਹੋਰ ਪ੍ਰਕਾਰ ਦੀ ਕੋਈ ਗੁੱਝੀ ਗੁਰੂ–ਸਿਖ਼ਸ਼ਾ ਮਿਲਦੀ ਹੈ? ਉਸ ਸਮੇਂ ਵੀ ਪੁਰਾਣਕ ਰਿਵਾਜ ਅਨੁਸਾਰ ਧੀਆਂ ਨੂੰ ਆਪਣਾ ਵਰ ਚੁਣ ਲੈਣ ਦੀ ਖੁੱਲ੍ਹ ਸੀ ਅਤੇ ਪਿਤਾ ਨਾਲ ਵਿਆਹ ਦੀ ਗੱਲ ਕਰਨ ਲਈ ਰਾਜਕੁਮਾਰੀ ਨੂੰ ਪੂਰੀ ਖੁੱਲ੍ਹ ਸੀ, ਤਾਂ ਅਜੇਹਾ ਗੰਦ ਖਿਲਾਰਨ ਦੀ ਕੀ ਲੋੜ ਸੀ ? ਵਿਚਾਰ ਕੇ ਦੱਸੋ, ਕਿ ਇਸ ਕਹਾਣੀ ਤੋਂ ਕਹਾਣੀ ਘਾੜੇ ਨੇ ਪਾਠਕ ਨੂੰ ਕਿਸ ਪ੍ਰਕਾਰ ਦੀ ਨਵੀਂ ਸਿਖਿਆ ਬਖ਼ਸ਼ਸ਼ ਕੀਤੀ **ਹੈ?**

ਰੋਜ਼ਾਨਾ ਕੀਤੇ ਜਾਨ ਵਾਲੇ (ਹੱਥ ਚੜ੍ਹੇ) ਕਾਰ ਵਿਹਾਰ ਸਮੇਂ ' ਚੀਤ ਨਰਿੰਜਨ ਨਾਲ ' ਜੁੜਿਆ ਰਹਿਣ ਦੀ ਗੱਲ ਸੰਭਵ ਹੈ, ਪਰ ਜੇ ਮਨ ਤੀਵੀਆਂ ਦੇ ਚਰਿਤ੍ਰ ਲਿਖਣ ਵਿਚ ਲੱਗਾ ਹੋਇਆ ਹੈ ਤਾਂ ਪ੍ਰਭੂ ਦੀ ਯਾਦ ਨਾਲ ਜੁੜੇ ਰਹਿਣ ਦੀ ਗੱਲ ਅਸੰਭਵ ਬਣ ਜਾਂਦੀ ਹੈ। ਕਿਉਂਕਿ **ਮਨ** ਇੱਕ ਸਮੇ ਕੇਵਲ ਇੱਕ ਤਰ੍ਹਾਂ ਦੀ ਸੋਚ ਵਿਚਾਰ ਵਿਚ ਹੀ ਲੀਨ ਹੋ ਸਕਦਾ ਹੈ। ਇਹ ਕਿਵੇਂ ਵੀ ਸੱਚ ਨਹੀਂ ਹੋ ਸਕਦਾ ਕਿ, **ਏਜ਼ਦੀ ਮਨਜ਼ੂਰ** ਦਸਮ ਸਤਿਗੁਰੂ ਨਾਨਕ ਸਾਹਿਬ ਜੀ ਦਾ ਮਨ ਬੁਧ ਚਿਤ ਉਪ੍ਰੋਕਤ ਅਸ਼ਲੀਲਤਾ ਦੀ ਸੰਗਤਿ ਵਿਚ ਕਈ ਮਹੀਨੇ ਜੁੜਿਆ ਰਿਹਾ ? ਫਿਰ ਉਨ੍ਹਾਂ ਦੇ ਇਨ੍ਹਾਂ ਫ਼ੁਰਮਾਨਾਂ ਦਾ ਆਰਥ ਕੀ ਰਹਿ ਗਿਆ ਜੀ ?--" **ਖਿਨੁ ਪਲੁ ਰਹਿ ਨ ਸਕੈ ਜੀਉ ਬਿਨ ਹਰਿ ਪਿਆਰੇ** "-- " **ਹਉ ਹਰਿ ਬਿਨੁ ਖਿਨ ਪਲੁ ਰਹਿ ਨ ਸਕਉ, ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥ ੧ ॥ ਰਹਾਉ ॥** "

ਜੇ ਅਸੀਂ ਇਹ ਮੰਨਦੇ ਹਾਂ ਕਿ ਚੰਗੀ ਬਾਣੀ ਦਾ ਧਿਆਨ ਨਾਲ ਪਾਠ ਕੀਤਿਆਂ ਮਨੁੱਖ ਦਾ ਮਨ ਚੰਗਾ ਬਣਨਾ ਅਰੰਭ ਹੋ ਜਾਂਦਾ ਹੈ, ਤਾਂ ਕਾਮ ਅਗਨੀ ਭੜਕਾਉਣ ਵਾਲਾ ਉਪਰੋਕਤ ਗੰਦ ਪੜ੍ਹਨ ਨਾਲ ਮਨੁੱਖ ਦਾ ਮਨ ਪਵਿੱਤਰ ਕਿਵੇਂ ਰਹਿ ਸਕਦਾ ਹੈ ? ਇਸ ਅਟੱਲ ਸਚਾਈ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ ਕਿ, ਪੁਸਤਕ ਪੜ੍ਹਨ ਦਾ ਅਰਥ ਪੁਸਤਕ ਵਿਚਲੇ ਵਿਚਾਰਾਂ ਦਾ ਗੂੜ੍ਹਾ ਸੰਗੀ ਸਾਥੀ ਬਣਨਾ ਹੀ ਹੁੰਦਾ ਹੈ॥ ਜਿਸ ਗੁਰੂ ਬਾਣੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤ ਦਾ ਸਦੀਵੀ ਮਾਲਕ ਦਸ਼ਮੇਸ਼ ਜੀ ਨੇ ਆਪ ਹੀ ਬਣਾਇਆ ਸੀ ਉਸ ਪਾਵਨ ਧੁਰ ਕੀ ਬਾਣੀ ਦਾ ਕੁਸੰਗਤ ਤੋਂ ਬਚਨ ਦਾ ਉਪਦੇਸ਼--

੫੮- **ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥**

**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ** ॥੮੬॥ {੧੩੬੯}

੫੯- **ਮਹਲਾ ੫* ॥ ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥**

**ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ** ॥੨॥ {੯੬੫}-ਵਾਰ-੨●

{ਪਾਠਕਾਂ ਦੀ ਜਾਣਕਾਰੀ ਲਈ- *Foot note:-ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ ॥ ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ ॥੨●੮॥ ਕਬੀਰ ਜੀ ਦੇ ਇਸ ਸਲੋਕ ਦੇ ਪਰਥਾਇ ਗੁਰੂ ਅਰਜਨ ਸਾਹਿਬ ਜੀ ਨੇ ਇਹ ਤਿੰਨ ਸਲੋਕ ਲਿਖੇ ਹਨ। ਮਹਲਾ ੫ ॥ ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ ॥ ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥੨●੯॥ ਮਹਲਾ ੫ ॥ ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੨੧●॥ ਮਹਲਾ ੫ ॥ ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥੨੧੧॥}

੬●- **ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥**

**ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ** ॥੧੧॥ {੧●੬੮}-੨-੨੪

ਚੰਗੇ ਆਚਰਨ ਦਾ ਖ਼ਾਤਮਾ ਕਰਨ ਵਾਲੀ ਉਪਰੋਕਤ ਅਸ਼ਲੀਲਤਾ ਕਿਖਣ ਵਿਚ ਲਾਇਆ ਸਾਰਾ ਸਮਾ ਸਤੀਅੰਤ ਭੈੜੀ " ਗੁਸੰਗਤ " ਵਿਚ ਰਹਿਣ ਵਾਲਾ ਗੁਰਮਤਿ ਵਿਰੋਧੀ ਕਰਮ ਕਰਨ ਵਾਲਾ ਰੱਬ ਦੇ ਭੈ ਤੋਂ ਰਹਿਤ ਕੋਈ ਸਾਕਤ ਹੀ ਹੋ ਸਕਦਾ ਹੈ। ਅਤੇ ਸਾਕਤ ਦੇ ਸੰਗ ਕਰਨ ਤੋਂ ਵੀ ਗੁਰੂ ਬਾਣੀ ਵਰਜ ਰਹੀ ਹੈ:--

੬੧- **ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥**

**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥**{੧੩੭੧}

**ਅਰਥ**:-ਕਬੀਰ ਸਾਹਿਬ ਫ਼ੁਰਮਾਨ ਕਰਦੇ ਹਨ-ਰੱਬ ਨਾਲੋਂ ਟੁੱਟੇ ਹੋਏ ਬੰਦੇ ਦੀ ਸੰਗਤ ਨਹੀਂ ਕਰਨੀ ਚਾਹੀਦੀ. ਉਸ ਤੋਂ ਦੂਰ ਹੀ ਹਟ ਜਾਣਾ ਚਾਹੀਦਾ ਹੈ। (ਵੇਖ,) ਜੇ ਕਿਸੇ ਕਾਲੇ ਭਾਂਡੇ ਨੂੰ ਛੋਹੀਏ, ਤਾਂ ਥੋੜਾ-ਬਹੁਤ ਦਾਗ਼ ਲੱਗ ਹੀ ਜਾਂਦਾ ਹੈ । ੧੩੧।

ਸਤਿਗੁਰੂ ਜੀ ਤਾਂ ਭੈੜੇ ਬਚਨ ਸੁਣ ਤੋਂ (ਅਥਵਾ ਭੈੜ ਵੇਖਣ ਤੋਂ) ਬਚਾਈ ਰੱਖਣ ਲਈ ਦਾਤਾਰ ਅੱਗੇ ਜੋਦੜੀਆਂ ਕਰਨ ਦੀ ਸੂਝ ਬਖ਼ਸ਼ਸ਼ ਕਜਰ ਰਹੇ ਹਨ:-

੬੨- **ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬ ੴ ਸਤਿਗੁਰ ਪ੍ਰਸਾਦਿ ॥**

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ ॥ ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥ ਅਭੈ ਦਾਨੁ ਪਾਵਉ ਪੁਰਖ ਦਾਤੇਮਿਲਿ ਸੰਗਤਿ ਹਰਿ ਗੁਣ ਗਾਏ ॥੧॥ ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ ॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ ॥੨॥ ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥ ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰ ਦ੍ਰਿੜਾਏ ॥੩॥ ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ॥ ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈਦਾਨੁ ਸੁਖ ਪਾਏ ॥੪॥੧॥੯੧॥**

ਹੇ ਬਦਮ ਸਾਹਿਬ ਜੀਓ ! ਮਨੁੱਖ ਦੇ ਅਤਮਕ ਰੋਗਾਂ ਦਾ ਦਾਰੂ ਅਜੇਹੇ ਗਿਆਨ ਦੇ ਦਤੇ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਨਾਮਣੇ ਨਾਲ ਉਪ੍ਰੋਕਤ ਸਭਿਆਹੀਨ ਬਦਕਿਰਦਾਰ ਮਨੁੱਖਾਂ ਵਾਲੀ ਕਰਤੂਤ ਜੋੜਨ ਦਾ ਜ਼ੋਰ ਲਾ ਰਹੇ ਆਪਣੇ ਸਾਥੀਆਂ ਨੂੰ ਗੁਰਮਤਿ ਨਾਲ ਜੁੜਨ ਦੀ ਸਿਖਿਆ ਦੇਣ ਦੀ ਸੇਵਾ ਸੰਭਾਲ ਲੈਣ ਦਾ ਸ਼ੁੱਭ ਉਦਮ ਕਰਨਾ ਹੀ ਸਹੀ ਗੁਰਸਿੱਖੀ ਹੈ। ਇਸ ਅਰਥਜੀਨ ਚਲਿੱਤਰ-ਕਹਾਣੀਆਂ ਵਿਚਲੀ ਗੁਰਮਤਿ ਵਿਰੋਧੀ ਅਥਵਾ ਮੁਨੱਖਤਾ ਦਾ ਘਾਤ ਕਰ ਰਹੀ ਹੋਰ ਢੰਗ ਦੀ ਅਲੀਲਤਾ:--

# ਚੌਥਾ ਕਾਂਡ

# ਕਾਮ ਕ੍ਰੀੜਾ ਤੇ “ ਕੇਸ ਨਾਸ ” ਸਿਖਿਆ ਅਧਿਆਇ ?

## ੧- ਚਰਿਤ੍ਰ ੧੯੦ ਕਥਾ ਪੂਰਬ ਦੇਵੀ-- (ਬਾਲ ਸਫ਼ਾ ਪਾਊਡਰ ਵੀ ?)

ਭੋਗ ਕਰਦਿਆਂ ਵੱਧ ਤੋਂ ਵੱਧ ਸਮਾ ਲਾਉਣ ਲਈ **ਨਸ਼ਿਆਂ ਦੀ ਵਰਤੋਂ** ਕਰਨ ਦੀ, **ਚਪਟੀ** ਬਣਾ ਕੇ ਮੰਦ ਕਮਾਉਣ ਦੀ, ਕਈ ਤਰ੍ਹਾਂ ਨਾਲ **ਠੋਕਣ ਵਜਾਉਣ** ਦੀ, **ਢੋਲ ਦੇ ਡਗੇ** ਦੇ ਤਾਲ ਨਾਲ ਲਿੰਗ ਨੂੰ ਭਗ ਵਿਚ ਪਾਉਣ ਅਤੇ ਕੱਢਣ ਦੀ, ਪਲੰਘ ਦੇ ਚੀਕਣ ਤੇ **ਮੰਦਰ ਦੇ ਟੱਲ ਖੜਕਾਉਣ** ਆਦਿ ਦੀ ਸਿਖਿਆ ਦੇ ਲੈਣ ਉਪ੍ਰੰਤ ਹੁਣ **ਉਛਲ ਉਛਲ** ਕੇ ਭੋਗ ਕਰਨ ਦਾ ਨਵੀ ਕਿਸਮ ਦਾ **ਸਮਾਂ ਬਨੰਣ** ਦੇ ਨਾਲ **ਬਾਲ ਸਫ਼ਾ ਪਊਡਰ** (ਜਿਸ ਦਾ ਜਿਕਰ ਸੁਣਨਾ ਵੀ ਦਸ਼ਮੇਸ਼ ਜੀ ਕਦੇ ਬਰਦਾਸ਼ਤ ਨਾ ਕਰਦੇ) ਦੀ ਵਰਤੋਂ ਦਾ ਅਨੋਖਾ ਢੰਗ ਸਿਖਾਉਣ ਵਾਲੇ ਚਰਿਤ੍ਰਾਂ ਵਿਚੋਂ ਕੇਵਲ ਵਣਗੀ ਮਾਤ੍ਰ--

“ ਪੂਰਬ ਦੇਸ਼ ਦੇ **ਪੂਰਬ ਸੈਨ** ਦੇ ਰਾਜੇ ਦੀ **ਪੂਰਬ ਦੇਵੀ** ਹੀ ਰਾਣੀ ਸੀ। ਰਾਣੀ ਦੀ ਸੁੰਦਰਤਾ ਤੋਂ ਦੇਵ ਕੁਮਾਰੀਆਂ ਵੀ ਈਰਖਾ ਕਰਦੀਆਂ ਸਨ। ਉਥੇ ਹੀ ਰੂਪ ਸੈਨ ਨਾਮੀ ਇੱਕ ਖੱਤਰੀ ਸੀ। ਜਿਸ ਦੀ ਸੁੰਦਰਤਾ ਵੇਖ ਕੇ ਨਾਗ ਇਸਤ੍ਰੀਆਂ ਵੀ ਲੱਜਤ ਹੁੰਦੀਆਂ ਸਨ। ਭਾਵ ਉਹ ਇਸਤ੍ਰੀਆਂ ਨਾਲੋਂ ਵੀ ਵੱਧ ਸੋਹਣਾ ਸੀ। ਰਾਣੀ ਉਸ ਤੇ ਮੋਹਤ ਹੋ ਗਈ ਅਤੇ ਆਪਣੀ ਦਾਸੀ ਭੇਜ ਕੇ, ਉਸ ਨੂੰ ਘਰ ਮੰਗ਼ਵਾ ਲਿਆ। (੧ ਤੋਂ ੭) ਹੁਣ ਪਦਮ ਸਾਹਿਬ ਆਪਣੇ **ਪਹਾੜ ਜਿੱਡੇ ਉਸੇ ਹੀ ਝੂਠ** ਦੇ ਦਰਸ਼ਨ ਫਿਰ ਕਰ ਲਵੋ ਜੋ ਤੁਸਾਂ ਨਿਰਸੰਦੇਹ ਪਾਠਕਾਂ ਨੂੰ ਧੋਖਾ ਦੇਣ ਲਈ ਲਿਖਿਆ ਹੋਇਆ ਹੈ ਕਿ-- ਇਸ ਵਿਚ ਇਹ ਵੀ ਕਿਤੇ ਕਿਤੇ ਆਉਂਦਾ ਹੈ, ਕਿ ਫ਼ਲਾਣੀ ਔਰਤ ਨੇ, ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼ ਕਰ ਦਿੱਤਾ, ਯਾ **ਉਸ ਨਾਲ ਐਸਾ ਕੀਤਾ**, ਇਹ ਸਭ ਕੁਝ ਕਹਾਣੀ ਦਾ ਹਿੱਸਾ ਹੈ, ਗੁਰੂ ਸਾਹਿਬ ਦੀ ਆਪਣੀ ਕਥਨੀ ਨਹੀਂ ”। ਸੱਜਣ ਘਰ ਆਇਆ ਤਾਂ ਰਾਣੀ ਨੇ:--

**ਚੌਪਈ ॥ ਉਠਿ ਕਰਿ ਕੁਅਰਿ ਅਲਿੰਗਨ ਕਿਯੋ ॥ ਭਾਂਤਿ ਭਾਂਤਿ ਚੁੰਬਨ ਤਿਹ ਲਿਯੋ ॥**
ਕਾਮਕੇਲ ਰੁਚਿ ਮਾਨ ਕਮਾਯੋ ॥ **ਭਾਂਗਿ ਅਫ਼ੀਮ ਸ਼ਰਾਬ ਚੜ੍ਹਾਯੋ** ॥ ੮ ॥
ਜਬ ਮਦ ਕਰਿ ਪਤਵਾਰਾ ਕਿਯੋ ॥ ਭੁੱਜ ਤੇ ਪਕਰਿ ਸੇਜ ਪਰ ਦਿਯੋ ॥
ਅਧਿਕ ਮਾਨਿ ਰੁਚਿ ਗਰੇ ਲਗਾਯੋ ॥ **ਉਛਰਿ ਉਛਰਿ** ਕਰਿ ਭੋਗ ਕਮਾਯੋ ॥ ੯ ॥
ਏਕੁ ਤਰੁਨ ਦੂਸਰ ਮਦ ਮਾਤੋ ॥ ਤੀਸਰ ਭੋਗ ਤਰੁਨਿ ਕੇ ਰਾਤੋ ॥
**ਦੁਹੰਅ ਨ ਮੱਧ ਹਾਰ ਕੋ ਮਾਨੈ ॥ ਚਾਰਹੁ ਬੇਦ ਭੇਦ ਇਹ ਜਾਨੈ** ॥ ੧੦ ॥
ਜਬ ਤ੍ਰਿਯ ਤਰੁਨਿ ਕਹ ਪਾਵੈ ॥ ਛਿਨ ਛਤਿਯਾ ਤੇ ਔਰਿ ਨ ਭਵੈ ॥
ਗਹਿ ਗਹਿ ਤਾਂਕਰ ਗਰੇ ਲਗਾਵੈ ॥ **ਚਾਰਿ ਪਹਿਰ ਨਿਸਿ ਭੋਗ ਕਮਾਵੈ** ॥ ੧੧ ॥
ਭੋਗ ਕਰਤ ਤਰੁਨੀ ਬਸਿ ਭਈ ॥ ਪਰ ਕੀ ਤੇ ਵਾਕੀ ਹ੍ਵੈ ਗਈ ॥
ਛਿਨ ਇਕ ਛੈਲ ਨ ਛੋਤਯੋ ਜਾਵੈ ॥ **ਛੈਲਯਹਿ ਯਾਰ ਛਬੀਲੋ ਭਾਵੈ** ॥ ੧੨ ॥
**ਕੋਕਸਾਰ ਕੇ ਮਤਨ ਉਚਾਰੈ ॥ ਅਮਲ ਪਾਨ ਕਰਿ ਦ੍ਰਿੜ੍ਹ ਰਤਿ ਧਾਰੈ ॥**
ਆਨ ਪੁਰਖ ਕੀ ਕਾਨਿ ਨ ਕਰਹੀ ॥ ਭਾਂਤਿ ਭਾਂਤਿ ਕੇ ਭੋਗਨ ਭਰਹੀ ॥ ੧੩ ॥
**ਪੋਸਤ ਭਾਂਗ ਅਫ਼ੀਮ ਮੰਗਾਵੈ** ॥ ਏਕ ਖਾਟ ਪਰ ਬੈਠਿ ਚੜ੍ਹਾਵੈ ॥
ਹਸਿ ਹਸਿ ਕਰਿ **ਦੋਊ ਜਾਂਘਨ** ਲੇਹੀ ॥ ਰਾਜ ਤਰੁਨਿ ਕੌ ਬਹੁ ਸੁਖ ਦੇਹੀ ॥ ੧੪ ॥
ਭੋਗ ਕਰਤ **ਨਿਸਿ ਸਕਲ ਬਿਤਾਵੈਂ** ॥ ਸੋਇ ਰਹੈ **ਉਠਿ ਕੇਲਿ ਕਮਾਵੈਂ** ॥
ਫਿਰਿ ਫਿਰਿ ਤ੍ਰਿਯ ਆਸਨ ਕਹ ਲੈਕੈ ॥ **ਭਾਂਤਿ ਭਾਂਤਿ ਕੈ ਚੁੰਬਨ ਕੈਕੈ** ॥ ੧੫ ॥
**ਭੋਗ ਕਰਤ** ਤਰੁਨਿਯਹਿ ਰਿਝਾਯੋ ॥ **ਭਾਂਤਿ ਅਨਿਕ ਤਿਨ ਕੇਲ ਮਚਾਯੋ** ॥
ਇਹ ਬਿਧਿ ਹੌ ਹਸਿ ਤਾਹਿ ਉਚਾਰੋ ॥ ਕਹੌ ਜੁ ਤੁਮ ਸੌ ਸੁਨਹੁ ਪਯਾਰੋ ॥ ੧੬ ॥
ਜਬ ਤਰੁਨੀ ਸੰਗ **ਦ੍ਰਿੜ ਰਤਿ ਕਰੀ** ॥ ਭਾਂਤਿ ਭਾਂਤਿ ਕੇ ਭੋਗਨ ਭਰੀ ॥
ਰੀਝਿ ਤਰੁਨਿ ਇਹ ਭਾਂਤਿ ਉਚਾਰੀ ॥ ਮਿਤ੍ਰ ਭਈ ਮੈਂ ਦਾਸ ਤਿਹਾਰੀ ॥ ੧੭ ॥

**ਪਦਮ ਸਾਹਿਬ ਜੀਓ !** “ਯਾ **ਉਸ ਨਾਲ ਐਸਾ ਕੀਤਾ** ”, ਤੁਹਾਡਾ ਬਚਨ ਪੂਰਾ ਕਰ ਲੈਣ ਉਪ੍ਰੰਤ ਰਾਣੀ ਨੇ ਆਪਣੇ ਪਿਆਰੇ ਸੱਜਣ ਨੂੰ ਆਖਿਆ ਕਿ ਮੈ ਤੇਰੀ ਗ਼ੁਲਾਮ ਹੋ ਗਈ ਹਾਂ। ਤੂੰ ਜੋ ਕਹੇਂ ਮੈ ਕਰਨ ਨੂੰ ਤਿਆਰ ਹਾਂ। ਅਗੋਂ ਯਾਰ ਨੇ ਕਿਹਾ ਕਿ ਕੋਈ ਐਸਾ ਢੰਗ ਕਰੋ ਕਿ ਮੈਂ ਸਦਾ ਤੁਹਾਡੇ ਕੋਲ ਹੀ ਟਿਕਿਆ ਰਹਾਂ ਅਤੇ ਕੋਈ ਕੁੱਤਾ ਤੱਕ ਨਾ ਭੌਕੇ। (੧੮ ਤੋਂ ੨੦) ਤਾਂ ਅੱਗੇ ਸੁਣੋਂ:--

ਰਾਨੀ ਸੁਨੀ ਬਾਤ ਐਸੀ ਜਬ ॥ ਬਚਨ ਕਹਾ ਹਸਿ ਕਰਿ ਪਿਯ ਸੌ ਤਬ ॥
**ਰੋਮ ਨਾਸ** ਤੁਮ ਬਦਨ ਲਗਾਵਹੁ ॥ ਸਕਲ ਨਾਰਿ ਕੋ ਭੇਸ ਬਨਾਵਹੁ ॥ ੨ ॥
**ਰੋਮਨਾਸ** ਰਾਨਿਯਹਿ ਮਗਾਯੋ ॥ ਤਾਕੇ ਬਦਨ ਸਾਰ ਲੈ ਲਾਯੋ ॥
ਸਭ ਹੀ ਕੇਸ ਦੂਰਿ ਜਬ ਭਏ ॥ ਤਾਕਹਿ ਬਸਤ੍ਰ ਨਾਰਿ ਕੇ ਦਏ ॥ ੨੩ ॥

ਉਸ ਦੇ **ਸਾਰੇ ਬਾਲ ਸਫ਼ਾ** ਕਰਾ ਕੇ ਗਾਉਣ ਵਾਲੀ ਦੇ ਭੇਸ ਵਿਚ ਉਸ ਨੂੰ ਆਪਣੇ ਮਹਲਾਂ ਵਿਚ ਹੀ ਰਖ ਲਿਆ। ਕੀ, ਨਸ਼ਿਆਂ ਦੀ ਵਰਤੋਂ ਨਾਲ ਗੜੁੱਚ ਅਤੇ ਜਵਾਨਾਂ ਵਿਚ ਪੂਰੇ ਜ਼ੋਰ ਦੀ ਉਤੇਜਨਾਂ ਪੈਦਾ ਕਰਨ ਵਾਲਾ ਏਡਾ ਲੰਮਾਂ ਕਾਮ-ਭੋਗ ਪ੍ਰਸੰਗ ਕਹਾਣੀ ਦੀ ਲੋੜ ਸੀ ? ਕਿ ਜਾਂ ਨੌਜਵਾਨ ਬੱਚੇ ਬੱਚੀਆਂ ਦੇ ਆਚਰਨ ਦਾ ਅਤੇ ਅਰੋਗਤਾ ਦਾ ਨਾਸ ਪੁੱਟਣ ਦੀ ਯੋਜਨਾਂ ਕੰਮ ਕਰ ਰਹੀ ਹੈ ?

**(A)** **ਕੇਸਾਂਤਕ ਤਿਨ ਤੁਰਤੁ ਮਗ਼ਾਯੋ ॥ ਲੀਪਿ ਸਮਸ ਤਾਕੀ ਸੋ ਲਾਯੋ ॥**
**ਤਬ ਸਭ ਕੇਸ ਦੂਰ ਹ੍ਵੈ ਗਏ ॥ ਰਾਜਕੁਮਾਰ ਤ੍ਰਿਯਾ ਸੇ ਭਏ ॥ ੬ ॥** [ਚਰਿ: ੧੧੯]

**ਅਰਥ**:--ਫਿਰ ਉਸ ਨੇ ਤੁਰੰਤ ਬਾਲ ਸਾਫ ਪਾਊਡਰ ਮੰਗਵਾਇਆ ਅਤੇ ਰਾਜਕੁਮਾਰ ਦੀਆਂ ਮੁਛਾਂ ਅਤੇ ਦਾਹੜੀ ਤੇ ਲੇਪ ਕਰ ਦਿੱਤਾ। ਜਦ ਉਸਦੇ ਸਾਰੇ ਵਾਲ ਸਾਫ਼ ਹੋ ਗਏ ਤਾਂ ਰਾਜਕੁਮਾਰ ਇਸਤ੍ਰੀ ਲੱਗਣ ਲੱਗਾ ।

**(B)** **ਤਾਂਹਿ ਕੇਸ ਅਰਿ ਬਕਤ੍ਰ ਲਗਾਯੋ ॥ ਸਭ ਕੇਸਨ ਕੌ ਦੂਰਿ ਕਰਾਯੋ ॥**
**ਪੁਰਖ ਤੇ ਇਸਤ੍ਰੀ ਕਰਿ ਡਾਰੀ ॥ ਮਿਤ ਪਤਿ ਲੈ ਤੀਰਥਨ ਸਿਧਾਰੀ ॥ ੩ ॥[ਚਰਿ: ੧੩੮]**

**ਅਰਥ**:--ਉਸ ਦੇ ਮੂੰਹ ਤੇ ਬਾਲ ਸਾਫ਼ ਤੇਲ ਲਾਇਆ ਅਤੇ ਉਸਦੇ ਵਾਲ ਸਾਫ਼ ਕਰ ਦਿਤੇ। ਉਸਨੂੰ ਪੁਰਸ਼ ਤੋਂ ਇਸਤ੍ਰੀ ਬਣਾ ਦਿੱਤਾ ਅਤੇ ਮਿਤਰ ਤੇ ਪਤੀ ਨੂੰ ਲੈ ਕੇ ਤੀਰਥ ਯਾਤਰਾ ਚਲ ਪਈ। ੩ ।

**(C)** **ਬੋਲਿ ਭੇਦ ਸਭ ਪਿਯਹਿ ਸਿਖਾਯੋ ॥ ਰੋਮਨਾਸ ਤਿਹ ਬਦਨ ਲਗਾਯੋ ॥**
**ਸਭ ਹੀ ਕੇਸ ਦੂਰ ਕਰਿ ਡਾਰੇ ॥ ਪੁਰਖ ਨਾਰਿ ਨਹਿ ਜਾਤ ਬਿਚਾਰੇ ॥ ੮ ॥ [ਚਰਿ: ੩੫੨]**

**(D)** ਚਪਟੀ ਦੀ ਅਥਵਾ ਪੋਸਤ ਭੰਗ ਅਫ਼ੀਮ ਸ਼ਰਾਬ, ਧਤੂਰਾ ਆਦਿ ਨਸ਼ਿਆਂ ਦੀ ਮਿਲਵੀਂ ਅਤੇ ਖੁਲ੍ਹੀ ਵਰਤੋਂ ਨਾਲ, ਬਿਨਾਂ ਖ਼ਲਾਸ (Emit) ਹੋਇਆਂ ਇੱਕ ਟੱਕ ਭੋਗ ਕਰਦੇ ਰਹਿਣ ਨਾਲ ਕਾਮਿਨੀ ਦਾ ਚਿੱਤ ਚੁਰਾ ਲੈਣ ਦੇ ਕਈ ਆਸਨ ਸਝਾਉਣ ਦੇ ਨਾਲ, ਪਿਆਰੇ ਅਤੇ ਦੁਲਾਰੇ ਸ੍ਰੀ ਮਾਨ ਪਿਆਰਾ ਸਿੰਘ ਪਦਮ ਸਾਹਿਬ ਜੀਓ ! ਹੁਣ ਬਾਲ ਸਾਫ਼ ਕਰਕੇ ਮਨੁੱਖ ਨਾਲ, **ਗੁਦਾ-ਭੋਗ** ਕਰਨ ਦੀ ਸਿਖਲਾਈ ਵੀ ਕੀ, ਦਸ਼ਮੇਸ਼ ਜੀ ਦੇ ਹੀ ਪਾਵਨ ਨਾਮਣੇ ਨਾਲ **ਮੜ੍ਹ ਰਹੇ ਹੋ ?**:-- **ਰੋਮਾਂਤਕ ਤੁਮ ਪ੍ਰਥਮ ਲਗਾਵੋ ॥ ਸਕਲ ਤਿਯਾ ਕੌ ਭੇਸ ਛਕਾਵੋ ॥** **[ਰੋਮਾਂਤਕ=ਰੋਮਾਂ ਦਾ ਅੰਤ ਕਰਨ ਵਾਲਾ]**

**ਜਬ ਤੁਮ ਕੌ ਰਾਜਾ ਲਖਿ ਪੈਹੈ ॥ ਤੁਰਤੁ ਮਦਨ ਕੇ ਬਸਿ ਹ੍ਵੈ ਜੈਹੈ ॥ ੧੪ ॥**
**ਜਾਰਿ ਕੇਸ ਸਭ ਦੂਰਿ ਕਰਾਏ ॥ ਭੂਖਨ ਅੰਗ ਅਨੂਪ ਸੁਹਾਏ ॥**
**ਜਾਇ ਦਰਸ ਰਾਜਾ ਕੋ ਦਿਯੋ ॥ ਨ੍ਰਿਪ ਕੋ ਮੋਹ ਆਤਮਾ ਲਿਯੋ ॥ ੧੫ ॥ .....**
**ਨ੍ਰਿਪ ਕੋ ਪਕਰਿ ਭੁਜਨ ਤੇਂ ਲਿਯੋ ॥ ਗੁਦਾ ਭੋਗ ਤਾਕੋ ਦ੍ਰਿੜ ਕਿਯੋ ॥**
**ਤੋਰਿ ਤਾਰਿ ਤਨ ਰੁਧਿਰ ਚਲਾਯੋ ॥ ਅਧਿਕ ਰਾਵ ਮਨ ਮਾਂਝ ਲਜਾਯੋ ॥ ੧੯ ॥[ਚਰਿ: ੧੩੪] (੮)**

ਕਕਾਰਾਂ ਵਿਚੋਂ ਸਿਰਮੌਰ ਕਕਾਰ, **ਕੇਸਾਂ** ਦਾ ਸਤਿਕਾਰ ਕਰਨਾ ਸਿਖਾਉਣ ਵਾਲੇ ਦਸ਼ਮੇਸ਼ ਜੀ, ਕੀ, ਕਹਾਣੀਆਂ ਨੂੰ ਕੋਈ ਹੋਰ ਮੋੜ ਨਹੀਂ ਸਨ ਦੇ ਸਕਦੇ ? ਪਦਮ ਸਾਹਿਬ ! ਤੁਸਾਂ ਦਸ਼ਮੇਸ਼ ਜੀ ਦੀ ਨਿੰਦਿਆ ਲਿਖਣ ਵਿਚ ਸਿਖ਼ਰ ਕਰ ਦਿੱਤੀ ਹੈ। ਅਜੇਹੀਆਂ ਗਾਥਾਵਾਂ ਸੁਨਾਉਣ ਲਈ, ਕਲਗ਼ੀਧਰ ਜੀ ਨੂੰ ਕਿਸ ਕਾਰਨ ਮਜਬੂਰ ਵਿਖਾਇਆ ਜਾ ਰਿਹਾ ਹੈ? ਕੀ, ਦਸ਼ਮੇਸ਼ ਜੀ ਏਡੇ ਕਮਜ਼ੋਰ ਕਵੀ ਅਥਵਾ ਅਲ੍ਹੜ ਕਹਾਣੀਕਾਰ ਸਨ ਜੋ ਵਧੀਆ ਸਿਟਿਆਂ ਵਾਲੀਆਂ ਕਹਾਣੀਆਂ ਸਿਖਿਆ ਦਾਇਕ ਸ਼ਬਦਾਵਲੀ ਵਿਚ ਨਾ ਲਿਖ ਸਕੇ? ਉਸ ਪਰਮਪੁਰਖ ਜੀ ਦਾ ਕੀ ਵਾਸਤਾ ਅਜੇਹੇ ਘੋਰ ਨਰਕੀ ਗੰਦ ਨਾਲ ? ਕਿਸ, ਨਿਯਤ ਨਾਲ ਜੋੜ ਰਹੇ ਹੋ ਉਸ ਮਰਦ ਅਗੰਮੜੇ ਦੀ ਕੋਈ ਵੀ ਨੇੜਤਾ ਇਸ ਘਾਤਕ ਸਾਹਿਤ ਨਾਲ। ਸਾਫ਼ ਕਹਿ ਦਿਉ ਕਿ-- **ਸ਼ਰਮ ਮਗਰ, ਹਮ ਕੋ ਨਹੀਂ ਆਤੀ .......**

੬੨- **ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥**
**ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥ ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ**
**ਪਾਰਿ ਉਤਾਰਿ ॥੧੩॥ ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥ ਕਾਮ ਕ੍ਰੋਧਿ ਮਨੁ**
**ਹਿਰਿ ਲਇਆ ਮਨਮੁਖ ਅੰਧਾ ਲੋਇ ॥ ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥ ਨਾਮ**
**ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥**
**ਨਾਨਕ ਜੋ ਧੁਰਿ ਕਰਤੈ ਲਿਖਿਆ ਸੁ ਮੇਟਿ ਨ ਸਕੈ ਕੋਇ ॥੧੪॥** {੧੪੧੫}

੬੩- **ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥**
**ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥{੧੩੮੨}**

## ੨- ਚੌਰਾਸੀ ਲੱਖ ਜੂਨਾਂ ਦੇ ਸਿਰਦਾਰ ਦੇ ਕਾਮ-ਭੋਗ-ਆਸਣ ਵੀ ਚੌਰਾਸੀ?

## ਚਲਿਤੱਰ ੧੬੪ ਕਥਾ ਉਦੈਪੁਰੀ ਬੇਗਮ

ਕਹਾਣੀ ਤਾਂ ਕੇਵਲ ਏਨੀ ਹੈ ਕਿ, ਬਾਦਸ਼ਾਹ ਦੀ ਉਦੇਪੁਰੀ ਬੇਗਮ ਕਿਸੇ ਮਨੁੱਖ ਦੇ ਹੁਸਨ ਨੂੰ ਵੇਖ ਕੇ ਮੋਹਤ ਹੋ ਗਈ ਅਤੇ ਆਪਣੀ ਸਹੇਲੀ ਰਾਹੀ ਉਸ ਨੂੰ ਆਪਣੇ ਕੋਲ ਬੁਲਾ ਲਿਆ (੧ ਤੋਂ ੮) ਅਤੇ ਫਿਰ ਚੌਰਾਸੀ ਦੇ ਗੇੜ ਵਿਚ ਪਾਉਣ ਵਾਲੇ ੮੪ ਆਸਣਾ ਦੀ ਸਿਖਿਆ ?:--

**ਅੜਿੱਲ ॥ ਗਹ ਗਹਿ ਤਾਕੋ ਬਾਲ ਗਰੇ ਚਿਮਟਤ ਭਈ ॥ ਲਪਟਿ ਲਪਟਿ ਤਾਕੇ ਆਸਨ ਕੇ ਤਰ ਗਈ ॥**
**ਚੌਰਾਸੀ ਆਸਨ ਸਭ ਲਿਯੋ ਬਨਾਇਕੈ ॥ ਹੋ ਆਠ ਜਾਮ ਰਤਿ ਕਰੀ ਹਰਖ ਉਪਜਾਇਕੈ ॥ ੯ ॥**

**ਅਰਥ:**--ਨੌਜਵਾਨ ਔਰਤ ਉਸ ਨੂੰ ਫੜ ਫੜ ਕੇ ਉਹਦੇ ਗਲ ਨਾਲ ਲਗਣ ਲਗੀ ਅਤੇ ਲਿਪਟ ਲਿਪਟ ਕੇ ਉਸਦੇ ਨਾਲ ਆਸਣ ਕਰਨ ਲਗੀ। ਉਸ ਨੇ ਚੌਰਾਸੀ ਆਸਣਾਂ ਦੀ ਵਰਤੋਂ ਕਰਕੇ ਅਠ ਪਹਿਰ ਪ੍ਰਸੰਨਤਾ ਪੂਰਵਕ ਉਸਦੇ ਨਾਲ ਕਾਮ ਕ੍ਰੀੜਾ ਕੀਤੀ । ੯ ।

**ਦੋਹਰਾ ॥ ਤਰੁਨ ਪੁਰਖ ਤਰੁਨੈ ਤ੍ਰਿਯਾ ਤ੍ਰਿਤਿਯ ਚੰਦ੍ਰ ਕੀ ਜੌਨਿ ॥**
**ਲਪਟਿ ਲਪਟਿ ਕਰਿ ਰਤਿ ਕਰੈਂ ਤਿਨ ਤੇ ਹਾਰੈ ਕੌਨ ॥ ੧੦ ।**

**ਅਰਥ**:--ਜਵਾਨ ਆਦਮੀ ਜਵਾਨ ਔਰਤ ਚੰਦ ਦੀ ਚਾਨਣੀ ਵਿਚ ਚੰਬੜ ਚੰਬੜ ਕੇ ਕਾਮ-ਭੋਗ ਕਰਦਿਆ ਦੋਹਾਂ ਵਿਚੋਂ ਹਾਰ ਕਿਹੜਾ ਮੰਨੇ ?

**ਅੜਿੱਲ॥ ਕੋਕਸਾਰ ਕੇ ਮੁਖ ਤੇ ਮਤਨ ਉਚਾਰਹੀ ॥ ਭਾਂਤਿ ਭਾਂਤਿ ਉਪਬਨ ਕੀ ਪ੍ਰਭਾ ਨਿਹਾਰਹੀ ॥**
**ਚੌਰਾਸੀ ਆਸਨ ਸਭ ਕਰੇ ਬਨਾਇ ਕਰਿ ॥ ਹੋ ਭਾਂਤਿ ਭਾਂਤਿ ਰਤਿ ਕਰੀ ਗਰੇਂ ਲਟਾਇ ਕਰਿ ॥ ੧੧ ॥**

**ਅਰਥ:**--ਕੋਕਸ਼ਾਸਤਰ ਦੇ ਬਚਨ ਮੂੰਹੋਂ ਉਚਾਰਨ ਕਰਕੇ ਕਈ ਪ੍ਰਕਾਰ ਨਾਲ **ਉਪਬਨ** ਦੀ ਸੁੰਦਰਤਾ ਨੂੰ ਵੇਖ ਰਹੇ ਸਨ। ਉਨ੍ਹਾਂ ਚੌਰਾਸੀ ਆਸਣ ਬਣਾਏ ਅਤੇ ਭਿੰਨ ਭਿੰਨ ਢੰਗਾ ਨਾਲ ਗਲ ਨਾਲ ਲੱਗ ਕੇ ਕਾਮ ਕ੍ਰੀੜਾ ਕਰ ਰਹੇ ਸਨ। ੧੧ ॥

**ਦੋਹਰਾ ॥ ਚੌਰਾਸੀ ਆਸਨ ਲਏ ਭਾਂਤਿ ਭਾਂਤਿ ਲਪਟਾਇ ॥ ਚਤੁਰ ਚਤੁਰਿਯਹਿ ਭਾਵਈ ਛਿਨਕ ਨ ਛੋਰਯੋ ਜਾਇ॥ ੧੨ ॥**

**ਅਰਥ:**--ਉਨ੍ਹਾਂ ਨੇ ਵਿਧੀ ਅਨੁਸਾਰ ੮੪ ਆਸਣ ਕੀਤੇ। ਜਦ ਚਤੁਰ ਨੂੰ ਕੋਈ ਚਤੁਰ ਮਿਲ ਜਾਂਦਾ ਹੈ ਤਾਂ ਉਸ ਉਸ ਨੂੰ ਪਲ ਭਰ ਲਈ ਵੀ ਨਹੀਂ ਛੱਡਦਾ । ੧੨ ।

**ਚੌਪਈ ॥ ਤਾਕੀ ਤ੍ਰਿਯਾ ਭੇਦ ਸੁਨਿ ਪਾਯੋ ॥ ਉਦੈਪੁਰੀ ਮੋ ਪਤਿਹਿ ਬੁਲਾਯੋ ॥**
**ਭਾਂਤਿ ਭਾਂਤਿ ਤਾਂ ਸੌ ਰਤਿ ਕਰੀ ॥ ਮੋ ਤੇ ਜਾਤ ਬਾਤ ਨਹਿ ਜਰੀ ॥ ੧੩ ॥**

**ਅਰਥ:**--ਉਸ ਆਦਮੀ ਦੀ ਪਤਨੀ ਨੇ ਸੁਣਿਆ ਕਿ ਉਦੈਪੁਰੀ ਬੇਗਮ ਨੇ ਮੇਰੇ ਪਤੀ ਨੂੰ ਬੁਲਾਇਆ ਹੈ ਅਤੇ ਕਈ ਢੰਗਾਂ ਨਾਲ ਉਸ ਨਾਲ ਭੋਗ ਵਿਲਾਸ ਕਰ ਰਹੀ ਹੈ, ਤਾਂ ਉਸ ਸੋਚਿਆ ਕਿ ਹੁਣ ਇਹ ਗੱਲ ਬਰਦਾਸ਼ਤ ਨਹੀਂ ਹੋਵੇਗੀ। ੧੩ ।

ਬੇਗਮ ਦੀ ਕਰਤੂਤ ਤੋਂ ਦੁਖੀ ਇਸਤ੍ਰੀ ਨੇ ਬਾਦਸ਼ਾਹ ਦੇ ਦਰਬਾਰ ਹਾਲ ਦੁਹਾਈ ਜਾ ਕੀਤੀ ਤਾਂ, ਬੇਗਮ ਨੇ ਉਸ ਨੂੰ ਜੀਉਂਦੀ ਨੂੰ ਅੱਗ ਵਿਚ ਸੁਟਵਾ ਕੇ ਮਾਰ ਦਿੱਤਾ, ਅਤੇ ਯਾਰ ਨਾਲ ਨਿਝੱਕ ਹੋ ਕੇ ਗੁਲਸ਼ੱਰੇ ਉਡਾਉਂਦੀ ਰਹੀ। ਛੋਟੀ ਜਿਹੀ ਗੱਲ ਵਿਚ ਕਾਮ ਭੋਗ ਦਾ ਏਡਾ ਲੰਮਾ ਵਰਨਣ ? **ਪਿਆਰੇ ਪਦਮ ਸਾਹਿਬ ਜੀਓ !** ਕੀ, ਇਹ ਸਾਰੀ ਬਕੜਵਾਹ ਕਹਾਣੀ ਦੀ ਹੀ ਲੋੜ ਸੀ?

## ੩- ਚਰਿਤ੍ਰ ੩੮੭ ਕਥਾ ਜਗਮੋਹਨ ਦੇਵੀ

ਸ੍ਰੀ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਮੜ੍ਹੀ ਹੋਈ ਇਸ ਵਿਅਰਥ ਕਹਾਣੀ ਦਾ ਸੰਖੇਪ ਇਸ ਪ੍ਰਕਾਰ ਹੈ--ਮਾਰਵਾੜ ਵਿਚ **ਚੰਦਰ ਸੈਨ** ਰਾਜੇ ਦੀ ਬੜੀ ਸੰਦਰ ਇਸਤ੍ਰੀ ਦਾ ਨਾਮ **ਜਗਮੋਹਨ ਦੇਵੀ** ਸੀ। ਇੱਕ ਦਿਨ ਉਸ ਨੇ ਰਾਜੇ ਨਾਲ ਚਲਿਤ੍ਰ ਖੇਡਨ ਦੀ ਵਿਚਾਰ ਕਰ ਲਈ। ਉਸ ਨੇ ਬਾਹਰੋਂ ਖੂਹ ਤੋਂ ਰਾਜੇ ਲਈ ਪਾਣੀ ਆਪ ਲਿਆਉਣਾ ਅਰੰਭ ਕਰ ਦਿੱਤਾ। ਪਤਨੀ ਦਾ ਆਪਣੇ ਪ੍ਰਤੀ ਅਜੇਹਾ ਉਚੇਚਾ ਪ੍ਰੇਮ ਵੇਖ ਕੇ ਰਾਜਾ ਅਤੀ ਪ੍ਰਸੰਨ ਹੋਇਆ। ਰਾਣੀ ਨੇ ਇੱਕ ਰਾਤ ਆਪਣੇ ਰਜੇ ਪਤੀ ਨੂੰ ਜਗਾ ਕੇ ਸਮਝਾਇਆ ਕਿ ਉਹ ਖੂਹ ਤੇ ਪਾਣੀ ਲੈਣ ਚੱਲੀ ਹੈ ਜਦੋਂ ਹੀ ਢੋਲ ਦਾ ਪਹਿਲਾ ਡਗਾ ਸੁਣੋ ਤਾਂ ਜਾਣ ਲਇਉ ਕਿ ਡੋਲ ਖੂਹੀ ਵਿਚ ਪੈ ਗਿਆ ਹੈ ਦੂਜੇ ਡਗੇ ਤੇ ਸਮਝ ਲਇਓ ਕਿ ਡੋਲ ਖੂਹੀ ਵਿਚ ਬਾਹਰ ਆ ਗਿਆ ਹੈ। ਰਾਣੀ ਨੇ ਲਹੌਰੀ ਨਾਮੀ ਆਪਣੇ ਇੱਕ ਯਾਰ ਨੂੰ ਬੁਲਾਇਆ ਅਤੇ ਉਸ ਨਾਲ ਬੜੀ ਰੁਚੀ ਨਾਲ ਭੋਗ ਕਰਨ ਲੱਗ ਪਈ । (ਚੌਪਈ ੧ ਤੋਂ ੯) ਅਤੇ--

**ਪ੍ਰਥਮ ਜਾਰ ਜਬ ਧਕਾ ਲਗਾਯੋ ॥ ਤਬ ਰਾਣੀ ਲੇ ਢੋਲ ਬਜਾਯੋ ॥**
**ਜਬ ਤਿਹ ਲਿੰਗ ਸੁ ਭਗ ਤੇ ਕਾਢਾ ॥ ਦਿਯ ਤਿਯ ਢੋਲ ਢਮਾਕਾ ਗਾਢਾ ॥ ੧੦ ॥**

**ਅਰਥ:--ਯਾਰ ਨੇ ਜਦ ਪਹਿਲਾ ਧੱਕਾ ਲਾਇਆ ਤਾਂ ਰਾਣੀ ਨੇ ਢੋਲ ਤੇ ਡਗਾ ਲਾਇਆ, ਯਾਰ ਨੇ ਜਦ ਮੁਤਨੀ ਵਿਚੋਂ ਆਪਣਾ ਲਿੰਗ ਕਢਿਆ ਤਾਂ ਰਾਣੀ ਨੇ ਦੂਜਾ ਡਗਾ ਲਾ ਸਿੱਤਾ । ੧੦ ।**

**ਤਬ ਰਾਜੈ ਇਹ ਭਾਂਤਿ ਬਿਚਾਰੀ ॥ ਡੋਰਿ ਕੂਪ ਤਰ ਨਾਰਿ ਨਿਕਾਰੀ ॥**
**ਤਿਨ ਤ੍ਰਿਯ ਭੋਗ ਜਾਰ ਸੌ ਕੀਨਾ ॥ ਰਾਜਾ ਸੁਨਤ ਦਮਾਮੋ ਦੀਨਾ ॥ ੧੧ ॥**
**ਪ੍ਰਥਮ ਜਾਰ ਸੌ ਭੋਗ ਕਮਾਯੋ ॥ ਬਹੁਰੋ ਢੋਲ ਢਮਕਾ ਸੁਨਾਯੋ ॥**
**ਕੂਪ ਕ੍ਰਿਯਾ ਕਬਹੂੰ ਨ ਬਿਚਾਰੀ ॥ ਕਹਾ ਚਰਿੱਤ੍ਰ ਕਿਯਾ ਇਮ ਨਾਰੀ ॥ ੧੨ ॥ ੧ ॥**

**ਪਦਮ ਸੁਹਿਬ ਜੀਓ ! ਇਸ ਕਹਾਣੀ ਤੋਂ ਗੁਰਸਿੱਖਾਂ ਨੂੰ ਕੀ ਸੇਧ ਪ੍ਰਾਪਤ ਹੋਈ ਜੀ ?**

## ੪- ਚਰਿਤ੍ਰ ੨੪੫ ਕਥਾ ਰਸ ਤਿਲਕ ਮੰਜਰੀ

ਪਦਮ ਸਾਹਿਬ ਜੀਓ ! ਇਹ ਦਸਵੀ ਕਹਾਣੀ ਤੁਹਾਡੇ ਉਸ- **ਇਸ ਵਿਚ ਕਿਤੇ ਕਿਤੇ ਇਹ ਵੀ ਆਉਂਦਾ ਹੈ ਕਿ ਫ਼ਲਾਣੀ ਔਰਤ ਨੇ ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼ ਕਰ ਦਿਤਾ**--**ਭਰਮਾਊ ਝੂਠ** ਦੇ ਸਾਖ਼ਸ਼ਾਤ ਦਰਸ਼ਨ ਦੀਦਾਰੇ ਹਨ ਜੋ ਤੁਸਾਂ-- ਸੜਾਂਦ ਮਾਰਦੀ ਕੂੜ-ਕੁਬਾੜ ਰੂਪ ਅਸ਼ਲੀਲਤਾ ਨੂੰ, **ਸੱਚ** ਦੇ ਅਵਤਾਰ, **ਸਚੁ** ਦੇ ਪੁਜਾਰੀ, ਸੰਸਾਰ ਨੂੰ **ਸਚੁ** ਨਾਲ ਜੋੜਨ ਆਏ **ਸਾਖ਼ਸ਼ਾਤ ਸਚੁ** ਦੇ **ਅਨੂਪਮ ਨਾਮਣੇ** ਨਾਲ ਮੜ੍ਹੀ ਰੱਖਣ ਦੇ ਯਤਨ ਵਿਚ ਲਿਖਿਆ ਹੈ। ਉਪਰੋਕਤ ਸਿਰਲੇਖ ਵਾਲੀ ਗਾਥਾ ਦਾ ਸੰਖੇਪ ਰੂਪ :--

**ਚੌਪਈ ॥**

**ਪ੍ਰਾਚੀ ਦਿਸ਼ਾ ਪ੍ਰਗਟ ਇਕ ਨਗਰੀ ॥ ਪੰਭਾਵਤਿ ਸਭ ਜਗਤ ਉਜਗਰੀ ॥ ਰੂਪ ਸੈਨ ਰਾਜਾ ਤਹ ਕੇਰਾ ॥**
**ਜਾਕੇ ਦੁਸ਼ਟ ਨ ਬਾਚਾ ਨੇਰਾ ॥੧॥ ਮਦਨ ਮੰਜਰੀ ਨਾਰਿ ਤਵਨ ਕੀ ॥ ਸਸਿ ਕੀ ਸੀ ਛਬਿ ਲਗਤਿ ਜਵਨਕੀ ॥**
**ਮ੍ਰਿਗ ਕੇ ਨੈਨ ਦੋਊ ਹਰਿ ਲੀਨੇ ॥ ਸੁਕ ਨਾਸਾ ਕੋਕਿਲ ਬਚ ਦੀਨੇ ॥ ੨ ॥ ਰਾਜਾ ਪਿਯਤ ਅਮਲ ਸਭ ਭਾਰੀ ॥**
**ਭਾਂਤਿ ਭਾਂਤਿ ਸੋ ਭੋਗਤ ਨਾਰੀ ॥ ਪੋਸਤ ਭਾਂਗ ਅਫ਼ੀਮ ਚੜ੍ਹਾਵੈ ॥ ਪਯਾਲੇ ਪੀ ਪਚਾਸਇਕ ਜਾਵੈ ॥੩॥**

**ਅੜਿੱਲ ॥**

**ਭਾਂਤਿ ਭਾਂਤਿ ਰਨਯਨਿ ਸੌ ਭੋਗ ਕਮਾਵਈ ॥ ਆਸਨ ਚੁੰਬਨ ਕਰਤ ਨ ਗਨਨਾ ਆਵਈ ॥**
**ਚਾਰਿ ਪਹਰ ਰਤਿ ਕਰੈ ਅਧਿਕ ਸੁਖ ਪਾਇਕੈ ॥ ਹੋ ਜੋ ਰਾਨੀ ਤਿਹ ਰਮੈ ਰਹੈ ਉਰਝਾਕਿੈ ॥੪॥**

" ਪੂਰਬ ਵਾਲੇ ਪਾਸੇ ਇਕ ਜਗਤ ਪ੍ਰਸਿੱਧ ਖੰਭਾਵਤੀ ਨਾਮੀ ਨੱਗਰ ਦਾ ਰਾਜਾ ਰੂਪ ਸੈਨ ਕਿਸੇ ਦੁਸ਼ਟ ਨੂੰ ਬਚ ਕੇ ਨਹੀਂ ਸੀ ਜਾਣ ਦਿੰਦਾ। ਚੰਦਰਮੇ ਨਾਲੋ ਵੱਧ ਸੁੰਦਰ ਉਸ ਦੀ ਰਾਣੀ ਮਦਨ ਮੰਜਰੀ ਦੇ ਨੈਣ ਅਜੇਹੇ ਸੁੰਦਰ ਸਨ ਮਾਨੋ ਹਿਰਨ ਦੇ ਚੁਰਾਏ ਹੋਣ, ਨੱਕ ਤੋਤੇ ਵਰਗਾ ਅਤੇ ਉਸ ਦੀ ਆਵਾਜ਼ ਕੋਇਲ ਵਰਗੀ ਸੁਰੀਲੀ ਲਿਖੀ ਹੈ। ਰਾਜਾ, **ਪੋਸਤ, ਭੰਗ ਅਤੇ ਅਫ਼ੀਮ ਦੇ ਪੰਜਾਹ ਪਿਆਲੇ ਪੀ ਜਾਂਦਾ ਸੀ** ਅਤੇ ਕਈ ਪ੍ਰਕਾਰ ਦੀਆਂ ਇਸਤ੍ਰੀਆਂ ਨਾਲ ਭੋਗ ਕਰਦਾ ਰਹਿੰਦਾ ਸੀ। ਰਾਣੀਆਂ ਨਾਲ ਕਈ ਢੰਗਾਂ ਨਾਲ ਭੋਗ ਕਰਦਾ ਸੀ ਅਤੇ ਆਸਣਾ ਚੁੰਮਣਾ ਦੀ ਕੋਈ ਗਿਣਤੀ ਨਹੀਂ ਸੀ ਰਹਿਣ ਦਿੰਦਾ। ਚਾਰ ਪਹਿਰ ਤੱਕ ਭੋਗ ਬਿਲਾਸ ਕਰਦਾ ਰਹਿੰਦਾ ਅਤੇ ਜਿਸ ਵੀ ਰਾਣੀ ਨਾਲ ਭੋਗ (ਚੁਦਾਈ) ਕਰਦਾ ਉਸ ਨੂੰ ਉਲਝਾ ਕੇ ਰਖ ਦਿੰਦਾ । **ਚਾਰ ਪਹਿਰ ਰਤਿ ਕਰੈ ਅਧਿਕ ਸੁਖ ਪਾਇਕੈ। ਹੋ ਜੋ ਰਾਨੀ ਤਿਹ ਰਮੈ ਰਹੈ ਉਰਝਾਇਕੈ ॥** ੧ ਤੋਂ ੪ ॥

**ਰਸ ਤਿਲਕ ਮੰਜਰੀ** ਨਾਮੀ ਇਸਤ੍ਰੀ ਜਗਤ ਵਿਚ ਧਨਵਾਨ ਮੰਨੀ ਜਾਂਦੀ ਸੀ। ਜਾਵਿਤਰੀ ਜਾਫਲ ਖਾਣ ਵਾਲਾ ਉਸ ਦਾ ਸਿਆਣਾ ਪਰ ਕੰਜੂਸ ਪਤੀ ਭੰਗ ਕਦੇ ਨਹੀਂ ਸੀ ਪੀਂਦਾ। ਜਦ ਉਸ ਦੀ ਇਸਤ੍ਰੀ ਭੰਗ ਪੀਂਦੀ ਸੀ ਤਾਂ ਉਸ ਨਾਲ ਲੜਦਾ ਸੀ। ਉਸ ਭੰਗ ਪੀਣ ਵਾਲੇ ਦੇ ਘਰ ਕਦੇ ਨਹੀਂ ਸੀ ਜਾਂਦਾ ਸਮਝਦਾ ਸੀ ਕਿ ਭੰਗ ਪੀਣ ਵਾਲਾ ਬਰਬਾਦ ਹੋ ਜਾਂਦਾ ਹੈ। ਉਸ ਦਾ ਵਿਸ਼ਵਾਸ ਸੀ ਕਿ ਸੋਫ਼ੀ ਮਨੁੱਖ ਸਿਆਣੇ ਹੁੰਦੇ ਹਨ ਜਦ ਕਿ ਅਮਲੀ ਅਕਲ ਤੋਂ ਸੱਖਣਾ ਹੁੰਦਾ ਹੈ। **ਰਸਤਿਲਕ ਮੰਜਰੀ** ਨੇ ਇਹ ਸੁਣ ਕੇ ਆਪਣੇ ਪਤੀ ਨੂੰ ਆਖਿਆ ਕਿ--ਤੁਸੀਂ ਕੀ ਖੋਤੇ ਵਾਂਗ ਬਕ ਬਕ ਕਰ ਰਹੇ ਹੋ ? [ਚੌਪਈ-੫ ਤੋਂ ੯]

**ਛੰਦ ॥**

**ਅਮਲ ਪਿਯਹਿ ਨ੍ਰਿਪਰਾਜ ਅਧਿਕ ਇਸਤ੍ਰੀਯਨ ਬਿਹਾਰੈ ॥**
**ਅਮਲ ਸੂਰਮਾ ਪਿਯਹਿ ਦੁਜਨ ਸਿਰ ਖੜਗ ਪ੍ਰਹਾਰੈ ॥**
**ਅਮਲ ਭਖਹਿ ਜੋਗੀਸ ਧਯਾਨ ਜਦੁਪਤਿ ਕੋ ਧਰਹੀ ॥**
**ਚਾਖਿ ਤਵਨ ਕੋ ਸ੍ਵਾਦ ਸੋਫ਼ੀ ਕਯਾ ਕਰਹੀ ॥ ੧੦ ॥**

ਅਰਥ:-- ਰਾਜਿਆਂ ਨੂੰ ਨਸ਼ਾ ਪਿਆਰਾ ਹੈ ਕਿਉਂਕਿ ਇਸ ਨਸ਼ੇ ਦੇ ਅਧਾਰ ਤੇ ਉਹ ਇਸਤਰੀਆਂ ਨਾਲ ਭੋਗ ਕਰਦੇ ਹਨ। ਸੂਰਬੀਰਾਂ ਨੂੰ ਵੀ ਨਸ਼ਾ ਪਿਆਰਾ ਹੈ ਕਿਉਂਕਿ ਏਸੇ ਦੇ ਬਲ ਨਾਲ ਉਹ ਹਜ਼ਾਰਾਂ ਦੁਸ਼ਟਾਂ ਉਤੇ ਤਲਵਾਰ ਦਾ ਵਾਰ ਕਰਦੇ ਹਨ। ਜੋਗੀ ਵੀ (ਪੋਸਤ, ਭੰਗ ਆਦਿ) ਨਸ਼ੇ ਦਾ ਸੇਵਨ ਕਰਕੇ ਭਗਵਾਨ ਨਾਲ ਆਪਣਾ ਧਿਆਨ ਜੋੜਦੇ ਹਨ। ਪਰ ਤੁਹਾਡੇ ਵਰਗੇ ਨਾ ਪੀਣ ਵਾਲੇ ਕੰਜੂਸ ਉਸ (ਭਗਵਾਨ) ਬਾਰੇ ਕੀ ਜਾਨਣ?

ਪਦਮ ਸਾਹਿਬ ਜੀਓ ! ਜੇ ਤੁਸੀ ਨਾਸਤਕ ਨਹੀਂ ਹੋ, ਤਾਂ ਆਪਣੇ ਅੰਦਰ ਦਰਬਾਰ ਸਜਾਈ ਬੈਠੇ ਵਾਹਿਗੁਰੂ ਜੀ ਨੂੰ ਯਾਦ ਕਰਕੇ ਸੱਚ ਬੋਲਣ ਦਾ ਯਤਨ ਕਰੋ----ਤੇ ਦੱਸੋ, ਕਿ ਉਪ੍ਰੋਕਤ ਭਾਸ਼ਨ, ਨਿਹੰਗ ਰੂਪ ਖ਼ਾਲਸਾ ਜੀ ਨੂੰ ਨਸ਼ਿਆਂ ਵਿਚ ਪ੍ਰਵਿਰਤ ਕਰਨ ਦਾ ਉਤਸ਼ਾਹ ਵਾਧਾਉਣ ਵਿਚ, ਅਤੇ ਨਸ਼ੀਈਆਂ ਦੀ ਕਾਮ ਭੁੱਖ ਵਧਾਣ ਦੇ ਉਤਸ਼ਾਹ ਵਧਾਉਣ ਤੋਂ ਬਿਨਾ--ਤੁਸੀਂ ਇਸ ਗਾਥਾ ਦੀ ਲੋੜ ਕਿਸ ਦਲੀਲ ਨਾਲਂ ਬਣਾ ਰਹੇ ਹੋ ?

ਇਹ ਗੱਲ ਠੀਕ ਹੈ ਕਿ ਲਿਖਾਰੀ ਨੇ ਇਉ ਵੀ ਲਿਖਿਆ ਹੈ:--

**ਸ਼ਾਹ ਬਚਨ ॥**

**ਅਮਲ ਪਿਯਤ ਜੇ ਪੁਰਖ ਪਰੇ ਦਿਨ ਰੈਨਿ ਉਘਾਵਤ ॥ ਅਮਲ ਜੁ ਘਰੀ ਨ ਪਿਯਹਿ ਤਾਪ ਤਿਨ ਕਹ ਚੜਿ ਆਵਤ ॥**
**ਅਮਲ ਪੁਰਖੁ ਜੋ ਪੀਯੈ ਕਿਸੁ ਕਾਰਜ ਕੇ ਨਾਹੀ ॥ ਅਮਲ ਖਾਇ ਗੜਹ ਰਹੈ ਮ੍ਰਿਤਕ ਹਵੈ ਕੈ ਘਰਮਾਹੀ ॥ ੧੧ ॥**

**ਅਰਥ**:--ਨਸ਼ਾ ਪੀਣ ਵਾਲੇ ਦਿਨ ਰਾਤ ਉਘਦੇ ਰਹਿੰਦੇ ਹਨ ਅਤੇ ਘੜੀ ਪਲ ਨਸ਼ਾ ਨ ਮਿਲਣ ਤੇ ਉਨ੍ਹਾਂ ਨੂੰ ਤਾਪ ਚੜ੍ਹ ਜਾਂਦਾ ਹੈ। ਅਮਲੀ ਆਦਮੀ ਕਿਸੇ ਕੰਮ ਦਾ ਨਹੀਂ ਹੁੰਦਾ ਉਹ ਅਮਲ ਪੀ ਕੇ ਘਰ ਵਿਚ ਮੁਰਦੇ ਵਾਂਗ ਪਿਆ ਰਹਿੰਦਾ ਹੈ । ੧੧ ।

ਇਸ ਤਰ੍ਹਾਂ ਮਾੜਾ ਮੋਟਾ ਕਮਜ਼ੋਰ ਜਿਹਾ ਪੱਖ ਅਮਲ ਦੇ ਵਿਰੁੱਧ ਕੇਵਲ ਚੰਗੀ ਗੱਲ ਦੇ ਹੋਣ ਦਾ ਭਰਮ ਮਾਤ੍ਰ ਪਾਈ ਰੱਖਣ ਲਈ ਕਿਉਂਕਿ ਅੱਗੇ ੧੨ ਨੰਬਰ ਛੰਦ ਤੋਂ ੧੬ ਨੰਬਰ ਦੋਹਰੇ ਤੱਕ ਜੋ ਉਪਦੇਸ਼ ਹੈ ਉਸ ਦੇ ਅਰਥ ਪੰਡਿਤ ਨਰੈਣ ਸਿੰਘ ਜੀ ਨੇ ਇਸ ਪ੍ਰਕਾਰ ਲਿਖੇ ਹਨ:--

" ਸਿਆਣੇ ਜਾਣਦੇ ਹਨ ਕਿ ਰਾਜਾ ਨਸ਼ਾ ਕਰਦਾ ਹੈ, ਕੰਜੂਸ ਧਨ ਇਕੱਠਾ ਕਰਦੇ ਹਨ ਅਤੇ ਸੂਰਬੀਰ ਇੱਕ ਦਿਨ ਵਿਚ ਹੀ ਲੁਟਾ ਦਿੰਦੇ ਹਨ। ਅਮਲ ਪੀਣ ਨਾਲ ਜਸ ਮਿਲਦਾ ਹੈ ਅਤੇ ਦਾਨ ਦਾ ਖੰਡਨ ਨਹੀਂ ਹੁੰਦਾ (= **ਦਾਨ ਖਾਂਡੇ ਨਹਿ ਹੀਨੇ ॥)** ਸੋਫ਼ੀ ਦੇ ਪ੍ਰਾਣ ਅੰਤ ਸਮੇ ਗੁਦਾ ਰਸਤੇ ਹੀ ਨਿਕਲਦੇ ਹਨ। ੧੨ । ਭੰਗ ਉਹ ਲੋਕ ਪੀਂਦੇ ਹਨ ਜੋ ਪ੍ਰਭੂ ਦੀ ਭਗਤੀ ਕਰਦੇ ਹਨ। ਭੰਗ ਉਹ ਲੋਕ ਪੀਂਦੇ ਹਨ ਜਿਹੜੇ ਕਿਸੇ ਤੇ ਆਸ ਨਹੀਂ ਰੱਖਦੇ। ਅਮਲ ਉਹ ਸੂਰਬੀਰ ਪੀਂਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਵਿਚ (ਸੂਰਬੀਰਤਾ ਨਿਭਾਉਣ ਦਾ) ਪ੍ਰਣ ਕੀਤਾ ਹੋਵੇ। ਉਨ੍ਹਾਂ ਲੋਕਾਂ ਨੇ ਭੰਗ ਕੀ ਪੀਣੀ ਹੈ ਜਿਹੜੇ ਹੱਥ ਵਿਚ ਤੱਕੜੀ ਲੈਕੇ ਤੋਲਦੇ ਰਹਿੰਦੇ ਹਨ। ੧੩ ॥ ਜਿਹੜੇ ਬਹਾਦਰ ਮਰਦ ਤਲਵਾਰਾਂ ਦੀ ਛਾਂ ਵਿਚ ਰਹਿੰਦੇ, ਜ਼ਖ਼ਮਾਂ ਨਾਲ ਚੂਰ ਹੋਏ ਵੀ ਹੌਂਸਲਾ ਨਹੀਂ ਹਾਰਦੇ, ਜਿਨ੍ਹਾਂ ਦੀਆਂ ਮੁੱਛਾਂ ਤੇ ਨਿੰਬੂ ਟਿਕ ਜਾਂਦੇ ਹਨ, ਐਸੇ ਸ਼ੇਰ ਮਰਦ **ਭੰਗ** ਪੀਂਦੇ ਹਨ, ਤੁਹਾਡੇ ਵਰਗੇ ਪਸ਼ੂਆਂ ਨੇ **ਭੰਗ** ਕੀ ਪੀਣੀ ਹੈ? ਅਮਲ ਪੀਣ ਵਾਲੇ ਵਿਅਕਤੀ ਹੀ ਸਦਾ ਅਗਾਂਹ ਵਧਦੇ ਹਨ। ਵਡੇ ਜੱਸ ਵਾਲੇ ਸੂਰਮੇ ਹੀ **ਭੰਗਾਂ** ਪੀਂਦੇ ਹਨ ਅਤੇ ਜੰਗਾਂ ਵਿਚ ਵੀ ਦਾਨ ਕਰਦੇ ਹਨ।[ਅੜਿਲ ੧੪+੧੫]ਮਰਦ ਲੋਕ ਹੀ ਨਸ਼ਾ ਪੀਂਦੇ ਹਨ। ਤੂੰ ਮੂਰਖ ਨੇ ਜਿੰਨ ਸਦਾ ਤੱਕੜੀ ਹੱਥ ਵਿਚ ਫੜੀ ਰੱਖੀ ਅਤੇ ਤਲਵਾਰ ਕਦੇ ਲੱਕ ਨਾਲ ਬੰਨ੍ਹ ਕੇ ਨਹੀਂ ਵੇਖੀ, ਨਸ਼ਾ ਕੀ ਪੀਣਾ ਹੈ ?

ਸ਼ਾਹ ਨੇ ਖਿਜ ਕੇ, ਉਸ ਨੂੰ ਮਾਰਿਆ ਵੀ, ਪਰ ਫਿਰ ਵੀ ਇਸਤ੍ਰੀ ਨੇ ਉਸ ਨੂੰ ਕੁਲ ਦੀ ਰੀਤ ਬਾਰੇ ਇਉ ਪੁਛਿਆ-- ਕੀ ਤੁਸੀਂ ਬ੍ਰਾਹਮਣਾਂ ਨੂੰ ਦਾਨ ਦੇਵੋਗੇ? ਦੁਸ਼ਟਾਂ ਦੇ ਸਿਰ ਤੇ ਤਲਵਾਰ ਚਲਾਵੋਗੇ ? ਪਾਪੀਆਂ ਨੂੰ ਸਜ਼ਾ ਦਿਉਗੇ ? **ਕੀ ਤੁਸੀਂ ਆਪਣੀ ਇਸਤ੍ਰੀ ਨਾਲ ਲੰਮੇ ਸਮੇ ਤੱਕ ਭੋਗ ਕਰ ਸਕਦੇ ਹੋ** ? ਅਤੇ ਕੀ ਜੁੱਧ ਖੇਤਰ ਵਿਚ ਵੈਰੀਆਂ ਦੇ

ਟੁਕੜੇ ਟੁਕੜੇ ਕਰੋਗੇ? ਦੇਵ ਦਾਨਵ, ਜਛ, ਗੰਧ੍ਰਬ ਨਰ ਸਾਰੇ ਲੋਕ ਤੁਹਾਨੂੰ ਹੱਸ ਹੱਸ ਕੇ ਕਹਿੰਦੇ ਹਨ ਕਿ-ਜੇ ਤੂੰ ਨਸ਼ਾ ਪੀ ਕੇ ਇਹ ਕੁਝ ਨਹੀਂ ਕੀਤਾ ਤਾਂ ਇਸ ਮਾਤ ਲੋਕ ਤੇ ਕੀ ਲੈਣ ਆਏ ਹੋ ? [੧੬ ਤੋਂ ੧੯]

ਜਿਹੜਾ ਆਦਮੀ ਭੰਗ ਨਹੀਂ ਪੀਂਦਾ ਅਤੇ ਜਿਸ ਦਾ ਮਨ ਸਦਾ ਮਾਇਆ ਵਿਚ ਲੱਗਾ ਰਹਿੰਦਾ ਹੈ, ਜਿਹੜਾ ਆਦਮੀ ਕੋਈ ਵੀ ਨਸ਼ਾ ਨਹੀਂ ਪੀਂਦਾ ਅਤੇ ਦਾਨ ਨਹੀਂ ਕਰਦਾ ਉਹ ਆਦਮੀ ਕਾਂ ਵਾਂਗ ਸਿਆਣਾ ਤਾਂ ਕਿਹਾ ਜਾ ਸਕਦਾ ਹੈ ਪਰ ਅੰਤ ਵਿਚ ਕਾਂ ਕੁੱਤੇ ਦੀ ਮੌਤੇ ਮਰਦਾ ਹੈ ਅਤੇ ਦੋਹਾਂ ਜਹਾਨਾਂ ਵਿਚ ਪਛਤਾਉਂਦਾ ਹੀ ਰਹਿੰਦਾ ਹੈ। [੨੦-੨੧] ਸ਼ਾਹ ਨੇ ਕਿਹਾ, " ਹੇ ਇਸਤ੍ਰੀ ! ਸੁਣ ਤੂੰ ਕੁਝ ਨਹੀਂ ਜਾਣਦੀ, ਸੋਫੀਆਂ ਨਾਲ ਨਸ਼ੇ ਦੀ ਗੱਲ ਕਰਦੀ ਹੈ ? ਸੋਫੀ ਨਿਰਧਨ ਵੀ ਧਨ ਪੈਦਾ ਕਰਦਾ ਹੈ ਪਰ ਅਮਲੀ ਰਾਜਾ ਵੀ ਘਰ ਲੁਟਾ ਦਿੰਦਾ ਹੈ। [੨੦ ਤੋਂ ੨੧ ਅਗੈ ੨੨ਵੀ ਚੌਪਈ ਵਿਚ ਇਸਤ੍ਰੀ ਦਾ ਪਤੀ, ਕੇਵਲ ਏਹੀ ਕਹਿੰਦਾ ਹੈ ਕਿ, ਸੋਫੀ ਧਨ ਜੋੜ ਲੈਂਦਾ ਹੈ ਪਰ ਅਮਲ ਖਾਣ ਵਾਲਾ ਘਰ ਘਾਟ ਲੁਟਾ ਪੁਟਾ ਦਿੰਦਾ ਹੈ। ਪਰ ਅਗੋਂ ਤ੍ਰਿਯਾ ਬਾਚ, ਭਾਵ ਇਸਤ੍ਰੀ ਦੇ ਮੂੰਹ ਵਿਚਦੀ ਲਿਖਾਰੀ ਨੇ ਜੋ ਲੰਮਾ ਚੌੜਾ ਉਪਦੇਸ਼ ਲਿਖਿਆ ਹੋਇਆ ਹੈ, ਉਸ ਦੇ ਦਰਸ਼ਨ ਕਰੋ:--

## ਤ੍ਰਿਯੋ ਬਾਚ

**ਛੰਦ ॥ ਜੇ ਅਮਲਨ ਕਹ ਖਾਇ ਖਤਾ ਕਬਹੂੰ ਨਹਿ ਖਾਵੈਂ ॥ ਮੂੰਡਿ ਅਵਰਨਹਿ ਜਾਹਿ ਆਪੁ ਕਬਹੂੰ ਨ ਮੁੰਡਾਵੈਂ ॥**
**ਚੰਚਲਾਨ ਕੋ ਚਿੱਤ ਚੋਰ ਛਿਨ ਇਕ ਮਹਿਂ ਲੇਂਹੀ ॥ ਭਾਂਤਿ ਭਾਂਤਿ ਭਾਮਿਨਨਿ ਭੋਗ ਭਾਵਤ ਮਨ ਦੇਂਹੀ ॥ ੨੩ ॥**

**ਅਰਥ**:-ਇਸਤ੍ਰੀ ਨੇ ਕਿਹਾ, ਜੋ ਨਸ਼ਾਂ ਖਾਂਦਾ ਪੀਂਦਾ ਏ ਉਹ ਕਦੇ ਧੋਖਾ ਨਹੀਂ ਖਾਂਦਾ। ਉਹ ਦੂਜਿਆਂ ਨੂੰ ਮੂਰਖ ਬਣਾ ਲੈਂਦਾ ਹੈ ਪਰ ਆਪ ਕਦੇ ਮੂਰਖ ਨਹੀਂ ਬਣਦਾ । ਉਹ ਇਸਤ੍ਰੀਆਂ ਦਾ ਦਿਲ ਖਿਨ ਭਰ ਵਿਚ ਚੁਰਾ ਲੈਂਦਾ ਹੈ ਅਤੇ ਇਸਤ੍ਰੀ ਦੇ ਮਨ ਭਾਉਂਦਾ ਭਾਂਤ ਭਾਂਤ ਦਾ ਭੋਗ ਕਰਦਾ ਹੈ। ੨੩।

**ਅੜਿੱਲ ॥ ਭਜਹਿ ਬਾਮ ਕੈਫਿਯੈ ਕੇਲ ਜਾਮ ਪਚਾਵਹਿ ॥ ਹਰਿਣਾ ਜਿਮਿ ਉਛਲਹਿ ਨਾਰਿ ਨਾਗਰਿਨ ਰਿਝਾਵਹਿ ॥**
**ਸੋਫੀ ਚੜਤਹਿ ਕਾਂਪਿ ਧਰਨਿ ਊਪਰਿ ਪਰੈ ॥ ਹੋ ਬੀਰਜ ਖਲਤ ਹ੍ਵੈ ਜਾਹਿ ਕਹਾਂ ਜੜ੍ਹ ਰਤਿ ਕਰੈਂ ॥ ੨੪ ॥**

**ਅਰਥ**:--ਅਮਲੀ ਇਸਤ੍ਰੀ ਨਾਲ ਦੋ ਪਹਿਰ ਤਕ ਜੁਟਿਆ ਰਹਿ ਸਕਦਾ ਹੈ ਅਤੇ ਹਿਰਣ ਵਾਂਗ ਉਛਲ ਉਛਲ ਕੇ ਸੱਟਾ ਲਾਉਂਦਾ ਹੋਇਆ ਨਾਰੀਆਂ ਨੂੰ ਖ਼ੁਸ਼ ਕਰ ਦਿੰਦਾ ਹੈ, ਸੋਫੀ ਤਾਂ ਭੋਗ ਕਰਨ ਦੇ ਸ਼ੁਰੂ ਵਿਚ ਹੀ ਕੰਬ ਕੇ ਧਰਤੀ ਤੇ ਆ ਡਿਗਦਾ ਹੈ। ਉਸਦਾ ਵੀਰਜ ਤਾਂ ਝੱਟ ਹੀ ਗਿਰ ਜਾਂਦਾ ਹੈ (ਭਾਵ, ਛੇਤੀ ਛੁੱਟ ਜਾਣ ਵਾਲੇ ਨੇ ਭਲਾ ਕਾਮਕ੍ਰੀੜਾ ਕੀ ਕਰਨੀ ਹੋਈ । ੨੪ ।

**ਬੀਰਜ ਭੂਮਿ ਗਿਰ ਪਰੈ ਤਕੈ ਮੁਖ ਬਾਇਕੈ ॥ ਨਿਰਖਿ ਨਾਰ ਕੀ ਓਰ ਰਹੈ ਸਿਰੁ ਨਯਾਕੈ ॥**
**ਸ਼ਰਮਨਾਕ ਹ੍ਵੈ ਹ੍ਰਿਦੈ ਬਚਨ ਹਸਿ ਹਸਿ ਕਹੈ ॥ ਹੋ ਕਾਮਕੇਲ ਕੀ ਸਮੈਂ ਨ ਪਸੁ ਕੌਡੀ ਲਹੈ ॥ ੨੫ ॥**

**ਅਰਥ**:-ਬੀਰਜ ਪਾਤ ਹੋਣ ਤੇ ਉਹ ਮੂਰਖ ਮੂੰਹ ਫੁਲਾ ਕੇ ਵੇਖਦੇ ਰਹਿੰਦੇ ਹਨ ਅਤੇ ਇਸਤ੍ਰੀ ਨੂੰ ਵੇਖ ਕੇ ਮੂੰਹ ਨੀਵਾਂ ਕਰ ਲੈਂਦੇ ਹਨ। ਦਿਲ ਵਿਚ ਸ਼ਰਮਸਾਰ ਹੁੰਦੇ ਹਨ ਪਰ ਉਪਰੋਂ ਉਪਰੋਂ ਹੱਸ ਕੇ ਗੱਲਾਂ ਕਰਦੇ ਹਨ ਅਤੇ ਉਹ ਪਸ਼ੂ ਭੋਗ ਕਰਨ ਦੀ ਰੀਤ ਨੂੰ ਜ਼ਰਾ ਭਰ ਵੀ ਨਹੀਂ ਜਾਣਦੇ । ੨੫।

ਭੋਗ ਬਿਲਾਸ-ਸੰਘਰਸ਼ ਦੇ ਮੈਦਾਨ ਵਿਚ ਅਮਲੀ ਦੀ, ਮਰਦਾਨਗੀ ਅਤੇ ਸੋਫੀ ਦੀ ਮਾਂਦੀ ਹਾਲਤ ਦੱਸ ਕੇ ਹੁਣ ਸ਼ਸਤ੍ਰਾਂ ਦੇ ਜੰਗ ਵਿੱਚ ?:--

**ਤਮਕਿ ਸਾਂਗ ਸੰਗ੍ਰਹਿ ਤੁਰੈ ਪਰ ਦਲਹਿ ਨਚਾਵੈ ॥ ਟੂਕ ਟੂਕ ਹ੍ਵੈ ਗਿਰਹਿ ਤਊ ਸਾਮੁਹਿ ਹਥਿ ਧਾਵੈਂ ॥**
**ਅਸਿ ਧਾਰਨਿ ਲਗ ਜਾਹਿ ਨ ਚਿਤਹਿ ਡੁਲਾਵਹੀਂ ॥ ਹੋ ਤੇ ਨਰ ਬਰਤ ਬਰੰਗਨਿ ਸੁਰਪੁਰ ਪਾਵਹੀਂ ॥ ੨੬॥**
**ਸੁਕ੍ਰਿਤ ਸੁਘਰ ਜਿਨ ਆਇ ਜਗਤ ਮੈ ਜਸ ਕੌ ਪਾਯੋ ॥ ਬਹੁਰਿ ਖਨਲ ਕਹ ਖੰਡਿ ਖੇਤ ਜੈ ਸ਼ਬਦ ਕਹਾਯੋ ॥**
**ਅਮਲ ਪਾਨ ਸੁਭ ਅੰਗ ਧਨਖ ਸਰ ਜਿਨ ਲਯੋ ॥ ਹੋ ਸੋ ਨਰ ਜੀਵਤ ਮੁਕਤਿ ਜਗਤ ਭੀਤਰ ਭਯੋ ॥੨੭ ॥**

**ਅਰਥ**:--ਅਮਲੀ ਰੋਹ ਵਿਚ ਆਕੇ ਹੱਥ ਵਿਚ ਭਾਲਾ ਫੜਕੇ ਵੈਰੀ ਦੀ ਫ਼ੌਜ ਵਿਚ ਘੋੜੇ ਨਚਾਉਂਦੇ ਹਨ। ਭਾਵੇਂ ਟੁਕੜੇ ਟੁਕੜੇ ਹੋ ਜਾਣ ਫਿਰ ਵੀ ਦੁਸ਼ਮਣ ਦੀ ਫ਼ੌਜ ਵਲ ਹੀ ਭੱਜਦੇ ਹਨ। ਤਲਵਾਰ ਪਹਿਨਦੇ ਸਮੇਂ ਜ਼ਰਾ ਭਰ ਵੀ ਦਿਲ ਵਿਚ ਨਹੀਂ ਡੋਲਦੇ। ਮਰਨ ਉਪਰੰਤ ਇਹੀ (ਅਮਲੀ) ਸੂਰਮੇ ਪਰੀਆਂ ਨੂੰ ਵਰ ਕੇ ਸੁਰਗ ਲੋਕ ਵਿਚ ਜਾਂਦੇ ਹਨ ।**੨੬।** ਜਿਸ ਵੀ ਚੰਗੇ ਕੰਮ ਕਰਨ ਵਾਲੇ ਸੁਘੜ ਵਿਅੱਕਤੀ ਨੇ ਅਨੇਕਾਂ ਦੁਸ਼ਟਾਂ ਨੂੰ ਮਾਰ ਕੇ ਸੰਸਾਰ ਵਿਚ ਜਸ ਖਟਿਆ, ਉਸ ਵਿਅੱਕਤੀ ਨੇ ਹੀ ਨਸ਼ੇ ਦਾ ਸੇਵਨ **ਕਰਕੇ ਤੀਰ ਕਮਾਨ ਫੜਿਆ ਹੈ ਅਤੇ ਉਹ ਵਿਅੱਕਤੀ ਹੀ ਸੰਸਾਰ ਵਿਚ ਜੀਵਤ ਮੁਕਤ ਹੋ** ਜਾਂਦਾ ਹੈ । ੨੭।

ਇਸ ਸੜਾਂਦ ਮਾਰਦੇ ਕੁਫ਼ਰ-ਗੰਦ ਵਿਚੋਂ ਨਿਕਲ ਕੇ, ਆਉ ਜ਼ਰਾ ਗੁਰਮਤਿ ਦੇ ਸੁਗੰਧਤ ਵਾਤਾਵਰਣ ਵਿਚ ਸਾਹ ਤਾਜ਼ਾ ਕਰ ਲਈਏ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ' **ਜੀਵਨ ਮੁਕਤਿ** " ਸਤਿਪੁਰਖਾਂ ਦੇ ਦਰਸ਼ਨਾਂ ਦੀ ਠੰਢ ਮਾਣ ਲਈਏ:--

੬੪– **ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥**
**ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥੨॥**{੧੯੧}

੬੫– **ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
**ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥**
**ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥** {੨੭੫}-੯

੬੬– **ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥ ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥ ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥**
**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥**{੨੯੫}

੬੭– **ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ**

**ਜੀਵਨ ਮੁਕਤਿ** ਕਹਾਵੈ ॥੨॥੨॥{੮੩੧}

੬੮- **ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥ ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥** {੪੪੯}-੮-੧੫

੬੯– **ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥** {੯●੫}-੪

੭●- **ਜੀਵਨ ਮੁਕਤਿ ਗੁਰ ਸਬਦੁ ਕਮਾਏ ॥ ਹਰਿ ਸਿਉ ਸਦ ਹੀ ਰਹੈ ਸਮਾਏ ॥ ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ ॥੯॥** {੧●੫੮}-੫

੭੧- **ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥ ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥ ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥** {੧੨੫੯}-੫

**ਜੀਵਨ ਮੁਕਤਿ** ਬਾਰੇ ਗੁਰਮਤਿ ਦਾ ਸਿਧਾਂਤ ਤਾਂ ਇਹ ਹੈ ਪਰ, ਚਰਿਤ੍ਰੋ ਪਖਯਾਨ ਗ੍ਰੰਥ ਸਾਹਿਬ ਉਸ ਮਨਮੁਖ ਨੂੰ ਜੀਵਨ ਮੁਕਤਿ ਕਹਿ ਰਹੇ ਜਿਹੜੇ ਉਸ ਨਰਕ ਦੇ ਵਾਸੀ ਹਨ ਇਸ ਗ੍ਰੰਥ ਵਿਚ ਮੁੜ ਮੁੜ ਫ਼ੁੱਰਾਟੇ ਮਾਰਦਾ ਉਬਾਲੇ ਖਾ ਰਿਹਾ ਹੈ। **ਇਹ ਗੱਲ ਤਾਂ ਪਦਮ ਜੀ ਹੀ ਜਾਣਨ** ਕਿ, ਦਸ਼ਮੇਸ਼ ਜੀ ਦੇ ਸਮੇਂ ਤੱਕ ਕੀ, **ਜੀਵਨ ਮੁਕਤਿ** ਦੀ ਗੁਰਮਤਿ ਵਿਆਖਿਆ ਬਦਲ ਗਈ ਹੋਈ ਸੀ? ਕੀ, ਉਸ ਵੇਲੇ ਰੰਗਾ ਰੰਗ ਦੇ ਨਸ਼ੇ ਕਰਕੇ ਇਸਤ੍ਰੀਆਂ ਨੂੰ ਚਾਰ ਪਹਿਰ ਕਾਮਕ੍ਰੀੜਾ ਵਿਚ ਉਲਝਾਈ ਰੱਖਦਾ ਹੋਇਆ ਜਿਹੜਾ ਮਨੁੱਖ ਤੀਰ ਕਮਾਨ ਫੜ ਲੈਂਦਾ ਹੋਵੇ ਕੇਵਲ ਉਹੀ ਜੀਵਤ ਮੁਕਤ ਅਖਵਾਉਂਦਾ ਸੀ ? ਅੰਦਲੇ ਵਲ ਮੂੰਹ ਕਰਕੇ ਪਦਮ ਜੀ ਭਲਾ ਰੌਸ਼ਨੀ ਪਾਉ ਹਾਂ ਜੀ, ਕਿ, ਕੀ ਸਾਡੇ ਲਈ ਬੜੀ ਹੀ ਢੀਠਤਾਈ ਦੀ ਨਿਸ਼ਾਨੀ ਹੈ ਜੇ, ਅਸੀਂ ਅਜੇ ਵੀ ਇਹ ਨਾ ਮੰਨੀਏ ਕਿ ਦਸਮਗ੍ਰੰਥ ਵਾਕਿਆ ਹੀ ਕਿਸੇ ਵਿਰੋਧੀ ਦੀ ਸ਼ਰਾਰਤ ਹੈ

**ਹੇ ਪਦਮ ਸਾਹਿਬ ਜੀਓ** ! ਪਾਠਕਾਂ ਵਲੋਂ ਅਜੇਹੇ ਪ੍ਰਸ਼ਨ ਆਉਣੇ ਅਰੰਭ ਹੋਣ ਤੋਂ ਪਹਿਲਾਂ ਤੁਸੀ ਆਪਣਾ ਪੱਖ ਲਿਖ ਭੇਜੋ ਤਾਂ ਜੋ ਪੁਸਤਕ ਦੇ ਨਾਲ ਹੀ ਛਪ ਸਕੇ। **ਪਰ, ਆਪਣੀ ਪਿਆਰੀ ਨਾਇਕਾ, ਤਿਲਕ ਮੰਜਰੀ ਦੀ ਜ਼ਬਾਨੀ, ਪੁੱਠਾ ਸਬਕ ਸਿਖਾਉਣ ਵਾਲਾ ਲਿਖਾਰੀ, ਅਜੇ ਕਿਹੜਾ ਬੱਸ ਕਰ ਬੈਠਾ ਹੈ ? :--**

**ਕਬਹੂੰ ਨ ਖਾਏ ਪਾਨ ਅਮਲ ਕਬਹੂੰ ਨਹਿ ਪੀਯੋ ॥ ਕਬਹੂੰ ਨ ਖੇਲ ਅਖੇਟਨ ਸੁਖ ਸੁਰਧਨ ਕਹ ਦੀਯੋ ॥**
**ਕਬਹੂੰ ਨ ਸੌਂਧਾ ਲਾਇ ਰਾਗ ਮਨ ਭਾਇਯੋ ॥ ਹੋ ਕਰਯੋ ਨ ਭਾਮਿਨ ਭੋਗ ਜਗਤ ਕਯੋਂ ਆਇਯੋ ॥ ੨੮ ॥**

ਅਰਥ:--ਜਿਸ ਆਦਮੀ ਨੇ ਕਦੀ **ਪਾਨ** ਨਹੀਂ ਖਾਦਾ, ਕਦੀ ਨਸ਼ਾ ਨਹੀਂ ਕੀਤਾ, ਕਦੀ ਸ਼ਿਕਾਰ ਖੇਡ ਕੇ ਦੇਵਤਿਆਂ ਨੂੰ ਖ਼ੁਸ਼ ਨਹੀਂ ਕੀਤਾ ਕਦੀ ਰਾਗ ਰਸ ਪ੍ਰਾਪਤ ਨਹੀ ਕੀਤਾ ਅਤੇ ਇਸਤਰੀ ਨਾਲ ਦਿਲ ਖੋਹਲਕੇ ਰਮਣ ਨਹੀਂ ਕੀਤਾ, ਉਹ ਆਦਮੀ ਇਸ ਜਗਤ ਵਿਚ ਕਿਸ ਵਾਸਤੇ ਆਇਆ ਹੈ। ੨੮।

ਸੰਸਾਰ ਵਿਚ ਜੰਮਣਾ ਉਸੇ ਦਾ ਹੀ ਸਫ਼ਲ ਹੈ ਜਿਹੜਾ ਖ਼ੂਬ **ਪਾਨ** ਖਾਏ, ਹਰ ਪ੍ਰਕਾਰ ਦੇ ਨਸ਼ੇ ਕਰੇ ਅਤੇ ਸ਼ਿਕਾਰ ਖੇਡ ਕੇ ਦੇਵਤਿਆਂ ਦਾ ਹਿੱਸਾ (ਪੁਜਾਰੀ ਜੀ ਲਈ ਵਧੀਆ ਮਾਸ-ਸ਼ਰਾਬ) ਮੰਦਰ ਪੁਚਾ ਆਵੇ, ਅਤੇ ਫਿਰ ਰੰਗਾ ਰੰਗ ਦੀਆਂ ਮਹਿਫ਼ਲ ਵਿਚ ਇਸਤ੍ਰੀਆਂ ਨਾਲ ਬੁੱਲੇ ਲੁੱਟੇ ?

**ਨਾਦ ਗੰਧ ਸੁਭ ਇਸਤ੍ਰਨ ਜਿਨ ਨਰ ਰਸ ਲੀਏ ॥ ਅਮਲ ਪਾਨ ਆਖੇਟ ਦ੍ਰਜਨ ਦੁਖਤਿ ਕੀਏ ॥**
**ਸਾਧੁ ਸੇਵਿ ਸੁਭ ਸੰਗ ਭਜਤ ਹਰਿ ਜੂ ਭਏ ॥ ਹੋ ਤੇ ਦੈ ਜਸ ਦੁੰਦਭੀ ਜਗਤ ਯਾਤੇ ਗਏ ॥ ੨੯ ॥**

**ਅਰਥ:**--ਰਾਗ ਸੁਗੰਧ ਚੰਗੀ ਇਸਤਰੀ ਦਾ ਜਿਨ੍ਹਾਂ ਰਸ ਮਾਣਿਆ, ਨਸ਼ਾ ਕੀਤਾ, ਸ਼ਿਕਾਰ ਖੇਡਿਆ ਅਤੇ ਦੁਸ਼ਟਾਂ ਨੂੰ ਦੁਖੀ ਕੀਤਾ, ਜਿਨ੍ਹਾਂ ਸਾਧੂਆਂ ਦੀ ਸੇਵਾ ਕੀਤੀ ਅਤੇ ਸਤ ਸੰਗਤ ਕੀਤੀ ਅਤੇ ਹਰੀ ਦਾ ਨਾਮ ਜਪਿਆ ਉਹ ਇਸ ਸੰਸਾਰ ਵਿਚੋਂ ਨਗਾਰੇ ਵਜਾ ਕੇ ਗਏ ਹਨ । ੨੯ ।

ਪਦ ਜੀ ਹੈ ਨਾ ਵਧੀਆ ਸਿਖਲਾਈ ? ਹਰ ਤਰ੍ਹਾਂ ਬਦਮਾਸ਼ੀ ਕਰਦਿਆਂ ਹੋਇਆ ਵੀ ਜੇ ਸੰਸਾਰ ਵਿਚ ਆਪਣੀ ਵਡਿਆਈ ਦੇ ਨਗਾਰੇ ਖੜਕਵਾਉਣੇ ਹੋਣ ਤਾਂ, ਨਾਲ ਸਾਧੂਆਂ ਦੀ ਸੰਗਤਿ ਪ੍ਰਭੂ ਭਗਤੀ ਦਾ ਅਤੇ ਦਾਨ ਪੁੰਨ ਦਾ ਪਖੰਡ-ਵਿਖਾਵਾ ਵੀ ਉਚੇਚੇ ਤੌਰ ਤੇ ਕਰੀ ਰੱਖਣ ਚਾਹੀਦਾ ਹੈ ? ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਅਜੇਹੇ ਆਦਮੀ ਦੇ ਜੀਵਨ ਨੂੰ ਫਿਟਕਾਰਾਂ ਪਾ ਰਹੇ ਹਨ ਜਿਹੜਾ:--

੭੨- **ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥ ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥ ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥੧॥ਰਹਾਉ॥ ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ॥ ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥ ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥ ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥੩॥ ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥ ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥ ਧ੍ਰਿਗੁ ਖਾਣਾ ਧ੍ਰਿਗੁ**

**ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ ॥ ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥ ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ ॥ ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ ॥੬॥ ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥ ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥ ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭ ॥ ੨॥੯॥** {੧੩੪੭}

ਪਦ ਅਰਥ:-ਭੈ=(ਪ੍ਰਭੂ ਦੇ) ਡਰ-ਅਦਬ ਵਿਚ। ਭਾਇ=(ਗੁਰ-ਪਰਮੇਸ਼ਰ ਦੇ) ਪਿਆਰ ਵਿਚ। ਜਾਗੇ=(ਜਿਹੜੇ ਮਨੁੱਖ ਕਾਮਾਦਿਕ ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦੇ ਹਨ। ਜਾਗ੍ਰਣ= ਜਾਗਰੇ {ਦੇਵੀ ਦੀ ਸੁਖਣਾ ਉਤਾਰਣ ਲਈ ਕਈ ਭਰਮੀ ਲੋਕ ਜਾਗਰਾ ਕਰਾਉਂਦੇ ਹਨ, ਜਿਸ ਵਿਚ ਦੇਵੀ ਦੇ ਭਗਤ ਝੀਊਰ ਪਹਿਲਾਂ ਦੇਵੀ ਦੀ ਉਸਤਤਿ ਵਿਚ ਗੀਤ ਗਾਉਂਦੇ ਹਨ, ਫਿਰ ਸਾਰੀ ਰਾਤ ਰਾਮਇਣ ਬਹਾਂਭਾਰਤ ਅਦਿ ਪੁਰਾਣਾ ਵਿਚਲੀਆਂ ਕੁਫ਼ਰ-ਗਾਥਾਵਾਂ ਦੀਆਂ ਵਾਰਾਂ ਗਾਉਂਦੇ ਹਨ, ਪਹੁ ਫੁਟਾਲੇ ਦੇ ਕਰੀਬ ਫਿਰ ਦੇਵੀ ਦੀ ਉਸਤਤਿ ਗਾਈ ਜਾਂਦੀ ਹੈ, ਤੇ ਜਾਗਰਾ ਖ਼ਤਮ ਹੋ ਜਾਂਦਾ ਹੈ} ਕਰਹਿ=ਕਰਦੇ ਹਨ।ਜਾਗਹਿ=ਸੁਚੇਤ ਰਹਿੰਦੇ ਹਨ। ਤਸਕਰ=ਚੋਰ। ਮਾਰਿ=ਮਾਰ ਕੇ।੧। ਗੁਰਮੁਖਿ=ਸਤਿਗੁਰਾਂ ਦੀ ਸਰਨ ਵਿਚ ਰਹਿੰਦਿਆਂ ਗੁਰੂ ਜੀ ਦੀ ਦੱਸੀ ਕਾਰ ਕਰਨ ਵਾਲਾ। ਜਿਤੁ ਮਾਰਗ=ਜਿਸ ਰਾਹੇ। ਪਾਈਐ=ਮਿਲ ਸਕੇ। ਮਨ=ਹੇ ਮਨ! ਕਮਾਇ=ਕਰ ।ਰਹਾਉ। ਸਹਜ ਧੁਨਿ=ਆਤਮਕ ਅਡੋਲਤਾ ਦੀ ਰੌ। ਜਾਇ=ਦੂਰ ਹੋ ਜਾਏ।੨। ਉਰਿ=ਹਿਰਦੇ ਵਿਚ। ਐਥੇ=ਇਸ ਸੰਸਾਰ ਵਿਚ। ਓਥੈ=ਪਰਲੋਕ ਵਿਚ। ਘਣਾ=ਬਹੁਤਾ। ਜਪਿ=ਜਪ ਕੇ।੩। ਜਾਗ੍ਰਣੁ=ਜਾਗਰਾ। ਨ ਹੋਵਈ= ਨਹੀ ਹੋ ਸਕਦਾ। ਨ ਪਵਈ=ਨਹੀਂ ਪੈਂਦੀ। ਥਾਇ=ਥਾਂ ਵਿਚ, ਕਬੂਲ। ਮਨਮੁਖ=ਆਪਣੇ ਮਨ ਦੇ ਪਿੱਛੇ ਤੁਰਨ ਵਾਲੇ। ਦਰਿ=ਪ੍ਰਭੂ ਦੇ ਦਰ ਤੇ। ਢੋਈ=ਥਾਂ, ਆਸਰਾ। ਭਾਇ ਦੂਜੇ=ਕਿਸੇ ਦੂਜੇ ਹੋਰ ਪਿਆਰ ਵਿਚ (ਜਿਵੇ ਸੀ ਗੁਰੂ ਗ੍ਰੰਥ ਸਾਹਿਬ ਜੀ ਦੇ ਥਾਂ ਦਸਮ ਗ੍ਰੰਥ ਦੀ ਵਕਾਲਤ ਕਰਨ ਵਾਲੇ ਮਨਮਤੀਏ ਮਨਮੁਖਾਂ ਵਾਲਾ ਕਰਮ ਕਰ ਰਹੇ ਹਨ)। ਕਮਾਇ=ਕਮਾ ਕੇ ਕਰ ਕੇ ।੪। ਧ੍ਰਿਗੁ=ਫਿਟਕਾਰ-ਜੋਗ। ਦੂਜੇ ਭਾਇ=(ਗੁਰੂਪਰਮੇਸ਼ਰ ਤੋਂ ਬਿਨਾ) ਹੋਰ ਦੇ ਮੋਹ ਵਿਚ (ਜਿਵੇਂ ਮਨਮੁੱਖ ਦਸਮ ਗ੍ਰੰਥ ਦੇ ਮੋਹ ਵਿਚ ਫਸੇ ਹੋਏ ਹਨ) । ਮਰਿ ਜੰਮਹਿ=ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ ।੫। ਭੇਟਿਆ=ਮਿਲ ਪਿਆ। ਵਿਟਹੁ=ਤੋਂ। ਬਲਿ ਜਾਉਂ=ਮੈਂ ਕੁਰਬਾਨ ਜਾਂਦਾ ਹਾਂ। ਸਚੇ ਸਚਿ=ਹਰ ਵੇਲੇ ਸਦਾ ਥਿਰ ਪ੍ਰਭੂ ਵਿਚ। ਸਮਾਉ=ਮੈ ਲੀਨ ਰਹਾਂ ।੬। ਭਾਗਿ-ਕਿਸਮਤ ਨਾਲ। ਉਪਾਇ ਕਿਤੈ=ਕਿਸੇ ਹੋਰ ਹੀਲੇ ਨਾਲ । ਸਬਦਿ=ਗੁਰੂ ਦੇ ਸ਼ਬਦ-ਗਿਆਨ ਦੇ ਰਾਹੀਂ। ਜਲਾਇ=ਸਾੜ ਕੇ।੭।

੭੩- **ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥ ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥ ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥ ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥ ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥** {੨੩੩}

ਦਸਮ ਗ੍ਰੰਥ ਦੀ ਸਿਖਿਆ ਵਿਚ **ਅਕਾਲ-ਪੁਰਖ** ਜੀ ਦੀ ਸੱਚੀ ਯਾਦ ਨੂੰ ਕੋਈ ਥਾਂ ਨਹੀਂ ਮਿਲ ਸਕਿਆ, ਜਦ ਕਿ ਏਧਰ ਪਰਮਾਤਮਾ ਦੇ ਨਾਮ ਤੋਂ ਬਿਨਾ ਕਿਸੇ ਦੂਜੀ ਸ਼ੈ ਜੋਗੀ ਜ਼ਰਾ ਜਿੰਨੀ ਥਾਂ ਹੈ ਹੀ ਕੋਈ ਨਹੀਂ। ਉਧਰ ਨਸ਼ੇ ਪੀ ਕੇ ਇਸਤ੍ਰੀ ਨਾਲ ਮੌਜ ਮੇਲਾ ਕਰਕੇ ਉਸ ਨੂੰ ਖ਼ੁਸ਼ ਕਰਨ ਵਾਲੇ ਦਾ ਜੀਵਨ ਸਫ਼ਲ ਲਿਖਿਆ ਹੈ, ਏਧਰ ਸੇਜਾਂ ਦੇ ਸੁਖ ਨੂੰ ਅਤੇ ਪ੍ਰਭੂ ਨੂੰ ਵਿਸਾਰ ਕੇ ਇਸਤ੍ਰੀ ਦੇ ਮੋਹ ਨੂੰ ਫਿਟਕਾਰ ਜੋਗ ਕਿਹਾ ਜਾ ਰਿਹਾ ਹੈ। ਹਉਮੈ ਰਹਿਤ ਹੋ ਕੇ, ਕਿਸੇ ਸੰਸਾਰੀ ਪਦਾਰਥ ਦੀ ਤ੍ਰਿਸ਼ਨਾ ਮਿਟਉਣੀ ਹੈ। ਕੇਵਲ ਵਿਖਾਵੇ ਮਾਤਰ ਧਰਮ ਕਰਮ ਕਰਦਿਆਂ ਮੌਜ ਮੇਲੇ ਕਰਦੇ ਰਹਿਣ ਦੀ, ਗੁਰੂ ਬਾਣੀ ਵਿਚ ਕਿਤੇ ਆਗਿਆ ਨਹੀਂ ਹੈ।

**ਪਦਮ ਜੀਓ !** ਆਪ ਜੀ ਦਾ ਇਹ ਫ਼ੁਰਮਾਨ ਕੰਨਾ ਵਿਚ ਦੁਹਾਈ ਦੇਣੋ ਨਹੀਂ ਰੁਕ ਰਿਹਾ--" **ਸ੍ਰੀ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੀ ਦਸਮ ਜੋਤਿ ਸਨ, ਇਸ ਲਈ ਜੋ ਵਿਚਾਰ ਉਨ੍ਹਾਂ ਦਿਤੇ, ਉਹ ਸ੍ਰੀ ਗੁਰੂ ਗਰੰਥ ਸਹਿਬ ਦੀ ਵਿਚਾਰਧਾਰਾ ਤੋਂ ਵਿਪਰੀਤ ਹੋਣੇ ਸੰਭਵ ਹੀ ਨਹੀ " (ਸਫ਼ਾ ੪੩) ਕੀ ਤੁਸੀ ਇਹ ਸਮਝਾਉਂਣ ਦੀ ਮਿਹਰ ਕਰ ਸਕੋਗੇ ਕਿ** ਤੁਸਾਂ ਸੜਾਂਦ ਮਾਰ ਰਿਹਾ ਇਹ ' **ਕੁਫ਼ਰ** ' ਆਪਣੀ ਪੁਸਤਕ ਵਿਚ ਕਿਸ ਯੋਜਨਾ ਅਧੀਨ ਲਿਖਿਆ ਹੈ ?

**ਕਹਾਣੀ ਅੱਗੇ ਤੁਰੀ:-**

ਉਹ ਸਿਆਣੀ ਇਸਤ੍ਰੀ ਅਨੇਕਾਂ ਢੰਗਾਂ ਨਾਲ ਆਪਣੇ ਪਤੀ ਨੂੰ ਸਮਝਉਂਦੀ ਰਹੀ ਪਰ ਉਹ ਮੂਰਖ ਅਕਲ ਫੜਨ ਦੇ ਥਾਂ ਗੁੱਸੇ ਨਾਲ ਲੋਹੇ ਦਾ ਸੋਟਾ ਫੜ ਖਲੋਤਾ ਤੇ ਆਪਣੀ ਉਸ ਸੁਘੜ ਇਸਤ੍ਰੀ ਨੂੰ ਕੁੱਟ ਕੁੱਟ ਕੇ ਬੇਸੁੱਧ ਹੋ ਕਰ ਦਿੱਤੀ। ਫਿਰ ਸ਼ਾਹ ਬੜਾ ਘਾਬਰ ਗਿਆ ਅਤੇ ਇਸਤ੍ਰੀ ਦੇ ਤਰਲੇ ਕਰਨ ਲੱਗ ਪਿਆ ਕਿ, ਜਿਵੇਂ ਉਹ ਕਹੇਗੀ ਕਰੇਗਾ। ਇਸਤ੍ਰੀ ਦੇ ਕਹਿਣ ਤੇ ਸ਼ਾਹ ਨੇ ਕਈ ਤਰ੍ਹਾਂ ਦੇ ਪਕਵਾਨ ਤਿਆਰ ਕਰਵਾ ਕੇ ਰਾਜੇ

ਸਮੇਤ ਸਾਰਿਆਂ ਨੂੰ ਭੋਜਨ ਛਕਾਇਆ। ਇਸਤ੍ਰੀ ਨੇ ਅੱਖ ਬਚਾ ਕੇ ਸ਼ਾਹ ਦੇ ਖਾਣੇ ਵਿਚ ਭੰਗ ਮਿਲਾ ਦਿੱਤੀ ਜਿਸ ਤੋਂ ਉਹ ਬੇਸੁਧ ਹੋ ਗਿਆ। ਤਿਲਕ ਮੰਜਰੀ ਨੇ ਬਾਕੀ ਲੋਕਾਂ ਨੂੰ ਤੋਰ ਦਿੱਤਾ । [ ੩੦ ਤੋਂ ੩੭] ਪਰ ਰਾਜਾ ?---

**ਰਹਯੋ ਸ਼ਾਹੁ ਡਰਾਯੋ ਕਛੂ ਨ ਬਿਚਾਰਯੋ ॥ ਮਨੋ ਲਾਤ ਕੇ ਸਾਥ ਸ਼ੈਤਾਨ ਮਾਰਯੋ ॥**

**ਪਸ਼ੂਆ ਨ ਭਾਖੈ ਉਠੈ ਨ ਉਘਾਵੈ ॥ ਇਤੈ ਨਾਰਿ ਕੌ ਰਾਜ ਬਾਂਕੋ ਬਜਾਵੈ ॥ ੩੮ ॥**

ਸ਼ਾਹ ਤਾਂ ਇਉਂ ਬੇਹੋਸ਼ ਪਿਆ ਰਿਹਾ ਜਿਵੇ ਕਿਸੇ ਵਡੇ ਸ਼ੈਤਾਨ ਨੂੰ ਲੱਤਾਂ ਮਾਰ ਮਾਰ ਕੇ ਸੁਟਿ ਲਿਆ ਹੋਵੇ। (ਉਹ ਪਸ਼ੂ ਨਾ ਹੀ ਕੁਝ ਮੂਹੋਂ ਬੋਲ ਰਿਹਾ ਸੀ ਅਤੇ ਨਾ ਹੀ ਉਠ ਰਿਹਾ ਸੀ। ਏਧਰ ਸੁੰਦਰ ਰਾਜਾ ਇਸਤ੍ਰੀ ਦੀ ਠੁਕਾਈ (=ਬਜਾਵੈ ?) ਕਰ ਰਿਹਾ ਸੀ। ਭਾਵ, ਨਸ਼ਿਆਂ ਦੀ ਵਰਤੋਂ ਤੋਂ ਅਤੇ ਫ਼ਜ਼ੂਲ ਖ਼ਰਚੀ ਤੋਂ ਵਰਜਣ ਵਾਲਾ ਪਤੀ ਤਾਂ ਮੰਦੀ ਤੋਂ ਮੰਦੀ ਹਾਲਤ ਵਿਚ ਹੈ, ਪਰ ਵਿਕਾਰਾਂ ਗ੍ਰਸੇ ਭੰਗੜ ਐਸ਼ ਕਰ ਰਹੇ ਹਨ?

ਫਿਰ, ਉਨ੍ਹਾਂ ਦੋਹਾਂ ਨੇ (ਰਾਜੇ ਅਤੇ ਇਸਤ੍ਰੀ ਨੇ) ਸ਼ਾਹ ਨੂੰ ਪਾਲਕੀ ਦੇ ਹੇਠਾਂ ਬੰਨ ਦਿੱਤਾ ਅਤੇ ਜੋ ਕੁਝ ਵੀ ਧਨ ਦੌਲਤ ਸੀ ਉਹ ਪਾਲਕੀ ਵਿਚ ਰੱਖ ਲਿਆ। ਆਪ ਦੋਵੇਂ ਉਸ ਪਾਲਕੀ ਦੇ ਉਤੇ ਜਾ ਚੜ੍ਹੇ ਅਤੇ ਬੜੇ ਸੁਖ ਪੁਰਬਕ ਭੋਗ ਬਿਲਾਸ ਵਿਚ ਰੁੱਝ ਗਏ। ਇਸ ਤਰ੍ਹਾਂ ਕਾਮ-ਕ੍ਰੀੜ -ਡਰਾਮੇ ਦੀ ਸਟੇਜ ਰਚ ਕੇ, ਭਾਵ, ਸ਼ਾਹ ਨੂੰ ਪਾਲਕੀ ਦੇ ਥੱਲੇ ਬੰਨ੍ਹ ਕੇ ਆਪ ਦੋਵੇ ਜਣੇ ਉਸੇ ਪਾਲਕੀ ਦੇ ਵਿਚ ਬੈਠ ਕੇ ਰਾਜੇ ਦੇ ਮਹਲੀਂ ਚਲੇ ਗਏ। ਅਤੇ ਸ਼ਾਹ ਨੂੰ ਪਾਲਕੀ ਦੇ ਹੇਠਾਂ ਬੱਝੇ ਬਝਾਏ ਨੂੰ ਵਾਪਸ ਮੋੜ ਦਿੱਤਾ । ਅਗਲੇ ਦਿਨ ਸੁਰਤ ਆਈ ਤਾਂ ਪਾਲਕੀ ਥੱਲੇ ਬੱਝਾ ਵੇਖ ਕੇ ਬੜਾ ਦੁਖੀ ਹੋਇਆ। (੩੯-੪੨) ਪਾਲਕੀ ਹੇਠੋਂ ਨਿਕਲ ਕੇ ਉਹ ਦੁਖਿਆਰਾ ਸੋਫ਼ੀ ਇਉਂ ਕਹਿ ਰਿਹਾ ਸੀ--" **ਲਛਮੀ ਸਕਲ ਨਾਰਿ ਜੁਤ ਹਰੀ ॥ ਮੋਰੀ ਬਿਧਿ ਐਸੀ ਗਤਿ ਕਰੀ ॥ ੪੩ ॥** " ਇਸਤ੍ਰੀ ਸਮੇਤ ਮੇਰੀ ਦੌਲਤ ਵੀ ਗਈ, ਵੇਖੋ ਲੋਕੋ ! ਵਿਧਾਤਾ ਨੇ ਮੇਰੀ ਕੀ ਗਤ ਬਣਾਈ ਹੈ ? ਭਾਵ ਇਹ ਕਿ, ਨਸ਼ਿਆਂ ਦੀ ਭਰਪੂਰ ਵਰਤੋਂ ਕਰਦਿਆਂ ਇਸਤ੍ਰੀ ਨਾਲ ਰਜਵਾਂ ਭੋਗ ਬਿਲਾਸ ਕਰਨ ਵਿਚ ਜੁੱਟੇ ਰਹਿਣ ਵਾਲਿਆਂ ਮੰਦ ਕਰਮੀਆਂ ਦੀ ਸਦਾ ਜੈ ਹੋਵੇ ?

ਏਸੇ ਸਿਧਾਂਤ ਉਤੇ ਖ਼ੁਦਾਈ ਦਫ਼ਤਰ ਦੀ ਮੋਹਰ ਲਾਉਣ ਲਈ, ਅੱਗੇ ਹੁਣ (ਪਦਮ ਜੀ ! ਤੁਹਾਡੇ) ਗੁਰੂ-ਕਵੀ ਇਉ ਬੋਲੇ:--

## ਕਬਿਯੋ ਬਾਚ ॥

**ਦੋਹਰਾ ॥ ਫਲਤ ਭਾਗ ਹੀ ਸਰਬਦਾ ਕਰੋ ਕੈਸਿਯੈ ਕੋਇ ॥ ਜੋ ਬਿਧਨਾ ਮਸਤਕ ਲਿਖਾ ਅੰਤ ਤੈਸਿਯੈ ਹੋਇ ॥ ੪੪॥**

**ਅੜਿੱਲ॥ ਸਧਿ ਪਾਈ ਜਬ ਸ਼ਾਹੁ ਨਯਾਇ ਮਸਤਕ ਰਹਯੋ ॥ ਦੂਜੇ ਮਨੁਖਨ ਪਾਸ ਭੇਦ ਮੁਖ ਤੈ ਕਹਯੋ ॥**

**ਭੇਦ ਅਭੇਦ ਕੀ ਬਾਤ ਚੀਨਿ ਪਸੁ ਨਾ ਲਈ ॥ ਹੋ ਲਖਯੋ ਦਰਬੁ ਲੈ ਨ੍ਹਾਨ ਤੀਰਥਨ ਕੌ ਗਈ ॥ ੪੫ ॥**

**ਅਰਥ:**--ਕਵੀ ਜੀ ਕਹਿੰਦੇ ਹਨ ਕਿ ਭਾਂਵੇਂ ਕੋਈ ਕੁਝ ਕਰ ਲਵੇ, ਸਦਾ ਭਾਗ ਹੀ ਫੂਲਦੇ ਫਲਦੇ ਹਨ। ਵਿਧਾਤਾ ਨੇ ਜੋ ਮਥੇ ਉਤੇ ਲਿਖਿਆ ਹੈ ਅੰਤ ਵਿਚ ਉਸ ਤਰ੍ਹਾਂ ਹੀ ਹੁੰਦਾ ਹੈ। ੪੪ ॥ ਸ਼ਾਹ ਨੂੰ ਜਦ ਪਤਾ ਲਗਾ ਤਾਂ ਮੱਥੇ ਤੇ ਹੱਥ ਮਾਰ ਕੇ ਰਹਿ ਗਿਆ ਅਤੇ ਉਸ ਨੇ ਕਿਸੇ ਦੂਸਰੇ ਵਿਅੱਕਤੀ ਨੂੰ (ਕਾਲ ਜੀ ਦੇ ਇਸਭਾਣੇ ਬਾਰੇ) ਕੁਝ ਨਾ ਦੱਸਿਆ। ਉਹ ਪਸ਼ੂ ਅਸਲ ਭੇਦ ਨੂੰ ਨਾ ਸਮਝ ਸਕਿਆ ਅਤੇ ਇਹੀ ਮੰਨ ਲਿਆ ਕਿ ਉਹ ਧਨ ਦੌਲਤ ਲੈ ਕੇ ਤੀਰਥਾਂ ਦਾ ਇਸ਼ਨਾਨ ਕਰਨ ਗਈ ਹੈ । ੫੪ ।

ਪਦਮ ਸਾਹਿਬ ਜੀਉ ! ਤੁਹਾਡੇ ਫ਼ੁਰਮਾਨ ਅਨੁਸਾਰ ਉਪ੍ਰੋਕਤ ਬਚਨ ਦਸ਼ਮੇਸ਼ ਜੀ ਦੇ ਆਪਣੇ ਹਨ। ਇਸ ਤੋਂ ਸਪੱਸ਼ਟ ਹੋ ਗਿਆ ਕਿ ਭੰਗਾਂ ਪੀਣ ਦੀ ਗੱਲ ਕਰਨ ਵਾਲੇ ਨਿਹੰਗ ਸੱਚੇ ਹਨ। ਪੋਸਤ ਭੰਗ ਅਫ਼ੀਮ ਸ਼ਰਾਬ ਅਤੇ ਭੋਗ ਵਿਲਾਸ ਵਿਚ ਪਰਵਿਰਤ ਰਹਿਣਾ, ਕਾਲ ਜੀ ਦੇ ਬਣਾਏ ਭਾਗਾਂ ਦੀ ਖੇਡ ਹੋਣ ਕਰਕੇ ਇਸ ਨੂੰ ਰੱਬੀ ਹੁਕਮ ਅਥਵਾ ਗੁਰਮਤਿ ਸਮਝਣਾ ਚਾਹੀਦਾ ਹੈ ? ਸਿੱਧਾ ਏਹੀ ਲਿਖ ਦਿਉ ਕਿ, ਦਸਮ ਗ੍ਰੰਥ ਦੇ ਆ ਜਾਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋੜ ਮੁੱਕ ਚੁੱਕੀ ਸੀ। ਏਸੇ ਲਈ ਉਨ੍ਹਾਂ ਦੇ ਕਿਸੇ ਫ਼ੁਰਮਾਨ ਦੀ ਪਰਵਾਹ ਨਹੀਂ ਕੀਤੀ ਜਾ ਰਹੀ ? **ਅਸ਼ਲੀਲਤਾ ਅਤੇ ਨੰਗੇਜ ਦੇ ਭਿਆਨਕ ਖੋਭੇ ਵਿਚੋ ਇਹ ਸਭ ਕੁਝ ਕੇਵਲ ਨਮੂੰਨੇ ਮਾਤਰ ਹੀ ਹੈ.** ਅਜੇਹੇ ਚਰਿਤਰ ਘੱਟ ਹੀ ਹਨ, ਜਿਨ੍ਹਾਂ ਵਿਚ ਨਸ਼ਿਆਂ ਦੀ ਵਰਤੋਂ ਕਰਨ ਉਪ੍ਰੰਤ ਭੋਗ ਵਿਲਾਸ ਦੇ ਚਸਕੇ ਲੱਗਦੇ ਨਾ ਦਰਸਾਏ ਹੋਏ ਹੋਣ।

## ੫- ' ਚਰਿਤ੍ਰੋ ਪਖਿਯਾਨ-ਸਿਖਿਆ ਸੰਗ੍ਰਹ ? ' ਦੇ ਰੰਗਾ ਰੰਗ ਨਮੂੰਨੇ ?

**(੧)** **ਸੁਨ ਤਸਕਰ ਠਗ ਮੈ ਕਹੋ ਹੌ ਤਾਹੀ ਕੀ ਨਾਰਿ ॥**

**ਜੋ ਛਲ ਬਲ ਜਾਨੈ ਘਨੋ ਜਾਮੈ ਬੀਰਜ ਅਪਾਰ ॥ ੯ ॥** [ਚ: ੩੮]

**ਅਰਥ:**--ਇਸਤ੍ਰੀ ਬੋਲੀ, ਹੇ ਚੋਰ ਅਤੇ ਠੱਗ ! (ਤੁਸੀ ਦੋਵੇਂ ਸੁਣ ਲਉ) ਮੈ ਤੁਹਾਡੇ ਵਿਚੋਂ ਉਸ ਦੀ ਇਸਤ੍ਰੀ ਹਾਂ ਜਿਸ ਵਿਚ ਬਹੁਤੇ ਵਲ ਛਲ ਹੋਣ ਅਤੇ ਜਿਸ ਦੇ ਸਰੀਰ ਵਿਚ ਅਪਾਰ (ਸਭ ਤੋ ਵੱਧ) ਵੀਰਜ ਹੋਵੇ।

**(੨)** **ਕਹਾ ਭਯੋ ਬਲਵੰਤ ਭਯੋ ਭੋਗ ਨ ਚਿਰ ਲੌ ਕੀਨ ॥**

**ਆਪ ਨ ਕਛੂ ਪਾਇਯੋ ਕਛੁ ਨ ਤਰਨੁ ਸੁਖ ਦੀਨ ॥ ੭ ॥[ਚਰਿਤ੍ਰ੨੦੨]**

**ਅਰਥ:**--ਬਲਵਾਨ ਹੋਣ ਦਾ ਕੀ ਫ਼ਾਇਦਾ ਜੇ ਮਨੁੱਖ ਦੇਰ ਤੱਕ ਚੁਦਾਈ ਨਹੀਂ ਕਰ ਸਕਦਾ । ਇਸਤ੍ਹਾਂ ਨਾ ਉਹ ਖੁਦ ਸੁਖ ਪਾਉਂਦਾ ਹੈ ਅਤੇ ਨਾ ਇਸਤ੍ਰੀ ਨੂੰ ਹੀ ਸੁਖ ਦਿੰਦਾ ਹੈ।

**(੩)** **ਲੁੱਚ ਪੁਣਾ ਜਾਰੀ ਰੱਖਣ ਲਈ ਨਵੇਂ ਢੰਗ ਦੀ ਸਿਖਿਆ?**

**ਬਹੁ ਦਿਨ ਭੋਗ ਤਵਨ ਸੰਗ ਕੀਯਾ ॥ ਐਸੁਪਦੇਸ਼ ਤਵਨ ਕਹ ਦਿਯਾ ॥** [**ਐਸੁਪਦੇਸ਼**=ਐਸਾ ਉਪਦੇਸ਼,ਅਜੇਹੀ ਸਿਖਿਆ ]

**ਜੋ ਮੈਂ ਕਹੌਂ ਮਿਤ੍ਰ ਸੋ ਕੀਜਹੁ ॥ ਮੇਰੋ ਕਹਿਯੋ ਮਾਨਿ ਕਰਿ ਲੀਜਹੁ ॥ ੪ ॥**

**ਕਹੂ ਜੁ ਮ੍ਰਿਤਕ ਪਰਯੋ ਲਖਿ ਪੈਯੋ ॥ ਤਾਕੋ ਕਾਟਿ ਲੰਡ ਲੈ ਐਯੋ ॥**

**ਤਾਹਿ ਕੁਪੀਨ ਬਿਖੈ ਦ੍ਰਿੜ ਰਖਿਯਹੁ ॥ ਭੇਦ ਦੂਸਰੋ ਨਰਹਿ ਨ ਭਖਿਯਹੁ ॥ ੫ ॥**

**ਅਰਥ**:-ਉਸ (ਸੰਨਿਆਸੀ) ਨਾਲ ਬਹੁਤ ਦਿਨ ਭੋਗ ਬਿਲਾਸ ਕੀਤਾ ਅਤੇ ਇਕ ਦਿਨ ਉਸ ਨੂੰ **ਐਸਾ ਉਪਦੇਸ਼** ਦਿੱਤਾ ਕਿ, ਕਿਸੇ ਮੁਰਦੇ ਦਾ ਲੰਡ (=ਲੱਨ) ਵੱਢ ਕੇ ਆਪਣੀ ਲੰਗੋਟੀ ਵਿਚ ਰੱਖ ਲਏ ਅਤੇ ਇਸ ਭੇਤ ਦੀ ਬਾਹਰ ਭਿਣਕ ਨਾ ਕੱਢੇ।

**ਅਤੇ ਸਮਾ ਵੇਖ ਕੇ ਰਾਜੇ ਦੇ ਹੁੰਦਿਆ ਇਹ " ਵਸਤੂ " ਅਜੇਹੇ ਢੰਗ ਨਾਲ ਮੇਰੇ ਮੂੰਹ ਤੇ ਕੱਢ ਮਾਰੀਂ" ਕਿ ਰਾਜਾ ਸਮਝੇ ਕਿ ਸੰਨਿਆਸੀ ਨੇ ਆਪਣਾ ਮੂਤ੍ਨਾਂ ਵੱਢ ਦਿੱਤਾ ਹੈ। ਤੇ ਉਹ ਭੋਗਵਿਲਾਸ ਵਾਲੀ ਸਾਡੀ ਕਰਤੂਤ ਵਲੋਂ ਨਿਚਿੰਤ ਹੋ ਜਾਵੇਗਾ। ਰਾਣੀ ਦੇ ਯਾਰ ਸੰਨਿਆਸੀ ਨੇ ਏਵੇਂ ਹੀ ਕੀਤਾ ਅਤੇ ਜਿਸ ਦਿਨ ਰਾਣੀ ਨੇ ਰਾਜੇ ਦੇ ਹੁੰਦਿਆਂ ਰਾਣੀ ਨੇ ਨਾਟਕੀ ਢੰਗ ਨਾਲ ਸੰਨਿਆਸੀ ਨੂੰ ਬੁਰਾ ਭਲਾ ਆਖਿਆ ਤਾਂ:--**

**ਯੌ ਸੁਨਿ ਬਚਨ ਤੇਜ ਮਨ ਤਯੋ ॥ ਕਰ ਮਹਿ ਕਾਢਿ ਛੁਰਾ ਕਹ ਲਯੋ ॥**
**ਕਟਯੋ ਲਿੰਗ ਬਸਤ੍ ਤੇ ਨਿਕਾਰਾ ॥ ਰਾਜ ਤਰੁਨਿ ਕੇ ਮੁਖ ਪਰ ਮਾਰਾ ॥੯ ॥**

**ਅਰਥ**:-ਇਹ ਗੱਲ ਸੁਣ ਕੇ ਉਹ ਬਹੁਤ ਗੁੱਸੇ ਵਿਚ ਆ ਗਿਆ ਅਤੇ ਛੁਰਾ ਕੱਢ ਕੇ ਕਟਿਆ ਹੋਇਆ ਮੁਰਦੇ ਦਾ ਲਿੰਗ ਲੰਗੋਟੀ ਵਿਚੋਂ ਕੱਢ ਕੇ ਰਾਣੀ ਦੇ ਮੂੰਹ ਤੇ ਮਾਰਿਆ।

**ਤਬ ਰਾਜੈ ਇਹ ਭਾਂਤਿ ਬਿਚਾਰੀ ॥ ਇੰਦ੍ਰੀ ਕਾਟਿ ਸੰਨਿਯਾਸੀ ਡਾਰੀ ॥**
**ਧ੍ਰਿਗ ਧ੍ਰਿਗ ਕੁਪਿ ਰਾਨਿਯ ਉਚਾਰਾ ॥ ਤੈਂ ਤ੍ਰਿਯ ਕਿਯਾ ਦੋਖ ਯਹ ਭਾਰਾ ॥ ੧੧ ॥**
**ਅਬ ਇਹ ਰਾਖੁ ਅਪਨੇ ਧਾਮਾ ॥ ਸੇਵ ਕਰਹੁ ਸਕਲ ਮਿਲਿ ਬਾਮਾ ॥**
**ਜਬ ਲਗਿ ਜਿਯੈ ਜਾਨ ਨਹਿ ਦੀਜੈ ॥ ਸਦਾ ਜਤੀ ਕੀ ਪੂਜਾ ਕੀਜੈ ॥ ੧੨ ॥**
**ਰਾਨੀ ਬਚਨ ਨ੍ਰਿਪਤਿ ਕੋ ਮਾਨਾ ॥ ਬਹੁ ਬਿਧਿ ਸਾਥ ਤਾਹਿ ਗ੍ਰਿਹਿ ਆਨਾ ॥**
**ਭੋਗ ਕਰੈ ਹਰਖ ਗਵਾਈ ॥ ਮੂਰਖ ਬਾਤ ਨ ਰਾਜੈ ਪਾਈ ॥ ੧੩ ॥**

**ਪਦਮ ਸਾਹਿਬ ਜੀ ! ਕੀ ਇਸ ਪ੍ਰਥਾਇ ਵੀ ਚਾਨਣਾ ਪਾ ਸਕੋਗੇ ਕਿ, ਇਹ ਕੁਫ਼ਰ-ਕਹਾਣੀ ਕਿਸ ਪੱਖੋਂ " ਬੜੀ ਅਨੂਪਮ " ਹੈ ? ਪਾਠਕ ਜਨ ਇਸ ਤੋਂ ਕਿਹੋ ਜਿਹਾ ਲਾਭ ਪ੍ਰਾਪਤ ਕਰਨਗੇ ਜੀ ?**

## ੬- ਸੱਤ ਵਾਰ ਕੱਢੀ ਹੋਈ ਸ਼ਰਾਬ:--

**ਪੁਲੀਸ ਦੀ ਨੌਕਰੀ ਸਮੇ ਤਿੰਨ ਵਾਰੀ ਕੱਢੀ ਹੋਈ ਸ਼ਰਬ ਵੇਖਣ ਵਿਚ ਆਈ ਸੀ। ਉਸ ਨੂੰ ਅੱਗ ਮਾਨੋਂ ਉੱਡ ਕੇ ਪੈਂਦੀ ਸੀ ਭਬਾਕੇ ਨਾਲ ਬਲ ਕੇ ਸਾਰੀ ਸੜ ਜਾਂਦੀ ਸੀ। ਭਾਵ, ਤੀਜੀ ਵਾਰ ਕੱਢੀ ਹੋਈ ਸ਼ਰਾਬ ਵਿਚ ਪਾਣੀ ਜ਼ਰਾ ਵੀ ਨਹੀਂ ਰਹਿੰਦਾ । ਸਾਰੀ ਦੀ ਸਾਰੀ ਸਪਿੱਰਟ Spirit ਬਣ ਗਈ ਹੋਣ ਦੇ ਕਾਰਨ, ਜੇ ਅੱਗ ਲੱਗ ਜਾਵੇ ਤਾਂ ਬਲ ਕੇ ਸਾਰੀ ਸਮਾਪਤ ਹੋ ਜਾਂਦੀ। ਸਤਿ ਵਾਰੀ ਸ਼ਰਾਬ ਕੱਢਣ ਦਾ ਨਿਆਰਾ ਉਪਦੇਸ਼, ਇਸ ਚਰਿਤਰੋ ਪਖਿਯਾਨ ਗ੍ਰੰਥ ਵਿਚੋਂ ਹੀ ਮਿਲ ਰਿਹਾ ਹੈ।:--**

**(A)** **ਹੋ ਸਾਤ ਬਾਰ ਮਦਿਯਨ ਤੋਂ ਮਦਹਿ ਚੁਆਇ ਕਰਿ ॥ ੫ ॥** [ ਮਦਿਯਨ=ਸ਼ਰਾਬ। ਚੁਆਇ ਕਰਿ=ਕਢ਼ਾ ਕੇ] [ਚਰਿ-੨੯੬]

**(B)** **ਮਦਰਾ ਅਧਿਕ ਤਹਾ ਲੈ ਧਰਾ ॥ ਸਾਤ ਬਾਰ ਜੁ ਚੁਆਇਨਿ ਕਰਾ ॥ ੧੦ ॥**[ਸਾਤ ਬਾਰ ਚੁਆਇਨ=ਸਤ ਵਾਰ ਕੱਢੀ ਹੋਈ][ਚਰਿ-੩੨੯]

**(C)** **ਮਦਰਾ ਬਹ ਦੁਹੂੰ ਕੁਅਰਿ ਮੰਗਾਯੋ ॥ ਸਾਰ ਬਾਰ ਜੋ ਹੁਤੇ ਚੁਆਯੋ॥ ੧੧ ॥** [ਚਰਿ-੩੪੩]

**(D)** **ਸੋਈ ਮਦ ਲੈ ਤਹਾ ਸਿਧਾਈ ॥ ਸਾਤ ਬਾਰ ਬਹੁ ਭਾਂਤ ਚੁਆਈ ॥ .. ੭ ॥** [ਚਰਿ-੩੮੧]

**(E)** **ਤੁਰਤ ਤਰਿਨ ਲਯਾਵਤ ਭਈ ਮਦ ਸਤ ਬਾਰ ਚੁਆਇ ॥ ੪੧ ॥[ ਚਰਿ-੧੬] ਯਾਦ ਰਹੇ ਕਿ ਇਹ ਉਹੀ ਚਰਿਤ੍ ਹੈ ਜਿਸ ਨੂੰ ਤੁਸਾਂ** (ਪਦਮ ਜੀ ਨੇ) **ਦਸ਼ਮੇਸ਼ ਜੀ ਦੀ ਹੱਡ ਬੀਤੀ ਲਿਖਿਆ ਹੈ। ਅਤੇ ਸ਼ਰਾਬ ਉਹੀ ਹੈ, ਜਿਸ ਦੇ ਪਿਆਲੇ ਭਰ ਭਰ ਕੇ ਦਸ਼ਮੇਸ਼ ਜੀ ਆਪਣੇ ਹਥੀਂ ਵੇਸਵਾ ਨੂੰ ਪਿਲਾਉਂਦੇ ਦਰਸਾਇਆ ਹੋਇਆ ਹੈ।**

## ੭- ਚਰਿੱਤਰ ੬੮ ਕਥਾ ਸ਼ਾਹੂਕਾਰ ਦਾ ਪੁੱਤਰ--- ?

ਉਂਜ ਤਾਂ ਇਸ ਗ੍ਰੰਥ ਵਿਚ ਸ਼ਾਇਦ ਹੀ ਹੈ ਜੇ ਕਿਸੇ ਇੱਕ ਅੱਧ ਕਹਾਣੀ ਨੂੰ ਚੰਗੀ ਕਿਹਾ ਜਾ ਸਕੇ, ਪਰ ਸੁਹਿਰਦ ਲਿਖਾਰੀ ਨੂੰ ਕੋਈ ਇੱਕ ਵੀ ਕਹਾਣੀ ਨਹੀਂ ਮਿਲ ਸਕੇਗੀ ਜਿਸ ਨੂੰ ਸ੍ਰੀ ਦਸ਼ਮੇਸ਼ ਜੀ ਵਰਗੇ ਦੈਵੀ ਗੁਣਾ ਭਰਪੂਰ ਲਿਖਾਰੀ ਦੀ ਸ਼ਾਨ ਦੇ ਅਨਕੂਲ ਮੰਨ ਸਕੇ। ਪਰ ਪਦਮ ਜੀਓ ! ਤੁਹਾਡੀਆਂ ਅਨੂਪਮ ਕਹਾਣੀਆਂ ਵਿਚੋਂ **੬੮ਵੇਂ** ਚਰਿਤ੍ਰ ਤੋਂ ਵੀ ਪਾਠਕਾਂ ਦੀ ਜਾਣਕਾਰੀ ਇਸ ਲਈ ਕਰਾ ਰਹੇ ਹਾਂ ਕਿ ਸ਼ਾਇਦ ਤੁਸੀਂ ਤਾਂ ਦਾਸ ਦੀ ਚਿੱਠੀ ਦਾ ਉੱਤਰ ਦੇਣਾ ਹੈ ਕਿ ਨਹੀਂ, ਘੱਟੋ ਘੱਟ ਪਾਠਕ ਤਾਂ ਤੁਹਾਨੂੰ ਪੁੱਛ ਸਕਣ ਕਿ ਇਸ ਕਹਾਣੀ ਦੁਆਰਾ ਦਸ਼ਮੇਸ਼ ਜੀ ਨੇ ਸਾਨੂੰ ਕੀ ਸਿਖਿਆ ਦਿੱਤੀ ਹੈ ?

" ਗੁਜਰਾਤ ਦੇ ਸ਼ਾਹੂਕਾਰ ਦੇ ਹੋਣਹਾਰ ਸਪੁੱਤਰ ਦੀ ਸ਼ਕਲ ਪਿੰਡ ਦੇ ਨਾਈ ਨਾਲ ਅਜੇਹੀ ਮਿਲਦੀ ਸੀ ਕਿ ਪਛਾਣ ਕਰਨੀ ਔਖੀ ਹੋ ਜਾਂਦੀ ਸੀ। ਸ਼ਾਹੂਕਾਰ ਦਾ ਮੁੰਡਾ ਉਸ ਨਾਈ ਮੁੰਡੇ ਨੂੰ ਨਾਲ ਲੈ ਕੇ ਆਪਣੇ ਸਹੁਰੇ ਪਿੰਡ ਨੂੰ ਗਿਆ। ਰਸਤੇ ਵਿਚ ਨਾਈ ਨੇ ਧੋਖੇ ਨਾਲ ਸ਼ਾਹੂਕਾਰ-ਮੁੰਡੇ ਦੇ ਕੱਪੜੇ ਪਾ ਲਏ ਅਤੇ **ਆਪ ਉਸ ਦੇ ਘੋੜੇ** ਤੇ ਚੜ੍ਹ ਬੈਠਾ। ਗਠੜੀ ਸ਼ਾਹੂਕਾਰ ਦੇ ਮੁੰਡੇ ਨੂੰ ਚੁਕਵਾ ਲਈ। ਪਿੰਡ ਪੁੱਜੇ ਤਾਂ ਨਾਈ-ਮੁੰਡੇ ਦਾ ਸਤਿਕਾਰ ਜਵਾਈਆਂ ਵਾਲਾ ਹੋਣ ਲੱਗ ਪਿਆ ਅਤੇ ਅਸਲੀ ਜਵਾਈ ਨੂੰ ਨਾਈ ਸਮਝ ਲਿਆ ਗਿਆ [ਦਹੋਰੇ ਚੌਪਈਆਂ ੧ ਤੋਂ ੧੦]

**ਨਊਆ ਸੁਤ ਕੋ ਸ਼ਾਹੁ ਕੀ ਦੀਨੀ ਬਯੂ ਮਿਲਾਇ ॥ ਸ਼ਾਹ ਪੁੱਤ੍ਰ ਸੋ ਯੌ ਕਹਿਯੋ ਦੁਆਰੇ ਬੈਠਹੁ ਜਾਇ ॥ ੧੧ ॥**

ਸ਼ਾਹ ਦੇ ਮੁੰਡੇ ਨੂੰ ਬਕਰੀਆਂ ਚਾਰਨ ਲਈ ਜੰਗਲ ਵਿਚ ਭੇਜ ਦੇਣਾ ਅਤੇ ਨਾਈ ਦਾ ਮੁੰਡਾ ਨਿਰੀ ਐਸ਼ ਹੀ ਨਹੀਂ ਸੀ ਕਰਦਾ ਸ਼ਾਹ ਦੇ ਮੁੰਡੇ ਤੇ ਬੜੀਆਂ ਸਖ਼ਤੀਆਂ ਵੀ ਕਰਦਾ। ਜੰਗਲ ਵਿਚ ਬੱਕਰੀਆਂ ਚਾਰਦੇ ਸ਼ਾਹ ਦੇ ਮੁੰਡੇ ਨੂੰ ਇੱਕ ਦਿਨ ਪਾਰਬਤੀ ਅਤੇ ਸ਼ਿਵ ਜੀ ਮਿਲ ਪਏ। ਸ਼ਾਹ ਦੇ ਦੁਖਿਆਰੇ ਮੰਡੇ ਤੇ **ਸ਼ਿਵ ਜੀ** ਨੂੰ ਤਰਸ ਆ ਗਿਆ ਤਾਂ ਉਨ੍ਹਾਂ ਨੇ ਉਸ ਨੌਜਵਾਨ ਨੂੰ ਵਰ ਦਿੰਦਿਆਂ ਆਖਿਆ ਕਿ, ਜਿਸ ਨੂੰ ਵੀ ਮੂਹੋਂ ' **ਚੰਬੜ ਜਾ** ' ਕਹੇਂਗਾ ਉਹੀ ਵਸਤੂ ਅਥਵਾ ਜੀਵ ਆਦਿ ਧਰਤੀ ਨਾਲ ਲਗੀ ਰਹਿ ਜਾਇਆ ਕਰੇਗੀ। ਜਦੋਂ " **ਉੱਠ ਜਾ** " ਕਹੇਂਗਾ ਤਾਂ ਉਹ ਉਠ ਜਾਇਆ ਕਰੇਗੀ।

ਸ਼ਾਹੂਕਾਰ ਦੇ ਪੁੱਤਰ ਨੇ ਪਿੰਡ ਆ ਕੇ ਸਾਰੇ ਪਿੰਡ ਨੂੰ " **ਚੰਬੜ ਜਾ** " ਕਹਿ ਦਿੱਤਾ। ਸੌਂਦੇ ਜਾਗਦੇ ਉਠਦੇ ਬਹਿੰਦੇ ਇੱਕ ਪਲ ਵਿਚ ਸਾਰੇ ਧਰਤੀ ਨਾਲ ਚੰਬੜ ਗਏ। ਜਿੱਥੇ ਅਤੇ ਜਿਵੇਂ ਕੋਈ ਸੀ ਉਥੇ ਹੀ ਜੁੜ ਗਿਆ ਅਤੇ ਪਿੰਡ ਵਿਚ ਹਾਹਾ-ਕਾਰ ਮਚ ਗਈ [੧੧ ਤੋਂ ੨੧]

ਹੇ ਪਦਮ ਸਾਹਿਬ ਜੀਓ ! ਚਿੰਤਾ ਨਾ ਕਰੋ। ਆਪ ਜੀ ਦੇ ਅਨੁਪਮ (ਹੱਦ ਤੱਕ ਪੁੱਜੇ ਤਮਾਸ਼ਬੀਨ) ਲਿਖਾਰੀ ਜੀ, ਅਸ਼ਲੀਲਤਾ ਦੇ ਪੂਰੇ ਨੰਗੇਜ ਦੇ ਦਰਸ਼ਨ ਕਰਾਉਂਣੇ ਏਥੇ ਵੀ ਨਹੀ ਭੁੱਲੇ: ---**ਪਤਿ ਧੋਤੀ ਬਾਂਧਤ ਫਸਯੋ ਪਾਕ ਪਕਾਵਤ ਤ੍ਰੀਯ ॥**

**ਨੌਆ ਤ੍ਰਿਯ ਸੋਵਤ ਫਸਯੋ ਕਛੁ ਨ ਰਹੀ ਸੁਧਿ ਜੀਯ ॥ ੨੨ ॥**

ਭਾਵ, (ਪੁਰਾਣੇ ਤਜਰਬੇਕਾਰ ਜੋੜਿਆਂ ਵਿਚੋਂ) ਪਤੀ ਧੋਤੀ ਬੰਨ੍ਹਦਾ ਚੰਬੜ ਗਿਆ ਪਰ (ਵਿਚਾਰਾ) ਨਵਾਂ ਵਿਆਹਿਆ ਜੋੜਾ ਉਵੇ ਸੁੱਤਾ ਹੀ ਫਸ ਗਿਆ ਅਤੇ ( ਘਬਰਾਹਟ ਦੇ ਕਾਰਨ) ਉਨ੍ਹਾਂ ਨੂੰ ਆਪਣੀ ਕੋਈ ਸੁੱਧ ਨਾ ਰਹੀ।

**ਸ਼ੰਕੇ**:--

(ੳ) ਇਸ ਕਹਾਣੀ ਵਿਚ, ਪਿੰਡ ਦੇ ਲੋਕਾਂ ਦਾ ਕੋਈ ਦੋਸ਼ ਦਰਸਾਏ ਬਿਨਾ ਸਾਰਿਆਂ ਨੂੰ ਧਰਤੀ ਨਾਲ ਜੁੜ ਜਾਣ ਜਿਹੀ ਭਿਅੰਕਰ ਸਜ਼ਾ ਦਿੱਤੀ ਗਈ ਦਰਸਾਉਣ ਤੋਂ ਪਾਠਕਾਂ ਨੂੰ ਕਿਹੋ ਜਿਹੀ ਸਿਖਿਆ ਮਲਦੀ ਹੈ ਜੀ?

(ਅ) ਨਵੇਂ ਵਿਆਹੇ ਹੋਏ ਜੋੜੇ ਦਾ ਉਸੇ ਹਾਲਤ ਵਿਚ ਫਸੇ ਦਰਸਾਉਣ ਤੋਂ, ਕਿਹੜੀ ਉਚੇਰੀ ਸਿਖਿਆ ਦੀ ਬਖ਼ਸ਼ਸ਼ ਹੋਈ ਹੈ ਜੀ ?

ਸ਼ਾਹ ਦਾ ਮੁੰਡਾ ਕਿਉਂਕਿ ਚੰਗਾ ਭਲਾ ਸੀ, ਧਰਤੀ ਨਾਲ ਜੁੜੇ ਦੁਖਿਆਰੇ ਲੋਕ ਉਸ ਦੀਆਂ ਮਿੰਨਤਾਂ ਕਰਨ ਲੱਗੇ ਕਿ, ਉਹ ਕਿਸੇ ਹਕੀਮ ਨੂੰ ਬੁਲਾ ਲਿਆਵੇ। ਸ਼ਾਹ ਦਾ ਮੁੰਡਾ ਘੋੜੀ ਤੇ ਚੜ੍ਹ ਕੇ ਹਕੀਮ ਨੂੰ ਲੈਣ ਤੁਰ ਗਿਆ। ਰਸਤੇ ਵਿਚ ਹਕੀਮ ਨੂੰ ਜੰਗਲ ਦੀ ਹਾਜਤ ਹੋਈ। ਜਦੋਂ ਮਿੱਟੀ ਨਾਲ ਗੁਦਾ ਸਾਫ਼ ਕਰਨ ਲੱਗਾ ਤਾਂ ਸ਼ਰਾਰਤੀ ਮੰਡੇ ਨੇ " ਚੰਬੜ ਜਾ " ਕਹਿ ਦਿੱਤਾ,। ਘਰੋਂ ਲੋਕਾਂ ਦਾ ਭਲਾ ਕਰਨ ਤੁਰੇ, ਵਿਚਾਰੇ ਹਕੀਮ ਦੀ ਉਸ ਮਾਂਦੀ ਹਾਲਤ ਦਾ ਤਮਾਸ਼ਾ, ਲਿਖਾਰੀ ਜੀ ਇਉਂ ਬਣਾ ਰਹੇ ਹਨ--**ਹਾਥ ਲਗੋਟੀ ਰਹਿ ਗਈ ਡਲਾ ਫਸਯੋ ਬੁਰਿ ਮਾਹਿ ॥** ਭਾਵ, ਲਗੋਟੀ ਵੈਦ ਦੇ ਹੱਥ ਵਿਚ ਹੀ ਰਹਿ ਗਈ ਅਤੇ (ਮਿੱਟੀ ਦਾ) ਢੇਲਾ **ਗੁਦਾ** ਵਿਚ ਫਸ ਗਿਆ। ਜਦ ਹਕੀਮ ਬੜਾ ਦੁਖੀ ਹੋਇਆ ਤਾਂ ਸ਼ਾਹ ਦੇ ਮੁੰਡੇ ਨੇ ਆਖਿਆ ਕਿ ਇਹੀ ਬਿਮਾਰੀ ਉਸ ਨੂੰ ਹੋ ਗਈ ਸੀ। [੨੩ ਤੋਂ ੨੮] ਤਾਂ -

**ਦੋਹਰਾ ॥ ਯਾ ਘੋਰੀ ਕੇ ਭਗ ਬਿਖੈ ਜੀਭ ਦਈ ਸੌ ਬਾਰ ॥**

**ਤੁਰਤ ਰੋਗ " ਹਮਰੋ " ਕਟਯੋ ਸੁਨਹੁ ਬੈਦ ਉਪਚਾਰ ॥ ੨੯ ॥**

**ਅਰਥ:**-- ਮੈ ਇਸ ਘੋੜੀ ਦੀ ਮੂਤਰਨੀ ਵਿਚ ਸੌ ਵਾਰੀ ਆਪਣੀ ਜੀਭ ਪਾਈ ਸੀ ਤਾਂ ਮੈਂ ਰਾਜ਼ੀ ਹੋ ਗਿਆ ਸੀ ॥ ਇਹ ਸੁਣ ਕੇ ਘਾਬਰੇ ਹੋਏ ਵੈਦ ਨੇ:--

**ਚੌਪਈ ॥ ਤਬੈ ਬੈਦ ਸੋਊ ਕ੍ਰਿਆ ਕਮਾਈ ॥ ਤਾਕੇ ਭਗ ਮੈ ਜੀਭ ਧਸਾਈ ॥**

**ਕਹਯੋ ਚਮਰੁ ਤੂੰ, ਸੋ ਲਗਿ ਗਈ ॥ ਅਤਿ ਹਾਸੀ ਗਦਹਾ ਕੋ ਭਈ ॥ ੩੦ ॥**

**ਅਰਥ:**--ਤਦ ਵੈਦ ਨੇ ਉਹੀ ਕੰਮ ਕੀਤਾ ਤੇ ਘੋੜੀ ਦੀ ਭਗ ਵਿਚ ਆਪਣੀ ਜੀਭ ਜਾ ਧਸਾਈ (ਸ਼ਾਹ ਦੇ ਮੁੰਡੇ) ਨੇ ਆਖਿਆ ਕਿ, ' ਚੰਬੜ ਜਾ ' ਤਾਂ ਉਹ ਚੰਬੜ ਗਈ ਅਤੇ ਉਸ ਤਰ੍ਹਾਂ ਉਹ **ਖੋਤੇ** (ਹਕੀਮ) ਦੀ ਬੜੀ ਹਾਸੀ ਹੋਈ ।

ਪਦਮ ਜੀਓ ! ਇਹ ਫ਼ੁਰਮਾਨ ਕਰੋ ਕਿ--

(੧) ਹਕੀਮ ਨੂੰ ਕੀ, ਇਸ ਲਈ ਗਦਰਾ ਭਾਵ **ਖੋਤਾ** ਲਿਖਿਆ ਹੈ ਕਿ, ਉਸ ਵਿਚਾਰੇ ਨੂੰ ਟੱਟੀ ਦੀ ਹਾਜਤ ਹੋ ਗਈ ਸੀ ? ਅੱਤਿ ਦਰਜੇ ਦਾ ਘਟੀਆ ਮਖ਼ੌਲ ਕਰਕੇ ਕਿਸੇ ਨਿਰਦੋਸ਼ ਨੂੰ ਖੱਜਲ ਕਰਨਾ, ਅਥਵਾ ਇੱਕ ਭਲੇ ਲੋਕ ਦਾ ਹਿਰਦਾ ਦੁਖੀ ਹੁੰਦਾ ਦਰਸਾਉਣ ਦੀ ਗੱਲ ਕੋਈ ਨੇਕ-ਦਿਲ ਮਨੁੱਖ ਕਦੇ ਨਹੀਂ ਲਿਖ ਸਕਦਾ। ਦੁਹਾਈ ਹੈ ਪਰਮੇਸ਼ਰ ਦੇ ਨਾਮ ਦੀ, ਅਜੇਹੀ ਨੀਚ ਹਰਕਤ ਦਸ਼ਮੇਸ਼ ਜੀ ਦੀ ਕਲਮ ਨਾਲ ਜੋੜੋ ।

(੨) ਦੁਖਿਆਰੇ ਲੋਕਾਂ ਦੇ ਰੋਗਾਂ ਦਾ ਇਲਾਜ ਕਰਨ ਜਾ ਰਹੇ ਨਿਰਦੋਸ਼ ਹਕੀਮ ਦਾ ਦਿਲ, ਘਟੀਆ ਕਿਸਮ ਦੇ ਮਖ਼ੌਲ ਨਾਲ ਪੀੜਤ ਹੁੰਦਾ ਦਰਸਾਉਣ ਵਾਲੀ ਅਜੇਹੀ ਵਿਅਰਥ ਦੀ ਲਚਰ ਕਹਾਣੀ ਦਸ਼ਮੇਸ਼ ਜੀ ਦੇ ਨਾਮਣੇ ਨਾਲ ਜੋੜਨ ਵਿਚ ਆਪ ਜੀ ਦਾ ਕੀ ਭਾਵ ਹੈ ? ਕੀ, ਦਸਮ ਸ੍ਰੀ ਗੁਰੂ ਨਾਨਕ ਜੀ ਆਪਣੇ ਪਹਿਲੇ ਸਰੂਪ ਸਮੇਂ ਤੋ ਦੇਂਦੇ ਆ ਰਹੇ ਇਹ ਉਪਦੇਸ਼ ਕਿ 'ਜੇ ਪਰਮਾਤਮਾ ਨੂੰ ਮਿਲਣਾ ਚਾਹੁੰਦੇ ਹੋ ਤਾਂ ਕਿਸੇ ਦਾ ਹਿਰਦਾ ਨਾ ਦੁਖਾਇਓ ' ਭੁੱਲ ਗਏ ਸਨ ? ਕੀ, ਦਸ਼ਮੇਸ਼ ਜੀ ਅਜੇਹੇ ਬੇਅੰਤ ਗੁਰੂਬਾਣੀ-ਫ਼ੁਰਮਾਨਾਂ ਨੂੰ ਵਿਸਾਰ ਬੈਠੇ ਕਿ ਸਾਰੇ ਜੀਆਂ ਵਿਚ ਉਸ ਦਾ ਹੀ ਵਾਸਾ ਹੈ ?:---

੨੪- **ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥** ।੧੩੮੪॥

੨੫- **ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥** {੧੩੮੪}

੨੬- **ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥੧॥ ਜਤ ਕਤ ਪੇਖਉ ਏਕੈ ਓਹੀ ॥**
**ਘਟ ਘਟ ਅੰਤਰਿ ਆਪੇ ਸੋਈ ॥੧॥ਰਹਾਉ॥ ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ**
**ਆਕਾਰੁ ॥੨॥ ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥ ਕਹੁ ਨਾਨਕ**

ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥ {੩੮੭}

੭੭- ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ ॥੩॥ {੪੯੬}-੫-੬

੭੮- ਵਵਾ ਵੈਰੁ ਨ ਕਰੀਐ ਕਾਹੂ ॥ **ਘਟ ਘਟ ਅੰਤਰਿ ਬ੍ਰਹਮ ਸਮਾਹੂ** ॥ ਵਾਸੁਦੇਵ ਜਲ ਥਲ ਮਹਿ ਰਵਿਆ ॥
ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ
ਜੋ ਸੁਨਤੇ ॥ ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥ {੨੫੯}

੭੯- ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ {੫੯੭}-੬

**ਝੂਠ-ਕਹਾਣੀ ਦੇ ਰਹਿੰਦੇ ਹਿੱਸੇ ਦੇ ਦਰਸ਼ਨ**:--

**ਲਏ ਲੜੇ ਤਾਕੋ ਪੁਰ ਆਯੋ ॥ ਸਗਲ ਗਾਵ ਕੋ ਦਰਸ ਦਿਖਾਯੋ ॥**
**ਬੈਦ ਕਛੂ ਉਪੋਚਾਰਿ ਕਰੌ ॥ ਇਨਕੈ ਪ੍ਰਾਨ ਛੁਟਨ ਤੇਂ ਡਰੌ ॥ ੩੧ ॥**

ਉਸੇ ਤਰ੍ਹਾਂ ਘੋੜੀ ਦੀ ਭਗ ਵਿਚ ਚੰਬੜੇ ਹਕੀਮ ਨੂੰ ਸ਼ਾਹ ਦਾ ਮੁੰਡਾ ਪਿੰਡ ਵਿਚ ਲੈ ਆਇਆ ਅਤੇ ਹੋਰ ਵੀ ਭੈੜੀ ਟਿੱਚਰ ਕਰਦਾ ਹੋਇਆ ਓਸੇ ਹਕੀਮ ਨੂੰ ਜਿਸ ਦੀ ਆਪਣੀ ਜੀਭ ਕਸੂਤੇ ਥਾਂ ਫਸੀ ਹੋਈ ਸੀ, ਬੋਲਿਆ -- ' ਹਕੀਮ ਜੀ ਕਰੋ ਕੁਝ ਪਿੰਡ ਵਾਸੀ ਇਨ੍ਹਾਂ ਦੁਖਿਆਰਿਆਂ ਦਾ ਇਲਾਜ " । ਬਚਾਉ ਇਨ੍ਹਾਂ ਦੇ ਪ੍ਰਾਣ।" ਲੋਕਾਂ ਨੇ ਮਿੰਨਤ ਤਰਲੇ ਕੀਤੇ ਤਾਂ ਸ਼ਾਹ ਦੇ ਪੁੱਤਰ ਨੇ ਨਾਈ ਦੇ ਪੁੱਤਰ ਦੀ ਸਾਰੀ ਕਰਤੂਤ ਦੱਸੀ। ਪਿੰਡ ਵਾਲਿਆ ਨੇ ਉਸ ਨੂੰ ਹੋਰ ਕੁੜੀ ਵਿਆਹ ਦੇਣੀ ਮੰਨ ਲਈ। ਲੋਕਾਂ ਦੀ ਜਾਨ ਖ਼ਲਾਸੀ ਕੀਤੀ। ਇਸ ਅਦਭੁਤ ਕਹਾਣੀ ਦੀ ਅੰਤਲੀ ਚੌਪਈ:--

**ਔਰ ਸਕਲ ਪੁਰ ਛੋਰਿ ਉਬਾਰਯੋ ॥ ਨਊਆ ਸੁਤ ਚਿਮਟਯੋ ਹੀ ਮਾਰਯੋ ॥**
**ਬਯਾਹ ਦੂਸਰ ਅਪਨੋ ਕੀਨੋ ॥ ਨਿਜੁ ਪੁਰ ਕੋਂ ਬਹੁਰੋਂ ਮਗੁ ਲੀਨੋ ॥ ੩੫ ॥ ੧ ॥**

**ਇਹ ਹੈ ਇਨ੍ਹਾਂ ਕਹਾਣੀਆਂ ਦਾ ਮੱਯਾਰ Standard ਜਿਨ੍ਹਾਂ ਨੂੰ ਪਦਮ ਜੀ ਤੁਸੀਂ ਅਨੂਪੰਮ ਕਹਾਣੀ ਸੰਗ੍ਰਹਿ ਲਿਖ ਰਹੇ ਹੋ ?**

**(੩)** **ਸਤਿਕਾਰਤ ਪਦਮ ਸਾਹਿਬ ਜੀਓ** ! ਉਪ੍ਰੋਕਤ ਝੂਠ-ਵਾਰਤਾ ਦੇ ਨਾਲ ਹੋਰ ਕਈ ਕੁਝ ਪੜ੍ਹ ਲੈਣ ਵਾਲੇ ਪਾਠਕ ਦੇ ਮਨ ਵਿਚ, ਇਹ ਪ੍ਰਸ਼ਨ ਉੱਠਣਾ ਸੁਭਾਵਕ ਹੈ ਕਿ ਦਸ਼ਮੇਸ਼ ਜੀ ਪ੍ਰਤੀ ਅਜੇਹਾ ਅਨਰਥ ਲਿਖਣ ਲਗਿਆਂ ਤੁਹਾਡਾ ਹਿਰਦਾ ਕਿਸ ਦਲੀਲ ਦੇ ਆਸਰੇ ਨਹੀਂ ਕੰਬ ਰਿਹਾ ? ਜੇ ਆਪ ਜੀ ਦੇ ਮਨ ਵਿਚ ਦਸ਼ਮੇਸ਼ ਜੀ ਲਈ ਜ਼ਰਾ ਵੀ ਸਤਿਕਾਰ ਹੈ, ਤਾਂ ਪਾਠਕਾਂ ਦੇ ਸ਼ੰਕੇ ਨੂੰ ਨਿਵਿਰਤ ਕਰਨ ਲਈ ਕੋਈ ਗੁਰਮਤਿ ਦਲੀਲ ਲਿਖ ਭੇਜਣੀ ਵੀ ਤੁਹਾਡਾ ਧਰਮ ਬਣਦਾ ਹੈ?

## 8- ਦ੍ਰਿਸ਼ਟੀ ਭੋਗ ਨਾਲ ਇਸਤ੍ਰੀ ਨੇ ਕਾਕੇ ਨੂੰ ਜਨਮ ਦਿੱਤਾ?

**ਦੋਹਰਾ ॥ ਮੁਰਜਨਾਥ ਜੋਗੀ ਹੁਤੋ ਸੋ ਆਯੋ ਇਹ ਧਾਮ ॥**
**ਦ੍ਰਿਸ਼ਟ ਭੋਗ ਮੋਸੋਂ ਕਿਯੋ ਸੁਤ ਦੀਨੋ ਗ੍ਰਿਹ ਰਾਮ ॥ ੬ ॥ [ਚਰਿਤ੍ਰ ੭੯ ]**

## 9- ਉਡਨਾ ਅੰਜਨ (=ਸੁਰਮਾ) ?

**ਚੌਪਈ ॥ ਜੋਗੀ ਦੈ ਅੰਜਨੁ ਤਹ ਆਵੈ ॥ ਗੁਟਕੈ ਬਲੁ ਕੈ ਬਹੁ ਉਡਿ ਜਾਵੈ ॥**
**ਜਿਸੀ ਠੌਰ ਚਾਹੈ ਤਿਸੁ ਜਾਵੈ ॥ ਭਾਂਤਿ ਭਾਂਤਿ ਕੈ ਭੋਗ ਕਮਾਵੈ ॥ ੩ ॥**
**ਭਾਂਤਿ ਭਾਂਤਿ ਕੇ ਦੇਸ ਨਿਹਾਰੈ ॥ ਭਾਂਤਿ ਭਾਂਤਿ ਕੀ ਪ੍ਰਭਾ ਬਿਚਾਰੈ ॥**
**ਅੰਜਨ ਬਲ ਤਿਹ ਕੋਊ ਨ ਪਾਵੈ ॥ ਤਿਸ ਠੌਰ ਰਨਿਯਹਿ ਲੈ ਜਾਵੈ ॥ ੪ ॥[ਚਰਿ--੮੫]**

## 10- ਝੂਠ ਲਿਖਣ ਵਿਚ ਬਾਜੀ ਲੈ ਗਏ ?

**ਸ਼ਮਸਦੀਨ ਦਿਲੀਸ ਜੁਵਾਨਾ ॥ ਮਾਨਤ ਆਨਿ ਦੇਸ ਜਿਸ ਨਾਨਾ ॥**
**ਏਕ ਦਿਵਸ ਵਹੁ ਗਯੋ ਸ਼ਿਕਾਰਾ ॥ ਜਾਂ ਦਿਸ ਹੁਤੀ ਕੇਹਰੀ ਬਾਰਾ ॥ ੩ ॥**
**ਤਹੀ ਦਿਲੀਸ ਆਪੁ ਚਲਿ ਗਯੋ ॥ ਜਹਾਂ ਸਿੰਘਨੀ ਚਿਤਵਤ ਭਯੋ ॥**
**ਸਿੱਧਪਾਲ ਲੀਏ ਅਪਨੇ ਸੰਗਾ ॥ ਔਰ ਲੀਏ ਅਨਗਨ ਚਤੁਰੰਗ ॥ ੪ ॥**
**ਤਾ ਪਰ ਕਰੀ ਝੁਕਾਵਤ ਭਯੋ ॥ ਕੇਹਰਿ ਸਮੈ ਜਨਮ ਤਬ ਲਯੋ ॥**
**ਅਰਧ ਰਹਾ ਤਨ ਮਾਤ ਕੁਖੂਤਰ ॥ ਅਰਧਹ ਨਾਕਰ ਗਜ ਮਸਤਕ ਪਰ ॥ ੫ ॥**[ਚਰਿ-੨੯੭]

ਸ਼ਮਸਦੀਨ ਦਿੱਲੀ ਦਾ ਰਾਜਾ ਹਾਥੀ ਤੇ ਚੜ੍ਹ ਕੇ ਆਪਣੀ ਚਤਰੰਗੀ ਸੈਨਾ ਦੇ ਨਾਲ ਸ਼ੇਰਨੀ ਦਾ ਸ਼ਿਕਾਰ ਕਰਨ ਗਿਆ। ਸ਼ੇਰਨੀ ਦਾ ਬੱਚਾ ਅਜੇ ਅੱਧਾ ਮਾਂ ਦੇ ਗਰਭ ਵਿਚ ਹੀ ਸੀ, ਕਿ, ਉਸ ਨੇ ਆਪਣੇ ਦੋਵੇਂ ਪੰਜੇ ਹਾਥੀ ਦੇ ਮੱਥੇ ਤੇ ਗ਼ੱਡ ਦਿੱਤੇ। ਕਦੇ ਸੁਣੀ ਜੇ ਅਜੇਹੀ ਅਣਹੋਣੀ ਗੱਪ। ਉਂਜ ਇਸ ਸ਼ੇਰ ਦੇ ਬੱਚੇ ਤੋਂ ਪਵਨ ਦਾ ਬੱਚਾ ਹਨੂੰਮਾਨ ਬਾਜੀ ਮਾਰ ਗਿਆ ਸੀ। ਉਸ ਨੇ ਜੰਮਦੇ ਸਾਰ ਸੂਰਜ ਨੂੰ ਮਿੱਠਾ ਫਲ ਸਮਝ ਕੇ ਨਿਗਲ ਲਿਆ ਸੀ ਅਤੇ ਸੰਸਾਰ ਵਿਚ ਹਨੇਰ ਪੈ ਗਿਆ ਸੀ। ਜੇ ਤਸੀਂ ਉਪ੍ਰੋਕਤ ਕਹਾਣੀ ਦੇ ਹੀਰੋ, ਸ਼ੇਰ ਦੇ ਬੱਚੇ ਦੀ ਹੇਠੀ ਕਰਨ ਲਈ ਦਾਸ ਨੇ ਗ਼ਲਤ ਬਿਆਨੀ

ਕੀਤੀ ਸਮਝੋ ਤਾਂ, ਰਾਮਾਇਣ ਦੀਆਂ ਵੀਡੀਓ ਰੀਲਾਂ ਮੰਗਵਾ ਕੇ ਤਸੱਲੀ ਕਰ ਲਵੋ ਜੀ। ਉਂਜ ਇਸ ਕਹਾਣੀ ਵਾਲਾ ਸ਼ੇਰ ਦਾ ਬੱਚਾ ਵੀ ਕੋਈ ਘੱਟ ਨਹੀਂ ? ਅਜੇ ਤਾਂ ਅਧਾ ਹੀ ਬਾਹਰ ਆਇਆ ਸੀ, ਜੇ ਹਨੂੰਮਾਨ ਵਾਂਗ ਮਾਂ ਦੇ ਗਰਭ ਵਿਚੋਂ ਸਾਰਾ ਬਾਹਰ ਆ ਗਿਆ ਹੁੰਦਾ ਤਾਂ ਕੀ ਪਤਾ ਹੋਰ ਕੀ ਉਪੱਦਰ ਕਰਦਾ ?

## ੧੧- ਝੂਠ ਦਾ ਇੱਕ ਨਮੂਨਾ ਇਹ--

**ਦਰਿਆਈ ਘੋੜਾ** ਜਿਸ ਨੂੰ ਅੰਗ੍ਰੇਜ਼ੀ ਵਿਚ ਇਸ ਨੂੰ-**Hip-po-potasus** ਲਿਖਿਆ ਹੋਇਆ ਹੈ। ਦਰਿਆਵਾਂ ਝੀਲਾਂ ਵਿਚ ਰਹਿਣ ਵਾਲੇ ਇਸ ਜੰਗਲੀ ਪਸ਼ੂ ਨੂੰ ਚਿੜੀਆ ਘਰਾਂ ਵਿਚ ਬਣੇ ਟੋਬਿਆਂ ਵਿਚ ਅਤੇ ਕਿਸੇ ਕਿਸੇ ਸਰਕਸ ਵਿਚ ਵੇਖਿਆ ਜਾ ਸਕਦਾ ਹੈ। ਇਸ ਦਰਿਆਈ ਘੋੜੇ ਦਾ ਆਮ ਘੋੜਿਆਂ ਨਾਲ ਕੋਈ ਮੇਲ ਦਰਸਾਉਂਣਾ, ਬੜੀ ਅਗਿਆਨਤਾ ਭਰੀ ਗੱਪ ਕਹੀ ਜਾਵੇਗੀ। ਪਰ ਪਦਮ ਸਾਹਿਬ ਜੀ ! ਜਿਸ ਗ੍ਰੰਥ ਨੂੰ ਤੁਸੀਂ ਦਸ਼ਮੇਸ਼ ਜੀ ਦੀ ਕਿਰਤ ਸਿੱਧ ਕਰੀ ਰੱਖਣ ਲਈ ਬਚਨ ਬੱਧ ਹੋ, ਉਸ ਵਿਚ, ਵੱਡੇ ਸਾਰੇ ਅਣਘੜਤ ਸਿਰ ਤੇ ਬੜੇ ਚੌੜੇ ਮੂੰਹ ਵਾਲੇ ਹਾਥੀ ਦੇ ਬੱਚੇ ਵਰਗੇ ਦਰਿਆਈ ਘੋੜੇ ਤੋਂ ਘੋੜੀ ਗਰਭਵਤੀ ਹੋ ਕੇ ਇੰਦਰ ਦੇ ਘੋੜੇ ਨਾਲੋਂ ਕਈ ਗੁਣਾ ਚੰਗੇ ਘੋੜੇ ਨੂੰ ਜਨਮ ਦਿੰਦੀ ਦਰਸਾਈ ਗਈ ਹੈ:--

**ਘੋਰੀ ਏਕੁ ਨਦੀ ਤਟ ਗਈ ॥ ਦਰਿਆਈ ਹੈ ਤੇ ਲਗਤ ਭਈ ॥**
**ਤਾਤੇ ਏਕ ਬਛਰੋ ਭਯੋ ॥ ਜਨੁ ਅਵਤਰ ਇੰਦ੍ਰ ਹੈ ਲਯੋ ॥ ੨ ॥**
**ਸਕ੍ਰਬਰਨ ਅਤਿ ਤਾਹਿ ਬਿਰਾਜੈ ॥ ਤਾ ਕੌ ਨਿਰਖਿ ਚੰਦ੍ਰਮਾ ਲਾਜੈ ॥**
**ਚਮਕਿ ਚਲਯੋ ਇਹ ਭਾਂਤਿ ਸੁਹਾਵੈ ॥ ਜਨੁ ਘਨ ਪ੍ਰਭਾ ਦਾਮਨੀ ਪਾਵੈ ॥ ੩ ॥ [ਚਰਿਤ੍--੧੪੫]**

## ੧੨- ੨੨੯ਵਾਂ ਚਰਿਤ੍ਰ ਝੂਠ-ਗੱਪਾਂ ਦਾ ਪ੍ਰਧਾਨ-ਝੂਠ (ਪਤੰਗ ਦੀ ਸਵਾਰੀ ?)

ਇੱਕ ਰਾਜਕੁਮਾਰ ਸੀ ਜੋ ਕਾਮਦੇਵ ਨਾਲੋਂ ਵੀ ਬਹੁਤਾ ਸੋਹਣਾ ਸੀ। ਜਿਹੜੀ ਵੀ ਇਸਤ੍ਰੀ ਉਸ ਨੂੰ ਵੇਖ ਲੈਂਦੀ, ਮਰ ਮਿਟਦੀ। ਇੱਕ **ਸ਼ਾਹ ਦੀ ਪੁੱਤਰੀ** ਜੋ ਆਪ ਵੀ ਅਜੇਹੀ ਸੋਹਣੀ ਸੀ ਕਿ ਕਾਮਦੇਵ ਉਸ ਨੂੰ ਵੇਖ ਕੇ ਸ਼ਰਮਸਾਰ ਹੋ ਜਾਂਦਾ ਸੀ ਸ਼ਿਕਾਰ ਖੇਡਨ ਆਏ ਰਾਜਕੁਮਾਰ ਨੂੰ ਵੇਖ ਕੇ ਉਸ ਤੇ ਮੋਹਤ ਹੋ ਗਈ। ਕੋਠੇ ਤੇ ਖਲੋਤੀ ਨੇ, ਲੱਮੀ ਡੋਰ ਬੰਨ੍ਹ ਕੇ ਪਤੰਗ ਚੜ੍ਹਾਈ ਅਤੇ ਉਸ ਰਾਹੀਂ ਰਾਜਕੁਮਾਰ ਤੱਕ ਚਿੱਠੀ ਪੁਚਾ ਦਿੱਤੀ।

ਚਿੱਠੀ ਤੇ ਲਿਖਿਆ ਸੀ ਕਿ ਘੋੜਾ ਭਜਾ ਕੇ ਸਾਡੇ ਕੋਲ ਆਓ ਅਤੇ ਆਪਣੀਆਂ ਜ਼ਾਲ ਅੱਖਾਂ ਨੂੰ ਮੇਰੇ ਸਾਹਮਣੇ ਨਚਾਉ। ਸੁਰਮਾ ਪਾ ਕੇ ਤੇ ਨੈਣਾ ਦੇ ਤੀਰ ਕੱਸ ਕੇ ਮੇਰੀ ਪ੍ਰਸੰਨਤਾ ਨੂੰ ਵਧਾਓ ਅਤੇ ਖ਼ੂਬ ਸ਼ਰਾਬ ਪੀਣੀ। ਆਪਣਾ ਮੁਖੜਾ ਵਿਖਾ ਕੇ ਮੈਨੂੰ ਛਾਤੀ ਨਾਲ ਲਾ ਲੈਣਾ ਅਤੇ ਨੈਣਾ ਵਿਚ ਨੈਣ ਪਾ ਕੇ ਪਿਆਰ ਨਾਲ ਆਪਣੇ ਨਾਲ ਲਾ ਲੈਣਾ। ਚਿੱਠੀ ਪੜ੍ਹ ਕੇ ਨਿਸਚਿੰਤ ਹੋ ਕੇ **ਗੁੱਡੀ (ਪਤੰਗ) ਉਤੇ** ਬੈਠ ਜਾਣਾ। ਇਸ ਨੂੰ ਗੁੱਡੀ ਨਾ ਸਮਝਣਾ ਸਗੋਂ ਇੱਕ ਪੰਘੂੜਾ ਸਮਝਣਾ । (੨ ਤੋਂ ੧੨]

**ਚੌਪਈ ॥ ਜਬ ਰਾਜੇ ਐਸੀ ਸੁਨਿ ਪਾਈ ॥ ਚਿਤ ਕੀ ਸ਼ੰਕ ਸਗਲ ਬਿਸਰਾਈ ॥**
**ਹਯ ਤੇ ਉਤਾਰਿ ਡੋਰ ਪਰ ਚਢਿਯੋ ॥ ਆਨੰਦ ਅਧਿਕ ਚਿੱਤ ਮੈ ਬਢਿਯੋ ॥ ੧੩ ॥**
**ਅੜਿਲ ॥ ਕੁਅਰਿ ਕੁਅਰਿ ਕੇ ਤੀਰ ਪਹੁੰਚਯੋ ਆਇਕੈ ॥ ਕਾਮ ਭੋਗ ਕੌ ਕੀਯੋ ਹਰਖ ਉਪਜਾਇਕੈ ॥**
**ਸ਼ਾਹ ਤਬ ਕੌ ਲਗੇ ਦ੍ਵਾਰ ਪਹੁੰਚਯੋ ਆਇ ਕਰਿ ॥ ਹੈ ਤਬੈ ਤਰੁਨਿ ਸੌ ਬਾਤ ਕਹੀ ਪਿਯ ਨੈਨ ਭਰਿ ॥੧੪ ॥**

ਏਨੇ ਨੂੰ ਰਾਜਾ ਆਗਿਆ ਤਾਂ ਉਸ ਨੇ ਆਪਣੇ ਯਾਰ ਨੂੰ ਉਸੇ ਪਤੰਗ ਨਾਲ ਬੰਨ੍ਹ ਕੇ ਉਸ ਦੇ ਸੁਖ ਸੁਖਾਂ ਨਾਲ ਉਸ ਦੇ ਘਰ ਪੁਚਾ ਦਿੱਤਾ:-

**ਸ਼ਾਹ ਨਿਰਖ ਤੇ ਗੁਡਿਯਾ ਦਈ ਚੜਾਇਕੈ ॥ ਕਰਿ ਕੈ ਸੰਗਿ ਸ੍ਵਾਰ ਦਯੋ ਨ੍ਰਿਪੁਡਾਇਕੈ ॥**
**ਪਿਯਹਿ ਨਿਰਖਤੇ ਮੀਤ ਦਯੋ ਪਹੁੰਚਾਇ ਘਰ ॥ ਹੋ ਭੇਦ ਅਭੇਦ ਨ ਕਛੁ ਜੜ ਸਕਯੋ ਬਿਚਾਰ ਕਰਿ ॥ ੧੮॥**

**ਅਰਥ:**--ਸ਼ਾਹ ਦੇ ਵੇਖਦਿਆਂ ਉਸ ਨੇ ਪਤੰਗ ਉਡਾ ਦਿਤੀ ਅਤੇ ਉਸਦੇ ਉਤੇ ਰਾਜੇ ਨੂੰ ਚੜ੍ਹਾ ਕੇ **ਆਪਣੇ ਪਤੀ ਦੇ ਵੇਖਦੇ ਵੇਖਦੇ** ਉਸਨੂੰ ਘਰ ਪਹੁੰਚਾ ਦਿੱਤਾ ਅਤੇ ਉਹ ਪੁਰਖ ਅਸਲ ਭੇਤ ਨੂੰ ਨਾ ਸਮਝ ਸਕਿਆ । ੧੮।

**ਹੈਰਾਨੀ ਹੈ ਕਿ ਅਰੰਭ ਵਿਚ ਪਤੰਗ ਭੇਜਣ ਵਾਲੀ ਤਾਂ ਸ਼ਾਹ ਦੀ ਧੀ ਹੈ ਪਰ ਅਖ਼ੀਰ ਵਿਚ ਰਾਜੇ ਦੀ ਰਾਣੀ ਕਿਵੇਂ ਅਤੇ ਕਿਸ ਵੇਲੇ ਬਣ ਗਈ ? ਪੈਰ ਪੈਰ ਤੇ ਉਕਾਈ ? ਉਹ ਵੀ ਅਭੁੱਲ ਸਤਿਗੁਰਾਂ ਦੇ ਪਾਵਨ ਨਾਮਣੇ ਨਾਲ ? ਪਰ ਪਦਮ ਜੀਓ !---**

੮●– **ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ**
**ਕੂੜਿਆਰਾ ਚਿਤ ਉਦਾਸਿ ॥ ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ**
**ਬਹਹਿ ਕੂੜਿਆਰਾ ਪਾਸਿ ॥ ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥**
**ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ ੨੬॥** {੩੧੪}

**ਸ਼ੰਕੇ:--**

**ਪਿਆਰਾ ਸਿੰਘ ਪਦਮ ਜੀਓ।** ਤੁਸਾਂ ਲਿਖਿਆ ਹੈ-–" ਕਿਤੇ ਕਿਤੇ ਆਉਂਦਾ ਹੈ, ਕਿ ਫ਼ਲਾਣੀ ਔਰਤ ਨੇ, ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼ ਕਰ ਦਿੱਤਾ, ਯਾ **ਉਸ ਨਾਲ ਐਸਾ ਕੀਤਾ**, ਇਹ ਸਭ ਕੁਝ ਕਹਾਣੀ ਦਾ ਹਿੱਸਾ ਹੈ, "। ਹੁਣ ਕਿਰਪਾ ਕਰਕੇ ਇਹ ਸਮਝਾਉ ਕਿ–––

(੧) ਕੀ, ਇਹ ਐਵੇਂ ਕਿਤੇ ਕਿਤੇ ਸ਼ਰਾਬ ਯਾ ਭੰਗ ਪਿਲਾ ਕੇ ਅਮਕੇ ਮਰਦ ਨੂੰ ਬੇਹੋਸ਼ ਕਰਨ ਵਾਲੀਆਂ ਗੱਲਾਂ ਹਨ ?

(੨) ਕੀ, ਗੰਦ ਦੀ ਵਿਸ਼ਾਲ ਪ੍ਰਦਰਸ਼ਨੀ ਕਿਸੇ ਕਹਾਣੀ ਵਿਚ ਕਿਤੇ ਲੋੜ ਅਨੁਸਾਰ ਹੀ ਕੀਤੀ ਗਈ ਹੈ ?, ਕੀ, ਅਜੇ ਵੀ ਤਸੱਲੀ ਨਹੀਂ ਹੁੰਦੀ ਕਿ, ਇਸ ਵਿਚ ਕਿਸੇ ਬੜੇ ਘਟੀਆਂ ਸੋਚ ਵਾਲੇ ਹੁਸ਼ਿਆਰ ਲਿਖਾਰੀ ਨੇ ਮਨੁੱਖ ਨੂੰ ਰੰਗਾ ਰੰਗ ਵਿਧੀਆਂ ਨਾਲ ਮੰਦ ਕਮਾਉਂਣ ਦੀ ਲਗਾਤਾਰ, ਬੱਝਵੀ ਸਿਖਲਾਈ ਦਿੱਤੀ ਹੈ?

(੩) ਕੀ, ਤੁਸੀ ਕਿਸੇ ਠੋਸ ਉਦਾਹਰਣ ਨਾਲ ਸਿੱਧ ਕਰ ਸਕਦੇ ਹੋ ਕਿ ਮੰਦ ਦਾ ਏਡਾ ਲੰਮਾ ਚੋੜਾ ਵਖਿਆਨ , ਕਹਾਣੀ ਦਾ ਹੀ ਹਿੱਸਾ ਹੈ? ਭਾਵ, ਅਜੇਹਾ ਗੰਦ ਨਾ ਦਰਸਾਇਆ ਜਾਂਦਾ ਤਾਂ ਕੀ ਕਹਾਣੀ ਮਨੁੱਖਤਾ ਲਈ ਹਾਨੀਕਾਰਕ ਅਤੇ ਵਿਆਰਥ ਰਹਿ ਜਾਣ ਦੇ ਨਾਲ ਅਧੂਰੀ ਰਹਿ ਜਾਣੀ ਸੀ ?

(੪) ਫਿਰ ਇਹ ਵੀ ਸਮਝਾ ਦੇਣਾ ਕਿ, ਕੀ ਬਜਾਈ ਕਰਨਾ, ਬਜਾਉਣਾ ਜਾਂ ਠੋਕਣਾ, ਧੱਕਾ ਲਾਉਣਾ, ਖੂਹੀ ਵਿਚ ਡੋਲ ਪਾਉਣ ਵਾਂਗ ਭਗ ਵਿਚ ਲਿੰਗ ਪਾਉਣ, ਅਤੇ ਕੱਢਣ ਸਮੇ ਢੋਲ ਨੂੰ ਡਗਾ ਲਾਉਣਾ, ਹਰਨ ਵਾਂਗ ਕੁਦ ਕੁਦ ਕੇ ਭੋਗ ਕਰਨਾ, ਮੱਝ ਦੀ ਧਾਰ ਕੱਢਦੇ ਸਮੇ ਕਿਸੇ ਰਾਜੇ ਦਾ ਅਹੀਰਨ ਨਾਲ ਭੋਗ ਕਰਦੇ ਰਹਿਣਾ, ਜਦ ਕਿ ਅਹੀਰਨ ਦਾ ਪਤੀ ਸਾਹਮਣੇ ਹੀ ਕੱਟਾ ਫੜੀ ਬੈਠਾ ਹੋਵੇ, ਸ਼ਰਾਬੀ ਰਾਜੇ ਦੀ ਪਿੱਠ ਨਾਲ ਪਿੱਠ ਜੋੜ ਕੇ ਯਾਰ ਕੋਲੋਂ ਖੂਬ ਚੁਦਾਈ ਕਰਵਾਉਣੀ, ਕੀ, ਇਹ ਬੜੀ ਮਜਬੂਰੀ ਕਾਰਨ ਵਰਤੀ ਭਲੇ ਲੋਕਾਂ ਦੀ ਸ਼ਬਦਾਵਲੀ ਹੈ ਜੀ ?

(੫) ਕੀ, ਦਸਵੇਂ ਸਰੂਪ ਵਿਚ ਆਏ ਸ੍ਰੀ ਗੁਰੂ ਨਾਨਕ ਸਾਹਿਬ ਜੀ ਉਪ੍ਰੋਕਤ ਗੁਰਬਾਣੀ ਵਾਲੀ ਸ਼ਬਦਾਵਲੀ ਉੱਕਾ ਹੀ ਭੁੱਲ ਚੁੱਕੇ ਸਨ? ਪ੍ਰਭਾਤ ਹੁੰਦਿਆ ਅਥਵਾ ਕੁਝ ਨਿਸਚਤ ਸਮੇ ਵਿਚ ਲਹਿ ਜਾਣ ਵਾਲੇ ਨਸ਼ਿਆਂ ਤੋਂ ਸਦਾ ਬਚੇ ਰਹਿਣ ਦੀ ਤਾਕੀਦ ਕਰਨ ਲਈ " **ਝੂਠਾ ਮਦੁ ਮੂਲਿ ਨਾ ਪੀਚਈ** " ਫੁਰਮਾਨ ਕਰਨ ਵਾਲੇ, ਅਤੇ ਫਿਰ ਜਗਤ ਨੂੰ-- " **ਕਾਮੁ ਕ੍ਰੋਧੁ ਕਾਇਆਂ ਕਉ ਗਾਲੇ ॥ ਜਿਉ ਕੰਚਨ ਸੁਹਾਗਾ ਢਾਲੈ ॥** ਦਾ ਵਡਮੁੱਲਾ ਉਪਦੇਸ਼ ਦੇਣ ਆਏ ਗੁਰੂ ਪਰਮੇਸ਼ਰ ਜੀ, ਕੀ ਦਸਵੇਂ ਸਰੂਪ ਵਿਚ ਕਈ ਕਈ ਘੰਟੇ ਲਗਾਤਾਰ ਇਸਤ੍ਰੀ ਨਾਲ ਲੰਮੇ ਚਿਰ ਲਈ ਭੋਗ ਕਰਨ ਜੋਗਾ ਬਣਨ ਲਈ, ਭੰਗ ਅਫੀਮ ਪੋਸਤ ਅਤੇ ਸ਼ਰਾਬ ਦੀ ਵਰਤੋਂ ਕਰਨ ਦੀ ਸਿਖਲਾਈ ਦੇਣ ਲੱਗ ਪਏ ਸਨ ?

ਕਿਉਂ ਕੁਲਾਂ ਦਾ ਸਰਬ ਨਾਸ ਕਰਨ ਤੇ ਲੱਕ ਬੰਨ੍ਹ ਖਲੋਤੇ ਹਾਂ ? ਨਿਰਵੈਰਤਾ ਸਿਖਾਉਣ ਆਏ ਸਤਿਗੁਰੂ ਜੀ ਸ਼ਾਇਦ ਗੁਰੂ-ਚੇਲੇ ਵਾਲੇ ਸੰਬੰਧਾਂ ਦੀ ਲਾਜ ਪਾਲਦਿਆਂ ਸਾਡਾ ਸਰਬ-ਨਾਸ ਨਹੀਂ ਕਰ ਰਹੇ? ਪਰ ਜਿਸ ਤਰ੍ਹਾਂ ਅਸੀਂ ਉਨ੍ਹਾਂ ਦੀ ਪਾਵਨ ਪਵਿੱਤਰ ਹਸਤੀ ਨੂੰ ਸੜਾਂਦ ਮਾਰਦੇ ਗੰਦ ਨਾਲ ਜੋੜ ਰਹੇ ਹਾਂ, ਡਰੀਏ ਸਿਰਜਣਹਾਰ ਦੀ ਉਸ **ਬੇ-ਆਵਾਜ਼ ਲਾਠੀ** ਤੋਂ,--(**ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ** ॥--) ਆਪਣੇ ਪਿਆਰਿਆਂ ਦੇ ਨਿੰਦਕਾਂ ਦਾ ਨਾਸ ਕਰਨ ਲਈ ਕਿਤੇ ਉਸ ਦੀ ਚੁਪ ਕੀਤੀ **ਲਸਟਿਕਾ** ਚਲ ਹੀ ਨਾ ਪਵੇ ?

**ਕਿਸੇ ਵਿਰਲੇ ਥਾਂ ਚੰਗੀ ਗੱਲ ਹੋਣ ਦਾ ਮੁੱਲ ਕੀ** ਰਹਿ ਜਾਂਦਾ ਹੈ ਜਦ ਵਡੀ ਬਦ-ਕਿਸਮਤੀ ਵਾਲੀ ਗੱਲ ਇਹ ਹੈ ਕਿ **ਆਚਰਨ** ਨੂੰ ਅਤੇ **ਅਰੋਗਤਾ** ਨੂੰ ਤਬਾਹ ਕਰਨ ਵਾਲੀ ਦੁਖਦਾਈ ਸਿਖਿਆ ਇੱਕ ਥਾਂ ਨਹੀਂ ਹੈ ਸਗੋਂ ਅਜੇਹੀਆਂ ੪੦੩ ਸਾਖੀਆਂ ਵਿਚੋਂ ਵਿਰਲੀਆਂ ਹਨ ਜਿਨ੍ਹਾਂ ਵਿਚ ਕਾਮਕ੍ਰੀੜਾ ਕਰਨ ਦੇ ਅਨੋਖੇ ਢੰਗ ਦੀ ਸਿਖਲਾਈ ਨਾ ਹੋਵੇ। ਸ਼ਰਾਬ, ਅਫੀਮ, ਪੋਸਤ ਭੰਗ ਚਾਰੇ ਨਸ਼ੇ ਮਿਲਾ ਕੇ ਲੰਮੇ ਸਮੇ ਲਈ ਅਤੇ ਕਈ ਕਈ (੮੪) ਆਸਨਾਂ ਨਾਲ ਇਸਤ੍ਰੀ ਨਾਲ ਸੰਗ ਕਰਨ ਦੇ ਰੰਗ ਬੰਨ੍ਹੇ ਹੋਏ ਹਨ । ਫਿਰ ਵਡੀ ਦੁਖਦਾਈ ਗੱਲ ਇਹ ਹੈ ਕਿ ਭੋਗ ਕਰਨ ਦੀ, ਪਿਆਰ ਕਰਨ ਦੀ, ਗ੍ਰਿਹਸਤ, ਕਰਨ ਆਦਿ ਦੀ ਗੱਲ ਨਹੀਂ ਸਗੋਂ ' **ਠੋਕਣ** ' ਅਤੇ **ਵਜਾਉਣ** ਵਾਲੀ, ਵਿਚ ਪਾਉਣ ਕੱਢਣ ਦੀ ਅਥਵਾ " **ਭਾਂਤ ਭਾਂਤ ਕਾ ਆਸਨ ਕੀਨਾ** " ਵਾਲੀ ਬਾਣੀ ਕਈ ਥਾਂਈ ਹੈ। ਖਿਮਾ ਕਰਨਾਂ ਜੀ, ਮੈਂ ਕਿਡਾ ਮੂਰਖ ਹਾਂ ਕਿ ਆਪ ਜੀ ਤੋਂ ਹੀ ਪੁਛ ਰਿਹਾ ਹਾਂ ਕਿ, ਕੀ ਇਹ ਬੋਲੀ ਸਤਿਗੁਰਾਂ ਦੀ ਹੈ ਕਿ, ਕਿਸੇ ਗਏ ਗੁਜ਼ਰੇ ਬਦਚਲਨ ਕਾਮੀ ਮਨੁੱਖ ਦੀ ਹੈ ? ਤੁਸੀ ਤਾਂ ਇਸ ਗ੍ਰੰਥ ਦੇ ਸਭ ਕੁਝ ਨੂੰ ਦਸ਼ਮੇਸ਼ ਜੀ ਨਾਲ ਮੜ੍ਹੀ ਰੱਖਣ ਲਈ ਸਿਰ ਧੜ ਦੀ ਬਾਜ਼ੀ ਲਾਈ ਹੋਈ ਹੈ, ਤੁਸਾਂ ਭਲਾ ਚੁੱਲ੍ਹੇ ਦੇ ਕਾਲੇ ਤਵੇ ਨੂੰ " ਚਿੱਟਾ ਦੁੱਧ " ਕਹਿਣੋ ਕਿਉਂ ਹਟਣਾ ਹੋਇਆ ?

ਤੌਬਾ ਤੌਬਾ ! ਹਦ ਹੋ ਗਈ ! ਸਿਆਣਿਆਂ ਦਾ ਕਥਨ ਹੈ--ਨਿਰਮਲ ਨੀਰ ਦੇ ਸਰੋਵਰ ਵਿਚ ਜੇ ਕਿਤੇ ਇੱਕ ਵੀ ਗੰਦੀ ਮੱਛੀ ਆ ਪਏ ਤਾਂ ਉਹ ਸਾਰੇ ਸਰੋਵਰ ਨੂੰ ਗੰਦਾ ਕਰ ਦਿੰਦੀ ਹੈ। ਏਥੇ ਗੰਦ ਦੇ ਸਮੁੰਦਰ ਵਿਚ ਕਿਤੇ ਕਿਤੇ ਦਿਸਦੀ ਨਿਰਮਲਤਾ ਨੂੰ ਵੀ ਅੰਮ੍ਰਿਤ ਹੀ ਮੰਨਿਆਂ ਜਾਣ ਲਈ ਜਿੱਦ ਕੀਤੀ ਜਾ ਰਹੀ ਹੈ। ਇਸ ਗ੍ਰੰਥ ਨੂੰ ਲਾਹੇਵੰਦ ਕਹੀਜਾਣ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ, ਸਿੱਖਾਂ ਨੇ ਕਿਤੇ ਕਿਤੇ ਚੰਗੇ ਬਚਨ ਪੜ੍ਹ ਕੇ ਹੀ ਤਾਂ ਸਾਰੇ ਗੰਦ ਮੰਦ ਨਾਲ ਜੁੜ ਕੇ ਤਬਾਹ ਹੋਣਾ ਹੈ । ਗੰਦ ਨਾਲ ਸੜਾਂਧ ਮਾਰਦੇ ਕਈ ਕੁਝ ਨੂੰ ਦਸਮ-ਗੁਰੂ ਨਾਨਕ ਜੀ ਦੇ ਪਾਵਨ ਪਵਿਤਰ ਨਾਮ ਨਾਲ ਜੋੜੀ ਰੱਖਣ ਲਈ (ਕੇਵਲ ਸ਼ਬਦਾਂ ਦੇ ਹੇਰ ਫੇਰ ਨਾਲ) ਝੂਠ ਨੂੰ ਸੱਚ ਬਣਾਇਆ ਜਾ ਰਿਹਾ ਹੈ । ਅਤੇ ਫਿਰ ਨਾਲ ਹੀ ਇਹ ਕਿਹਾ ਜਾ ਰਿਹਾ ਹੈ ਕਿ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਿਣਾ ਚਾਹੀਦਾ ਹੈ । ਅਰਥਾਤ ਨਿਰਮਲ ਨੀਰ ਵਿਚ ਇੱਕ ਗੰਦੀ ਮੱਛੀ ਪਾਉਣ ਦੀ ਗੱਲ ਨਹੀਂ ਹੈ, ਸਗੋਂ ਹਜ਼ਾਰਾਂ ਗੰਦੀਆਂ ਮੱਛੀਆਂ ਨਿਰਮਲ ਨੀਰ ਵਿਚ ਪਾ ਕੇ ਉਸ ਨੂੰ ਸਦਾ ਲਈ ਗੰਦਾ ਕਰ ਦੇਣ ਦੀ ਯੋਜਨਾ ਬਣ ਰਹੀ ਹੈ ?

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਝੂਠ ਦਾ ਬੋਲ ਬਾਲਾ ਏਡਾ ਤਕੜਾ ਹੋ ਚੁੱਕਾ ਹੈ ਕਿ ਸੱਚ ਨੂੰ ਨੰਗਾ ਹੋਣ ਤੋਂ ਪਹਿਲਾਂ ਦੀ ਆ ਦਬਾਉਂਦਾ ਹੈ। ਕਾਰਨ, ਮਾਇਆ ਮੋਹ ਦੀ ਨੀਂਦ ਦਾ ਸੁਆਦ ਅਜੇਹਾ ਪੈ ਚੁੱਕਾ ਹੈ ਕਿ ਹੁਣ ਆਪਣੇ ਸਤਿਗੁਰਾਂ ਦੀ ਕੂਕ ਪੁਕਾਰ-**ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥** [੪੧੮] ਸੁਣਨ ਜੋਗੇ ਵੀ ਨਹੀਂ ਰਹੇ:------

੮੧- **ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥ ਅੰਕੁ ਜਲਉ ਤਨੁ ਜਾਲੀਅਉ**
**ਮਨੁ ਧਨੁ ਜਲਿ ਬਲਿ ਜਾਇ ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥**
**ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥**
**ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥** {੫੪}

**ਪ੍ਰਸਿੱਧ ਲੇਖਕ ਪਿਆਰੇ ਪਦਮ ਸਾਹਿਬ ਜੀਓ !** ਇਹ ਤਾ ਹੋ ਹੀ ਸਕਦਾ ਕਿ ਤੁਸੀਂ " **ਸਚ** " ਦੀ ਪਛਾਣ ਉੱਕਾ ਭੁੱਲ ਹੀ ਗਏ ਹੋਏ ਹੋ। **ਸਾਰੇ ਦਸਮ ਗ੍ਰੰਥ ਵਿਚੋਂ ਤੁਹਾਨੂੰ ਸਦੀਵੀ ਸਚੁ ਨਾਲ ਜੋਣਨ ਵਾਲਾ ਅਜੇਹਾ ਬਹੁ ਪੱਖੀ ਗਿਆਨ ਬਖ਼ਸ਼ਸ਼ ਕਰਨ ਵਾਲਾ ਕੋਈ ਇੱਕ ਵੀ ਸ਼ਬਦ ਨਹੀਂ ਮਿਲ ਸਕਣਾ। ਪ੍ਰਥਮ ਸਰੂਪ ਵਿਚ ਉਚਾਰਨ ਕੀਤਾ ਸਤਿਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਸ਼ਬਦ, ਇਕਾਗਰਤਾ ਨਾਲ ਵਿਚਾਰੋ ਕੀ, ਦਾਸ ਕੋਲੋਂ ਸਤਿਗੁਰਾਂ ਨੇ ਸਚੁ ਸਚੁ ਨਹੀਂ ਲਿਖਵਾਇਆ ਜੀ ? :--**

ਧਨਾਸਰੀ ਛੰਤ ਮਹਲਾ ੧ ॥

੮੨- ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥

ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥

ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥

ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥ {689}

ਸੱਜਣ ਦੀ ਹਵੇਲੀ ਦਾ ਕੁੰਡ ਜਾ ਖੜਕਾਉਣ ਵਾਲੇ, ਹੇ ਮਿਹਰਾਂ ਵਾਲੇ ਸੱਚੇ ਪਾਤਸ਼ਾਹ ਜੀਉ ! ਕਰੋ ਤਰਸ ਆਪਣੇ ਇਨ੍ਹਾਂ ਭੁੱਲੜਾਂ ਤੇ। ਕਰੋ ਪਾਲਣਾ ਆਪਣੇ ਬਿਰਧ ਦੀ ਅਤੇ ਕਰ ਦਿਉ ਆਪਣੇ ਇਸ ਪੰਥ ਨੂੰ ਸਾਹਿਬ ਦੀਆਂ ਦਾਤਾਂ ਦਾ ਪਾਤ੍ਰ ਬਣਨ ਜੋਗ:--

੮੩- ਮਃ ੫ ॥ ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥ ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥ ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥ ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥ ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨਾ ਲਹਨ੍ਹਿ ਇਕਨ੍ਹਾ ਸੁਤਿਆ ਦੇਇ ਉਠਾਲਿ ॥੧੧੩॥ ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥੧੧੪॥ ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥ ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥ ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥ ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥ {੧੩੮੪}

## ੧੩- ਦਸਮ ਗ੍ਰੰਥ ਦਰਸ਼ਨ ਪੁਸਤਕ ਤੋਂ ਪਏ ਹੋਰ ਭੁਲੇਖੇ

ਪਦਮ ਸਾਹਿਬ ਜੀਓ ! ਆਪ ਜੀ ਦੀ ਪੁਸਤਕ ਦੇ ੪੩ ਸਫ਼ੇ ਵਾਲੀ ਲਿਖਤ ਦੇ ਦੂਜੇ ਪੈਰੇ ਵਾਲੀ ਉਪ੍ਰੋਕਤ ਘੋਸ਼ਣਾ ਦਾ ਰਹਿੰਦਾ ਹਿੱਸਾ--

**ਪਾਠਕਾਂ ਕੋਲੋਂ** ਅਸਲੀਯਤ ਲੁਕਾ ਲੈਣ ਵਿਚ ਅਤੇ ਕਿਸੇ (=ਤ੍ਰਿਯਾ ਚਰਿਤਰ) ਗ੍ਰੰਥ ਬਾਰੇ ਭੁਲੇਖਾ ਪਾਊ ਬ੍ਰਾਹਮਣੀ ਬੋਲੀ ਲਿਖਣ ਵਿਚ ਨਿਪੁੰਨ, ਹੇ **ਪਦਮ ਸਾਹਿਬ ਜੀਓ !** ਆਪ ਜੀ ਨੇ ੪੩ ਸਫ਼ੇ ਦੀ ਲਿਖਤ ਵਿਚ ਅੱਗੇ ਇਉਂ ਲਿਖਿਆ ਹੈ:---

ਪਰ ਜਦ ਕਹਾਣੀ ਮੁੱਕਣ ਤੇ ਗੁਰੂ ਕਵੀ ਬੋਲਿਆ ਹੈ ਤਾਂ ਉਹ ਆਪਣੀ ਸੁਰ ਵਿਚ ਬੋਲਿਆ ਹੈ ਤੇ ਉਥੇ ਸਿਰਲੇਖ ਹੈਂ **ਕਵੀਉਵਾਚ ਬੇਨਤੀ ਚੌਪਈ** । ਜੋ ਸਿੱਖ ਇਸ ਸੁਰ ਨੂੰ ਪਛਾਣਦੇ ਸਨ, ਉਨ੍ਹਾਂ ' ਚਰਿਤ੍ਰ ਪਖਯਾਨ ਦਾ **ਇਹ ਭਾਗ ਗੁਰਬਾਣੀ-ਪਾਠ ਵਿਚ ਸ਼ਾਮਲ ਕਰ ਲਿਆ** ' ਤੇ ਹੁਣ ਤਕ ਇਸ ਨੂੰ ਰੋਜ਼ ਪੜ੍ਹਦੇ ਹਨ । ਹੁਣ ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝੀਅਹੁ ਹਮਾਰਾ ।' ਕਹਿਣ ਵਾਲਾ ਉਸ ਜੋਤਿ ਤੋਂ ਭਿੰਨ ਹੋਰ ਕੌਣ ਹੋ ਸਕਦਾ ਸੀ, ਜੋ ਪਹਿਲੇ ਜਾਮੇ ਵਿਚ ਇਸ ਤਰ੍ਹਾਂ ਗੁਣਗੁਣਾਇਆ ਸੀ--

**ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨਾਨਕ ਗੁਰ ਮਿਲਿਆ ਸੋਈ ਜੀਉ ॥** (ਗੁਰੂ ਨਾਨਕ)

## ਕਬੀਰ ਕਸਉਟੀ ਰਾਮ ਕੀ:--

**ਪਦਮ ਸਾਹਿਬ ਜੀਓ** ! ਕੀ, ਕਿਤੇ ਤੁਸੀਂ ਬ੍ਰਾਹਮਣੀ ਬੋਲੀ ਨੂੰ ਵੀ ਸਤਿਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਹੀ ਬੋਲੀ ਸਮਝਣ ਦਾ ਭੁਲੇਖਾ ਤਾਂ ਨਹੀਂ ਖਾ ਰਹੇ ਹੋ ?--(ਕਿ ਜਾਂ ਜਾਣ ਬੁੱਝ ਕੇ **.......**ਖ਼ੈਰ ਆਪ ਜੀ ਦੀ ਮੌਜ--ਆਪ ਜੀ ਦੇ ਪੂਜਯ ਇਸ ਚਰਿਤ੍ਰੋ ਪਾਖਯਾਨ ਗ੍ਰੰਥ ਵਿਚ--**ਕਵਿਉ ਵਾਚ** ਲਫ਼ਜ਼ ਕਿਤੇ ਨਹੀਂ ਹੈ ਸਗੋਂ " **ਕਬਯੋ ਬਾਚ** ਜਾਂ ਇੱਕ ਵਾਰੀ **ਕਬਯੋ ਬਾਚ ਬੇਨਤੀ** " ਆਯਾ ਹੈ। ਅਤੇ ਤੁਹਾਡਾ " ਗੁਰੂ ਕਵੀ " **ਕਿਸੇ ਇੱਕ ਕਹਾਣੀ** ਦੇ ਮੁੱਕਣ ਤੇ ਨਹੀਂ ਸੀ ਬੋਲਿਆ ਸਗੋਂ ਸੈਂਕੜੇ (੪੦੩) **ਕਹਾਣੀਆਂ** ਮੁੱਕਣ ਉਪ੍ਰੰਤ ਚਾਰ ਸੌ ਚੌਥੇ " **ਸਬੁਧਿ ਬਾਚ** " [ਜੋ ਨਾ ਕੋਈ ਕਹਾਣੀ ਹੈ ਅਤੇ ਨਾ ਹੀ ਕੋਈ ਇਸਤ੍ਰੀ ਚਰਿਤ੍ਰ ਜਾਂ ਪੁਰਖ ਚਰਿਤ੍ਰ ਹੈ, ਅਤੇ ਜੋ ਹੈ ਵੀ ਬੜੀ ਭੁਲੇਖਾ ਪਾਊ **ਬੋਲੀ ਵਿਚ ਪਰਮ-ਝੂਠ** ਦੀ ਵਿਆਖਆ, ਉਸ ਕੁਫ਼ਰ ], ਦੀਆਂ **ਵੀ ੩੭੬** ਚੌਪਈਆਂ ਮੁਕਾ ਲੈਣ ਉਪ੍ਰੰਤ ੩੭੭ਵੀਂ ਚੌਪਈ ਤੇ ਜਾ ਕੇ **ਤੁਹਾਡਾ ਗੁਰੂ-ਕਵੀ** ਬੋਲਿਆ ਸੀ। ਪਰ ਯਾਦ ਰਹੇ ਕਿ, ਕਵੀ ਹੋਣਾ ਕੋਈ ਵਿਸ਼ੇਸ਼ ਗੁਣ ਨਹੀਂ ਹੈ। ਸੰਸਾਰ ਵਿਚ ਕਵੀਆਂ ਦੀ ਤਾਂ ਗਿਣਤੀ ਕਰਨੀ ਵੀ ਬੜੀ ਔਖੀ ਹੈ। ਪਰ ਸੰਸਾਰ ਕੋਲ, ਗੁਰੂ-ਪਰਮੇਸ਼ਰ ਦਸ਼ਮੇਸ਼ ਜੀ, ਦੂਜਾ ਹੈ ਹੀ ਕੋਈ ਨਹੀਂ। **ਸੋ ਹੇ ਮਹਾਂ ਵਿਦਵਾਨ ਪਦਮ ਜੀਓ !** ਦਸ਼ਮੇਸ਼ ਜੀ ਤੁਹਾਡੇ ਲਈ ਬੇਸ਼ੱਕ " **ਕਵੀ** " ਹੀ ਹਨ, ਪਰ ਸਾਡੇ ਲਈ ਦਸਮ ਸਤਿਗੁਰੂ ਨਾਨਕ ਸਾਹਿਬ, ਸ੍ਰੀ ਕਲਗ਼ੀਧਰ ਜੀ ਦੀ ਮਹਿਮਾ ਇਸ ਪ੍ਰਕਾਰ ਦੀ● ਹੈ:--

੮੪/੧ ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ **ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ** ॥ ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥ ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ ਜਿਨਿ ਗੁਰੁ ਸੇਵਿਆ **ਆਪਣਾ ਜਮਦੂਤ ਨ ਲਾਗੈ ਡੰਡੁ** ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥ ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪॥੨●॥੯●॥{੫●}

੮੫/੨ ਜਿਸੁ ਭੇਟਤ ਮਿਟੈ ਅਭਿਮਾਨੁ ॥ ਪਾਰਬ੍ਰਹਮੁ ਸਭੁ ਨਦਰੀ ਆਵੈ ਕਰਿ ਕਿਰਪਾ ਪੂਰਨ ਭਗਵਾਨ ॥੧॥ ਰਹਾਉ ॥ ਗੁਰ ਕੀ ਕੀਰਤਿ ਜਪੀਐ ਹਰਿ ਨਾਉ ॥ ਗੁਰ ਕੀ ਭਗਤਿ ਸਦਾ ਗੁਣ ਗਾਉ ॥ ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ ॥ **ਗੁਰ ਕਾ ਸਬਦੁ ਸਤਿ ਕਰਿ ਮਾਨੁ ॥੨॥ ਗੁਰ ਬਚਨੀ** ਸਮਸਰਿ ਸੁਖ ਦੂਖ ॥ ਕਦੇ ਨ ਬਿਆਪੈ ਤ੍ਰਿਸਨਾ ਭੂਖ ॥ **ਮਨਿ ਸੰਤੋਖੁ ਸਬਦਿ ਗੁਰ ਰਾਜੇ ॥ ਜਪਿ ਗੋਬਿੰਦੁ ਪੜਦੇ ਸਭਿ ਕਾਜੇ ॥੩॥ ਗੁਰੁ ਪਰਮੇਸਰੁ ਗੁਰੁ ਗੋਵਿੰਦੁ** ॥ ਗੁਰੁ ਦਾਤਾ ਦਇਆਲ ਬਖਸਿੰਦੁ ॥ ਗੁਰ ਚਰਨੀ ਜਾ ਕਾ ਮਨੁ ਲਾਗਾ ॥ ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥੩੬॥੪੭॥{੮੯੭}

੮੬/੩ ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥ **ਗੁਰ ਕੇ ਚਰਣ** ਸਰੇਵਣੇ ਤੀਰਥ ਹਰਿ ਕਾ ਨਾਉ ॥ ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥ ਭਾਈ ਰੇ ਸਾਚੀ ਸਤਿਗੁਰ ਸੇਵ ॥ ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ ॥੧॥ ਰਹਾਉ ॥ ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥ ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥ ਸਾਸਿ ਗਿਰਾਸਿ ਨ ਵਿਸਰੈ **ਸਫਲੁ ਮੂਰ●ਤਿ ਗੁਰੁ** ਆਪਿ ॥ ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥ ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ॥੩॥ ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥ ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥੩●॥੧●●॥ {੫੩}

੮੭/੪ ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ **ਸੋ ਦਾਸੁ ਅਦੇਸਾ ਕਾਹੇ ਕਰੈ ॥ ਜਨਮ ਮਰਣ ਕੀ ਚੂਕੀ ਕਾਣਿ** ॥ ਪੂਰੈ ਗੁਰ ਊਪਰਿ ਕੁਰਬਾਣ ॥੨॥ ਗੁਰੁ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥ ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧਸੰਗਿ ਸੋ

ਭਵਜਲੁ ਤਰੈ ॥੩॥ **ਅੰਮ੍ਰਿਤੁ ਪੀਵਹੁ ਸਾਧ ਪਿਆਰੇ** ॥ ਮੁਖ ਊਜਲ ਸਾਚੈ ਦਰਬਾਰੇ ॥
ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥ {੮੯੯}

੮੯/੫ ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥ ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥ ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ **ਜਨਮ ਮਰਨ ਕੀ ਤ੍ਰਾਸ ਮਿਟਾਈ** ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥ ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥ ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥ ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ ਕਹੁ ਨਾਨਕ ਪ੍ਰਭਿ ਇਹੈ ਜਨਾਈ ॥ **ਬਿਨੁ ਗੁਰ ਮੁਕਤਿ ਨ ਪਾਈਐ ਭਾਈ** ॥੪॥੫॥੭॥ {੮੬੪}

ਗੁਰੂ ਜੀ ਦੀ ਮਹਿਮਾ ਵਾਲੇ ਅਜੇਹੇ ਬੇਅੰਤ ਗੁਰੂ-ਸ਼ਬਦ ਹਨ, ਪਰ ਮਿਥੇ ਹੋਏ ਟੀਚੇ ਅਨੁਸਾਰ ਕੇਵਲ ਪੰਜ ਹੀ ਲਿਖੇ ਹਨ। ਉਪਰੋਕਤ ਗੁਰੂ ਫ਼ੁਰਮਾਨਾ ਦੀ ਵਿਚਾਰ ਧਿਆਨ ਨਾਲ ਕਰੋ, ਤਾਂ ਹੈਰਾਨ ਰਹਿ ਜਾਓਗੇ । ਜਗਤ ਦਾ ਸੁਧਾਰ ਕਰਨ ਆਏ ਸਤਿਗੁਰੂ ਜੀ ਤਾਂ ਮੌਤ ਦਾ ਭੈ ਮਿਟਾ ਕੇ ਮਨੁੱਖ ਨੂੰ ਸਦਜੀਵਾ ਬਣਾ ਰਹੇ ਹਨ। ਪਰ ਤੁਹਾਡੇ " ਗੁਰੂ ਕਵੀ " ਜੀ ਤਾਂ ਕਬਯੋ ਬਾਚ ਬੇਨਤੀ ॥ ਚੌਪਈ ॥ ਵਿਚ, ਅਪਰਾਧੀ ਮਨੁੱਖਾਂ ਵਾਂਗ (**ਅਪਰਾਧੀ ਦੂਣਾ ਨਿਵੈ**) (ਮਰਨ ਕਾਲ=)ਮੌਤ ਦੇ ਸਮੇਂ ਦੀ ਯਾਦ ਤੋਂ ਘਾਬਰੇ ਹੋਏ ਅਰਦਾਸਾਂ ਕਰਨ ਦਾ ਵਲ ਸਿਖਾ ਰਹੇ ਹਨ :--

ਆਪੁ ਹਾਥ ਦੈ ਮੁਝੈ ਉਬਰਿਯੈ ॥ **ਮਰਨ ਕਾਲ ਕਾ ਤ੍ਰਾਸ ਨਿਵਰਿਯੈ** ॥
ਹੂਜੋ ਸਦਾ ਹਮਾਰੇ ਪਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥ ੩੮੧॥

**ਪਦਮ ਜੀ !** ਤੁਹਾਡਾ ਕਵੀ ਗੁਰੂ, ਨਿਰਾ ਕਵੀ ਹੀ ਨਹੀਂ ਸਗੋਂ ਰੰਗਾ-ਰੰਗ ਕਹਾਣੀਆਂ ਦਾ ਸੰਗ੍ਰਹਿ ਲਿਖਣ ਵਾਲਾ ਅਤੇ ਹੋਰ ਕਈ ਤਰ੍ਹਾਂ ਦੀਆਂ ਭੁੱਲਾਂ ਕਰਨ ਵਾਲਾ ਹੋਣ ਦੇ ਨਾਲ, ਭੰਗ, ਪੋਸਤ, ਅਫ਼ੀਮ, ਸ਼ਰਾਬ ਦੇ ਮਿਲਵੇਂ ਨਸ਼ੇ ਪੀ ਕੇ ਚਾਰ ਪਹਿਰ ਇਸਤ੍ਰੀ ਨਾਲ ਭੋਗ ਕਰਨ ਦੀ, ਚਪਟੀ ਬਣਾ ਕੇ ਕਿਸੇ ਦੀ ਜਾਣ ਲੈਣ ਦੀ ਅਤੇ ਝੂਠ ਬੋਲ ਕੇ ਇਸਤ੍ਰੀ ਨੂੰ ਵੱਧ ਸ਼ਰਾਬ ਪਿਆਉਣ ਨਾਲ ਬੇਸੁੱਧ ਕਰਕੇ, ਆਪ ਖਿਸਕ ਆਉਣ ਦੀ, ਜਾਚ ਵੀ ਸਿਖਾਉਂਦਾ ਹੈ ? ਸਿਰੋਪਾਉ ਦੇਣੇ ਹੋਣ ਤੇ ਪਰਦੇਸੀ ਸ਼ਰਧਾਲੂਆਂ ਦੀਆਂ ਪੱਗਾਂ ਖੁਹਾ ਕੇ ਵੰਡਦਾ ਅਤੇ **ਬਾਕੀ ਬਚੀਆਂ ਨੂੰ ਵੇਚ-ਵੱਟ** ਖਾਂਦਾ ਵੀ ਦਿੱਸ ਆ ਰਿਹਾ ਹੈ। ਸਦਕੇ ਜਾਈਏ ਤੁਹਾਡੀ ਵਿਦਵਤਾ ਅਤੇ ਸਿੱਖੀ ਸਿਦਕ ਤੇ ? ਤੁਹਾਡੇ ਨਾਲ ਵਾਰਤਾ ਅਰੰਭ ਕਰਨ ਦਾ ਅਰਥ ਹੈ ਤਾਂ-" **ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥** ਪਰ ਕੀ ਕਰੀਏ, ਪੰਥ ਦੀ ਚੜ੍ਹਦੀ-ਕਲਾ ਵੇਖਣ ਦੀ ਤੀਬਰ ਲੋਚਨਾ ਅਜੇਹਾ, ਮਹੁਰਾ ਖਾਣ ਤੇ ਮਜਬੂਰ ਕਰ ਰਹੀ ਹੈ। ਚਲੋਂ ਤੁਹਾਡੇ ਕਵੀ ਦੇ ਸਬੁੱਧ ਬਾਚ ਦੀ ਗੱਲ ਅੱਗੇ ਤੋਰੀਏ:--

ਗੁਰੂ-ਬਾਣੀ ਦੇ ਸਿਧਾਂਤ ਦੀ ਘੋਰ ਖੰਡਨਾ ਵਾਲਾ ਇਹ **ਪੂਰਾ ਸਬੁਧਿ ਬਾਚ,** ਭਾਵ, ' ਚੰਗੀ ਸੁਥਰੀ ਬੁਧ ਨਾਲ ਬੋਲਿਆ ਜਾ ਰਿਹਾ ਇਹ **ਬਚਨ ",** (੩੭੬ ਚੌਪਈਆਂ ਲਿਖ ਲੈਣ ਉਪ੍ਰੰਤ) ਲਿਖਾਰੀ ਨੂੰ ਵੀ ਸ਼ਾਇਦ ਕਿਸੇ ਗੱਲੋਂ ਇਹ " **ਸਬੁਧਿ ਬਾਚ** " ਦੇ ਥਾਂ ਸ਼ਾਇਦ ' **ਕਬੁੱਧ ਬਾਚ** ' ਹੋ ਦਿੱਸਿਆ ਹੋਵੇ, ਜੋ ਝੱਟ ਪੱਟ ਰੱਬ ਅੱਗੇ ਬੇਨਤੀ ਕਰਨੀ " ਅਰੰਭ ਕਰ ਦਿੱਤੀ? ਇਹ ਬੇਨਤੀ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਪਰਖਿਆਂ ਬਹੁਤੇ ਥਾਵਾਂ ਤੇ **ਬਿਲਕੁਲ ਕੱਚੀ** ਅਤੇ ਗੁਰਮਤਿ ਦੀ ਖੰਡਨਾ ਕਰਦੀ ਵਿਖਾਈ ਦੇ ਰਹੀ ਹੈ। ਇਸ ਬਾਣੀ ਨੂੰ, ਨਿੱਤਨੇਮ ਦਾ ਹਿੱਸਾ **ਉਨ੍ਹਾਂ ਦਿਨਾਂ** ਵਿਚ (**ਉਦਾਸੀਆਂ, ਨਿਰਮਲਿਆਂ ਅਥਵਾ ਸੰਪਰਦਾਈਆਂ ਆਦਿ ਡੇਰਾਵਾਦੀਆਂ ਦੀ ਕੁਟਲ-ਨੀਤੀ ਦੁਆਰਾ** ) ਬਣਾਇਆ ਗਿਆ ਸੀ, **ਜਿਨ੍ਹਾਂ ਦਿਨਾਂ** ਵਿਚ ਖ਼ਾਲਸਾ ਜੀ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਅਤੇ ਖ਼ਾਲਸਾ ਜੀ ਨੂੰ ਮਰੂ-ਥਲਾਂ, ਅਤੇ ਜੰਗਲਾਂ ਬੀਆਬਾਨਾਂ ਵਿਚ ਰਹਿਣਾ ਪੈ ਰਿਹਾ ਸੀ। ਉਸ ਵੇਲੇ ਮੌਕਾ ਤਾੜ ਕੇ, ਵਿਹਲੜ ਅਤੇ ਕੁਟਲ (ਅ-) ਗਿਆਨੀਆਂ ਦੇ ਇਹ ਟੋਲੇ, ਜੋ ਸਿੰਘਾਂ ਨੂੰ ਢੂੰਡ ਢੂੰਡ ਕੇ ਸ਼ਹੀਦ ਕਰ ਰਹੀ ਸਰਕਾਰ ਦੇ ਝੋਲੀ-ਚੁੱਕ ਬਣ ਚੁੱਕੇ, ਅਤੇ ਅਸਲ ਵਿਚ ਸਿੱਖੀ ਦੇ ਕੱਟੜ ਵੈਰੀ ਸਨ, ਗੁਰਮਤਿ ਪਰਚਾਕਾਂ ਦਾ ਬੁਰਕਾ ਪਾ ਕੇ ਖ਼ਾਲਸਾ ਜੀ ਦੇ ਧਰਮ ਅਸਥਾਨਾ ਦੇ ਸੰਚਾਲਕ ਆ ਬਣੇ ਸਨ। ਇਨ੍ਹਾਂ ਹੀ ਕੁਟਲ-ਬੁਧੀਆਂ ਨੇ, ਕਿਰਤੀ ਸਿੱਖਾਂ ਦੀ ਨੇਕ ਕਮਾਈ ਤੇ ਮੌਜਾ ਮਾਣਨ ਦੇ ਨਾਲ, ਗੁਰਮਤਿ ਵਿਰੋਧੀ ਸਾਹਿਤ ਰਹਿਤਨਾਮੇ ਅਥਵਾ ਕਥਿਤ ਹੁਕਮਨਾਮੇ ਆਦਿ ਅਜੇਹੀ ਸਫ਼ਾਈ ਨਾਲ ਘੜ ਕੇ ਸਾਨੂੰ ਭਰਮੀ ਬਾਣਾਇਆ " ਬ੍ਰਾਹਮਣੀ ਮਰਯਾਦਾ ", ਖ਼ਾਲਸਾ ਜੀ ਲਈ ਗੁਰਮਤਿ ਬਣਾ ਦਿੱਤੀ। ਇਹ ਬਹੁਰੂਪੀਏ ਉਸੇ ਪ੍ਰੋਹਿਤ ਦਾ ਵਟਾਇਆ ਹੋਇਆ ਰੂਪ ਸਨ ਜਿਸ ਨੇ ਗੁਰੂ ਦੇ ਸਿੱਖ ਦੀ ਨਿਆਰੀ ਨੁਹਾਰ ਨੂੰ ਵਿਗਾੜ ਕੇ, ਇਸ ਨੂੰ ਮੁੜ ਉਸੇ ਹੀ ਹੀਣਤਾ ਗ੍ਰਸੀ ਖੱਡ ਵਿਚ ਸੁੱਟ ਦੇਣ ਦਾ ਬੀੜਾ ਚੁਕਿਆ ਹੋਇਆ ਹੈ, ਜਿਥੋਂ ਰੁਲਦੇ ਦੀ ਸਤਿਗੁਰਾਂ ਨੇ **ਬਾਂਹ ਆ ਫੜੀ**, ਅਤੇ ਇਸ ਨੂੰ ਸੰਤ ਸੂਰਮਾ ਬਣਾ ਕੇ **ਸਤਿਗੁਰ ਪੂਰਾ** ਅਤੇ **ਸੱਜਣ ਸੂਰਾ** ਕਹਿ ਕੇ ਨਿਵਾਜਿਆ ਸੀ ।

## ਗੁਰੂ ਬਾਣੀ ਦੀ ਬੇਅਦਬੀ ?---

" **ਆਦਿ ਅੰਤ ਏਕੇ ਅਵਤਾਰਾ ਸੋਈ ਗੁਰੂ ਸਮਝਿਯਹੁ ਹਮਾਰਾ ॥** " ਨਾ ਗੁਰੂ-ਬਾਣੀ ਹੈ ਅਤੇ ਨਾ ਇਹ ਬਚਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਨਕੂਲ ਹੀ ਹਨ। **ਫਿਰ ਆਪ ਜੀ ਨੇ-- ਅਪਰੰਪਰ ਪਾਰਬ੍ਰਹਿਮ ਪਰਮੇਸਰ, ਨਾਨਕ ਗੁਰ ਮਿਲਿਆ ਸੋਈ ਜੀਉ ॥-ਨਾਲ " ਗੁਣਗੁਣਾਇਆ " ਸ਼ਬਦ ਵਰਤ ਕੇ** ਗੁਰਮਤਿ ਦੀ ਅਥਵਾ ਗੁਰਬਾਣੀ ਦੀ ਹੇਠੀ ਵੀ ਕੀਤੀ ਹੈ।

ਗੁਰਬਾਣੀ ਦੇ ਉਚਾਰਨ ਸੰਬਧੀ " **ਗੁਣਗੁਣਾਇਆ** " ਪਦ ਵਰਤਣਾ ਇਸ ਕਾਰਨ ਬੇਅਦਬੀ ਵਾਲਾ ਹੈ, ਕਿਉਂਕਿ, ਗੁਰੂ ਬਾਣੀ (ਜਿਸ ਨੂੰ ਧੁਰ ਕੀ ਬਾਣੀ ਵੀ ਫ਼ੁਰਮਾਇਆ ਹੈ) ਦੇ ਉਚਾਰੇ ਜਾਣ ਲਈ ਸਤਿਗੁਰਾਂ ਨੇ ਇਸ ਪ੍ਰਕਾਰ ਫ਼ੁਰਮਾਨ ਕੀਤਾ ਹੋਇਆ ਹੈ-**(੧) ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ** ॥{੭੨੨] (੨) **ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ** ॥[੫੦੭] **(੩) ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ** ॥[੭੬੩] (੪) **ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥ ਨਾਨਕ ਪ੍ਰਭ ਸੁਖਦਾਈ ॥ ਜਿਨਿ ਪੂਰੀ ਬਣਤ ਬਣਾਈ ॥ ੨** ॥[੬੨੯] " **ਗੁਣਗੁਣਾਇਆ** " ਪਦ ਰੰਗ-ਮਹਿਫ਼ਲਾਂ ਵਿਚ ਕਵਿਤਾ ਪੜ੍ਹ ਕੇ, **ਵਾਹ ਵਾਹ ਖੱਟਣ ਦੀ ਲਾਲਸਾ ਨਾਲ ਬਣੇ**, ਆਮ ਕਵੀਆਂ ਲਈ ਤਾਂ ਭਾਂਵੇਂ ਵਰਤਿਆ ਜਾਂਦਾ ਹੋਵੇਗਾ ਪਰ, ਜਗਤ-ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਲਈ ਅਜੇਹੇ ਹੌਲੇ ਬਚਨ ਵਰਤਣੇ ਸੰਸਾਰੀ ਵਿਦਿਆ ਦੇ **ਹੰਕਾਰੀ** ਮਨਮੁੱਖਾਂ ਵਾਲਾ " **ਕੁਬੋਲ** ' ਸਮਝਿਆ ਜਾਵੇਗਾ।' ਸਤਿਕਾਰ ਜੋਗ ਪਦਮ ਸਾਹਿਬ ਜੀਓ ! ਆਉ ਭਲਾ ਆਪਾ ਫ਼ਰੋਲੀਏ, ਸਤਿਗੁਰਾਂ ਦੇ ਇਹ ਬਚਨ-- "' **ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥**" ਕਿਤੇ ਸਾਡੇ ਜਿਹੇ ਹੰਕਾਰੀ ਮੂਰਖਾਂ ਦੇ ਮੂੰਹ ਤੇ ਚਪੇੜਾਂ ਹੀ ਨਾ ਵੱਜ ਰਹੀਆਂ ਹੋਣ? ਅਤੇ ਹੁਣ--

ਚਰਿਤ੍ਰੋ ਪਖਿਯਾਨ ਗ੍ਰੰਥ ਦੀ ੩੦੪-ਥੇ ਅਧਿਆਇ ਦੀ ੩੮੫ਵੀਂ ਚੌਪਈ ਅਤੇ ਨਿਤਨੇਮ ਦੇ ਗੁਟਕੇ ਤੇ ਨੌਵੀ ਚੌਪਈ ਦੀ ਦੂਜੀ ਪੰਗਤੀ--ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝੀਅਹੁ ਹਮਾਰਾ ।' ਅਤੇ ਇਸ ਦੇ ਟਾਕਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੋਰਠਿ ਰਾਗ ਵਿਚੋਂ ਮਹਲਾ ੧ ਦੇ ੧੧ਵੇਂ ਸ਼ਬਦ ਦੀ ਤੁਸਾਂ ਇਹ ਪੰਗਤੀ--**ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨਾਨਕ ਗੁਰ ਮਿਲਿਆ ਸੋਈ ਜੀਉ** ॥ ਲਿਖੀ ਹੈ। ਪਾਠਕਾਂ ਨੂੰ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਹ ਯਕੀਨ ਵੀ ਦਿਵਾਇਆ ਹੈ, ਕਿ, ਇਹ ਦੋਵੇਂ ਪੰਗਤੀਆਂ ਓਸੇ **ਜੋਤਿ ਜੁਗਤ** ਦੇ ਮਾਲਕ (ਪਹਿਲੇ ਅਤੇ ਦਸਵੇਂ ਗੁਰੂ ਨਾਨਕ ਸਾਹਿਬ ਜੀ) ਦੀਆਂ ਹੀ ਲਿਖੀਆਂ ਹਨ। ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਦਸ਼ਮੇਸ਼ ਜੀ ਤੋਂ ਬਿਨਾ ਕਿਸੇ ਦੂਜੇ ਦੀਆਂ ਲਿਖੀਆਂ ਹੋ ਹੀ ਨਹੀਂ ਸਕਦੀਆਂ ? ਕਿਉਂਕਿ ਦਾਸ ਦੇ ਲਿਖਣ ਦਾ ਵਿਸ਼ਾ ਹੀ ਬ੍ਰਾਹਮਣੀ ਸੋਚ ਵਾਲੇ ਭੁਲੇਖੇ ਕਢਣ ਦਾ ਹੈ, ਇਸ ਲਈ ਆਪ ਜੀ ਦੀ ਉਪ੍ਰੋਕਤ ਲਿਖਤ ਲਈ ਉਚੇਚੀ ਅਤੇ ਵਿਸਥਾਰ ਪੂਰਬਕ ਗੁਰਮਤਿ ਵਿਚਾਰ ਕਰਨੀ ਜ਼ਰੂਰੀ ਬਣ ਗਈ ਹੈ। ਪਹਿਲਾਂ ਸ਼ਰਧਾਂਜਲੀ-- **ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥ ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ** ॥{੩੯੯}-੧੩-੧੧੫

## ਗੁਰਮਤਿ ਵਿਚਾਰ:--

**(ੳ)** **ਮਹਾਨ ਕੋਸ਼ ਅਨੁਸਾਰ, ਅਵਤਾਰ** ਦਾ ਅਰਥ ੧- ਜਨਮ --" **ਮਾਨੁਖਾ ਅਵਤਾਰ ਦੁਰਲਭ** ॥ (ਆਸਾ ਰਵਿਦਾਸ ਜੀ) (ਜਨਮ ਲੈਣ ਵਾਲਾ ਅਜੂਨੀ ਨਹੀਂ ਮੰਨਿਆਂ ਜਾ ਸਕਦਾ) ੨- ਜਨਮ ਗ੍ਰਹਿਣ, -ਜਨਮ ਧਾਰਨਾ । ੩- ਉਤਰਨਾ, ਹੇਠ ਆਉਣ ਦੀ ਕ੍ਰਿਯਾ । ੪- ਪੁਰਾਣਮਤ ਅਨੁਸਾਰ ਕਿਸੇ ਦੇਵਤਾ ਦਾ ਕਿਸੇ ਦੇਹ ਵਿਚ ਪ੍ਰਗਟ ਹੋਣਾ।

(ਅ) ' ਅਵਤਾਰ ' ਨਾ ਅਜੂਨੀ ਹੈ ਅਤੇ ਨਾ ਹੀ ਉਹ ਕਦੇ **ਅਪਰੰਪਾਰ** ਹੋ ਸਕਦਾ। ਗੁਰਬਾਣੀ ਨੇ ਵਿਸ਼ਨੂੰ ਨੂੰ ਅਥਵਾ ਉਸ ਦੇ ਸਾਰੇ ਕਥਿਤ ਅਵਤਾਰਾਂ ਨੂੰ ਮਨੁੱਖ ਵਾਂਗ ਹੀ, ਪਾਰਬ੍ਰਹਮ ਪਰਮੇਸ਼ਰ ਦੇ ਆਦਿ ਅੰਤ ਤੋਂ ਅਣਜਾਣ ਅਥਵਾ ਉਸ ਬੇਅੰਤ ਦਾ ਅੰਤ ਜਾਣ ਸਕਣ ਦੇ **ਅਸਮਰਥ** ਫ਼ੁਰਮਾਨ ਕੀਤਾ ਹੈ।

੮੯- **ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥ ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥ ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥ ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥** {੮੯੪}

**ਅਰਥ:**--ਪਰਮਾਤਮਾ ਕਿੱਡਾ ਵੱਡਾ ਹੈ--ਇਹ ਗੱਲ (ਚਾਰੇ) ਵੇਦ (ਵੀ) ਨਹੀਂ ਜਾਣਦੇ। ਅਨੇਕਾਂ ਬ੍ਰਹਮਾਂ ਵੀ (ਉਸ ਦਾ) ਭੇਤ ਨਹੀਂ ਜਾਣ ਸਕਦੇ। ਅਵਤਾਰ ਵੀ ਉਸ ਪਰਮਾਤਮਾ ਦਾਂ ਅੰਤ ਨਹੀਂ ਜਾਣ ਸਕਦੇ। ਹੇ ਭਾਈ ! ਪਾਰਬ੍ਰਹਮ ਪਰਮਾਤਮਾ ਬੇਅੰਤ ਹੈ। ੧ ।

ਅਜੂਨੀ ਕਰਤੇ ਪੁ●ਰਖ ਪਰਮਾਤਾ ਲਈ, " ਅਵਤਾਰ " ਪਦ ਵਰਤਣਾ ਗੁਰਮਤਿ ਦੀ ਖੰਡਣਾ ਹੈ॥

**ਦੂਜਾ ਪੱਖ**--

ਇਸ ਚਿੱਠੀ ਦੇ ਅਰੰਭ ਵਿਚ **Hermeneutics** ਵਿਦਵਾਨਾ ਦੇ ਹਵਾਲੇ ਨਾਲ ਲਿਖਿਆ ਗਿਆ ਸੀ ਕੇਵਲ ਕਿਸੇ ਇੱਕ ਪੰਗਤੀ ਤੋਂ ਪੂਰੀ ਬਾਣੀ ਦਾ ਜਾਂ ਪੂਰੇ ਸ਼ਬਦ ਦਾ ਸਿਧਾਂਤ ਮੰਨ ਬਹਿਣਾ ਸਿਆਣਪ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਜੀ ਦਾ ਗੁਰੂ--" ਆਦਿ ਅੰਤ ਏਕੇ ਅਵਤਾਰਾ "-- ਹੀ ਸਿੱਧ ਕਰਨ ਲਈ ਤੁਸਾਂ ਜਿਸ ਗੁਰੂ ਸ਼ਬਦ ਦੀ ਪੰਗਤੀ--" **ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ, ਗੁਰੁ ਮਿਲਿਆ ਸੋਈ ਜੀਉ** " ਵਰਤੀ ਹੈ। ਆਉ ਉਸ ਪੂਰੇ ਸ਼ਬਦ ਦੇ ਅਰਥ ਪੜ੍ਹ ਕੇ ਵੇਖੀਏ ਕਿ, ਕਿਤੇ ਅਸੀਂ ਉਸ ਪੰਗਤੀ ਦੇ ਅਰਥ ਆਪਣੀ ਮਿਥੀ ਵਿਉਂਤ ਨਾਲ ਅਥਵਾ ਮਨਮਤਿ ਨਾਲ, ਗ਼ਲਤ ਤਾਂ ਨਹੀਂ ਮੰਨ ਬੈਠੇ ਹੋਏ ? ਸੋਰਠਿ ਰਾਗ ਵਿਚ ਉਚਾਰਿਆ ਸ੍ਰੀ ਗੁਰੂ ਨਾਨਕ ਸਾਹਿਬ ਮ: ੧ ॥ ਦਾ ਉਹ ਪੂਰਾ

ਪਾਵਨ ਸ਼ਬਦ ਅਤੇ ਉਸ ਦੇ ਅਰਥ, (ਜੋ ਪ੍ਰੋਫੈਸਰ ਸਾਹਿਬ ਸਿੰਘ ਜੀ ਸਾਬਕਾ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਚੋਥੀ ਪੋਥੀ ਦੇ ੫੧੩ ਸਫ਼ੇ ਤੇ ਲਿਖੇ ਹਨ), ਇਸ ਪ੍ਰਕਾਰ ਹਨ:---

੯●- **ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥ ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥ ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥ ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥ ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ** ॥੫॥੧੧॥ {੫੯੯॥-੧੧

**ਅਰਥ:**--ਹੇ ਮੇਰੇ ਮਨ ! ਸਦਾ ਰਾਮ ਦਾ ਨਾਮ ਜਪੀਏ, (ਨਾਮ ਜਪਣ ਨਾਲ) ਆਤਮਕ ਸੁਖ ਮਿਲੇਗਾ । ਦਿਨ ਰਾਤ ਉਸ ਸਭ ਤੋਂ ਵਡੇ੍ਹ ਮਾਲਕ ਦੇ ਚਰਨਾਂ ਦਾ ਧਿਆਨ ਧਰੋ, ਉਹ ਹਰੀ (ਆਪ ਹੀ ਜੀਵਾਂ ਨੂੰ ਦਾਤਾਂ) ਦੇਣ ਵਾਲਾ ਹੈ, (ਆਪ ਹੀ ਸਭ ਵਿਚ ਵਿਆਪਕ ਹੋ ਕੇ) ਭੋਗਣ ਵਾਲਾ ਹੈ। ਰਹਾਉ ।

ਰਾਹਾਉ ਦੀ ਤੁਕ ਸ਼ਬਦ ਦਾ ਅੰਤਰੀਵ ਭਾਵ ਹੋਣ ਦੇ ਕਾਰਨ, ਇਹ ਸਿੱਧ ਹੁੰਦਾ ਹੈ ਕਿ ਇਸ ਗੁਰੂ ਸ਼ਬਦ ਵਿਚ ਸਿਰਜਣਹਾਰ ਦੀਆਂ ਵਡਿਆਈਆਂ ਕੀਤੀਆਂ ਹੋਈਆਂ ਹਨ।

ਧੁਰੋਂ (ਪਰਮਾਤਮਾ ਦੀ ਰਜ਼ਾ ਅਨੁਸਾਰ) ਹੀ ਸਭ ਜੀਵਾਂ ਦੇ ਮੱਥੇ ਉਤੇ (ਆਪੋ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ) ਲੇਖ (ਉੱਕਰਿਆ ਪਿਆ) ਹੈ। ਕੋਈ ਜੀਵ ਐਸਾ ਨਹੀਂ ਹੈ ਜਿਸ ਉਤੇ ਇਸ ਲੇਖ ਦਾ ਪ੍ਰਭਾਵ ਨਾਂ ਹੋਵੇ। ਸਿਰਫ਼ ਪਰਮਾਤਮਾ ਆਪ ਇਸ (ਕਰਮ) ਲੇਖ ਤੋਂ ਸੁਤੰਤ੍ਰ ਹੈ ਜੋ ਇਸ ਕੁਦਰਤਿ ਨੂੰ ਰਚ ਕੇ ਇਸ ਦੀ ਸੰਭਾਲ ਕਰਦਾ ਹੈ, ਤੇ ਆਪਣੇ ਹੁਕਮ ਵਿਚ (ਜਗਤ-ਕਾਰ) ਚਲਾ ਰਿਹਾ ਹੈ**।੧।** ਹੇ ਮੇਰੇ ਮਨ ! ਜਿਹੜਾ ਪ੍ਰਭੂ ਤੇਰੇ ਅੰਦਰ ਵੱਸ ਰਿਹਾ ਹੈ ਉਸ ਨੂੰ ਬਾਹਰ (ਸਾਰੀ ਕੁਦਰਤਿ ਵਿਚ) ਵੇਖ, ਉਸ ਤੋਂ ਬਿਨਾ (ਉਸ ਵਰਗਾ) ਹੋਰ ਕੋਈ ਨਹੀਂ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਉਸ ਇੱਕ ਨੂੰ ਵੇਖਣ ਵਾਲੀ ਨਜ਼ਰ ਬਣਾ (ਫਿਰ ਤੈਨੂੰ ਦਿੱਸ ਪਵੇਗਾ ਕਿ) ਹਰੇਕ ਸਰੀਰ ਵਿਚ ਪਰਮਾਤਮਾ ਦੀ ਹੀ ਜੋਤਿ ਵਿਆਪਕ ਹੈ **।੨।** ਬਾਹਰ ਭਟਕਦੇ (ਇਸ ਮਨ) ਨੂੰ ਰੋਕ ਕੇ ਆਪਣੇ ਅੰਦਰ (ਵੱਸਦੇ ਪ੍ਰਭੂ ਵਿੱਚ) ਟਿਕਾ ਰੱਖੋ। ਪਰ ਅਜੇਹੀ ਅਕਲ ਗੁਰੂ ਨੂੰ ਮਿਲਿਆਂ ਹੀ ਆਉਂਦੀ ਹੈ। ਮੈਂ ਤਾਂ (ਗੁਰੂ ਦੀ ਕਿਰਪਾ ਨਾਲ) ਉਸ ਅਦ੍ਰਿਸ਼ਟ ਪ੍ਰਭੂ ਨੂੰ (ਸਭ ਵਿਚ ਵੱਸਦਾ) ਵੇਖ ਕੇ ਵਿਸਮਾਦ ਅਵਸਥਾ ਵਿਚ ਅੱਪੜ ਜਾਂਦਾ ਹਾਂ। (ਜਿਹੜਾ ਵੀ ਇਹ ਦੀਦਾਰ ਕਰਦਾ ਹੈ, ਉਸ ਦਾ) ਦੁਖ ਮਿਟ ਕੇ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੋ ਜਾਂਦਾ ਹੈ **।੩।** (ਹੇ ਭਾਈ !) ਅਟੱਲ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀਉ, (ਇਹ ਨਾਮ-ਰਸ ਪੀਤਿਆਂ) ਸਭ ਤੋਂ ਉੱਚਾ ਆਤਮਕ ਆਨੰਦ ਮਿਲਦਾ ਹੈ, ਅਤੇ ਆਪਣੇ ਘਰ ਵਿਚ ਟਿਕਾਣਾ ਹੋ ਜਾਂਦਾ ਹੈ (ਭਾਵ, ਸੁਖਾਂ ਦੀ ਖ਼ਾਤਰ ਮਨ ਬਾਹਰ ਭਟਕਣੋਂ ਹਟ ਜਾਂਦਾ ਹੈ)। ਜਨਮ ਮਰਨ ਦਾ ਚੱਕਰ ਨਾਸ ਕਰਨ ਵਾਲੇ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, (ਇਸ ਤਰ੍ਹਾਂ) ਮੁੜ ਮੁੜ ਜਨਮ (ਮਰਨ) ਨਹੀਂ ਹੁੰਦਾ । ੪ ।

**ਪੰਜਵੀ ਤੁਕ ਦੇ ਪਦ ਅਰਥ:**--ਤਤੁ=ਸਾਰੇ ਜਗਤ ਦਾ ਅਸਲਾ। ਨਿਰੰਜਨ=ਮਾਇਆ-ਕਾਲਖ ਤੋਂ ਰਹਿਤ। ਸਬਾਈ=ਸਭ ਥਾਂ। ਸੁਹੰ=ਸੋਹੇ, ਸੋਭ ਰਹੀ ਹੈ। ਭੇਦੁ=ਵਿੱਥ। ਅਪਰੰਪਾਰ=ਪਰੇ ਤੋਂ ਪਰੇ। ਗੁਰ ਮਿਲਿਆ=( ਜੋ ਮਨੁੱਖ) ਗੁਰੂ ਨੂੰ ਮਿਲ ਪਿਆ ਹੈ। ੫ ।

ਪਰਮਾਤਮਾ ਸਾਰੇ ਜਗਤ ਦਾ ਅਸਲਾ ਹੈ (ਆਪ) ਮਾਇਆ ਦੇ ਪ੍ਰਭਾਵ ਤੋਂ ਪਰੇ ਹੈ ਸਭ ਤੋਂ ਵਡਾ ਮਾਲਕ ਹੈ। ਹੇ ਨਾਨਕ ! ਜੋ ਮਨੁੱਖ ਗੁਰੂ ਨੂੰ ਮਿਲ ਪੈਂਦਾ ਹੈ ਉਸ ਨੂੰ (ਇਹ ਦਿੱਸ ਪੈਂਦਾ ਹੈ ਕਿ) ਉਸ ਪ੍ਰਭੂ ਦੀ ਜੋਤਿ ਹਰ ਥਾਂ ਸੋਭ ਰਹੀ ਹੈ (ਤੇ ਉਸ ਦੀ ਵਿਆਪਕਤਾ ਵਿਚ ਕਿਤੇ) ਕੋਈ ਵਿੱਥ ਵਿਤਕਰਾ ਨਹੀਂ ਹੈ। ੫ ।

ਸ਼ਬਦ ਦੀ ਰਹਾਉ ਦੀ ਤੁਕ ਅਤੇ ਫਿਰ ਪੂਰੇ ਸ਼ਬਦ ਦੇ ਅਰਥ-ਭਾਵ ਨੂੰ ਮੁੱਖ ਰਖਦਿਆਂ ਸੁਹਿਰਦਤਾ ਨਾਲ ਵਿਚਾਰ ਕਰੀਏ ਤਾਂ ਪ੍ਰਿੰ: ਸਾਹਿਬ ਸਿੰਘ ਜੀ ਡੀ ਲਿਟ ਦੇ ਕੀਤੇ ਅਰਥਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਇਸ ਤੁੱਕ ਦੇ ਅਰਥ ਇਉਂ ਬਿਲਕੁਲ ਨਹੀਂ ਬਣਦੇ ਕਿ, ' ਸ੍ਰੀ ਗੁਰੂ ਨਾਨਕ ਜੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਅਰੰਪਰ ਪਾਰਬ੍ਰਹਮ ਪਰਮੇਸਰ ਗੁਰੂ ਮਿਲ ਪਿਆ ਹੈ। ਇਸ ਲਈ--ਚਰਿਤ੍ਰੋ ਪਖਿਯਾਨ ਦੀ ਪੰਗਤੀ-ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝੀਅਹੁ ਹਮਾਰਾ ॥' ਨੂੰ ਅਤੇ ਗੁਰੂ ਬਾਣੀ ਦੀ ਇਸ ਪੰਗਤੀ-- **ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨਾਨਕ ਗੁਰ ਮਿਲਿਆ ਸੋਈ ਜੀਉ ॥** ਨੂੰ ਇੱਕ ਪੱਧਰ ਤੇ ਰੱਖਣਾ ਠੀਕ ਨਹੀਂ ਹੈ। ਅੱਜ ਤੱਕ ਤੁਹਾਨੂੰ ਸ਼ਾਇਦ ਪਤਾ ਨਹੀਂ ਲੱਗ ਸਕਿਆ ਕਿ ਗੁਰਮਤਿ ਨੇ ਗੁਰੂ ਕਿਸ ਨੂੰ ਮੰਨਿਆਂ ਹੈ ?

## ਗੁਰਮਤਿ ਦਾ ਗੁਰੂ--

ਸਿਧਾਂ ਨਾਲ ਹੋਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਗੋਸਟੀ ਸਮੇ, ਸਿੱਧਾਂ ਨੇ ਸਤਿਗੁਰਾਂ ਤੇ ਇਉਂ ਪ੍ਰਸ਼ਨ ਕੀਤਾ:--

੯੧- **ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥**
**ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥**

**ਅਰਥ:**--ਪ੍ਰਸ਼ਨ--(ਜਵਨ ਦਾ) ਕੀਹ ਮੂਲ ਹੈ ? ਕੇਹੜੀ ਸਿਖਿਆ ਲੈਣ ਦਾ (ਇਹ ਮਨੁੱਖਾ ਜਨਮ ਦਾ) ਸਮਾ ਹੈ ? ਅਤੇ ਤੂੰ ਕਿਸ ਗੁਰੂ ਦਾ ਚੇਲਾ ਹੈਂ ? ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ (ਜੋਗੀਆਂ ਨੇ ਹੋਰ ਇਉਂ ਕਿਹਾ-) ਹੇ ਬਾਲਕ (ਨਾਨਕ !) ਸੁਣ, ਸਾਨੂੰ ਇਸ ਗੱਲ ਦੀ ਵੀ ਵਿਚਾਰ ਦੱਸ (ਸਾਨੂੰ ਇਹ ਗੱਲ ਵੀ ਸਮਝਾ ਕਿ ਕਿਵੇਂ) ਸ਼ਬਦ ਦੀ ਰਾਹੀਂ (ਗੁਰੂ ਜੀਵ ਨੂੰ) ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਹੈ ? ।੪੩।

ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰਦੇਵ ਜੀ ਦਾ ਫ਼ੁਰਮਾਨ---

੯੨- **ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥**
**ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥** {੯੪੩}

**ਅਰਥ:**--(ਉੱਤਰ:) ਪ੍ਰਾਣ (=ਪਵਨ) ਹੀ ਹਸਤੀ ਦਾ ਮੁੱਢ ਹਨ। (ਇਹ ਮਨੁੱਖਾ ਜਨਮ ਦਾ) ਸਮਾ ਸਤਿਗੁਰੂ ਦੀ ਸਿਖਿਆ ਲੈਣ ਦਾ ਹੈ। ਸ਼ਬਦ (ਹੀ ਮੇਰਾ) ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ (ਉਸ ਸ਼ਬਦ-ਗੁਰੂ ਦਾ) ਸਿੱਖ ਹੈ। ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰਕੇ (ਭਾਵ, ਉਸ ਦੇ ਗੁਣ ਗਾ ਕੇ ਮਾਇਆ ਤੋਂ) ਨਿਰਲੇਪ ਰਹਿੰਦਾ ਹਾਂ। ਤੇ ਉਹ ਗੁਰੂ-ਗੋਪਾਲ ਹਰੇਕ

ਜੁਗ ਵਿਚ ਮੌਜੂਦ ਹੈ। ਕੇਵਲ ਗੁਰੂ-ਸ਼ਬਦ ਹੀ ਹੈ ਜਿਸ ਦੀ ਰਾਹੀਂ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ, (ਇਸ ਸ਼ਬਦ-ਗਿਆਨ ਦੀ ਰਾਹੀਂ ਹੀ) ਗੁਰਮੁਖ ਮਨੁੱਖ ਨੇ ਹਉਮੈ (ਖ਼ੁਦ-ਗ਼ਰਜ਼ੀ ਦੀ) ਅੱਗ (ਆਪਣੇ ਅੰਦਰੋਂ) ਦੂਰ ਕੀਤੀ ਹੈ। ੪੪ ।

ਪਰਮਾਤਮਾ ਨੂੰ ਪਰਮ ਗੁਰੂ ਇਸ ਕਰਕੇ ਮੰਨਿਆਂ ਗਿਆ ਹੈ ਕਿਉਂਕਿ ਉਸ ਨੇ ਸੰਸਾਰ ਦੇ ਹਰੇਕ ਜੀਵ ਨੂੰ ਗਰਭ ਸਮੇਂ ਤੋਂ ਹੀ ਸਿਖਿਆ ਪ੍ਰਾਪਤਿ ਕਰਨੀ ਅਰੰਭ ਕਰਨ ਦਾ ਨਿਯਮ ਬਣਾ ਰਖਿਆ ਹੈ। ਹਰੇਕ ਜੀਵ ਜਨਮ ਸਮੇ ਤੋਂ ਹੀ ਆਪਣੇ ਪੇਟ ਦੀ ਭੁੱਖ ਮਿਟਾਉਣ ਦਾ ਢੰਗ ਜਾਣਦਾ ਹੁੰਦਾ ਹੈ ਅਤੇ ਸਵੈ ਰਖਿਆ ਕਰਨ ਤੋਂ ਵੀ (ਲਗ-ਪਗ ਸਾਰੇ) ਜੀਵ ਪੈਦਾਇਸ਼ੀ ਸਮੇਂ ਤੋਂ ਹੀ ਸੁਚੇਤ ਹੁੰਦੇ ਹਨ। ਕਈ ਕੋਠੜੀਆਂ ਵਾਲੇ ਅਦਭੁੱਤ ਆਹਲਣੇ ਬਨਾਉਣੇ ਸਿਖਾਉਣ ਦਾ ਬਿੱਜੜਿਆਂ ਲਈ ਕੋਈ ਅੱਡਰਾ ਕਾਲਜ ਕਿਤੇ ਨਹੀਂ ਖੁੱਲ੍ਹਾ ਹੋਇਆ। ਮਾਂ ਦੇ ਥਣਾਂ ਨੂੰ ਲੱਭ ਕੇ ਚੋਂਘ ਲਾਉਣ ਦਾ ਵੱਲ ਕੁੰਗਰੂ ਦੇ ਬੱਚੇ ਨੂੰ ਵੀ ਕਦੇ ਕਿਸੇ ਨੇ ਨਹੀਂ ਸਿਖਾਇਆ। ਮਨੁੱਖ ਨੂੰ ਬ੍ਰਹਮ ਗਿਆਨ ਦੀ ਸਿਖਿਆ ਦੇਣ ਲਈ ਗੁਰੂ ਨਾਨਕ=ਰੂਪ ਹੋ ਕੇ ਵੀ ਉਹ ਆਪ (ਪਾਰਬ੍ਰਹਮ ਪਰਮੇਸਰ) ਹੀ ਆਇਆ ਸੀ। ਫਿਰ ਵੀ ਸਾਖ਼ਸ਼ਾਤ ਰੂਪ ਵਿਚ ਜਿਵੇਂ ਮਨੁੱਖ ਹੀ ਮਨੁੱਖ ਦਾ ਗੁਰੂ ਬਣ ਬੈਠਦਾ ਹੈ ਇਸ ਤਰ੍ਹਾਂ **ਰੱਬ, ਅਕਾਲਪੁਰਖ, ਵਾਹਿਗੁਰੂ ਜੀ ਕਦੇ ਕਿਸੇ ਦਾ ਗੁਰੂ ਨਹੀਂ ਬਣਿਆਂ।**

ਸ਼ਬਦ ਅਥਵਾ ਧੁਨੀ ਤੋਂ ਬਿਨਾਂ ਕੋਈ ਵੀ ਗਿਆਨ, ਕਿਸੇ ਦੂਜੇ ਤੱਕ ਨਹੀਂ ਪਹੁੰਚ ਸਕਦਾ। ਲਿਖਿਆ ਹੋਇਆ ਸ਼ਬਦ-ਗਿਆਨ ਵੀ ਕਿਸੇ ਗੋਚਰਾ ਤਦ ਹੀ ਹੋ ਸਕਦਾ ਹੈ ਜੇ ਉਸ ਨੇ ਸ਼ਬਦ ਪੜ੍ਹਨ ਦੀ ਸਿਖਿਆ ਲਈ ਹੋਵੇਗੀ। ਅਤੇ ਕਿਸੇ ਪ੍ਰਕਾਰ ਦੀ ਧੁਨੀ ਬਿਨਾ, ਭਾਵ, ਬੋਲਣ ਬਿਨਾ, ਦੂਜੇ ਨੂੰ (ਅੱਖਰ ਪੜ੍ਹ ਸਕਣ ਦੀ) ਸਿਖਿਆ ਦੇਣੀ ਅਸੰਭਵ ਹੈ। ਅਜੇਹੀਆਂ ਬਰੀਕੀਆਂ ਨੂੰ ਗੁਰਬਾਣੀ ਵਿਚ ਅੱਡ ਅੱਡ ਕਈ ਥਾਂਵਾਂ ਤੇ ਸਮਝਾਇਆ ਹੋਇਆ ਹੈ। ਜਿਵੇ ਜਪੁ ੧(ਸਾਹਿਬ)---**ਅਖਰੀ ਨਾਮੁ, ਅਖਰੀ ਸਾਲਾ ॥ ਅਖਰੀ, ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ....... ॥** (੧੯ਵੀਂ ਪਉੜੀ)-- **ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥ ੩॥** [੯੭੦] ਧਿਆਨ ਰਹੇ ਕਿ ਆਵਾਜ਼, ਪਵਣ ਜਾਂ ਪਉਣ ਦੇ ਸਹਾਰੇ ਹੀ ਦੂਜੇ ਕੋਲ ਪੁੱਜਦੀ ਹੈ। **ਸਤਿਗੁਰਾਂ ਦੀ ਬਾਣੀ** --ਜਪੁ ਸਾਹਿਬ ਦੇ ਅੰਤਲੇ ਸਲੋਕ ਵਿਚ-- ' **ਪਵਣੁ ਗੁਰੂ** ' ਅਤੇ ਫਿਰ ਮਾਝ ਕੀ ਵਾਰ ਮ: ੧-ਅੰਕ ੧੪੬ ਤੇ " **ਪਉਣ ਗੁਰੂ** " ਅਤੇ ਮਾਰੂ ਸੋਲਹੇ ਮ: ੧ ਅੰਕ ੧੦੨੧ ਤੇ--ਵੀ " **ਪਉਣੁ ਗੁਰੂ** " ਸ਼ਬਦ ਆਏ ਹਨ। (ਇਹ ਅਰਥ ਵੀ ਅਣਗੌਲੇ ਛਡਣ ਵਾਲੇ ਨਹੀਂ ਹਨ ਕਿ--ਆਤਮਾ ਲਈ ਸਤਿਗੁਰੂ ਏਨਾ ਹੀ ਜ਼ਰੂਰੀ ਹੈ ਜਿੰਨੀ **ਪਉਣ ਸਰੀਰ ਲਈ** ਜ਼ਰੂਰੀ ਹੈ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਿਬੇਕਤਾ ਨੂੰ ਅਥਵਾ **ਸ਼ੁੱਧ-ਗਿਆਨ** ਨੂੰ ਨਿਖਾਰ ਕੇ **ਗੁਰੂ** ਫ਼ੁਰਮਾਨ ਕੀਤਾ ਹੋਇਆ ਹੈ--ਯਥਾ--**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ** ॥[੭੯੩] ਗਿਆਨ ਤੋਂ ਸਖਣਾ **ਮਨੁੱਖਾ ਸਰੀਰ** ਅਤੇ ਗਿਆਨ ਤੋਂ ਸਖਣਾ **ਕੋਈ ਸ਼ਬਦ**, ਕਦੇ ਗੁਰੂ ਨਹੀਂ ਹੋ ਸਕਦਾ। ਸੋ, ਗੁਰਬਾਣੀ ਵਿਚ ਸ਼ਬਦ-ਗਿਆਨ ਨੂੰ ਹੀ ਗੁਰੂ ਫ਼ੁਰਮਾਨ ਕੀਤਾ ਹੈ।

ਇਸ ਲਈ-- ਹੇ ਸਤਕਾਰਤ ਪਿਆਰਾ ਸਿੰਘ ਪਦਮ ਜੀਓ--ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝੀਅਹੁ ਹਮਾਰਾ ।' ਪੰਗਤੀ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਕਿਸੇ ਵੀ **ਜੋਤਿ-ਗੁਰੂ** ਜੀ ਦਾ, ਕੋਈ ਵਾਸਤਾ ਨਹੀਂ ਹੈ। ਚੰਗੇ-ਭਲੇ ਵਿਦਿਆ ਮਾਰਤੰਡ ਹੁੰਦੇ ਹੋਏ ਵੀ, ਪਾਠਕਾਂ ਦੇ ਮਨਾਂ ਵਿਚ ਤੁਸੀਂ ਅਜੇਹੇ ਗੰਭੀਰ ਭੁਲੇਖੇ ਕਿਸ ਯੋਜਨਾ ਅਧੀਨ ਪਾ ਰਹੇ ਹੋ ?

੯੩- **ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥ ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥ ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥
ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥੨੨॥{ ੩੧੩॥**

**ਅਰਥ:**--ਜੋ ਮਨੁੱਖ ਸੱਚੇ ਹਰੀ ਦਾ ਸਚ-ਮੁਚ ਭਜਨ ਕਰਦੇ ਹਨ, ਉਹੋ ਹੀ ਸਚੇ ਦੇ ਭਗਤ (ਕਹੀਦੇ) ਹਨ। ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਖੋਜ ਕੇ ਢੂੰਡਦੇ ਹਨ (ਭਾਵ, ਜਤਨ ਨਾਲ ਭਾਲਦੇ ਹਨ) ਉਹ ਆਪਣੇ ਹਿਰਦੇ ਵਿਚ ਹੀ ਪ੍ਰਭੂ ਨੂੰ ਲੱਭ ਲੈਂਦੇ ਹਨ। ਜਿਨ੍ਹਾਂ ਮਨਮੁੱਖਾਂ ਨੇ ਸਚਾ ਸਾਈਂ ਸਚ-ਮਚ ਸੇਵਿਆ ਹੈ ਉਨ੍ਹਾਂ ਨੇ ਦੁਖਦਾਈ ਕਾਲ ਨੂੰ ਮਾਰ ਕੇ ਕਾਬੂ ਕਰ ਲਿਆ ਹੈ। (ਭਾਵ, ਉਨ੍ਹਾਂ ਨੂੰ ਕਾਲ ਕੰਡੇ ਵਾਂਗ ਦੁਖਦਾਈ ਨਹੀਂ ਜਾਪਦਾ)। ਜੋ ਸਚ ਹਰੀ ਸਭ ਤੋਂ ਵੱਡਾ ਹੈ, ਉਸ ਦੀ ਬੰਦਗੀ ਜੋ ਮਨੁੱਖ ਕਰਦੇ ਹਨ, ਉਹ ਉਸ ਵਿਚ ਹੀ ਲੀਨ ਹੋ ਜਾਂਦੇ ਹਨ। ਧੰਨ ਹੈ ਸੱਚਾ ਪ੍ਰਭੂ, ਧੰਨ ਹੈ ਸੱਚਾ ਅਕਾਲਪੁਰਖ--(ਇਸ ਤਰ੍ਹਾਂ) ਜੋ ਜੋ ਮਨੁੱਖ ਸਚੁ-ਮੁਚ ਦੀ ਅਰਾਧਨਾ ਕਰਦੇ ਹਨ, ਉਨ੍ਹਾਂ ਨੂੰ ਉੱਤਮ ਫਲ ਪ੍ਰਾਪਤ ਹੁੰਦਾ ਹੈ (ਭਾਵ, ਉਹ ਮਨੁੱਖਾ ਜਨਮ ਨੂੰ ਸਫ਼ਲਾ ਕਰ ਲੈਂਦੇ ਹਨ) । ੨੨ ।

੯੪- **ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥ ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥ ੧॥ ਰਹਾਉ ॥ ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥ ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥ ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥ ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥ ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥ ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥** {੨੧੯}-੧-੧੬੯

# ਪੰਜਵਾਂ ਕਾਂਡ

੧

# ਚਲਿੱਤਰ ਚਾਰ ਸੌ ਚੌਥਾ

## ਕਥਾ ਸ੍ਰੀ ਅਸਿਧੁਜ [ਸ੍ਰੀ ਦਸਮ ਗ੍ਰੰਥ ਸਾਹਿਬ ਸਟੀਕ ਜਿਲਦ ਅਠਵੀ, ਸਫ਼ਾਂ-੪੯੪]

## ਸਬੁਧਿ ਬਾਚ ਕਥਿਤ

ਸ੍ਰੀ ਅਸਿਧੁਜ=ਜਿਸ ਦੀ ਧੁਜਾ ਵਿਚ ਕਿਰਪਾਨ ਹੈ। ਪੰਥਕ ਤੌਰ ਤੇ ' **ਅਸਿਧੁਜ** ' ਵੀ, ਰੱਬ, ਪਰਮਾਤਮਾ, ਪ੍ਰਭੂ ਅਥਵਾ ਅਕਾਲਪੁਰਖ ਦਾ ਹੀ **ਨਾਮ** ਮੰਨਿਆ ਗਿਆ ਹੋਇਆ ਹੈ। ਸੋ--' **ਕਥਾ ਸ੍ਰੀ ਅਸਿਧੁਜ**-" ਸਿਰਲੇਖ ਪੜ੍ਹਦਿਆਂ ਹੀ ਮਨ ਸ਼ਰਧਾ ਵਿਚ ਆਉਂਦਾ ਹੈ। ਯਕੀਨ ਬੱਝਦਾ ਹੈ ਕਿ, **ਸਤਿ ਸਰੂਪ** ਸਦੀਵੀ ਅਸਥਿਰਤਾ ਵਾਲੇ **ਅਬਿਨਾਸ਼ੀ ਸੱਚ**, ਪਰਮਾਤਮਾ ਦੀ ਆਪਣੀ ਕਥਾ ਨਿਰਸੰਦੇ **ਸੱਚ** ਦੀ ਸੋਝੀ ਕਰਾਉਣ ਵਾਲੀ ਅਥਵਾ ਸੱਚ ਨਾਲ ਜੋੜਨ ਵਾਲੀ ਹੋਵੇਗੀ। ਅਤੇ ਰੱਬ ਦੀ ਕਥਾ ਦੇ ਲਿਖਾਰੀ ਵੀ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹੀ ਹੋਣ ਤਾਂ ਇਸ ਕਥਾ ਤੋਂ ਸੱਚ ਦੀਆਂ ਅਪਾਰ ਵਡਿਆਈਆਂ ਦੀ ਸੋਝੀ ਕਿਵੇਂ ਨਾ ਆਵੇਗੀ ?

ਮਨ ਦੀਆਂ ਅੱਖਾਂ ਸਾਹਮਣੇ ਖ਼ੁਸ਼ੀਆਂ ਵੰਡਦੀਆਂ ਯਾਦਾਂ ਦੀ ਫਿਲਮ ਚੱਲ ਪਈ। ਧੰਨ ਧੰਨ ਹਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਅੰਤਮ ਅਤੇ ਸਦੀਵੀ-ਪ੍ਰਕਾਸ਼-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ--ਜਿਹੜੇ ਆਪਣੇ ਅਰੰਭਕ ਬਚਨਾਂ ਵਿਚ ਹੀ **ਸਤਿ ਨਾਮ** ਅਥਵਾ **ਆਦਿ ਸਚੁ ਜੁਗਾਦਿ ਸਚੁ**--ਦੀ ਸੋਝੀ ਕਰਾ ਕੇ, ਦੁਰਲੱਭ ਮਨੁੱਖਾ ਦੇਹ ਪ੍ਰਾਪਤ ਹੋਣ ਦੇ ਅਸਲ ਮੰਤਵ ਵਲ ਧਿਆਨ ਦਿਵਾਉਣ ਲਈ--**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥** ਅਨਮੋਲ ਬਚਨ ਫ਼ੁਰਮਾ ਰਹੇ ਹਨ। ਹੁਕਮ ਅਤੇ ਭਾਣੇ ਵਿਚ ਵਿਚਰਦੇ ਰਹਿਣ ਦਾ ਉਪਦੇਸ਼ ਦੇ ਕੇ ਜਪ ਸਾਹਿਬ ਦੀ **ਚੌਥੀ ਪਉੜੀ** ਵਿਚ ਉਸੇ ਸਚ ਨਾਲ **ਇੱਕ ਮਿੱਕ** (=**ਫਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤ ਸੁਣਿ ਧਰੇ ਪਿਆਰੁ॥**) ਹੋ ਜਾਣ ਵਾਲਾ ਸਿਧਾਂਤ--(**=ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥**)-- ਸਮਝਾਉਂਦਿਆਂ ਇਉਂ ਫ਼ੁਰਮਾਨ ਕਰ ਰਹੇ ਹਨ-**ਅੰਮ੍ਰਿਤਵੇਲਾ * ਸਚੁ ਨਾਉ ਵਡਿਆਈ ਵੀਚਾਰ॥** [***Foot note:**--ਹੋਰ ਸਾਰੇ ਵਿਦਵਾਨਾਂ ਦੇ ਲਿਖੇ ਅੰਮ੍ਰਿਤਵੇਲੇ ਸ਼ਬਦ ਦੇ ਪਰਚਲਤ ਹੋ ਚੁੱਕੇ ਅਰਥਾਂ ਨਾਲ ਅਸਹਿਮਤੀ ਕਰਵਾ ਕੇ, ਜਿਹੜੇ ਅਰਥ ਸ੍ਰੀ ਗੁਰੂ ਨਾਨਕ ਸਾਹਿਬ, ਸੱਚੇ ਪਿਤਾ ਜੀ ਨੇ, ਦਾਸ ਤੋਂ ਲਿਖਵਾਏ ਹਨ, ਉਹ " **ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ**--ਪੁਸਤਕ ਦੇ ਚੌਥੇ ਭਾਗ ਦੇ ਦੂਜੇ ਕਾਂਡ ਦੇ ਪਹਿਲੇ ਦੋ ਲੇਖਾਂ ਵਿਚ **(ਗੁਰੂ ਬਾਣੀ ਦੇ ੪੨ ਪਾਵਨ ਸ਼ਬਦਾਂ ਦੇ ਹਵਾਲੇ ਨਾਲ ਸ਼ਿੰਗਾਰੇ ਹੋਏ)** ਅੰਕਿਤ ਹਨ ਜੀ] ਸਿਰਜਣਹਾਰ ਦੀਆਂ ਵਡਿਆਈਆਂ ਦੀ ਵਿਚਾਰ ਕਰਦੇ ਰਹਿਣ ਤੋਂ ਸਚਿਆਰ ਬਣ ਜਾਣ ਦਾ ਭੋਰਸਾ ਮਿਲਦਾ ਹੈ। ਆਪਣੇ ਸਤਿਗੁਰਾਂ ਨੂੰ ਅਭੁੱਲ ਮੰਨਣ ਵਾਲੇ ਗੁਰਸਿੱਖ ਦੇ ਮਨ ਵਿਚ ਸੁਤੇਅ ਹੀ ਭਰੋਸਾ ਬਣਦਾ ਹੈ ਕਿ, ਗੁਰੂ-ਬਾਣੀ ਵਿਚਾਰ ਤੋਂ ਅਕਾਲਪੁਰਖ ਦੀਆਂ ਬੇਅੰਤ ਵਡਿਆਈਆਂ ਦੀ ਜੋ ਸੋਝੀ ਗੁਰੂ ਬਾਣੀ ਦੀ ਵਿਚਾਰ ਤੋਂ ਆ ਰਹੀ ਹੈ, ਉਸ ਵਿਚ ਵਾਧਾ ਕਰਨ ਲਈ ਹੀ ਇਸ ਕਥਾ ਦਾ ਨਿਰਮਾਣ ਹੋਇਆ ਹੋਣਾ ਹੈ ? ਸਤਿਗੁਰਾਂ ਪ੍ਰਤੀ ਅਥਾਹ ਭਰੋਸੇ ਵਾਲੀ ਸ਼ਰਧਾ ਰੱਖਣ ਵਾਲੇ ਗੁਰੌਸਿੱਖ ਦੇ ਮਨ ਵਿਚ ਯਕੀਨ ਬੱਝਦਾ ਹੈ ਕਿ, ਸ੍ਰੀ ਅਸਧੁੱਜ ਜੀ ਦੀ ਇਸ ਕਥਾ ਦੁਆਰਾ ਅਥਵਾ ਸ੍ਰੀ ਦਸਮ ਗ੍ਰੰਥ ਦੀ ਸਿਰਜਣਾ ਵਾਲੀ ਬੜੀ ਸਖ਼ਤ ਘਾਲਣਾ ਦੁਆਰਾ, ਸ੍ਰੀ ਕਲਗੀਧਰ ਜੀ ਨੇ ਮਨੁੱਖ ਮਾਤ੍ਰ ਨੂੰ, ਅਗੰਮ ਅਪਾਰ ਅਕਾਲਪੁਰਖ ਦੀਆਂ ਉਨ੍ਹਾਂ ਹੀ ਵਡਿਆਈਆਂ ਦੀ ਸੋਝੀ ਕਰਵਾਈ ਹੋਣੀ ਹੈ ਜਿਨ੍ਹਾਂ ਵਡਿਆਈਆਂ ਦੀ ਵਿਚਾਰ ਨਾਲ ਜੁੜ ਕੇ ਜੀਵ ਨੇ ਸਚਿਆਰ ਬਣਨਾ ਹੈ । ਜਦ ਇਹ ਪਤਾ ਲੱਗੇ ਕਿ ਇਹ ਕਥਾ ਦਸਮ ਸਤਿਗੁਰੂ ਨਾਨਕ ਸਾਹਿਬ ਜੀ ਦੇ ਕਰ ਕੰਵਲਾਂ ਨਾਲ ਲਿਖੀ ਹੋਈ ਹੈ ਤਾਂ ਉਪ੍ਰੋਕਤ ਭਰੋਸੇ ਵਾਲੇ ਮਨੁੱਖ ਦਾ, ਇਸ ਕਥਾ ਨੂੰ ਬੜੇ ਚਾਵਾਂ ਅਤੇ ਸੱਧਰਾਂ ਨਾਲ ਪੜ੍ਹਨ ਲਈ ਬਿਹਬਲ ਹੋ ਜਾਣਾ, ਕੁਦਰਤੀ ਗੱਲ ਹੈ।

ਉਪ੍ਰੋਕਤ ਸਿਰਲੇਖ--**ਕਥਾ ਸ੍ਰੀ ਅਸਿਧੁਜ** " ਪੜ੍ਹ ਕੇ ਸਚੁ ਦੇ ਮੁਤਲਾਸ਼ੀ (=ਢੂੰਡਾਊ) ਦਾ ਹਿਰਦਾ ਖ਼ੁਸ਼ੀ ਨਾਲ ਗਦ ਗਦ ਕਿਵੇਂ ਨਾ ਹੋਵੇ ? ਨਾਮ ਵੀ ਉਹੀ ਅਸਿਧੁਜ ? (=ਅਸਿਧੁਜ-ਰੂਪ ਵਾਹਿਗੁਰੂ ?) ਜਿਸ ਅੱਗੇ ਸ਼ਾਮ ਨੂੰ ਰੋਜ਼ ਬੇਨਤੀਆਂ ਕਰਨ ਦਾ ਪੰਥਕ ਹੁਕਮ ਹੈ--" **ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ** " ? ਯਕੀਨ ਬੱਝਦਾ ਹੈ ਕਿ ਇਹ ਕਥਾ ਓਸੇ ਅਕਾਲ ਪੁਰਖ ਜੀ ਦੀ ਹੈ ਜਿਸ ਦਾ ਜ਼ਿਕਰ ਮੂਲਮੰਤ੍ਰ ਵਿਚ ਆਇਆ ਹੈ। ਉਸੇ ਕਰਤੇ ਦੀ ਕਥਾ ਦੀ ਵਿਚਾਰ ਵਿਚ ਲੀਨ ਹੋਣਾ ਹੈ ਜਿਸ ਨੂੰ (ਜਗਤ ਦੇ ਗੁਰੂ ਬ੍ਰਾਹਮਣ ਦੇ ਸਮੇਤ) ਸੰਸਾਰ ਦੇ ਸਮੂਹ ਧਰਮੀ ਮਹਾਂ- ਪੁਰਖਾਂ ਨੇ---**ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ** " ਮੰਨਿਆਂ ਹੈ ?:---

ਮਹਾਨ ਕੋਸ਼ ਸਫ਼ਾ ੧੪੭-- **ਸਬੁੱਧਿ=**ਬੁੱਧੀ ਸਹਤ, ਅਕਲ ਵਾਲਾ ਦਾਨ । ਸਫ਼ਾ ੮੫੦ - **ਬਾਚ**= ਬਚਨ, ਬੋਲ ਬਾਣੀ । ਸੋ **ਸਬੁੱਧ ਬਾਚ** ਦਾ ਅਰਥ--ਅਕਲ ਨਾਲ ਬੋਲੇ ਬਚਨ। ਬੱਧੀਮਾਨਾ ਵਾਂਗ ਬੋਲੇ ਇਨ੍ਹਾਂ ਬਚਨਾਂ ਦੁਅਰਾ, ਸ੍ਰੀ ਅਸਧੁੱਜ ਜੀ ਦੀ ਕਥਾ ਇਉਂ ਅਰੰਭ ਹੁੰਦੀ ਹੈ:--

**ਚੌਪਈ ॥ ਸੱਤਿ ਸੰਧਿ ਇੱਕ ਭੂਪਿ ਭਨਿਜੈ ॥ ਪ੍ਰਥਮੇ ਸਤਿਜੁਗ ਬੀਚ ਕਹਿਜੈ ॥**
**ਜਿਹ ਜਸ ਪੁਰੀ ਚੌਦਹੂੰ ਛਾਯੋ ॥ ਨਾਰਦ ਰਿਖਿ ਤਬ ਰਾਇ ਮੰਗਯੋ ॥ ੧ ॥**

**ਅਰਥ:**--ਸੱਤਸੰਧ ਨਾਮੀ ਇੱਕ ਰਾਜਾ ਸੱਤਜੁਗ ਵਿਚ ਹੋਇਆ ਮੰਨਿਆਂ ਜਾਂਦਾ ਹੈ। ਉਸ ਦਾ ਜਸ ਚੰਦਾਂ ਦੇ ਲੋਕਾਂ ਵਿਚ ਛਾਇਆ ਹੋਇਆ ਸੀ, ਤਦੋਂ ਉਸ ਰਾਜੇ ਨੇ ਨਾਰਦ ਰਿਸ਼ੀ ਨੂੰ ਵੀ ਆਪਣੇ ਕੋਲ ਬੁਲਾ ਲਿਆ ਹੋਇਆ ਸੀ । ੧ ।

ਇਹ ਕੀਹ ? ਕਥਾ ਦਾ ਅਰੰਭ ਹੀ ਕਿਸੇ ਕਥਿਤ ਰਾਜੇ ਤੋਂ ? ਅਜੇਹੇ ਰਾਜੇ ਤੋਂ ਜਿਸ ਦੀ ਹੋਂਦ ਏਡੀ ਸ਼ੱਕੀ ਹੈ ਕਿ ਅਰਥਾਂ ਵਿਚ ਪੰਡਿਤ ਨਰੈਣ ਸਿੰਘ ਗਯਾਨੀ ਨੇ " **ਹੋਇਆ ਮੰਨਿਆਂ ਜਾਂਦਾ ਹੈ** " ਸ਼ਬਦ ਵਰਤੇ ਹਨ। ' **ਹੋਇਆ ਹੈ** ਜਾਂ **ਹੋਇਆ ਸੀ** '-- ਲਿਖਣ ਤੋਂ ਸੰਗ ਕਿਸ ਕਾਰਨ ? ਕੀ **ਸੱਤਿ ਸੰਧਿ** ਨਾਮੀ ਰਾਜਾ ਅਸਲ ਵਿਚ ਹੋਇਆ ਕੋਈ ਨਹੀਂ ਸੀ ? ਇਸ ਝੂਠ-ਰਾਜੇ ਦਾ ਜ਼ਿਕਰ, **ਆਦਿ ਸਚੁ** ਦੀ ਕਥਾ ਵਿਚ ਕਿਉਂ ਆਇਆ ? ਕੀ ਅਸਿਧੁਜ ਬਾਰੇ ਵੀ ਸ਼ੱਕ ਹੀ ਹੈ ? ਕਿਤੇ " **ਆਦਿ ਸਚੁ " ਦੇ ਥਾਂ ਉਹ ਵੀ** ਸੱਤ ਸੰਧਿ ਰਾਜੇ ਵਰਗਾ ਇਸ ਝੂਠ-ਕਥਾ ਦਾ ਕੋਈ ਝੂਠ-ਪਾਤੱਰ ਹੀ ਤਾਂ ਨਹੀਂ ? ਕਿੱਧਰ ਫਸ ਗਏ ? ਪਰ ਹੁਣ ਉਖਲੀ ਵਿਚ ਸਿਰ ਆ ਚੁੱਕਾ ਹੈ। ਸੱਟਾਂ ਦਾ ਡਰ ਕਿਉਂ ? ਪੜ੍ਹੋ ਧਿਆਨ ਨਾਲ । ਸ਼ਾਇਦ ਸੱਚ ਦੀ ਸੋਝੀ ਕਰਵਾਉਣ ਦਾ ਇਹ ਨਿਆਰਾ ਢੰਗ ਹੋਵੇ ?:--

ਸਤਿਸੰਧ ਸਾਰੇ ਦੇਵਤਿਆਂ ਦਾ ਰਾਜਾ ਬਣ ਗਿਆ। ਭਗਵਾਨ ਬ੍ਰਹਮਾ ਜੀ ਨੇ ਆਪ ਉਸ ਨੂੰ ਇਸ ਰਾਜ ਦਾ ਤਿਲਕ ਲਾਇਆ। ਉਸ ਨੇ ਦੈਂਤਾਂ ਨੂੰ ਮਾਰ ਕੇ ਦੇਵਤਿਆਂ ਨੂੰ ਨਿਰਭੈ ਕਰ ਦਿੱਤਾ ਅਤੇ ਬੜਾ ਚਿਰ ਰਾਜ ਕਰਦਾ ਰਿਹਾ। ਆਖ਼ਰ **ਦੀਰਘ-ਦਾੜ੍ਹ** ਦੈਂਤ ਨੇ ਦਸ ਹਜ਼ਾਰ ਖੂਹਣੀ

[ਪੰਡਿਤ ਨਰੈਣ ਨੇ ਇੱਕ ਖੂਣੀ ਵਿਚ ੨੧੮੭੦ ਹਾਥੀ ੨੧੮੭੦ ਰੱਥ ੬੫੬੧੦ ਘੋੜੇ ਅਤੇ ੧੦੯੩੫੦ ਪਿਆਦੇ ਲਿਖੇ ਹਨ। ਦਸ ਹਜ਼ਾਰ ਖੂਹਣੀ ਵਿਚ ਕੁੱਲ ਜੋੜ ੧੮੭੦੦੦੦੦ ਹਾਥੀ, ਅਤੇ ਏਨੇ ਹੀ ਰਥ (ਇੱਕੀ ਕ੍ਰੋੜ ਸਤਾਸੀ ਲੱਖ ਰਥ ਤੇ ਹਾਥੀ), ੬੫੬੧੦੦੦੦੦ ਘੋੜੇ (ਛਵਿੰਜਾ ਕਰੋੜ ਇਕਾਹਠ ਲੱਖ ਅਤੇ ਦਸ ਹਜ਼ਾਰ ਘੋੜੇ) ਅਤੇ ੧੦੯੩੫੦੦੦੦੦ ਪਆਦੇ (੧ ਅਰਬ ਤਰਿਆਨਵੇਂ ਕਰੋੜ ਪੰਜਾਹ ਲੱਖ ਪਿਆਦੇ] ਚਤੁਰੰਗੀ ਸੈਨਾ ਲੈ ਕੇ ਉਸ ਰਾਜੇ ਤੇ ਹਮਲਾ ਕਰ ਦਿੱਤਾ। ਏਧਰੋਂ ਦੇਵਤੇ ੩੦ ਹਜ਼ਾਰ ਖੂਹਣੀ (੨੧੮੭੦੦੦੦੦, ਇਕੀ ਕ੍ਰੋੜ ਸਤਾਸੀ ਲੱਖ ਹਾਥੀ ਤੇ ਏਨੇ ਹੀ ਰਥ---੧੯੬੮੩੦੦੦੦--ਇੱਕ ਅਰਬ ਛਿਆਨਵੇਂ ਕ੍ਰੋੜ ਤਰਿਆਸੀ ਲੱਖ ਘੋੜੇ-ਅਤੇ ੩੨੮੦੫੦੦੦੦੦, ਤਿੰਨ ਅਰਬ ਅਠਾਈ ਕਰੋੜ ਪੰਜ ਲੱਖ ਪਿਆਦੇ) ਚਤੁਰੰਗੀ ਸੈਨਾ ਲੈ ਕੇ ਮੁਕਾਬਲੇ ਵਿਚ ਆ ਡਟੇ। ਦੇਵਤਿਆਂ ਦੀ ਫੌਜ ਦਾ **ਸੈਨਾਪਤੀ ਸੂਰਜ** ਬਣਿਆਂ । ਸੱਜੇ ਪਾਸੇ **ਚੰਦ** ਅਤੇ ਖੱਬੇ ਪਾਸੇ ਕਾਰਤਕ ਹੋ ਖਲੋਤਾ । (੧ ਤੋਂ ੬) [--**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**--ਸੰਸਾਰ-ਖੇਡ ਨੂੰ ਚਲਾਈ ਰੱਖਣ ਦੇ ਰੱਬੀ ਹੁਕਮ ਦੀ ਪਾਲਣਾ ਕਰਦੇ ਹੋਏ (**ਉਪਜੀਵਕਾ ਲਈ ਦੌੜ ਭੱਜ, ਅਤੇ ਕਈ ਤਰ੍ਹਾਂ ਦੇ ਕੰਮਾ ਕਾਜਾਂ ਦੇ ਰੁਝੇਵਿਆਂ ਵਿਚ ਜੀਆਂ ਨੂੰ ਨਿਰੰਤਰ ਪਰਵ੍ਰਿਤ ਰਖ ਕੇ ਉਨ੍ਹਾਂ ਦਾ ਥਕੇਵਾਂ ਲਾਹ ਕੇ ਮੁੜ ਤਾਜ਼ਾ ਦਮ ਕਰਦੇ ਰਹਿਣ ਵਾਲੀ ਦਾਈ ਦਾਏ ਵਾਲੀ ਵਡਮੁੱਲੀ ਸੇਵਾ ਕਰਦੇ ਰਹਿਣ ਦੇ ਧਰਮ ਨੂੰ ਤਿਆਗ, ਕੇ** ) ਕੀ, ਇਹ **ਸੂਰਜ ਅਤੇ ਚੰਦ ਭਗਵਾਨ**, ਫੌਜਾਂ ਦੇ ਜਰਨੈਲ ਵੀ ਬਣ ਜਾਇਆ ਕਰਦੇ ਸਨ? ਕੀ, ਇਹ ਸਿਜਣਹਾਰ ਵਲੋਂ ਲਾਈ ਸੇਵਾ ਤੋਂ ਕਦੇ ਬਾਹਰ ਜਾ ਸਕਦੇ ਹਨ ? ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਹ ਬਚਨ-**ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥ ੧੪ ॥** [੧੦੩੭] ਕੀ, ਸੂਰਜ ਚੰਦ ਆਦਿ ਉਸ **ਨਾਥ** ਤੋਂ ਆਕੀ ਹੋ ਜਾਇਆ ਕਰਦੇ ਸਨ ? ਨਹੀਂ ਕਦੇ ਨਹੀਂ। ਉਸ ਨਾਥ ਦੀ ਨੱਥ ਚੋ ਬਾਹਰ ਕੌਣ ਜਾ ਸਕਦਾ ਹੈ? ਫਿਰ ਇਹ ਭਾਣਾ ਕੀ ਵਰਤਿਆ ? ਸਪੱਸ਼ਟ ਹੈ ਕਿ ਜਦ ਝੂਠ ਹੀ ਅੱਡਰਾ ਰੱਬ ਬਣ ਬੈਠਾ ਤਾਂ ਉਹ ਆਪਣੇ ਝੂਠ-ਸੂਰਜ-ਚੰਦ ਨੂੰ ਜਿੱਧਰ ਮਰਜ਼ੀ ਹੈ ਤੋਰ ਲਵੇ ? ਜਦ ਝੂਠ ਨੂੰ ਹੀ ਰੱਬ ਮੰਨ ਲਿਆ ਤਾਂ ਉਸ ਸਚੇ ਦੀ ਸਚੀ ਕਾਰ ਨਾਲ ਵਾਸਤਾ ਹੀ ਕੀ ਰਹਿ ਗਿਆ ?

**ਦੈ ਦੈ ਢੋਲ ਬਜਾਇਨਗਾਰੇ ॥ ਪੀ ਪੀ ਭਏ ਕੈਫ ਮਤਵਾਰੇ ॥** (ਕੈਫ਼=ਸ਼ਰਾਬ)
**ਤੀਸ ਸਹਸ ਛੋਹਨਿ ਦਲ ਹਾਥਾ ॥ ਰਨ ਦਾਰੁਨੁ ਰਾਚਾ ਜਗਨਾਥਾ ॥ ੭ ॥**

**ਅਰਥ**:-ਢੋਲ ਨਗਾਰੇ ਵਜਾਏ ਗਏ ਅਤੇ ਸੂਰਬੀਰ **ਸ਼ਰਾਬ ਪੀ ਪੀ** ਮਤਵਾਲੇ ਹੋ ਗਏ। ਤੀਹ ਹਜ਼ਾਰ ਖੂਹਣੀ ਸੈਨਾ ਵਿਚਕਾਰ ਵਿਕਰਾਲ ਜੰਗ ਛਿੜ ਪਿਆ । ੭ ।

ਕਈ ਤਰ੍ਹਾਂ ਦੇ ਸ਼ਸਤ੍ਰਾਂ ਅਸਤ੍ਰਾਂ ਦੀ ਵਰਤੋ ਕਰਦੇ, ਦੋਹਾਂ ਧਿਰਾਂ ਦੇ ਸੂਰਮੇ **ਕਾਲ** ਦੀ ਪ੍ਰੇਰਨਾ ਤੇ ਮਰ ਮਰ ਕੇ ਧਰਤੀ ਤੇ ਡਿੱਗ ਰਹੇ ਸਨ। (੯-੧੧)

## ੨- ਕਥਾ ਰੱਬ ਦੀ ਪਰ ਝੂਠ ਏਡਾ ਭਿਅੰਕਰ ? ਵੈਤਰਨੀ ਨਦੀ ਨੂੰ ਸ਼ਰਮਸਾਰ ਕਰ ਰਹੀ ਲਹੂ ਦੀ ਨਦੀ ?

**ਝੂਮਿ ਝੂਮਿ ਕਹੀ ਗਿਰੇ ਧਰਨਿ ਭਟ ॥ ਜੁਦੇ ਜੁਦੇ ਕਹੀ ਅੰਗ ਪਰੇ ਕਟਿ ॥**
**ਚਲੀ ਸ੍ਰੋਨ ਕੀ ਨਦੀ ਬਿਰਜੈ ॥ ਬੈਤਰਨੀ ਜਿਨੀ ਕੋ ਲਖਿ ਲਾਜੈ ॥ ੧੨ ॥**

**ਅਰਥ**:--ਕਿਤੇ ਝੂਮ ਝੂਮ ਕੇ ਸੂਰਮੇ ਧਰਤੀ ਉਤੇ ਡਿੱਗ ਪਏ ਸਨ ਅਤੇ ਕਿਤੇ ਵੱਖ ਵੱਖ ਹੋਏ ਅੰਗ ਖਿਲਰੇ ਪਏ ਸਨ। ਲਹੂ ਦੀ ਵੱਗਦੀ ਨਦੀ ਨੂੰ ਵੇਖ ਕੇ ਵੈਤਰਣੀ ਨਦੀ ਵੀ ਸ਼ਰਮਸਾਰ ਹੁੰਦੀ ਸੀ । ੧੨ ।

(ਪੰਡਿਤ ਨਰੈਣ ਸਿੰਘ ਜੀ ਨੇ ਇਸ ਵੈਤਰਣੀ ਨਦੀ ਦੀ ਅਸਲੀਯਤ ਵੀ ਇਨ੍ਹਾਂ ਸ਼ਬਦਾਂ ਵਿਚ ਨਾਲ ਹੀ ਸਮਝਾਈ ਹੋਈ ਹੈ। ਲਿਖਦੇ ਹਨ ਕਿ,--" ਪੁਰਾਣਾ ਅਨੁਸਾਰ ਜਮ ਲੋਕ ਦੇ ਉਰਲੇ ਪਾਸੇ ਦੀ ਇੱਕ ਨਦੀ ਹੈ, ਜੋ ਦੋ ਯੋਜਨ (ਲਗ-ਪਗ ੧੨ ਮੀਲ) ਚੌੜੀ ਹੈ, ਇਹ ਬਦਬੂ-ਦਾਰ ਗਰਮ ਪਾਣੀ ਦੀ ਭਰੀ, ਭਯੰਕਰ ਪ੍ਰਵਾਹ ਦੀ ਨਦੀ ਹੈ। ਇਸ ਨਦੀ ਨੂੰ ਪਾਰ ਕਰਨ ਲਈ ਹੀ ਹਿੰਦੂ ਗਊ ਦਾਨ ਕਰਦੇ ਹਨ। ਇਸ ਦੀ ਉਤਪਤੀ **ਸਤੀ*** ਦੇ ਵਿਜੋਗ ਵਿਚ ਰੋਂਦੇ ਸ਼ਿਵਜੀ ਦੇ ਹੰਜੂਆਂ ਤੋਂ ਹੋਈ ਲਿਖੀ ਗਈ ਹੈ । [ Foot note:--ਪੁਰਾਣਾਂ ਅਨੁਸਾਰ ਪਾਰਬਤੀ, ਦੁਰਗਾ, ਭਵਾਨੀ, ਭਗਉਤੀ, ਕਾਲਕਾ, ਸੀਤਲਾ, **ਸ਼ਿਵਾ** ਆਦਿ ਕਈ ਨਾਵਾਂ ਵਾਲੀ ਦੇਵੀ ਦਾ ਪਹਿਲਾਂ ਨਾਮ **ਸਤੀ** ਸੀ। ਦੇਵੀ ਭਾਗਵਤ ਦੇ ਸਕੰਧ ੭, ਅਧਿਆਯ ੩੦ ਵਿੱਚ ਅਤੇ ਕਾਲਿਕਾ ਪੁਰਾਣ ਵਿਚ ਕਥਾ ਹੈ ਕਿ, ਆਪਣੇ ਪਿਤਾ ਦਕਸ਼ਯ ਦੇ ਜੱਗ ਵਿਚ ਆਪਣੇ ਪਤੀ ਮਹਾਂਦੇਵ ਦਾ ਨਿਰਾਦਰ ਨਾ ਝੱਲ ਸਕੀ ਤਾਂ ਸਤੀ ਨੇ ਜੱਗਕੁੰਡ ਵਿਚ ਡਿੱਗ ਕੇ ਪ੍ਰਾਣ ਤਿਆਗ ਦਿੱਤੇ। ਤਦ ਸ਼ਿਵ ਨੇ ਆ ਕੇ ਜੱਗ ਨਾਸ ਕਰ ਦਿੱਤਾ ਅਤੇ ਮੋਹ ਦੇ ਵੱਸ ਹੋਕੇ**ਸਤੀ ਦੀ ਲੋਥ** ਨੂੰ ਅਗਨਕੁੰਡ ਵਿਚੋਂ ਕੱਢ ਕੇ ਮੋਢੇ ਤੇ ਰੱਖ ਲਿਆ ਅਤੇ ਰਾਤ ਦਿਨ ਬਿਨਾ ਵਿਸ੍ਰਾਮ ਦੇ ਫਿਰਨ ਲੱਗਾ। ਉਨ੍ਹਾਂ ਦਿਨਾ ਵਿਚ ਸ਼ਿਵ ਜੀ ਮਹਾਰਾਜ ਏਨਾ ਰੋਏ ਕਿ ਅੱਥਰੂਆਂ ਦਾ ਪਾਣੀ ਵੈਤਰਨੀ ਨਦੀ ਜਾ ਬਣਿਆ ? ਵਿਸ਼ਨੂੰ ਨੇ ਸਤੀ ਦੀ ਲੋਥ ਦਾ ਇਸ ਤਰ੍ਹਾਂ ਹਾਲ ਦੇਖਕੇ ਸੁਦਰਸ਼ਨ ਚੱਕਰ ਨਾਲ ਲੋਥ ਦੇ, ਟੁਕੜੇ ਟੁਕੜੇ ਕਰ ਦਿੱਤੇ। ਜਿਸ ਜਿਸ ਥਾਂ ਸਤੀ ਦੇ ਅੰਗ ਡਿੱਗੇ, ਉਹ ਪਵਿੱਤ੍ਰ ਤੀਰਥ ਮੰਨੇ ਗਏ। ਜੈਸੇ ਜੀਭ ਵਾਲਾ ਅਸਥਾਨ ਜਵਾਲਾ ਮੁਖੀ, ਨੇਤ੍ਰਾਂ ਦੀ ਥਾਂ ਨੈਣਾਂਦੇਵੀ ਆਦਿ। ਤੰਤ੍ਰ-ਚੂੜਾਮਣਿ ਵਿਚ ਲਿਖਿਆ ਹੈ ਕਿ ਸਤੀ ਦੇ ਅੰਗ ੫੧ ਥਾਂ ਡਿੱਗੇ ਅਤੇ ਉਹ ਸਭ ' **ਦੇਵੀ ਪੀਠ** ' ਕਹੇ ਜਾਂਦੇ ਹਨ। ]

ਲਹੂ ਦੀ ਏਡੀ ਚੌੜੀ ਅਤੇ ਤਿੱਖੇ ਵੇਗਾ ਵਾਲੀ ਨਦੀ ਚੱਲ ਪਈ ਕਿ, ਜਿਸ ਦੇ ਟਾਕਰੇ ਤੇ ੧੨ ਮੀਲ ਚੌੜੀ ਅਤੇ ਬੜੇ ਤਿੱਖੇ ਵਹਿਣ ਵਾਲੀ ਵੈਤ੍ਰਨੀ ਨਦੀ ਵੀ ਮਾਤ ਪੈ ਗਈ। ਸੰਸਾਰ ਦੇ ਸਾਰੇ ਜੀਵ ਇੱਕੋ ਥਾਂ ਇਕ ਹੀ ਝਟਕੇ ਨਾਲ ਕਤਲ ਕਰ ਦਿੱਤੇ ਜਾਣ, ਤੱਦ ਵੀ (ਨਦੀ ਕਿਤੇ ਰਹੀ) ਲਹੂ ਦੀ ਨਹਿਰ ਚੱਲ ਤੁਰਨੀ ਵੀ ਅਸੰਭਵ ਹੈ। ਇਹ ਹੈ **ਪਹਿਲੇ ਝੂਠ** ਦਾ ਨਮੂੰਨਾ । ਅਜੇਹੇ ਝੂਠ ਸ੍ਰੀ ਅਸਿਧੁੱਜ ਜੀ ਦੀ ਕਥਾ ਦਾ ਭਾਗ ਹੋਣ ਦੇ ਕਾਰਨ। " **ਜੈਸਾ ਸੇਵੈ ਤੈਸੋ ਹੋਇ** " ਗੁਰੂ ਫ਼ੁਰਮਾਨ ਅਨੁਸਾਰ, ਅਜੇਹਾ ਝੂਠ, ਅਸਿਧੁਜ ਜੀ ਦੇ ਪੁਜਾਰੀਆਂ ਦੇ ਆਚਰਨ ਦਾ ਹਿੱਸਾ ਬਣ ਜਾਣਾ ਕੁਦਰਤੀ ਨਿੱਯਮ ਹੈ । ਸਪੱਸ਼ਟ ਹੈ ਕਿ ਸਰੀ ਅਸਧੁਜ ਦੇ ਪੁਜਾਰੀ ਪਰਲੇ ਦਰਜੇ ਦੇ ਝੂਠੇ ਅਤੇ ਬੇਇਤਬਾਰੇ ਬਣ ਜਾਂਦੇ ਹਨ।

ਇਸ ਤੋਂ ਅੱਗਲੀਆਂ ਦੋ ਚੌਪਈਆਂ ਵਿਚ ਦੇਵਤਿਆਂ ਅਤੇ ਦੈਂਤਾਂ ਵਿਚੋਂ ਕ੍ਰੋਧਵਾਨ ਹੋਏ ਅਨੇਕਾਂ ਸੂਰਮੇ ਜੂਝ ਕੇ ਮਰਦੇ ਦਰਸਾਉਂਣ ਦੇ ਨਾਲ ਇਉਂ ਲਿਖਿਆ ਹੈ--**ਜੂਝੇ ਗਿਰੇ ਬਰੰਗਨਿਨ** (=ਪਰੀਆਂ) **ਬਰੇ** --ਭਾਵ, ਜਿਹੜੇ ਜੂਝ ਕੇ ਮਰਦੇ ਸਨ ਉਨਾਂ ਨਾਲ ਪਰੀਆਂ ਨੇ ਵਿਆਹ ਕਰਵਾ ਲਿਆ। **ਮੁਰਦੇ ਨਾਲ ਵਿਆਹ** ਕਰਵਾ ਲੈਣ ਦੀ ਅਣਹੋਣੀ ਗੱਲ ? (**=ਦੂਜਾ ਮਹਾਨ ਕੁਫ਼ਰ ?)** ਉਹ ਵੀ ਅਸਿਧੁਜ ਜੀ ਦੀ ਕਥਾ ਵਿਚ ? ਸੱਤਸੰਧ ਅਤੇ ਦੀਰਘ ਦਾੜ੍ਹ ਬੜੇ ਗੁੱਸੇ ਵਿਚ ਲੜਦੇ ਇੱਕ ਦੂਜੇ ਦੇ ਸੈਨਕਾਂ ਨੂੰ ਮਾਰਦੇ ਸਨ ਜਿਸ ਤੋਂ:--

**ਜੋਗਿਨਿ ਜੱਛ ਕਹੂੰ ਹਰਖਾਏ ॥ ਭੂਤ ਪ੍ਰੇਤ ਨਾਚਤ ਕਹੂੰ ਭਏ ॥**

**ਕਹ ਕਹ ਕਹ ਕਲਿ ਸ਼ਾਹ ਸੁਨਾਚਤ ॥ ਭੀਖਨ ਸੁਨੈ ਸ਼ਬਦ ਭੈ ਆਵਤ ॥ ੧੬ ॥**

**ਅਰਥ**:--ਕਿਤੇ ਜੋਗਣੀਆਂ ਅਤੇ ਜੱਛ ਖ਼ੁਸ਼ ਸਨ ਅਤੇ ਕਿਤੇ ਪ੍ਰੇਤ ਨਾਚ ਕਰ ਰਹੇ ਸਨ। **ਕਾਲ ਦੀਆਂ ਕਿਲਕਾਰੀਆਂ** ਸੁਣ ਕੇ ਸਾਰਿਆਂ ਨੂੰ ਡਰ ਲੱਗਦਾ ਸੀ।

**ਫਿਰੈਂ ਦੈਂਤ ਕਹੂੰ ਦਾਂਤ ਨਿਕਾਰੇ ॥ ਬਮਤ ਸ੍ਰੋਨ ਕੇਤੇ ਰਨ ਮਾਰੇ ॥**

**ਕਹੂੰ ਸ਼ਿਵਾ ਸ਼ਾਮੁਹਿ ਫਿਕਰਾਹੀ ॥ ਭੂਤ ਪਿਸਾਚ ਮਾਸ ਕਹੂੰ ਖਾਹੀ ॥ ੧੭ ॥**

**ਅਰਥ**:--ਕਿਤੇ ਦੈਂਤ ਦੰਦ ਕੱਢ ਕੇ ਘੁੰਮ ਰਹੇ ਸਨ ਅਤੇ ਕਿਤੇ ਲਹੂ ਵਿਚ ਭਿੱਜੇ ਹੋਏ ਸੂਰਮੇ ਮਰੇ ਪਏ ਸਨ। ਕਿਤੇ **ਸ਼ਿਵਾ (ਸ਼ਿਵ ਦੀ ਪਤਨੀ-ਦੁਰਗਾ?)** ਸਾਹਮਣੇ ਹੋ ਕੇ ਫੁੰਕਾਰੇ ਮਾਰ ਰਹੀ ਸੀ ਅਤੇ ਕਿਤੇ ਭੂਤ ਪ੍ਰੇਤ ਮਾਸ ਖਾ ਰਹੇ ਸਨ। ੧੧ ॥

**ਧਿਆਨ ਵਿਚ** ਰੱਖਣਾ ਹੈ ਕਿ, ਪੰਡਿਤ ਨਰੈਣ ਸਿੰਘ ਜੀ ਨੇ **ਸ਼ਿਵਾ** ਦਾ ਅਰਥ ਸਪੱਸ਼ਟ ਤੌਰ ਦੇ **ਚੰਡਿਕਾ** ਭਾਵ **ਚੰਡੀ (ਦੁਰਗਾ ਦੇਵੀ**) ਲਿਖਿਆ ਹੈ। ਮਹਾਨ ਕੋਸ਼ ਵਿਚ **ਸ਼ਿਵਾ** ਦਾ ਅਰਥ= ਸ਼ਿਵ ਦੀ ਇਸਤ੍ਰੀ ਦੁਰਗਾ ਪਾਰਬਤੀ " ਧਰ ਧਿਆਨ ਮਨ ਸ਼ਿਵਾ ਕੋ ਤਾਕੀ ਪੁਰੀ ਕੈਲਾਸ " (ਚੰਡੀ ੧) ਲਿਖਿਆ ਹੈ। **ਸ਼ਿਵਾ** ਦੇ ਅਰਥ **ਪਰਮਾਤਮਾ** ਮੰਨ ਲੈਣੇ, ਗੁਰਮਤਿ ਨਹੀਂ ਹੈ। **ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸ਼ਿਵਾ--ਨੂੰ ਰੱਬ ਨਹੀਂ ਮੰਨਿਆਂ। ਸਪੱਸ਼ਟ ਹੈ ਕਿ--ਦੇਹਿ ਸ਼ਿਵਾ ਬਰ ਮੁਹਿ ਇਹੈ ਸ਼ੁੱਭ ਕਰਮਨ ਤੇ ਕਬਹੁ ਨਾ ਟਰੂੰ** ॥ ਸਿੱਧੀ ਦੁਰਗਾ ਦੀ ਅਰਾਧਨਾ ਹੈ। ਜੇ ਇਹ ਆਖੀਏ ਕਿ ਸਾਡੇ ਲਈ ਸ਼ਿਵਾ ਅਕਾਲਪੁਰਖ ਹੈ ਤਾਂ ਬੁੱਤ ਪੂਜਾਂ ਲਈ ਮੂਰਤੀ ਵੀ ਰੱਬ ਹੀ ਹੈ। ਮੂਰਤੀ ਪੂਜਾ ਦੇ ਵਿਰੋਧ ਦਾ ਸਵਾਲ ਹੀ ਨਹੀਂ ਰਹਿ ਜਾਂਦਾ। ਫਿਰ ਗੁਰੂ ਬਾਣੀ ਵਿਚ ਆਏ ਮੂਰਤੀ ਪੂਜਾ ਦੀ ਖੰਡਨਾਂ ਵਾਲੇ ਗੁਰੂ ਫ਼ੁਰਮਾਨਾਂ ਦਾ ਕੀ ਬਣਿਆਂ ? **ਸ਼ਿਵਾ** ਕੋਲੋਂ ਵਰ ਮੰਗਣ ਵਾਲਿਆ ਸ਼ਰਧਾਲੂਆਂ ਨੇ ਸ਼ਾਇ ਇਸ ਪੱਖੋਂ ਕਦੇ ਵਿਚਾਰਿਆਂ ਹੀ ਨਾ ਹੋਵੇ ?

## ੩- ਅਸਿਧੁਜ-ਰੂਪ ਰੱਬ ਜੀ ਦੀ ਗੱਲ ਲਿਖਦਿਆਂ ਕਥਾ ਵਧਨ ਦਾ ਡਰ-ਰੂਪ ਝੂਠ-ਬਹਾਨਾ ?

ਸੱਚਾ ਇਤਿਹਾਸ ਲਿਖਣ ਵਾਲਾ ਕੋਈ ਵੀ ਲਿਖਾਰੀ ਗ੍ਰੰਥ ਵਧਨ ਦੇ ਡਰ ਜਿਹੇ ਫ਼ਜ਼ੂਲ ਬਹਾਨੇ ਘੜਨ ਤੋਂ ਬਚਿਆ ਰਹਿੰਦਾ ਹੈ। ਪਰ ਜਿਵੇ ਬਚਿੱਤਰ ਨਾਟਕ ਵਿਚ ਅਸਾਂ ਵਿਚਾਰ ਲਿਆ ਸੀ ਕਿ ਝੂਠ ਲਿਖਣ ਵਾਲੇ ਲਖਾਰੀ ਕੋਲੋ ਜਦੋਂ ਗੱਪਾਂ ਦਾ ਭੰਡਾਰ ਸਮਾਪਤ ਹੋਣ ਤੇ ਆਉਂਦਾ ਹੈ ਤਾਂ ਗ੍ਰੰਥ ਦੇ ਵਧਨ ਦਾ ਬਹਾਨਾ ਘੜ ਖਲੋਂਦਾ ਹੈ। ਐਨ ਉਸੇ ਤਰ੍ਹਾਂ, ਜੰਗ ਦਾ ਹਾਲ ਲਿਖਦਿਆਂ, ਏਥੇ ਵੀ ਲਿਖਾਰੀ ਨੂੰ ਗ੍ਰੰਥ ਵਧਨ ਦੇ ਡਰ ਘੇਰੀ ਰੱਖਦਾ ਨਜ਼ਰ ਆਉਂਦਾ ਹੈ--

**ਜੌ ਕ੍ਰਮ ਕ੍ਰਮ ਕਰਿ ਕਥਾ ਸੁਨਾਉਂ ॥ ਗ੍ਰੰਥ ਬਢਨ ਤੇ ਅਧਿਕ ਡਰਾਊਂ ॥**

**ਤੀਸ ਸਹਸ ਛੂਨਿ ਜਹ ਜੋਧਾ ॥ ਮੰਡਯੋ ਬੀਰ ਖੇਤ ਕਰਿ ਕ੍ਰੋਧਾ ॥ ੨੦ ॥**

**ਅਰਥ**:-ਜੇ ਮੈਂ ਕਰਮਵਾਰ ਕਥਾ ਸੁਣਾਵਾਂ ਤਾਂ ਗ੍ਰੰਥ ਦੇ ਅਕਾਰ ਵੱਧ ਜਾਣ ਤੋਂ ਡਰਦਾ ਹਾਂ, (ਕਿਉਂ ਜੀ ! ਚਾਰ ਸਫ਼ੇ ਹੋਰ ਵਧ ਜਾਣ ਤੇ ਲਿਖਾਰੀ ਨੂੰ ਕੈਦ ਹੋ ਜਾਣ ਦਾ ਡਰ ਸੀ ?) ਤੀਹ ਹਜ਼ਾਰ ਖੂਣੀਆਂ ਵਿਚ ਸਾਰੇ ਜੋਧਿਆਂ ਨੇ ਰੋਹ ਨਾਲ ਭਰ ਕੇ ਯੁੱਧ ਕੀਤਾ ।੨੦।

ਪਰ ਗ੍ਰੰਥ ਵਧਨ ਦਾ ਡਰ ਪ੍ਰਗਟ ਕਰ ਲੈਣ ਉਪ੍ਰੰਤ ਕਿਸੇ ਸਿੱਟੇ ਤੇ ਪੁੱਜਣ ਦੀ ਗੱਲ ਲਿਖਣ ਦੇ ਥਾਂ, ਫਿਰ ਨਾਲ ਹੀ--ਸੈਨਾਪਤੀ ਸੈਨਾ ਪਤੀਆਂ ਨਾਲ ਭਿੜ ਮਰੇ ਤੇ ਹਾਥੀਆਂ ਨੇ ਹਾਥੀਆਂ ਨੂੰ ਸਵਰਗ ਭੇਜ ਦਿੱਤਾ । ੨੧। ਦਲਪਤੀ ਨਾਲ ਦਲ ਪਤੀ ਲੜ ਮਰੇ ਅਤੇ ਇਸ ਤਰਾਂ ਸੇਨਾ ਦਾ ਨਾਸ ਹੋਇਆ ਪਰ ਜਿਹੜੇ ਬਚੇ ਉਹ ਗੁੱਸੇ ਨਾਲ ਲੜਨ ਲੱਗ ਪਏ । ੨੨। ਅਤੇ ਅੱਗੇ ਫਿਰ ਗ੍ਰੰਥ ਵਧਨ ਦੇ ਡਰ ਨੇ ਆ ਦਬਾਇਆ ?:--

**ਰਨ ਮਾਂਡਤ ਭੇ ਬਿਧਿ ਪ੍ਰਕਾਰਾ ॥ ਦੈਤਰਾਟ ਅਰੁ ਦੇਵ ਨ੍ਰਿਪਾਰਾ ॥**

**ਰਸਨਾ ਇਤੀ ਨ ਭਾਖ ਸੁਨਾਊਂ ॥ ਗ੍ਰੰਥ ਬਢਨ ਤੇ ਅਤਿ ਡਰ ਪਾਊਂ ॥ ੨੩ ॥**

**ਅਰਥ**:--ਦੈਂਤ ਸਮਰਾਟ ਦੇਵ ਸਮਰਾਟ ਹੁਣ ਕਈ ਢੰਗਾਂ ਨਾਲ ਯੁੱਧ ਕਰਨ ਲੱਗੇ। ਮੇਰੀ ਜੀਭ ਇਸ ਸਭ ਕੁਝ ਦਾ ਵਰਣਨ ਕਰਨ ਤੋਂ ਅਸਮਰਥ ਹੈ ਅਤੇ ਮੈਂ ਗ੍ਰੰਥ ਦੇ ਵਧ ਜਾਣ ਤੋਂ ਡਰਦਾ ਹਾਂ । ੨੩ ।

## ੪- ਕ੍ਰੋਧ ਅਗਨੀ ਵਿਚੋਂ ਸੁੰਦਰ ਇਸਤ੍ਰੀ ਪ੍ਰਗਟ ਹੋਣ ਵਾਲਾ ਅਨੋਖਾ ਕੁਫ਼ਰ ?

ਦੋਹਾਂ ਪਾਸਿਆਂ ਦੇ ਮੋਹਰੀ ਆਪਸ ਵਿਚ ਭਿੜ ਪਏ ਜਿਨ੍ਹਾਂ ੨੦ ਸਾਲ ਯੁੱਧ ਮਚਾਈ ਰਖਿਆ ਤੇ ਤੀਹ ਹਜ਼ਾਰ ਖੂਣੀਆਂ ਸਾਰੀ ਫੌਜ ਸਮਾਪਤ ਹੋ ਗਈ। (੨੪ ਤੋਂ ੨੮)

> ਦੋਹਾਂ ਪਾਸਿਆਂ ਦੀ ਸਾਰੀ ਫ਼ੌਜ (ਹਾਥੀ ਘੋੜੇ ਅਤੇ ਮਨੁੱਖ ਜਾਨਦਾਰ ਜੀਆਂ ਦੀ ਕੁਲ ਗਿਣਤੀ ੫੯੦੪੯੦੦੦੦੦। ਭਾਵ, ਹਾਥੀ ਘੋੜੇ ਅਤੇ ਮਨੁੱਖਾਂ ਪੰਜ ਅਰਬ ਨੱਵੇ ਕਰੋੜ ਉਣਿੰਜਾ ਲੱਖ ਜੀਆਂ ਦੀ) ਮੌਤ ਹੋ ਗਈ। ਇਨ੍ਹਾਂ ਵਿਚ ਤਿੰਨ ਅਰਬ ਅਠਾਈ ਕਰੋੜ ਪੰਜ ਲੱਖ ਕੇਵਲ ਪਿਆਦੇ ਫੌਜੀ ਹੀ ਹਨ। ਅੱਜ ਦੀ ੭੦ ਕ੍ਰੋੜ ਆਬਾਦੀ ਵਿਚੋਂ ਫੌਜੀ ਵੱਧ ਤੋਂ ਵੱਧ ੧੦ ਲੱਖ ਦੇ ਕਰੀਬ ਹਨ। ਭਾਵ, ਆਬਾਦੀ ਦਾ ਸਤਰਵਾਂ ਹਿੱਸਾ। ਉਸ ਹਿਸਾਬ ਨਾਲ ਦੇਵਤਿਆਂ ਅਤੇ ਦੈਂਤਾਂ ਦੀ ਆਬਾਦੀ ਦਾ ਕੁੱਲ ਜੋੜ ਇਸ ਧਰਤੀ ਤੇ ਸਮਾਉਣਾ ਅਸੰਭਵ ਹੈ। ਫਿਰ ਇਹ ਸਬੁੱਧ ਬਾਚ ਵਾਲਾ ਰਾਜਾ ਸੱਤਿ ਸੰਧ ਕਿਹੜੀ ਧਰਤੀ ਤੇ ਹੋਇਆ ?

ਦੋਹਾਂ ਧਿਰਾਂ ਤੋਂ ਜਦ ਫੌਜਾਂ ਸ਼ਹੀਦੀਆਂ ਪਾ ਗਈਆਂ ਤਾਂ ਦੋਹਾਂ ਰਾਜਿਆਂ (**ਸੱਤ ਸੰਧਿ ਅਤੇ ਦੀਰਘ ਦਾੜ੍ਹ**) ਦਾ ਬੜਾ ਭਿਆਨਕ ਯੁੱਧ ਛਿੜ ਪਿਆ। ਉਨ੍ਹਾਂ ਦੀ **ਕ੍ਰੋਧ ਅਗਨੀ** ਵਿਚੋਂ ਬੜੀ **ਸੁੰਦਰ ਇਸਤ੍ਰੀ ਨਿਕਲੀ** ਜਿਸ ਦੀ ਸੁੰਦ੍ਰਤਾ ਵੇਖ ਕੇ ਚੰਦ ਸੂਰਜ ਲੱਜਤ ਹੋਣ ਲੱਗੇ। ਉਸ ਇਸਤ੍ਰੀ ਨੇ ਸ਼ਸਤਰ ਅਸਤਰ ਫੜ ਲਏ ਅਤੇ **ਹੱਸਣ ਲੱਗ ਪਈ** । ਉਹ ਇਸਤ੍ਰੀ ਚੋਹੀ ਪਾਸੀ ਘੁੰਮੀ ਪਰ ਕ੍ਰੋਧ ਅਗਨੀ ਵਿਚੋਂ ਜਨਮੀ **ਉਸ ਦੇਵੀ**

ਨੂੰ--" **ਐਸ ਨ ਕਤਹੂੰ ਪੁਰਖ** ਨਿਹਾਰਾ ॥ **ਨਾਥ ਕਰੈ ਜਿਹ ਆਪੁ ਸੁਧਾਰਾ** ॥' ਅਜੇਹਾ **ਮਨੁੱਖ** (ਦੇਵ ਦੈਂਤਾਂ ਦੀ ਲੜਾਈ ਵਿਚੋਂ ਮਨੁੱਖ-ਖ਼ਸਮ ਦੀ ਭਾਲ? ਦੀਦਾ-ਦਾਨਿਸਤਾ ਲਿਖਿਆ Deliberate ਝੂਠ ?) ਨਾ ਲੱਭਾ ਜਿਸ ਨੂੰ ਉਹ ਆਪਣਾ ਸੁਆਮੀ ਬਣਾ ਸਕਦੀ। (੨੯-੩੦) । ਹੈ ਨਾ ਅਜੀਬ ਗੱਲ ? ਜਨਮ ਲੈਂਦਿਆਂ ਹੀ ਆਪਣੇ ਲਈ ਪਤੀ ਲੱਭਣ ਦੀ ਪੈ ਗਈ ? ਸ਼ਾਇਦ ਕ੍ਰੋਧ ਅਗਨੀ ਵਿਚੋਂ ਜਨਮੇ ਸਰੀਰ ਵਿਚ ਕਾਮ-ਅਗਨੀ ਦਾ ਤਕੜਾ ਭਾਂਬੜ ਮਚ ਉਠਿਆ ਹੋਵੇ ?

## ੫- (ਨਿਰ ਅਕਾਰ=) ਅਸਿਧੁਜ-ਰੱਬ ਜੀ ਵਿਆਹ ਕਰਨ ਲਈ ਤਿਆਰ ?

ਹੁਣੇ ਹੀ ਜਿਹੜੀ ਇਸਤ੍ਰੀ ਮਨੁੱਖ-ਪਤੀ ਦੀ ਭਾਲ ਕਰ ਰਹੀ ਸੀ-- ਉਸ ਨੇ ਆਪਣੇ ਮਨ ਵਿਚ ਇਹ ਵਿਚਾਰ ਬਣਾ ਲਈ ਕਿ ਐਵੇ ਏਧਰ ਓਧਰ ਟੱਕਰਾਂ ਮਾਰਦੇ ਫਿਰਨ ਨਾਲੋਂ **ਸਿੱਧਾ ਜਗਤਪਤੀ (=ਰੱਬ)** ਨਾਲ ਹੀ ਵਿਆਹ ਕਿਉਂ ਨਾ ਕਰ ਲਵੇ ? ਬਸ ਉਸ ਨੇ ਕਾਲਕਾ ਦੇਵ ਨੂੰ ਪ੍ਰਸੰਨ ਕਰਨ ਲਈ (**ਭਾਂਤਿ ਭਾਂਤਿ ਤਿਨ ਲਿਖਿ ਲਿਖਿ ਜੰਤ੍ਰਾ**--੩੨) ਕਈ **ਤਰ੍ਹਾਂ ਦੇ ਜੰਤਰ** ਲਿਖੇ। ਇਸ ਤਰ੍ਹਾਂ ਭਵਾਨੀ ਦੇਵੀ ਉਸ ਤੇ ਮਿਹਰਬਾਨ ਹੋ ਗਈ ਤੇ ਉਸ ਨੇ ਕਿਹਾ-- ' ਹੇ ਪੁੱਤਰੀ ਅਕਾਰ ਰਹਿਤ ਪ੍ਰਭੂ ਤੇਰੇ ਨਾਲ ਜ਼ਰੂਰ ਵਿਆਹ ਕਰਨਗੇ, ਪਰ ਆਪਣੇ ਉਸ ਭਗ਼ਾਵੀ-ਪਤੀ ਸ੍ਰੀ ਅਸਿਧੁਜ ਜੀ ਦਾ ਵਿਸ਼ਵਾਸ਼ ਜਿੱਤਣ ਲਈ ਉਸ ਵਿਚ ਨਿਰੰਤਰ ਧਿਆਨ ਜੋੜੀ ਰੱਖ '।(-੩੪) ਇਹ ਸੁਣ ਕੇ ਉਹ-(**ਅਤਿ ਪਵਿਤ੍ਰ ਨਿਸਿ ਹ੍ਵੈ ਛਿਤ ਸੋਈ**--੩੪ ) ਪਵਿੱਤਰ ਹੋ ਕੇ ਇਕਾਂਤ ਵਿਚ ਰਾਤ ਨੂੰ ਸੌਂ ਗਈ। ਅਤੇ ਫਿਰ:--

**ਅਰਧ ਰਾਤ੍ਰਿ ਬੀਤਤ ਭੀ ਜਬ ਹੀ ॥ ਆਗਯਾ ਭਈ ਨਾਥ ਕੀ ਤਬ ਹੀ ॥**
**ਸ੍ਵਾਸ ਬੀਰਜ ਦਾਨਵ ਲਬ ਮਰਿ ਹੈਂ ॥ ਤਿਹ ਪਛੇ ਸੁੰਦਰਿ ਮੁਹਿ ਬਰਿ ਹੈਂ ॥ ੩੫ ॥**

ਅੱਧੀ ਰਾਤ ਨੂੰ ਸੁਆਮੀ ਦੀ ਆਗਿਆ ਹੋਈ--**ਹੇ ਸੁੰਦਰੀ ਜਦੋਂ ਸ੍ਵਾਸ ਬੀਰਜ ਦੈਂਤ ਮਾਰਿਆ ਜਾਵੇਗਾ ਮੈਂ ਤੈਨੂੰ ਵਰ ਲਵਾਂਗਾ** ।

**ਦੂਲਾ ਦੇਵੀ ਨਾਲ ਸ਼ਾਦੀ ਕਰਨ ਦੇ ਬਚਨ ਕਰਨ ਤੋਂ ਇਹ ਸਚਾਈ ਸਪੱਸ਼ਟ** ਹੋ ਜਾਣ ਵਿਚ ਕੋਈ ਕਸਰ ਨਹੀਂ **ਰਹਿੰਦੀ ਕਿ, ਕਈ ਉਪਨਾਵਾਂ ਵਾਲੇ ਇਸ ਮਹਾਂਕਾਲ ਪ੍ਰਤੀ ਜਾਪ ਸਾਹਿਬ ਵਿਚਲੇ ਇਹ ਬਚਨ--ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨਾ ਸਕਤ ਕਿਹ ॥....** ਕਿਸੇ ਵੀ ਦਲੀਲ ਨਾਲ ਨਹੀਂ ਢੁੱਕਦੇ। ਕਿਉਂਕਿ ਪੰਜ ਭੂਤਕ ਸਰੀਰ ਹੀ ਆਪਣੀਆਂ ਕਈ ਤਰ੍ਹਾਂ ਦੀਆਂ ਭੁੱਖਾਂ ਮਿਟਾਉਣ ਦੀ ਸਹੂਲਤ ਲਈ, ਅਥਵਾ ਕਿਸੇ ਦੂਜੇ ਪੰਜ-ਭੂਤਕ ਸਰੀਰ ਤੋਂ ਸੁਖ ਪ੍ਰਾਪਤ ਕਰਨ ਲਈ ਜਾਂ ਉਸ ਤੋਂ ਰਸ ਮਾਨਣ ਲਈ **ਵਿਆਹ- ਸ਼ਾਦੀ-ਵਿਖਵਾ** ਅਥਵਾ **ਅਡੰਬਰ** ਰਚ ਬਹਿੰਦਾ ਹੈ। ਸ਼ਾਦੀ-ਵਿਆਹ ਕੇਵਲ ਦ੍ਰਿਸ਼ਟਮਾਨ ਸਰੀਰਾਂ ਦੀ ਦ੍ਰਿਸ਼ਟਮਾਨ ਕਿਰਿਆ ਹੈ। ਅਦ੍ਰਿਸ਼ਟਿ ਆਤਮਾ ਦਸ਼ਿਟਮਾਨ ਤਮਾਸ਼ਾ ਕਦੇ ਨਹੀਂ ਰਚ ਸਕਦਾ। ਸੋ ਆਤਮਾ ਕਦੇ ਸ਼ਾਦੀ ਨਹੀਂ ਰਚਾਉਂਦਾ। ਉਹ ਤਾਂ ਆਪਣੇ ਪਿਆਰੇ ਵਿਚ ਉਂਜ ਹੀ ਲੀਨ ਹੋ ਜਾਂਦਾ ਹੈ । " **ਏਕੁ ਜੋਤਿ ਦੋਇ ਮੂਰਤੀ** "। ਦੀ ਗੱਲ ਤਾਂ ਹੈ, ਪਰ ਦੋ ਸਰੀਰਾਂ ਤੋਂ ਇੱਕ ਸਰੀਰ ਬਣ ਜਾਣ ਦੀ ਗੱਲ ਗੁਰੂ ਬਾਣੀ ਵਿਚੋਂ ਨਹੀਂ ਮਿਲਦੀ। ਲਿਖਾਰੀ ਨੇ ਮਹਾਂਕਾਲ ਅਥਵਾ ਅਸਿਧੁਜ ਕਿਉਂਕਿ ਸਰੀਰ ਵਾਲਾ ਦਰਸਾਇਆ ਹੋਇਆ ਹੈ, ਇਸ ਲਈ, ਜਦ ਉਹ **ਨਿਰ-ਅਕਾਰ** ਨਹੀਂ ਰਿਹਾ ਤਾਂ, **ਅਬਿਨਾਸ਼ੀ** ਅਤੇ **ਸਰਬਨਿਵਾਸੀ** ਵੀ ਮੰਨਿਆਂ ਨਹੀਂ ਜਾ ਸਕਦਾ।

**ਜੇਹਾ ਸੇਵੇ ਤੈਸੋ ਹੋਵੈ**--ਗੁਰਮਤਿ ਸਿਧਾਂਤ ਅਨੁਸਾਰ--ਇਸ ਸਬੁਧ ਬਾਚ ਵਾਲੇ ਮਹਾਂਕਾਲ-ਅਸਧੁਜ ਦਾ ਸਿਮਰਨ ਵੀ ਕਰਦੇ ਰਹਿਣ ਨਾਲ ਸਿੱਖ ਦੇ ਆਚਰਨ ਵਿਚ ਉਸ ਦੀਆਂ ਵਡਿਆਈਆਂ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ [ ਭਾਵ, ਕਾਮੀ ਅਤੇ ਅਪਾਰ ਕ੍ਰੋਧੀ, ਮੁੜ ਮੁੜ ਭੁੱਲਾਂ ਕਰਦਾ ਰਹਿਣ ਵਾਲਾ, ਲਹੂ ਪੀਣ ਦੇ ਨਾਲ ਮਨੁੱਖਾਂ ਨੂੰ ਆਪਣੀਆਂ ਭਿਆਨਕ ਦਾੜ੍ਹਾਂ ਹੇਠ ਚੱਬ ਚੱਬ ਕੇ ਖਾਣ ਵਾਲਾ, ਭਾਵ ਅਤੀਯਤ ਨਿਰਦਈ ਹੋਣ ਦੇ ਨਾਲ ਆਪਣੀ ਸੋਭਾ ਸੁਣ ਕੇ ਖ਼ੁਸ਼ ਹੋਣ ਵਰਗਾ ਕਈ ਕੁਝ ਜੋ ਵੀ ਅਸੀਂ ਇਸ ਗਾਥਾ ਵਿਚ ਪੜ੍ਹ ਰਹੇ ਹਾਂ ਉਹ ਸਭ ਗੁਣ ਔਗਣ ਗੁਰਮਤਿ ਸਿਧਾਂਤ ਅਨੁਸਾਰ ਸ਼ਰਧਾਲੂ ਦੇ ਆਚਰਨ ਵਿਚ ਵੱਸਦੇ ਹਨ] । ਝੂਠ ਭਾਵੇਂ ਅੰਤ ਨੂੰ ਡੋਬ ਹੀ ਦੇਵੇ ਪਰ, ਮਨੁੱਖ ਝੂਠ ਵੱਲ ਦੌੜ ਕੇ ਜਾਂਦਾ ਹੈ।-- **ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**---

ਸਵੇਰ ਹੁੰਦਿਆਂ ਹੀ ਉਹ ਇਸਤ੍ਰੀ ਸਸ਼ਤਰ ਹੋ ਕੇ ਜੰਗ ਲਈ ਨਿਕਲ ਪਈ। ਅਤੇ ਨਗਾਰਿਆਂ ਦੀ ਗੜਗੱਜ ਨਾਲ ਦੁਸ਼ਮਨ ਦੇ ਨੱਗਰ ਵਿਚ ਜਾ ਵੜੀ। ਲਲਕਾਰਿਆਂ ਦਾ ਸ਼ੋਰ ਸ਼ਰਾਬਾ ਅਤੇ ਨਗਾਰਿਆਂ ਦੀ ਧੁਣਕਾਰ ਸੁਣ ਕੇ ਦੈਂਤ ਜਾਗ ਪਿਆ ਅਤੇ ਕਹਿਣ ਲੱਗ ਕਿ, ਮੈਂ ਤਾਂ ਰਕਤਬੀਜ, ਇੰਦਰ, ਚੰਦਰ, ਸੂਰਜ, ਰਾਵਣ ਆਦਿ ਸਾਰਿਆਂ ਨੂੰ ਹਰਾ ਦਿੱਤਾ ਸੀ, ਐਸਾ ਕੋਣ ਹੈ ਜੋ ਮੇਰੇ ਤੇ ਚੜ੍ਹ ਆਇਆ ਹੈ ? ਸ਼ਸਤਰ ਸਜਾਏ ਅਤੇ ਧੁੱਯ ਭੂਮੀ ਵਿਚ ਆ ਗਿਆ। ਉਸ ਦੇ ਸ਼ੰਖ ਦੀ ਆਵਾਜ਼ ਸੁਣ ਕੇ ਧਰਤੀ ਕੰਬ ਗਈ, ਅਕਾਸ਼ ਹੜਬੜਾ ਉਠਿਆ--ਇਹ " **ਅਤੁਲਬੀਰਜ** " ਕਿਸ ਉਤੇ ਕ੍ਰੋਧਵਾਨ ਹੋ ਗਿਆ ਹੈ? **ਸਤਿਸੰਧਿ** ਅਤੇ **ਦੀਰਘਦਾੜ੍ਹ** ਦੀ ਕ੍ਰੋਧ ਅਗਨੀ ਵਿਚੋਂ ਜਨਮੀ ਉਹ **(ਇਤਿ ਦਿਸਿ ਦੂਲਹ ਦੇਈ ਕੁਮਾਰ)** ਬੀਬੀ ਦੂਲਾ ਦੇਵੀ ਨਾਲ ਯੁੱਧ ਛਿੜ ਪਿਆ। [੩੧ ਤੋਂ ੪੧]

## ੬- ਮੂੰਹ ਤੋਂ ਨਿਕਲਦੇ ਸੁਆਸਾਂ ਤੋਂ ਅਤੇ ਫਿਰ ਲਹੂ ਤੋਂ, ਬੇਅੰਤ ਦੈਂਤਾਂ ਦੀ ਪੈਦਾਇਸ਼ ? -

**(a)** **ਲਗੇ ਬਿਸਿਖ ਜਬ ਅੰਗ ਕਰਾਰੇ ॥ ਦਾਨਵ ਭਰੇ ਕੋਪ ਤਬ ਭਾਰੇ ॥**
**ਮੁਖ ਤੇ ਸ੍ਵਾਸ ਸ੍ਰਮਿਤ ਹ੍ਵੈ ਕਾਢੇ ॥ ਤਿਨ ਤੇ ਅਮਿਤ ਅਸੁਰ ਰਨ ਬਾਢੇ ॥ ੪੨ ॥**

**ਅਰਥ:**--ਜਦ ਅੰਗਾਂ ਨੂੰ ਕਰਾਰੇ ਤੀਰ ਵੱਜੇ ਤਾਂ ਦੈਂਤ ਬੜੇ ਰੋਹ ਵਿਚ ਭਰ ਗਏ । ਉਹ ਥੱਕ ਕੇ ਜਦ **ਮੂੰ ਤੋਂ ਸਾਹ ਲੈਂਦੇ** ਸਨ ਤਾਂ ਉਸ ਤੋਂ ਹੋਰ ਅਨੇਕਾਂ ਦੈਂਤ ਵਧ ਜਾਂਦੇ ਸਨ।

**(b)** **ਤਿਨਕੇ ਬਾਲ ਬਹੁਰਿ ਬਧ ਕਰਾ ॥ ਉਨ ਕਾ ਸ੍ਰੋਨ ਪ੍ਰਿਥੀ ਪਰ ਪਰਾ ॥**
**ਅਨਗਿਣਤ ਬਢੇ ਤਬੈ ਤਹ ਦਾਨਵ ॥ ਭੱਛਤ ਭਏ ਪਕਰਿ ਕਰਿ ਮਾਨਵ ॥ ੪੩ ॥**

**ਅਰਥ:**--ਇਸਤਰੀ ਨੇ ਉਨ੍ਹਾਂ ਨੂੰ ਕਤਲ ਕੀਤਾ ਤਾਂ ਜਦ ਉਨ੍ਹਾਂ ਦਾ ਖ਼ੂਨ ਧਰਤੀ ਤੇ ਡਿੱਗਾ ਤਾਂ ਉਸ ਤੋਂ ਵੀ ਅਨੇਕਾਂ ਦੈਂਤ ਪੈਦਾ ਹੋ ਗਏ ਜਿਹੜੇ **ਮਨੁੱਖਾਂ** ਨੂੰ ਫੜ ਫੜ ਕੇ ਖਾਣ ਲੱਗੇ । ੪੩ ।

ਕੇਵਲ ਲਹੂ ਤੋਂ ਅਥਵਾ ਸੁਆਸਾਂ ਤੋਂ ਮਨੁਖਾ ਸਰੀਰਾਂ ਦੇ ਬਣਨ ਵਾਲੀ ਗੱਲ ਕੁਦਰਤ ਦੇ ਕਾਨੂੰਨ ਦੇ ਉਲਟ ਅਤੇ ਗੁਰਮਤਿ ਵਿਰੋਧੀ ਹੈ। ਮਨੁੱਖਾ ਦੇਹ ਦੀ ਬਣਤਰ ਬਾਰੇ ਗੁਰੂ ਬਾਣੀ ਦੇ ਫ਼ੁਰਮਾਨ ਇਸ ਪ੍ਰਕਾਰ ਹਨ:--

੯੫- **ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ ਪਵਨੁ ਵਿਚੋਲਾ ਕਰਤ ਇਕੇਲਾ**
**ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥** {੮੯੪}-੭

**ਅਰਥ:**--(ਸਭ ਮਨੁੱਖਾਂ ਦੇ ਮਨਾਂ ਦੀ ਭਟਕਣਾ ਦੇ ਕਾਰਨ) ਸਾਰੀ ਧਰਤੀ ਅਖਾੜਾ ਬਣੀ ਹੋਈ ਹੈ, ਇਸ ਦੇ ਉਪੱਰ ਅਕਾਸ਼-ਚੰਦੋਆ ਤਣਿਆ ਹੋਇਆ ਹੈ । (ਜਿਹੜਾ ਸਰੀਰ) ਪਾਣੀ ਤੋਂ ਪੈਦਾ ਹੁੰਦਾ ਹੈ (ਉਸ ਦਾ ਅਤੇ ਜਿੰਦ ਦਾ) ਮਿਲਾਪ ਕਰਾਈ ਰੱਖਣ ਵਾਲਾ (ਹਰੇਕ ਜੀਵ ਦੇ ਅੰਦਰ ਚਲ ਰਿਹਾ ਸੁਆਸ ਹੈ । ਪੰਜ ਤੱਤਾਂ ਨੂੰ ਮਿਲਾ ਕੇ (ਪਰਮਾਤਮਾ ਨੇ ਹਰੇਕ ਜੀਵ ਦਾ) ਸਰੀਰ ਬਣਾਇਆ ਹੋਇਆ ਹੈ । (ਜੀਵ ਦੇ ਪਿਛਲੇ ਕੀਤੇ ਹੋਏ) ਕਰਮਾਂ ਅਨੁਸਾਰ ਸਰੀਰ ਦਾ ਮਿਲਾਪ ਪ੍ਰਾਪਤਿ ਹੋਇਆ ਹੈ । ੨ ।

੯੬- **ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥੪॥**
**ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥**{੧੧੨੮}

**ਅਰਥ:**--ਪੰਜ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ । ਕੋਈ ਇਹ ਨਹੀਂ ਆਖ ਸਕਦਾ ਕਿ ਕਿਸੇ (ਵਰਨ ਵਾਲੇ) ਵਿਚ ਬਹੁਤੇ, ਤੇ, ਕਿਸੇ (ਵਰਨ ਵਾਲੇ) ਵਿਚ ਥੋੜ੍ਹੇ ਤੱਤ ਹਨ । ੪ ।

੯੭- **ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥**
**ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥** {੧●੩●}-੪-੧●

੯੮- **ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮ ਰਾਮ ਪਾਏ ਸੁਖੁ ਥੀਆ ॥**
**ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥੭॥** {੧●੩੯}-੧-੧੮

੯੯- **ਪੰਚ ਤਤੁ ਮਿਲਿ ਕਾਇਆ ਕੀਨੑੀ ਤਤੁ ਕਹਾ ਤੇ ਕੀਨੁ ਰੇ ॥ ਕਰਮ ਬਧ ਤੁਮ ਜੀਉ ਕਹਤ ਹੌ**
**ਕਰਮਹਿ ਕਿਨਿ ਜੀਉ ਦੀਨੁ ਰੇ ॥੨॥ ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ**
**ਸੋਇ ਰੇ ॥ ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥੩॥੩॥** {੮੭●}

ਇਹ ਕਹਿਣਾ ਕਿ ਦਸ਼ਮੇਸ਼ ਜੀ ਨੇ ਉਨ੍ਹਾਂ ਪੁਰਾਣਕ ਕਹਾਣੀਆਂ ਨੂੰ ਖੋਹਲ ਕੇ ਲਿਖਿਆ ਹੈ ਜਿਨ੍ਹਾਂ ਦਾ ਗੁਰੂ ਬਾਣੀ ਵਿਚ ਸੰਕੇਤ ਮਾਤ੍ਰ ਜ਼ਿਕਰ ਆਇਆ ਹੈ, ਇੱਕ ਬੇਦਲੀਲਾ ਝੂਠ ਹੈ, ਅਥਵਾ ਇਹ ਕਹਿਣਾ ਕਿ, ' ਸਤਿਗੁਰਾਂ ਨੇ ਤਾਂ ਪੁਰਾਣਾ ਦਾ ਅਨੁਵਾਦ ਹੀ ਕੀਤਾ ਹੈ, ਉਨ੍ਹਾਂ ਦੇ ਆਪਣੇ ਵਿਚਾਰ ਨਹੀਂ ਹਨ '--ਸਿੱਖ ਨੂੰ ਕੁਰਾਹੇ ਪਾਉਣ ਵਾਲੀ ਕੁਟਲਤਾ ਹੀ ਹੈ---ਫਿਰ ਵੀ ਮੰਨ ਲਉ, ਕਿ, ਸਤਿਗੁਰਾਂ ਨੇ ਪੁਰਾਣਕ ਗ੍ਰੰਥਾਂ ਦਾ ਕੇਵਲ ਅਨੁਵਾਦ ਹੀ ਕੀਤਾ ਹੈ, ਉਨ੍ਹਾਂ ਦੇ ਆਪਣੇ ਵਿਚਾਰ ਨਹੀਂ ਹਨ ਤਦ ਅਸੀਂ ਇਹ ਕਿਵੇਂ ਭੁੱਲ ਬੈਠੀਏ ਕਿ ਜੇ ਇਸ ਗ੍ਰੰਥ ਦੀ ਰਚਨਾ--

(੧) ਵਿਹਲੇ ਰਹਿਣ ਨਾਲੋ ਸਮਾ ਬਿਤਾਉਣ ਲਈ, ਸਤਿਗੁਰਾਂ ਨੇ ਕੇਵਲ ਲਿਖਣ ਦਾ ਅਭਿਆਸ (Practice ) ਹੀ ਕੀਤਾ ਸੀ, ਤਾਂ ਇਸ ਗ੍ਰੰਥ ਨੂੰ ਧਾਰਮਿਕ ਦਰਜਾ ਦੇਣ ਵਿਚ ਕੀ ਭੇਤ ? **ਅਤੇ** (੨) ਜੇ ਇਹ ਵਿਸ਼ੇਸ਼ ਘਾਲਣਾ ਖ਼ਾਲਸਾ ਪੰਥ ਦੀ ਜਾਣਕਾਰੀ ਲਈ ਘਾਲੀ ਗਈ ਸੀ ਤਦ ਬੜਾ ਜ਼ਰੂਰੀ ਸੀ ਕਿ, ਦਸ਼ਮੇਸ਼ ਜੀ ਨੇ ਇਕ ਪਲ ਲਈ ਵੀ ਇਹ ਪੱਖ ਅੱਖੋਂ ਪ੍ਰੋਖਾ ਨਹੀਂ ਸੀ ਹੋਣ ਦੇਣਾ, ਕਿ ਕਿਤੇ-- (੧) " ਮੇਰੀ ਕਲਮ ਦਾ ਲਿਖਿਆ ਹੋਣ ਦੇ ਕਾਰਨ ਖ਼ਾਲਸਾ ਜੀ ਇਸ ਨੂੰ ਗੁਰੂ ਬਾਣੀ ਅਥਵਾ ਗੁਰਮਤਿ ਜਾਣ ਕੇ ਬ੍ਰਾਹਮਣੀ ਰੀਤਾਂ ਦੇ ਹੀ ਧਾਰਨੀ ਨਾ ਬਣ ਜਾਵੇ ?

(੨) ਕਿਤੇ, ਖ਼ਾਲਸਾ ਜੀ ਦੇ ਮਨ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਕੋਈ ਢਿੱਲ ਨਾ ਵਾਪਰ ਜਾਵੇ, (੩) ਕਿਤੇ ਖ਼ਾਲਸਾ ਜੀ ਆਪਣਾ ਅਜੋਕਾ (੧੬੯੯ ਤੋਂ ੧੭੦੮ ਤੱਕ ਦਾ) ਨਿਆਰਾ, ਆਚਰਨ, ਨਿਆਰੀ ਜੀਵਨ ਮਰਯਾਦਾ ਹੀ ਨਾ ਗੁਆ ਬਹਿਣ? ਇਨ੍ਹਾਂ ਸੰਭਵਤਾ ਕਮਜ਼ੋਰੀਆਂ ਦੇ ਵਾਪਰਨ ਤੋਂ ਬਚਾਈ ਰੱਖਣ ਲਈ ਥਾਂ ਥਾਂ ਤੇ ਨੋਟ ਦੇਣੋ ਕਿ---" ਪੁਰਾਣਾ ਦੇ ਇਹ ਗੁਰਮਤਿ ਵਿਰੋਧੀ ਬਚਨ ਮੇਰੇ ਨਹੀਂ ਹਨ। ਇਹ ਤੁਹਾਡੀ ਜਾਣਕਾਰੀ ਲਈ ਲਿਖੇ ਹਨ--ਇਨ੍ਹਾਂ ਦੇ ਪ੍ਰਭਾਵ ਤੋਂ ਕੋਹਾਂ ਦੂਰ ਰਹਿਣਾ ਹੈ, ਆਦਿ ਆਦਿ " ਕਿਸੇ ਵੀ ਹਾਲਤ ਵਿਚ ਸੁਜਾਨ ਦਸ਼ਮੇਸ਼ ਜੀ ਨਹੀਂ ਸਨ ਭੁੱਲ ਸਕਦੇ, ਅਤੇ ਨਾਲ ਹੀ ਗੁਰਮਤਿ ਦਾ ਪੱਖ ਸਮਝਾਉਣ ਲਈ ਗੁਰੂ ਬਾਣੀ ਦੇ ਪਰਮਾਣ ਲਿਖਣੇ ਕਦੇ ਨਾ ਭੁੱਲਦੇ । ਇਹ ਗੱਲ ਕਦੇ ਮੰਨੀ ਹੀ ਨਹੀਂ ਜਾ ਸਕਦੀ ਕਿ ਦਸ਼ਮੇਸ਼ ਜੀ ਦਾ ਲਿਖਿਆ ਗ੍ਰੰਥ ਪੂਰਨ ਤੌਰ ਤੇ, ਬਿਨਾ ਕਿਸੇ ਕਿੰਤੂ ਪ੍ਰੰਤੂ ਪੈਦਾ ਦੀ ਸੰਭਾਵਣਾ ਤੋਂ ਰਹਿਤ, ਇੱਕਦਮ ਸ਼ੁੱਧ ਅਤੇ ਸਪੱਸ਼ਟ ਗੁਰਮਤਿ ਗਿਆਨ ਦਾ ਭੰਡਾਰ ਨਾ ਹੁੰਦਾ।

**ਮੂੰਹ ਦੀ ਹਵਾੜ ਤੋਂ** ਅਤੇ **ਧਰਤੀ ਤੇ ਪਏ ਲਹੂ** ਤੋਂ ਅਣਗਿਣਤ ਦੈਂਤਾ ਦੇ ਪੈਦਾ ਹੋਣ ਵਾਲੇ ਪ੍ਰਾਕ੍ਰਿਤਕ ਵਿਰੋਧੀ ਅਤੇ ਗੁਰਮਤਿ ਦੀ ਖੰਡਨਾ ਵਾਲਾ **ਜਾਣ ਬੁੱਝ ਕੇ ਲਿਖਿਆ ਝੂਠ ਹੈ।** ਦੈਂਤਾਂ ਅਤੇ ਦੇਵਤਿਆਂ ਦੀ ਜੰਗ ਵਿਚੋਂ " ਮਨੁੱਖ " ਫੜ ਫੜ ਕੇ ਖਾਣ ਵਾਲਾ ਤੀਜੀ ਕਿਸਮ ਦਾ ਬੜਾ **ਕੋਝਾ ਕੁਫ਼ਰ ?** ਸਮੁੰਦਰ ਰਿੜਕਣ ਤੋਂ ਨਿਕਲੇ ਅੰਮ੍ਰਿਤ ਦੇ ਘੜੇ ਦੀ ਖੋਹਾ-ਖਾਹੀ ਲਈ ਦੇਵ ਦਾਨਵਾਂ ਦੀ ਕਥਿਤ ਜੰਗ ਸਮੇਂ ਅੰਮ੍ਰਿਤ ਦੇ ਘੜੇ ਵਿਚੋਂ (**ਭਾਰਤ** ਦੇ ਕੇਵਲ ਉਨ੍ਹਾਂ ਥਾਵਾਂ ਜਿੱਥੇ ਬ੍ਰਾਹਮਣ ਨੇ ਪਹਿਲਾਂ ਹੀ ਤੀਰਥ ਬਣਾ ਲਏ ਹੋਏ ਸਨ ਅੰਮ੍ਰਿਤ ਦੇ) ਤੋਪੇ ਡਿਗਣ ਵਾਂਗ ਹੀ, ਕੀ ਇਹ ਜੰਗ ਵੀ ਭਾਰਤ ਦੇ ਹੀ ਕਿਸੇ ਪ੍ਰਾਂਤ ਵਿਚ ਹੋ ਰਹੀ ਸੀ ਜੀ? ਦਸ਼ਮੇਸ਼ ਜੀ ਤਾਂ ਸਾਨੂੰ ਕਿਤੋਂ ਮਿਲਣੋ ਹੀ ਰਹੇ । ਜੇ ਉਨ੍ਹਾਂ ਨੇ ਮੁੜ ਧਰਤੀ ਤੇ ਆਉਣਾ ਹੁੰਦਾ ਤਾਂ ਉਹ ਆਪਣੀ ਥਾਂ ਜੁਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਕਿਉਂ ਸੌਂਪ ਜਾਂਦੇ ? ਕਿਉਂਕਿ ਇਸ ਸਾਰੇ ਝੂਠ ਦੇ

ਲਿਖਾਣਹਾਰੇ ਸ੍ਰੀ ਦਸ਼ਮੇਸ਼ ਜੀ ਨੂੰ ਤੁਸੀਂ ਹੀ ਮਿਥ ਰਹੇ ਇਸ ਲਈ ਹੇ ਪਦਮ ਸਾਹਿਬ ਜੀਓ ! ਦਸਮ ਗ੍ਰੰਥ ਪ੍ਰਤੀ ਪੈ ਰਹੇ ਸਾਡੇ ਸ਼ੰਕੇ, ਤੁਹਾਡੇ ਸਿਵਾ ਹੋਰ ਕੌਣ ਦੂਰ ਕਰੇ? ਕਰੋ ਮਿਹਰ ਅਤੇ ਕਰ ਦਿਉ ਸਾਡੇ ਸਾਰੇ ਭਰਮ ਭੁਲਖੇ ਖੇਰੂੰ ਖੇਰੂੰ ।

ਗੁਰਮਤਿ ਤੋਂ ਅਗਿਆਨੀਆਂ ਦੇ ਲਿਖੇ ਜਾਂ (ਨਿਆਰੇ ਸਤਿਗੁਰਾਂ ਦੇ ਨਿਆਰੇ ਗਿਆਨ ਤੋ ਘਾਬਰ ਕੇ ਗੁਰਮਤਿ ਦੇ) ਵੈਰੀ ਬਣੇ ਉਨ੍ਹਾਂ ਕੁਟਲ ਵਿਦਵਾਨ ਪ੍ਰੋਹਿਤਾਂ ਦੇ ਲਿਖੇ ਗ੍ਰੰਥਾਂ, ਰਹਿਤਨਾਮਿਆਂ ਜਾਂ ਕਥਿਤ ਹੁਕਮਨਾਮਿਆਂ ਦੇ ਅਧਾਰ ਤੇ ਅਜੇਹੇ ਪ੍ਰਾਕ੍ਰਿਤਕ ਵਿਰੋਧੀ ਕੁਫ਼ਰ ਨੂੰ ਸੱਚ ਮੰਨ ਕੇ ਉਸ ਮਹਾਨ ਗੁਰਦੇਵ ਜੀ ਦੇ ਨਾਮਣੇ ਨਾਲ ਜੋੜਨਾ, ਜੋ ਸੱਚ ਨਾਲ ਇੱਕ ਰੂਪ ਹੋ ਕੇ ਆਪ ਵੀ ਸੱਚ ਬਣ ਚੁੱਕੇ ਸਨ, ਘੋਰ ਬੇਇਨਸਾਫ਼ੀ ਹੈ। ਸੱਚ ਦੇ ਢੰਡੋਰਚੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ **ਦਸਵੇਂ ਪ੍ਰਕਾਸ਼,** ਸ੍ਰੀ ਦਸ਼ਮੇਸ਼ ਜੀ ਦਾ ਲਿਖਿਆ ਕਹਿਣ ਵਾਲੇ ਅਸੀਂ ਸ਼ੁਕਰ ਕਰੀਏ ਕਿ, ਅਜੇਹੀ ਅਵੱਗਿਆ ਅਸੀਂ ਦੁਰਬਾਸ਼ਾ ਜਿਹੇ ਕ੍ਰੋਧੀ ਰਿਸ਼ੀ ਦੀ, ਜਾਂ ਪਰਸਰਾਮ ਜਿਹੇ ਤਾਮਸ਼ੀ ਭਗਵਾਨ ਦੀ ਨਹੀਂ ਕਰ ਬੈਠੇ। ਉਹ ਹੁੰਦੇ ਤਾਂ ਜਾਦਵਾਂ ਦੇ ਵੰਸ਼ ਵਾਂਗ ? ਖੱਤਰੀਆਂ ਦੀਆਂ ੨੧ ਕੁਲਾਂ ਵਾਂਗ**....? ਅੱਗੇ ਕੀ ਲਿਖਾਂ--ਪਦਮ ਜੀ--ਤੁਸੀਂ ਸਭ ਬਾਤ ਜਾਣਤ ਹੀ ਹੋ ।**

**ਗਾਥਾ ਅੱਗੇ ਤੁਰੀ:--**

ਉਹ ਬੀਬੀ ਜਿਉਂ ਜਿਉਂ ਦੈਂਤਾਂ ਨੂੰ ਕਤਲ ਕਰਦੀ ਤਿਉਂ ਤਿਉਂ ਲਹੂ ਵਿਚੋਂ ਪੈਦਾ ਹੋਣ ਵਾਲੇ ਵਿਕਰਾਲ ਦੈਂਤਾਂ ਦੀ ਗਿਣਤੀ ਛਾਲਾਂ ਮਾਰਦੀ ਵਧਦੀ ਜਾਂਦੀ ? (੪੪ ਤੋਂ ੫੦) ਇੱਕ ਇਹ ਝੂਠ ਕਿਸ ਖਾਤੇ ਪਿਆ:--

**ਤਿਨ ਤੈ ਤਜਤ ਅਸੁਰ ਜੇ ਸ੍ਵਾਸਾ ॥ ਤਿਨ ਤੇਂ ਦਾਨਵ ਹੋਹਿ ਪ੍ਰਕਾਸ਼ਾ ॥**
**ਕਿਤਕ ਮਰਤ ਕੈ ਤਰੁਨਿ ਸੰਘਾਰੇ ॥ ਦਸੌ ਦਿਸਿਨ ਮਹਿ ਅਸੁਰ ਨਿਹਾਰੇ ॥ ੫੧ ॥**

ਉਨ੍ਹਾਂ ਦੇ ਸੁਆਸਾਂ ਵਿਚੋਂ ਵੀ ਅਨੇਕਾਂ ਦੈਂਤ ਪੈਦਾ ਹੁੰਦੇ ਗਏ। ਹਰ ਪਾਸੇ ਦੈਂਤ ਹੀ ਦੈਂਤ ਦਿਖਾਈ ਦੇਣ ਲੱਗ ਪਏ। ਆਖ਼ਰ (ਘਾਬਰ ਕੇ) ਉਸ ਤਰੁਨਿ (=ਇਸਤ੍ਰੀ) ਨੇ--**ਚਿਤ ਮੋਂ ਕਿਯਾ ਕਾਲਕਾ ਧਯਾਨ "**। ਬੀਬੀ ਦੇ ਯਾਦ ਕਰਦਿਆਂ ਸਾਰ ਹੀ ਭਗਵਾਨ ਨੇ ਦਰਸ਼ਨ ਆ ਦਿੱਤੇ। ਭਗਵਾਨ ਜੀ ਨੂੰ ਵੇਖਿਆ ਉਹ ਅਦਭੁਤ ਇਸਤ੍ਰੀ ਭਗਵਾਨ ਦੇ ਚਰਨਾਂ ਤੇ ਡਿੱਗ ਪਈ ਅਤੇ ਇਸ ਪ੍ਰਕਾਰ ਬੇਨਤੀਆਂ ਕਰਨ ਲੱਗ ਕੀਤੀ:---

**ਚਿਤ ਮੋਂ ਕਿਯਾ ਕਾਲਕਾ ਧਯਾਨਾ ॥ ਦਰਸ਼ਨ ਦਿਯਾ ਆਨਿ ਭਗਵਾਨਾ ॥**
ਕਰਿ ਪ੍ਰਨਾਮ ਚਰਨਨ ਉਠਿ ਪਰੀ ॥ ਬਿਨਤੀ ਭਾਂਤਿ ਭਾਂਤਿ ਅਨਿਕ ਤਨ ਕਰੀ ॥ ੫੨ ॥
**ਸਤਿ ਕਾਲ ਮੈਂ ਦਾਸ ਤਿਹਾਰੀ ॥ ਅਪਨੀ ਜਾਨਿ ਕਰੋ ਪ੍ਰਤਿਪਾਰੀ ॥**
**ਗੁਨ ਅਵਗੁਨ ਮੁਰ ਕਛੁ ਨ ਨਿਹਾਰਹੁ॥ ਬਾਹਿ ਗਹੈ ਕੀ ਲਾਜ ਬਿਚਾਰਹੁ ॥ ੫੩ ॥**
**ਹਮ ਹੈਂ ਸ਼ਰਨਿ ਤੋਰ ਮਹਾਂਰਾਜਾ ॥ ਤੁਮ ਕਹ ਬਾਹਿ ਗਹੇ ਕੀ ਲਾਜਾ ॥**
**ਜੌ ਤਵ ਭਗਤ ਨੈਕ ਦੁਖ ਪੈਹੈ ॥ ਦੀਨ ਦਯਾਲ ਪ੍ਰਭੁ ਬਿਰਦੁ ਲਜੈਹੈ ॥ ੫੪ ॥**
**ਔ ਕਹ ਲਗਿ ਮੈਂ ਕਰੌ ਪੁਕਾਰਾ ॥ ਤੈਂ ਘਟ ਘਟ ਕੀ ਜਾਨਨਿ ਹਾਰਾ ॥**
**ਕਹੀ ਏਕ ਕਰਿ ਸਹਸ ਪਛਿਨਯਹੁ ॥ ਆਪੁ ਆਪਨੇ ਬਿਰਦਹਿ ਜਨਿਹੋ ॥ ੫੫॥**

**ਅਰਥ**:--ਫਿਰ ਇਸਤ੍ਰੀ ਅੰਤਰ ਧਿਆਨ ਹੋਈ ਅਤੇ ਭਗਵਾਨ ਨੇ ਆ ਕੇ ਉਸ ਨੂੰ ਦਰਸ਼ਨ ਦਿੱਤੇ, ਉਹ ਨਮਸਕਾਰ ਕਰਕੇ ਉਸ ਦੇ ਚਰਨਾਂ ਵਿਚ ਡਿੱਗ ਪਈ ਅਤੇ ਕਈ ਪ੍ਰਕਾਰ ਨਾਲ ਬੇਨਤੀਆਂ ਕੀਤੀਆਂ **।੫੨।** ਹੇ ਸੱਚੇ ਮਹਾਂਕਾਲ ਜੀਓ ! ਮੈਂ ਤੁਹਾਡੀ ਦਾਸੀ ਹਾਂ ਅਤੇ ਮੈਨੂੰ ਆਪਣੀ ਸਮਝ ਕੇ ਮੇਰੀ ਪਾਲਣਾ ਕਰੋ। ਮੇਰੇ ਗੁਣ ਔਗੁਣ ਨ ਵੇਖੋ ਆਪਣੀ ਸ਼ਰਨ ਵਿਚ ਆਈ ਦੀ ਲਾਜ ਰੱਖੋ **।੫੩।** ਹੇ ਮਹਾਰਾਜ ! ਮੈ ਤੁਹਾਡੀ ਸ਼ਰਨ ਆਈ ਹਾਂ, ਮੇਰੀ ਬਾਂਹ ਫੜਕੇ ਮੇਰੀ ਲਾਜ ਰੱਖੋ। ਹੇ ਪ੍ਰਭੂ ਜਦ ਕੋਈ ਤੁਹਾਡਾ ਭਗਤ ਥੋੜਾ ਜਿਹਾ ਵੀ ਦੁਖ ਪਾਉਂਦਾ ਹੈ ਤਾਂ ਹੇ ਦੀਨ ਦਿਆਲ ਤੁਸੀ ਆਪਣੇ ਸਿੱਖ ਦੀ ਲਾਜ ਰੱਖਦੇ ਹੋ **। ੫੪ ।** ਮੈ ਹੁਣ ਕਿਥੋਂ ਤਕ ਪੁਕਾਰ ਕਰਾਂ ਤੁਸੀਂ ਤਾਂ ਘਟ ਘਟ ਦੀ ਜਾਨਣ ਵਾਲੇ ਹੋ। ਸਾਡੇ ਇਕ ਵਾਰ ਕਹਿਣ ਨੂੰ ਤੁਸੀਂ ਹਜ਼ਾਰ ਵਾਰ ਪਛਾਣਦੇ ਹੋ, ਤੁਸੀਂ ਆਪ ਆਪਣੇ ਭਗਤ ਨੂੰ ਚੰਗੀ ਤਰ੍ਹਾਂ ਜਾਣਦੇ ਹੋ ।੫੫।।

**ਹੇ ਪਦਮ ਸਾਹਿਬ ਜੀਓ !** ਇਨ੍ਹਾਂ ੫੨ ਤੋਂ ੫੫ ਨੰਬਰ ਚੌਪਈਆਂ ਤੋਂ ਉਤਲੇ ਸਾਰੇ ਝੂਠ ਤੁਫ਼ਾਨ-ਰੂਪ ਮਹੁਰੇ ਨੂੰ, ਅਗਿਆਨੀ ਸਿਖਾਂ ਦੇ ਸੰਘੋਂ ਹੇਠਾ ਕਰਨ ਲਈ, ਇਹ ਬੋਲ ' ਚੁੰਨ ਚੁੰਨ ਕਰਿ ' ਬਾਹਰ ਕੱਢ ਲਉ। ਗੁਰਬਾਣੀ ਹੋਣ ਦਾ ਭਰਮ ਸੌਖਾ ਪੈ ਜਾਵੇਗਾ ।

## ੭- ਚਕ੍ਰ ਚਿਹਨ, ਰੂਪ ਰੰਗ ਤੋਂ ਬਾਹਰੇ-ਉਂਜ ਕ੍ਰੋਧੀ ਹੋਏ ਗੱਜਦੇ ਫਿਰਦੇ ਰੱਬ ਜੀ?

### ਅਦ੍ਰਿਸ਼ਟ ਅਗੋਚਰ ਪਰ ਹੜ ਹੜ ਹੱਸਦੇ ਜੰਗ ਵਿਚ ਦੈਤਾਂ ਨਾਲ ਜੂਝਦੇ-ਨਿਰਾਕਾਰ ਰੱਬ ਜੀ ?

**ਹੇ ਪਦਮ ਸਾਹਿਬ ਜੀਓ !** ਇਨ੍ਹਾਂ ੫੨ ਤੋਂ ੫੫ ਨੰਬਰ ਚੌਪਈਆਂ ਤੋਂ ਉਤਲੇ ਸਾਰੇ ਝੂਠ ਤੁਫ਼ਾਨ-ਰੂਪ ਮਹੁਰੇ ਨੂੰ, ਅਗਿਆਨੀ ਸਿਖਾਂ ਦੇ ਸੰਘੋਂ ਹੇਠਾ ਕਰਨ ਲਈ, ਇਹ ਬੋਲ ' ਚੁੰਨ ਚੁੰਨ ਕਰਿ ' ਬਾਹਰ ਕੱਢ ਲਉ। ਗੁਰਬਾਣੀ ਹੋਣ ਦਾ ਭਰਮ ਸੌਖਾ ਪੈ ਜਾਵੇਗਾ ।

**ਝੂਠ ਦਾ ਇੱਕ ਹੋਰ ਰੂਪ ?** ਜਾਪ ਸਾਹਿਬ ਵਿਚ ਕੀ ਇਹ ਬਚਨ ਦਸ਼ਮੇਸ਼ ਜੀ ਦੇ ਹੀ ਹਨ ?--

**ਚਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ ॥**
**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥** ਅਤੇ

(੧) ਹੇ ਪ੍ਰਭੂ ! (ਤੂੰ ਐਸਾ ਹੈਂ ਕਿ) ਜਿਸ ਦੇ ਨਾ ਕੋਈ ਲੱਛਣ (ਦਿੱਸਦੇ) ਹਨ, ਨਾ ਕੋਈ ਰੰਗ ਹੈ, ਨਾ ਜਾਤਿ ਅਤੇ ਨਾ ਹੀ ਕੋਈ ਕੁਲ ਹੈ। ਕੋਈ ਮਨੁੱਖ ਨਹੀਂ ਕਹਿ ਸਕਦਾ ਕਿ ਤੇਰਾ ਕਿਹੋ ਜਿਹਾ ਰੂਪ ਹੈ, ਕੈਸਾ ਰੰਗ ਹੈ, ਕਿਹੋ ਜਿਹੇ ਰੇਖ ਹਨ, ਅਤੇ ਕੈਸਾ ਤੇਰਾ ਪਹਿਰਵਾ ਹੈ?

**ਰਾਮ: ਬਿਲਲ ਪਾਤ: ੧੦ ॥ ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧ ਸੰਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ ॥**

(੨) ਭਾਵ, ਉਹ (ਪਰਮਾਤਮਾ) ਮਨੁੱਖ ਰੂਪ ਨਹੀਂ ਕਿਹਾ ਜਾ ਸਕਦਾ । ਪੁੱਜੇ ਹੋਏ ਕਈ ਸਿੱਧ ਸਮਾਧੀਆਂ ਲਾ ਹਾਰੇ ਹਨ ਪਰ ਉਸ ਦੇ (ਸਾਖ਼ਸ਼ਾਤ) ਦਰਸ਼ਨ (ਇਨ੍ਹਾਂ ਬਾਹਰੀ ਅੱਖੀਆਂ ਨਾਲ) ਕਦੇ ਕਿਸੇ ਨੂੰ ਨਹੀਂ ਹੋਏ । ਉਪ੍ਰੋਕਤ ਬਚਨ ਵੀ ਦਸ਼ਮੇਸ਼ ਦੇ ਜੀ ਹੀ ਕਹਿਣ ਵਾਲੇ, ਹੇ ਪਦਮ ਸਾਹਿਬ ! ਅਤੇ ਮਨ ਦੀਆਂ ਅੱਖੀਆਂ ਬੰਦ ਕਰੀ ਬੈਠੇ ਮਾਇਆ ਮੋਹ ਵਿਚ ਫ਼ਸੇ ਹੋ ਕੇ ਹਰ ਪਾਸੇ ਸਤਿਕਾਰੇ ਜਾ ਰਹੇ ਹੇ **ਪੰਥ ਦੇ ਜਥੇਦਾਰ ਸਾਹਿਬ ਜੀਓ** ! ਇਹ ਉਪ੍ਰੋਕਤ ਮੂਰਖ-ਗੱਲ ਮਹਾਂਬਲੀ ਦਸਮ ਗੁਰੂ ਨਾਨਕ ਸਾਹਿਬ ਦੇ ਪਾਵਨ ਨਾਮਣੇ ਨਾਲ ਮੜ੍ਹਦਿਆਂ ਤੁਹਾਡਾ ਕਲੇਜਾ ਕਿਸ ਦਲੇਰੀ ਦੇ ਸਹਾਰੇ ਨਹੀਂ ਕੰਬ ਰਿਹਾ ? ਏਥੇ ਮਨੁੱਖੀ ਅਕਾਰਾਂ ਵਾਲਾ ਕਿਹੜਾ ਰੱਬ ਆ ਗਿਆ ਸੀ ਜਿਸ ਦੇ ਪੈਰ ਫੜ ਕੇ ਉਹ ਬੀਬੀ ਹਾੜੇ ਕੱਢਣ ਲੱਗ ਪਈ ਸੀ? ਕੀ ਇਹ ਹੋਰ ਭਿੰਅਕਰ ਝੂਠ ਵੀ ਦਸ਼ਮੇਸ਼ ਜੀ ਨੇ ਹੀ ਲਿਖਿਆ ਹੋਵੇਗਾ ਜੀ? ਸਾਖ਼ਸ਼ਾਤ ਪ੍ਰਗਟ ਹੋਏ ਉਸ ਅਕਾਰ ਰਹਿਤ ਭਗਵਾਨ ਦੇ ਅਜੇ ਹੋਰ ਕਾਰੇ ਵੇਖ ਲਈਏ:--

**ਹੜ ਹੜ ਸੁਨਤ ਕਾਲ ਬਚ ਹਸਾ ॥ ਭਗਤ ਹੇਤ ਕਟਿ ਸੌ ਅਸਿ ਕਸਾ ॥**
**ਚਿੰਤ ਨ ਕਰਿ ਮੈਂ ਅਸੁਰ ਸੰਘਰਿਹੌ ॥ ਸਕਲ ਸੋਕ ਭਗਤਨ ਕੋ ਹਰਿਹੌਂ ॥ ੫੬ ॥**

**ਅਰਥ:**--ਇਹ ਗੱਲ ਸੁਣ ਕੇ (ਨਿਰਅਕਾਰ ਰੱਬ ਜੀ) **(ਚਕ੍ਰ ਚਿਹਨ, ਰੂਪ ਰੇਖ ਤੋਂ ਬਿਨਾ ਰੱਬ ਜੀ) ਖਿੜ ਖਿੜ ਹੱਸਣ ਲੱਗ ਪਏ** । (?) ਆਪਣੇ ਭਗਤਾਂ ਦੀ ਖਾਤਰ ਕਿਰਪਾਨ ਆਪਣੇ ਲੱਕ ਨਾਲ ਕੱਸ ਲਈ ਅਤੇ ਬੋਲਿਆ- " ਚਿੰਤਾ ਨ ਕਰ ਮੈਂ ਭਗਤਾਂ ਦੇ ਸਭ ਦੁਖ ਦੂਰ ਕਰਾਂਗਾ ।

ਸਪੱਸ਼ਟ ਹੋ ਗਿਆ ਕਿ **ਇਸ ਗ੍ਰੰਥ ਵਿਚਲਾ ਅਸਿਧੁਜ, ਮਹਾਂਕਾਲਾ ਅਥਵਾ ਕਾਲ** ਗੁਰਮਤਿ ਦਾ ਰੱਬ ਨਹੀਂ। ਆਪਣੇ ਨਿਯੱਮ ਆਪ ਹੀ ਤੋੜਨ ਲੱਗਾ ਢਿੱਲ ਨਾ ਲਾਉਂਣ ਵਾਲਾ ਅਜੇਹਾ ਰੱਬ ਕੇਵਲ ਉਸ ਦਾ ਹੈ ਜਿਸ ਨੇ ਦਸਮਗ੍ਰੰਥ ਲਿਖਿਆ ਸੀ ਅਤੇ ਜਿਹੜਾ ਆਪ ਵੀ ਆਪਣੇ ਬਚਨਾਂ ਤੋਂ ਖਿਸਕਣ ਲੱਗਾ ਜਰਾ ਢਿੱਲ ਨਹੀਂ ਲਾਉਂਦਾ। (ਕੀ, ਸਾਡੇ ਸਨਮਾਨਤ ਜਥੇਦਾਰ ਸਾਹਿਬਾਨ ਉਸ ਬਹੁ-ਰੂਪੀਏ ਮਦਾਰੀ ਦੀ ਪਛਾਣ ਕਦੇ ਭੁੱਲ ਸਕਦੇ ਹਨ ? ਸੰਨ ੧੯੪੮ ਤੋਂ ਕੀ, ਉਸੇ ਭੱਦਰ ਪੁਰਸ਼ ਦੇ ਬਚਨਾਂ ਤੇ ਮੁੜ ਮੁੜ ਭਰੋਸਾ ਕਰੀ ਆ ਕੇ ਤੁਸੀਂ (ਪੰਥ ਦੀ ਬਾਗ-ਡੋਰ ਦੇ ਮਾਲਕ ਸਰਬ ਉੱਚ ਜਥੇਦਾਰ ਸਾਹਿਬਾਨ) ਭਰੋਸਾ ਦਾਨ ਮੰਗਣ ਵਾਲੇ ਦੂਲੇ ਪੰਥ ਦਾ ਸਭ ਕੁਝ ਨਹੀਂ ਗਵਾਈ ਜਾ ਰਹੇ ?)

ਭਾਵੀ-ਪਤਨੀ ਦੀ ਢਾਰਸ ਬੱਨ੍ਹ ਕੇ **ਕਾਲ ਜੀ** ਓਥੇ ਜਾ ਪੁੱਜੇ ਜਿਥੇ ਅਨੇਕਾਂ ਦੈਂਤ ਇਕੱਠੇ ਹੋ ਚੁੱਕੇ ਸਨ। (ਨਰਅਕਾਰ ਅਸਿਧੁਜ ਜੀ ਨੇ ?) ਆਪਣੇ ਚੌਹਾ ਹੱਥਾਂ ਵਿਚ ਸ਼ਸਤਰ ਫੜ ਲਏ--**ਚਹੂੰ ਕਰਨ ਕਰਿ ਸ਼ਸਤ੍ਰ ਪ੍ਰਹਾਰੇ**---ਅਤੇ ਅਨੇਕਾਂ ਦੈਂਤਾਂ ਨੂੰ ਮਾਰ ਮੁਕਾਇਆ। ਦੈਂਤਾਂ ਦੇ ਲਹੂ ਵਿਚੋਂ ਹੋਰ ਤੋਂ ਹੋਰ ਦੈਂਤ ਪੈਦਾ ਹੁੰਦੇ ਰਹੇ, ਪਰ ਰਬ ਤਕੜਾ ਹੋ ਕੇ ਸਾਰਿਆਂ ਨੂੰ ਕਤਲ ਕਰੀ ਗਿਆ। ਲਹੂ ਦੇ ਪਰਨਾਲੇ ਚਲ ਪਏ। (੫੭ ਤੋਂ ੫੯)

## ੮- ਦੌੜਨ ਨਾਲ ਹਿੱਲਦੀ ਹਵਾ ਤੋਂ ਦੈਂਤਾਂ ਦੀ ਉਤਪਤੀ ?

ਸੁਆਸਾਂ ਤੋਂ ਪੈਦਾ ਹੋਣ ਵਾਲੇ ਦੈਂਤਾਂ ਦੇ **ਭੱਜਣ ਨਾਲ ਜੋ ਹਵਾ** ਚਲਦੀ ਉਸ **ਹਵਾ ਵਿਚੋਂ ਦੈਂਤ** ਪੈਦਾ ਹੋਣ ਲੱਗ ਪਏ (੬੦) । ਹੁਣ ਫ਼ੌਜਾਂ ਦੀ ਦੂਜੀ ਲੋੜ ਪੂਰੀ ਕਰਨ ਲਈ ਜਖ਼ਮੀ ਦੈਂਤਾ ਦੇ ਲਹੂ ਵਿਚੋਂ **ਹਾਥੀ** ਅਤੇ **ਘੋੜੇ** ਪੈਦਾ ਹੋਣ ਲੱਗ ਪਏ। ਚੌਹਾਂ ਪਾਸਿਆਂ ਤੋਂ ਮਾਰੋ ਮਾਰ ਕਰਦੇ ਦੈਂਤ ਆਈ ਜਾ ਰਹੇ ਸਨ ਪਰ ਢੋਲਾਂ ਨਗਾਰਿਆਂ ਮਰਦੰਗਾਂ ਦੀ ਘਣਘੋਰ ਵਿਚ, ਮਹਾਂ ਕਾਤਲ, ਮਹਾਂ ਜੱਲਾਦ-ਰੂਪ ਮਹਾਂਕਾਲ ਜੀ ਸਾਰਿਆਂ ਨੂੰ ਕਤਲ ਕਰੀ ਜਾ ਰਹੇ ਸਨ। (੬੧ ਤੋਂ ੭੫) ਅੱਗੇ ਹੁਣ ਕਾਲ ਹੀ ਮਹਾਂਕਾਲ ਬਣ ਗਿਆ ?:--

**ਚਾਹਤ ਮਹਾਂ ਕਾਲ ਕਹ ਮਾਰੋ ॥ ਮਹਾਂ ਮੂਰਖ ਨਹਿ ਕਰਤ ਬਿਚਾਰੋ ॥**
**ਜਿਨ ਸਭ ਜਗ ਕਾ ਕਰਾ ਪਸਾਰਾ ॥ ਤਾਂਹਿ ਚਹਤ ਤੇ ਮੂੜ੍ਹ ਸੰਘਾਰਾ ॥ ੭੬ ॥**

(ਬਹਾਦਰੀ ਅਤੇ ਨਿਰਭੈਤਾ ਦਾ ਜੀਊਂਦਾ ਜਾਗਦਾ ਸਬੂਤ ?) **ਦੈਂਤ**, ਮਹਾਂਕਾਲ-ਰੂਪ ਭਿਆਨਕਮੌਤ ਦੇ ਮੂੰਹ ਵੱਲ ਨੂੰ ਬਾਹਾਂ ਠੋਕ ਠੋਕ ਕੇ ਨਿਰੰਤਰ ਵਧੀ ਆਉਦੇ ਰਹੇ ਜਿਨ੍ਹਾਂ ਨੂੰ ਵਡੇ ਕਾਇਰ ਜ਼ਾਲਮਾਂ ਵਾਂਗ, ਅਸਿਧਾਰੀ ਰੱਬ ਜੀ ਤਲਵਾਰ ਨਾਲ ਝਟਕਾਈ ਜਾਂਦੇ ਰਹੇ। ਮੌਤ ਦੇ ਭੈ ਤੋਂ ਅਣਜਾਣ, ਕਾਲ ਵੱਲ ਨੂੰ ਭੱਜ ਭੱਜ ਜਾਣ ਵਾਲੇ ਦੈਂਤ, ਵਡੇ ਸੂਰਮਿਆਂ ਦੇ ਰੂਪ ਵਿਚ ਪ੍ਰਗਟ ਹੋ ਰਹੇ ਹਨ ਅਤੇ ਸੰਤ ਅਖਵਾਉਣ ਵਾਲੇ ਦੇਵਤੇ ਮੌਤ ਤੋਂ ਲੁਕੇ ਫਿਰਦੇ ਪਹਾੜਾਂ ਦੀਆਂ ਖੋਹਾਂ ਵਿਚ ਵੜੇ ਰਹਿਣ ਵਿਚ ਆਪਣੀ ਬਹਾਦਰੀ ਮੰਨ ਰਹੇ ਹਨ।

## ੯- ਹੋਰ ਵੀ ਵਡਾ ਭਿਅੰਕਰ ਝੂਠ--ਦੈਂਤਾਂ ਦੀ ਫ਼ੌਜ ਦੇ ਚਲਣ ਨਾਲ ਧਰਤੀ ਦੇ ਛੇ ਖੰਡ ਧੂੜ ਬਣ ਕੇ ਉੱਡ ਗਏ--

**ਛੂਹਨਿ ਸਹਸ ਅਸੁਰ ਕੀ ਸੈਨਾ ॥ ਧਾਵਤ ਭਈ ਅਰੁਨ ਕਰਿ ਨੈਨਾ ॥**
**ਧਾਵਤ ਕੋਪ ਅਮਿਤ ਕਰਿ ਭਏ ॥ ਪ੍ਰਿਥਵੀ ਕੇ ਖਟ ਪਟ ਉਡਿ ਗਏ ॥ ੭੮ ॥**

**ਅਰਥ:**--ਦੈਂਤਾਂ ਦੀਆਂ ਹਜ਼ਾਰਾਂ ਖੂਹਣੀਆਂ ਅੱਖਾਂ ਲਾਲ ਕਰਕੇ ਚੱਲ ਪਈ। ਉਹ ਬੜੇ ਕ੍ਰੋਧ ਵਿਚ ਭੱਜੇ ਅਤੇ ਛੇ ਖੰਡ ਪ੍ਰਿਥਵੀ ਤਾਂ ਧੂੜ ਬਣ ਕੇ ਉੱਡ ਹੀ ਗਈ। ੭੮ ।

**ਏਕੈ ਪੁਰ ਪ੍ਰਿਥਵੀ ਰਹਿ ਗਈ ॥ ਖਟ ਪਟ ਹਯਨ ਪਗਨ ਉਡਿ ਗਈ ॥**
**ਜਨੁ ਬਿਧਿ ਏਕੈ ਰਚਾ ਪਯਾਰਾ ॥ ਗਗਨ ਰਚੇ ਦਸ ਤੀਨਿ ਸੁਧਾਰਾ ॥ ੭੯ ॥**

**ਅਰਥ:**--ਧਰਤੀ ਇੱਕ ਹੀ ਖੰਡ ਰਹਿ ਗਈ ਅਤੇ ਉਸ ਦੇ ਛੇ ਖੰਡ ਤਾਂ ਘੋੜਿਆਂ ਦੇ ਪੈਰਾਂ ਨਾਲ ਹੀ ਉੱਡ ਗਏ। ਜਿਸ ਤਰ੍ਹਾਂ ਵਿਧਾਤਾ ਨੇ ਮਾਨੋਂ ਖੰਡ ਤਾਂ ਇੱਕ ਹੀ ਬਣਾਇਆ ਹੋਵੇ ਪਰ ਆਕਾਸ਼ ਤੇਰ੍ਹਾਂ -੧੩ ਬਣਾਏ ਹੋਣ । ੮੦ ।

**(੧)** ਕੀ ਦਸ਼ਮੇਸ਼ ਜੀ ਭੁੱਲ ਗਏ ਸਨ ਕਿ ਉਨ੍ਹਾਂ ਨੇ ਆਪਣੇ ਪੰਜਵੇ ਸਰੂਪ ਵਿਚ ਪ੍ਰਿਥਵੀ ਦੇ **ਨੌ ਖੰਡ** ਲਿਖੇ ਸਨ, ਜੋ ਏਥੇ ਕੁੱਲ ਸਤਾਂ ਦੀ ਗੱਲ ਲਿਖ ਦਿੱਤੀ ?--

**੧●●- ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥**

**ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥** {੨●੮}-੧੧-੧੩੨

੧●੧- ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥.. ੨ ॥ {੨੬੫}-ਅਸਟ-੩

੧●੨- **ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥.. ੨ ॥**{੩੭੧}-੪

ਆਪਣੇ ਹੀ ਲਿਖੇ ਦੀ ਖੰਡਨਾਂ ਦਸ਼ਮੇਸ਼ ਜੀ ਨੇ ਕਿਉਂ ਕਰਨੀ ਸੀ? ਸਪੱਸ਼ਟ ਹੈ ਕਿ ਇਹ ਲਿਖਤ, ਜਾਂ ਕਿਸੇ ਗੁਰਮਤਿ ਤੋਂ ਅਣਜਾਣ ਲਿਖਾਰੀ ਦੀ ਹੈ, ਅਤੇ ਜਾਂ ਗੁਰੂ ਪੰਥ ਦੇ ਕਿਸੇ ਚਾਤਰ ਵੈਰੀ ਦਾ ਖਿਲਾਰਿਆ ਮਾਇਆ-ਜਾਲ ਹੈ ਜਿਸ ਵਿਚ ਉਲਝ ਕੇ ਅਸੀਂ ਆਪਣਾ ਅਸਲਾ ਭੁਲਾਈ ਜਾ ਰਹੇ ਹਾਂ।

**(੨)** ਕੀ, ਪਹਿਲਾਂ ਸ਼ਹੀਦੀਆਂ ਪਾ ਰਹੇ ਦੈਂਤ, ਅੱਖੀਆਂ ਲਾਲ-ਸੁਰਖ਼ ਕਰਨ ਤੋਂ ਬਿਨਾ ਹੈ ਪੰਗੇ ਲਈ ਜਾ ਰਹੇ ਸਨ ? ਖ਼ੈਰ ਅਜੇਹੀ ਚਿੰਤਾ ਅਸੀਂ ਕਿਉਂ ਕਰੀਏ?

**(੩)** ਕੁਲ ੭ ਖੰਡ ਪ੍ਰਿਥਵੀ ਵਿਚੋਂ ਛੇ ਖੰਡ ਤਾਂ ਧੂੜ ਬਣ ਕੇ ਉੱਡ ਗਏ, ਬਾਕੀ ਬਚੇ ਕੇਵਲ ਇੱਕ ਖੰਡ ਉਤੇ ਅਰਬਾਂ ਖਰਬਾਂ ਸੈਨਾ ਦੇ ਜੰਗ ਦੀ ਗੱਲ ਤਾਂ ਦੂਰ ਰਹੀ ਏਨੀ ਸੈਨਾਂ ਲਈ ਖਲੋਣਾ ਵੀ ਅਸੰਭਵ ਬਣ ਜਾਂਦਾ ਹੈ। ਪਦਮ ਜੀ ! ਅਜੇਹੇ ਹਾਸੋ ਹੀਣੇ ਵਿਅਰਥ ਦੇ **ਘਿਣਾਵਣੇ ਝੂਠ** ਲਿਖਣ ਦੀ ਲੋੜ ਦਸ਼ਮੇਸ਼ ਜੀ ਨੂੰ ਕਿਸ ਕਾਰਨ ਆ ਪਈ ਸੀ?

ਜੰਗ ਦੇ ਘਮਸਾਨ ਤੋਂ ਭੈ ਭੀਤ ਹੋ ਕੇ ਇੰਦਰ ਆਪਣਾ ਆਸਣ ਛੱਡ ਗਿਆ, ਬ੍ਰਹਮਾ ਕਮਲ ਨਾਭ ਵਿਚ ਲੁਕ ਗਿਆ, ਵਿਸ਼ਨੂੰ ਸਹਿਮ ਕੇ ਸਮੁੰਦਰ ਵਿਚ ਜਾ ਵੜਿਆ। ਧਰਤੀ ਹਿੱਲ ਗਈ ਆਕਾਸ਼ ਘਾਬਰ ਗਿਆ। ਘੋੜਿਆਂ ਦੇ ਖੁਰਾਂ ਨਾਲ ਰਸਤੇ ਚੂਰ ਹੋ ਗਏ। ਤੀਰਾਂ ਦੀ ਵਰਖਾ ਕਾਰਨ ਹਨੇਰਾ ਛਾ ਗਿਆ ਅਤੇ ਹੱਥ ਪਸਾਰਿਆ ਨਜ਼ਰ ਨਹੀਂ ਸੀ ਆ ਰਿਹਾ ਸੀ। ਬਿਛੂਆ, ਬੱਜਰ, ਬਾਣ ਜੁੱਧ ਵਿਚ ਚੱਲਣ ਲੱਗੇ। ਕਵਚ ਬਿੰਨ੍ਹੇ ਜਾਣ ਵਾਲੇ ਬਾਣ ਚਲਣ ਲੱਗ ਪਏ, ਗੱਲ ਕੀ ਘਮਸਾਨ ਦਾ ਯੁੱਧ ਮਚ ਗਿਆ । ਜੋਧਿਆਂ ਨੂੰ ਵੇਖ ਕੇ **ਮਹਾਂਕਾਲ ਵੀ ਕ੍ਰੋਧਵਾਨ** ਹੋ ਗਿਆ ਅਤੇ ਝੱਟ ਹੀ ਕਈ ਵੈਰੀ ਮਾਰ ਦਿੱਤੇ। ਖ਼ੂਨ ਦੇ ਪਰਨਾਲਿਆਂ ਵਿਚ ਅਨੇਕਾਂ ਹੀ ਦੈਂਤਾਂ ਨੇ ਜਨਮ ਲੈ ਲਿਆ। ਦੈਂਤ ਏਨੇ ਵਧ ਗਏ ਕਿ ਬ੍ਰਹਮਾ ਵਿਸ਼ਨੂ ਆਦਿ ਸਾਰੇ ਦੇਵਤੇ ਤ੍ਰਾਹ ਤ੍ਰਾਹ ਪੁਕਾਰਦੇ ਮਹਾਂਕਾਲ ਦੀ ਸ਼ਰਨ ਵਿਚ ਆ ਗਏ। **ਸਾਰੇ ਪੁਕਾਰ ਰਹੇ ਸਨ ਕਿ ਅਸੀਂ ਤੁਹਾਡੀ ਸ਼ਰਨ ਵਿਚ ਆ ਗਏ ਹਾਂ ਸਾਨੂੰ ਭੈ ਤੋਂ ਮੁਕਤ ਕਰੋ।** (੮੦ ਤੋਂ ੯੦) **ਉੱਪਰ ਵਰਣਨ ਮੌਤ ਨੂੰ ਮਖ਼ੌਲਾਂ ਕਰਦੇ ਦੈਂਤਾਂ ਦੀ ਨਿਰਭੈਤਾ ਅਤੇ ਬਹਾਦਰੀ ਦੇ ਟਾਕਰੇ ਤੇ ਦੇਵਤਿਆਂ ਦੀ ਕਰਤੂਤ ਵੇਖ ਲਉ। ਹਾਲਾਂ ਕਿ ਰੱਬ ਸਹਾਈ ਹੋ ਖਲੋਤਾ ਹੋਇਆ ਹੈ, ਫਿਰ ਵੀ ਪਜਾਮੇ ਵਿਚ ਹੀ ਮੂਤੀ ਜਾ ਰਹੇ ਹਨ ? ਪਦਮ ਸਾਹਿਬ ਜੀਓ ! ਭਾਰਤੀ ਨਰ ਨਾਰੀ ਨੇ ਬਹਾਦਰੀ ਦੀ ਸਿਖਿਆ ਦੈਂਤਾਂ ਕੋਲੋਂ ਹੀ ਲੈਣੀ ਸੀ ਨਾ ? ਦੈਂਤਾਂ ਤੋਂ ਪ੍ਰੇਰਨਾ ਲੈ ਰਹੇ ਖ਼ਾਲਸਾ ਜੀ ਦੇ ਵੇਖੀ ਜਾਉ ਕਾਰੇ ? ਸਤਿਗੁਰਾਂ ਦੇ ਪਾਵਨ ਦਰਬਾਰ ਵਿਚ ਹੀ ਖੰਡਾ ਖੜਕਾਉਣੋ ਨਹੀਂ ਝਿਜਕਦੇ ?**

## ੧੦- ਮਹਾਂਕਾਲ ਦੀ ਝੂਠ-ਉਸਤਤਿ

ਜਿਸ ਮਹਾਂ ਕਾਲ ਜੀ ਦੈਂਤਾਂ ਨੂੰ ਕਤਲ ਕਰਦੇ ਖਪ ਰਹੇ ਦਰਸਾ ਲਿਆ ਹੈ, ਜਿਹੜੇ ' ਮਹਾਂਕਾਲ ' ਦੀ ਮਰਜ਼ੀ ਤੋਂ ਵਿਰੁੱਧ ਦੈਂਤਾਂ ਦੇ ਸਵਾਸਾਂ ਵਿਚੋਂ ਅਤੇ ਉਨ੍ਹਾਂ ਦੇ ਖ਼ੂਨ ਵਿਚੋਂ ਵੀ ਬੜੇ ਵਿਕਰਾਲ ਦੈਂਤ ਪੈਦਾ ਹੋ ਹੋ ਕੇ ਉਸ ਤੇ ਹਮਲੇ ਕਰਦੇ ਹੋਏ ਉਸ ਨੂੰ ਜਾਨੋਂ ਮਾਰ ਦੇਣ ਦਾ ਯਤਨ ਕਰ ਰਹੇ ਹਨ, ਜਿਸ ਮਹਾਂਕਾਲ ਦਾ ਜਾਪ ਕਰਦੇ ਹੋਏ ਅਸੀਂ ਵੀ-**ਮਹਾਂਕਾਲ ਰਖਵਾਰ ਹਮਾਰੋ** ॥ ਕਹਿ ਰਹੇ ਹੁੰਦੇ ਹਾਂ, ਬ੍ਰਹਮਾ ਬਿਸ਼ਨ ਮਹੇਸ਼ ਸਮੇਤ ਸਾਰੇ ਦੇਵੀ ਦੇਵਤੇ ਉਸੇ **ਮਹਾਂਕਾਲ** ਦੀਆਂ ਵਡਿਆਈਆਂ ਵਿਚ ਇਹ **ਕੁਝ ਕਹਿ ਰਹੇ ਹਨ**:--

**ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥**
**ਆਦਿ ਅਕਾਲ ਅਜੋਨ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥ ੯੧ ॥**

**ਅਰਥ**:--ਤੁਸੀਂ ਸਭ ਲੋਕਾਂ ਦੇ ਸਿਰਤਾਜ ਹੋ ਅਤੇ ਤੁਸੀ ਘੁਮੰਡੀ ਲੋਕਾਂ ਦਾ ਨਾਸ਼ ਕਰਨ ਵਾਲੇ ਗ਼ਰੀਬ ਨਿਵਾਜ਼ ਹੋ। ਤੁਸੀਂ ਆਦਿ ਪੁਰਖ, ਅਕਾਲ, ਅਜੂਨੀ, ਅਭੈ, ਨਿਰਵਿਕਾਰ ਅਤੇ ਨਿਰਲੰਬ ਹੋ। ੯੧ ।

ਪਦਮ ਸਾਹਿਬ ਜੀਓ ! ਤੁਸੀਂ ਜਾਣਦੇ ਹੀ ਹੋ ਕਿ ਗੁਰਬਾਣੀ ਵਿਚ ਕਾਮ ਅਤੇ ਕ੍ਰੋਧ ਦੋਵੇਂ ਹੀ ਪੰਜਾਂ ਬਲੀ ਵਿਕਾਰਾਂ ਵਿਚ ਪਹਿਲੇ ਨੰਬਰ ਤੇ ਲਿਖੇ ਮਿਲਦੇ ਹਨ--**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥** [੯੩੨]--ਗਾਥਾ ਵਿਚ ਮਹਾਂਕਾਲ ਜੀ ਨੂੰ ਥਾਂ ਥਾਂ ਅਪਾਰ ਕ੍ਰੋਧ ਵਿਚ ਆਇਆਂ ਵੇਖ ਰਹੇ ਹਾਂ ਅਤੇ ਫਿਰ ਨਿਰ-ਅਕਾਰ ਰੱਬ ਨੂੰ ਕਿਸੇ ਇਸਤ੍ਰੀ ਨਾਲ ਸ਼ਾਦੀ ਕਰਨ ਦੀ ਕੀ ਲੋੜ ? ਏਧਰ ਮਹਾਂਕਾਲ ਜੀ ਨੇ ਕਾਮ ਗ੍ਰਸੇ ਮਨੁੱਖਾਂ ਵਾਂਗ ਦੂਲਾ ਦੇਵੀ ਨਾਲ ਸ਼ਾਦੀ ਰਚਾਉਣ ਦਾ ਬਚਨ ਬੋਲਣ ਵਿਚ ਜ਼ਰਾ ਢਿੱਲ ਨਹੀਂ ਲਾਈ ? ਸੋ ਉਸੇ ਮਹਾਂ ਕਾਲ ਨੂੰ ਨਿਰਵਿਕਾਰ ਲਿਖ ਦੇਣਾ ਜਿਸ ਨੂੰ ਆਪ ਹੀ ਕਾਮੀ ਕ੍ਰੋਧੀ ਬਣਾ ਲਿਆ ਹੋਵੇ, ਕੀ ਲਿਖਾਰੀ ਦੀ ਸੁਹਿਰਦਤਾ ਹੈ ਕਿ ਜਾਂ ........... ?

**ਨਿਰਬਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤੱਤੁ ਪ੍ਰਕਾਸੀ ॥**
**ਨਿਰੰਕਾਰ ਨਵ ਨਿੱਤਯ ਸੁਯੰਭਵ ॥ ਤਾਤ ਮਾਤ ਜਹ ਜਾਤ ਨ ਬੰਧਵ ॥ ੯੨ ॥**

**ਅਰਥ**:--ਤੁਸੀ ਵਿਕਾਰ ਰਹਿਤ, ਬੁਢਾਪਾ ਰਹਿਤ, ਨਾਸ ਰਹਿਤ ਪਰਮ ਜੋਗੀ ਅਤੇ ਤੱਤ ਪ੍ਰਕਾਸ਼ ਹੋ। **ਤੁਸੀਂ ਅਕਾਰ ਰਹਿਤ ਨਿੱਤ ਨਵੇਂ ਰਹਿਣ ਵਾਲੇ** , ਆਪਣੇ ਆਪ ਤੋਂ ਪ੍ਰਕਾਸ਼ਿਤ ਹੋ। ਤੁਹਾਡਾ ਮਾਤਾ ਪਿਤਾ ਜਾਂ ਸੰਬੰਧੀ ਕੋਈ ਨਹੀਂ ਹੈ। ੯੨।

ਪਦਮ ਸਾਹਿਬ ਜੀਓ ! ਤੁਸੀ ਇਹ ਵੀ ਭੁੱਲੇ ਹੋਏ ਨਹੀਂ ਹੋ ਕਿ ਕੇਵਲ ਦ੍ਰਿਸ਼ਟਿਮਾਨ ਸਰੀਰ ਦੂਜੇ ਦ੍ਰਿਸ਼ਟਿਮਾਨ ਸਰੀਰ ਦਾ ਰਸ ਮਾਨਣ ਲਈ ਸ਼ਾਦੀ ਰਚਾਉਂਦਾ ਹੈ। ਅੱਜ ਤੱਕ ਪਰਮਾਤਮਾ ਜਾਂ ਆਤਮਾਂ ਨੂੰ ਨੇਤ੍ਰਾਂ ਨਾਲ ਕਦੇ ਕਿਸੇ ਨੇ ਨਹੀਂ ਵੇਖਿਆ। ਆਤਮਾ ਦੂਜੀ ਆਤਮਾਂ ਵਿਚ ਲੀਨ ਤਾਂ ਹੋ ਜਾਂਦਾ ਹੈ ਪਰ, ਕਿਸੇ ਨਾਲ ਸ਼ਾਦੀ ਕਦੇ ਨਹੀਂ ਰਚਾ ਬਹਿੰਦਾ। ਫਿਰ ਮਹਾਂਕਾਲ ਤਾਂ ਆਪਣੇ ਚੌਹਾਂ ਹੱਥਾਂ ਨਾਲ ਸ਼ਸਤਰਾਂ ਦੇ ਵਾਰ ਕਰਦਾ, ਭਿਆਨਕ ਰੂਪ ਧਾਰੀ ਦੈਂਤਾ ਦਾ ਸੰਘਾਰ ਕਰਦਾ ਵਿਖਾਈ ਦੇ ਰਿਹਾ ਹੈ। ਸਪੱਸ਼ਟ ਹੈ ਕਿ ਮਹਾਂਕਾਲ ਵੀ ਦੈਂਤਾਂ ਵਾਂਗ ਜੰਗ ਵਿਚ ਜੂਝ ਰਿਹਾ ਮਨੁੱਖਾ ਸਰੀਰ ਵਿਚ ਹੀ ਸੀ । ਅੱਖੀਆਂ ਨਾਲ ਵੇਖਿਆ ਜਾਣ ਵਾਲੇ ਕਿਸੇ ਜੀਵ ਜਾਂ ਪਦਾਰਥ ਨੂੰ ਗੁਰਬਾਣੀ ਅਬਿਨਾਸੀ ਨਹੀਂ ਮੰਨਦੀ ਸਗੋਂ ਦ੍ਰਿਸ਼ਟਿਮਾਨ ਨੂੰ

ਬਾਰ ਬਾਰ ਨਾਸਵੰਤ ਫ਼ੁਰਮਾਨ ਕੀਤਾ ਹੈ--**ਜੋ ਦਿਸਟੈ ਸੋ ਗਛੈ ॥** (੪੦੫)- ' **ਜੋ ਦੀਸੈ ਸੋ ਛਾਰਾ ॥** (੫੩੦)--**ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ॥** (੬੦੮) --**ਜੋ ਦੀਸੈ ਸਭ ਆਵਣ ਜਾਣੀ ॥** (੧੦੨੦)--**ਬਿਨ ਦੇਖੇ ਉਪਜੈ ਨਹੀਂ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥** (੧੧੬੭) ਸੋ ਇਸ ਗਾਥਾ ਵਾਲੇ ਮਹਾਂਕਾਲ ਨੂੰ ਅਬਿਨਾਸੀ ਲਿਖਣਾ ਗੁਰਮਤਿ ਦੀ ਵਿਰੋਧਤਾ ਹੈ। ਦਸਮ ਗੁਰੂ ਨਾਨਕ ਸਾਹਿਬ, ਸ੍ਰੀ ਦਸ਼ਮੇਸ਼ ਜੀ ਕਿਸੇ ਵੀ ਸਥਿਤੀ ਵਿਚ ਗੁਰਮਤਿ ਦੀ ਵਿਰੋਧਤਾ ਵਾਲਾ ਕੋਈ ਇੱਕ ਵੀ ਸ਼ਬਦ ਕਦੇ ਨਹੀਂ ਸਨ ਲਿਖ ਸਕਦੇ। ਪੁਸਤਕ-**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** --ਦੇ ਪੰਜਵੇਂ ਭਾਗ ਦੇ ਛੇਵੇਂ ਸਤਵੇਂ ਕਾਂਡਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ, ਸਤਿਗੁਰਾਂ ਨੇ ਖ਼ਾਲਸਾ ਜੀ ਨੂੰ ਸੱਜਣ ਸੂਰਾ ਅਥਵਾ ਸਤਿਗੁਰ ਪੂਰਾ ਆਖਿਆ ਹੀ ਇਸ ਕਾਰਨ ਸੀ ਕਿ ਇਹ ਝੂਠ ਦੇ ਖੋਭੇ ਵਿਚੋਂ ਨਿਕਲ ਕੇ ਪੂਰਨ **ਸਚੁ** ਨਾਲ ਜੁੜ ਜਾਣ ਦੇ ਕਾਰਨ, ਖਿਮਾ ਦਾ ਪੁਤਲਾ ਅਤੇ ਪਰਉਪਕਾਰੀ ਸੰਤ-ਸੂਰਮਾ ਬਣ ਚੁੱਕਾ ਸੀ। ਜਿਸ ਗੁਰੂ ਬਾਣੀ ਨੇ ਖ਼ਾਲਸਾ ਜੀ ਨੂੰ ਇਸ ਪਦਵੀ ਦੇ ਪੁਚਾਇਆ ਸੀ ਉਸ (ਗੁਰੂ ਗ੍ਰੰਥ ਸਾਹਿਬ) ਦੇ ਹੁੰਦਿਆਂ ਉਹ ਕਿਹੜਾ ਅਜੇਹਾ ਉਚੇਚਾ ਗਿਆਨ ਹੈ ਜਿਸ ਦੀ ਕਸਰ ਪੂਰੀ ਕਰਨ ਲਈ ਦਸ਼ਮੇਸ਼ ਜੀ ਨੇ ਇਹ (ਝੂਠ)-ਗ੍ਰੰਥ ਲਿਖਣਾ ਬੜਾ ਜ਼ਰੂਰੀ ਸਮਝਿਆ ?

**ਸ਼ੱਤ੍ਰ ਬਿਹੰਡ ਸੁਰਿਦਿ ਸੁਖਦਾਇਕ ॥ ਚੰਡ ਮੁੰਡ ਦਾਨਵ ਕੇ ਘਾਇਕ ॥** [ਯਾਦ ਰਹੇ ਕਿ ਅਰੰਭ ਵਿਚਲਾ ਰਾਜਾ
**ਸਤਿ ਸੰਧਿ ਸੱਤਤਾ ਨਿਵਾਸਾ ॥ ਭੂਤ ਭਵਿੱਖ ਭਵਾਨ ਨਿਰਾਸਾ ॥** ੯੩ ॥ ਵੀ ਸਤਿ ਸੰਧਿ ਹੀ ਹੈ]

**ਅਰਥ**:--ਵੈਰੀਆਂ ਦੇ ਨਾਸ ਕਰਨ ਵਾਲੇ, ਸੋਹਨੇ ਹਿਰਦੇ ਵਾਲੇ, **ਸਾਰਿਆਂ** ਨੂੰ ਸੁਖ ਦੇਣ ਵਾਲੇ, **ਚੰਡ ਮੁੰਡ ਦੈਂਤਾਂ ਦਾ ਨਾਸ ਕਰਨ** ਵਾਲੇ। ਤੁਸੀ ਸਤ ਸਮੁੰਦਰ ਵਿਚ ਨਿਵਾਸ ਕਰਨ ਵਾਲੇ, ਅਤੇ ਭੂਤ, ਭਵਿਖ ਵਰਤਮਾਨ ਦੇ ਪ੍ਰਭਾਵ ਤੋਂ ਦੂਰ ਹੋ, ਭਾਵ ਸਮੇਂ ਦਾ ਤੁਹਾਡੇ ਤੇ ਕੋਈ ਪ੍ਰਭਾ ਨਹੀਂ ਹੈ। ੯੩।

**ਆਦਿ ਅਨੰਤ ਅਰੂਪ ਅਭੇਸਾ ॥ ਘਟ ਘਟ ਭੀਤਰ ਕੀਯਾ ਪ੍ਰਵੇਸਾ ॥**
**ਅੰਤਰ ਬਸਤ ਨਿਰੰਤਰ ਰਹਈ ॥ ਸਨਕ ਸਨੰਦ ਸਨਾਤਨ ਕਹਈ ॥ ੯੪ ॥**

**ਅਰਥ**:--ਤੁਸੀ ਆਦਿ ਅਨੰਤ, ਭੇਸ ਰਹਿਤ ਅਤੇ ਰੂਪ ਰਹਿਤ ਹੋ ਅਤੇ ਤੁਸੀਂ ਹਰ ਦਿਲ ਹੇ ਮਨ ਵਿਚ ਪ੍ਰਵੇਸ ਕੀਤਾ ਹੈ। ਤੁਸੀ ਹਰ ਦੇ ਅੰਤਰ ਸਦਾ ਹੀ ਵੱਸਦੇ ਰਹਿੰਦੇ ਹੋ। ਏਹੀ ਕੁਝ ਸਨਕ-ਸਨੰਦ ਅਤੇ ਸਨਾਤਨ ਵੀ ਕਹਿੰਦੇ ਹਨ।੯੪।

**ਆਦਿ ਜੁਗਾਦਿ ਸਦਾ ਪ੍ਰਭੁ ਏਕੈ ॥ ਧਰਿ ਧਰਿ ਮੂਰਤਿ ਫਿਰਤਿ ਅਨੇਕੈ ॥**
**ਸਭ ਜਗ ਕਹ ਇਹ ਬਿਧਿ ਭਰਮਾਯਾ ॥ ਆਪੇ ਏਕ ਅਨੇਕ ਦਿਖਾਯਾ ॥ ੯੫ ॥**

**ਅਰਥ**:--ਆਦਿ ਜੁਗਾਦ ਤੋਂ ਸਦਾ ਹੀ ਤੁਸੀਂ ਇੱਕ ਪ੍ਰਭੂ ਹੋ ਅਤੇ ਕਈ ਪ੍ਰਕਾਰ ਦੇ ਰੂਪ ਧਾਰ ਕੇ ਫਿਰਦੇ ਹੋ। ਸਾਰੇ ਸੰਸਾਰ ਨੂੰ ਤੁਸੀਂ ਭਰਮ ਵਿਚ ਰਖਿਆ ਹੈ। ਖ਼ੁਦ ਤਾਂ ਤੁਸੀਂ ਇੱਕ ਹੋ ਪਰ ਸਾਰਿਆਂ ਨੂੰ ਅਨੇਕਾਂ ਰੂਪਾਂ ਵਿਚ ਵਿਖਾਈ ਦਿੰਦੇ ਹੋ। ੯੫।

(ਨੋਟ:-ਇਨ੍ਹਾਂ ਪੰਜਾਂ ਚੌਪਈਆਂ ਦੇ ਅਰਥ-ਅਠਵੀ ਕਿਸਮ ਦੇ ਝੂਠ ਸਿਰਲੇਖ ਵਿਚ ਲਿਖੇ ਜਾ ਚੁੱਕੇ ਹਨ)

**ਘਟ ਘਟ ਮਹਿ ਸੋਇ ਪੁਰਖ ਬਯਾਪਕ ॥ ਸਕਲ ਜੀਵ ਜੰਤਨ ਕੇ ਥਾਪਕ ॥**
**ਜਾਤੋ ਜੋਤਿ ਕਰਤ ਆਕਰਖਨ ॥ ਤਾਕਹਿ ਰਹਤ ਮ੍ਰਿਤਕ ਜਗ ਕੇ ਜਨ ॥ ੯੬ ॥**

**ਅਰਥ**:--ਹੇ ਪ੍ਰਭੂ ! ਤੁਸੀਂ ਸਾਰੇ ਜੀਵ ਜੰਤੂਆਂ ਵਿਚ ਸਥਾਪਤ ਹੋ ਅਤੇ **ਘਟ ਘਟ** ਵਿਚ ਵਿਆਪਕ ਹੋ। ਤੁਹਾਡੀ ਜੋਤੀ ਹੀ ਸੰਸਾਰ ਦੀ ਜੋਤੀ ਨੂੰ ਖਿੱਚਦੀ ਹੈ ਤਾਂ ਸੰਸਾਰ ਦੇ ਜੀਵ ਮਰ ਜਾਂਦੇ ਹਨ । ੯੬ ।

**ਤੁਮ ਜਗ ਕੇ ਕਾਰਨ ਕਰਤਾਰਾ ॥ ਘਟਿ ਘਟਿ ਕੀ ਮਤਿ ਜਾਨਨਹਾਰਾ ॥**
**ਨਿਰੰਕਾਰ ਨਿਰਵੈਰ ਨਿਰਾਲਮ ॥ ਸਭਹੀ ਕੇ ਮਨ ਤੁਹਿ ਮਾਲਮ ॥ ੯੭ ॥**

**ਅਰਥ**:--ਤੂੰ ਹੀ ਜਗਤ ਦਾ ਕਾਰਨ ਅਤੇ ਕਰਤਾਰ ਹੈਂ ਅਤੇ ਤੂੰ ਹੀ ਘਟ ਘਟ ਦੀ ਜਾਨਣ ਵਾਲਾ ਹੈਂ, ਤੂੰ ਹੀ ਨਿਰਾਕਾਰ ਨਿਰਵੈਰ ਅਤੇ ਨਿਰਾਲਾ ਹੈ ਅਤੇ ਤੂੰ ਹੀ ਹਰ ਇਕ ਦੇ ਮਨ ਦੀ ਗਤੀ ਨੂੰ ਜਾਣਦਾ ਹੈਂ । ੯੭। ਹੱਦ ਹੋ ਗਈ ਕਿਸੇ ਨੂੰ ਵੈਰੀ ਸਮਝਣ ਵਾਲਾ ਨਿਰਵੈਰ ਕਿਵੇਂ ਰਹਿ ਗਿਆ ?

ਜੀਊਂਦਿਆਂ ਦੈਂਤਾਂ ਨੂੰ ਚੱਬ ਚੱਬ ਕੇ ਖਾਈ ਜਾਣ ਵਾਲਾ, ਬਦਲਾ ਭਾਵਣਾ ਵਾਲੀ ਕ੍ਰੋਧ ਅਗਨੀ ਵਿਚ ਸੜਿਆ ਹੋਇਆ ਵਿਖਾ ਕੇ, ਹੁਣ ਓਸੇ ਮਹਾਂਕਾਲ ਨੂੰ ਨਿਰਵੈਰ ਲਿਖਣ ਵਾਲਾ, ਸਿਵਾਏ ਬਿੱਪ੍ਰ ਦੇ, ਦੂਜਾ ਕੋਈ ਹੋਰ, ਹੋ ਹੀ ਨਹੀਂ ਸਕਦਾ ।

**ਤੁਮਹੀਂ ਬ੍ਰਹਮਾ ਬਿਸ਼ਨ ਬਨਾਯੋ ॥ ਮਹਾਂ ਰੁਦ੍ਰ ਤੁਮ ਹੀ ਉਪਜਾਯੋ ॥**
**ਤੁਮਹੀ ਰਿਖਿ ਕੱਸ਼ਪਹਿ ਬਨਾਵਾ ॥ ਦਿਤ ਅਦਿਤ ਜਨ ਬੈਰ ਬਢਾਵਾ ॥ ੯੮ ॥**

**ਅਰਥ**:--ਤੂ ਹੀ ਬ੍ਰਹਮਾ ਅਤੇ ਵਿਸ਼ਨੂੰ ਨੂੰ ਪੈਦਾ ਕੀਤਾ ਅਤੇ ਸ਼ਿਵਜੀ ਨੂੰ ਵੀ ਤੁਸੀ ਉਤਪਨ ਕੀਤਾ । ਤੁਸੀ ਹੀ ਕੈਸ਼ਪ ਰਿਖੀ ਨੂੰ ਬਣਾਇਆ ਅਤੇ ਤੁਸੀਂ ਦੇਵ-ਦਾਨਵ ਦੇ ਵਾਰਿਸਾਂ ਵਿਚ ਵੈਰ ਵਧਾਇਆ । ੯੮।

ਜਗ ਕਾਰਨ ਕਰੁਨਾਨਿਧਿ ਸ੍ਵਾਮੀ ॥ ਕਮਲ ਨੈਨ ਅੰਤਰ ਕੇ ਜਾਮੀ ॥
ਦਯਾਸਿੰਧੁ ਦੀਨਨ ਕੇ ਦਯਾਲਾ ॥ ਹੂਜੈ ਕ੍ਰਿਪਾਨਿਧਾਨ ਕ੍ਰਿਪਾਲਾ ॥ ੯੯ ॥

**ਅਰਥ**:-ਤੂ ਹੀ ਜਗਤ ਦਾ ਕਾਰਨ, ਕਰਣਾਨਿਧ ਕਮਲ ਨੈਣ ਅਤੇ ਅੰਤਰਜਾਮੀ ਹੈ। ਤੁਸੀ ਹੀ ਦਇਆ ਦੇ ਸਾਗਰ ਦੀਨ ਦਿਆਲੂ ਅਤੇ ਕਿਰਪਾਲੂ ਹੋ ॥ ੯੯।

**ਚਰਨ ਪਰੇ ਇਹ ਬਿਧਿ ਬਿਨਤੀ ਕਰਿ ॥ ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ ॥**[**ਧੁਰਧਰ**=ਧਰਤੀ ਦਾ ਰਖਵਾਲਾ]
**ਕਹ ਕਹ ਹਸਾ ਬਚਨ ਸੁਨ ਕਾਲਾ ॥ ਭਗਤ ਜਾਨ ਕਰ ਭਯੋ ਕ੍ਰਿਪਾਲਾ ॥ ੧੦੦ ॥**

**ਅਰਥ**:-ਅਸੀਂ ਬੇਨਤੀ ਕਰਦੇ ਹੋਏ ਤੇਰੇ ਚਰਨਾਂ ਵਿਚ ਪਏ ਹਾਂ, ਹੇ ਧਰਤੀ ਦੇ ਰਖਵਾਲੇ, ਸਾਡੀ ਸਭ ਦੀ ਰਖਿਆ ਕਰੋ। ਇਹ ਸੁਣ ਕੇ ਮਹਾਂਕਾਲ ਉੱਚੀ ਉੱਚੀ ਹੱਸਣ ਲੱਗ ਪਿਆ ਅਤੇ ਭਗਤਾਂ ਨੂੰ ਵੇਖ ਕੇ ਪ੍ਰਸੰਨ ਅਤੇ ਕਿਰਪਾਲੂ ਹੋ ਗਿਆ । ੧੦੧।

**ਪਿਆਰੇ ਪਦਮ ਸਾਹਿਬ ਜੀਓ** ! ਤਸੀਂ ਤਾਂ ਮੋਹਰ ਲਾਈ ਹੋਈ ਹੈ ਕਿ ਇਸ ਗ੍ਰੰਥ ਵਿਚ ਕੋਈ ਸ਼ਬਦ ਗੁਰਬਾਣੀ ਤੋਂ ਉਲਟ ਹੈ ਹੀ ਨਹੀਂ। ਫਿਰ ਜੇ ਇਹ ਸਾਰਾ ਕੁਝ ਅਨੂਲ ਹੀ ਹੈ ਤਾਂ ਕਬਿਯੋ ਬਾਚ ਬੇਨਤੀ ਚੌਪਈ ਦੇ ਟਾਕਰੇ ਤੇ ਇਨ੍ਹਾਂ ਉਪ੍ਰੋਕਤ ਚੌਪਈਆਂ ਨੂੰ ਅਤੇ ਅਜੇਹੇ ਹੋਰ ਬਚਨਾ ਨੂੰ ਗੁਰਬਾਣੀ ਵਾਂਗ ਨਿਤਨੇਮ ਦਾ ਹਿੱਸਾ ਕਿਸ ਦਲੀਲ ਨਾਲ ਨਹੀਂ ਬਣਾਇਆ ਜਾ ਸਕਿਆ? ਇਨ੍ਹਾਂ ਬਚਨਾਂ ਵਿਚ ਤਾਂ ਪਰਮਾਤਮਾ ਨੂੰ **ਸੁਤੇ ਪ੍ਰਕਾਸ਼ ਅਕਾਲ ਮੂਰਤਿ** ਸੈਂਕੜੇਂ ਵੀ ਕਿਹਾ ਹੈ, ਫਿਰ ਵੀ ਇਨ੍ਹਾਂ ਸ਼ਬਦਾਂ ਦੀ ਬੇਨਤੀ ਚੌਪਈ ਵਿਚ ਅਣਹੋਂਦ ਕਿਸ ਕਾਰਨ ? ਇਹ ਬਾਣੀ ' **ਚੁੰਨ ਚੁੰਨ** ' ਕਰ ਵਰਤਨ ਵਾਲੇ ਸਿਧਾਂਤ ਤੋਂ ਕਿਵੇ ਬਚੀ ਰਹੀ ਜੀ? ਕਿੱਧਰ ਗਿਆ ਚੁੰਨ ਚੁੰਨ ਕੇ ਬਾਣੀ ਪੜ੍ਹਨ ਵਾਲਾ ਤੁਹਾਡਾ ਸਿਧਾਂਤ?

ਕੀ ਇਸ ਦਾ ਕਾਰਨ ਕਿਤੇ ਇਹ ਤਾਂ ਨਹੀਂ ਕਿ, ਕ੍ਰੋਧ ਅਗਨੀ ਵਿਚੋਂ ਪੈਦਾ ਹੋਈ ਉਸ ਅਦਭੁਤ ਇਸਤ੍ਰੀ ਨਾਲ ਸ਼ਾਦੀ ਕਰਕੇ **Honey-moon** ਮਨਾਉਣ ਦਾ ਬਚਨ ਕਰੀ ਬੈਠੇ, **ਨਿਰ-ਅਕਾਰ, ਨਿਰਵੈਰ**, ਨਿਸ਼ਕਾਮ, ਮਹਾਂ ਤਿਆਗੀ ਮੰਨੇ ਜਾ ਰਹੇ **ਮਹਾਂਕਾਲ** ਨੂੰ, ਚੌਹਾਂ ਬਾਹਾਂ ਵਿਚ ਸ਼ਸਤਰ ਫੜੀ ਸਾਕਾਰ ਰੂਪ ਵਿਚ ਦੈਂਤਾਂ ਨੂੰ ਮਾਰਦੇ ਜ਼ਖ਼ਮੀ ਕਰਦੇ ਸਾਹਮਣੇ ਮੌਜੂਦ ਵਿਖਾਇਆ ਹੋਇਆ ਹੈ? ਏਥੇ ਮਹਾਂਕਾਲ ਰੂਪ ਰੱਬ ਦੀ **ਝੂਠ-ਵਡਿਆਈ** ਦਾ ਪੋਲ, ਨਾਲੋ ਨਾਲ ਨੰਗਾ ਹੋ ਰਿਹਾ ਹੈ ? ਇਸ ਲਈ ਪਾਠ ਲਈ ਏਥੋਂ ਬਾਣੀ--ਚੁੰਨ ਚੁੰਨ ਕਰ ਕਿਵੇਂ ਪੜ੍ਹਾਈ ਜਾਂਦੀ?

ਪੁਸਤਕ ਦੇ ਸੁਜਾਨ ਪਾਠਕਾਂ ਨੂੰ ਯਾਦ ਹੋਣਾ ਹੈ ਕਿ ਦਾਸ ਅਰੰਭ ਤੋਂ ਹੀ ਲਿਖਦਾ ਆ ਰਿਹਾ ਹੈ ਕਿ, (੧) ਬ੍ਰਾਹਣ ਨੂੰ ਪੂਰਨ ਤੌਰ ਦੇ ਬ੍ਰਹਮ ਦਾ ਗਿਆਨ ਹੈ ਪਰ ਸੱਚੀ ਭਗਤੀ ਤੋਂ ਸੱਖਣਾ ਮਾਇਆ ਮੋਹ ਵਿਚ ਗੜੁੱਚ ਹੋਣ ਦੇ ਕਾਰਨ ਪ੍ਰੋਹਿਤ ਦੇ ਗਿਆਨ ਨੇ ਉਸ ਨੂੰ ਭਿਆਨਕ ਹੱਦ ਤੱਕ ਸੈਤਾਨ ਬਣਾ ਦਿੱਤਾ। ਹਰ ਪ੍ਰਕਾਰ ਦੀ ਵਿਕਾਰ-ਸੜਾਂਧ ਅਤੇ ਬੇਨਿੱਯਮੀ-ਨਿਰਦਇਤਾ ਨਾਲ ਭਰੇ ਹੋਏ ਆਚਰਨ ਵਾਲੇ ਪ੍ਰੋਹਿਤ ਨੇ, ਆਪਣੀ ਗੁਰਿਆਈ ਨੂੰ ਸਦੀਵੀ ਬਣਾਈ ਰੱਖਣ ਲਈ ਅਜੇਹੇ ਸਾਰੇ ਵਿਕਾਰ ਅਥਵਾ ਭੈੜੇ ਤੋਂ ਭੈੜੇ ਔਗੁਣ ਆਪਣੇ ਭਗਵਾਨਾ ਵਿਚ ਵਿਖਾਉਣੇ ਜ਼ਰੂਰੀ ਜਾਣ ਕੇ ਹਰ ਵਣਗੀ ਦੀ ਬੇਨਿਯੱਮੀ ਅਤੇ ਆਚਰਨ ਹੀਨਤਾ ਵਾਲੀਆਂ ਹਰਕਤਾਂ ਭਗਵਾਨਾ, ਦੇਵੀ ਦੇਵਤਿਆਂ ਅਤੇ ਰਿਸ਼ੀਆਂ ਨਾਲ ਜੋੜ ਕੇ, ਧਰਮ ਗ੍ਰੰਥਾਂ ਵਿਚ ਅਜੇਹੀ ਸ਼ਬਦਾਵਲੀ ਵਿਚ ਲਿਖੀਆਂ ਕਿ, ਸਭ ਕੁਝ ਧਰਮ ਦਾ ਅੰਗ ਬਣ ਗਿਆ। ਗੁਰੂ ਨਾਨਕ ਸਾਹਿਬ ਜੀ ਨੇ ਪਰਮਾਤਮਾਂ ਵਿਚ ਅਜੇਹੇ ਉੱਚੇ ਗੁਣ ਦਰਸਾਏ ਜਿਨ੍ਹਾਂ ਤੋਂ ਮਨੁੱਖ ਨੇ ਨਿਰੰਤਰ ਸੰਤ-ਸੂਰਮਾਂ ਬਣਦੇ ਰਹਿਣਾ ਸੀ। ਪਰ ਅਸਾਂ ਗੁਰੂਬਾਣੀ-ਗਿਆਨ ਨੂੰ ਸਮਝ ਕੇ ਉਸ ਅਨੁਸਾਰ ਤੁਰਦੇ ਰਹਿਣ ਵਾਲੇ, **ਸਤਿਗੁਰਾਂ ਦੇ ਹੁਕਮ** ਨੂੰ ਬੇਲੋੜਾ ਮੰਨ ਲਿਆ, ਅਤੇ, ਕੁਟਲ-ਵਿਧੀ ਨਾਲ ਲਿਖਿਆ ਝੂਠ-ਗ੍ਰੰਥ ਆਪਣਾ ਧਰਮ ਗ੍ਰੰਥ ਮੰਨ ਬੈਠੇ। ਸਿੱਟੇ ਵਜੋਂ, ਨਿਹੰਗਾਂ ਦੇ ਜਥਿਆਂ ਤੋਂ ਅਰੰਭ ਹੋ ਕੇ ਕਈ ਧਾਰਮਿਕ ਸੰਸਥਾਵਾਂ ਵਿਚ ਭੰਗ, ਅਫ਼ੀਮ, ਸ਼ਰਾਬ ਦੇ ਸੇਵਨ ਦੀ ਆਦਤ ਦੇ ਨਾਲ, ਆਚਰਨ ਹੀਣਤਾ ਦੀ ਰੁਚੀ ਪ੍ਰੇਵੇਸ਼ ਕਰਨੀ ਅਰੰਭ ਹੋ ਗਈ। ਸਮੁੱਚਾ ਪੰਥ ਲਗਾਤਾਰ ਢਹਿੰਦੀਆਂ ਕਲਾਂ ਵੱਲ ਨੂੰ ਚਾਲੇ ਪਾ ਤੁਰਿਆਂ ਪਰ, ਸਾਡੇ ਧਰਮ-ਪਰਚਾਰਕਾਂ ਨੇ ਅਤੇ ਲਿਖਾਰੀਆਂ ਨੇ ' **ਸਭ ਹੱਛਾ** ' ਦਾ ਹੋਕਾ ਦੇਣਾ ਤਿਆਗ ਕੇ, ਆਪਾ ਫਰੋਲਣ ਦੀ ਗੱਲ ਕਦੇ ਨਹੀਂ ਕੀਤੀ।

**ਹੇ ਪਦਮ ਸਾਹਿਬ ਜੀਓ !** ਇਹ ਕਿੱਡੀ ਵਚਿੱਤ੍ਰ ਲੀਲ੍ਹਾ ਹੈ ਕਿ ਪਹਿਲੇ ਸਰੂਪਾ ਵਿਚ ਜਿਸ, ਅਕਾਲ ਪੁਰਖ ਨੂੰ ਦਸਮ ਗੁਰੂ ਨਾਨਕ ਜੀ ਨੇ - ' **ਹਰਨ ਭਰਨ ਜਾ ਕਾ ਨੇਤ੍ਰ ਫੋਰੁ** ॥ ਸਾਰੀ ਸ੍ਰਿਸ਼ਟੀ ਨੂੰ ਅੱਖ ਦੇ ਫੁਰਕਣ ਦੇ ਸਮੇ ਵਿਚ ਨਾਸ ਕਰਕੇ ਮੁੜ ਸਿਰਜਣਾ ਕਰਨ ਦੇ ਸਮਰਥ ਲਿਖਿਆ ਹੋਵੇ, ਏਥੇ ਉਸੇ ਮਹਾਂਕਾਲ-ਰੂਪ ਰੱਬ ਜੀ ਨੂੰ **ਕ੍ਰੋਧ ਵਿਚ ਸੜਦਾ, ਅਤੇ ਜੰਗ ਵਿਚ ਲੜਦਾ ਖਪਦਾ ਦਰਸਾਉਣ ਵਾਲਾ ਗੰਭੀਰ ਝੂਠ** ਕਿਵੇਂ ਲਿਖ ਸਕਦੇ ਸਨ ? ਵਿਚਾਰ ਨੂੰ ਅੱਗੇ ਤੋਰਨ ਤੋਂ ਪਹਿਲਾਂ, ਸਰਬ ਸ਼ਕਤੀ ਮਾਨ ਵਾਹਿਗੁਰੂ ਜੀ ਦੀ ਥਾਪਿਉਥਾਪਣ ਵਾਲੀ ਅਪਾਰ ਸ਼ਕਤੀ ਬਾਰੇ ਬੇਅੰਤ ਗੁਰੂ ਬਾਣੀ ਫ਼ੁਰਮਾਨਾਂ ਵਿਚੋਂ ਪੰਜ ਪਾਵਨ ਗੁਰੂ-ਸ਼ਬਦਾਂ ਦੇ ਦਰਸ਼ਨ ਕਰ ਲਈਏ :--

੯੨- **ਇਕ ਖਿਨਹਿ ਥਾਪਿ ਉਥਾਪਦਾ ਘੜਿ ਭੰਨਿ ਕਰਨੈਹਾਰੁ ॥**
**ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰੁ ॥ ੧ ॥**[੯੮੮]-੨-੭

**ਅਰਥ:**--ਸਭ ਕੁਝ ਕਰ ਸਕਣ ਵਾਲਾ ਪਰਮਾਤਮਾ **ਘੜ ਕੇ ਪੈਦਾ ਕਰਕੇ (ਉਸ ਨੂੰ) ਇੱਕ ਖਿਨ ਵਿਚ ਭੰਨ ਕੇ ਨਾਸ ਵੀ ਕਰ ਦਿੰਦਾ ਹੈ।** ਜਿੰਨੀ ਵੀ ਸ੍ਰਿਸ਼ਟੀ ਉਸ ਨੇ ਪੈਦਾ ਕੀਤੀ ਹੈ, ਦਾਤਾਂ ਦੇਣ ਵਾਲਾ ਉਹ ਪ੍ਰਭੂ (ਸਾਰੀ ਸ੍ਰਿਸ਼ਟੀ ਨੂੰ) ਦਾਨ ਦੇ ਰਿਹਾ ਹੈ। ੧ ।

੯੩- **ਓਪਤਿ ਪਰਲਉ ਖਿਨ ਮਹਿ ਕਰਤਾ ॥ ਆਪਿ ਅਲੇਪਾ ਨਿਰਗੁਨੁ ਰਹਤਾ ॥ ੩ ॥**
**ਕਰਨ ਕਰਾਵਨ ਅੰਤਰਜਾਮੀ ॥ ਅਨੰਦ ਕਰੈ ਨਾਨਕ ਕਾ ਸੁਆਮੀ ॥ ੪ ॥** [੩੯੬]-੧੩-੬੪

**ਅਰਥ:**--ਪਰਮਾਤਮਾ ਇੱਕ ਖਿਨ ਵਿਚ ਸਾਰੇ ਜਗਤ ਦੀ ਉਤਪੱਤੀ ਤੇ ਨਾਸ ਕਰ ਸਕਦਾ ਹੈ, (ਸਾਰੇ ਜਗਤ ਵਿਚ ਵਿਆਪਕ ਹੁੰਦਾ ਹੋਇਆ ਵੀ ) ਪ੍ਰਭੂ ਸਭ ਤੋਂ ਵੱਖਰਾ ਰਹਿੰਦਾ ਹੈ, ਤੇ ਮਾਇਆ ਦੇ ਤਿੰਨਾ ਗੁਣਾ ਤੋਂ ਅਛੋਹ ਰਹਿੰਦਾ ਹੈ। ੩ । ਹਰੇਕ ਦੇ ਦਿਲ ਦੀ ਜਾਨਣ ਵਾਲਾ ਪਰਮਾਤਮਾ (ਸਭ ਵਿਚ ਵਿਆਪਕ ਹੋ ਕੇ) ਸਭ ਕੁਝ ਕਰਨ ਤੇ ਜੀਵਾਂ ਪਾਸੋਂ ਕਰਵਾਉਣ ਦੇ ਸਮਰੱਥਾ ਰਖਦਾ ਹੈ (ਇਤਨੇ ਖਲਜਗਨ ਵਾਲਾ ਹੁੰਦਾ ਹੋਇਆ ਵੀ) ਮੈਂ ਨਾਨਕ ਦਾ ਖ਼ਸਮ-ਪ੍ਰਭੂ ਸਦਾ ਪ੍ਰਸੰਨ ਰਹਿੰਦਾ ਹੈ।

੯੪- **ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ ॥**
**ਅੰਤੁ ਨਹੀ ਕਿਛੁ ਪਾਰਾਵਾਰਾ ॥ ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥ ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥੧॥** {੨੭੬-੭੭}-ਅਸਟ-੧੧

੧੦੩- **ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨਹਾਰਾ**
**ਆਪਨ ਹਾਥਿ ਮਤਾਤ ॥੧॥ ਸਿਆਨਪ ਕਾਹੂ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰਿ**
**ਮੇਰੈ ਹੋਇ ਰਹੀ ਉਹ ਬਾਤ ॥੧॥ ਰਹਾਉ ॥** {੪੯੬}-੪-੫

੧੦੪- **ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ ॥**
**ਖਿਨ ਮਹਿ ਥਾਪਿ ਉਥਾਪਨਹਾਰੇ ਕੁਦਰਤਿ ਕੀਮ ਨ ਪਹੀ ॥੨॥੭॥** {੫੨੯}

੧੦੫- **ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥**
**ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ**
**ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥** {੭੦੬}-ਵਾਰ

੧●੬- ਸਾਹਿਬੁ ਮੇਰਾ ਅਤਿ ਭਾਰਾ ॥ **ਖਿਨ ਮਹਿ ਥਾਪਿ ਉਥਾਪਨਹਾਰਾ** ॥
ਤਿਸੁ ਬਿਨੁ ਅਵਰੁ ਨ ਕੋਈ ॥ ਜਨ ਕਾ ਰਾਖਾ ਸੋਈ ॥੩॥ {੮੯੬}-੩੨-੪੩

੧●੭- ਕਲਾ ਉਪਾਇ ਧਰੀ ਜਿਨਿ ਧਰਣਾ ॥ ਗਗਨੁ ਰਹਾਇਆ ਹੁਕਮੇ ਚਰਣਾ ॥ ਅਗਨਿ ਉਪਾਇ
ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ ॥੧॥ ਜੀਅ ਜੰਤ ਕਉ ਰਿਜਕੁ ਸੰਬਾਹੇ ॥ ਕਰਣ
ਕਾਰਣ ਸਮਰਥ ਆਪਾਹੇ ॥ **ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ** ॥੨॥ {੧●੭੧}-੧

**ਅਰਥ:**--ਹੇ ਭਾਈ ! ਜਿਸ ਪਰਮਾਤਮਾ ਨੇ (ਆਪਣੇ ਅੰਦਰੋਂ) ਸ਼ਕਤੀ ਪੈਦਾ ਕਰਕੇ ਧਰਤੀ ਸਾਜੀ, ਜਿਸ ਨੇ ਆਪਣੇ ਹੁਕਮ (=ਰੂਪ ਨਿਯੱਮ) ਦਾ ਹੀ ਆਸਰਾ ਦੇ ਕੇ ਆਕਾਸ਼ ਥੰਮ੍ਹ ਰਖਿਆ ਹੈ, ਜਿਸ ਨੇ ਅੱਗ ਪੈਦਾ ਕਰਕੇ ਇਸ ਨੂੰ ਬਾਲਣ (ਲੱਕੜਾਂ) ਵਿਚ ਬੰਨ੍ਹ ਰਖਿਆ ਹੈ, ਉਹੀ ਪਰਮਾਤਮਾ (ਸਭ ਜੀਵਾਂ ਦੀ) ਰੱਖਿਆ ਕਰਦਾ ਹੈ। ੧ । ਜਿਹੜਾ ਪਰਮਾਤਮਾ ਸਾਰੇ ਜੀ ਜੀਵਾਂ ਨੂੰ ਰਿਜ਼ਕ ਅਪੜਾਉਂਦਾ ਹੈ ਸ੍ਰਿਸ਼ਟੀ ਦਾ ਮੂਲ ਹੈ, ਜੋ ਸਭ ਤਾਕਤਾਂ ਦਾ ਮਾਲਕ ਤੇ ਨਿਰਲੇਪ ਹੈ, ਜੋ ਇੱਕ ਛਿਨ ਵਿਚ (ਸ੍ਰਿਸ਼ਟੀ ਨੂੰ) ਪੈਦਾ ਕਰ ਕੇ ਨਾਸ ਕਰਨ ਦੀ ਸਮਰਥਾ ਰੱਖਦਾ ਹੈ, ਉਹੀ ਪ੍ਰਭੂ (ਹਰ ਵੇਲੇ) ਤੇਰੀ ਸਹਾਇਤਾ ਵੀ ਕਰਦਾ ਹੈ। ੨ ।

੧●੮- ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥
ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੁੋ ਊਜਰੁ
ਊਜਰੁ ਹੋਇ ਸੁ ਬਸੈ ॥੧॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ ਭੇਖਾਰੀ ਤੇ ਰਾਜੁ ਕਰਾਵੈ
ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ
ਤਿਸੁ ਮੂਰਤਿ ਬਲਿਹਾਰੀ ॥੪॥੨॥ {੧੨੫੨}

ਪਲਾਂ ਵਿਚ ਹੇਠਲੀ ਉੱਤੇ ਕਰ ਦੇਣ ਵਾਲੇ, ਅਸਗਾਹ ਸਾਗਰਾਂ ਦੇ ਥਾਂ ਟਿੱਬੇ ਦਰਸਾ ਦੇਣ ਵਾਲੇ ਸਰਬ ਸ਼ਕਤੀ ਮਾਨ ਸਿਰਜਣਹਾਰ ਨੂੰ, ਸ਼ਸਤਰ ਫੜ ਕੇ ਜੀਵਾਂ ਦਾ ਕਤਲ ਕਰਦੇ ਦਰਸਾਉਣਾ, ਕੇਵਲ ਬ੍ਰਾਹਮਣ ਦੇ ਹਿੱਸੇ ਦਾ ਹੀ **ਕੁਫ਼ਰ** ਹੈ। ਸੱਚ ਦੇ ਅਵਤਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਦਸਵੇਂ ਪ੍ਰਕਾਸ਼, ਸ੍ਰੀ ਦਸ਼ਮੇਸ਼ ਜੀ ਨੂੰ ਆਪਣੀ ਕਲਮ ਨਾਲ **ਝੂਠ ਨਾਲ ਸੰਬੰਧਤ** ਇੱਕ ਸ਼ਬਦ ਲਿਖਣ ਦੀ ਵੀ ਭਲਾ ਕੀ ਲੋੜ ਸੀ?

**ਅਦਭੁਤ ਨਿਆਰੇ ਰੱਬ ਜੀ ਦੀ ਸਾਖੀ ਅੱਗੇ ਤੁਰੀ:--**

੯੬ ਨੰਬਰ ਤੋਂ ੧੦੦ ਨੰਬਰ ਚੌਪਈ ਤੱਕ ਦੇਵਤੇ ਮਹਾਂਕਾਲ ਜੀ ਦੀ ਉਸਤਤੀ ਕਰਦੇ ਅਤੇ ਸਹਾਇਤਾ ਲਈ ਤਰਲੇ ਕਰਦੇ ਦਰਸਾਏ ਹੋਏ ਹਨ। ਫ਼ਰਿਆਦਾਂ ਤੋਂ ਪ੍ਰਭਾਵਤ ਹੋ ਕੇ, ਕਿ ਜਾਂ ਆਪਣੀ ਉਸਤਤੀ ਸੁਣ ਕੇ ?-- ਉਹੀ ਮਹਾਂਕਾਲ ਜਿਸ ਨੂੰ, ਚਕ੍ਰ ਚਿਹਨ ਤੋਂ ਰਹਿਤ ਨਿਰ-ਅਕਾਰ ਲਿਖਿਆ ਹੈ ਪਹਿਲਾਂ ਖਿੜ ਖੜਾ ਕੇ ਹੱਸਿਆ ਅਤੇ ਭਗਤਾਂ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ। ਫਿਰ ਕ੍ਰੋਧ ਵਿਚ ਆ ਗਿਆ ਅਤੇ ਸ਼ਸਤਰ ਲੈ ਕੇ ਆਪਣੇ ਰਥ ਦੇ ਚੜ੍ਹ ਗਿਆ ਅਤੇ ਆਪਣੇ ਭਗ਼ਤਾਂ ਦੀ ਰਖਿਆ ਵਾਲੇ ਮਹਾਨ ਕਾਰਜ ਲਈ ਤੁਰ ਪਿਆ। ਅਜੇਹੇ ਗ਼ੁੱਸੇ ਨਾਲ ਚਲਿਆ ਕਿ ਵੈਰੀਆਂ ਦੀ ਤਬਾਹੀ ਮਚਾ ਦਿੱਤੀ। ਇੱਕ ਇੱਕ ਨੂੰ ਟੁਕੜੇ-ਟੁਕੜੇ ਕਰ ਦਿੱਤਾ ਅਤੇ ਹਾਥੀਆਂ, ਰਥਵਾਨਾ, ਘੋੜ ਸਵਾਰਾਂ ਆਦਿ ਸਭ ਨੂੰ ਤਬਾਹ ਕਰੀ ਗਿਆ। ਪਰ ਦੈਂਤਾਂ ਦੇ ਲਹੂ ਤੋਂ ਅਨੇਕਾਂ ਦੈਂਤ ਪੈਦਾ ਹੁੰਦੇ ਹੀ ਗਏ ਅਤੇ ਉਨ੍ਹਾਂ ਨੇ ਮੌਤ ਦੇ ਪ੍ਰਤੱਖ ਰੂਪ, ਇਸ ਕਾਲ ਜੀ ਨੂੰ ਘੇਰਾ ਪਾ ਲਿਆ। ਬੜੇ ਭਿਆਨਕ ਜੁਧ ਵਿਚ ਹਾਥੀ ਘੋੜੇ ਵੀ ਕੱਟ ਕੱਟ ਕੇ ਡਿਗਣ ਲੱਗੇ। ਗਿੱਦੜ ਅਤੇ ਗਿਰਝਾਂ ਮਾਸ ਲੈ ਗਈਆਂ ਜੋਧੇ ਮੈਦਾਨ ਛੱਡ ਤੁਰੇ। (੧੦੧ ਤੋਂ ੧੦੬)

(ਭਾਵੇ ੧੦੨ ਨੰਬਰ ਚੌਪਈ ਵਿਚ ਹੀ ਮਹਾਂਕਾਲ ਜੀ ਨੇ ਸ਼ਸਤਰ ਸਾਂਭ ਲਏ ਸਨ ਪਰ ਹੁਣ ਫੇਰ) ਮਹਾਂ ਕਾਲ ਸ਼ਸਤਰ ਪਹਿਨ ਕੇ ਬਹੁਤ ਕ੍ਰੋਧ ਵਿਚ ਆ ਗਿਆ ਅਤੇ ਉਸ ਨੇ ਬਹੁਤ ਡਰਾਉਣਾ ਭੇਸ ਧਾਰ ਕੇ ਅਨੇਕਾਂ ਤੀਰ ਛੱਡੇ ਤੇ ਅਨੇਕਾਂ ਸੂਰਮਿਆਂ ਦੇ ਸਿਰ ਪਾੜ ਦਿੱਤੇ। (੧੦੭) ਬਹੁਤ ਸਾਰੇ ਦੁਸ਼ਮਣਾ ਨੂੰ ਜਮਲੋਕ ਪੁਚਾ ਦਿੱਤਾ। ਘੋੜਿਆਂ ਦੇ ਖੁਰਾਂ ਨਾਲ ਧਰਤੀ ਦੇ ਛੇ ਭਾਗ ਧੂੜ ਬਣ ਕੇ ਉੱਡ ਗਏ।(੧੦੮) ਜਦ ਕੇਵਲ ਇੱਕ ਹੀ ਪਤਾਲ ਜੰਗ ਦੇ ਮੈਦਾਨ ਜੋਗਾ ਰਹਿ ਗਿਆ ਤਾਂ **ਮਹਾਂ ਕਾਲ** ਨੇ ਆਪਣਾ ਪਸੀਨਾ ਪੂੰਝ ਕੇ ਧਰਤੀ ਤੇ ਸੁਟਿਆ। (੧੦੯)

## ੧੧- ਮਹਾਂਕਾਲ ਦਾ ਪਸੀਨਾ ਭੱਟਾ ਚਾਰੀਆ ਬਣ ਗਿਆ ?

ਕੀ, ਕਥਾ ਵਿਚਲੇ ਰੱਬ ਜੀ, ਮਦਾਰੀਆਂ ਵਾਲੇ ਚੇਟਕ ਕਰਨ ਵਿਚ ਹੀ ਆਪਣੀ ਵਡਿਆਈ ਮੰਨੀ ਬੈਠੇ ਹਨ?

**ਭੱਟਚਾਰਜ ਰੂਪ ਤਬ ਧਰਾ ॥ ਬਦਨ ਪ੍ਰਸੇਤ ਧਰਨਿ ਜੋ ਪਰਾ ॥**
**ਢਾਢਿ ਸੈਨ ਢਾਢੀ ਬਪੁ ਲਯੋ ॥ ਕਰਖਾ ਬਾਰ ਉਚਾਰਤ ਭਯੋ ॥ ੧੧੦।**

**ਅਰਥ:**--ਧਰਤੀ ਤੇ ਡਿੱਗੇ ਮਹਾਂਕਾਲ ਦੇ ਪਸੀਨੇ ਨੇ ਭੱਟਾਚਾਰਜ ਦਾ ਰੂਪ ਧਾਰਨ ਕਰ ਲਿਆ। ਉਸ ਨੇ ਢਾਢ ਸੈਨ ਢਾਢੀ ਦਾ ਰੂਪ ਧਾਰਨ ਕਰਕੇ ਮਹਾਂਕਾਲ ਦੀ ਪ੍ਰਸੰਸਾ ਦੇ ਗੀਤ ਗਾਉਣ ਲੱਗ ਗਿਆ। ੧੧੦।

ਲੜਦਿਆਂ ਮਾਰਦਿਆਂ ਮਹਾਂਕਾਲ ਦਾ ਹੋਰ ਪਸੀਨਾ ਧਰਤੀ ਤੇ ਡਿੱਗਾ ਤਾਂ ਉਸ ਨੇ ਭੂਮ ਸੈਨ ਦਾ ਰੂਪ ਧਾਰਨ ਕਰ ਲਿਆ, ਅਤੇ ਉਹ ਕਿਰਪਾਨ ਕੱਢ ਕੇ **ਹੰਕਾਰ** ਦਾ ਭਰਿਆ ਦੁਸ਼ਮਣ ਦੀ ਫੌਜ ਵਿਚ ਧਸ ਗਿਆ ਤਾਂ ਉਸ ਨਾਲ ਅਨੇਕਾਂ ਦਲ ਪੈਦਾ ਹੋ ਗਏ। ਸਾਰੇ ਢੋਲ, ਪੱਟਾ ਇਕ-ਤਾਲ ਵਜਾਉਣ ਲੱਗ ਪਏ ਅਤੇ **ਚੰਗ, ਮੁਚੰਗ, ਉਪੰਗ** (=ਵਾਜਿਆਂ ਦੇ ਨਾ ) ਆਦਿ ਸੁਣਾਉਣ ਲੱਗੇ। ਗਊ ਮੁਖ, ਝਾਂਝਰ, ਤਰੀ, ਢੋਲ, ਮ੍ਰਿਦੰਗ, ਉਪੰਗ ਆਦਿ ਵੱਜਣ ਲੱਗੇ। ਵਿਕਰਾਲ ਭੇਰੀਆਂ ਵਜਣ ਲੱਗੀਆਂ ਅਤੇ ਸੂਰਮੇ ਕਮਾਨ ਖਿੱਚ ਖਿੱਚ ਕੇ ਤੀਰ ਛੱਡਣ ਲੱਗੇ। ਖ਼ੂਨ ਨਾਲ ਭਰੇ ਕੁੰਡਾਂ ਵਿਚੋਂ ਅਨੇਕਾਂ ਦੈਂਤ ਪੈਦਾ ਹੋ ਗਏ ਅਤੇ ਉਨ੍ਹਾਂ ਦੇ ਸਾਹ ਨਾਲ ਹੋਰ ਅਨੇਕਾਂ ਦੈਂਤ ਪੈਦਾ ਹੋਣ ਲੱਗ ਪਏ। ਕਾਲ ਉਨ੍ਹਾਂ ਨੂੰ ਮਾਰਦਾ ਸੀ ਪਰ ਹੋਰ ਪੈਦਾ ਹੋਈ ਜਾਂਦੇ ਸਨ। (੧੧੧ ਤੋਂ -੧੧੭) ਤਦ ਝਟ ਪਟ ਖ਼ੌਫ਼ਨਾਕ ਜੁਧ ਆਰੰਭ ਹੋ ਗਿਆ ਅਤੇ ਘੋੜਿਆਂ ਦੇ ਖੁਰਾਂ ਨਾਲ ਧਰਤੀ ਉੱਡਣ ਲੱਗੀ, ਉਸ ਦੇ ਸਾਰੇ ਖੰਡ ਤੇਰਾਂ ਅਕਾਸ਼ਾਂ ਵਿਚ ਬਦਲ ਗਏ ਅਤੇ ਕੇਵਲ ਇੱਕ ਖੰਡ ਬਾਕੀ ਰਹਿ ਗਿਆ। (੧੧੮) **ਗ੍ਰੰਥ ਵਧਨ ਤੋਂ ਡਰਨ ਦਾ ਪਖੰਡ ਰਚ ਬਹਿਣ ਵਾਲਾ,** ਇਹ ਅਦਭੁਤ ਲਿਖਾਰੀ, ਵਿਅਰਥ ਵਿਚ ਉਹੀ ਗੱਲਾਂ ਮੁੜ ਮੁੜ ਲਿਖੀ ਜਾ ਰਿਹਾ ਹੈ?

## ੧੨- ਵਿਕਰਾਲ ਝੂਠ ? ਰਾਕਸ਼ਾਂ ਦੀ ਮਿੱਝ ਵਿਚੋਂ ਪੈਦਾ ਹੋਣ ਵਾਲੇ ਬੇ-ਢਬੇ ਦੈਂਤ ?

ਰਾਕਸ਼ਾਂ ਦੀ ਮਿੱਝ ਅਤੇ ਮਾਸ ਤੋਂ ਅਨੇਕਾਂ ਹਾਥੀਵਾਨ, ਰੱਥਵਾਨ ਅਤੇ ਘੋੜ ਸਵਾਰ ਅਤੇ ਕਈਆਂ ਤਰ੍ਹਾਂ ਦੇ ਡਰਾਉਣੇ ਦੈਂਤ ਪੈਦਾ ਹੋਏ ਜਿਨ੍ਹਾਂ ਦਾ ਵਰਣਨ ਮੈ ਸੰਖੇਪ ਵਿਚ ਕਰਦਾ ਹਾਂ। (੧੨੦) **ਉਹ ਦੈਂਤ ਇੱਕ ਪੈਰ ਅਤੇ ਇਕੋ ਅੱਖ, ਵਾਲੇ ਸਨ ਪਰ ਉਨ੍ਹਾਂ ਦੀਆਂ ਬਾਹਾਂ ਤਿੰਨ ਤਿੰਨ ਹਜ਼ਾਰ ਸਨ** ਉਨ੍ਹਾਂ ਦੇ ਹਰ ਇੱਕ ਹੱਥ ਵਿਚ ਅਸਤਰ ਸ਼ਸਤਰ ਸਨ। (੧੨੧) ਇੱਕ ਪੈਰ ਅਤੇ ਇੱਕ ਨਾਸ ਵਾਲਿਆਂ ਕਈਆਂ ਦੀ ਬਾਂਹ ਵੀ ਇੱਕੋ ਸੀ। ਕਈਆਂ ਦੇ ਅੱਧੇ ਅਤੇ ਕਈ ਦੇ ਸਾਰੇ ਸਿਰ ਮੁੰਨੇ ਹੋਏ ਸਨ ਅਤੇ ਉਹ ਅਕਾਸ਼ ਵਿਚ ਉੱਡ ਰਹੇ ਸਨ । (੧੨੨) ਉਹ ਦੈਂਤ ਇੱਕ ਇੱਕ ਸ਼ਰਾਬ ਦਾ ਸਰੋਵਰ ਪੀਕੇ ਅਤੇ ਅਨੇਕ ਮਨੁੱਖਾਂ ਨੂੰ ਖਾ ਕੇ ਗੁਜ਼ਾਰਾ ਕਰਦੇ ਸਨ। ਦਸ ਹਜ਼ਾਰ ਭੰਗ ਦੇ ਘੜੇ ਪੀ ਕੇ ਯੁੱਧ ਵਿਚ ਆ ਵੜਦੇ ਸਨ (੧੨੩) ਬੱਜਰ ਬਾਣ ਅਤੇ ਬਿਛੂਆ ਆਦਿ ਅਸਤਰ, ਅਪਾਰ ਗਿਣਤੀ ਵਿਚ ਵਰ੍ਹ ਰਹੇ ਸਨ ।

**ਸ਼ੰਕਾ**---ਉਪ੍ਰੋਕਤ ਵਰਨਣ ਸ਼ਸਤ੍ਰਾਂ ਅਸਤਰਾਂ ਵੇਲੇ ਜੰਗ ਵਿਚ ਤਾਂ ਕੀ ਭਾਗ ਲੈਣਾ ਹੈ, ਇੱਕ ਪੈਰ ਵਾਲਾ ਦੈਂਤ, ਦੇਵਤਾ ਅਥਵਾ ਮਨੁੱਖ ਠੀਕ ਤਰ੍ਹਾਂ ਚਲ-ਫਿਰ ਵੀ ਨਹੀਂ ਸਕਦਾ। ਦੈਂਤਾਂ ਦੇਵਤਿਆਂ ਦੇ ਸਰੀਰਾਂ ਦੀ ਬਨਤਰ ਆਮ ਕਰਕੇ ਸਦਾ, ਮਨੁੱਖਾ ਸਰੀਰ ਜਿਹੀ ਹੀ ਦਰਸਾਈ ਹੁੰਦੀ ਹੈ। ਪਰ ਮਨੁੱਖਾ ਸਰੀਰ ਤੇ ਦੋ ਤਿੰਨ ਹਜ਼ਾਰ ਬਾਂਹ ਕਿਸੇ ਵਿਧੀ ਨਾਲ ਵੀ ਫ਼ਿੱਟ ਨਹੀਂ ਹੋ ਸਕਦੀਆਂ। ਇੱਕੋ ਇੱਕ ਅੱਖ, ਪਰ ਹਜ਼ਾਰਾਂ ਬਾਹਾਂ ਤੋਂ ਗਿਣਤੀ ਝਟ ਹੀ ਘਟ ਕੇ ਇੱਕ ਬਾਂਹ ਤੇ ਆ ਜਾਣੀ ਅਤੇ **ਸ਼ਰਾਬ ਦਾ ਸਰੋਵਰ** ਪੀ ਲੈਣਾ ਅਤੇ ਦਸ ਹਜ਼ਾਰ ਘੜਾ ਭੰਗ ਦਾ ਪੀ ਕੇ ਜੰਗ ਵਿਚ ਆ ਵੜਨ ਵਰਗਾ **ਸਾਰਾ ਝੂਠ** ਦਸ਼ਮੇਸ਼ ਜੀ ਦੀ ਹੀ ਲਿਖਤ ? ਕਲੇਜਾ ਫਟ ਰਿਹਾ ਹੈ, ਪਰ ਕਸੀਸ ਵੱਟ ਕੇ ਸਾਰੇ ਝੂਠ ਦੀ ਅਸਲੀਯਤ ਤੁਹਾਡੀ ਇਸ ਚਿੱਠੀ ਰਾਹੀ ਸਰਬੱਤ ਖ਼ਾਲਸਾ ਜੀ ਤੱਕ ਪੁਚਾਉਣੀ ਧਰਮ ਬਣ ਚੁੱਕਾ ਹੈ। **ਮਹਾਂ ਕਾਲ** ਦੀ ਕਥਾ ਵਿਚ **ਝੂਠ** ਵੀ ਬੜਾ ਮਹਾਨ ਹੀ ਹੈ।

## ੧੩- ਲਹੂ ਵਿਚ ਰੁੱਖ, ਅਤੇ ਘੋੜੇ ਆਦਿ ਰੁੜ੍ਹੇ ਜਾਨ ਵਾਲਾ ਅਜੀਬ ਝੂਠ ?

ਜੰਗ ਦਾ ਰੌਲਾ ਗੌਲਾ ਦਸਦਿਆ ਇਹ ਲਿਖਿਆ ਹੈ ਕਿ ਮਹਾਂਕਾਲ ਅਤੇ ਦੈਂਤਾਂ ਦਾ ਜਿੱਥੇ ਯੁੱਧ ਹੋ ਰਿਹਾ ਸੀ ਉਥੇ ਲਹੂ ਦੀਆਂ ਅਜੇਹੀਆਂ ਧਾਰਾ ਵੱਗ ਰਹੀਆਂ ਸਨ ਕਿ ਉਨ੍ਹਾਂ ਵਿਚ:--

**ਬਾਜ ਬ੍ਰਿਛ ਜਹ ਬਹੈ ਅਨੇਕੈ ॥ ਬਿਨੁ ਬ੍ਰਿਣ ਬੀਰ ਰਹਾ ਨਹਿ ਏਕੈ ॥**
**ਸ੍ਰੋਨ ਭਰੇ ਪਟ ਅਧਿਕ ਸੁਹਾਏ ॥ ਚਾਚਰਿ ਖੇਲਿ ਮਨੌ ਘਰ ਆਏ ॥ ੧੩੩ ॥**
**ਸੂਰਨ ਕੇ ਜਹਿ ਮੂੰਡ ਪਖਾਨਾ ॥ ਸੋਭਿਤ ਰੰਗ ਭੂਮ ਮਹਿ ਨਾਨਾ ॥**
**ਬਹੇ ਜਾਤ ਜਹ ਬ੍ਰਿਛ ਤੁਰੰਗਾ ॥ ਬਡੇ ਸੈਲ ਸੇ ਲਸਤ ਮਤੰਗਾ ॥ ੧੩੪ ॥**

**ਪਦ ਅਰਥ**:--ਮੂੰਡ=ਸਿਰ । ਪਖਾਨਾ=ਪੱਥਰ । ਨਾਨਾ=ਭਿੰਨ ਭਿੰਨ । ਤੁਰੰਗਾ=ਘੋੜੇ । ਮਤੰਗਾ=ਮਸਤ ਹਾਥੀ।

**ਵਿਕਰਾਲ ਝੂਠ**--ਸੂਰਬੀਰਾਂ ਦੇ ਲਹੂ ਵਿਚ **ਰੁੱਖ** ਅਤੇ **ਘੋੜੇ** ਰੁੜ੍ਹੇ ਜਾ ਰਹੇ ਸਨ--ਜਿਵੇ ਲਹੂ ਦਾ ਦਰਿਆ ਹੜ੍ਹ ਤੁਰਿਆ ਹੋਵੇ? ਭਾਵੇਂ ਕ੍ਰੋੜਾਂ ਸੂਰਮੇ ਮੈਦਾਨ ਵਿਚ ਮਾਰੇ ਜਾਣ, ਲਹੂ ਦਾ ਮਾੜਾ ਮੋਟਾ ਨਾਲਾ ਵੀ ਕਦੇ ਨਹੀਂ ਵਗ ਸਕਦਾ। ਇੱਕ ਥਾਂ ਲਿਆ ਕੇ ਇੱਕੋ ਵਾਰ ਕਰੋੜਾਂ ਪਸ਼ੂਆਂ ਅਤੇ ਮਨੁੱਖਾਂ ਨੂੰ ਇੱਕੋ ਝਟਕੇ ਨਾਲ ਝਟਕਾ ਦਿੱਤਾ ਜਾਵੇ ਤਦ ਵੀ ਰੁਖਾਂ ਅਤੇ ਘੋੜਿਆਂ ਦੀ ਗੱਲ ਤਾਂ ਛੱਡੀ ਉਥੇ ਅਜੇਹਾ ਲਹੂ ਵਗਣਾ ਸ਼ੁਰੂ ਨਹੀਂ ਹੋ ਸਕਦਾ ਜਿਸ ਵਿਚ ਕੋਈ ਕੁੱਤਾ ਵੀ ਰੁੜ੍ਹ ਸਕਦਾ ਹੋਵੇ। ਅਜੇਹੇ ਝੂਠ ਬਚਨਾਂ ਨਾਲ ਭਲਾ ਦਸ਼ਮੇਸ਼ ਜੀ ਦਾ ਕੀ ਵਾਸਤਾ? ਕਿਸੇ ਵੀ ਬਹਾਨੇ ਸਤਿਗੁਰਾਂ ਨੂੰ ਝੂਠ ਨਾਲ ਜੋੜਨਾ ਝੂਠ ਅਤੇ ਹੇਰਾਫੇਰੀ ਵਿਚ ਪ੍ਰਵਿਰਤ ਰਹਿਣ ਵਾਲੇ ਮਨਮੁੱਖਾਂ ਦਾ ਹੀ ਕੰਮ ਹੋ ਸਕਦਾ ਹੈ। ਸਚਿਆਰ ਗੁਰਸਿੱਖ ਆਪਣੇ ਸਤਿਗੁਰਾਂ ਨੂੰ ਅਜੇਹੀ ਨੀਵੀ ਬਾਣੀ ਨਾਲ ਜੋੜਨਾ ਕਿਵੇਂ ਝੱਲ ਸਕਦੇ ਹਨ ? ਪਰ ਕਿਉਂਕਿ-**ਸਰਮੁ ਧਰਮੁ ਦੋਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ**--ਵਾਲਾ ਭਾਣਾ ਪੰਥ ਦੇ ਸਰਬ ਉੱਚ ਅਸਥਾਨ ਤੇ ਜੇ ਨਾ ਵਰਤ ਚੁੱਕਾ ਹੁੰਦਾ, ਤਾਂ ਇਸ ਝੂਠ ਤੋਂ **ਸੁਚੇਤ ਹੋ ਕੇ ਮੁੜ ਸੱਚ ਨਾਲ ਜੁੜ ਜਾਣ ਦਾ ਹੋਕਾ ਦੇਣ ਵਾਲੇ ਸੱਚੇ ਪੰਥ ਦਰਦੀਆਂ ਨੂੰ ਤਨਖਾਹੀਆ ਘੋਸ਼ਤ ਨਾ ਕੀਤਾ ਜਾਂਦਾ**। ਪਦਮ ਸਾਹਿਬ ਜੀਓ ! ਦਾਸ ਨੇ ਵੀ ਹੁਣ ਵੇਖਣਾ ਹੈ ਕਿ, ਪੰਥ ਦੇ ਵਾਲੀ ਬਣੇ ਪੂਰਨ ਤੌਰ ਤੇ " ਨਰੈਣੂੰ ਮਹੰਤ " ਬਣ ਕੇ ਆਤਮਕ ਤੌਰ ਤੇ **ਮੁਰਦਾਰ ਬਣ** ਚੁੱਕੇ ਹਨ, ਕਿ, **ਜਾਂ ਅਜੇ ਕੋਈ ਸੁਆਸ ਬਾਕੀ ਬਚਿਆ ਹੋਇਆ ਹੈ** ? ਉਪਰੋਕਤ ੧੩੪ਵੀ ਚੌਪਈ ਤੋਂ ਚੜੇਲਾਂ ਭੂਤਾਂ ਦੇ ਨੱਚਣ ਦਾ, ਗਿਰਝਾਂ, ਗਿੱਦੜਾਂ ਨੂੰ ਮਾਸ ਖਾਂਦਿਆਂ ਦਰਸਾਉਣ ਦਾ, ਲਹੂ ਦੀਆਂ ਬੂੰਦਾਂ ਵਿਚ ਦੈਂਤਾਂ ਦੇ ਪ੍ਰਗਟ ਹੋਈ ਜਾਣ ਦਾ, ਅਤੇ ਸੂਰਮਿਆਂ ਦਾ ਰਲ ਕੇ ਮਹਾਂਕਾਲ ਤੇ ਹੱਲੇ ਬੋਲਦੇ ਰਹਿਣ ਦਾ ਮੁੜ ਮੁੜ ਜ਼ਿਕਰ ਹੈ। ਕਦੇ ਛੈਣੇ, ਡੰਮਰੂ ਅਤੇ ਹੋਰ ਵਾਜਿਆਂ ਦੇ ਵੱਜਦਿਆਂ ਭਿਆਨਕ ਯੁੱਧ ਅਰੰਭ ਹੋਣ ਦਾ ਵਿਅਰਥ ਦਾ ਰੌਲਾ ਗੌਲਾ ਮੁੜ ਮੁੜ ਦਰਸਾਇਆ ਹੋਇਆ ਹੈ।

## ੧੪- ਝੂਠ ਦਾ ਨਵਾਂ ਰੂਪ, ਬੜੀਆਂ ਸੁੰਦਰ ਪਰੀਆਂ ਜੰਗ ਵਿਚ ?

ਹੁਣ ਸੁੰਦਰ ਪਰੀਆਂ ਵੀ ਜੰਗ ਵਿਚ ਆ ਗਈਆਂ-ਪਰ ਕਿਸ ਨਿਯਤ ਨਾਲ ?

**ਕਹੂੰ ਚੰਚਲਾ ਚਾਰੁ ਚੀਰੈ ਬਨੈਕੈ ॥ ਬਰੈਂ ਜ੍ਵਾਨਿ ਜੋਧਾ ਜੁਝਯੋ ਜ੍ਵਾਨ ਧੈਕੇ ॥**
**ਕਹੂੰ ਬੀਰ ਬੀਰਾਨ ਕੇ ਪਾਵ ਪੇਲੈਂ ॥ ਮਹਾਂ ਜੰਗ ਜੋਧਾ ਲਗੇ ਸੁੱਧ ਸੇਲੈਂ ॥ ੧੬੪ ॥**

**ਅਰਥ:**--ਕਿਤੇ ਸੁੰਦਰ ਪਰੀਆਂ, ਸੁੰਦਰ ਕੱਪੜੇ ਪਾ ਕੇ ਮਰੇ ਹੋਏ ਸੂਰਬੀਰਾਂ ਨੂੰ ਵਰ ਰਹੀਆਂ ਸਨ ਕਿਤੇ ਸੂਰਮੇ ਸੂਰਮਿਆਂ ਨੂੰ ਠੋਕਰਾਂ ਮਾਰ ਰਹੇ ਸਨ। ਸਾਰੇ ਯੋਧੇ ਇਸ ਮਹਾਂ ਯੁੱਧ ਵਿਚ ਜੁੱਟੇ ਹੋਏ ਸਨ । ੧੬੪।

ਪਦਮ ਜੀਓ ! ਕੀ ਸੁੰਦਰ ਪਰੀਆਂ ਮਰੇ ਹੋਏ ਦੈਂਤ ਜੋਧਿਆਂ ਨੂੰ ਵਰੀ ਜਾ ਰਹੀਆਂ ਸਨ, ਕਿ ਜਾਂ ਮਰੇ ਹੋਏ ਦੇਵਤੇ ਹੀ ਨੀਗਰ ਬਣ ਰਹੇ ਸਨ ? ਇਹ ਸੰਕਾ ਵੀ ਕੱਢ ਦੇਣਾ ਕਿ ਆਮ ਵਿਸ਼ਵਾਸ਼ ਤਾਂ ਇਹ ਬਣਿਆ ਹੋਇਆ ਹੈ ਕਿ, ਇਸ ਧਰਤੀ ਦੇ ਮਨੁੱਖ ਮਰ ਕੇ ਦੇਵਤਿਆਂ ਦੇ ਸੁਰਗ ਲੋਕ ਵਿਚ ਅਤੇ ਜਾਂ ਦੈਂਤਾਂ ਦੇ ਨਰਕ ਲੋਕਾਂ ਵਿਚ ਜਾ ਵੜਦੇ ਹਨ, ਪਰ ਇਹ ਅਰਬਾਂ ਖਰਬਾਂ ਦੈਂਤ ਅਤੇ ਦੇਵਤੇ ਆਪ ਹੀ ਮਰ ਮਰ ਕੇ ਕਿਹੜੇ ਲੋਕ ਨੂੰ ਤੁਰੇ ਜਾ ਰਹੇ ਸਨ? ਇਸ ਤੋਂ ਵਡੀ ਹੈਰਾਨੀ ਵਾਲੀ ਗੱਲ-- ਕਿ ਜੰਗ ਦੇ ਮੈਦਾਨ ਵਿਚ ਹੀ ਵਿਆਹ ਹੋਈ ਜਾਣ ਦੀ ਨਵੀ ਕਿਸਮ ਦੀ ਰੌਣਕ ?

**ਕਹੂ ਚੰਚਲਾ ਚਾਰੁ ਚੀਰੈ ਬਨੈਕੈ ॥ ਬਰੈਂ ਜ੍ਵਾਨਿ ਜੋਧਾ ਜੁਝਿਯੋ ਜ੍ਵਾਨ ਧੈਕੈ ॥**
**ਕਹੂੰ ਬੀਰ ਬੀਰਨ ਕੇ ਪਾਵ ਪੇਲੈਂ ॥ ਮਹਾਂ ਜੰਗ ਜੋਧਾ ਲਗੇ ਸੁੱਧ ਸੇਲੈਂ ॥ ੧੬੪ ॥**

**ਅਰਥ**:--ਕਿਤੇ ਸੁੰਦਰ ਪਰੀਆਂ ਸੁੰਦਰ ਕੱਪੜੇ ਪਾ ਕੇ ਮਰੇ ਹੋਏ ਸੂਰਬੀਰਾਂ ਨੂੰ ਵਰ ਰਹੀਆਂ ਸਨ। ਕਿਤੇ ਸੂਰਮੇ ਸੂਰਮਿਆਂ ਨੂੰ ਠੋਕਰਾਂ ਮਾਰ ਰਹੇ ਸਨ। ਸਾਰੇ ਯੋਧੇ ਇਸ ਮਹਾਂ ਯੁੱਧ ਵਿਚ ਜੁੱਟੇ ਹੋਏ ਸਨ। ੧੬੪ ।

**ਪਦਮ ਜੀਓ !** ਮੁਰਦਿਆਂ ਨਾਲ ਵਿਆਹ ਦੀ ਗੱਲ ਵੀ ਦਸ਼ਮੇਸ਼ ਜੀ ਨੇ ਹੀ ਲਿਖੀ ਹੈ ਜੀ **? ਅੱਗੇ ਰੌਣਕਾਂ ਹੀ ਰੌਣਕਾਂ?**

**ਕਹੂੰ ਜੱਛਨੀ ਕਿੰਨ੍ਰਨੀ ਆਨਿ ਕੈ ਕੈ ॥ ਕਹੂੰ ਗੰਧਰਬੀ ਦੇਵਨੀ ਮੋਦ ਹ੍ਵੈਕੈ ॥**
**ਕਹੂੰ ਅੱਛਰਾ ਪੱਛਰਾ ਗੀਤ ਗਾਵੈਂ ॥ ਕਹੂੰ ਚੰਚਲਾ ਅੰਚਲਾ ਕੋ ਬਨਾਵੈਂ ॥ ੧੬੫ ॥**
**ਕਹੂੰ ਦੇਵ ਕੰਨਯਾ ਨਚੈਂ ਤਾਲ ਦੈਕੈ ॥ ਕਹੂੰ ਦੇਤ ਪੁੱਰੀ ਹਸੈ ਮੋਦ ਹ੍ਵੈ ਕੈ ॥**
**ਕਹੂੰ ਚੰਚਲਾ ਅੰਚਲਾ ਕੋ ਬਨਾਵੈਂ ॥ ਕਹੂੰ ਜੱਛਨੀ ਕਿੰਨ੍ਰਨੀ ਗੀਤ ਗਾਵੈਂ ॥ ੧੬੬॥**

ਕਈ ਤਰ੍ਹਾਂ ਦੇ ਹੁਸਨ ਨੇ ਜੰਗ ਦੇ ਮੈਦਾਨ ਵਿਚ ਪੁੱਜ ਕੇ ਮਹਾਂ ਕਾਲ ਜੀ ਦੇ ਕੋਲ ਆ ਰੌਣਕਾਂ ਲਾਈਆਂ ? ਮੁਰਦਿਆਂ ਦੀ ਸੜਾਂਦ ਨਾਲ ਭਰੇ ਵਾਤਾਵਰਨ ਵਿਚ, ਕਥਿਤ ਤੌਰ ਤੇ, ਵੀਹ ਹਜ਼ਾਰ ਸਾਲਾਂ ਤੋਂ ਨਿਰੰਤਰ ਹੋ ਰਹੇ ਭਿਆਨਕ ਜੰਗ ਦੇ ਕੰਨ ਪਾੜਵੇਂ ਸ਼ੋਰ ਸ਼ਰਾਬੇ ਵਿਚ, ਪਰੀਆਂ ਦੇਵਨੀਆਂ ਆਦਿ ਨੇ ਰਾਗ ਰੰਗ ਦੀ ਮਹਿਫ਼ਲ ਆ ਜਮਾਈ ? ਇਹ ਕੋਈ ਛੋਟਾ ਕੁਫ਼ਰ ਨਹੀਂ ਹੈ ? **ਇਸ ਤੋਂ** ਅੱਗੇ ਫਿਰ ਉਹੀ ਮਹਾਰਨੀ। ਮਹਾਂਕਾਲ ਦਾ ਕ੍ਰੋਧ ਅਤੇ ਜੰਗ । ਫਿਰ **ਛੇਤੀ ਹੀ ਝੂਠ** ਨੇ ਨਵਾਂ ਰੰਗ ਫੜ ਲਿਆ--

## ੧੫- ਲਹੂ ਦੀ ਨਦੀ ? ਵਿਚ ਤਰਦਾ ਕੀ ਕੁਝ ?

ਜੰਗ ਦੇ ਮੈਦਾਨ ਵਿਚ ਜਿੱਥੇ ਕੁੰਡਲਦਾਰ ਵਾਲਾਂ ਵਾਲੇ ਸੂਰਮਿਆਂ ਦੇ ਸਿਰ ਸ਼ਿਵ ਜੀ ਦੇ ਗਲ ਵਿਚ ਪਈ ਮਾਲਾ ਨੂੰ ਲੱਜਤ ਕਰ ਰਹੇ ਸਨ ਅਤੇ ਭਾਰੀ ਜੋਧੇ ਚੱਕਰ ਖਾ ਖਾ ਡਿੱਗ ਰਹੇ ਸਨ ਅਤੇ ਇਉਂ ਲੱਗਦੇ ਸਨ ਜਿਵੇ ਜੋਗੀਆਂ ਨੇ ਤਾੜੀ ਲਾਈ ਹੁੰਦੀ ਹੈ ? (੧੭੦) ਉਥੇ ਲਹੂ ਦੀਆਂ ਅਜੇਹੀਆਂ ਤੇਜ਼ ਨਦੀਆਂ ਵਗ ਰਹੀਆਂ ਸਨ ਜੋ ਸਵਰਗ ਲੋਕ ਦੀਆਂ ਅੱਠਾਂ ਨਦੀਆਂ ਨੂੰ ਮਾਤ ਪਾ ਰਹੀਆਂ ਸਨ। ਉਨ੍ਹਾਂ ਨਦੀਆਂ ਵਿਚ **ਘੋੜਿਆਂ ਦੇ ਝੁੰਡਾਂ ਦੇ ਝੁੰਡ ਰੁੜ੍ਹਦੇ ਜਾ ਰਹੇ ਸਨ।** (੧੭੧) ਝੰਡੇ ਅਤੇ ਰੁੱਖ ਇਉ ਰੁੜ੍ਹਦੇ ਜਾ ਰਹੇ ਸਨ ਜਿਵੇਂ ਪੱਤਿਆਂ ਤੋਂ ਬਿਨਾਂ ਡੰਡੇ ਹੋਣ ? ਖ਼ੂਨ ਦੀ ਵਗਦੀ ਨਦੀ ਵਿਚ ਝੱਗ ਅਤੇ ਬੁਲਬੁਲੇ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਪਾਟੇ ਹੋਏ ਕੱਪੜੇ ਰੁੜ੍ਹੇ ਜਾ ਰਹੇ ਹੋਣ। ਕਿਤੇ ਕੱਟੀਆਂ ਹੋਈਆਂ ਬਾਂਹਾਂ ਰੁੜੀਆਂ ਜਾ ਰਹੀਆਂ ਸਨ। (੧੭੩) (**ਸਾਇੰਸ ਵਾਲੇ ਬੇਸ਼ੱਕ ਰੌਲਾ ਪਾਈ ਜਾਣ** ਕਿ, ਲੋਹਾ ਨਹੀਂ ਤਰ ਸਕਦਾ ਪਰ, ਮਹਾਂਕਾਲ ਤੋਂ ਹੋਏ ਜ਼ਖ਼ਮਾਂ ਵਿਚ ਜਿਹੜਾ ਲਹੂ ਵਗਿਆ) ਉਸ ਦੀ ਨਦੀ ਵਿਚ ਰੁੜ੍ਹੀਆਂ ਜਾ ਰਹੀਆਂ ਸਖ਼ਤ ਲੋਹੇ ਦੀਆਂ ਬਣੀਆਂ ਕਟਾਰਾਂ ਇਉਂ ਲੱਗਦੀਆਂ ਸਨ ਜਿਵੇਂ ਮੱਛੀਆਂ ਦੇ ਝੁੰਡ ਹੋਣ। ਕਿਤੇ ਚੰਮ ਕੱਟੇ ਅਸਤਰ ਸ਼ਸਤਰ ਅਤੇ ਕਿਤੇ ਕੱਪੜਿਆਂ ਅਤੇ ਘੋੜਿਆਂ ਸਮੇਤ ਸੂਰਮੇ ਰੁੜ੍ਹੇ ਜਾ ਰਹੇ ਸਨ(੧੭੫) **ਫਿਰ ਜੁੱ**ਧ ਦਾ ਉਹੀ ਰੌਲਾ ਗੌਲਾ।

## ੧੬- ਅਦਭੁਤ ਸਵਾਰੀਆਂ ਦੇ ਸਵਾਰ ਅਦਭੁਤ ਸੂਰਮੇ-

ਖੱਚਰਾਂ, ਖੋਤਿਆਂ, ਮੱਝਾਂ ਤੇ, ਸੂਰਾਂ ਤੇ, ਕਿਤੇ **ਸੱਪਾਂ** ਤੇ, ਕਿਤੇ ਬਾਘਾਂ ਤੇ ਸਵਾਰ ਹੋ ਕੇ ਸੂਰਮੇ ਮਾਰੋ ਮਾਰ ਕਰਦੇ ਸੋਭ ਰਹੇ ਸਨ। ਕਿਤੇ ਕੋਈ ਰੋਹ ਵਿਚ ਆਏ ਸੂਰਮੇ **ਚੀਤਲ ਅਤੇ ਚੀਤੇ** ਤੇ ਸਵਾਰ ਸਨ। (੧੮੧ ਤੋਂ ੧੮੩) ਪਰ ਕਿੰਨੇ ਹੀ ਸੂਰਮੇ **ਛਛੂੰਦਰਾਂ, ਕਾਵਾਂ, ਅਠੂਹਿਆਂ** ਆਦਿ ਤੇ ਸਵਾਰ ਸਨ। ਅਤੇ ਕਈ ਸੂਰਮੇ ਵੀ ਸਨ ਜਿਹੜੇ **ਗਿਰਝਾਂ** ਤੇ ਸਵਾਰ ਮਾਨੋਂ ਸਮਾਧੀਆਂ ਲਈ ਬੈਠੇ ਹੋਣ । (੧੮੪) **ਅੱਗੇ ਫਿਰ** ਮਹਾਂਕਾਲ ਤੇ ਹੱਲੇ, ਅਤੇ ਮਹਾਂਕਾਲ ਦਾ ਉਨ੍ਹਾਂ ਨੂੰ ਟੋਟੋ ਕਰੀ ਜਾਣਾ । ਦੈਂਤਾਂ ਦਾ ਅਤੇ ਮਹਾਂਕਾਲ ਦਾ ਮੁੜ ਮੁੜ ਕ੍ਰੋਧੀ ਹੋ ਕੇ ਹੱਲੇ ਕਰੀ ਜਾਣਾ ਆਦਿ [੧੮੫ ਤੋਂ ੧੯੬]

## ੧੭- ਮਹਾਂਕਾਲ ਜੀ ਦੀ ਗਾਥਾ ਨੇ ਬੜਾ ਨਆਰਾ ਮੋੜ ਖਾ ਲਿਆ ?

**ਵੇਦਾਂ ਪੁਰਾਣਾ ਵਿਚਲੀਆਂ ਕਥਾ ਕਹਾਣੀਆਂ ਵੀ ਨਿਰੋਲ ਕਲਪਣਾ ਦੀ ਹੀ ਉਪਜ ਹਨ। ਪਰ ਉਹ ਸਾਰਾ ਝੂਠ ਕਥਿਤ ਤੌਰ ਤੇ ਹਜ਼ਾਰਾਂ ਸਾ**ਲ ਪਿਛਲਿਆਂ ਜੁਗਾਂ ਦਾ ਮਿਥਿਹਾਸ ਅਖਵਾਉਂਦਾ ਹੈ। ਉਨ੍ਹਾਂ ਸਮਿਆਂ ਦਾ ਇਤਿਹਾਸ ਨਹੀਂ ਮਿਲ ਰਿਹਾ। ਉਸ ਸਮੇ ਬਾਰੇ ਵਗਿਆਨੀਆਂ ਦੇ

ਅਨੁਮਾਨ ਹੀ ਹਨ ਪਰ ਕੋਈ ਇਤਿਹਾਸਕ ਸਚਾਈ ਨਹੀਂ ਮਿਲਦੀ। ਭਾਵ, ਮਿਥਿਹਾਸ ਅਤੇ ਇਤਿਹਾਸ ਇੱਕੋ ਥਾਂ ਕਿਤੇ ਜੁੜੇ ਹੋਏ ਨਹੀਂ ਮਿਲਦੇ। ਜਿਥੇ ਇਤਿਹਾਸਕ ਸਮਾਂ ਹੈ ਓਥੇ ਮਿਥਿਹਾਸਕ ਕਲਪਣਾ ਦੀ ਗੱਲ ਮੁੱਕ ਜਾਂਦੀ ਹੈ । ਇਤਿਹਾਸ ਵਿਚ ਮਿੱਥ ਦਾ ਰਲਾ ਕਿਸੇ ਗ੍ਰੰਥ ਵਿਚ ਵੇਖਣ ਨੂੰ ਨਹੀਂ ਮਿਲਦਾ। ਜੇ ਹੋਵੇਗਾ ਵੀ ਤਾਂ ਬੜੀ ਤਿੱਖੀ ਆਲੋਚਨਾਂ ਦਾ ਸ਼ਿਕਾਰ ਹੋ ਗਿਆ ਹੋਵੇਗਾ। ਪਰ ਮਹਾਂਕਾਲ ਦੀ ਇਸ ਮਿਥਿਹਾਸਕ ਗਾਥਾ ਨੇ ਅਜੀਬ ਮੋੜ ਖਾ ਲਿਆ ਹੈ:--

ਜ੍ਵਾਲ ਤਜੀ ਕਰਿ ਕੋਪ ਨਿਸਾਚਰ ॥ ਤਿਨ ਤੇ ਭਏ **ਪਠਾਨ** ਧਨੁਖਧਰ ॥
ਪੁਨਿ ਮੁਖ ਤੇ ਉਲਕਾ ਜੋ ਕਾਢੇ ॥ ਤਾਤੇ **ਮੁਗ਼ਲ** ਉਪਜਿ ਭੇ ਠਾਢੇ ॥ ੧੯੮ ।
ਪੁਨਿ ਰਿਸਿ ਤਨ ਤਿਨ ਸ੍ਵਾਸ ਨਿਕਾਰੇ॥ **ਸੈਯਦ ਸ਼ੇਖ** ਭਏ ਰਿਸ ਵਾਰੇ ॥
ਧਾਏ ਸ਼ਸਤ੍ਰ ਅਸਤ੍ਰ ਕਰ ਲੈ ਕੈ ॥ ਤਮਕਿ ਤੇਜ ਰਨ ਤੁਰੀ ਨਚੈਕੈ ॥ ੧੯੯ ॥
ਖਾਨ ਪਠਾਨ ਢੁਕੇ, ਰਿਸਿ ਕੈਕੈ ॥ ਕੋਪਿ ਕ੍ਰਿਪਾਨ ਨਗਨ ਕਰ ਲੈਕੈ ॥
**ਮਹਾਂ ਕਾਲ** ਕੌ ਕਰਤ, ਪ੍ਰਹਾਰਾ ॥ ਏਕ ਨ ਉਪਰਤ ਰੋਮ ਉਪਾਰਾ ॥ ੨੦੦ ॥

**ਅਰਥ**:--ਦੈਂਤਾਂ ਨੇ ਕ੍ਰੋਧ ਵਿਚ ਆ ਕੇ ਆਪਣੇ ਮੂੰਹਾਂ ਵਿਚੋਂ ਜਵਾਲਾ ਕੱਢੀ ਜਿਸ ਤੋਂ ਧਨਖਧਾਰੀ **ਪਠਾਨ** ਪੈਦਾ ਹੋ ਗਏ। ਉਨ੍ਹਾਂ ਜਦ ਦੁਬਾਰਾ ਮੂੰਹਾਂ ਵਿਚੋਂ ਜਵਾਲਾ ਕੱਢੀ ਤਾਂ ਉਸ ਤੋਂ **ਮੁਗ਼ਲ** ਪੈਦਾ ਹੋ ਗਏ ।੧੯੮। ਫਿਰ ਕ੍ਰੋਧ ਵਿਚ ਆ ਕੇ ਜਦ ਉਨ੍ਹਾਂ ਨੇ ਸਾਹ ਲਏ ਤਾਂ ਉਸ ਤੋਂ ਸ਼ੇਖ਼ ਸੱਯਦ ਪੈਦਾ ਹੋ ਗਏ। ਉਹ ਤੇਜ਼ ਘੋੜੇ ਨਚਾਉਂਦੇ ਹੋਏ, ਅਸਤਰਾਂ ਨਾਲ ਅਤੇ **ਪਠਾਨ ਤੇ ਖ਼ਾਨ ਨੰਗੀਆਂ ਕਿਰਪਾਨਾ ਲੈ ਕੇ, ਗ਼ੁੱਸੇ ਵਿਚ ਆ ਕੇ ਟੁੱਟ ਕੇ ਪੈ ਗਏ। ਉਹ ਮਹਾਂਕਾਲ ਉਤੇ ਵਾਰ ਕਰਦੇ ਸਨ ਪਰ ਉਸ ਦਾ ਇੱਕ ਵਾਲ ਵੀ ਵਿੰਗਾ ਨਹੀਂ ਸੀ ਹੁੰਦਾ** । [੧੯੯-੨੦੦]

**ਇਸ ਗੱਲ ਦੀ ਤਸੱਲੀ ਕਰਾਉਣ ਲਈ ਕਿ ਪਠਾਨ, ਖ਼ਾਨ ਅਤੇ ਸੱਯਦ ਆਦਿ ਸੱਚ-ਮੁੱਚ ਹੀ ਮਹਾਂਕਾਲ ਤੇ ਟੁੱਟ ਕੇ ਆ ਪਏ ਸਨ, ਲਿਖਾਰੀ ਉਨ੍ਹਾਂ ਦੇ ਨਾਮ ਲਿਖਦਾ ਹੈ**:--

ਅਮਿਤ ਖਾਨ ਕਰਿ ਕੋਪ ਸਿਧਾਰਾ ॥ ਮਦੁ ਕਰਿ ਭਏ ਸਕਲ ਮਤਵਾਰੇ ॥
ਉਮਡੇ ਅਮਿਤ ਮਲੇਛਨ ਕੇ ਗਨ ॥ ਤਿਨਕੇ ਨਾਮ ਕਹਤ ਤੁਮ ਸੌ ਭਨਿ ॥ ੨੦੧।
ਨਾਹਰ ਖਾਨ ਝੜਾ ਝੜ ਖਾਨਾ ॥ ਖਾਨ ਨਿਹੰਗ ਭੜੰਗ ਜੁਆਨਾ ॥
ਔਰ ਝੜੰਗ ਖਾਨ ਰਨ ਧਾਯੋ ॥ ਅਮਿਤ ਸ਼ਸਤ੍ਰ ਕਰ ਲਏ ਸਿਧਾਯੋ ॥ ੨੦੨ ।
ਬੈਰਮ ਖਾਨ ਬਹਾਦੁਰ ਖਾਨਾ ॥ ਬਲਵੰਡ ਖਾਨ ਬਡੋ ਸੁਰ ਗਯਾਨਾ ॥
ਰੁਸਤਮ ਖਾਨ ਕੋਪ ਕਰਿ ਚਲੋ ॥ ਲੀਨੇ ਅਮਿਤ ਸੈਨ ਸੰਗ ਭਲੋ ॥ ੨੦੩ ॥
ਹਸਨ ਖਾਨ ਹੁਸੈਨ ਖਾਨ ਭਨ ॥ ਖਾਨ ਮਹੰਮਦ ਲੈ ਮਲੇਛ ਗਨ ॥
ਸ਼ਮਸ਼ਖ਼ਾਨ ਸਮਸਰੋ ਖਾਨਾ ॥ ਚਲੇ ਪੀਸ ਕਰਿ ਦਾਂਤ ਜੁਆਨਾ ॥ ੨੦੪ ॥

ਅਜੇਹੇ ਨਾਵਾਂ ਵਾਲੇ ਖ਼ਾਨਾਂ ਨੇ ਮੈਦਾਨ ਵਿਚ ਆ ਕੇ ਤੀਰਾਂ ਨਾਲ ਵਾਰ ਕੀਤੇ ਉਹ ਮਹਾਂ ਕਾਲ ਨੂੰ ਮਾਰ ਦੇਣਾ ਚਾਹੁੰਦੇ ਸਨ। ਪਰ ਮਹਾਂਕਾਲ ਤੀਰਾਂ ਦੇ ਟੁਕੜੇ ਕਰਕੇ ਧਰਤੀ ਤੇ ਸੁੱਟੀ ਜਾ ਰਿਹਾ ਸੀ। ਸਾਰੇ ਮੁਸਲਮਾਨ ਸੱਯਦ ਪਠਾਣਾ ਦਾ ਅਤੇ ਸਾਰੇ ਖ਼ਾਨ, ਸ਼ੇਖ਼ ਫਰੀਦ ਸ਼ੇਖ਼ ਉਜੈਨ ਆਦਿ ਵੀ ਮਹਾਂਕਾਲ ਨਾਲ ਜੂਝਦੇ ਦਰਸਾ ਕੇ ਆਖ਼ਰ ਸਾਰੇ ਸੂਰਮਿਆਂ ਨੂੰ ਮਹਾਂਕਾਲ ਜੀ ਦੇ ਹੱਥੋਂ ਟੋਟੇ ਟੌਟੇ ਹੋ ਕੇ ਮਰਦੇ ਦਰਸਾ ਦਿੱਤਾ [੨੦੫ ਤੋਂ ੨੨੦]

## ੧੮- ਇਤਿਹਾਸਕ ਪਿਛੋਕੜ ਵੱਲ ਝਾਤੀ--

ਖ਼ਾਨ, ਮੁਗ਼ਲ ਅਥਵਾ ਮਲੇਛ ਸਾਰੇ ਵਿਸ਼ੇਸ਼ਨ ਮੁਸਲਮਾਨ ਧਰਮ ਨਾਲ ਸੰਬੰਧ ਹਨ। ਅਰਬ ਦੇਸ਼ ਦੇ ਸ਼ਹਿਰ **ਮੱਕਾ ਸ਼ਰੀਫ਼** ਵਿਚ ਜਨਮੇ, ਇਸਲਾਮ ਧਰਮ ਦੇ ਬਾਨੀ **ਹਜ਼ਰਤ ਮੁਹੰਮਦ ਸਾਹਿਬ** ਦਾ ਦਿਹਾਂਤ ਸਨ ੬੩੨ ਵਿਚ ਹੋਇਆ ਸੀ। ਉਨ੍ਹਾਂ ਦੇ ਪਿੱਛੋਂ ਇਸਲਾਮ ਦੀ ਬਾਗ਼-ਡੋਰ ਖ਼ਲੀਫ਼ਿਆਂ ਦੇ ਹੱਥ ਆਈ। ਖ਼ਲੀਫ਼ਿਆਂ ਦੇ ਉੱਦਮ ਨਾਲ ਇੱਕ ਸੌ ਵਰ੍ਹੇ ਦੇ ਅੰਦਰ ਅੰਦਰ ਇਸਲਾਮ ਦਾ ਝੰਡਾ ਇੱਕ ਪਾਸੇ--ਮਿਸਰ, ਉੱਤਰੀ ਅਫ਼ਰੀਕਾ, ਸਪੇਨ, ਅਤੇ ਦੂਜੇ ਪਾਸੇ--ਸੀਰੀਆ, ਫ਼ਾਰਸ, ਅਫ਼ਗਾਨਿਸਤਾਨ, ਆਦਿ ਦੇਸ਼ਾਂ ਤੇ ਝੁੱਲਣ ਲੱਗ ਪਿਆ।

ਅਠਵੀ ਸਦੀ ਵਿਚ **ਬਸਰੇ** ਦੇ ਹਾਕਮ **ਹੱਜਾਸ** ਦਾ ਸੈਨਾਪਤੀ **ਮੁਹੰਦ-ਬਿਨ-ਕਾਸਮ** ਖ਼ਲੀਫ਼ਾ **ਵਲੀਦ** ਦੀ ਆਗਿਆ ਨਾਲ **੨੧ ਜੂਨ ਸਨ ੭੧੨** ਨੂੰ **ਮੁਕਰਾਨ** ਅਤੇ **ਬਲੋਚਿਸਤਾਨ** ਹੁੰਦਾ ਹੋਇਆ ਭਾਰਤ ਤੇ ਚੜ੍ਹ ਆਇਆ। ਉਸ ਨੇ ਰਾਜਾ **ਦਾਹਰ** ਨੂੰ ਜਿੱਤ ਕੇ ਸਾਰੇ ਸਿੰਧ ਤੇ ਕਬਜ਼ਾ ਕਰ ਲਿਆ। ਪਰ ਰਾਜਪੂਤਾਂ ਨੇ ਉਸ ਦਾ ਇਹ ਰਾਜ ਛੇਤੀ ਹੀ ਸਮਾਪਤ ਕਰ ਦਿੱਤਾ ਸੀ।

ਇਸ ਦੇ ਪਿੱਛੋ **੮੮੬** ਤੋਂ ਲੈ ਕੇ **ਮਾਮੂ-ਰਸ਼ੀਦ ਸੁਬੁਕਤਗੀਨ** ,ਅਤੇ **ਮਹਮੂਦ ਗ਼ਜ਼ਨਵੀ** ਆਦਿ ਨੇ ਉੱਤਰ ਪੱਛਮ ਵਲੋਂ ਕਈ ਹਮਲੇ ਕਰਕੇ ਭਾਰਤ ਦਾ ਧਨ ਅਤੇ ਹੁਸਨ ਗੱਡੇ ਭਰ ਭਰ ਕੇ ਲੁੱਟਿਆ। ਭਾਰਤ ਤੇ ਮੁਸਲਮਾਨਾ ਦਾ ਰਾਜ **ਸ਼ਹਾਬੁਦ-ਦੀਨ-ਮੁਹੰਮਦ ਗ਼ੌਰੀ** ਨੇ **੧੧੯੨** ਵਿਚ **ਪ੍ਰਿਥੀਰਾਜ ਚੌਹਾਨ** ਨੂੰ ਹਰਾ ਕੇ ਸਥਾਪਤ ਕੀਤਾ। ਉਸ ਨੇ ਆਪਣੇ ਗ਼ੁਲਾਮ **ਕੁਤਬੁੱਦ-ਦੀਨ ਐਬਕ** ਨੂੰ ਦਿੱਲੀ ਦੀ ਗੱਦੀ ਸੌਂਪ ਦਿੱਤੀ। ਗ਼ੁਲਾਮਾਂ ਦੇ ਇਸ ਖ਼ਾਨਦਾਨ ਪਿਛੋਂ, ਖ਼ਿਲਜੀ ਖ਼ਾਨਦਾਨ, ਫਿਰ ਤੁਗ਼ਲਕ ਕਬੀਲਾ, ਉਸ ਤੋਂ ਮਗਰੋਂ ਲੋਦੀ ਖ਼ਾਨਦਾਨ ਦੇ ਬਾਦਸ਼ਾਹ ਇਬਰਾਹੀਮ ਤੋਂ **ਜ਼ਹੀਰੁ-ਦੀਨ ਬਾਬਰ** ਨੇ ਦਿੱਲੀ ਦਾ ਰਾਜ ਖੋਹ ਲਿਆ। ਬਾਬਰ ਦੇ ਪੁੱਤਰ ਹਮਾਊਂ ਤੋ ਕਰੀਬ ਦਸ ਕੁ ਸਾਲ ਲਈ ਸ਼ੇਰਸ਼ਾਹ ਸੂਰੀ ਨੇ ਰਾਜ ਖੋਹੀ ਰਖਿਆ, ਪਰ ਮਗਰੋਂ ਮੁਗ਼ਲੀਆ ਰਾਜ ਦੀ ਪਕੜ **ਅਜੇਹੀ ਪੱਕੀ ਹੋਈ ੧੯੪੭ ਤੱਕ ਹਿੰਦ ਤੇ ਇਸਲਾਮ ਦਾ ਝੰਡਾ ਝੁੱਲਦਾ ਰਿਹਾ।**

ਸੰਨ ੭੧੨ ਤੋ ਹੀ ਹਿੰਦੂਆਂ ਦੇ ਮਨਾ ਤੇ ਮੁਸਲਮਾਨਾਂ ਦੇ ਜਬਰ ਦਾ ਭੈ ਬੈਠਣਾ ਅਰੰਭ ਹੋ ਚੁੱਕਾ ਸੀ। ੯੯੬ ਤੋਂ ਭਾਰਤ ਤੇ ਅਰੰਭ ਹੋਏ ਜ਼ਾਲਮ ਅਤੇ ਨਿਰਦਈ ਮੁਸਲਮਾਨ ਲੁਟੇਰਿਆਂ ਦੇ ਹਮਲਿਆਂ ਨੇ ਭਾਰਤੀ ਹਿੰਦੂ ਨੂੰ ਅਣਖ-ਹੀਣ, ਡਰੂ ਅਤੇ ਆਪਣੇ ਸਕੇ ਭਰਾਵਾਂ ਨਾਲ ਵੀ ਵ੍ਰਿਸ਼ਵਾਸ਼ ਘਾਤ ਕਰਨ ਵਾਲਾ ਭਾਂਪ ਲਿਆ ਅਤੇ ਭਾਰਤ ਦੀ ਦੌਲਤ ਦੇ ਨਾਲ ਭਾਰਤੀ ਬੱਚੀਆਂ ਦਾ ਅਤੇ ਸੁਨੱਖੇ ਲੌਂਡਿਆਂ ਦਾ ਵਪਾਰ ਇਸਲਾਮੀ ਦੇਸ਼ਾਂ ਦੀਆਂ ਮੰਡੀਆਂ ਦੀ ਰੌਣਕ ਸੈਂਕੜੇ ਸਾਲ ਬਣਿਆਂ ਰਿਹਾ। ੧੧੯੨ ਵਿਚ ਜਦੋਂ ਮੁਸਲਮਾਨਾਂ ਦਾ ਰਾਜ ਬਣਿਆਂ ਤਾਂ ਹਿੰਦੂਆਂ ਨੂੰ ਕਾਫ਼ਰ ਘੋਸ਼ਤ ਕਰ ਦਿੱਤਾ ਅਤੇ ਸਰਕਾਰ ਨੇ ਬੜੇ ਘਿਣਾਵਣੇ ਅਤਿਆਚਾਰ ਅਰੰਭ ਕਰ ਦਿੱਤੇ ਸਨ। ਕਾਫ਼ਰਾਂ ਨੂੰ ਭਿਆਨਕ ਸਜ਼ਾਵਾਂ ਸੁਣਾਉਣ ਵਾਲੇ ਸ਼ਰਈ ਮੌਲਾਣੇ, ਪਠਾਣ, ਖ਼ਾਨ ਸੱਯਦ ਆਦਿ ਹਿੰਦੂਆਂ ਅਥਵਾ ਬ੍ਰਾਹਮਣਾ ਲਈ ਵਡੇ ਦੈਂਤ ਬਣ ਚੁੱਕੇ ਸਨ। ਹਿੰਦੂ ਵਿਦਵਾਨਾਂ ਲਈ ਇਸਲਾਮ ਧਰਮ ਕਬੂਲ ਕਰਨ ਦਾ ਅਤੇ ਜਾਂ ਤਸੀਹਾਂ ਭਰੀ ਮੌਤ ਲਈ ਤਿਆਰ ਰਹਿਣ ਦੇ ਹੁਕਮ ਨਿੱਤ ਜਾਰੀ ਹੋਣ ਲੱਗ ਪਏ ਸਨ। **ਮੁਗਲਾਂ ਪਠਾਣਾ ਸੱਯਦਾਂ** ਆਦਿ ਦਾ ਭੈ ਕਈ ਪੀੜ੍ਹੀਆਂ ਤੱਕ ਰਹਿਣ ਦੇ ਕਾਰਨ, ਹਿੰਦੂ ਵਿਦਵਾਨਾਂ ਦੇ ਮਨਾਂ ਵਿਚ (ਇਸ ਭੈ ਦੇ) ਬੜੇ ਡੂੰਘੇ ਸੰਸਕਾਰ ਬਣ ਚੁੱਕੇ ਸਨ।

ਬਚਿੱਤਰ ਨਾਟਕ ਦੀ ਵਿਚਾਰ ਸਮੇ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਜਾ ਚੁਕਿਆ ਹੈ ਕਿ, ਦਸਮ ਗ੍ਰੰਥ ਵਿਚਲੇ ਚਰਿਤ੍ਰਾਂ ਦਾ ਲਿਖਾਰੀ ਵੀ ਉਹੀ ਹੈ ਜਿਸ ਨੇ ਬਚਿਤ੍ਰ ਨਾਟਕ ਲਿਖਿਆ ਸੀ। ਭਾਵੇਂ ਦਸ਼ਮੇਸ਼ ਜੀ ਨੇ ਮੁਗ਼ਲਾਂ ਦੀਆਂ ਸ਼ਾਹੀ ਫ਼ੌਜਾਂ ਦੇ ਕਈ ਵਾਰੀ ਦੰਦ ਖੱਟੇ ਕੀਤੇ ਸਨ, ਪਰ ਬਚਿਤੱਰ ਨਾਟਕ ਵਿਚ ਦਸ਼ਮੇਸ਼ ਜੀ ਨੂੰ ਕੇਵਲ ਇੱਕੋ ਇੱਕ ਭੰਗਾਣੀ ਦੇ ਯੁੱਧ ਵਿਚ, ਪਹਾੜੀ ਰਾਜਿਆਂ ਵਿਰੁੱਧ ਹੀ ਬਹਾਦਰਾਂ ਵਾਂਗ ਜੂਝਦੇ ਦਰਸਾਇਆ ਹੈ। ਮੁਸਲਮਾਨ ਜਰਨੈਲਾਂ ਦੇ ਹਮਲਿਆਂ ਸਮੇ ਦਸ਼ਮੇਸ਼ ਜੀ ਨੂੰ ਕਿਸੇ ਥਾਂ ਵੀ ਜੂਝਦੇ ਨਹੀਂ ਦਰਸਾਇਆ। ਨਦੌਣ ਦੇ ਯੁੱਧ ਵਿਚ, ਰਾਤ ਦੇ ਸਮੇ ਸਤਿਗੁਰਾਂ ਨੇ ਇੱਕ ਗੋਲੀ ਕਿਸੇ ਰਾਜੇ ਦੇ ਮਾਰੀ ਪਤਾ ਨਹੀਂ ਉਹ ਰਾਜਾ ਹੈ ਕੌਣ ਸੀ ਅਤੇ ਚਾਰ ਤੀਰ ਸੱਜੇ ਹੱਥ ਨਾਲ ਅਤੇ ਤਿੰਨ ਤੀਰ ਖੱਬੇ ਹਥ ਨਾਲ ਚਲਾਏ ਦਰਸਾਏ ਹਨ। ਨਾਲ ਇਹ ਵੀ ਲਿਖ ਦਿੱਤਾ ਕਿ ਪਤਾ ਨਹੀਂ ਕਿਸੇ ਨੂੰ ਵੱਜੇ ਸਨ ਕਿ ਨਹੀਂ। **ਅਲਫ਼ ਖਾਂਨ** ਨਦੀਉਂ ਪਾਰ ਹੋ ਕੇ ਹਨੇਰੀ ਰਾਤ ਵਿਚ, ਅੱਗ ਦੇ ਭਾਂਬੜ ਬਾਲ ਕੇ ਧੌਂਸੇ ਵੱਜਦੇ ਹੀ ਛੱਡ ਕੇ ਆਪ ਭੱਜ ਗਿਆ ਅਤੇ ਬੱਸ। ਦਸ਼ਮੇਸ਼ ਜੀ ਨੂੰ, ਔਰੰਗਜ਼ੇਬ ਦਿਆਂ ਅਹਿਦੀਆਂ ਤੋਂ ਖ਼ੁਸ਼ੀ ਨਾਲ ਸਹਾਇਤਾ ਕਬੂਲ ਕਰਦੇ ਦਰਸਾਇਆ ਹੈ। ਧਿਆਨ ਨਾਲ ਪੜ੍ਹੀਏ ਤਾਂ ਬੜੇ ਕੁਟਲ ਸ਼ਬਦਾਂ ਦੁਆਰਾ ਦਸ਼ਮੇਸ਼ ਨੂੰ ਮੁਗ਼ਲਾਂ ਤੋਂ ਭੈ-ਭੀਤ ਹੋਏ ਦਰਸਾਇਆ, ਸਾਫ਼ ਦਿੱਸ ਆਉਂਦਾ ਹੈ।

ਕਿਉਂਕਿ ਮੁਗ਼ਲਾਂ ਨੂੰ ਸਦਾ ਸਾਖ਼ਸ਼ਾਤ **ਅਜਿੱਤ ਦੈਂਤਾਂ** ਦੇ ਰੂਪ ਵਿਚ ਵੇਖਿਆ ਅਤੇ ਸਮਝਿਆ ਜਾਂਦਾ ਸੀ, ਇਸ ਲਈ ਉਨ੍ਹਾਂ ਨੂੰ ਮਾਰਨਾ ਲਿਖਾਰੀ ਲਈ ਬਾਕੀ ਦੈਂਤਾਂ ਦੇ ਮਾਰਨ ਨਾਲੋਂ ਵੀ ਵੱਡਾ ਔਖਾ ਅਤੇ ਸੂਰਮਤਾਈ ਵਾਲਾ ਮਹਾਂਨ ਸਾਕਾ ਬਣ ਚੁੱਕਾ ਸੀ। ਇਹੀ ਕਾਰਨ ਹੈ ਕਿ, ਇਸ ਗੱਲ ਦੀ ਪਰਵਾਹ ਕੀਤੇ ਬਿਨਾ ਕਿ, ਮਿਥਿਹਾਸ ਦੇ ਝਮੇਲੇ ਵਿਚ ਇਤਿਹਾਸਕ ਸਮੇਂ ਨੂੰ ਘਸੀਟ ਲੈਣ ਨਾਲ ਸਾਰੀ ਲਿਖਤ ਹੀ ਵਿਆਰਥ ਅਤੇ ਕੁਟਲਤਾ ਨਾਲ ਤਿਆਰ ਕੀਤੀ ਬਣ ਜਾਣੀ ਹੈ, ਮੁਗ਼ਲਾਂ ਨੂੰ ਮਾਰ ਸਕਣ ਵਿਚ ਲਿਖਾਰੀ ਨੇ **ਮਹਾਂਕਾਲ ਦੀ ਅਦੁੱਤੀ ਬਹਾਦਰੀ ਸਮਝੀ ਹੈ**।

## ੧੯- ਸ੍ਰੀ ਅਸਿਧੁੱਜ ਜੀ ਦੀ ਉਪ੍ਰੋਕਤ ਝੂਠ-ਗਾਥਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ-

**(੧)** ਇਸ ਗ੍ਰੰਥ ਨੂੰ ਪੁਰਾਣਾਂ ਦਾ ਠੀਕ ਠੀਕ ਅਨੁਵਾਦ ਕਹਿਣ ਵਾਲੀ ਗੱਲ ਵੀ ਸੱਚੀ ਨਹੀਂ ਹੈ। ਪੁਰਾਣਾ ਵਿਚ ਹੋਰ ਕਈ ਅਣਹੋਣੇ ਝੂਠ ਬੋਲਾਂ ਦੀ ਭਾਵੇ ਬੜੀ ਭਰਮਾਰ ਹੋਵੇਗੀ ਪਰ ਅਜੇਹਾ ਕੋਈ ਪੁਰਾਣ ਨਹੀਂ ਹੈ ਜਿਸ ਵਿਚ ਮਿਥਿਹਾਸ ਅਤੇ ਇਤਿਹਾਸ ਦਾ ਮਿਸ਼ਰਨ ਤਿਆਰ ਕੀਤਾ ਮਿਲ ਸਕੇ। **ਖ਼ਾਸ ਕਰਕੇ** ਪਠਾਣਾ, ਸਯੱਦਾਂ ਖਾਨਾਂ ਆਦਿ ਦੀ ਕਿਸੇ ਹਿੰਦੂ ਅਵਤਾਰ ਨਾਲ ਹੋਈ ਕਿਸੇ ਤਰ੍ਹਾਂ ਦੀ ਜੰਗ ਦਾ ਜ਼ਿਕਰ, ਕਿਸੇ ਵੀ ਪੁਰਾਣ ਵਿਚ ਲਿਖਿਆ ਨਹੀਂ ਮਿਲਦਾ।

**(੨)** ਪਠਾਣਾ ਦਾ ਭੈ ਕੇਵਲ ਬ੍ਰਾਹਮਣ ਨੇ ਹੀ ਉਚੇਚੇ ਤੌਰ ਤੇ ਕਬੂਲ ਕੀਤਾ ਹੋਇਆ ਸੀ। ਕਿਉਂਕਿ ਗੁਰੂ ਬਣੀ ਬੈਠੇ ਬ੍ਰਾਹਮਣ ਤੇ ਮੁਸਲਮਾਨ ਬਾਦਸ਼ਾਹਾਂ ਨੇ ਉਚੇਚੇ ਜ਼ੁਲਮ ਕੀਤੇ ਸਨ । ਬਦਮਾਸ਼ੀ, ਠੱਗੀ ਅਤੇ ਮਨ ਆਏ ਜ਼ੁਲਮ ਕਰ ਸਕਣ ਦੀ ਖੁੱਲ੍ਹ ਦੇ ਅੱਡੇ ਬਣ ਚੁੱਕੇ ਮੰਦਰਾਂ ਨੂੰ ਢਾ ਢਾ ਕੇ ਮਸੀਤਾਂ ਬਣਾ ਦੇਣੀਆਂ ਬ੍ਰਾਹਮਣ ਪੁਜਾਰੀ ਲਈ ਬੜਾ ਭਿਆਨਤ ਕਹਿਰ ਵਰਤ ਰਿਹਾ ਸੀ। ਮੁਸਲਮਾਨਾਂ ਨੂੰ ਖ਼ਿਆਲੀ ਰੱਬ ਕੋਲੋਂ ਮਰਵਾ ਕੇ ਆਪਣੇ ਦੁਖੀ ਹਿਰਦੇ ਨੂੰ ਠੰਡ ਪਾਉਣ ਵਾਲ ਲਿਖਾਰੀ, ਬ੍ਰਾਹਨ ਤੋਂ ਬਿਨਾਂ ਦੂਜਾ ਕੋਈ ਹੋਰ ਹੋ ਹੀ ਨਹੀਂ ਸਕਦਾ। ਦਸਮ। ਦਿੱਲੀ ਦੇ ਸਮਰਾਟ ਔਰੰਗਜ਼ੇਬ ਦਾ ਵੱਡਾ ਲੜਕਾ ਜੋ ਦਿੱਲੀ ਦੇ ਤਖ਼ਤ ਦਾ ਵਾਰਸ ਸੀ, ਮੁਗ਼ਲ ਸ਼ਹਿਜ਼ਾਦਾ ਬਹਾਦਰਸ਼ਾਹ ਹਿਰਦੇ ਤੋਂ ਦਸ਼ਮੇਸ਼ ਜੀ ਦਾ ਹਮਦਰਦ ਬਣ ਚੁੱਕਾ ਸੀ। ਔਰੰਗਜ਼ੇਬ ਦਾ ਬੜਾ ਜਾਬਰ ਜਰਨੈਲ ਸੈਦ ਖ਼ਾਨ, ਜੋ ਦਸ਼ਮੇਸ਼ ਜੀ ਨੂੰ ਜੀਊਂਦਿਆਂ ਨੂੰ ਬੰਨ੍ਹ ਕੇ ਲੈ ਆਉਣ ਦੀ ਕਸਮ ਖਾ ਕੇ ਦਿੱਲੀਓਂ ਤੁਰਿਆ ਸੀ--ਜੰਗ ਦੇ ਮੈਦਾਨ ਵਿਚ ਸਤਿਗੁਰਾਂ ਦੇ ਜਲਾਲ ਦੇ ਸਾਹਮਣੇ ਗ਼ੋਡੇ ਟੇਕ ਬੈਠਾ ਸੀ। ਪੀਰ ਮੀਆਂ ਮੀਰ, ਪੀਰ ਬੁੱਧੂ ਸ਼ਾਹ ਜਿਹੇ ਪੀਰ ਅਥਵਾ ਗ਼ਨੀ ਖ਼ਾਨ ਨਬੀਖ਼ਾਨ ਜਿਹੇ ' ਖ਼ਾਨ ' ਅਤੇ ਕਈ ਸਿਰਕੱਢ ਮੁਗ਼ਲ ਸਿਰਦਾਰ ਗੁਰੂ ਘਰ ਦੇ ਟਹਿਲੂਏ ਬਣ ਚੁੱਕੇ ਸਨ। ਸਪੱਸ਼ਟ ਹੈ ਕਿ ਇਹ ਲਿਖਤ ਕਿਸੇ ਕੁਟਲ ਅਤੇ ਡਰੂ ਬਿੱਪ੍ਰ ਦੀ ਹੀ ਹੈ।

**੨੨੧ ਚੌਪਈ ਤੋਂ** ਦੋਬਾਰਾ ਦੈਂਤਾਂ ਨਾਲ ਯੁੱਧ ਦੀ ਝੂਠ-ਗਾਥਾ ਅਰੰਭ ਹੋ ਜਾਂਦੀ ਹੈ। ਬਿਨਾ ਸਿਰ ਤੋ ਕਈ ਦੈਂਤ ਜੰਗ ਵਿਚ ਆ ਵੜੇ ਅਤੇ ਅੱਗੇ ਬੜੇ ਵਿਕਰਾਨ ਦੈਂਤਾਂ ਦਾ ਲਹੂ ਵਿਚੋਂ ਪੈਦਾ ਹੁੰਦੇ ਜਾਣ ਵਿਚ, ਅਤੇ ਮਹਾਂਕਾਲ ਨੂੰ ਜਾਨੋਂ ਮਾਰ ਮੁਕਾਉਣ ਦੇ ਯਤਨਾ ਵਿਚ ਰੁਝੇ ਹੋਏ ਦਰਸਾਉਣ ਵਾਲਾ ਹੀ ਰਾਗ ਅਲਾਪਿਆ ਹੋਇਆ ਹੈ।

ਮੁੜ ਮੁੜ ਉਹੀ ਗੱਲਾਂ ਜੋ ਅੱਗੇ ਕਈ ਵਾਰੀ ਆ ਚੁਕੀਆਂ ਹਨ ੨੩੪ ਚੌਪਈ ਤੇ ਆ ਕੇ ਮੋੜਾ ਖਾਂਦੀਆਂ ਹਨ।--

## ੨੦- ਝੂਠ ਗਾਥਾ ਨੇ ਬਿਲਕੁਲ ਹੀ ਨਵਾਂ ਰੂਪ ਵਟਾ ਲਿਆ?

**(A)** **ਹੁਐਂ ਸ਼ਬਦ** ਅਸਿਧੁਜਹਿ ਉਚਾਰਾ ॥ ਤਿਹ ਤੇ ਆਧਿ ਬਯਾਧ ਬਪੁ ਧਾਰਾ ॥
**ਸੀਤ ਜੂਰ ਅਰੋ ਉਸਨ ਤਾਪ ਭਨ ॥ ਛਈ ਰੋਗ ਅਰੁ ਸੰਨਯਾਪਤ ਗਨ ॥ ੨੩੪ ॥**

**ਅਰਥ:**--ਮਹਾਂਕਾਲ ਨੇ ਹੁਐਂ ਸ਼ਬਦ ਦਾ ਉਚਾਰਣ ਕੀਤਾ ਜਿਸ ਨਾਲ ਆਧਿ ਬਿਯਾਧਿ ਰੋਗਾਂ ਨੇ ਜਨਮ ਲਿਆ। ਸਤਿ ਰੋਗ ਜ੍ਵਰ ਰੋਗ, ਉਸਨ ਤਾਪ, ਖਈ ਰੋਗ, ਅਤੇ ਸੰਨਪਾਤ ਆਦਿ ਰੋਗਾਂ ਨੇ ਜਨਮ ਲੈ ਲਿਆ । ੨੪]

ਭਾਵ, ਲੰਮੀ ਚੌੜੀ ਖਪਾਈ ਵਾਲਾ ਯੁੱਧ ਕਰ ਲੈਣ ਉਪ੍ਰੰਤ ਅਸਿਧੁਜ ਅਥਵਾ ਮਹਾਂਕਾਲ ਜੀ ਨੂੰ ਸੁਰਤ ਆਈ ਕਿ ਆਪ ਖਪਦੇ ਰਹਿਣ ਨਾਲੋ ਬਿਮਾਰੀਆਂ ਚਮੇੜੋ ਤਾਂ ਜੋ ਲਹੂ ਨਾਲ ਪੈਦਾ ਹੋਣ ਵਾਲੇ ਦੈਂਤਾਂ ਵਿਚ ਕੁਝ ਘਾਟਾ ਹੋ ਸਕੇ ? ਹੋਰ ਕਈ ਤਰ੍ਹਾਂ ਦੇ ਰੋਗਾਂ ਤੋਂ ਛੁੱਟ ਦਾੜ੍ਹ ਪੀੜ ਅਤੇ ਸਿਰ ਪੀੜ ਬਿਮਾਰੀ ਵੀ ਦੈਂਤਾਂ ਲਈ ਜਾਨ ਲੇਵਾ ਬਣ ਗਈ। ਹਰ ਪਾਸੇ ਮਰੀ ਪੈ ਗਈ। ਦੈਂਤ ਘਟਣੇ ਅਰੰਭ ਹੋ ਗਏ ਤਾਂ ਲਿਖਾਰੀ ਜੀ ਨੂੰ ਗ੍ਰੰਥ ਵਧਨ ਦੇ ਭੈ ਨੇ ਆ ਘੇਰਿਆ:--

**ਚੌਪਈ ॥ ਕਹਾ ਲਗੇ ਮੈਂ ਬਰਨ ਸੁਨਾਊਂ ॥ ਗ੍ਰੰਥ ਬਢਨ ਤੇ ਅਤਿ ਡਰਪਾਊਂ ॥**
**ਇਹ ਬਿਧਿ ਭਯੋ ਦਾਨਵਨ ਨਾਸਾ ॥ ਖੜਗਕੇਤ ਅਸੁ ਕਿਯਾ ਤਮਾਸਾ ॥** ੨੪੭ ॥

ਜਦ ਦੈਂਤ ਖ਼ਤਮ ਹੁੰਦੇ ਵੇਖੇ ਤਾਂ **ਅਸਕੇਤ, ਖੜਗਕੇਤ, ਅਸਯੁਜ ਅਥਵਾ ਮਹਾਂਕਾਲ** ਜੀ ਨੂੰ ਹੁਣ ਇੱਕ ਹੋਰ ਚਿੰਤਾ ਨੇ ਆ ਘੇਰਿਆ। " ਹਾਏ ! ਜੇ ਸਾਰੇ ਦੈਂਤ ਮਰ-ਮੁੱਕ ਗਏ ਤਾਂ ਮੇਰੇ ਨਾਲ ਤਮਾਸ਼ੇ ਕੌਣ ਕਰਿਆ ਕਰੂ ? ਇਨ੍ਹਾਂ ਨੂੰ ਤਾਂ ਜੀਊਂਦੇ ਰੱਖਣ ਦੀ ਵੀ ਬੜੀ ਲੋੜ ਹੈ?" ਇਹ ਸੋਚ ਕੇ ਦੈਂਤਾਂ ਨੂੰ ਵਰ ਦੇ ਦਿੱਤਾ ਕਿ, ਸਾਰੀਆਂ ਬਿਮਾਰੀਆਂ ਦੀਆਂ ਦਵਾਈਆਂ ਵੀ ਤੁਹਾਡੇ ਵਿਚੋਂ ਹੀ ਨਿਕਲ ਆਉਣਗੀਆਂ ॥[੨੪੮ ਤੇ ੨੪੯]

**(B) ਦੈਂਤਾਂ ਦੇ ਮਿਰਤਕ ਸਰੀਰ ਹੀ ਕਾਰੀ ਔਸ਼ਦੀਆਂ ?** ਉਪ੍ਰੋਕਤ ਵਰਣਨ ਵਰ ਮਿਲਣ ਦੀ ਢਿੱਲ ਸੀ ਕਿ ਮੁਰਦਾ ਦੈਂਤਾਂ ਦੀਆਂ ਲੋਥਾਂ ਵਿਚੋਂ ਅਨੇਕਾਂ ਵਾਈਆਂ ਨਿਕਲਣੀਆਂ ਸ਼ੁਰੂ ਹੋ ਗਈਆਂ। (੨੫੦)

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਮਾਤਮਾ ਜੋ ਚਾਹੇ ਕਰ ਸਕਦਾ ਹੈ ਪਰ ਇਸ ਤਰ੍ਹਾਂ ਦੇ ਹੋਛੇ ਅਤੇ ਝੂਠ-ਗ੍ਰਸੇ ਬੇਲੋੜੇ ਤਮਾਸ਼ੇ ਕਰਨ ਦੀ ਲੋੜ ਤਾਂ ਕੇਵਲ ਬਿੱਪਰ ਦੇ ਰੱਬ ਨੂੰ ਹੀ ਪਈ ਵੇਖੀ ਹੈ। ਅਪਾਰ ਸ੍ਰਿਸ਼ਟੀ ਦੀ ਸਿਰਜਣਾ ਕਰਕੇ ਅੱਖ ਦੇ ਫੋਰ ਵਿਚ-**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥** ਮਿਟਾ ਸਕਣ ਦੀ ਸਮਰਥਾ ਵਾਲੇ ਸਿਰਜਣਹਾਰ ਨੂੰ ਸ਼ਸਤਰ ਫੜ ਕੇ ਲੰਮੇ ਸਮੇਂ ਲਈ ਜੰਗਾਂ ਜੁੱਧਾਂ ਵਿਚ ਜੁਝਦੇ ਰਿਹਣ ਵਾਲੀ ਖੱਜਲ ਖ਼ੁਆਰੀ ਸਹੇੜ ਬਹਿਣ ਕੀ ਲੋੜ ? **ਸਤਿਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ੧੧ਵੇਂ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** ਭੈਰਉ ਅਸਟਪਦੀਆਂ ਵਿਚ ਸੱਚੇ ਸਿਰਜਣ-ਹਾਰ ਦੀ ਮਹਿਮਾਂ ਇਉਂ ਸਮਝਾ ਰਹੇ ਹਨ:--

੧੦੯- **ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥ ਕੋਟਿ ਮਹੇਸ ਉਪਾਇ ਸਮਾਏ ॥**
**ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥ ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ਰਹਾਉ॥**
**ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥ ਕੋਟਿ ਉਪਾਰਜਨਾ ਤੇਰੈ ਅੰਗਿ ॥**
**ਕੋਟਿ ਭਗਤ ਬਸਤ ਹਰਿ ਸੰਗਿ ॥੨॥ ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥**
**ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ॥੩॥ ਕੋਟਿ ਪੂਰੀਅਤ ਹੈ ਜਾ ਕੈ ਨਾਦ॥**
**ਕੋਟਿ ਅਖਾਰੇ ਚਲਿਤ ਬਿਸਮਾਦ ॥ ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥੪॥**
**ਕੋਟਿ ਤੀਰਥ ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥ ਕੋਟਿ ਪੂਜਾਰੀ ਕਰਤੇ ਪੂਜਾ ॥**
**ਕੋਟਿ ਬਿਸਥਾਰਨੁ ਅਵਰੁ ਨ ਦੂਜਾ॥੫॥** ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥ **ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥**
**ਕੋਟਿ ਪਰਲਉ ਓਪਤਿ ਨਿਮਖ ਮਾਹਿ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥ ਕੋਟਿ ਗਿਆਨੀ ਕਥਹਿ ਗਿਆਨੁ ॥**
**ਕੋਟਿ ਧਿਆਨੀ ਧਰਤ ਧਿਆਨੁ ॥ ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੁੋਨਿ ਮਹਿ ਰਹਤੇ॥੭॥**
**ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥ ਜਤ ਕਤ ਦੇਖਉ ਤੇਰਾ ਵਾਸਾ ॥**
**ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥** {੧੧੫੬-੫੭}

ਗੁਰੂ ਗ੍ਰੰਥ ਸਾਹਿਬ ਦਾ ਅਗਮ ਅਗੋਚਰ ਅਕਾਲ ਪੁਰਖ ਤਾਂ ਸਾਰੀ ਸ੍ਰਿਸ਼ਟੀ ਦੀ-**ਕੋਟਿ ਪਰਲਉ ਓਪਤਿ ਨਿਮਖ ਮਾਹਿ ॥ ਕ੍ਰੋੜਾਂ ਵਾਰੀ ਸਿਰਜਣਾ ਕਰਕੇ ਨਿਮਖ ਵਿਚ ਵਿਨਾਸ਼** ਕਰਨ ਦੇ ਸਮਰਥ ਹਨ, ਪਰ ਏਧਰ (ਨਿਰਸੰਦੇਹ ਬਿੱਪ੍ਰ ਦੇ ਹੀ) ਸ੍ਰੀ ਅਸਿਧੁਜ ਜੀ ਹਨ, ਕਿਉਂਕਿ ਇਸ ਨੂੰ ਤਾਂ ਕਿਰਪਾਨ ਫੜ ਕੇ ਦੈਂਤਾਂ ਦੀ ਵਾਢੀ ਧਰੀ ਬੈਠਿਆਂ ਨੂੰ ਹਜ਼ਾਰ ਸਾਲ ਬੀਤ ਗਏ ਹਨ ਪਰ ਉਹ ਮੁੱਕਣ ਵਿਚ ਹੀ ਨਹੀਂ ਆ ਰਹੇ। ਕੀ, ਇਸੇ ਨਿਕੰਮੇ ਅਸਧੁਜ ਜੀ ਦਾ ਹੀ ਅਸੀਂ ਜਾਪ ਕਾਰਦੇ ਹਾਂ--ਜੇ ਅਸਿਧੁਜ ਤਵ ਸ਼ਰਨੀ ਪਰੇ ॥ ਤਿਨ ਕੇ ਦੁਸ਼ਟ ਦੁਖਿਤ ਹਵੈ ਮਰੇ ॥ ੩੯੭॥ ਹੇ ਪਦਮ ਸਾਹਿਬ ਜੀਓ ! ਜ਼ਰਾ ਸਮਝਾਉ ਤਾਂ ਸਹੀ ਕਿ, ਜਿਸ ਨੂੰ ਦਸਮਗ੍ਰੰਥ ਵਿਚ ਹੀ ਮਦਾਰੀਆਂ ਵਾਲਾ ਵਿਹਾਰ ਕਰਦਾ ਅਤੇ ਵੈਰ-ਭਾਵਣਾ ਨਾਲ ਸੜਦਾ ਭੁੱਜਦਾ ਵੇਖਦੇ ਹਾਂ ਉਸ ਅਸਧੁਜ ਜੀ ਦੇ ਜਾਪ ਵਾਲੀ ਬਾਣੀ ਸਾਡੀ ਕੀ ਲੱਗਦੀ ਹੈ ?

**ਕਥਾ ਅੱਗੇ ਤੁਰੀ**--ਜਿਹੜੀ ਵੀ ਕਿਸੇ ਦੈਂਤ ਨੂੰ ਬਿਮਾਰੀ ਸੀ ਉਸ ਨੂੰ ਝੱਟ ਹੀ ਰਾਜ਼ੀ ਕਰ ਦੇਣ ਵਾਲਾ ਦਾਰੂ ਮਿਲ ਜਾਣ ਦੇ ਕਾਰਨ ਸਾਰੇ ਦੈਂਤ ਰਾਜ਼ੀ ਹੋ ਗਏ ਅਤੇ ਉਨ੍ਹਾਂ ਨੇ ਫਿਰ ਯੁੱਧ ਅਰੰਭ ਕਰ ਦਿੱਤਾ।

**ਅਗਨਿ ਅਸਤ੍ਰ ਛਾਡਾ ਤਬ ਦਾਨਵ ॥ ਜਾਤੇ ਭਏ ਭਸਮ ਬਹੁ ਮਾਨਵ ॥**

**ਬਾਰੁਣਾਸਤ੍ਰ ਤਬ ਕਾਲ ਚਲਾਯੋ ॥ ਸਕਲ ਅਗਨਿ ਕੋ ਤੇਜ ਮਿਟਾਯੋ ॥ ੨੫੩॥**

ਪਦਮ ਸਾਹਿਬ ਜੀਓ ! ਦੇਵ ਦਾਨਵਾਂ ਦੀ ਜੰਗ ਵਿਚ ਇਹ ਮਾਨਵ ਕਿਥੋਂ ਆਵੜੇ ਸਨ ? ਜੇ ਇਹ ਜੰਗ ਧਰਤੀ ਤੇ ਹੀ ਹੋ ਰਹੀ ਸੀ ਤਾਂ ਲਿਖਾਰੀ ਨੇ ਕਿਸੇ ਦੇਸ਼ ਦਾ ਅਤਾ ਪਤਾ ਕਿਸ ਕਾਰਨ ਨਹੀਂ ਲਿਖਿਆ ? ਫਿਰ, ਕੀ ਅਸਿਧੁਜ ਅਸਿਕੇਤ, ਖੜਗਕੇਤ, ਮਹਾਂਕਾਲ ਅਤੇ ਇਹ ਉਪ੍ਰੋਕਤ ਕਾਲ ਇਕੋ ਭਗਵਾਨ ਦੇ ਨਾਮ ਹੀ ਹਨ ਕਿ **ਕਾਲ** ਕੋਈ ਹੋਰ ਦੇਵਤਾ ਆ ਵੜਿਆ ਸੀ? ਉਂਜ ਕਹਾਣੀ ਦੀ ਲੜੀ ਤੋਂ ਸਮਝ ਤਾਂ ਏਹੀ ਆਉਂਦੀ ਹੈ ਕਿ ਕਾਲ ਵੀ ਮਹਾਂਕਾਲ ਦਾ ਹੀ ਛੋਟਾ ਨਾਮ ਹੈ। ਜੇ ਸਮਝਣ ਵਿਚ ਕੋਈ ਭੁੱਲ ਹੋ ਰਹੀ ਹੈ ਤਾਂ ਸੋਧ ਦੇਣ ਦੀ ਬਖ਼ਸ਼ਸ਼ ਕਰ ਦੇਣੀ ਜੀ।

ਫਿਰ ਰਾਖ਼ਸ਼ਸਾਂ ਨੇ ਪਵਨ ਅਸਤਰ ਚਲਾ ਕੇ ਬੱਦਲ ਉਡਾ ਦਿੱਤੇ। ਭੂਰਾਸਤ੍ਰ, ਮੇਘ ਅਸਤ੍ਰ, ਭਾਇ ਅਸਤ੍ਰ, ਰਾਛਸ਼ਾਸਤ੍ਰ, ਦੇਵਤਾਸਤ੍ਰ, ਜੱਛ ਅਸਤ੍ਰ, ਗੰਧਰਬਾਸਤ੍ਰ, ਚਰਣਾਸਤ੍ਰ, ਸਿੱਧ ਅਸਤ੍ਰ, ਆਦਿ ਚਲਦੇ ਰਹੇ ਅਤੇ ਪ੍ਰਾਕਿਰਤਕ ਨੇਮਾਂ ਦੇ ਵਿਰੁੱਧ ਫੌਜਾਂ ਜੰਮਦੀਆਂ ਮਰਦੀਆਂ ਰਹੀਆਂ। ਦੈਂਤਾਂ ਨੇ ਫਿਰ ਸੱਪ ਪੈਦਾ ਕਰਨ ਵਾਲਾ ਉਰਗੁ ਅਸਤ੍ਰ ਚਲਾਯਾ ਤਾਂ ਮਹਾਂਕਾਲ ਜੀ ਨੇ ਝੱਟ ਪਟ ਖਗਪਤਿ ਅਸਤ੍ਰ ਜਲਾਇਆ ਜਿਸ ਨੇ ਸਾਰੇ ਸੱਪ ਖਾ ਲਏ। ਫਿਰ ਬਿਛੂ ਅਸਤ੍ਰ ਦਾ ਤੋੜ ਲਸ਼ਿਟਕਾਸਤ੍ਰ (ਭਾਵ ਲਾਠੀਆਂ ਪੈਦਾ ਕਰਨ ਵਾਲਾ) ਚਲਾਇਆ ਗਿਆ। ਇਸ ਤਰ੍ਹਾਂ ਘੋਰ ਸੰਗ੍ਰਾਮ ਮਚ ਗਿਆ ਅਤੇ ਹਰ ਪਾਸੇ--**ਧੰਨਯ ਧੰਨਯ ਅਸਿਧੁਜ ਕੌ ਕਹੈਂ** ॥ [੨੬੩]

ਪਰ ਬੜੇ ਹਠੀ ਸੂਰਮੇ ਫਿਰ ਗੱਜ ਪਏ ਅਤੇ ਸ਼ੰਖ ਅਤੇ ਵਾਜੇ ਵਜਾਉਂਦੇ ਆ ਪਏ ਤੇ ਜੰਗ ਮਘ ਪਿਆ। ਲਹੂ ਭਰੇ ਕੱਪੜੇ ਇਉਂ ਲੱਗ ਰਹੇ ਸਨ ਜਿਵੇਂ ਸੂਰਮੇ ਹੋਲੀ ਖੇਡ ਰਹੇ ਹੋਣ । ਮਰੋੜੇ ਖਾ ਖਾ ਕੇ ਡਿੱਗੇ ਦੁਸ਼ਟ ਇਉਂ ਲੱਗ ਰਹੇ ਸਨ ਜਿਵੇ ਧਤੂਰਾ ਖਾ ਕੇ ਪਏ ਹੋਣ। ਲਾਸ਼ਾਂ ਦੇ ਵਿਚਕਾਰ ਚੜੇਲਾਂ, ਹੁੰਕਾਰ ਰਹੀਆਂ ਸਨ, ਕਿਤੇ ਸੂਰਬੀਰ, ਘੋੜੇ ਅਤੇ ਵਾਜੇ ਵਜਾਉਣ ਵਾਲੇ ਵਜੰਤ੍ਰੀ ਡਿੱਗੇ ਪਏ ਸਨ, ਅਤੇ ਕਿਤੇ ਹਾਥੀ ਮਰੇ ਪਏ ਸਨ। [੨੬੪ ਤੋਂ ੨੭੦] ਹੁਣ ਮਹਾਂਕਾਲ ਕ੍ਰੋਧਵਾਨ ਹੋ ਕੇ ਗੱਜਿਆ ਤੇ ਕਿਰਪਾਨ ਕੱਢ ਕੇ ਹੋਰ ਵੀ ਵੱਧ ਰੋਹ ਵਿਚ ਪ੍ਰਗਟ ਹੋਇਆ ਤਾਂ ਸਾਰੇ ਦੈਂਤ ਭੈ-ਭੀਤ ਹੋ ਗਏ। ਦੈਂਤਾਂ ਦੇ ਮੂੰਹ ਪੀਲੇ ਪੈ ਗਏ ਅਤੇ ਮੈਦਾਨ ਛੱਡ ਕੇ ਹਨੇਰੀ ਵਾਂਗ ਭੱਜ ਗਏ। [੨੭੧]

**ਪਦਮ ਜੀਓ !** ਤੁਸੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਲਿਖਿਆ ਹੋਇਆ ਹੈ ਇਸ ਗ੍ਰੰਥ ਦਾ ਜੰਗ ਨਾਮਾ ਪੜ੍ਹ ਕੇ ਕਮਜ਼ੋਰਾਂ ਨੇ ਮਨ ਸ਼ੇਰ ਹੋ ਜਾਂਦੇ ਹਨ। ਪਰ ਲੱਗ ਤਾਂ ਇਉਂ ਰਿਹਾ ਕਿ ਜਿਵੇਂ ਜਾਦੂਗਰਾਂ ਦੀ ਸਰਕਸ ਦਾ ਤਮਾਸ਼ਾ ਲੱਗਾ ਹੋਇਆ ਹੋਵੇ? ਮਹਾਂਕਾਲ ਦਾ ਹੀ ਪਤਾ ਨਹੀਂ ਲੱਗਦਾ ਕਿ ਉਹ ਜੰਗ ਕਰਦਾ ਹੋਇਆ ਹੀ ਮੁੜ ਮੁੜ ਕ੍ਰੋਧਵਾਨ ਹੋ ਕੇ ਮੁੜ ਮੁੜ ਪ੍ਰਗਟ ਹੋਣ ਲਈ ਲੁਕ ਕਿੱਥੇ ਜਾਂਦਾ ਹੈ ? ਅਤੇ ਫਿਰ ਬਹਾਦਰੀ ਦਾ ਸਬਕ ਕਿਸ ਧਿਰ ਕੋਲੋਂ ਮਿਲਦਾ ਹੋਵੇਗਾ ? ਅਸਿਧੁਜ ਨਾਮੀ ਰੱਬ ਜੀ ਦੇ ਰੰਗਾ ਰੰਗ ਕੌਤਕਾਂ ਵਿਚੋਂ ਕਿ, ਜਾਂ ਮਾਰੇ ਅਤੇ ਖਾਧੇ ਜਾਣ ਤੋਂ ਬਚ ਕੇ ਭੱਜੇ ਜਾ ਰਹੇ ਦੈਂਤਾਂ ਦੀ ਅਲੋਕਾਰ ਬਹਾਦਰੀ ਤੋਂ ? ਧੰਨ ਹੋ ਤੁਸੀਂ ਅਤੇ ਧੰਨ ਹੈ ਤੁਹਾਡੀ ਸੇਵਾ ? ਇਹ ਘਾਲਣਾ ਸ਼ਾਇਦ ਤੁਸਾਂ ਉਸ ਸਮੇਂ ਤੱਕ ਘਾਲਦੇ ਰਹਿਣਾ ਹੈ ਜਦੋਂ ਤੱਕ ਖ਼ਾਲਸਾ ਜੀ ਦੇ ਆਚਰਨ ਵਿਚ ਮਾੜੀ ਮੋਟੀ ਸਚਾਈ ਵੀ ਬਚੀ ਹੋਈ ਹੈ ? ਆਓ, ਗ਼ਾਥਾ ਨੂੰ ਅੱਗੇ ਤੋਰੀਏ:--

ਅੱਗੇ ਫੇਰ ਚੜੇਲਾਂ ਢਿਡ ਭਰ ਭਰ ਕੇ ਲਹੂ ਪੀ ਕੇ ਕਿਲਕਾਰੀਆਂ ਮਾਰਦੀਆਂ ਦਰਸਾਈਆਂ ਹਨ। **ਭਿਆਨਕ** ਰੂਪ ਵਾਲਾ **ਭੈਰੋ** ਵੀ ਡਮਰੂ ਖੜਕਾਉਦਾਂ ਭਭਕਾਰ ਰਿਹਾ ਹੈ। ਅਤੇ ਕਈ ਤਰ੍ਹਾਂ ਦੇ ਵਾਜਿਆਂ ਦੀ ਘਣਘੋਰ ਵਿਚ ਬਰਛੇ, ਬਾਨ, ਕ੍ਰਿਪਾਨ, ਗਦਾ, ਤਿਰਸ਼ੂਲ ਆਦਿ ਸ਼ਸਤਰਾਂ ਦੇ ਵਾਰ ਹੁੰਦੇ ਦਰਸਾਏ ਹਨ। ਮਹਾਂਕਾਲ ਜੀ ਮੁੜ ਮੁੜ ਕ੍ਰੋਧਵਾਨ ਹੋ ਕੇ, ਦੰਤ ਪੀਹ ਪੀਹ ਕੇ ਪੈ ਰਹੇ ਕਈ ਨਾਵਾਂ ਵਾਲੇ ਦੈਂਤਾਂ, ਦਾ ਸੰਘਾਰ ਕਰਦੇ ਦਰਸਾਏ ਹੋਏ ਹਨ। [੨੭੨ ਤੋਂ ੨੯੫ ] ਏਥੋ ਤੱਕ ਤੇ ਗਾਥਾ ਨੇ ਕੋਈ ਵਿਸ਼ੇਸ਼ ਪਲਟਾ ਨਹੀਂ ਸੀ ਖਾਧਾ। ਪਰ ਹੁਣ ਫੇਰ ਮਹਾਂਕਾਲ ਜੀ ਦਾ ਖ਼ਾਸ ਰੂਪ ਦਸਾਉਣ ਦੀ ਤਿਆਰੀ ਵਿਚ, ਖ਼ੂਨ ਤੋਂ ਵੈਰੀ ਪੈਦਾ ਹੁੰਦੇ ਦਰਸਾਏ ਜਾ ਰਹੇ ਹਨ:--

**ਸੌ ਸੌ ਏਕ ਏਕ ਸਾਰ ਮਾਰਾ ॥ ਸੌ ਸੌ ਗਿਰੀ ਸ੍ਰੋਨ ਕੀ ਧਾਰਾ ॥**

**ਸਤ ਸਤ ਅਸੁਰ ਉਪਜਿ ਭੇ ਠਾਢੇ ॥ ਅਸੀ ਗਜੀ ਕੋਚੀ ਬਲ ਗਾਢੇ ॥ ੨੯੬ ॥**

**ਅਰਥ:**-ਮਹਾਂਕਾਲ ਨੇ ਫਿਰ ਸੌ ਸੌ ਨੂੰ ਇੱਕ ਇੱਕ ਤੀਰ ਮਾਰਿਆ ਜਿਸ ਨਾਲ ਸੌ ਸੌ ਖ਼ੂਨ ਦੀ ਧਾਰਾਂ ਵਹਿ ਤੁਰੀਆਂ। ਉਨ੍ਹਾਂ ਤੋਂ ਫਿਰ ਸੌ ਸੌ ਦੈਂਤ ਪੈਦਾ ਹੋ ਗਏ ਅਤੇ ਉਹ ਘੋੜ ਸਵਾਰ, ਹਾਥੀਵਾਨ, ਅਤੇ ਕਵਚਧਾਰੀ ਸੂਰਬੀਰ ਬਣ ਗਏ । ੨੯੬।

## ੨੧- ਸਿਰਜਣਹਾਰ-ਪਾਲਣਹਾਰ ਪਾਰਬ੍ਰਹਮ ਪਰਮੇਸ਼ਰ ਕਿ, ਲਹੂ-ਪੀਣਾ ਰਾਖ਼ਸ਼ਸ ?

ਪਹਿਲਾਂ ਬਿਮਾਰੀਆਂ ਪੈਦਾ ਕਰਕੇ ਦੈਂਤਾਂ ਨੂੰ ਮਰਦੇ ਦਰਸਾਉਣ ਵਾਲਾ **ਝੂਠ-ਡਰਾਮਾ** ਰਚ ਲਿਆ। ਫਿਰ ਲਿਖਾਰੀ ਨੇ ਰੱਬ ਜੀ ਨੂੰ ਭੁੱਲਾਂ ਕਾਰਨ ਤੇ ਪਛਤਾਉਂਦਾ ਦਰਸਾ ਕੇ ਇਹ ਕਹਿੰਦਾ ਵੀ ਦਰਸਾ ਦਿਤਾ ਕਿ-ਜੇ ਸਾਰੇ ਦੈਂਤ ਮਰ ਗਏ ਦਰਸਾ ਦਿੱਤ ਤਾਂ (ਗੁਰ-ਸਿੱਖਾਂ ਨੂੰ ਉਲੂ ਬਨਾਉਣ ਲਈ ?) ਝੂਠ-ਤਮਾਸ਼ਾ ਕਿਵੇਂ ਰਚਿਆ ਜਾਵੇਗਾ ? ਫਿਰ ਮਹਾਂਕਾਲ ਜੀ ਨੇ ਮੁਰਦੇ ਦੈਂਤਾਂ ਤੋਂ ਬਿਮਾਰੀਆਂ ਦਾ ਨਾਸ ਕਰਨ ਵਾਲੀਆਂ ਜੜੀ ਬੂਟੀਆਂ (ਔਸਦੀਆਂ) ਪੈਦਾ ਹੋਣ ਦਾ ਵਰ ਦੇ ਦਿੱਤਾ। ਅਤੇ ਹੁਣ ਜੱਦ ਦੈਂਤਾਂ ਨੇ ਹੱਲੇ ਤੇ ਹੱਲਾ ਕਰਨਾ ਅਰੰਭ ਕਰਕੇ ਮੁੜ ਮੁੜ ਪੈਦਾ ਹੋਈ ਜਾਣ ਵਾਲਾ ਕੌਤਕ ਅਰੰਭ ਕਰ ਲਿਆ ਤਾਂ (ਮੁੜ ਮੁੜ ਭੁੱਲਾਂ ਕਰ ਕੇ ਨਵੀਂ ਸਕੀਮ ਚਾਲੂ ਕਰ ਲੈਣ ਵਾਲੇ) **ਸਕੀਮੀ ਮਹਾਂਕਾਲ** ਦਾ ਅਤੀਸ਼ੰਤ ਭਿਅੰਕਰ ਰੂਪ**?**
ਪਦਮ ਸਾਹਬ ਜੀਓ ! ਜਉਂਦੇ ਸੂਰਮਿਆਂ ਨੂੰ ਦਾੜ੍ਹਾਂ ਦੇ ਚੱਬਦੇ ਅਤੇ ਲਹੂ ਪੀਣੇ ਰਾਖਸ਼ਸੀ-ਰੂਪ ਆਪਣੇ ਰੱਬ ਦੇ ਦਰਸ਼ਨ, ਨੇੜੇ ਹੋ ਕੇ ਕਰ ਲਓ:---

**ਰੂਪ ਹਜ਼ਾਰ ਹਜ਼ਾਰ ਧਰਿ ਕਲਿ ॥ ਗਰਜਤ ਭਯੋ ਅਤੁਲ ਕਰਿ ਕੈ ਬਲ ॥**

**ਕਹ ਕਹ ਹਸਾ ਕਾਲ ਬਿਕਰਾਲਾ ॥ ਕਾਢੈ ਦਾਂਤ ਤਜਤ ਮੁਖ ਜ੍ਵਾਲਾ ॥ ੨੯੭ ॥**
**ਏਕ ਏਕ ਰਨ ਬਾਨ ਚਲਾਯੋ ॥ ਸਹਸ ਸਹਸ ਦਾਨਵ, ਕਹ ਘਾਯੋ ॥**
**ਕੇਤਿਕ ਸੁਭਟ ਦਾੜ੍ਹ ਗਹਿ ਚਾਬੇ ॥ ਕੇਤਿਕ ਸੁਭਟ ਪਾਵ ਤਰ ਦਾਬੇ ॥ ੨੯੮ ॥**
**ਕੇਤਕ ਪਕਰਿ ਭੱਛ ਕਰਿ ਲਯੋ ॥ ਤਿਨ ਤੇ ਏਕ ਨ ਉਪਜਤ ਭਯੋ ॥**
**ਕਿਤਕਨ ਦ੍ਰਿਸ਼ਟਾ ਕਰਖਨ ਕੀਯੋ ॥ ਸਭਨਿ ਕੋ ਸ੍ਰੋਨਿਤ ਹਰਿ ਲੀਯੋ ॥ ੨੯੯ ॥**

**ਅਰਥ:**--ਹਜ਼ਾਰ ਹਜ਼ਾਰ ਰੂਪ ਧਾਰ ਕੇ ਮਹਾਂਕਾਲ ਨੇ ਆਪਣੇ ਅਪਾਰ ਬਲ ਨਾਲ ਗੱ:ਜਣ ਲੱਗਾ। ਉੱਚੀ ਉੱਚੀ ਹੱਸਿਆ ਤਾਂ ਉਸ ਦੇ ਮੂੰਹ ਵਿਚ ਅੱਗ ਨਿਕਲਣ ਲੱਈ। ੨੯੭। ਇੱਕ ਇੱਕ ਬਾਣ ਨਾਲ ਹਜ਼ਾਰ ਹਜ਼ਾਰ ਦੈਂਤ ਮਾਰ ਦਿੱਤਾ। ਕਿੰਨੇ ਹੀ ਸੂਰਬੀਰਾਂ ਨੂੰ **ਆਪਣੀਆਂ ਦਾੜ੍ਹਾਂ ਵਿਚ ਚੱਬ ਲਿਆ। ਕਿੰਨਿਆਂ ਨੂੰ ਪੈਰਾਂ ਥੱਲੇ ਫਿਹ੍ ਦਿੱਤਾ ।੨੯੮। ਕਈਆਂ ਨੂੰ ਫੜ ਕੇ ਉਂਜ ਹੀ ਖਾ ਲਿਆ ਅਤੇ ਕਿੰਨਿਆਂ ਦਾ ਲਹੂ ਚੂਸ ਲਿਆ ।੨੯੯।**

ਏਸੇ ਲਿਖਾਰੀ ਨੇ ਬਚਿਤ੍ਰ ਨਾਟਕ ਦੇ ਦੂਜੇ ਅਧਿਆਇ ਵਿਚ ਆਪ ਹੀ ਇਉਂ ਲਿਖਿਆ ਹੈ:--

**ਸਾਧ ਕਰਮ ਜੇ ਪੁਰਖ ਕਮਾਵੈ ॥ ਨਾਮ ਦੇਵਤਾ ਜਗਤ ਕਹਾਵੈ ॥**
**ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ ॥ ਨਾਮ ਅਸੁਰ ਤਿਨ ਕੋ ਸਭ ਧਰਹੀਂ ॥ ੧੫ ॥**

ਸਪੱਸ਼ਟ ਹੈ ਕਿ ਨੇਕ ਕੰਮ ਕਰਨ ਵਾਲਾ ਦੇਵਤਾ ਅਤੇ ਮੰਦ ਕਰਮੀ ਦੈਂਤ ਮੰਨਿਆਂ ਜਾਂਦਾ ਹੈ।

ਏਸੇ ਸਬੁਧਿ ਬਾਚ ਵਿਚ ਲਿਖਾਰੀ ਨੇ ਦੈਂਤਾਂ ਨੂੰ ਮਾਨਵ ਕਈ ਥਾਂਈ ਲਿਖਿਆ ਹੈ। ਅਤੇ ਉਤਲੇ ਬਚਨ ਅਨੁਸਾਰ ਭਾਵੇਂ ਅਸਿਧੁਜ ਹੀ ਹੈ ਪਰ, ਭੈੜੀ ਖ਼ਸਲਤਾ ਵਾਲਾ ਹੋਣ ਦੇ ਕਾਰਨ ਉਹ ਵੀ ਇੱਕ ਭਿਆਨਕ ਦੈਂਤ ਹੀ ਹੈ ? ਜਉਂਦਿਆਂ ਮਾਨਵਾਂ ਨੂੰ ਚੱਬ ਜਾਣਾ ਅਥਵਾ ਉਨ੍ਹਾਂ ਦਾ ਲਹੂ ਪੀਵੀ ਜਾਣਾ--ਭਲਾ ਕੰਮ ਕਦੇ ਨਹੀਂ ਮੰਨਿਆਂ ਜਾ ਸਕਦਾ। ਪਰ ਜਦ ਕੋਈ ਰਾਖਾ ਹੀ ਆਪਣੀ ਰਖਿਆ ਵਿਚਲੇ ਜੀਆਂ ਨੂੰ ਆਪਣੀਆਂ ਵਿਕਰਾਲ ਦਾੜ੍ਹਾਂ ਹੇਠ ਹਡੀਆਂ ਚਰਮ ਬਿਸ਼ਟਾ ਸਮੇਤ ਚੱਬੀ ਜਾਏ ਅਤੇ ਲਹੂ ਤੱਕ ਚਟਮ ਕਰੀ ਜਾਏ ਇਸ ਵੱਧ ਭਿਅੰਕਰ ਦੈਂਤ ਹੋਰ ਕੌਣ ਹੈ। ਅਸਿਧੁਜ ਜੀ ਦੀ ਭਿਆਨਕ ਸ਼ਕਲ ਸੂਰਤ ਅਤੇ ਦਿਲ ਕੰਬਾਊ ਕਰਤੂਤਾਂ ਤੋਂ ਭੈ ਭੀਤ ਹੋਏ ਮਨ ਦੀ ਘਬਰਾਟ ਦੂਰ ਕਰਕੇ ਆਤਮਕ ਠੰਢ ਦਾ ਸਨੰਦ ਮਾਨਣ ਲਈ, ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੁੱਜੀਏ ਅਤੇ ਆਪਨੀ ਕਿਰਤ ਦੇ **ਰਾਖੇ ਸੰਦਰ ਸਰੂਪ ਦਇਆਲੂ ਪਰਮਾਤਮਾ ਜੀ ਦੇ ਦਰਸ਼ਨ** ਕਰ ਲਈਏ:--:--

੧੧●– **ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥ ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥ ਜਹ ਦੇਖਉ ਤਹ ਰਵਿ ਰਹੇ ਰਖੁ ਨਹਾਰਾ ॥ ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥ ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਦੀਸ ਕੀ ਬਿਨਸੈ ਨ ਅੰਧਿਆਰਾ ॥੩॥ ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥ ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥ ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥ ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥ ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥** {੨੨੮}

**ਪਦ ਅਰਥ**:--ਗੋਇਲੀ=ਗੁਆਲਾ, ਗਾਈਆਂ ਦਾ ਚਰਵਾਹਾ, ਰਾਖਾ । ਰਾਖਹਿ=ਰੱਖਿਆ ਕਰਦਾ ਹੈ। ਸਾਰਾ=ਸੰਭਾਲ, ਧਿਆਨ। ਅਹਿ=ਦਿਨ। ਨਿਸਿ=ਰਾਤ। ਆਤਮ ਸੁਖ=ਆਤਮਕ ਆਨੰਦ। ਧਾਰਾ=ਧਾਰਦਾ ਹੈ, ਦਿੰਦਾ ਹੈ ।੧। ਇਤ ਉਤ=ਲੋਕ ਪਰਲੋਕ ਵਿਚ, ਏਥੇ ਉਥੇ। ਤਉ=ਤੇਰੀ। ਨਦਰ ਨਿਹਾਲਾ=ਮਿਹਰ ਦੀ ਨਜ਼ਰ ਨਾਲ ਵੇਖਦਾ ਹੈ ।੧। ਰਹਾਉ ।

ਬੇਨਤੀ ਚੌਪਈ ਦੇ ਪਾਠ ਤੋਂ ਸਪੱਸ਼ਟ ਹੋ ਰਿਹਾ ਹੁੰਦਾ ਹੈ ਕਿ ਬ੍ਰਹਮਾ, ਸ਼ਿਵ, ਵਿਸ਼ਨੂੰ ਆਦਿ ਦੇਵਤੇ ਸਭ ਦੇ ਸਭ ਮਹਾਂਕਾਲ ਤੋਂ ਹੀ ਜਨਮੇ ਸਨ। ਦੈਂਤਾਂ ਦਾ ਜਨਮ ਦਾਤਾ ਵੀ ਕੋਈ ਦੂਜਾ ਰੱਬ ਨਹੀਂ ਹੈ। ਅਤੇ ਫਿਰ ਗੁਰੂਵਾਕ-**(੧)-- ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥**{੬੫੩} (੨) **ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ ॥ ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥੫॥੨॥**{੮੮੧} (੩) **ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ ॥ ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ॥੪॥੬॥੧੮**{੮੮੨} (੪)-- ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥ ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥ {੫੧} ਰੱਬ ਨੂੰ ਬੜੇ ਵਿਕਰਾਲ ਡਰਾਉਣ ਰੂਪ ਵਿਚ ਦਰਸਾਉਣਾ ਬਿੱਪਰ-ਗੁਰੂ ਦੇ ਹਿੱਸੇ ਦੀ ਹੀ ਗੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਰਬ ਤਾਂ(੫) **ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩॥ ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪॥** {੨੪●} ਜੇ ਬੰਦੇ-ਖਾਣਿਆਂ ਨੂੰ ਦੈਂਤ ਕਿਹਾ ਜਾਂਦਾ ਹੈ ਤਾਂ ਆਪਣੇ ਬੱਚੇ ਖਾਣ ਵਾਲਾ, ਵਡਾ ਵਿਸ਼ਵਾਸ਼ਘਾਤੀ ਨਿਰਦਈ **ਦੈਂਤ** ਕਿਵੇਂ ਨਾ ਹੋਇਆ? ਕੇਵਲ ਬ੍ਰਾਹਮਣ ਦਾ ਰੱਬ ਹੀ ਅਜੇਹਾ ਨਰਦਈ ਅਤੇ ਜ਼ਾਲਮ ਹੋ ਸਕਦਾ ਹੈ ਜੋ ਆਪਣੇ ਪੈਦਾ ਕੀਤੇ ਜੀਆਂ ਨੂੰ ਚੱਬ ਚੱਬ ਕੇ ਰਾਖ਼ਸ਼ਸਾਂ

ਵਾਂਗ ਖਾਣ ਲੱਗਾ, ਸੰਗ ਨਹੀਂ ਮੰਨ ਰਿਹਾ। **ਸੱਜਣ** ਜਿਹੇ ਕਾਤਲ ਠੱਗਾਂ ਨੂੰ ਅਥਵਾ **ਕੌਡੇ** ਜਿਹੇ ਬੰਦੇ ਖਾਣੇ ਜ਼ਾਲਮਾਂ ਨੂੰ ਪਿਆਰ ਦੀ ਬੁਕਲ ਵਿਚ ਲੈ ਕੇ ਉਨ੍ਹਾਂ ਨੂੰ ਮਨੁੱਖਤਾ ਦੇ ਸੇਵਾਦਾਰ **ਭਾਈ ਸਹਿਬ** ਬਨਾਉਣ ਵਾਲੇ ਸ੍ਰੀ ਗੁਰੂ ਨਾਨਕ ਜੀ ਦਾ ਰੱਬ ਤਾਂ :--

੧੧੧- **ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ॥੧॥ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥੧॥ ਰਹਾਉ ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥੨॥ ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥੩॥ ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੮॥੮੭॥** {੧੮੧}

੧੧੨- **ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥ ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥ ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ ॥੨॥ ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥੩॥ ਅਨਦਿਨੁ ਜਪਉ ਨਾਮ ਗੁਣਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥੨੩॥੭੪॥** {੩੮੯}

੧੧੩- **ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥ ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥੧॥ ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮ੍ਰੀ ਉਸਤਤਿ ਕਰਉ ਦਿਨ ਰਾਤਿ ॥੧॥ ਰਹਾਉ ॥ ਹਮ ਤੇਰੇ ਜੰਤ ਤੂ ਬਜਾਵਨਹਾਰਾ ॥ ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥ ਤਉ ਪਰਸਾਦਿ ਰੰਗ ਰਸ ਮਾਣੇ ॥ ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥ ਤੁਮ੍ਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧਸੰਗਿ ਤੁਮਰੇ ਗੁਣ ਗਾਉ ॥ ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ ॥ ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥ ਹਉ ਬਲਿਹਾਰਿ ਜਾਉ ਗੁਰਦੇਵ ॥ ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥ ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ ਗੁਣ ਗਾਵੈ ਨਾਨਕੁ ਨਿਤ ਤੇਰੇ ॥੪॥੧੮॥੩੧॥** {੧੧੪੪}

## ੨੨- ਮਹਾਂਕਾਲ-ਰੂਪੀ ਰੱਬ ਭੁੱਲੜ ?

ਗੁਰੂ ਬਾਣੀ ਦਾ ਫ਼ੁਰਮਾਨ ਹੈ--**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ** ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ੁਰਮਾਨ ਅਨੁਸਾਰ ਅਭੁੱਲ ਹੋਣ ਵਾਲੀ ਸ਼ਕਤੀ ਸਿਰਜਣਹਾਰ ਨੇ ਆਪਣੇ ਹੀ ਕੋਲ ਰੱਖੀ ਹੈ। ਅਕਾਲਪੁਰਖ ਤੋਂ ਬਿਨਾ ਬਾਕੀ ਸਾਰੇ ਜੀਅ ਭੁਲਾਂ ਕਰਦੇ ਹਨ। ਫਿਰ ਜੇ ਅਸਿਧੁਜ ਜੀ ਅਥਵਾਂ ਮਹਾਂਕਾਲ-ਕਾਲ-ਖੜਗਧਾਰੀ-ਖੜਗਕਤੇ-ਅਸਿਕੇਤ ਜੀ ਹੀ ਅਕਾਲ ਪੁਰਖ ਜੀ ਹਨ ਤਾਂ ਉਨ੍ਹਾਂ ਨੂੰ ਭੁੱਲੜ ਲਿਖਣ ਵਾਲਾ ਨਿਰਸੰਦੇਹ ਕੋਈ ਬਿੱਪ੍ਰ ਹੈ। ਅਸਿਧੁਜ ਨੂੰ ਕਰਤਾਰ ਜੀ ਮੰਨ ਕੇ ਉਨ੍ਹਾਂ ਨੂੰ ਥਾਂ ਥਾਂ ਤੇ ਭੁੱਲਾਂ ਕਰਦੇ ਅਤੇ ਭੁੱਲਾਂ ਸੁਧਾਰਦੇ ਦਸ਼ਮੇਸ਼ ਜੀ ਆਪਣੀ ਕਲਮ ਨਾਲ ਲਿਖਣਾ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਸਨ ਕਰ ਸਕਦੇ। ਜੇ ਕਿਸੇ ਅਨੁਵਾਦ ਕਰਨ ਦੇ ਬੱਝੇ (ਅਜੇਹੇ ਕਿਸੇ ਬੰਧਨ ਦਾ ਵਿਚਾਰ ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨਾ ਉਂਜ ਹੀ ਘੋਰ ਪਾਪ ਹੈ ਪਰ-) ਏਡਾ ਅਨਰਥ ਲਿਖਣਾ ਪੈ ਗਿਆ ਮੰਨ ਵੀ ਲਈਏ, ਤਾਂ, ਅਭੁੱਲ ਦਸ਼ਮੇਸ਼ ਜੀ ਕੋਈ ਵਿਸ਼ੇਸ਼ ਨੋਟ ਲਿਖ ਕੇ ਆਪਣਾ ਸੰਬੰਧ ਇਸ ਗੁਰਮਤਿ ਵਿਰੋਧੀ ਵਿਚਾਰ ਨਾਲੋਂ ਜ਼ਰੂਰ ਤੋੜਦੇ ਨਜ਼ਰ ਆ ਜਾਣੇ ਸਨ ।

ਗੁਰਮਤਿ ਦੀ ਖੰਡਨਾਂ ਵਾਲੇ ਝੂਠ ਦੀ ਅਤੇ ਭੁੱਲਾਂ ਸੁਧਾਰਨ ਵਾਲੀਆਂ ਕਲਾਬਾਜ਼ੀਆਂ ਦੀ, ਅਤਿ ਹੋ ਗਈ ਜਾਪਦੀ ਹੈ। ਹੁਣ ਅਸਾਂ ਇਸ ਵਿਸ਼ੇ ਬਾਰੇ ਉਚੇਚਾ ਧਿਆਨ ਦੇਣਾ ਹੈ ਕਿ, ਕੀ, ਇਸ ਕਥਾ ਵਾਲੇ ਅਸਿਧੁਜ ਅਥਵਾ ਮਹਾਂਕਾਲ ਜੀ ਨੂੰ ਵੀ **(੧) ਅਭੁੱਲ** ਕਿਹਾ ਜਾ ਸਕਦਾ ਹੈ **(੨)** ਕੀ ਅਸਿਧੁਜ ਨਾਮੀ ਕਥਿਤ ਰੱਬੀ ਸ਼ਕਤੀ ਨੂੰ ਕਿਸੇ ਵੀ ਦਲੀਲ ਨਾਲ **ਪ੍ਰਾਣ ਅਧਾਰਾ** ਕਿਹਾ ਜਾਂ ਮੰਨਿਆਂ ਜਾ ਸਕਦਾ ਹੈ ?:----

(੧) ਨਿਰਸੰਦੇਹ ਮਹਾਂਕਾਲ ਜੀ ਨੇ ਦੈਂਤਾਂ ਦਾ ਲਹੂ ਏਸੇ ਭਰੋਸੇ ਤੇ ਚੂਸ ਲਿਆ ਸੀ ਕਿ, ਦੈਂਤਾ ਦਾ ਹੋ ਰਿਹਾ ਵਾਧਾ ਰੁਕ ਜਾਵੇਗਾ ਅਤੇ ਸ਼ਾਇਦ ਜੰਗ ਵਾਲਾ ਭੂਤ ਗਲੋਂ ਲਹਿ ਹੀ ਜਾਵੇ ? ਪਰ ਹੋਇਆ ਉਲਟ :--

**ਸ੍ਰੋਨ ਰਹਿਤ ਦਾਨਵ ਜਬ ਭਯੋ ॥ ਦੈਤ ਪਰਾਜਨ ਤੇ ਰਹਿ ਗਯੋ ॥**
**ਸ੍ਰਮਿਤ ਅਧਿਕ ਹ੍ਵੈ ਛਾਡਤ ਸ੍ਵਾਸ ॥ ਤਾ ਤੇ ਕਰਤ ਦੈਤ ਪਰਗਾਸ ॥ ੩੦੦ ॥**

**ਅਰਥ**:--ਜਦ ਦੈਂਤ ਲਹੂ ਰਹਿਤ ਹੋ ਗਏ ਤਾਂ ਉਹ ਦੈਂਤ ਪੈਦਾ ਕਰਨ ਦੀ ਸਥਿਤੀ ਵਿਚ ਨਹੀਂ ਰਹਿ ਗਏ ਸਨ, ਹੁਣ ਥੱਕ ਕੇ ਜਦ ਸੁਆਸ ਛੱਡਦੇ , ਸੁਆਸ ਤੋਂ ਹੋਰ ਦੈਂਤ ਪੈਦਾ ਹੋਣ ਲੱਗ ਪਏ। ੩੦੦।

ਖ਼ੂਨ ਸੁੱਕ ਜਾਣ ਤੇ ਦੈਂਤ ਖ਼ੂਨ ਤੋਂ ਵਧਨ ਵਾਲੀ ਸ਼ਕਤੀ ਗੁਆ ਬੈਠੇ। ਏਥੋਂ ਤੱਕ ਤਾਂ ਮਹਾਂਕਾਲ ਜੀ ਸਫ਼ਲ ਹੋ ਗਏ। ਪਰ ਦੂਜਾ ਪੱਖ ? ਸਿਰਜਣਹਾਰ ਦਾ ਆਪਣਾ ਕਾਨੂੰਨ ਹੈ ਕਿ ਜੀਵ ਸੁਆਸਾਂ ਤੋਂ ਬਿਨਾ ਤਾਂ ਭਾਵੇਂ ਕੁਝ ਚਿਰ ਜੀਉਂਦਾ ਰਹਿ ਸਕੇ-**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥[੨੭੭]** ਪਰ ਲਹੂ ਸੁੱਕ ਜਾਵੇ ਤਾਂ ਜੀਵ ਕਿਸੇ ਵੀ ਹਾਲਤ ਵਿਚ ਜੀਵਤ ਨਹੀਂ ਰਹਿ ਸਕਦਾ। ਸਿਰਜਣਾ ਦੇ ਇਸ ਪਸਾਰੇ ਵਿਚ ਪ੍ਰਾਕਿਰਤੀ ਦੇ

ਇਸ ਕਾਨੂੰਨ ਦੀ ਉਲੰਙਣਾ ਹੁੰਦੀ ਵਗਿਆਨਕਾਂ ਨੇ ਵੀ ਕਦੇ ਸਿੱਧ ਨਹੀਂ ਕੀਤੀ। ਪਰ ਜਿਨ੍ਹਾਂ ਰਾਖਸ਼ਾਂ ਦੇ ਲਹੂ ਤੋਂ ਨਦੀਆਂ ਵਹਿ ਤੁਰੀਆਂ ਵੀ ਏਸੇ ਕਥਾ ਵਿਚ ਦਰਸਾਈਆਂ ਹੋਈਆਂ ਹਨ, ਲਹੂ ਦਾ ਉਹ ਅਪਾਰ ਗੇੜ ਜਿਸ ਦੇ ਆਸਰੇ ਇਹ ਦੈਂਤ ਲੜਦੇ ਅਤੇ ਹੋਰ ਤੋਂ ਹੋਰ ਪੈਦਾ ਹੋ ਰਹੇ ਸਨ, ਮਹਾਂਕਾਲ ਨੇ ਉਹ ਸਾਰਾ ਖ਼ੂਨ ਭਾਵੇਂ ਖਿੱਚ ਹੀ ਲਿਆ ਸੀ, ਪਰ ਫਿਰ ਵੀ ਦੈਂਤ ਜੰਗ ਕਰਦੇ ਰਹੇ ਅਤੇ ਜਦੋਂ ਥੱਕ ਕੇ ਸਵਾਸ ਛੱਡਦੇ ਸਨ, ਤਾਂ **ਉਸ ਸਾਹ** ਵਿਚੋਂ ਦੈਂਤ ਪ੍ਰਗਟ ਹੋਣੇ ਸ਼ੁਰੂ ਹੋ ਗਏ। ਇਹ ਵੇਖ ਕੇ ਵਿਚਾਰੇ ਮਹਾਂਕਾਲ ਜੀ ਦੇ ਪੱਲੇ ਕੀ ਰਹਿਣਾ ਸੀ ?

ਸ਼ਰਮਿੰਦਗੀ ਮੰਨਣ ਦੇ ਥਾਂ ਸਗੋਂ ਮਹਾਂਕਾਲ ਨੇ ਸਵਾਸਾਂ ਦਾ ਸਾਧਨ ਪਵਨ ਵੀ ਖਿੱਚ ਲਈ। ਸੁਆਸ ਲੈਣੇ ਬੰਦ ਹੋ ਗਏ। [-੩੦੧] ਪਰ ਮਹਾਂਕਾਲ ਜੀ ਦੀ ਸੱਧਰ ਏਥੇ ਵੀ ਪੂਰੀ ਨਾ ਹੋਈ, ਜਦੋਂ ਦੈਂਤ **ਮਾਰੋ ਮਾਰੋ** ਪੁਕਾਰਦੇ ਸਨ ਤਾਂ ਉਸ ਤੋਂ ਹੀ ਹੋਰ ਦੈਂਤ ਪੈਦਾ ਹੋਣ ਲੱਗ ਪਏ। ਮਹਾਂਕਾਲ ਜੀ ਨੇ ਦੈਂਤਾਂ ਦੀ ਬੋਲਣ ਸ਼ਕਤੀ ਵੀ ਖਿੱਚ ਲਈ। (੩੦੨) ਮਹਾਂਕਾਲ ਜੀ ਆਪਣੇ ਮੰਤਵ ਵਿਚ ਏਥੇ ਵੀ ਸਫ਼ਲ ਨਾ ਹੋਏ। ਜਦ, ਦੈਂਤਾਂ ਦੀ ਇਹ ਸ਼ਕਤੀ ਵੀ ਖਿੱਚੀ ਗਈ ਤਾਂ ਉਨ੍ਹਾਂ ਨੂੰ ਬੜੀ ਚਿੰਤਾ ਹੋਈ। ਬਸ ਉਸ **ਫਿਕਰ ਚਿੰਤਾ** ਵਿਚੋਂ ਹੀ ਬੜੇ ਵਿਕਰਾਲ ਦੈਂਤਾਂ ਦੀ ਸੈਨਾ ਪੈਦਾ ਹੋ ਗਈ ਅਤੇ ਮਹਾਂਕਾਲ ਤੇ ਆ ਚੜ੍ਹੇ। ਹਾਲਾਂ ਕਿ ਪਤਾ ਸੀ ਕਿ ਮਿੱਝ ਤੋਂ ਦੈਂਤ ਪੈਦਾ ਹੁੰਦੇ ਆ ਰਹੇ ਹਨ, ਫਿਰ ਵੀ ਖਿੜੇ ਹੋਏ ਸ੍ਰੀ ਅਸਿਧੁਜ ਜੀ ਨੇ ਉਨ੍ਹਾਂ ਦੀ ਮਿੱਝ ਕੱਢ ਦਿੱਤੀ। ਪਰ ਉਸ **ਮਿੱਝ** ਤੋਂ ਹੋਰ ਵੀ ਵਡੇ ਵਿਕਰਾਲ ਦੈਂਤ ਪੈਦਾ ਹੋ ਗਏ। (੩੦੩ ਤੋਂ ੩੦੭) ਹਾਲਾਂਕਿ ਵਿਚਾਰੇ ਅਸਿਧੁਜ ਜੀ ਨੇ ਉਨ੍ਹਾਂ ਦੀ ਬੋਲਣ ਸ਼ਕਤੀ ਖੋਹ ਲਈ ਹੋਈ ਸੀ, ਪਰ, ਉਹ ਫਿਰ ਵੀ ' ਮਾਰ ਲਉ--ਮਾਰ ਲਉ ' ਪੁਕਾਰਨ ਤੋਂ ਨਾ ਹਟੇ :----

**ਕੇਤਿਕ ਗਦਾ ਪਾਨ ਗਹਿ ਧਾਏ ॥ ਕੇਤਿਕ ਖੜਗ ਹਾਥ ਲੈ ਆਏ ॥**
**ਮਾਰਿ ਮਾਰਿ ਕੈ ਕੋਪਹਿ ਸਰਜੇ ॥ ਮਾਨਹੁ ਮਹਾਂ ਕਾਲ ਘਨ ਗਰਜੈ ॥ ੩੦੮ ॥**

**ਅਰਥ**:--ਕਿੰਨੇ ਹੀ ਹੱਥਾਂ ਵਿਚ ਗੁਰਜ ਫੜ ਕੇ ਅਤੇ ਕਿੰਨੇ ਹੀ ਹੱਥਾਂ ਵਿਚ ਖੜਗ ਫੜ ਕੇ ਆ ਪਹੁੰਚੇ। **(ਮਹਾਂਕਾਲ ਨੂੰ) ਮਾਰ ਲਉ ਮਾਰਲਉ ਮਾਰ ਕਰਦੇ** ਉਹ ਗੁੱਸੇ ਵਿਚ ਆਉਂਦੇ ਸਨ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਮਹਾਂਕਾਲ ਬੱਦਲਾਂ ਵਾਂਗ ਗੱਜ ਰਿਹਾ ਹੋਵੇ । ੩੦੯ ।

ਉਪਮਾਂ ਰਹਿਤ ਪਰਮਾਤਮਾ ਦੀ ਬੱਦਲਾਂ ਨਾਲ ਉਪਮਾਂ ਕਰਨ ਵਾਲੇ ਲਿਖਾਰੀ ਜੀ ਅੱਗੇ ਲਿਖਦੇ ਹਨ ਕਿ, ਮਹਾਂਕਾਲ ਉਨ੍ਹਾਂ ਦੇ ਸਿਰ ਪਾੜੀ ਗਿਆ ਅਤੇ ਧਰਤੀ ਤੇ ਡਿੱਗ ਰਹੀ ਮਿਝ ਤੋਂ ਹੋਰ ਤੋਂ ਹੋਰ ਦੈਂਤ ਪੈਦਾ ਹੁੰਦੇ ਰਹੇ। [੩੦੮ ਤੋਂ ੩੧੪]

## ੨੩- ਅਸਿਧੁਜ ਜੀ ਦੀ ਜੰਗ ਵਿਚ ਹੁਣ ਭੂਤ ਪ੍ਰੇਤ, ਗਿਰਝਾਂ, ਗਿੱਦੜ, ਆਦਿ ਵੀ ਆ ਵੜੇ ?

ਪੰਜਾਬੀ ਬੋਲੀ ਵਿਚ ਅਖਾਣ ਹੈ--ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਪਿੰਡ ਵਲ ਨੂੰ ਆਉਂਦਾ ਹੈ। ਭਾਵ, ਉਜਾੜੀਂ ਰਹਿਣ ਵਾਲਾ ਗਿੱਦੜ ਜਦੋਂ ਹੀ ਪਿੰਡਾਂ ਵੱਲ ਆਉਂਦਾ ਹੈ ਤਾਂ ਕੁੱਤੇ ਅਥਵਾ ਸਾਂਸੀ ਉਸ ਨੂੰ ਮਾਰ ਖਾਂਦੇ ਸਨ। ਜਿੱਥੇ ਦੈਂਤਾਂ ਅਤੇ ਦੇਵਤਿਆਂ ਦੀ ਅਪਾਰ ਸੈਨਾ ਹੋਵੇ ਉਥੇ ਨਾਲ ਹੀ ਗਿੱਦੜ ਅਤੇ ਗਿਰਝਾਂ ਕਿਵੇਂ ਧਮਾਲਾਂ ਪਾਉਂਣ ਲੱਗ ਪੈਣ ? ਅਸਿਧੁਜ ਜੀ ਦੀ ਗਾਥਾ ਹੁਣ ਇਉਂ ਮੋੜਾ ਖਾ ਗਈ ਹੈ:--

**ਮਰਿ ਮਰਿ ਜੋਧਾ ਕਹੂੰ ਗਾਜਹਿ ॥ ਜੰਬੁਕ ਗੀਧ ਮਾਸ ਲੈ ਭਾਜਹਿ ॥**
**ਪ੍ਰੇਤ ਪਿਸਾਚਿ ਕਹੂੰ ਲਿਲਕਾਰਹਿ ॥ ਡਾਕਿਨ ਝਕਿ ਕਿਲਕਟੀ ਮਾਰਹਿ ॥ ੩੧੫ ॥**

**ਪਦ ਅਰਥ**:--ਜੁੰਬਕ=ਗਿੱਦੜ। ਗੀਧ=ਗਿਰਝਾਂ। ਪ੍ਰੇਤ=ਭੂਤ। ਪਿਸ਼ਾਚ=ਮਾਸਾਹਾਰੀ ਜੀਵ,, ਭੂਤ ਪ੍ਰੇਤ,- ਦੇਵਤਿਆਂ ਤੋਂ ਜ਼ਰਾ ਨੀਵੀਂ ਸ਼੍ਰੇਣੀ,- ਪੰਜਾਬ ਵਿਚ ਰਹਿਣ ਵਾਲੀ ਇੱਕ ਪੁਰਾਤਨ ਕੌਮ। ਡਾਕਿਨ=ਚੜੇਲਾਂ।

**ਝੂਠ ਗਾਥਾ** ਏਥੇ ਹੀ ਬੱਸ ਨਹੀਂ ਕਰ ਰਹੀ ਇਸ ਤੋਂ ਵੀ ਵੱਧ ਕੇ ਉਸ ਭਿਆਨਕ ਕਿਸਮ ਦੇ ਖ਼ੂਨ ਖ਼ਰਾਬੇ ਵਿਚ,

**ਕੋਕਿਲ ਕਾਕ ਜਹਾਂ ਕਿਲਕਾਰਹਿ ॥ ਸ੍ਰੋਨਤ ਕੇ ਕੇਸਰ ਘਸਿ ਡਾਰਹਿ ॥**
**ਜਾਨੁਕ ਢੋਲ ਬਡੇ ਡਫ ਸੋਹੈ ॥ ਦੇਵ ਦੈਂਤ ਦਾਨਵ ਮਨ ਮੋਹੈ ॥ ੩੧੬ ॥**

**ਅਰਥ**:--ਕੋਇਲਾਂ ਅਤੇ ਕਾਂ ਵੀ ਕਿਲਕਾਰੀਆਂ ਮਾਰ ਮਾਰ ਕੇ ਖ਼ੂਨ ਤਾ ਕੇਸਰ ਘਸਾ ਘਸਾ ਕੇ ਪਾ ਰਹੇ ਹਨ। ਵਡੀਆਂ ਵਡੀਆਂ ਡਫਲੀਆਂ ਢੋਲਾਂ ਵਾਂਗ ਸ਼ੋਭ ਰਹੀਆਂ ਹਨ ਅਤੇ ਦੇਵ-ਦਾਨਵ ਸਭ ਦਾ ਮਨ ਮੋਹ ਰਹੀਆਂ ਸਨ।

**ਇਹ ਬਿਧਿ ਭਯੋ ਘੋਰ ਸੰਗ੍ਰਾਮਾ ॥ ਕਾਂਪਾ ਇੰਦ੍ਰ ਚੰਦ੍ਰ ਕੇ ਧਾਮਾ ॥**
**ਪਸੁ ਪੰਛੀ ਅਤਿ ਹੀ ਅਕੁਲਾਏ ॥ ਛੋਡਿ ਧਾਮ ਕਾਨਨਹਿ ਸਿਧਾਏ ॥ ੩੧੭ ॥**

ਜਿੱਥੇ ਮਾਸ ਦੀ ਸੜਾਂਧ ਵਿਚ ਗਿੱਦੜ ਹਵਾਂਕ ਰਹੇ ਹੋਣ ਗਿਰਝਾਂ ਅਤੇ ਚੜੇਲਾਂ ਕਿਲਕਾਰ ਰਹੀਆਂ ਹੋਣ, ਜੰਗ਼ ਦੇ ਉਸ ਅਪਾਰ ਰੌਲੇ ਗੌਲੇ ਵਿਚ ਕੋਇਲਾਂ, ਕਾਵਾਂ ਦੀਆਂ ਕਿਲਕਾਰੀਆਂ, ਡਫਲੀਆਂ ਨਾਲ ਦੇਵ-ਦਾਨਵਾਂ ਦਾ ਮਨ ਮੋਹ ਲੈਣ ਵਾਲਾ ਅਦਭੁਤ ਨਾਦ ? ਪਤਾ ਨਹੀਂ ਇਹ ਸਭ ਕੁਝ ਇਕੋ ਥਾਂ ਵਾਪਰਨ ਦੀ ਥਾਂ ਵਾਲਾ ਕਿਹੜਾ ਦੇਸ਼ ਹੋਵੇਗਾ ? ਸੁਰਗ ਲੋਕ ਵਿਚ ਕਾਂ ਕੁੱਤੇ ਗਿੱਦੜ ਹੋਣ ਦੀ ਗੱਲ ਕਿਤੋਂ ਵੀ ਪੜ੍ਹਨ ਵਿਚ ਨਹੀਂ ਆਈ। ਅਜੀਬ ਝੰਮੇਲਾ ਹੈ ਰੰਗਾ ਰੰਗ ਝੂਠ-ਗਾਥਾ ਦਾ। ਏਸੇ ਤਰ੍ਹਾਂ ਘੋਰ ਸੰਗ੍ਰਾਮ ਤੋਂ ਧਰਤੀ, ਇੰਦ੍ਰ ਲੋਕ ਚੰਦ੍ਰ ਲੋਕ ਆਦਿ ਸਾਰੀ ਕਾਇਨਾਤ ਦੇ ਕੰਬ ਜਾਣ ਦੀਆਂ ਝੂਠ-ਗੱਲਾਂ ਅਤੇ ਫਿਰ ਉਸ ਅਦਭੁਤ ਘਮਸਾਨ ਵਿਚ ਚੜੇਲਾਂ, ਭੂਤ ਪ੍ਰੇਤਾ ਆਦਿ ਦੀਆਂ ਕਿਲਕਾਰੀਆਂ ? ਮੁੜ ਮੁੜ ਲਗ-ਪਗ ਉਸੇ ਹੀ ਤਰ੍ਹਾਂ ਦੀ ਝੂਠ-ਵਿਆਖਿਆ ? ਘੋਰ ਸੰਗ੍ਰਾਂਮ ਵਿਚ **ਕਾਂਵਾਂ ਕਾਵੀਆਂ** ਨੂੰ, ਫੱਗਣ ਦੇ ਮਹੀਨੇ ਵਿਚ ਕੋਇਲਾਂ ਵਾਂਗ ਕਲੋਲਾਂ ਕਰਦਿਆਂ ਦਰਸਾਉਣ ਜਿਹੇ (=**ਕਾਕਿਨਿ ਕੁਹਕਿ ਮਾਨਵਤਿ ਤਾਤੀ ॥ ਫਾਗੁਨ ਜਾਨੁ ਕੋਕਿਲਾ ਮਾਤੀ ॥**) -- ਰੋਲ ਘਚੋਲੇ ਵਿਚ ਲਿਖਾਰੀ ਨੇ **੩੫੮** ਨੰਬਰ ਤੱਕ ਚੌਪਈਆਂ ਪੂਰੀਆਂ ਕੀਤੀਆਂ ਹਨ।

ਭਾਵੇਂ ਦੈਂਤਾਂ ਵਿਚੋਂ ਲਹੂ ਅਤੇ ਸੁਆਸ ਤਾਂ **ਮਹਾਂਕਾਲ** ਜੀ ਨੇ ਖਿੱਚ ਲਏ ਸਨ ( ਪਰਤ ਕੇ ਲਹੂ ਮੋੜ ਦੇਣ ਦੀ ਗੱਲ ਵੀ ਕਿਤੇ ਨਹੀਂ ਆਈ) ਪਰ ਅੱਗੇ---**ਝੂਠ ਦਾ ਹੋਰ ਵੀ ਨਵਾਂ ਰੂਪ?** :--

**ਇਹ ਬਿਧਿ ਸ੍ਰੋਨ ਕੁੰਡਿ ਭਰਿ ਗਯੋ ॥ ਦੂਸਰ ਮਾਨ ਸਰੋਵਰ ਭਯੋ ॥**
**ਹੇਤ ਛੱਤ੍ਰ ਤਹ ਹੰਸ ਬਿਰਾਜੈਂ ॥ ਅਨਤ ਸਾਜ ਜਲ ਜਿਯ ਸੇ ਰਾਜੈਂ ॥ ੩੫੯ ॥**

**ਪਦ ਅਰਥ:**--ਸ੍ਰੋਨ=ਖ਼ੂਨ, ਲਹੂ । ਹੇਤ=ਟੁੱਟੇ ਹੋਏ। ਅਨਤ=ਹੋਰ (ਪਰਕਾਰ ਦਾ)। ।

ਲਹੂ ਨਾਲ ਭਰਿਆ ਹੋਇਆ ਕੁੰਡ ਮਾਨੋ ਦੂਸਰਾ ਮਾਨ ਸਰੋਵਰ ਬਣ ਗਿਆ, ਜਿਸ ਵਿਚ ਰਾਜਿਆਂ ਦੇ ਟੁੱਟੇ ਹੋਏ ਛੱਤਰ ਹੰਸਾਂ ਵਾਂਗ ਅਤੇ ਬਾਕੀ ਦਾ ਸਾਜ਼ ਸਮਾਨ, ਕਵੀ ਜੀ ਨੂੰ, ਕੰਵਲ ਫੁੱਲ ਹੋ ਦਿੱਸਿਆ ? ਕਿਹੜੀ ਗੱਲ ਸੱਚੀ ਹੈ ? ਲਹੂ ਸੁਕਾ ਦੇਣ ਵਾਲੀ ਕਿ ਜਾਂ ਲਹੂ ਤੋਂ ਮਾਨਸਰੋਵਰ ਜਿਡਾ ਕੁੰਡ ਭਰ ਜਾਣ ਵਾਲੀ ? ਕੀ, ਸੋਨੇ ਚਾਂਦੀ ਅਤੇ ਹੋਰ ਧਾਤਾਂ ਦੇ ਬਣੇ ਰਾਜਿਆਂ ਦੇ ਛੱਤਰ ਲਹੂ ਤੇ ਤਰ ਸਕਦੇ ਹਨ ? ਕੀ ਲੜਾਈ ਦਾ ਹੋਰ ਸਾਜ਼ੋ ਸਮਾਨ, ਕਿਰਪਾਨਾ, ਭਾਲੇ ਆਦਿ ਵੀ ਮੱਛੀਆਂ ਵਾਂਗ ਲਹੂ ਵਿਚ ਤਾਰੀ ਲਾ ਸਕਦੇ ਹਨ? **ਤੇ ਇਹ ਝੂਠ ਕਿਹੜਾ ਕਿਸੇ ਪੱਖੋਂ ਘੱਟ ਹੈ:--**

**ਟੂਕ ਟੂਕ ਦੰਤੀ ਕਹੂੰ ਭਏ ॥ ਤਿਲ ਤਿਲ ਪ੍ਰਾਇ ਸੁਭਟ ਹ੍ਵੈ ਗਏ ॥**
**ਸ੍ਰੋਨਤ ਧਾਰਿ ਬਹੀ ਇਕ ਬਾਰਾ ॥ ਭਈ ਧੂਰਿ ਰਨ ਕੀ ਸਭ ਗਾਰਾ ॥ ੩੬੦ ॥**

ਅਰਥ:--ਹਾਥੀਆਂ ਦੇ ਟੁਕੜੇ ਹੋ ਗਏ ਅਤੇ ਸੂਰਬੀਰ ਚੂਰ ਚੂਰ ਹੋਕੇ **ਤਿਲਾਂ ਜਿੱਡੇ ਜਿੱਡੇ** ਹੋ ਗਏ। ਲਹੂ ਦੀ ਧਾਰ ਵਗਣ ਨਾਲ ਰਣ ਖੇਤਰ ਦੀ ਮਿੱਟੀ **ਗਾਰਾ ਬਣ** ਗਈ।

ਲਹੂ ਰਹਿਤ ਹੋਏ ਦੈਂਤਾਂ ਦੇ ਲਹੂ ਨਾਲ ਰਣ ਖੇਤਰ ਦੀ ਕੇਵਲ ਮਿਟੀ ਹੀ ਗਾਰਾ ਬਣੀ ਸੀ ਤਾਂ ਫਿਰ ਉਹ ਲਹੂ ਕਿਹੜਾ ਸੀ ਜਿਸ ਤੋਂ ਦੂਜਾ ਮਾਨ ਸਰੋਵਰ ਬਣਿਆਂ (ਉੱਪਰ-) ਹੁਣੇ ਹੀ ਦਰਸਾਇਆ ਹੈ ? ਭਾਲਾ ਚਲਾਉਣ ਵਾਲਿਆ ਨੇ ਬਹੁਤ ਸਾਰੇ ਸੂਰਮੇ ਮਾਰ ਦਿੱਤੇ ਅਤੇ ਕਈਆਂ ਨੂੰ ਸੀਖਾਂ ਵਿਚ ਪ੍ਰੋ ਲਿਆ। ਸੂਰਮੇ ਯੁੱਧ ਵਿਚ ਟੁਕੜੇ ਟੁਕੜੇ ਹੋ ਗਏ ਅਤੇ ਉਨ੍ਹਾਂ ਦਿਆਂ ਜ਼ਖ਼ਮਾ ਵਿਚ ਖ਼ੂਨ ਵਗ ਰਿਹਾ ਸੀ। **੩੬੧** । ਇਹ ਕੁਝ ਵੇਖ ਕੇ ਮਹਾਂਕਾਲ ਜੀ ਜਿਸ ਤਰ੍ਹਾਂ ਦੇ ਜਲਾਲ ਵਿਚ ਆ ਗਏ ਉਸ ਦੇ ਦਰਸ਼ਨ ਕਰ ਲਉ:--

**ਇਹ ਬਿਧਿ ਅਮਿਤ ਕੋਪ ਕਰਿ ਕਾਲਾ ॥ ਕਾਢਤ ਭਯੋ ਦਾਂਤ ਬਿਕਰਾਲਾ ॥** [ਦਾਂਤ ਬਿਕਰਾਲਾ=ਭਿਆਨਕ ਦੰਦ]
**ਛਿਪ੍ਰ ਹਨੇ ਛਿਨ ਮਾਂਝਿ ਛਤ੍ਰਾਲੇ ॥ ਸੂਰਬੀਰ ਬਲਵਾਨ ਮੁਛਾਲੇ ॥ ੩੬੨]**

ਕ੍ਰੋਧੀ ਵੀ ਥੋਹੜਾ ਨਹੀਂ ਸਗੋਂ ਅਪਾਰ ਕ੍ਰੋਧ ਵਾਲਾ ਅਤੇ ਭਿਆਨਕ ਦੰਦਾ ਵਾਲੇ ਮਹਾਂਕਾਲ ਨੇ ਫੁਰਤੀ ਨਾਲ ਰਾਜਿਆਂ ਨੂੰ ਅਤੇ ਵਡੀਆਂ ਮੁੱਛਾਂ ਵਾਲੇ ਸੁਰਬੀਰਾਂ ਨੂੰ ਮਾਰ ਮੁਕਾਇਆ। ਪਰ ਸਾਰੇ ਦੈਂਤ ਮਰਨ ਵਿਚ ਨਹੀਂ ਸਨ ਆ ਰਹੇ।

## ੨੪- ਅਸਿਧੁਜ ਰੂਪੀ ਰੱਬ ਜੀ ਨੇ ਹੁਣ ਫਿਰ ਆਪਣੀ ਭੁੱਲ ਸੁਧਾਰੀ ?--

ਬੇਅੰਤ ਅਸਿਧੁਜ-ਰੂਪੀ ਰੱਬ ਜੀ ਦੀਆਂ ਖੰਡਣੀਆਂ ਦਾ ਵੀ ਅੰਤ ਨਹੀਂ ਹੋ ਰਿਹਾ ?--

**ਦੁਹੂੰ ਅਧਿਕ ਰਨ ਕਿਯੋ ਅਪਾਰਾ ॥ ਦਾਨਵ ਮਰਤ ਭਯੋ ਨਹਿ ਮਾਰਾ ॥**
**ਤਬ ਅਸਿਧੁਜ ਅਸ ਮੰਤ੍ਰ ਬਿਚਾਰੋ ॥ ਜਿਹ ਬਿਧਿ ਤੇਂ ਦਾਨਵਹਿ ਸੰਘਾਰੋ ॥ ੩੬੩ ॥**
**ਸਰਬ ਕਰਖਨ ਕਿਯ ਅਸਿਧੁਜ ਜਬ ॥ ਉਪਜਤ ਤੇਂ ਰਹਿ ਗਏ ਅਸੁਰ ਤਬ ॥**
**ਆਗਯਾ ਬਹੁਰਿ ਕਾਲਿ ਕਹ ਦਈ ॥ ਸ਼ੱਤ੍ਰ ਸੈਨ ਭੱਛਨ ਕਰਿ ਗਈ ॥ ੩੬੪ ॥**

**ਅਰਥ:**--ਦੋਹਾਂ ਪਾਸਿਆਂ ਤੋਂ ਘਮਸਾਨ ਦਾ ਜੁੱਧ ਹੋਇਆ, ਪਰ ਦੈਂਤ ਮਰ ਹੀ ਨਹੀਂ ਰਹੇ ਸਨ। ਤਦ ਮਹਾਂਕਾਲ ਨੇ ਇੱਕ ਐਸਾ ਮੰਤਰ ਸੋਚਿਆ ਜਿਸ ਨਾਲ ਦੈਂਤਾਂ ਨੂੰ ਮਾਰਿਆ ਜਾ ਸਕੇ ।੩੬੩। ਮਹਾਂਕਾਲ ਨੇ ਆਪਣੀ ਸ਼ਕਤੀ ਨਾਲ ਸਭ ਨੂੰ ਆਪਣੇ ਵੱਲ ਖਿੱਚ ਲਿਆ ਤਾਂ ਹੋਰ ਦੈਂਤ ਪੈਦਾ ਹੋਣੇ ਬੰਦ ਹੋ ਗਏ। ਫਿਰ **ਉਸ ਕਾਲ ਨੂੰ ਹੁਕਮ ਦਿੱਤਾ ਕਿ ਉਹ ਸਾਰੇ ਦੈਂਤਾਂ ਨੂੰ ਖਾ ਜਾਵੇ। ਇਸ ਤਰ੍ਹਾਂ ਕਾਲ ਨੇ ਸਾਰੀ ਦੈਂਤ ਸੈਨਾ ਛਕ ਲਈ** ।੩੬੪।

ਕੁਰਬਾਨ ਜਾਈਏ ਲਿਖਾਰੀ ਜੀ ਦੀ ਤੋਂ । ਕਿੱਡਾ ਅਦਭੁੱਤ ਡਰਾਮਾ ਕਰਾਵਾਇਆ ਹੈ ਸ੍ਰੀ ਅਸੁਧਜ ਜੀ ਕੋਲੋਂ ? ਕੀ ਅਸਿਧੁਜ ਜੀ ਅਰੰਭ ਵਿਚ ਹੀ ਇਹ ਮੰਤਰ ਨਹੀਂ ਸਨ ਵਰਤ ਸਕਦੇ ? ਕੀ, ਇਸ ਮੰਤਰ ਨਾਲ ਪਹਿਲੇ ਦਿਨ ਹੀ ਦੈਂਤ ਨਹੀਂ ਸਨ ਛਕੇ ਛਕਾਏ ਜਾ ਸਕਦੇ ? ਵਾਹ ਵਾਹ ਸ੍ਰੀ ਅਸਿਧੁਜ ਜੀ ! ਕੁਰਬਾਨ ਜਾਈਏ ਤੁਹਾਥੋਂ ? ਐਵੇ ਤਾਂ ਨਹੀਂ ਸਨ ਦੇਵਤੇ ਤੁਹਾਨੂੰ-**ਧੰਨ ਧੰਨ** ਪੁਕਾਰ ਉੱਠੇ ? ਐਵੇਂ ਤਾਂ ਨਹੀਂ, ਪਰਮਾਤਮ ਕੀ ਮੌਜ ਨਾਲ ਪ੍ਰਗਟੇ ਦੂਲੇ ਖ਼ਾਲਸਾ ਜੀ (ਸ੍ਰੀ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਅਕਾਲਪੁਰਖ ਜੀ, ਦੋਹਾਂ ਨੂੰ ਭੁੱਲ ਭੁਲਾ ਕੇ) ਬੇਨਤੀ ਚੌਪਈ ਦੁਆਰਾ--ਏਸ ਅਸਿਧੁਜ ਜੀ ਨੂੰ ਹੀ ਆਪਣੀ ਰਖਿਆ ਲਈ ਵਾਜਾਂ ਮਾਰਨ ਲੱਗ ਪਏ ਹੋਏ-**ਸ੍ਰੀ ਅਸਿਧੁਜ ਜੀ ਕਰਿਯਹੁ ਰੱਛਾ----?**

ਆਖ਼ਰ ਦੈਂਤਾ ਦਾ ਰਾਜਾ **ਅਤੁਲਬੀਜ** ਇਕੱਲਾ ਹੀ ਰਹਿ ਗਿਆ, ਤਾਂ ਉਹ ਮਨ ਵਿਚ ਬੜਾ ਡਰਿਆ। ਉਹ ਸੋਚਨ ਲੱਗਾ, ਕਿ, ਹੁਣ ਮੈਂ ਕੀ ਉਪਾਅ ਕਰਾਂ ? ਮੇਰਾ ਤਾਂ ਕੋਈ ਦਾਅ ਹੀ ਨਹੀਂ ਚੱਲ ਰਿਹਾ ।੩੬੫] ਅੱਗੇ ਲਿਖਾਰੀ ਜੀ ਸ੍ਰੀ ਮਹਾਂਕਲ ਜੀ ਦੀ ਵਡਿਆਈ ਇਉਂ ਲਿਖਦੇ ਹਨ:--

**ਦੋਹਰਾ ॥**

**ਮਹਾਂ ਕਾਲ ਕੀ ਸ਼ਰਨਿ ਜੇ ਪਰੇ ਸੁ ਲਏ ਬਚਾਏ ॥ ਔਰ ਨ ਉਪਜਾ ਦੂਸਰ ਜਗ ਭੱਛਯੋ ਸਭੈ ਚਬਾਇ ॥੩੬੬॥**
**ਜੇ ਪੂਜਾ ਅਸਿਕੇਤੁ ਕੀ ਨਿਤਪ੍ਰਤਿ ਕਰੈਂ ਬਨਾਇ ॥ ਤਿਨ ਪਰ ਅਪਨੋ ਹਥ ਦੈ ਅਸਿਧੁਜ ਲੇਤ ਬਚਾਇ ॥ ੩੬੭ ॥**

ਭੁਲੇਖਾ ਪਾਊ ਬੋਲੀ ? ਸ਼ਾਇਦ ਅਤੁਲਬੀਜ ਵੀ ਹੁਣ ਅਜੇਹੇ ਵਿਚਾਰ ਲੈ ਬੈਠਾ ਹੋਵੇ ਅਤੇ ਸਾਹਮਣੇ ਖੜੇ ਮੌਤ ਰੂਪ ਮਹਾਂਕਾਲ ਤੋਂ ਡਰ ਗਿਆ ਹੋਵੇ ? ਪਰ ਨਹੀਂ । ਅੱਗੇ ਲਿਖਾਰੀ ਲਿਖਦਾ ਹੈ ਕਿ, ਦੁਸ਼ਟ ਦੈਂਤ ਕੁਝ ਨਾ ਸਮਝਿਆ ਅਤੇ ਉਸ ਨੇ ਡਰਨ ਦੀ ਥਾਂ ਸਗੋਂ ਮਹਾਂਕਾਲ-ਰੂਪ ਰੱਬ ਜੀ ਨਾਲ ਵੈਰ ਰਖਣ ਦਾ ਪੱਕਾ ਇਰਾਦਾ ਬਣਾ ਲਿਆ। ਆਪਣੀ ਸ਼ਕਤੀ ਦਾ ਘੁਮੰਡ ਕਰ ਲਿਆ । ੩੬੮ । ਅਤੇ, ਮੌਤ ਨੂੰ ਸਾਹਮਣੇ ਖੜੀ ਵੇਖ ਕੇ ਪੂਰੀ ਨਿਰਭੈਤਾ ਨਾਲ **ਬੜ੍ਹਕ ਕੇ** ਬੋਲਿਆ:--

**ਰੇ ਰੇ ਕਾਲ ਫੂਲਿ ਜਿਨਿ ਜਾਹੂ ॥ ਬਹੁਰਿ ਆਨਿ ਸੰਗ੍ਰਾਮ ਮਚਾਹੂ ॥**
**ਏਕ ਨਿਦਾਨ ਕਰੋ ਮਨ ਮਾਹੀ ॥ ਕੈ ਅਸਿਧੁਜਿ ਕੈ ਦਾਨਵ ਨਾਹੀ ॥ ੩੬੯ ॥**

**ਅਰਥ**:--ਉਹ ਮਹਾਂਕਾਲ ਨੂੰ ਕਹਿਨ ਲੱਗਾ ਕਿ ਮੇਰੀ ਸੈਨਾ ਮਾਰ ਕੇ ਐਂਵੇਂ ਫੂਲਿਆ ਨਾ ਫਿਰ। ਮੇਰੇ ਨਾਲ ਜੁੱਧ ਕਰ । ਹੁਣ ਜੁੱਧ ਵਿਚ ਹੀ ਫੈਸਲਾ ਹੋਵੇਗਾ ਕਿ ਜਾਂ ਤਾਂ ਦੈਂਤ ਅਤੁਲ ਬੀਰਜ ਨਹੀਂ ਬਚੇਗਾ ਜਾਂ ਮਹਾਂਕਾਲ ਨਹੀਂ ਰਹੇਗਾ । ੩੭੦ ।

ਅਸਲ ਵਿਚ ਧੰਨ ਧੰਨ ਤਾਂ ਨਿਰਭੈਤਾ ਦੇ ਅਨੂਪਮ ਨਮੂੰਨੇ, ਅਤੁਲਬੀਜ ਨੂੰ ਕਹਿਣਾ ਚਾਹੀਦਾ ਸੀ। ਸਾਰੇ ਸਾਥੀਆਂ ਨੂੰ ਖਾ ਚੁੱਕੇ ਆਪਣੀ ਮੌਤ ਦੇ ਸਾਖ਼ਸ਼ਤ ਰੂਪ ਮਹਾਂਕਾਲ ਨੂੰ ਕਿਵੇਂ ਅਤੇ ਕਿਨ੍ਹਾਂ ਸ਼ਬਦਾਂ ਵਿਚ ਲਲਕਾਰ ਰਿਹਾ ਹੈ ? ਧੰਨ ਹੈਂ ਉਹ ਜਨਨੀ ਜਿਸ ਦੇ ਤੇਰੇ ਜਿਹੇ ਨਿਰਭੈ ਜੋਧੇ ਨੂੰ ਜਨਮ ਦਿੱਤਾ ? ਇਸ ਗ੍ਰੰਥ ਦੇ ਜਨਮ ਦਾਤਾ ਵਾਂਗ ਅਦਭੁੱਤ ਬੁੱਧੀ ਦੇ ਮਾਲਕ ਸ੍ਰੀ ਪਦਮ ਸਾਹਿਬ ਜੀਓ ! ਹੁਣ ਤੁਸੀਂ ਦਾਸ ਨੂੰ ਭਾਵੇਂ ਇਹ ਕਹਿ ਦਿਉ-- ਮਤਿ ਤਾਂ ਨਹੀਂ ਮਾਰੀ ਗਈ ? ਧੰਨ ਧੰਨ ਕਿਸ ਨੂੰ ਕਹਿ ਰਿਹਾ ਹੈਂ ? ਅਤੁਲਬੀਜ ਦੈਂਤ ਤਾਂ ਇਸ ਖ਼ਿਆਲੀ ਜਾਂਗ ਦਾ ਖ਼ਿਆਲੀ ਪਾਤਰ ਹੈ। ਇਸ ਨੂੰ ਜਨਮ ਦੇਣ ਵਾਲੀ ਮਾਂ ਕਿਥੋਂ ਲੱਭਦਾ ਹੈਂ ? ਪਰ ਅਰਿਧੁਜ ਵੀ ਤਾਂ ਫਿਰ ਕਲਪਣਾ ਦੀ ਹੀ ਉਪਜ ਹੈ ? ਉਸ ਦੇ ਨਾਮ ਦਾ ਜਾਪ ਕਿਉਂ ? ਚਲੋ ਛੱਡੋ--**ਬੋਲਤ ਬੋਲਤ ਬਢਹਿ ਬਿਕਾਰਾ ॥** ਆਉ ਸ੍ਰੀ ਦਸਮ ਗ੍ਰੰਥ ਜੀ ਦੀ ਸ਼ਬਦ-ਵਿਚਾਰ ਨਾਲ ਜੁੜੇ ਰਹੀਏ ?

## ੨੫- ਨਿਰ-ਅਕਾਰ ਰੱਬ ਜੀ ਦਾ ਅਮਿਤ ਕ੍ਰੋਧ, ਬਿਕਾਰਾਲ ਦੰਦ ਅਤੇ ਹੁਣ ਮਹਾਂ ਵਿਕਰਾਲ ਅਥਵਾ ਅਨੂਪਮ ਝੂਠ?

**ਏਕ ਪਾਵ ਤਜਿ ਜੁੱਧ ਨ ਭਾਜਾ ॥ ਮਹਾਰਾਜ ਦੈਤਨ ਕਾ ਰਾਜਾ ॥**
**ਆਂਤੌਂ ਗੀਧ ਗਗਨ ਲੈ ਗਏ ॥ ਬਾਹਤ ਬਿਸਿਖ ਤਊ ਹਠਿ ਭਏ ॥ ੩੭੦ ॥**

**ਅਰਥ**:--ਉਹ ਦੈਂਤਾਂ ਦਾ ਰਾਜਾ ਇਕ ਪੈਰ ਵੀ ਪਿੱਛੇ ਨਾ ਹਟਿਆ ਅਤੇ ਨਾ ਹੀ ਮੈਦਾਨ ਛੱਡ ਕੇ ਭੱਜਿਆ, ਉਸ ਦੀਆਂ ਅੰਤੜੀਆਂ ਭਾਵੇਂ ਗਿਰਝਾਂ ਲੈ ਕੇ ਅਸਮਾਨ ਵਿਚ ਪੁੱਜ ਗਈਆਂ ਸਨ ਪਰ ਫਿਰ ਵੀ ਉਹ ਹਠ ਨਾਲ ਤੀਰ ਚਲਾਉਂਦਾ ਹੀ ਰਿਹਾ । ੩੭੦]

ਹੈ ਨਾ ਬੜੀ ਹੀ ਅਲੋਕਾਰ ਗੱਲ--(੧) ਕੁਦਰਤ ਵਲੋਂ ਬਣੇ ਪੱਕੇ ਸੁਭਾ ਅਨੁਸਾਰ ਗਿਰਝਾਂ ਸਦਾ ਮੁਰਦਾਰ ਕੋਲ ਹੀ ਪੁੱਜਦੀਆਂ ਹਨ। ਜੀਊਦੇ ਤਾਂ ਪਸ਼ੂ ਦੇ ਨੇੜੇ ਵੀ ਕਦੇ ਕੋਈ ਗਿਰਝ ਬੈਠੀ ਨਹੀਂ ਵੇਖੀ ਗਈ। ਏਥੇ ਅਤੁੱਲਬੀਜ ਜੋ ਆਪ ਵੀ ਇੱਕ ਵਡ-ਅਕਾਰੀ ਭਿਆਨਕ ਦੈਂਤ ਹੈ ਅਤੇ ਅਪਾਰ ਸ਼ਕਤੀਆਂ ਦੇ ਮਾਲਕ, ਬੜਾ ਵਡਾ ਡਰਾਉਣਾ ਰੂਪ ਧਾਰੀ ਕਰੋਧਵਾਨ ਹੋਏ **ਰੱਬ ਜੀ ਦੇ ਨਾਲ ਜੂਝ ਰਿਹਾ ਹੈ**। ਏਡਾ ਭਿਆਨਕ ਦ੍ਰਿਸ਼ਯ ਕਿ, ਵਡੇ ਸੂਰਮੇ ਵੀ ਸਾਹ ਰੋਕੀ ਤਮਾਸ਼ਾ ਵੇਖ ਰਹੇ ਹੋਣ। ਪਰ ਗਿਰਝਾਂ ਵੱਲ ਵੇਖੋ--ਉਹ ਭਖਦੇ ਜੰਗ ਵਿਚ ਲੜ ਰਹੇ ਅਤੁਲਬੀਜ ਦੈਂਤ ਦਾ ਢਿੱਡ ਪਾੜ ਕੇ ਉਸ ਦੀਆਂ ਅੰਤੜੀਆਂ (=ਆਂਦਰਾਂ) ਕੱਢ ਰਹੀਆਂ ਹਨ। ਫਿਰ ਉਨ੍ਹਾਂ ਨੂੰ ਨਾਲੋ ਨਾਲ ਖਾਈ ਜਾਣ ਦੇ ਥਾਂ, (ਆਂਦਰਾਂ) ਲੈ ਕੇ ਸਾਰੀਆਂ ਗਿਰਝਾਂ ਅਸਮਾਨੀ ਜਾ ਚੜ੍ਹੀਆਂ ? (੨) ਆਂਦਰਾਂ ਤੋਂ ਖ਼ਾਲੀ ਪੇਟ ਵਾਲਾ **ਅਤੁੱਲ-ਬੀਜ** ਨਿਰਾ ਜੀਉਂਦਾ ਹੀ ਨਹੀਂ, ਸਗੋਂ ਪੂਰੇ ਜੋਸ਼ ਨਾਲ, ਉਸ ਮਹਾਂਕਾਲ ਤੇ, ਉਸ ਕਾਲ ਰੂਪ ਅਸਿਧੁਜ, ਅਸਿਕੇਤ, ਖੜਗਧਾਰੀ, ਤੇ ਬਾਣਾ ਦੀ ਬਰਖਾ ਨਿਰੰਤਰ ਕਰੀ ਗਿਆ ਜਿਹੜਾ ਅੱਜ ਖ਼ਾਲਸਾ ਜੀ ਲਈ ਪਾਰਬ੍ਰਹਮ ਪਰਮੇਸ਼ਵਰ, ਹਰ ਪ੍ਰਕਾਰ ਦੀਆਂ ਸ਼ਕਤੀਆਂ ਦਾ ਅਪਾਰ ਭੰਡਾਰ ਬਣ ਚੁੱਕਾ ਹੋਇਆ ਹੈ-' **ਸੱਜਣ ਪਿਆਰੇ, ਪਿਆਰਾ ਸਿੰਘ ਪਦਮ ਜੀਓ !** ਕੀ, ਉਰਦੂ ਜ਼ਬਾਨ ਦੇ ਕਵੀ ਦੀ ਇਹ ਗੱਲ--**ਜੋ ਬਾਤ ਕਹੀ ਖ਼ੁਦਾ ਕੀ ਕਸਮ, ਲਾਜਵਾਬ ਕਹੀ "**---ਇਸ ਗ੍ਰੰਥ ਦੇ ਲਿਖਾਰੀ ਤੇ ਪੂਰੀ ਨਹੀਂ ਉੱਤਰਦੀ ?

ਜਿਵੇਂ ਬੁੱਝਣ ਲੱਗੇ ਦੀਵੇ ਦੇ ਆਖ਼ਰੀ ਚਮਕਾਰੇ ਦੀ ਲੋ ਜ਼ਰਾ ਵਧੀ ਹੋਈ ਅਨੁਭਵ ਹੁੰਦੀ ਹੈ ਓਵੇਂ ਮੁੱਕਣ ਤੇ ਆਈ ਇਸ ਕਥਾ ਵਿਚਲਾ ਝੂਠ ਵੀ ਭਿਆਨਕ ਤੋਂ ਭਿਆਨਕ ਰੂਪ ਧਾਰਨ ਕਰਦਾ ਤੁਰਿਆ ਜਾ ਰਿਹਾ ਹੈ?:--

**ਅਸੁਰ ਅਮਿਤ ਰਨ ਬਾਨ ਚਲਾਏ ॥ ਨਿਰਖਿ ਖੜਗ ਧੁਜ ਕਾਟਿ ਗਿਰਾਏ ॥**
**ਬੀਸ ਸਹੱਸ੍ਰ ਅਸੁਰ ਪਰ ਬਾਨਾ ॥ ਸਰੀ ਅਸਿਧੁਜ ਛਾਡੇ ਬਿਧਿ ਨਾਨਾ ॥ ੩੭੧ ॥**

**ਅਰਥ**:--ਦੈਂਤ ਨੇ ਅਨੇਕਾਂ ਤੀਰ ਚਲਾਏ ਪਰ ਖੜਗ ਧਾਰੀ ਨੇ ਵੇਖਦੇ ਵੇਖਦੇ ਹੀ ਸਾਰੇ ਕਟ ਕੇ ਧਰਤੀ ਤੇ ਸੁੱਟ ਦਿੱਤੇ। ਹੁਣ ਮਹਾਂਕਾਲ ਨੇ ਵੀਹ ਹਜ਼ਾਰ ਤੀਰ ਦੈਂਤ ਉਤੇ ਛੱਡੇ।

[ਨੋਟ:--ਯਾਦ ਰਹੇ ਕਿ ਜਿਥੇ ਵੀ " **ਅਰਥ** " ਲਜ਼ਫ਼ ਵਰਤਿਆ ਹੈ, ਉਸ ਦੇ ਅੱਗੇ ਅਰਥ ਉਹੀ ਹਨ ਜੋ ਗਿਯਾਨੀ ਨਰਾਇਣ ਸਿੰਘ ਜੀ ਪੰਡਿਤ ਨੇ--**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ**-- ਵਿਚ ਲਿਖੇ ਹਨ। ਅਸਿਧੁਜ, ਅਸਿਕੇਤ, ਖੜਗਧਾਰ, ਕਾਲੀ ਆਦਿ, ਮਹਾਂਕਾਲ ਦੇ ਵਿਸ਼ੇਸ਼ਨ, ਦਾਸ ਨੇ ਆਪਣੇ ਕੋਲੋਂ ਕਿਸੇ ਥਾਂ ਨਹੀਂ ਲਿਖੇ। ਇਹ ਸਭ ਕੁਝ ਇਸ ਗ੍ਰੰਥ ਵਿਚ ਕਈ ਥਾਈ ਵਰਤਿਆ ਹੋਇਆ ਹੈ।)

ਗੁਰੂ ਬਾਣੀ ਤਾਂ ਇਹ ਤਸੱਲੀ ਕਰਵਾ ਰਹੀ ਹੈ ਕਿ--ਹਉਮੈ ਅਤੇ ਰੱਬ ਦਾ ਆਪਸ ਵਿਚ ਅਜੇਹਾ ਵਿਰੋਧ ਹੈ ਕਿ ਦੋਵੇਂ ਇੱਕ ਥਾਂ ਰਹਿ ਹੀ ਨਹੀਂ ਸਕਦੇ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ**--ਪਰ ਏਥੇ ? ਹਉਮੈ-ਹੰਕਾਰ-ਦੀ ਪੈਦਾਇਸ਼ ਕ੍ਰੋਧ ਦਾ ਹੀ ਦੂਜਾ ਨਾਮ ਸ੍ਰੀ ਅਸਿਧੁਜ ਬਣਿਆ ਹੋਇਆ ਹੈ। ਪਹਿਲਾਂ ਕਈ ਵਾਰੀ ਆ ਕੇ ਜੰਗ ਕਰਦਾ ਦਰਸਾਇਆ ਜਾ ਚੁੱਕਿਆ ਹੈ ਪਰ (ਹੰਕਾਰ ਦਾ ਸਕਾ ਬੇਟਾ--) ਕਰੋਧ ਸ਼ਾਇਦ ਨਾਲੋ ਨਾਲ ਖੁਰਦਾ ਰਹਿੰਦਾ ਹੋਵੇਗਾ ? ਹੁਣ ਫੇਰ ਸ੍ਰੀ ਅਸਿਧੁਜ ਜੀ ਦੇ ਕ੍ਰੋਧਵਾਨ ਹੋ ਕੇ ਜਾਂਗ ਅਰੰਭ ਕਰਨ ਦੀ ਗੱਲ:--

**ਮਹਾਂਕਾਲ ਪੁਨਿ ਜਿਯ ਮੈ ਕੋਪਾ ॥ ਧਨੁਖ ਟੰਕੋਰ ਬਹੁਰਿ ਰਨ ਰੋਪਾ ॥**
**ਏਕ ਬਾਨ ਤੇਂ ਧੁਜਹਿ ਗਿਰਾਯੋ ॥ ਦੁਤਿਯ ਸ਼ੱਤ੍ਰ ਕੇ ਸੀਸ ਉਡਾਯੋ ॥ ੩੭੨ ॥**
**ਦੁਹੂੰ ਬਿਸਿਖ ਕਰਿ ਦਵੈ ਰਥ ਚੱਕ੍ਰ ॥ ਕਾਟਿ ਦਏ ਛਿਨ ਇਕ ਮੈ ਬੱਕ੍ਰ ॥**
**ਚਾਰਹਿ ਬਾਨ ਚਾਰ ਹੂੰ ਬਾਜਾ ॥ ਮਾਰ ਦਏ ਸਭ ਜਗ ਕੇ ਰਾਜਾ ॥ ੩੭੩ ॥**

ਕਥਿਤ ਤੌਰ ਤੇ ਕਈ ਸਾਲਾਂ ਤੋਂ ਅਰੰਭ ਹੋਏ ਯੁੱਧ ਵਿਚ ਪਤਾ ਨਹੀਂ ਇਹ ਕੰਮ, ਮਹਾਂਕਾਲ ਜੀ ਕੋਲੋਂ ਅਜੇ ਤੱਕ ਕਿਸ ਕਾਰਨ ਨਹੀਂ ਸਨ ਹੋ ਸਕੇ ? ਭਾਵ:,--

(੧) ਮਹਾਂਕਾਲ ਨੇ ਫਿਰ ਧਨੁੱਖ ਟੰਕਾਰਿਆ, **(੨) ਕ੍ਰੋਧ ਵਿਚ ਭਰ ਕੇ ਯੁੱਧ ਜਮਾ ਦਿੱਤ'।** **(੩)** ਇੱਕ ਤੀਰ ਨਾਲ ਦੈਂਤ ਦਾ ਝੰਡਾ ਵੱਢ ਦਿੱਤਾ,

**(੪)** ਦੂਜੇ ਤੀਰ ਨਾਲ ਦੁਸ਼ਮਣ ਦਾ **ਸਿਰ ਉਡਾ ਦਿੱਤਾ** । ੩੭੨। **(੫)** ਦੋ ਤੀਰਾਂ ਨਾਲ ਉਸ ਦੇ ਰੱਥ ਦੇ ਪਹੀਏ ਵੱਢ ਦਿੱਤੇ,

**(੬)** ਚਾਰ ਤੀਰਾਂ ਨਾਲ ਉਸ ਦੇ ਚਾਰੇ ਘੋੜੇ ਮਾਰ ਦਿੱਤੇ । ੨੭੩ ।

ਕੇਵਲ ਏਨੀ ਹੀ ਕਰਤੂਤ ਸੀ ਜੋ, ਸ੍ਰੀ ਅਸਿਧੁਜ ਜੀ ਲਈ ਕਈ ਹਜ਼ਾਰਾਂ ਵਰ੍ਹੇ ਅਸੰਭਵ ਬਣੀ ਰਹੀ ?--ਅਸੀ ਕਿਸ ਮੂੰਹ ਨਾਲ ਰੋਜ਼ ਜਾਪ ਕਰ ਰਹੇ ਹਾਂ--" **ਆਪੁ ਹਾਥ ਦੈ ਮੋਹਿ ਬਚਾਵਹੁ ॥** ਆਪਣੀ ਰਖਿਆ ਲਈ ਵੀ ਉਸ ਅਸਿਧੁਜ ਦੀ ਹਜ਼ਾਰਾਂ ਸਾਲ ਹੀ ਉਡੀਕ ਕਰਨੀ ਪੈਣੀ ਹੈ ? ਪਰ ਇਸ ਪੱਖ ਵੱਲ ਵੀ ਧਿਆਨ ਰੱਖਣ ਦੀ ਲੋੜ ਹੈ। ਇਹ ਅਸਿਧੁਜ ਜੀ ਅਜੇਹੇ ਮਿਠਬੋਲੜੇ ਸੱਜਣ ਸੁਆਮੀ ਨਹੀਂ ਹਨ। ਇਹ ਤਾਂ ਅਗੋਂ ਮਹਾਂਕਾਲ ਹਨ। ਆਪਣੀ ਕਿਰਤ ਨੂੰ ਆਪ ਹੀ ਖਾਈ ਜਾਣ ਵਾਲੇ ਇਸ ਸ੍ਰੀ ਅਸਿਧੁਜ ਜੀ ਨੇ, ਕੀ ਪਤਾ, ਸਹਾਇਤਾ ਲਈ ਬਹੁੜੀ ਕਰਨ ਦੀ ਥਾਂ ਸਾਨੂੰ ਆਪਣੀਆਂ ਵਿਕਰਾਲ ਦਾੜ੍ਹਾਂ ਹੇਠ ਚੱਬ ਹੀ ਜਾਣਾ ਹੋਵੇ ?

**ਪਦਮ ਜਓ !** ਭਲਾ ਜੇ ਇਹ ਸਾਰਾ ਝੂਠ ਤੁਫ਼ਾਨ ਬ੍ਰਾਹਮਣੀ ਗ੍ਰੰਥਾਂ ਦਾ ਅਨੁਵਾਦ ਕੇਵਲ ਸਾਡੀ ਜਾਣਕਾਰੀ ਲਈ ਹੀ ਸੀ ਤਾਂ ਫਿਰ--ਗੁਰੂ ਨਾਨਕ ਜੀ ਦੇ **ਅਕਾਲ** ਨੂੰ ਛੱਡ ਕੇ ਸ਼ਿਵ ਪੁਰਾਣ ਵਾਲੇ **ਕਾਲ** ਦਾ ਸਿਮਰਨ ਕਿਸ ਦਲੀਲ ਨਾਲ? ਸ਼ਾਇਦ ਤਦੇ ਹੀ ਅਸੀਂ ਦਿਨੋ ਦਿਨ ਨਿੱਘਰਦੇ ਜਾ ਰਹੇ ਹਾਂ ? ਚਲੋ ਛੱਡੋ ਤੁਸੀਂ ਕਿਹੜੇ ਅਣਜਾਣ ਹੋ ? ਜਗਦੇ ਬੰਦੇ ਨੂੰ ਜਗਾਉਣ ਦੀ, ਕੀ ਲੋੜ ?

ਅਸੀਂ ਪਿੱਛੇ ਕਈ ਥਾਂਈ ਪੜ੍ਹ ਆਏ ਹਾਂ ਕਿ ਮਹਾਂਕਾਲ ਜੀ ਇੱਕੋ ਵਾਰੀ ਕਈ ਹਜ਼ਾਰ ਤੀਰ ਚਲਾਉਂਦੇ ਰਹੇ ਸਨ ਅਤੇ ਇੱਕ ਇੱਕ ਤੀਰ ਨਾਲ ਹਜ਼ਾਰ ਹਜ਼ਾਰ ਦੈਂਤਾਂ ਦਾ ਨਾਸ ਕਰੀ ਆ ਰਹੇ ਸਨ। ਪਰ ਹੁਣ ਦੈਂਤ ਤਾਂ ਆਂਦਰਾਂ ਤੋਂ ਖ਼ਾਲੀ ਢਿੱਡ ਨਾਲ ਜੰਗ ਕਰ ਰਿਹਾ ਹੈ ਅਤੇ ਮਹਾਂਕਾਲ ਦੀ ਸਤਿਆ ਏਡੀ ਛੀਨ ਹੋ ਗਈ ਕਿ ਕੇਵਲ ਇੱਕ ਇੱਕ ਤੀਰ ਨਾਲ ਇਕੋ ਕਮੰ? ਝੰਡਾ ਵੱਢਣ ਲਈ ਦੈਂਤ ਦਾ ਸੀਸ ਉਡਾਉਣ ਲਈ, ਰਥ ਦਾ ਪਹੀਆ, ਘੋੜਾ, ਸਭਨਾਂ ਦੇ ਸੰਘਾਰ ਲਈ ਸਿਜਣਹਾਰ ਨੂੰ ਅੱਡ ਅੱਡ ਤੀਰ ਚਲਾਉਣਾ ਪਿਆ ? ਪਦਮ ਸਾਹਿਬ ਜੀ ! ਹੁਣ ਤੁਸੀਂ ਦਾਸ ਦੀ ਇਸ ਗੱਲ ਨੂੰ ਕਿਸ ਦਲੀਲ ਨਾਲ ਰੱਦ ਕਰੋਗੇ ਕਿ, ਇਉ ਦੀ ਝੂਠ-ਗਾਥਾ ਉਸ ਸਿਰਜਣਹਾਰ ਦੀ ਕਿਸੇ ਵੀ ਦਲੀਲ ਨਾਲ ਨਹੀਂ ਮੰਨੀ ਜਾ ਸਕਦੀ ਜਿਸ ਕਰਤਾਰ ਬਾਰੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ **੧੧ਵੇਂ ਪ੍ਰਕਾਸ਼**, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਉਂ ਫ਼ੁਰਮਾ ਰਹੇ ਹਨ:--**ਓਪਤਿ ਪਰਲਉ ਨਿਮਖ ਮਝਾਰ ॥** [੮੬੨]--**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥** [੨੮੪]

ਆਉ ਹੁਣ ਇਸ **ਝੂਠ ਗਾਥਾ** ਦੇ ਅੰਤਮ ਦਰਸ਼ਨ ਵੀ ਕਰਲਈਏ:--

**ਬਹੁਰਿ ਅਸੁਰ ਕਾ ਕਾਟਸਿ ਮਾਥ ॥ ਸ੍ਰੀ ਅਸਿਕਤ ਜਗਤ ਕੇ ਨਾਥਾ ॥**
**ਦੁਤਿਯ ਬਾਨ ਸੋ ਦੋਊ ਅਰਿ ਕਰ ॥ ਕਾਟ ਦਯੋ ਅਸਿਧੁਜ ਨਰ ਨਾਹਰ ॥ ੩੭੪ ॥**
**ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ ਕੇ ਈਸਾ ॥**
**ਪੁਹਪਨ ਬ੍ਰਿਸਟਿ ਗਗਨ ਤੇ ਭਈ ॥ ਸਭਹਿਨ ਆਨਿ ਬਧਾਈ ਦਈ ॥ ੩੭੫ ॥**

**ਅਰਥ**:--ਫਿਰ ਜਗਤ ਦੇ ਨਾਥ ਨੇ ਇਕ ਤੀਰ ਮਾਰ ਕੇ ਦੈਂਤ ਦਾ ਮੱਥਾ ਕਟ ਦਿੱਤਾ ਅਤੇ ਦੂਸਰਾ ਤੀਰ ਮਾਰਕੇ ਅਸਿਕੇਤ ਨੇ ਉਸ ਦੇ ਦੋਵੇ ਹੱਥ ਕੱਟ ਦਿੱਤੇ।੩੭੪। ਜਗਤ ਦੇ ਸੁਆਮੀ ਅਸਿਕੇਤੁ ਨੇ ਫਿਰ ਉਹ ਰਾਕਸ਼ ਦਾ ਸਿਰ ਵੱਢ ਦਿੱਤਾ। ਉਸ ਸਮੇ ਅਕਾਸ਼ ਤੋਂ ਫ਼ੁੱਲਾਂ ਦੀ ਵਰਖਾ ਹੋਈ ਅਤੇ ਸਾਰਿਆਂ ਨੇ ਆਕੇ ਵਧਾਈ ਦਿੱਤੀ।੩੭੫।

**ਵਡੇ ਵਿਦਵਾਨ ਪਦਮ ਜੀਓ ! ਇਉਂ ਸਿੱਧ ਹੋ ਰਿਹਾ ਹੈ ਕਿ, ਆਪ ਜੀ ਦੇ ਇਸ ਸ਼੍ਰੀ ਅਸਧੁਜ ਜੀ ਤੇ ਇਹ ਅਟੱਲ ਸਚਾਈ ਕਿ–" ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥**{੨੧੯} ਪੂਰੀ ਤਰ੍ਹਾਂ ਲਗੂ ਹੋ ਚੁੱਕੀ ਸੀ। ਕਰੋਧੀ ਹੋਏ " ਜਗਤ ਕੋ ਨਾਥਾ " ਸ੍ਰੀ ਖੜਗਧਾਰੀ ਜੀ ਨੂੰ ਕ੍ਰੋਧ ਦੇ ਨਾਲ " ਝੱਲ " ਵੀ ਪੂਰੇ ਜ਼ੋਰਾਂ ਤੇ ਆ ਪਿਆ ਹੋਇਆ ਸੀ। ਤਦੇ ਹੀ ਤਾਂ, ਧੜ ਤੋਂ ਲੱਥੇ ਸੀਸ ਨੋਲੋਂ ਮਸਤਕ ਕੱਟ ਰਿਹਾ ਸੀ।

## ੨੫- ਗੁਰਬਾਣੀ ਦੀ ਘੋਰ ਖੰਡਨਾ ਵਾਲਾ ਸੱਭ ਤੋਂ ਵੱਧ ਗੰਭੀਰ ਸ਼ੰਕਾ:--

**(੧)** ਦੈਂਤਾਂ ਦੇ ਸਾਹ ਲੈਣ ਤੋਂ ਜਾਂ ਦੌੜਨ ਨਾਲ ਹਵਾ ਵਿਚ ਹੁੰਦੀ ਹਿਲ–ਜੁਲ ਤੋਂ ਅਰੰਭ ਹੋ ਕੇ, **ਲਹੂ, ਮਿੱਝ ਤੋਂ**, **ਮਾਰੋ ਮਾਰੋ ਦੀ ਆਵਾਜ਼** ਤੋਂ ਅਤੇ ਫਿਰ **ਚਿੰਤਾ** ਆਦਿ ਤੋਂ ਦੈਂਤ, ਹਾਥੀ, ਘੋੜੇ ਆਦਿ ਪੈਦਾ ਹੋਣ ਵਾਲੀ ਕਥਾ ਪੜ੍ਹ ਕੇ ਗੁਰੂ ਦਾ ਸ਼ਰਧਾਵਾਨ ਦਾ ਸਿੱਖ ਕੀ, ਹੇਠ ਲਿਖੇ ਗੁਰੂ-ਬਾਣੀ ਫ਼ੁਰਮਾਨ ਦੀ ਘੋਰ ਖੰਡਨਾਂ ਸਮਝ ਕੇ ਇਸ ਝੂਠ-ਗਾਥਾ ਨੂੰ ਕੂੜੇ ਦੇ ਢੇਰ ਤੇ ਵਗਾਹ ਮਾਰੇ, ਕਿ ਜਾਂ ਗੁਰੂ ਬਾਣੀ ਪ੍ਰਤੀ ਹੀ ਸ਼ੱਕ ਬਣਾ ਬੈਠੇ ? ਕਿਉਕਿ ਗੁਰਬਾਣੀ ਤਾਂ ਸ੍ਰਿਸ਼ਟੀ ਸਿਰਜਣਾ ਬਾਰੇ ਅਤੇ ਜੀਵ ਪੈਦਾ ਹੋਣ ਬਾਰੇ ਇਸ ਅਟੱਲ ਰੱਬੀ ਨੀਯਮ ਦੀ ਸੋਝੀ ਬਖ਼ਸ਼ਸ਼ ਕਰ ਰਹੀ ਹੈ ਜੀ :––

੧੧੪– **ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥**
**ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ ਹਰਿ ਕੀ**
**ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ**

**ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥** {੭੩੬}

੧੧੫- **ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਨਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥** {੧●੩੧}-੫-੧੧

ਸਤਿਗੁਰੂ ਗ੍ਰੰਥ ਸਾਹਿਬ ਜੀ ਸ੍ਰਿਸ਼ਟੀ ਦੀ ਸਿਰਜਣਾ ਪੰਜਾਂ ਤੱਤਾਂ ਤੋਂ ਹੋਈ ਦਸ ਕੇ ਫਿਰ ਉਚੇਚੇ ਤੌਰ ਤੇ ਮਨੁੱਖਾ ਦੇਹੀ ਦੀ ਵੀ ਪੰਜ ਤੱਤਾਂ ਤੋ ਹੀ ਬਣੀ ਸਮਝਾ ਰਹੇ ਹਨ, ਪਰ ਏਧਰ, ਅਸਿਧੁਜ---ਖੜਗਧਾਰੀ-ਅਸਿਕੇਤ-ਮਹਾਂ-ਕਾਲ-ਕਾਲਕਾ- ਅਥਵਾ ਕਾਲ ਜੀ, ਜਿਵੇਂ ਪਸ਼ੂ ਅਤੇ ਮਨੁੱਖਾ ਦੇਹ ਪੈਦਾ ਹੋਈ ਦਰਸਾ ਰਹੇ ਹਨ ਉਨ੍ਹਾਂ ਤੋਂ ਤੁਸੀਂ (ਪਦਮ ਜੀ) ਭਲੀਭਾਂਤ ਜਾਣੂੰ ਹੀ ਹੋ ?

**(੨)** ੩੭੨ ਵੀ ਚੌਪਈ ਵਿਚ ਜਦ ਦੁਸ਼ਮਨ ਦੇ **ਸੀਸ** ਉਡਾ ਦੇਣ ਦਾ ਜ਼ਿਕਰ ਆ ਚੁੱਕਾ ਹੈ, ਤਾਂ (ਬੱਕਰੇ ਭੇਡੂ ਦੁੰਬੇ ਆਦਿ ਪਸ਼ੂ ਦਾ ਸਿਰ ਲਾਹ ਲੈਣ ਉਪ੍ਰੰਤ, ਜਿਵੇ ਕਸਾਈ ਉਸ ਦੇ ਧੜ ਦੇ ਟੋਟੇ ਕਰਦਾ ਹੈ) ਕਸਾਈਆਂ ਵਾਂਗ ਉਸ ਕੱਟੇ ਹੋਏ ਸੀਸ ਤੋਂ **ਮੱਥਾ** ਕੱਟ ਲੈਣ ਵਿਚ, ਅਤੇ (ਆਂਦਰਾਂ ਤੇ ਸੀਸ ਤੋਂ ਬਿਨਾ) ਮਿਰਤਕ ਲਾਸ਼ ਦੇ **ਦੋਵੇ ਹੱਥ** ਕੱਟ ਲੈਣ ਵਾਲੀ **ਕਸਾਈ-ਕਿਰਿਆ** ਸ੍ਰੀ ਅਸਿਧੁਜ-ਰੱਬ ਦੇ ਮੱਥੇ ਮੜ੍ਹਨ ਵਿਚ ਕੀ ਭੇਤ ਹੈ ? ਨਿਸ਼ਕਪਟ-ਸੂਰਮੇ ਅਤੇ ਸੱਚੇ ਬਹਾਦਰ ਨੇ ਜੰਗ ਵਿਚ ਸਨਮੁੱਖ ਹੋ ਕੇ ਜੂਝ ਮਰੇ ਦੁਸ਼ਮਣ ਦੇ ਸਰੀਰ ਦਾ, ਸਦਾ ਸਤਿਕਾਰ ਹੀ ਕੀਤਾ ਹੈ। ਲਾਸ਼ ਦੇ ਟੁਕੜੇ ਕਰਕੇ ਉਸ ਦਾ ਨਿਰਾਦਰ ਕਰਨਾ, ਕੀ, ਬੜੇ ਵਡੇ ਕਮੀਨੇ ਦੁਸ਼ਟਾਂ ਵਾਲਾ ਅਥਵਾ ਨਿਰਦਈ ਵੈਰੀਆਂ ਵਾਲਾ ਕੁ-ਕਰਮ ਨਹੀਂ ਹੈ ਜੀ ? ਕੀ, ਇਸ ਤੋਂ ਇਹ ਦਰਸਾਇਆ ਗਿਆ ਹੈ ਕਿ ਲਿਖਾਰੀ ਜੀ ਦੇ ਅਸਿਧੁਜ ਜੀ ਇਸ ਘਟੀਆ ਹੱਦ ਤੱਕ ਨਿਰਦਈ ਅਤੇ ਕਮੀਨੇ ਵੀ ਹੋ ਸਕਦੇ ਹਨ ?

**(੩)** ਗੁਰੂ ਬਾਣੀ ਵਿਚੋਂ ਕਿਤੋਂ ਵੀ ਅਜੇਹਾ ਸੰਕੇਤ ਤਕ ਨਹੀਂ ਮਿਲਦਾ, ਅਤੇ ਲੱਖਾਂ ਕ੍ਰੋੜਾਂ ਮੀਲਾਂ ਤੱਕ ਆਕਾਸ਼ ਦੀ ਖੋਜ ਕਰਦੇ ਆ ਰਹੇ ਅੱਜੋਕੇ ਵਗਿਆਨੀਆਂ ਨੂੰ ਵੀ ਕਿਤੋਂ ਟੋਹ ਨਹੀਂ ਮਿਲੀ ਕਿ, ਆਕਾਸ਼ ਵਿਚ (ਓ) ਕੋਈ ਅਜੇਹੀ ਵੱਸੋਂ ਮੌਜੂਦ ਹੈ ਜੋ ਧਰਤੀ ਦੇ ਵਾਸੀ ਪਠਾਣਾ ਅਤੇ ਮੁਗਲਾਂ ਉੱਤੇ ਅਤੇ ਅਸਮਾਨੀ ਵੱਸਦੇ ਦੇਵ ਦਾਨਵਾਂ ਆਦਿ ਉੱਤੇ ਜਿੱਤ ਪ੍ਰਾਪਤ ਕਰਨ ਵਾਲੇ, ਸ੍ਰੀ ਅਸਿਧੁਜ ਜੀ ਤੇ ਫੁੱਲਾਂ ਦੀ ਵਰਖਾ ਕਰ ਸਕਦੀ ਹੋਵੇ ? ਅੱਜ ਤੱਕ ਕਿਤੋਂ ਕੋਈ ਸੂਹ ਨਹੀਂ ਮਿਲੀ ਕਿ, ਕਦੇ ਕਿਸੇ ਪੀਰ ਪੈਗੰਬਰ, ਵਲੀ-ਅੱਲਾਹ, ਅਵਤਾਰ ਤੇ, ਜਾਂ ਸ਼ਹੀਦਾਂ ਮੁਰੀਦਾਂ ਉੱਤੇ ਅਤੇ ਜਾਂ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ, ਅਥਵਾ ਉਨ੍ਹਾਂ ਦੇ ੯ ਜੋਤਿ ਸਰੂਪਾਂ ਵਿਚੋਂ ਕਿਸੇ ਤੇ, ਅਸਮਾਨਾਂ ਤੋਂ, ਕਿਸੇ ਗ਼ੈਬੀ ਸ਼ਕਤੀ ਦੁਆਰਾ, ਕਦੇ ਫੁੱਲਾਂ ਦੀ ਵਰਖਾ ਹੋਈ ਹੋਵੇ ? ਅਤੇ ਫਿਰ ਗੁਰੂ ਦੇ ਸਿੱਖ ਇਹ ਕਿਉਂ ਭੁੱਲ ਜਾਣ, ਕਿ, ਜਿਸ ਪ੍ਰਭੂ ਦੀ ਹੋ ਰਹੀ ਆਰਤੀ ਦੇ ਦਰਸ਼ਨ ਇਉਂ ਹੋ ਰਹੇ ਹਨ:--

੧੧੬- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ {੧੩}**-੩

ਅਗੰਮ, ਅਥਾਹ, ਅਪਾਰ ਨਿਰ-ਅਕਾਰ, ਉਸ ਅਕਾਲ ਪੁਰਖ ਦੇ ਸੀਸ ਤੇ, ਝੱਟ ਹੀ ਖ਼ਤਮ ਹੋ ਜਾਣ ਵਾਲੀ ਫੁੱਲਾਂ ਦੀ **ਵਰਖਾ** ਦੀ ਲੋੜ ਕਿਉਂ ਪਵੇ ? ਸਤਿਗੁਰੂ ਨਾਨਕ ਸਾਹਿਬ ਜੀ ਦੇ ਹਰ ਇੱਕ ਗੁਰਸਿੱਖ ਨੂੰ, ਸਤਿਗੁਰਾਂ ਦੇ ਇਸ ਫ਼ੁਰਮਾਨ ਤੋਂ ਵੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ:--

੧੧੭- **ਆਸਾ ਮਹਲਾ ੧ ॥ ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥ ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥ ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥ ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥ ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥ ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥ ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥** * {੩੫●}

[***Foot note**:--ਇਹ ਪਾਵਨ ਗੁਰੂ ਸ਼ਬਦ ਅਰਥਾਂ ਸਮੇਤ ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--ਦੇ ਪਹਿਲੇ ਭਾਗ ਦੇ ਚੌਥੇ ਕਾਂਡ ਦੇ--ਕੌੜਾ ਸੱਚ--ਲੇਖ ਵਿਚ ਲਿਖਿਆ ਜਾ ਚੁਕਿਆ ਹੈ। ਕੇਵਲ ਆਪ ਜੀ ਦੀ ਸਹੂਲਤ ਲਈ ਦੋਬਾਰ ਲਿਖਿਆ ਗਿਆ ਹੈ।]

**ਅਰਥ:**--ਜਿਸ ਪਰਮਾਤਮਾ ਨੇ ਹਵਾ ਬਣਾਈ, ਸਾਰੀ ਧਰਤੀ ਸਾਜੀ, ਪਾਣੀ ਅੱਗ ਦਾ ਮੇਲ ਕੀਤਾ ( ਭਾਵ, ਇਹ ਸਾਰੇ ਵਿਰੋਧੀ ਤੱਤਾਂ ਨੂੰ ਰਚਿਆ ਅਤੇ ਫਿਰ ਇਨ੍ਹਾਂ ਨੂੰ ਇੱਕ ਥਾਂ ਇਕੱਠੇ ਕਰਕੇ ਜਗਤ ਰਚਨਾਂ ਕਰਕੇ ਇਸ ਅਸਚਰਜ ਲੀਲ੍ਹਾ ਵਾਲੇ ਕੌਤਕ ਨਾਲ ਸਾਰੀ ਸਿਰਜਨਾਂ ਨੂੰ ਨੇਮ ਬੱਧ ਢੰਗ ਨਾਲ ਚਲਾ ਰਿਹਾ ਹੈ । ਜਿਸ ਤੋਂ ਦਿਸਦਾ ਹੈ ਕਿ ਪ੍ਰਭੂ ਬੇਅੰਤ ਵਡਿਆਈ ਅਤੇ ਸ਼ਕਤੀ ਦਾ ਮਾਲਕ ਹੈ । ਅਤੇ--**ਹਰਨ ਭਰਨ ਜਾਂ ਕਾ ਨੇਤ੍ਰ ਫੋਰ**-ਸੁਖਮਨੀ ॥ ਜੋ ਅੱਖ ਝਮਕਣ ਦੇ ਸਮੇਂ ਵਿੱਚ ਸਾਰੀ ਸਿਰਜਣਾਂ ਕਰਕੇ ਪ੍ਰਲੈ ਕਰ ਸਕਦਾ ਹੈ, ਉਸ ਅਥਾਹ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਨੂੰ ਕਹਿਣਾ ਕਿ ਉਸ ਨੇ ਰਾਵਣ ਨੂੰ ਮਾਰ ਦਿੱਤਾ ਸੀ ਇਸ ਨਾਲ ਕਿਸੇ ਰਾਜਾ-ਰਾਮ ਦੀ ਵਡਿਆਈ ਤਾਂ ਭਾਵੇਂ ਸਮਝੀ ਜਾ ਸਕੇ ਪਰ ਪ੍ਰਭੂ-ਰਾਮ ਦੇ ਨਾਮ ਨਾਲ ਅਜੇਹਾ ਮਾਮੂਲੀ ਸਾਕਾ ਜੋੜਨਾ ਉਸ ਦੀ ਨਿਰਾਦਰੀ ਕਰਨੀ ਹੈ ਅਤੇ ਗਾਥਾ ਅਨੁਸਾਰ ਰਾਵਣ ਨੇ ਮੌਤ ਆਪਣੀ ਹੀ ਮੂਰਖਤਾਈ ਨਾਲ ਸਹੇੜੀ ਸੀ । ਕਿਸੇ ਮੂਰਖ ਨੂੰ ਮਾਰ ਦੇਣ ਨਾਲ ਕੀ ਰੱਬ ਵੱਡਾ ਹੋ ਗਿਆ ਸੀ ? (ਭਾਵ, ਰਾਮ ਨੂੰ ਰੱਬ ਕਹਿ ਕੇ ਉਸ ਦੇ ਨਾਮ ਨਾਲ ਰਾਵਨ ਦੇ ਮਾਰਨ ਦੀ ਬਹਾਦਰੀ ਜੋੜ ਕੇ ਸਾਬਤ ਕਰ ਦਿੱਤਾ ਕਿ ਉਹ ਮਾਮੂਲੀ ਸ਼ਕਤੀ ਵਾਲਾ ਮਨੁੱਖ ਸੀ) । ੧ ।

(ਹੇ ਪ੍ਰਭੂ !) ਤੇਰੀ ਵਡਿਆਈ ਤਾਂ ਬਿਆਨ ਹੀ ਨਹੀਂ ਕੀਤੀ ਜਾ ਸਕਦੀ ਤੂ ਸੱਭ ਜੀਵਾਂ ਵਿੱਚ ਵਿਆਪਕ ਹੈਂ ॥ ੧ ॥ ਰਹਾਉ ॥

(ਹੇ ਅਕਾਲ ਪੁਰਖ !) ਸ੍ਰਿਸ਼ਟੀ ਦੇ ਸਾਰੇ ਜੀਵ ਪੈਦਾ ਕਰਕੇ ਸਭਨਾਂ ਦੀ ਜੀਵਨ ਜੁਗਤ ਤੂੰ ਆਪਣੇ ਹੱਥ ਵਿੱਚ ਰੱਖੀ ਹੋਈ ਹੈ, (ਭਾਵ ਸਾਰੀ ਸਿਰਜਣਾ ਦਾ ਇੱਕ ਕਿਣਕਾ ਵੀ ਅਜੇਹਾ ਨਹੀ ਜੋ ਤੈਥੋਂ ਬਿਨਾ ਹੋਵੇ ਅਥਵਾ ਸੱਬ ਕੁੱਝ ਤੇਰੇ ਵੱਸ ਵਿੱਚ ਹੈ, ਸਮੁੱਚਾ ਅਥਾਹ ਵਿਸਤਾਰਾ ਤੇਰੇ ਹੁਕਮ ਵਿੱਚ ਵਿਚਰ ਰਿਹਾ ਹੈ--**ਆਪਿ ਨਾਥੁ, ਨਾਥੀ ਸਭ ਜਾ ਕੀ**--(ਜਪੁਜੀ) ਤੂੰ ਆਪ ਅਜੇਹਾ ਨਾਥ ਹੈਂ ਜਿਸ ਨੇ ਸਾਰੀ ਸਿਰਜਣਾ ਨੱਥੀ ਹੋਈ ਹੈ ਫਿਰ ਇੱਕ ਕਾਲੀ-ਨਾਗ ਨੂੰ ਨੱਥ ਲੈਣ ਵਾਲਾ ਰੱਬ ਕਿਵੇਂ ਹੋ ਗਿਆ ? (ਮਦਾਰੀ ਤਾਂ ਕਈ ਕਈ ਸੱਪ ਨਥੀ ਫਿਰਦੇ ਹਨ । ਮਦਾਰੀਆਂ ਵਾਲਾ ਕੰਮ ਪ੍ਰਭੂ ਦੇ ਨਾਮ ਨਾਲ ਮੜ੍ਹ ਕੇ ਉਸ ਦੀ ਨਿਰਾਦਰੀ ਨਾ ਕਰੋ) । ਨਾ ਤੂੰ ਕਿਸੇ ਖ਼ਾਸ ਇਸਤ੍ਰੀ ਦਾ ਖ਼ਸਮ ਹੈਂ, ਨਾਹ ਕੋਈ ਇਸਤ੍ਰੀ ਤੇਰੀ ਵਹੁਟੀ ਹੀ ਹੈ, ਤੂੰ ਤਾਂ ਸੱਭ ਜੀਵਾਂ ਦੇ ਅੰਦਰ ਇੱਕ ਰਸ ਮੌਜੂਦ ਹੈਂ । (ਭਾਵ, ਪਰਮਾਤਮਾ ਸਾਰੇ ਸੰਸਾਰ ਦੇ ਅਰਬਾਂ ਖਰਬਾਂ ਮਰਦਾਂ ਅਤੇ ਇਸਤ੍ਰੀਆਂ ਵਿੱਚ ਨਿਰੰਤਰ ਵਾਸ ਕਰਦਾ ਹੈ) (ਭਾਗਵਤ ਪੁਰਾਣ ਦੇ ਸਕੰਧ--੧੦ ਅਤੇ ਅਧਾਏ ੯੦ ਵਿੱਚ ਲਿਖਿਆ ਹੈ ਕਿ ਭਗਵਾਨ ਕ੍ਰਿਸ਼ਨ ਦੀਆਂ ੧੬੧੦੮ ਰਾਣੀਆਂ ਸਨ । ਏਨੇ ਹੀ ਰੂਪ ਧਾਰ ਕੇ ਉਨ੍ਹਾਂ ਨੂੰ ਭੋਗਦਾ ਸੀ ਫਿਲਮਾਂ ਦੁਆਰਾ ਵੀ ਇਹ ਦੱਸਣ ਵਿੱਚ ਵਡਿਆਈ ਸਮਝੀ ਜਾਂਦੀ ਹੈ ਕਿ ਭਗਵਾਨ ਰਾਤ ਨੂੰ ਸੱਭ ਇਸਤ੍ਰੀਆਂ ਕੋਲ ਹੁੰਦਾ ਸੀ । ਬੇਅੰਤ ਜੀਵਾਂ ਵਿੱਚ ਵਿਚਰਦੇ ਪਰਮਾਤਮਾ ਨੂੰ ਗਿਣਤੀ ਦੀਆਂ ਇਸਤ੍ਰੀਆਂ ਕੋਲ ਦੱਸ ਕੇ ਉਸ ਨੂੰ ਬਹੁਤ ਨੀਵਾਂ ਕੀਤਾ ਜਾਣ ਦਾ ਘੋਰ ਪਾਪ ਕੀਤਾ ਜਾ ਰਿਹਾ ਹੁੰਦਾ ਹੈ । ਭਾਵ ਇਹ ਕਹਿ ਕੇ ਤੁਸਾਂ ਆਪ ਹੀ ਸਾਬਤ ਕਰ ਦਿੱਤਾ ਹੈ ਕਿ ਕ੍ਰਿਸ਼ਨ ਰੱਬ ਨਹੀਂ ਸੀ ਸਗੋਂ ਇੱਕ ਵਿਸ਼ੱਈ ਜਾਦੂਗਰ ਸੀ)

(ਬ੍ਰਾਹਮਣ ਨੇ ਆਪ ਹੀ ਇਹ ਗਾਥਾ ਮਸ਼ਹੂਰ ਕੀਤੀ ਹੋਈ ਹੈ ਕਿ, ਵਿਸ਼ਨੂੰ ਦੀ ਧੁੰਨੀ ਵਿਚੋਂ ਕੌਲ ਫੁੱਲ ਨਿਕਲਿਆ ਜਿਸ ਦੀ ਨਾਲਿ ਵਿਚੋਂ ਬ੍ਰਹਮਾਂ ਪੈਦਾ ਹੋਇਆ ਸੀ । ਆਪਣੀ ਪੈਦਾਇਸ਼ ਬਾਰੇ ਸ਼ੱਕ ਕਰਕੇ ਬ੍ਰਹਮਾ ਆਪਣੀ ਜਨਨੀ-ਨਾਲਿ ਦਾ ਸਿਰਾ ਲੱਭਣ ਲਈ ਉਸ ਵਿੱਚ ਜਾ ਵੜਿਆ । ਕਈ ਯੁੱਗ ਉਸ ਦੇ ਵਿੱਚੇ ਹੀ ਭਟਕਦਾ ਰਿਹਾ ਪਰ ਉਸਦਾ ਅੰਤ ਨਾ ਲੱਭ ਸਕਿਆ । (ਜਿਸ ਵਿਸ਼ਨੂੰ ਭਗਵਾਨ ਦੀ ਧੁੰਨੀ ਵਿਚੋਂ ਉਗੇ ਫੁੱਲ ਦੀ ਨਾਲਿ ਦਾ ਅੰਤ ਬ੍ਰਹਮਾਂ ਵਰਗੇ ਦੇਵਤੇ ਨੂੰ ਨਹੀਂ ਲੱਭਾ ਉਸ ਵਿਸ਼ਨੂੰ ਦਾ ਆਪਣਾ ਅਕਾਰ ਕਿੱਡਾ ਕੁ ਹੋਣਾ ਚਾਹੀਦਾ ਹੈ ? ਅਰਥਾਤ ਪ੍ਰਭੂ ਨੂੰ ਬੇਅੰਤ ਵਿਸਥਾਰ ਵਾਲਾ ਅਤੇ ਬੇਅੰਤ ਸ਼ਕਤੀਆਂ ਦਾ ਮਾਲਕ ਦਰਸਾਇਆ ਹੈ) ਫਿਰ ਉਸ ਬੇਅੰਤ ਪ੍ਰਭੂ ਨੂੰ ਕੰਸ ਮਾਰਨ ਵਾਲਾ ਦੱਸਣ ਵਿੱਚ ਕੀ ਉਸ ਦੀ ਵਡਿਆਈ ਹੈ ਕਿ ਜਾਂ ਉਸ ਨੂੰ ਨੀਵਾਂ ਲਿਆ ਸੁਟਿਆ ? (ਭਾਵ, ਤੁਸੀਂ ਆਪ ਹੀ ਸਾਬਤ ਕਰ ਦਿੱਤਾ ਕਿ ਕ੍ਰਿਸ਼ਨ ਰੱਬ ਨਹੀਂ ਸੀ)

(ਇੱਕ ਗਾਥਾ ਇਹ ਵੀ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ) ਸਮੁੰਦਰ ਰਿੜਕਿਆ ਤੇ (ਉਸ ਵਿੱਚੋਂ) ੧੪ ਰਤਨ ਕੱਢੇ,(ਵੰਡਣ ਸਮੇ ਉਹ ਦੋਵੇਂ ਧੜੇ) ਗੁੱਸੇ ਵਿੱਚ ਆ ਕੇ ਇਹ ਹੱਕ ਜਿਤਾਉਂਣ ਲੱਗ ਪਏ ਕਿ ਰਤਨ ਉਨ੍ਹਾਂ ਦੇ ਧੜੇ ਨੇ ਕੱਢੇ ਸਨ ।(ਆਪਣੇ ਵਲੋਂ ਪਰਮਾਤਮਾ ਦੀ ਵਡਿਆਈ ਦੱਸਣ ਲਈ ਬ੍ਰਾਹਮਣ ਨੇ ਗਾਥਾ ਵਿੱਚ ਇਹ ਲਿਖਿਆ ਹੈ ਕਿ ਪਰਮਾਤਮਾ ਨੇ ਮੋਹਣੀ ਅਵਤਾਰ ਭਾਵ, ਬਹੁਤ ਮਨਮੋਹਣੀ ਇਸਤ੍ਰੀ ਦਾ ਰੂਪ ਧਾਰ ਕੇ ਦੈਂਤਾਂ ਨੂੰ ਆਪਣੇ ਰੂਪ ਤੇ ਭਰਮਾ ਲਿਆ ਅਤੇ) ਰਤਨ ਇੱਕ ਇੱਕ ਕਰ ਕੇ ਵੰਡ ਦਿੱਤੇ, । (ਆਪਣੇ ਇਸਤ੍ਰੀ-ਰੂਪ ਨਾਲ ਦੈਂਤਾਂ ਨੂੰ ਧੋਖੇ ਵਿੱਚ ਪਾ ਕੇ, ਠੱਗ-ਨੀਤੀ ਨਾਲ ਰਤਨ ਵੰਡਣ ਵਿੱਚ ਪਰਮਾਤਮਾਂ ਦੀ ਵਡਿਆਈ ਹੈ ਕਿ ਉਸ ਦੀ ਬਦਨਾਮੀ ਕੀਤੀ ਹੈ ? ਅਜੇਹੀ ਬਦਨਾਮੀ ਵਾਲੀ ਝੂਠੀ ਗਾਥਾ ਬਣਾ ਕੇ ਭਗਵਾਨ ਦੀ ਸ਼ਕਤੀ ਦਾ ਮਖ਼ੌਲ ਉਡਾਇਆ ਹੈ, ਭਾਵ ਮੋਹਨੀ ਅਵਤਾਰ ਵਾਲੀ ਗੱਲ ਵੀ ਮਨ-ਘੜਤ ਅਤੇ ਝੂਠ ਹੈ।

**ਪਿਆਰੇ ਪਦਮ ਸਾਹਿਬ ਜੀਓ !** ਕੀ ਅਜੇਹੇ ਮਹਾਂਕਾਲ ਨੂੰ, **(ਜੋ ਇਸ ਤਰ੍ਹਾਂ ਪ੍ਰਾਣ ਖਿੱਚੀ ਜਾ ਰਿਹਾ ਹੋਵੇ,) ਪ੍ਰਾਣ ਅਧਾਰਾ ਮੰਨਿਆਂ ਜਾ** ਸਕਦਾ ਹੈ? ਬਾਰ ਬਾਰ ਭੁੱਲਾਂ ਤੇ ਭੁੱਲਾਂ ਕਰੀ ਜਾਣ ਵਾਲਾ ਖੜਗਧਾਰੀ ਕੀ ਕਦੇ ਅਭੁੱਲ ਮੰਨਿਆਂ ਜਾ ਸਕਦਾ ਹੈ ? ਕਿਸੇ ਭੁਲੱੜ ਸ਼ਕਤੀ ਨੂੰ ਰੱਬ ਕਿਵੇਂ ਮੰਨ ਲਿਆ ਜਾਵੇ ? ਸਪੱਸ਼ਟ ਹੈ ਕਿ, **ਸ੍ਰੀ ਅਸਿਧੁਜ** ਜੀ, ਇਸ ਗ੍ਰੰਥ ਦੇ ਲਿਖਾਰੀ ਦੀ ਕਲਪਣਾ ਦੀ ਅਜੇਹੀ ਉਪਜ ਹੈ ਜੋ ਲਿਖਾਰੀ ਦੇ ਹਥਾਂ ਦੀ ਪੁਤਲੀ, ਇੱਕ ਫਰਜ਼ੀ ਨਾਇਕ ਤੋਂ ਵੱਧ ਹੋਰ ਕੁਝ ਨਹੀਂ ਸੀ। ਉਸ ਨੂੰ ਅਕਾਲ ਪੁਰਖ ਮੰਨ ਕੇ ਉਸ ਦੇ ਨਾਮ ਦਾ ਜਾਪ ਝੂਠ ਦਾ ਸਿਮਰਨ ਹੈ। ਅਤੇ--**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥** [੯੫੩] **ਝੂਠ ਅਬਿਨਾਸ਼ੀ ਨਹੀਂ ਹੋਇਆ ਕਰਦਾ ਸਗੋਂ ਨਾਸਵੰਤ ਹੈ । ਨਾਸਵੰਤ ਦੀ ਪੂਜਾ ਅੰਤ ਵਿਨਾਸ਼ ਦਾ ਕਾਰਨ ਹੀ ਬਣਦੀ ਹੈ।** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਦਸਵੇਂ ਪ੍ਰਕਾਸ਼ ਨੇ ਤਾਂ ਸਾਨੂੰ ਕੇਵਲ ਸੱਚ ਬਾਣੀ ਦੇ ਲੜ ਲਾਇਆ ਸੀ--**ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ {੫੧੪} ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥**{੫੧੪} ਪਰ ਅਸੀ ਅਕਾਲਪੁਰਖ ਜੀ ਦੇ ਉਸ ਕਥਿਤ ਰੂਪ ਦੇ ਸਿਮਰਨ ਨਾਲ ਜਾ ਜੁੜੇ ਜੋ ਨਿਰਾ ਹੈ ਹੀ ਝੂਠ ਦਾ ਡਰਾਮਾ। **ਦਸ਼ਮੇਸ਼ ਜੀ ਨਾਲ ਅਜੇਹਾ ਵਿਸ਼ਵਾਸ਼ ਘਾਤ ਕਰਨ ਵਾਲੇ ਖ਼ਾਲਸਾ ਜੀਓ ! ਕੌਣ ਬਣੇਗਾ ਸਾਡਾ ਸਹਾਈ ? ਏਹੀ ਕਾਰਨ ਹੈ ਕਿ, ਹਰਮਨ ਪਿਆਰਾ ਆਚਰਨ ਅਤੇ ਹਿਰਦਿਆਂ ਨੂੰ ਨਿਰਭੈਤਾ ਵਾਲੀ ਠੰਢ ਵਰਤਾਉਂਦੀ ਖ਼ਾਲਸਈ ਆਨ-ਸ਼ਾਨ ਲਗਾਤਾਰ ਅਲੋਪ ਹੁੰਦੀ ਤੁਰੀ ਜਾ ਰਹੀ ਹੈ ?**

ਉਰਦੂ ਦੇ ਸ਼ਾਇਰ ਨੇ ਤਾਂ ਪਤਾ ਨਹੀਂ ਕਿਸ ਰੰਗ ਵਿਚ ਇਉਂ ਆਖਿਆ ਹੋਵੇ--

**ਸੀਰਤ ਕੇ ਹਮ ਗ਼ੁਲਾਮ ਹੈਂ ਸੂਰਤ ਹੋਈ ਤੋ ਕਿਆ ?**
**ਸੁਰਖ਼ੋ ਸੁਫ਼ੈਦ ਮਿੱਟੀ ਕੀ ਮੂਰਤਿ ਹੁਈ ਤੋ ਕਿਆ ?**

ਸਾਡੀ ਤਾਂ ਮੂਰਤਿ ਅਤੇ ਸੀਰਤ, ਦੋਵੇ ਗੁਣ ਹੀ ਛਾਈਂ ਮਾਈਂ ਹੁੰਦੇ ਤੁਰੇ ਜਾ ਰਹੇ ਹਨ ।

**ਇਸ ਗਾਥਾ ਵਿਚ** ਜਿਹੜੇ ਜਿਹੜੇ ਕਰਮ ਲਿਖਾਰੀ ਨੇ ਮਹਾਂਕਾਲ ਨੂੰ ਕਰਦਾ ਦਰਸਾਇਆ ਹੈ ਉਸ ਤੋਂ ਇਹ ਸ੍ਰੀ ਅਸਿਧੁਜ ਜੀ, ਅਜੋਨੀ, ਸੈਭੰ, ਅਕਾਲ ਮੂਰਤਿ--ਪਰਮੇਸ਼ਰ ਨਾ ਰਹਿ ਕੇ, ਕਮੀਨੇ, ਹੋਛੇ ਅਤੇ ਬੜੇ ਵੱਡੇ ਝੂਠੇ ਇੱਕ ਮਾਮੂਲੀ ਜਾਦੂਗਰ ਦੇ ਰੂਪ ਵਿਚ ਨਟਾ ਵਾਲਾ ਤਮਾਸ਼ਾ ਰਚਾਈ ਬੈਠੇ ਭੰਡ ਨਜ਼ਰੀਂ ਆ ਰਹੇ ਹਨ। ਇਸ ਗਾਥਾ ਦੇ ਲਿਖਾਰੀ ਨੇ ਤਾਂ ਸੁਲਤਾਨ ਨੂੰ ਮੀਆਂ ਅਖਵਾ ਸਕਣ ਜੋਗਾ ਵੀ ਨਹੀਂ ਛਡਿਆ। ਘਟੀਆ ਕਿਸਮ ਦੇ ਕਿਰਦਾਰ ਵਾਲਾ ਦਰਸਾਉਂਣ ਦੇ ਨਾਲ ਹੀ ਉਸੇ ਨੂੰ " ਧੰਨ ਧੰਨ ਲਿਖਣਾ, " ਹੋਰ ਵੀ ਵੱਡੀ ਕੁਟਲਤਾ ਗ੍ਰਸਿਆ ਮਖ਼ੌਲ ਹੈ--

**ਧੰਨਯ ਧੰਨਯ ਲੋਗਨ ਕੇ ਰਾਜਾ ॥ ਦੁਸ਼ਟਨ ਦਾਹਿ ਗ਼ਰੀਬ ਨਿਵਾਜਾ ॥**
**ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨ ਮੁਹਿ ਲੇਹੁ ਉਬਾਰੇ ॥ ੩੭੬ ॥**

{**ਸੰਜੋਗ**ਾਂ ਦੀ ਅਜੀਬ ਖੇਡ ? ਭਾਰਤੀ ਡੰਡਾਵਲੀ ਵਿਚ ੩੭੬ ਧਾਰਾ ਬਲਾਤਕਾਰ ਦੇ ਦੋਸ਼ੀ ਤੇ ਲੱਗਦੀ ਹੈ। ਜਿਸ ਸਜ਼ਾ ਉਮਰ ਕੈਦ ਤਕ ਵੀ ਹੋ ਸਕਦੀ ਹੈ ਅਸਲੀਲਤਾ ਦੇ ਨੰਗੇ ਨਾਚ ਵਾਲੇ ਅਤੇ ਬੇਸ਼ਰਮੀ ਦੀ ਸੜਾਂਦ ਭਰੇ ਗੰਦ ਨਾਲ ਭਰੇ ਇਸ ਗ੍ਰੰਥ ਵਿਚਲੀਆਂ ਕਹਾਣੀਆਂ ਦੇ ਅੰਤ ਵਿਚ ਅੰਤਲੀ ਚੌਪਈ ਦਾ ਨੰਬਰ **ਵੀ ੩੭੬** ਹੀ ਹੈ }

ਹੇ ਵਿਦਵਾਲ ਪਦਮ ਸਾਹਿਬ ਜੀਓ ! ਉਚੇਚੀ ਇਕਾਗਰਤਾ ਦੀ ਬਖ਼ਸ਼ਸ਼ ਕਰਦਿਆਂ ਇਸ ਗੰਭੀਰ ਸ਼ੰਕੇ ਦਾ ਨਿਵਾਰਣ ਉਚੇਚੇ ਤੌਰ ਤੇ ਲਿਖ ਭੇਜਣਾ ਨਾ ਭੁੱਲਣਾ ਕਿ- " ਉਪ੍ਰੋਕਿਤ ਸਾਰੀ ਝੂਠ-ਗਾਥਾ ਵਿਚ ਮਨੁੱਖਾਂ ਤੇ ਜ਼ੁਲਮ ਕਰਨ ਵਾਲੇ ਕਿਸੇ ਜਾਬਰ ਹਾਕਮ ਤੋਂ ਸੰਸਾਰੀ ਲੋਕਾਂ ਨੂੰ ਛੁਟਕਾਰਾ ਦਿਵਾਉਣ ਦੀ, ਜਾਂ ਨਿਰਦਈ ਲੁਟੇਰੇ ਨੂੰ ਸੋਧਣ ਦੀ ਗੱਲ ਵੀ ਕਿਤੇ ਨਜ਼ਰ ਨਹੀਂ ਹੈ, ਅਤੇ ਫਿਰ ਸ੍ਰੀ ਅਸਿਧੁਜ-ਮਹਾਂਕਾਲ ਨੂੰ ਗ਼ਰੀਬ ਦੁਖਿਆਰੀ ਮਨੁੱਖਤਾ ਦੀ ਪਾਲਣਾ ਕਰਦਾ ਵੀ ਕਿਸੇ ਥਾਂ ਨਹੀ' ਦਰਸਾਇਆ ਹੋਇਆ, ਪਤਾ ਨਹੀਂ ਕਿਸ ਅਧਾਰ ਤੇ ਝੂਠ-ਗਾਥਾ ਦੇ ਇਸ ਨਿਰਦਈ ਬੇਅਸੂਲੇ ਕਰੋਧੀ-("**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥**) ਸੁੱਧ-ਹੀਨ -(=ਮੂਰਖ **?**) ਹੀਰੋ, ਇਸ ਅਸਿਧੁੱਜ ਨੂੰ " **ਦੁਸ਼ਟਨ ਦਾਹਿ ਗ਼ਰੀਬ ਨਿਵਾਜਾ** " ਮਿਥ ਕੇ **ਧੰਨ ਧੰਨ**, ਕਿਸ ਦਲੀਲ ਨਾਲ ਲਿਖਿਅ ਗਿਅ ਹੈ ? ਅਤੇ ਫਿਰ ਇਸ ਤੁਕ ਦੇ ਪਾਠ ਕਰਨ ਦਾ ਰਿਵਾਜ ਡੇਰਾਵਾਦੀਏ ਸਿੱਖਾਂ ਵਿਚ ਕਿਹੜੀ ਮਜਬੂਰੀ ਕਾਰਨ ਪ੍ਰਚਲਤ ਹੋਇਆ ਹੈ ਜੀ ?

ਜਿਹੜਾ ਰੱਬ ਸਨਮੁਖ ਹੋ ਕੇ ਜੂਝ ਕੇ ਸ਼ਹੀਦ ਹੋਏ ਸੂਰਮੇ ਦੇ ਧੜ ਨਾਲੋਂ ਉਤਾਰੇ ਸੀਸ ਤੋਂ ' ਮਸਤਕ ' ਅਤੇ ਮੁਰਦਾ ਲਾਸ਼ ਦੇ ਦੋਵੇਂ ਹੱਥ ਵਢਣੇ ਸੰਗ ਨਹੀਂ ਕਰਦਾ, ਉਸ ਨਿਰਦਈ, ਕਾਲ-ਮਹਾਂਕਾਲ-ਅਸਿਧੁੱਜ-ਖੜਗਧਾਰੀ-ਅਸਿਕੇਤ, ਆਦਿ ਵਸ਼ੇਸ਼ਣਾਂ ਵਾਲੇ ਕਿਸੇ ਰੱਬ ਦੀ ਜੈ ਜੈਕਾਰ ਬੋਲਣ ਵਾਲੇ ਅਨੋਖੇ ਸਿੱਖ, ਆਪਣੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਛੇਵੀ ਜੋਤਿ-ਪ੍ਰਕਾਸ਼ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸਿਖਿਆ ਭਰਪੂਰ ਇਸ ਇਤਿਹਾਸਕ ਘਟਨਾਂ ਨੂੰ ਅੱਖੋਂ ਪਰੋਖੇ ਕਰ ਰਹੇ ਹੁੰਦੇ ਹਨ:--

ਜਿਸ ਪੈਂਦੇ ਖ਼ਾਨ ਨੂੰ ਸਤਿਗੁਰਾਂ ਨੇ ਆਪ ਪਾਲ ਪੋਸ ਕੇ ਪਰਵਾਨ ਚੜ੍ਹਾਇਆ ਸੀ, ਉਹੀ ਅਕ੍ਰਿਤਘਣਤ **ਪੈਂਦੇ ਖ਼ਾਨ**, ਸਤਿਗੁਰਾਂ ਦੇ ਵੈਰੀ ਹਾਕਮਾਂ ਦੀ ਫ਼ੌਜ ਦਾ ਮੋਹਰੀ ਬਣ ਕੇ ਚੜ੍ਹ ਆਇਆ ਸੀ। ਜੰਗ ਦੇ ਮੈਦਾਨ ਵਿਚ ਸਤਿਗੁਰਾਂ ਦੀ ਹੇਠੀ ਕਰਨ ਲਈ, ਉਨ੍ਹਾਂ ਨੂੰ ਘੋੜੇ ਸਮੇਤ ਧਰਤੀ ਤੇ ਸੁਟਣ ਲੱਗਾ ਤਾਂ, ਸਤਿਗੁਰਾਂ ਨੇ ਉਸ ਦੇ ਸੀਸ ਵਿਚ ਤਲਵਾਰ ਨਹੀ ' ਸਗੋਂ ਕੇਵਲ ਢਾਲਾ ਹੀ ਮਾਰਿਆ। ਚੋਟ ਨੂੰ ਨਾ ਸਹਾਰਦਾ ਹੋਇਆ ਪੈਂਦੇ ਖ਼ਾਨ ਮਰਨਾਊ ਹੋ ਕੇ ਧਰਤੀ ਦੇ ਡਿੱਗ ਪਿਆ। ਦਿਆਲੂ ਸਤਿਗੁਰੂ ਜੀ, ਝੱਟ ਘੋੜੇ ਤੋਂ ਉੱਤਰੇ ਅਤੇ ਅੰਤਲੇ ਸੁਆਸਾਂ ਤੇ ਪੁੱਜੇ **ਪੈਂਦੇ ਖ਼ਾਨ ਦਾ ਸੀਸ ਆਪਣੀ ਗੋਦ ਵਿਚ ਲੈ ਲਿਆ**, ਉਸ ਦੇ ਚਿਹਰੇ ਤੋਂ ਘੱਟਾ ਪੂੰਝਿਆ ਅਤੇ ਉਸ ਦਾ ਮਰਨ ਸਫ਼ਲਾ ਕਰਦਿਆਂ ਉਸ ਨੂੰ ਕਲਮਾ ਪੜ੍ਹਨ ਦਾ ਉਪਦੇਸ਼ ਕੀਤਾ । ਮੁਰਦਾ ਸਰੀਰ ਨੂੰ ਸੂਰਮਿਆਂ ਵਾਲੀ ਆਨ ਸ਼ਾਨ ਨਾਲ ਖ਼ਾਕ ਦੇ ਸਪੁਰਦ ਕਰਵਾਇਆ। ਸਤਿਗੁਰੂ ਜੀ ਦੇ ਸਿੱਖ ਦਾ ਅਜੇਹੇ ਮਹਾਂਕਾਲ ਨਾਲ ਕੀ ਵਾਸਤਾ ਜਿਸ ਨਾਲ ਬੇਅੰਤ ਪ੍ਰਕਾਰ ਦੀਆਂ ਭੁੱਲਾਂ, ਰੰਗਾ-ਰੰਗ ਦਾ **ਝੂਠ** ਅਤੇ ਘਿਣਾਵਣੀ ਕਿਸਮ ਦੀ **ਨਿਰਦਾਇਤਾ** ਜੁੜੀ ਹੋਈ ਹੈ-

ਅਜੇਹੀ ਝੂਠ-ਕਥਾ ਵਾਲੇ ਅਸਿਧੁਜ ਦੇ ਚਰਨਾਂ ਵਿਚ ਕੀਤੀ ਜਾ ਰਹੀ ਅੱਗੇ ਲਿਖੀ ਬੇਨਤੀ ਚੌਪਈ ਦੀ ਪਰਖ ਗੁਰਮਤਿ ਦੀ ਕਸੱਵਟੀ ਤੇ ਕਰਨ ਦੀ ਲੋੜ ਤੁਸਾਂ ਲਿਖਤੀ ਰੂਪ ਵਿਚ ਮੁਕਾਈ ਹੋਈ ਹੈ। ਇਸ ਲਈ ਤੁਹਾਨੂੰ ਸੰਬੋਧਨ ਕੀਤਾ ਏਨਾ ਕੁਝ ਹੀ ਕਾਫ਼ੀ ਹੈ। ਭੁੱਲਾਂ ਚੁੱਕਾਂ ਤੋਂ ਜਲਾਲ ਵਿਚ ਆਉਣ ਦੀ ਖੇਚਲ ਕਰਨ ਨਾਲੋਂ ਖਿਮਾ ਕਰਨ ਵੱਲ ਧਿਆਨ ਦਿੰਦੇ ਹੋਏ ਭੁੱਲਾਂ ਨੂੰ ਸੁਧਾਰ ਲੈਣ ਲਈ ਕੋਈ ਵਿਦਵਾਨਾਂ ਵਾਲੀ ਸੋਧ ਬਖ਼ਸ਼ ਕਰਨ ਦੀ ਕਿਰਪਾਲਤਾ ਕਰਨੀ ਜੀ। ਗੁਰਮਤਿ ਅਨੁਸਾਰ ਸੋਧ ਕਰ ਲੈਣ ਵਿਚ ਦਾਸ ਆਪਣੇ ਧੰਨਭਾਗ ਸਮਝਦਾ ਹੈ। ਉਂਜ ਦਸਮ ਗ੍ਰੰਥ ਬਾਰੇ ਸਾਰੀ ਗੁਰਮਤਿ ਵਿਚਾਰ ਸਰਬੱਤ ਖ਼ਾਲਸਾ ਜੀ ਦੇ ਹੱਥਾਂ ਵਿਚ ਪੁੱਜਣੋ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਰੋਕ ਸਕਦੇ ਹਨ। ਅੱਗੇ ਜੋ ਕਰਤਾਰ ਨੂੰ ਭਾਵੇ।

੧੧੮- **ਸਲੋਕ ਨੁ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ ॥੧॥ ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥੧॥ ਸਤਿਗੁਰਿ ਖੇਪ ਨਿਬਾਹੀ ਸੰਤਹੁ ॥ ਹਰਿ ਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ ਰਹਾਉ ॥ ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥੨॥ ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥੩॥ ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥ ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥੫॥ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥੬॥ ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ ॥੭॥ ਮੀਤ ਸਾਜਨ ਮਾਲੁ ਜੋਬਨੁ ਸੁਤ, ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ॥੮॥੨॥੭॥** {੬੧੬}

੩੧ ਜਨਵਰੀ ਦਾ ਅਰੰਭ ਕੀਤਾ ਇਹ ਚਿੱਠੀ ਰੂਪ ਲੇਖ, ਅੱਜ **ਮਾਰਚ ੩੧-- ੧੯੯੮ ਨੂੰ** ਨੇਪਰੇ ਚੜ੍ਹਿਆ ਹੈ, ਜੋ ਆਪ ਜੀ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਇੱਕ ਵਾਰੀ ਫੇਰ ਭੁੱਲ ਚੁੱਕ ਦੀ ਖਿਮਾ, ਅਤੇ ਗੁਰਮਤਿ ਸੋਧਾਂ ਦੀ ਬਖ਼ਸ਼ਸ਼ ਲਈ ਹਜ਼ਾਰ ਹਜ਼ਾਰ ਜੋਦੜੀਆਂ--

੧੧੯- ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥ ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥ ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥ ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥੨॥ ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥ ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥੩॥ ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥

{੧੬੯}

# ਛੇਵਾਂ ਕਾਂਡ

## ਕਬਯੋ ਬਾਚ ਬੇਨਤੀ ॥ ਚੌਪਈ ॥

ਪੰਥ ਦੇ ਸਰਬ੍ਰਾਹਾਂ ਦੀ ਸੇਵਾ ਵਿਚ ਜੋਦੜੀ ਹੈ ਕਿ, ਦਾਸ ਦੇ ਮਨ ਦੀ ਕਲਪਣਾ ਤੋਂ ਉਪਜੇ ਹੇਠ ਲਿਖੇ ਸ਼ੰਕੇ ਦੂਰ ਕਰ ਦੇਣ ਦੀ ਮਿਹਰ ਕਰ ਭੇਜੋ ਤਾਂ ਬੜਾ ਉਪਕਾਰ ਹੋਵੇ:--

(੧) ਇਸ ਚੌਪਈ ਨੂੰ, ਜਾਂ ਕਿਸੇ ਵੀ ਬਾਣੀ ਨੂੰ ਬਿਨਾ ਗੁਰਮਤਿ ਦੀ ਵਿਧੀ ਅਨੁਸਰ ਗੁਰਿਆਈ ਮਿਲਿਆਂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਯਾਰ੍ਹਵੇਂ ਅਬਿਨਾਸ਼ੀ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਬਰਾਬਰੀ ਮਿਲ ਜਾਣੀ, ਨਿਰੀ ਬਰਾਬਰੀ ਹੀ ਨਹੀਂ ਸਗੋਂ, ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਵਿਚ, ਗੁਰੂ ਪਦਵੀ ਦੀ ਜੁਗੋਜੁਗ ਮਾਲਕ ਬਣ ਚੁੱਕੀ ਗੁਰੂ-ਬਾਣੀ ਨਾਲੋਂ ਵੀ ਵੱਧ ਮਹੱਤਤਾ ਦਿੱਤੀ ਜਾਣੀ, ਗੁਰਿਆਈ ਦੀ ਨਿਰਾਦਰੀ ਕਿਸ ਦਲੀਲ ਨਾਲ ਨਹੀਂ ਮੰਨੀ ਜਾਣੀ ਚਾਹੀਦੀ ?

(੨) ਗੁਰਿਆਈ ਮਿਲਣ ਤੋਂ **ਬਿਨਾ ਹੀ**, ਜੇ ਕਿਸੇ ਬਾਣੀ ਨੂੰ ਗੁਰੂ-ਬਾਣੀ ਦੀ ਬਰਾਬਰੀ ਮਿਲ ਸਕਦੀ ਹੈ ਤਾਂ, ਕਿਸੇ ਪਖੰਡੀ ਮਨੁੱਖ ਦਾ ਗੁਰੂ ਬਣ ਬਹਿਣਾ ਕਿਸ ਦਲੀਲ ਨਾਲ ਬੁਰਾ ਮਨਾਇਆ ਜਾਵੇ ?

(੩) ਚਰਿਤ੍ਰੋ ਪਖਯਾਨ ਗ੍ਰੰਥ ਵਿਚ ਹੋਰ ਵੀ ਕਈ ਥਾਂਈ ਕਬਯੋ ਬਾਚ ਸਿਰਲੇਖ ਆਇਆ ਹੈ, ਉਸ ਤੋਂ ਅਗਲੀ ਬਾਣੀ ਨੂੰ ਵੀ ਦਸ਼ਮੇਸ਼ ਜੀ ਦਾ ਫ਼ੁਰਮਾਨ ਮੰਨ ਕੇ ਕਿਸ ਦਲੀਲ ਨਾਲ ਏਵੇ ਹੀ ਨਹੀਂ ਸਤਿਕਾਰਿਆ ਜਾ ਰਿਹਾ ਜਿਵੇਂ ਕਿ, ਇਸ ਬੇਨਤੀ ਚੌਪਈ ਦੀ ਪੂਜਾ ਹੈ?

**(੪)** ੩੭੬ਵੀਂ ਚੌਪਈ ਤੱਕ ਸਾਰੀ ਕਥਾ ਅਸਿਧੁਜ–ਰੂਪ (ਥਾਪ ਲਏ ਹੋਏ) ਪਰਮਾਤਮਾ ਦੀ ਹੀ ਹੈ। ਕਥਿਤ ਤੌਰ ਤੇ ਲਿਖਣ ਵਾਲੇ ਵੀ ਗੁਰ ਪਰਮੇਸ਼ਰ ਸ੍ਰੀ ਦਸ਼ਮੇਸ਼ ਜੀ ਹੀ ਹਨ, ਫਿਰ ਇਹ ਸਾਰਾ ਸਬੁਧਿ ਬਾਚ (ਇਸ ਚੌਪਈ ਦੇ ਸਮੇਤ) ਇਕੋ ਪੱਧਰ ਤੇ ਕਿਸ ਦਲੀਲ ਨਾਲ ਨਹੀਂ ਰਖਿਆ ਗਿਆ?

ਸ੍ਰੀ ਅਸਿਧੁਜ ਜੀ ਦੀ ਉਪ੍ਰੋਕਤ ਕਥਾ ਦੀ ਰਵਾਨੀ ਅਤੇ ੩੭੫ ਵੀਂ ਚੌਪਈ ਤੋਂ ਅਗੇ-ਰਾਕਸ਼ਾਂ ਦੇ ਰਾਜੇ ਸਵਾਸ–ਬੀਜ–ਅਤੁੱਲ ਬੀਜ ਦੀ ਮੌਤ ਹੋਣ ਤੇ ਯੁੱਧ ਸਮਾਪਤ ਹੋ ਜਾਣ ਉਪ੍ਰੰਤ, ੩੭੬ ਵੀ ਚੌਪਈ ਵਿਚ, ਸ੍ਰੀ ਅਸਿਧੁੱਜ-ਮਹਾਂਕਾਲ ਜੀ ਦਾ ਧਨਵਾਦ-**ਧੰਨਯ ਧੰਨਯ ਲੋਗਨ ਕੇ ਰਾਜਾ**--ਕੀਤਾ ਗਿਆ ਹੈ। ਉਸ ਤੋਂ ਅੱਗੇ, ਨਾਲ ਹੀ ਇਸ ਬੇਨਤੀ ਚੌਪਈ ਦਾ ਨੰਬਰ--੩੭੭--ਹੋਣ ਦੇ ਕਾਰਨ, ਇਹ ਦਲੀਲ ਕਿਵੇਂ ਰੱਦ ਕੀਤੀ ਜਾ ਸਕਦੀ ਹੈ ਕਿ, ਬੇਨਤੀ ਦਾ ਸੰਬੰਧ, ਕਥਾ ਵਿਚਲੀ ੩੫ ਨੰਬਰ ਚੌਪਈ [**ਸ੍ਵਾਸ ਬੀਰਜ ਦਾਨਵ ਜਬ ਮਰਿ ਹੈਂ ॥ ਤਿਹ ਪਾਛੇ ਸੁੰਦਰਿ ਮੁਹਿ ਬਰਿ ਹੈਂ**] ਨਾਲ ਹੀ ਹੈ।

**(੫) ਸਭ ਤੋਂ ਜ਼ਰੂਰੀ ਵਿਚਾਰ ਗੋਚਰਾ ਮਸਲਾ--ਜਿਹੜੇ ਜਥੇਦਾਰ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਸਗੋਂ ਇਸ ਚੌਪਈ ਨੂੰ ਪੰਥ ਦਾ ਥੰਮ ਲਿਖ ਕੇ ਇਸ ਨੂੰ ਗੁਰੂ ਬਾਣੀ ਨਾਲੋਂ ਵੀ ਅੱਗੇ ਲੰਘਾ ਤੁਰੇ ਹਨ ਉਨ੍ਹਾਂ ਨੂੰ ਪੰਥ ਵਿਚੋਂ ਕਿਸ ਦਲੀਲ ਨਾਲ ਨਹੀਂ ਛੇਕਿਆ ਜਾ ਸਕਦਾ ?**

ਕਥਾ ਦੇ ਇਸ ਪੱਖ ਨੂੰ ਵੀ ਭੁਲਿਆ ਨਹੀਂ ਜਾ ਸਕਦਾ ਕਿ, ਦੂਲਾ ਦੇਵੀ ਨਾਮਕ (=੪੧ਵੀ ਚੌਪਈ ) ਉਸੇ ਇਸਤ੍ਰੀ (ਜਿਸ ਨੂੰ ਵਰ ਕੇ ਆਪਣੀ ਪਤਨੀ ਬਣਾ ਲੈਣ ਦਾ ਬਚਨ ਸ੍ਰੀ ਅਸਿਧੁਜ ਜੀ ਨੇ ਪ੍ਰਗਟ ਹੋ ਕੇ ਆਪਣੀ ਜ਼ਬਾਨੀ ਕੀਤਾ ਸੀ (–ਚੌਪਈ –੨੩) ਨੂੰ ਜਦ ਕਥਿਤ ਤੌਰ ਤੇ ਬੇਸ਼ੁਮਾਰ ਦੈਂਤਾਂ ਨੇ ਘੇਰੇ ਵਿਚ ਰੱਖ ਲਿਆ, ਤਾਂ ਅੰਤਰ ਧਿਆਨ ਹੋ ਕੇ (ਆਪਣੇ ਭਾਵੀ-ਪਤੀ) ਮਹਾਂਕਾਲ ਜੀ ਦੀ ਅਰਾਧਨਾ ਉਨ੍ਹਾਂ ੫੨ ਤੋਂ ੫੬ ਨੰਬਰ ਚੌਪਈ ਵਿਚਲੇ ਸ਼ਬਦਾਂ ਵਿਚ ਕੀਤੀ ਸੀ ਜਿਹੜੇ ਅਸੀ ਅਰਥਾਂ ਸਮੇਤ ਪਿੱਛੇ ਵਿਚਾਰ ਆਏ ਹਾਂ । ਅਤੇ ਫਿਰ ਸਾਨੂੰ ਉਸ (੯੧ ਤੋਂ ੧੦੧ ਨੰਬਰ ਚੌਪਈਆਂ ਵਿਚਲੀ) ਬੇਨਤੀ ਨੂੰ ਵੀ ਧਿਆਨ ਵਿਚ ਰਖਣਾ ਬਣਦਾ ਹੈ, ਜਿਹੜੀ ਬ੍ਰਹਮਾ, ਬਿਸ਼ਨ, ਮਹੇਸ਼, ਇੰਦ੍ਰ ਆਦਿ ਸਾਰੇ ਨਿੱਕੇ ਵਡੇ ਦੇਵਤਿਆਂ ਨੇ ਏਸੇ ਮਹਾਂਕਾਲ ਅੱਗੇ ਕੀਤੀ ਸੀ।

ਇਨ੍ਹਾਂ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ ਇਹ ਬੇਨਤੀ ਚੌਪਈ ਵੀ ਉਸੇ ਸ੍ਰੀ ਅਸਿਧੁਜ-ਮਹਾਂਕਾਲ ਦੀ ਹੀ ਉਸਤਤਿ ਵਿਚ ਉਚਾਰੀ ਗਈ ਹੈ, ਜਿਹੜੇ ਆਪਣੀ ਉਪ੍ਰੋਕਤ ਕਥਾ ਦੇ ਹੀਰੋ ਸਨ। ਜੰਗ ਦੀ ਸਮਾਪਤੀ ਤੋਂ ਥੋਹੜਾ ਪਹਿਲਾਂ ਵੀ ਇਉ ਲਿਖ ਦੇਣਾ--

**ਮਹਾਂ ਕਾਲ ਕੀ ਸ਼ਰਨਿ ਜੇ ਪਰੇ ਸੁ ਲਏ ਬਚਾਏ ॥ ਔਰ ਨ ਉਪਜਾ ਦੂਸਰ ਜਗ ਭੱਛਯੋ ਸਭੈ ਚਬਾਇ ॥੩੬੬॥**
**ਜੇ ਪੂਜਾ ਅਸਿਕੇਤੁ ਕੀ ਨਿਤਪ੍ਰਤਿ ਕਰੈਂ ਬਨਾਇ ॥ ਤਿਨ ਪਰ ਅਪਨੋ ਹਥ ਦੈ ਅਸਿਧੁਜ ਲੇਤ ਬਚਾਇ ॥ ੩੬੭ ॥**

ਅਤੇ ਜੰਗ ਦੀ ਸਮਾਪਤੀ ਦੇ ਉਪ੍ਰੰਤ ਝੱਟ ਪਟ--ਧੰਨਵਾਦ ਦੇ ਦੋ ਸ਼ਬਦ ਅਤੇ ਫਿਰ, (ਸਵਾਸ ਬੀਜ ਦੈਂਤ ਦੀ ਮੋਤ ਹੋਣ ਤੇ ਮਹਾਂਕਾਲ-ਪ੍ਰਭੂ ਜੀ ਨੇ ਆਪਣਾ ਬਚਨ ਨਿਭਾਉਂਦਿਆਂ **ਦੂਲਾ ਦੇਵੀ** ਨਾਲ ਗੰਧਰਵ ਵਿਆਹ ਕਰ ਲਿਆ ਤਾਂ) ਕ੍ਰੋਧ ਅਗਨੀ ਵਿਚੋਂ ਪ੍ਰਗਟ ਹੋਈ ਮਹਾਂਕਾਲ ਜੀ ਦੀ ਪਟਰਾਣੀ, ਦੂਲੋ ਦੇਵੀ ਨੇ ਹੀ ਵਿਆਹ ਦੇ ਸਮਾਗਮ ਵਿਚ ਜੁੜੇ ਆਪਣੇ ਭਗਤਾਂ ਦੇ ਸਾਹਮਣੇ, (ਸੱਜਰੇ ਬਣੇ ਪਤੀ) ਮਹਾਂਕਾਲ ਦੀ ਉਸਤਤਿ ਵਿਚ ਬੇਨਤੀ ਚੌਪਈ ਰੂਪੀ ਬਚਨ ਬੋਲੇ। ਸ਼ਾਇਦ, ਏਹੀ ਕਾਰਨ ਹੈ, ਕਿ, ਸਤਿਗੁਰਾਂ ਦੇ ਇਸ ਕੂਕਰ ਦੀ ਮਤਿ ਨੇ, ਚੌਪਈ ਨੂੰ ਗੁਰਮਤਿ ਦੀ ਖੰਡਨਾਂ ਵਾਲੀ ਮੰਨਿਆਂ ਅਤੇ ਗੁਰਮਤਿ ਦੀ ਕਸਵੱਟੀ ਤੇ ਪਰਖ ਕਰਨ ਦੀ ਦਲੇਰੀ ਦੀ ਬਖ਼ਸ਼ਸ਼ ਹੋਈ। ਗੁਰੂ ਨਾਨਕ ਪਾਤਿਸ਼ਾਹ ਜੀ ਦੀ ਬਖ਼ਸ਼ਸ਼ ਤੋਂ ਮਿਲੇ ਉਤਸ਼ਾਹ ਦੁਆਰਾ ਲਿਖਿਆ ਗਿਆ ਇਹ ਲੇਖ, ਜਥੇਦਾਰ ਸਾਹਿਬਾਨ ਦੇ ਵਿਚਾਰ ਗੋਚਰਾ ਕਰ ਰਿਹਾਂ ਹਾਂ। ਜਿੱਥੇ ਵੀ ਦਾਸ ਨੇ ਗੁਰਬਾਣੀ ਦੀ ਕਸਵੱਟੀ ਵਰਤਣ ਵਿਚ ਉਕਾਈ ਖਾਧੀ ਹੋਵੇ, ਗੁਰਮਤਿ ਸੋਧ ਦੀ ਬਖ਼ਸ਼ਸ਼ ਕਰ ਭੇਜਣੀ, ਦਾਸ ਸੋਧ ਕਰ ਲੈਣ ਵਿਚ ਆਪਣੇ ਧੰਨਭਾਗ ਸਮਝ ਕੇ ਤੁਹਾਡਾ ਸਦਾ ਰਿਣੀ ਰਹੇਗਾ ਜੀ।

## ੨

## ਬੇਨਤੀ ਚੌਪਈ ਦਾ ਮੂਲ-ਭਾਗ, ' ਸਬੁਧਿ ਬਾਚੰ ਅਤੇ ਗੁਰਮਤਿ

ਭਾਂਵੇਂ ਗਾਥਾ ਵਿਚ ਨਾਲੋ ਨਾਲ ਵੀ ਗੁਰਮਤਿ ਦਾ ਪੱਖ ਲਿਖਦੇ ਰਹਿਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਪਰ, ਖ਼ਾਲਸਾ ਪੰਥ ਲਈ ਗੁਰੂ ਬਾਣੀ ਨਾਲੋਂ ਵੀ ਵੱਧ ਪਿਆਰੀ ਬਣ ਚੁੱਕੀ, ਇਸ **ਬੇਨਤੀ ਚੌਪਈ** ਬਾਰੇ ਵਿਚਾਰ ਅੱਗੇ ਤੋਰਨ ਤੋਂ ਪਹਿਲਾਂ, ਸ੍ਰੀ ਅਸਿਧੁਜ ਜੀ ਦੀ ਉਪ੍ਰੋਕਤ

ਗਾਥਾ ਵਿਚ ਹੋਈ ਗੁਰਮਤਿ ਦੀ ਖੰਡਨਾ ਵੱਲ, ਅਤੇ ਸ੍ਰੀ ਅਸਿਧੁੱਜ-ਅਸਿਕੇਤੁ-ਖੜਗਕੇਤ--ਖੜਗਧਾਰੀ-ਕਾਲ-ਮਹਾਂਕਾਲ ਦੀ ਗੁਰਮਤਿ-ਪਛਾਣ ਲਈ ਹੋ ਰਹੇ ਯਤਨ ਵਲ **(ਗੁਰਮਤਿ ਦੇ ਝਰੋਖੇ ਵਿਚਦੀ**) ਇੱਕ ਵਾਰੀ ਫੇਰ ਝਾਤੀ ਮਾਰ ਲਈਏ :---

ਅਸਿਧੁਜ-ਮਹਾਂਕਾਲ ਦੀ ਇਸ ਕਥਾ ਅਨੁਸਾਰ ਸਤਿਜੁਗ ਵਿਚ ਹੋਏ ਸਤਿਸਿੰਧ ਨਾਮੀ ਬੜੇ ਪ੍ਰਤਾਪੀ ਰਾਜੇ ਨੂੰ, ਬ੍ਰਹਮਾਂ ਜੀ ਨੇ ਆਪ ਰਾਜ ਤਿਲਕ ਦੇ ਕੇ (ਇੰਦ੍ਰ ਦੀ ਬਜਾਏ ?) ਦੇਵਤਿਆਂ ਦਾ ਰਾਜਾ ਥਾਪ ਲਿਆ। ਕਈਆਂ ਸਾਲਾਂ ਬਾਅਦ **ਦੀਰਘਦਾੜ੍ਹ** ਨਾਮੀ ਹੋਰ ਵੀ ਵੱਧ ਪਰਤਾਪੀ ਦੈਂਤ, (ਪਤਾ ਨਹੀਂ ਕਿਥੇ ਪੈਦਾ ਹੋ ਕੇ ਅਤੇ ਕਿਵੇ ਏਡਾ ਜ਼ੋਰ ਫੜ ਕੇ ?) ਦਸ ਹਜ਼ਾਰ ਖੂਹਣੀ ਸੈਨਾ ਲੈ ਕੇ ਦੇਵਤਿਆਂ ਦੇ ਰਾਜੇ ਸਤਿ-ਸੰਧੁ ਤੇ ਚੜ੍ਹ ਆਇਆ ਸਤਿਸੰਧਿ ੨੦ ਹਜ਼ਾਰ ਖੂਹਣੀ ਦੇਵਤਿਆਂ ਦੀ ਸੈਣਾ ਲੈ ਲੇ ਟਾਕਰੇ ਤੇ ਆ ਡਟਿਆ। ਦੋਹਾਂ ਜੋਧਿਆਂ ਵਿਚ ਜੰਗ ਛਿੜ ਪਈ। ਵੀਹ ਸਾਲ ਰਾਤ ਦਿਨ ਜੰਗ ਹੁੰਦੀ ਰਹਿਣ--**ਬੀਸ ਬਰਸ ਨਿਸੁ ਦਿਨ ਰਨ ਕਰਾ ॥** (ਚੌਪਈ-੨੭) ਤੇ ਜਦ ਦੋਹਾਂ ਪਾਸਿਆਂ ਦੀ ਤੀਹ ਹਜ਼ਾਰ ਖੂਹਣੀ ਸੈਨਾ ਮਾਰੀ ਗਈ ਤਾਂ ਦੋਹਾਂ ਪਾਸਿਆਂ ਦੇ ਰਾਜਿਆਂ (ਸਤਿਸੰਧਿ ਅਤੇ ਦੀਰਘਦਾੜ੍ਹ) ਦੀ ਸਿੱਧੀ ਟੱਕਰ ਹੋ ਗਈ। ਦੋਹਾਂ ਦੀ ਕ੍ਰੋਧ ਅਗਨੀ **ਵਿਚੋਂ ਬੜੀ ਸੁੰਦਰ ਰੂਪ ਵਾਲੀ ਇੱਕ ਬੜੀ ਤੇਜਵਾਨ, ਦੂਲਾ ਦੇਵੀ ਨਾਮਕ ਇਸਤ੍ਰੀ** ਨੇ ਜਨਮ ਲੈ ਲਿਆ, ਯਥਾ--**ਤਿਸੀ ਕੋਪ ਕੀ ਅਗਨਿ ਤੇਂ ਬਾਲ ਹਵੈਕੈ ॥ ਹਸੀ ਹਾਥ ਮੈ ਸ਼ਸਤ੍ਰ ਔ ਅਸਤ੍ਰ ਲੈਕੈ ॥**(ਚੌਪਈ-੨੯) ਕ੍ਰੋਧ ਅਗਨੀ ਵਿਚੋਂ ਪੈਦਾ ਹੋਈ। ਦੂਲਾ ਦੇਵੀ ਪੈਦਾ ਹੁੰਦਿਆਂ ਸਾਰ ਆਪਣੇ ਲਈ ਪਤੀ ਲੱਭਣ ਲੱਗ ਪਈ ਪਰ ਮਨੁੱਖਾਂ ਵਿਚੋਂ ਪਤੀ ਦੀ ਪਦਵੀ ਜੋਗਾ ਉਸ ਨੂੰ ਕੋਈ ਵੀ (ਮਨੁੱਖ) ਪਸੰਦ ਨਾ ਆਇਆ। **ਮਹਾਂ ਮਾਈ** (=**ਪਾਰਬਤੀ**) ਦੇਵੀ ਨੂੰ ਜੰਤ੍ਰਾਂ ਮੰਤ੍ਰਾਂ ਨਾਲ ਪ੍ਰਸੰਨ ਕਰ ਲਿਆ। ਉਸ ਦੀ ਸਲਾਹ ਨਾਲ ਦੂਲੋ ਬੀਬੀ ਨ੍ਹਾ-ਧੋ ਕੇ ਮਹਾਂਕਾਲ ਦੀ ਪਤਨੀ ਬਣਨ ਦਾ ਸੰਕਲਪ ਕਰ ਕੇ ਲੇਟ ਗਈ। ਅੱਧੀ ਰਾਤ ਨੂੰ ਸ੍ਰੀ ਅਸਿਧੁੱਜ ਜੀ ਨੇ ਬਚਨ ਕਰ ਲਿਆ ਕਿ ਜਦੋਂ **ਸਵਾਸਬੀਜ ਦੈਂਤ** ਮਾਰਿਆ ਗਿਆ, ਉਸ ਦੇਵੀ ਨਾਲ ਸ਼ਾਦੀ ਕਰ ਲੈਣਗੇ। ਸ੍ਵਾਸ ਬੀਰਜ ਨੂੰ ਮਾਰਨ ਲਈ ਉਸ ਦੂਲ੍ਹ ਦੇਵੀ ਨੇ ਦੈਂਤ ਦੇ ਕਿਲ੍ਹੇ ਨੂੰ ਘੇਰਾ ਜਾ ਪਾਇਆ। ਦੈਂਤ ਨਾਲ ਯੁੱਧ ਛਿੜ ਪਿਆ।

ਯੁੱਧ ਭੂਮੀ ਵਿਚ ਥੱਕ ਜਾਣ ਤੇ ਦੂਲੋਂ ਬੀਬੀ ਨੇ ਮਹਾਂਕਾਲ ਨੂੰ ਅਰਾਧਿਆ ਤਾਂ ਮਹਾਂਕਾਲ ਆਪਣੇ ਚੌਹਾਂ ਹੱਥਾਂ ਵਿਚ ਸ਼ਸਤ੍ਰ ਲੈ ਕੇ ਰਣ ਭੂਮੀ ਵਿਚ ਆ ਗਿਆ। ਉਧਰ ਦੈਂਤਾਂ ਦੀਆਂ ਫ਼ੌਜਾਂ ਹਾਥੀ, ਘੋੜਿਆਂ ਅਥਵਾ ਰਥਾਂ ਤੋਂ ਛੁੱਟ ਖੱਚਰਾਂ, ਖੋਤਿਆਂ, ਮੱਝਾਂ, ਕੁਤਿਆ:, ਸੱਪਾਂ, ਚੀਤੇ, ਚੀਤਲ, ਬਿੱਲਿਆਂ, ਸੂਰਾਂ, ਬਘਿਆੜਾਂ, ਗਿੱਦੜਾਂ, ਚਿਤਰਿਆਂ, ਕਿਰਲਿਆਂ, ਛਛੂੰਦਰਾਂ,, ਕਾਵਾਂ, ਅਠੂਹਿੰਆਂ ਅਤੇ ਗਿਰਝਾਂ ਆਦਿ ਤੇ ਅਸਵਾਰ ਹੋ ਆਈਆਂ। (੧੭੯ ਤੋਂ ੧੮੪), ਇਸ ਲੜਾਈ ਸਮੇਂ ਘੋੜਿਆਂ ਦੇ ਸੁੰਮਾਂ ਨਾਲ ਧਰਤੀ ਦੇ ਛੇ ਪੁੜ ਉੱਡ ਗਏ ਜਿਸ ਤੋਂ ਸੱਤਾਂ ਪਤਾਲਾਂ ਤੋਂ ਕੇਵਲ ਇੱਕ ਪਤਾਲ ਹੀ ਰਹਿ ਗਿਆ ਅਤੇ ਸਤ ਅਕਾਸ਼ਾਂ ਤੋਂ ੧੩ ਅਕਾਸ਼ ਬਣ ਗਏ।

ਸੈਨਾ ਨੂੰ ਮਹਾਂਕਾਲ ਨੇ ਖ਼ਤਮ ਕਰ ਦਿੱਤਾ ਤਾਂ ਸ੍ਵਾਸਬੀਜ ਨੇ ਆਪਣੇ ਮੂੰਹ ਵਿਚੋਂ ਅੱਗ ਉਗਲੀ ਜਿਸ ਵਿਚੋਂ ਪਠਾਣ ਪੈਦਾ ਹੋ ਗਏ । ਫਿਰ ਮੂੰਹੋਂ ਹਵਾੜ ਕੱਢੀ ਤਾਂ ਉਸ ਵਿਚੋਂ ਮੁਗ਼ਲ ਪੈਦਾ ਹੋ ਗਏ। ਫਿਰ ਮੂੰਹ ਥਾਣੀ ਸ੍ਵਾਸ ਕੱਢੇ ਭਾਵ, ਹਵਾ ਛੱਡੀ ਤਾਂ ਉਸ ਤੋਂ ਸਯੱਦ ਉੱਠ ਖੜੋਤੇ। ਏਥੋਂ ਤੱਕ ਕਿ ਨਾਹਰ ਖਾਨ, ਬੈਰਮ ਖਾਨ, ਬਹਾਦਰ ਖਾਨ, ਰੁਸਤਮ ਖਾਨ ਅਦਿਕ ਨਾਵਾਂ ਵਾਲੇ ਪਠਾਨ ਮੁਸਲਮਾਨ ਲੜਨ ਲਈ, ਮਹਾਂਕਾਲ ਦੇ ਸਾਹਮਣੇ ਆ ਡਟੇ। ਮਹਾਂ ਕਾਲ ਨੇ **ਹੁਅੰ** ਸ਼ਬਦ ਉਚਾਰਿਆ ਤਾਂ ਆਧ-ਬਿਆਧ ਆਦਿਕ ਬਿਮਾਰੀਆਂ ਪੈਦਾ ਹੋ ਗਈਆਂ ਜਿਨ੍ਹਾਂ ਨਾਲ ਅਣਗਿਣਤ ਦੈਂਤਾਂ ਦੀ ਸੈਨਾ ਮਰ ਗਈ। ਅੰਤ ਮਹਾਂਕਾਲ ਨੇ ਵਡਾ ਕ੍ਰੋਧ ਕੀਤਾ ਤਾਂ ਤੀਰ ਮਾਰ ਕੇ ਸਵਾਸਬੀਜ ਦੈਂਤ ਦਾ ਝੰਡਾ ਗਿਰਾ ਦਿੱਤਾ, ਦੂਜੇ ਤੀਰ ਨਾਲ ਉਸ ਦਾ ਸੀਸ ਉਡਾਇਆ ਫਿਰ ਦੋ ਤੀਰਾਂ ਨਾਲ ਰੱਥ ਦੇ ਪਹੀਏ ਚੂਰ ਚੂਰ ਕੀਤੇ ਅਤੇ ਘੋੜੇ ਮਾਰ ਦਿੱਤੇ। ਸਾਰੀ ਸ੍ਰਿਸ਼ਟੀ ਨੂੰ " **ਏਕ ਘੜੀ ਮਹਿ ਥਾਪਿ ਉਥਾਪਿ** ॥" ਸ਼ਕਤੀ ਨੇ ਹਜ਼ਾਰਾ ਸਾਲ ਯੁੱਧ ਕਰਕੇ ਇਹ ਜਿੱਤ ਪਰਾਪਤ ਕੀਤੀ ?

## ੩

## ਗਰਮਤਿ ਦੇ, ਦੋ ਸਿਧਾਂਤਾਂ ਦੀ ਸਪੱਸ਼ਟ ਖੰਡਨਾ ?

ਇਸ ਗਾਥਾ ਵਿਚਲੇ ਦ੍ਰਿਸ਼ਟਿਮਾਨ ਸਰੀਰ ਵਾਲੇ ਮਹਾਂਕਾਲ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਬਾਣੀ ਵਿਚਲੇ **ਅਕਾਲ ਪੁਰਖ** ਜੀ ਦੇ ਥਾਂ ਦੇ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਗ਼ੀ ਹੋ ਰਹੇ ਹੋਵਾਂਗੇ। ਕਿਉਂਕਿ ਅਕਾਲ ਪੁਰਖ ਨੂੰ ਗੁਰੂ ਬਾਣੀ ਵਿਚ ਨਿਰ-ਅਕਾਰ ਅਤੇ ਅਬਿਨਾਸ਼ੀ ਫ਼ੁਰਮਾਨ ਕੀਤਾ ਹੈ । ਦ੍ਰਿਸ਼ਟਿਮਾਨ ਸਰੀਰ ਨੂੰ ਨਿਰ ਅਕਾਰ ਅਤੇ ਅਬਿਨਾਸ਼ੀ ਮੰਨਣਾ ਗੁਰਬਾਣੀ ਵੱਲ ਪਿੱਠ ਕਰਨ ਤੁੱਲ ਹੈ।

**(੧) ਨਿਰਅਕਾਰ:**--

ਜੁੜ ਬੈਠੇ ਕੁਝ ਪ੍ਰੇਮੀਆਂ ਵਿਚ ਇੱਕ ਦਿਨ ਗੁਰਮਤਿ ਵਿਚਾਰਾਂ ਹੋ ਰਹੀਆਂ ਸਨ, ਤਾਂ ਇੱਕ ਚੰਗੇ ਭਲੇ ਪੜ੍ਹੇ ਲਿਖੇ ਅੰਮ੍ਰਿਤਧਾਰੀ ਗੁਰਸਿੱਖ ਨੇ, ਚਿੰਤਾ ਦੇ ਪ੍ਰਗਟਾਵੇ ਨਾਲ ਇਉਂ ਦੇ ਬਚਨ ਕੀਤੇ--' ਪਰਮਾਤਮਾ ਨੂੰ ਨਿਰਅਕਾਰ ਸਿੱਧ ਕਰਨ ਲਈ, " ਨਿਰੰਕਾਰ " ਸ਼ਬਦ ਤੋਂ ਛੁੱਟ ਗੁਰਬਾਣੀ ਵਿਚ ਹੋਰ ਸ਼ਬਦ ਸ਼ਾਇਦ ਨਾ ਹੀ ਹੋਵੇ ? ਕਿਉਂਕਿ, ਲਗ-ਪਗ ਸਾਰੇ ਰਾਗੀਆਂ, ਢਾਡੀਆਂ ਜਾਂ ਪਰਚਾਰਕਾਂ ਕੋਲੋਂ ਸਦਾ-**ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥** ਜਾਪ ਸਾਹਿਬ ਦੇ ਪਹਿਲੇ ਛੰਦ ਤੋਂ ਸਿਵਾ, ਗੁਰਬਾਣੀ ਦਾ ਕੋਈ ਪਰਮਾਣ ਕਦੇ ਨਹੀਂ ਸੁਣਿਆਂ। ਸਾਨੂੰ ਦਸਮੇਸ਼ ਜੀ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਜਾਪ ਸਾਹਿਬ ਵਿਚ ਪਰਮਾਤਮਾਂ ਦੇ ਨਿਰਅਕਾਰ ਹੋਣ ਬਾਰੇ ਏਡੀ ਸੋਹਣੀ ਵਿਆਖਿਆ ਲਿਖ ਦਿੱਤੀ ਜੋ, ਸਾਨੂੰ ਕਿਸੇ ਮੂਰਤੀ ਪੂਜ ਕੋਲੋਂ ਸ਼ਰਮਿੰਦਾ ਨਹੀਂ ਹੋਣਾ ਪੈਂਦਾ। "

ਦਾਸ-- " ਕੇਵਲ ਏਹੀ ਇੱਕ ਗੱਲ ਨਹੀਂ ਹੈ, ਅਸੀਂ ਤਾਂ ਜੇ ਆਪਣੇ ਹਰ-ਇੱਕ ਸੁਆਸ ਨਾਲ ਧੰਨਵਾਦ ਕਰਦੇ ਰਹੀਏ ਤਦ ਵੀ ਦਸ਼ਮੇਸ਼ ਜੀ ਦੇ ਉਪਕਾਰਾਂ ਦਾ ਪੂਰਾ ਧੰਨਵਾਦ ਨਹੀਂ ਕਰ ਸਕਦੇ। ਦਸ਼ਮੇਸ਼ ਜੀ ਦੇ ਕੇਵਲ ਏਸੇ ਅਨਮੋਲ ਉਪਕਾਰ ਦੀ ਕੋਈ ਕੀਮਤ ਨਹੀਂ ਹੈ ਜਿਹੜਾ ਉਨ੍ਹਾਂ ਨੇ ਸਾਨੂੰ, ਸੰਸਾਰ ਦੇ ਸਾਰੇ ਧਰਮ-ਗ੍ਰੰਥਾਂ ਤੋਂ ਨਿਆਰੇ, ਹਰਪੱਖੋਂ ਸੰਪੂਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤਾ ਹੋਇਆ ਹੈ। ਪਰ ਭਾਣਾ ਇਹ

ਵਰਤ ਚੁੱਕਾ ਹੈ ਕਿ ਅਸੀਂ ਗੁਰੂ ਬਾਣੀ ਦੇ ਮੰਤ੍ਰ ਪਾਠਾਂ ਤੋਂ ਮਿਲਦੇ ਮਨ ਇੱਛੇ ਫਲਾਂ ਦੇ ਭਰਮ ਤੋਂ ਅਤੇ ਅਖੰਡ ਕੀਰਤਨਾਂ ਤੋਂ ਆਉਂਦੇ ਅਨੰਦ ਦੇ ਨਾਲ ਲੋਕ ਪਰਲੋਕ ਸੁਹੇਲਾ ਹੋ ਜਾਣ ਦੇ ਭਰਮ ਵਿਚ ਅਜੇਹੇ ਫਸ ਗਏ ਕਿ ਸਾਡੇ ਅੰਦਰੋਂ ਗੁਰੂ ਸ਼ਬਦ ਦੀ ਵਿਚਾਰ ਦੀ ਚਿੱਟਕ ਲਗ-ਪਗ ਮੁਕ ਗਈ। ਜਦ ਅਸੀਂ ਸਤਿਗੁਰਾਂ ਦੇ ਗਿਆਨ ਤੋਂ ਹੀ ਟੁੱਟ ਗਏ ਤਾਂ ਗੁਰੂ ਚੇਲੇ ਵਾਲਾ ਰਿਸ਼ਤਾ ਆਪਣੇ ਆਪ ਟੁੱਟ ਗਿਆ। ਏਹੀ ਹੈ ਸਾਡੀ ਸਭ ਤੋਂ ਵੱਡੀ ਬਦਕਿਸਮਤੀ ਜਿਸ ਕਾਰਨ ਅਸੀ ਆਪਣੇ ਅਨੂਪਮ ਸਤਿਗੁਰਾਂ ਦੇ ਗਿਆਨ-ਰੂਪ ਦੇ ਪੂਰੇ ਦਰਸ਼ਨ ਅੱਜ ਤੱਕ ਨਹੀਂ ਕਰ ਸਕੇ। ਵਾਸਤਵ ਵਿਚ ਸਾਡੀ ਹਾਲਤ ਇਹ ਬਣ ਚੁੱਕੀ ਹੈ:--

੧੨●- **ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥**
**ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥** {੭੨}-੧

ਸ੍ਰੀ ਗੁਰੂ ਗ੍ਰੰਥ ਸਾਹਿਬ-ਰੂਪ "ਸ਼ਬਦ-ਗਿਆਨ" ਆਪਣੇ ਖ਼ਸਮ ਦੀ ਪਛਾਣ ਭੁੱਲ ਬੈਠਿਆਂ ਦਾ ਸਾਡਾ ਇਹ ਧਾਰਮਿਕ ਵੇਸ, ਵਾਸਤਵ ਵਿਚ ਵਿਕਾਰਾਂ ਦੀ ਮੈਲ ਨਾਲ ਲਿਬੜ-ਪਿਬੜ ਹੋ **ਚੁੱਕਿਆ** ਫੋਕਾ ਭੇਖ ਹੀ ਰਹਿ ਗਿਆ ਹੋਇਆ ਹੈ ਅਤੇ ਔਝੜੇ ਪਏ ਠੇਡੇ ਖਾ ਰਹੇ ਹਾਂ। "**ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥** " ਸਚੁ-ਖ਼ਸਮ-ਬਾਣੀ ਦੇ ਥਾਂ ਝੂਠ ਬਾਣੀ ? " **ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** "

ਗੁਰੂ ਹੁਕਮਾ ਤੋਂ ਬਾਹਰੀ ਮਰਯਾਦਾ ਵਾਲਿਆਂ ਦੇ ਸਾਡੇ ਚੜ੍ਹਦੀ ਕਲਾ ਵਾਲੇ ਕਥਿਤ ਬਾਣੇ ਨੂੰ ਅਥਵਾ ਸਾਡੇ ਇਸ ਧਾਰਮਿਕ ਹਾਰ ਸ਼ਿੰਗਾਰ ਬਾਰੇ ਸਤਿਗੁਰੂ ਜੀ ਦਾ ਫ਼ਤਵਾ ਸਿਰ ਤੇ ਖੜਾ ਵੇਖ ਲਈਏ:-

**੧੨੧- ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ >**

ਪਛਤਾਵੇ ਦੀ ਅੱਗ ਨਾਲ ਆਪਣਾ ਆਪਾ ਸ਼ੁੱਧ ਕਰਕੇ, ਆਉ, ਇਸ ਤੋਂ ਅਗਲੀ ਤੁਕ ਦੁਆਰਾ ਜੋਦੜੀਆਂ ਕਰੀਏ, ਤਾਂ ਜੋ ਦਾਤਾਰ ਸਾਨੂੰ ਸੁਮਤਿ ਬਖ਼ਸ਼ਸ਼ ਕਰੇ ਅਤੇ ਅਸੀਂ ਗੁਰਮਤਿ ਦੀ ਪਛਾਣ ਕਰ ਕੇ ਆਪਣਾ ਜੀਵਨ ਸੁਹਾਗਣਾ ਵਾਲਾ ਬਣਾ ਸਕੀਏ:-- **< ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥**
**ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥ {੮੩੬}**

ਸ਼ਬਦ ਵਿਚਾਰ ਸਮੇ inrAkwr bwry ਹੋਈ ਉਪ੍ਰੋਕਤ ਗੱਲ ਬਾਤ ਵਾਲੇ ਦਿਨ ਤੋਂ ਗੁਰਬਾਣੀ-ਸਿਧਾਂਤ ਦੇ ਇਸ ਂ (ਨਿਰਅਕਾਰ ਪ੍ਰਭੂ ਜੀ ਦੇ ਦਰਸ਼ਨਾ ਵਾਲੇ) ਪੱਖ ਨੂੰ ਵੀ ਉਜਾਗਰ ਕਰਨਾ, ਦਾਸ ਨੇ ਟੀਚਾ ਮਿਥ ਲਿਆ। ਆਉ ਸੱਚੇ ਸੰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤਿ ਵਿਚ ਇਕਾਗਰ ਚਿਤ ਹੋ ਬੈਠੀਏ ਅਤੇ ਗੁਰਮਤਿ-ਗਿਆਨ ਅੰਮ੍ਰਿਤ ਦੇ ਮਿਠੇ ਘੁੱਟਾਂ ਦੁਆਰਾ ਜੀਵਨ ਜੁਗਤ ਸਵਾਰਨ ਦੇ ਆਹਰੇ ਲੱਗ ਵੇਖੀਏ:--:--

੧੨੨- **ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ॥ ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥ ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ ॥ ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ॥ ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰਪਰਾ॥ ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ॥ ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥੫॥** {੧●੯੬}-ਵਾਰ

**ਅਰਥ:**--ਹੇ ਪ੍ਰਭੂ ! ਤੇਰਾ ਕੋਈ (ਖ਼ਾਸ) ਰੂਪ ਨਹੀਂ, ਕੋਈ ਚਿਹਨ-ਚੱਕ੍ਰ ਨਹੀਂ। ਤੇਰੀ ਕੋਈ ਜ਼ਾਤ ਨਹੀਂ, (ਬ੍ਰਾਹਮਣ ਖੱਤਰੀ ਆਦਿ ਵਾਂਗ) ਤੇਰਾ ਕੋਈ ਵਰਨ ਨਹੀਂ ਹੈ। ਮਨੁੱਖ ਤੈਨੂੰ ਕਿਤੇ ਦੂਰ ਥਾਂ (ਹੇਮ ਕੁੰਡ ਤੇ?) ਵੱਸਦਾ ਸਮਝਦੇ ਹਨ, ਪਰ ਤੂੰ ਸਭ ਜੀਵਾਂ ਵਿਚ ਵਿਆਪਕ ਹੋ ਕੇ ਪਦਾਰਥ ਭੋਗ ਰਿਹਾ ਹੈਂ, (ਫਿਰ ਵੀ) ਤੈਨੂੰ ਮਾਇਆ ਦਾ ਅਸਰ ਪੋਹ ਨਹੀਂ ਸਕਦਾ । ਤੂੰ ਸਦਾ ਅਨੰਦ ਰਹਿਣ ਵਾਲਾ ਹੈਂ, ਬੇਅੰਤ ਹੈਂ, ਸਭਨਾ ਵਿਚ ਤੇਰੀ ਜੋਤਿ ਟਿਕੀ ਹੋਈ ਹੈ। ਸਾਰੇ ਦੇਵਤਿਆਂ ਵਿਚੋਂ ਤੂੰ ਆਪ ਹੀ (ਅਸਲੀ) ਦੇਵਤਾ (ਪਰਕਾਸ਼ ਕਰਨ ਵਾਲਾ) ਹੈਂ, ਤੂੰ ਨਾਸ ਰਹਿਤ ਹੈਂ, ਮੇਰੀ ਇੱਕ ਜੀਭ ਤੇਰੀ ਅਰਾਧਨਾ ਕਰਨ ਦੇ ਸਮਰੱਥ ਨਹੀਂ ਹੈ। ਜਿਸ ਮਨੁੱਖ ਨੂੰ ਤੂੰ ਗੁਰੂ (ਗ੍ਰੰਥ ਸਾਹਿਬ*) ਮਿਲਾ ਦਿੰਦਾ ਹੈ, ਉਸ ਦੀਆਂ ਸਭ ਕੁਲਾਂ ਤਰ ਜਾਂਦੀਆਂ ਹਨ। ਤੇਰੇ ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ, ਮੈਂ ਤੇਰਾ ਦਾਸ ਨਾਨਕ (ਵੀ ਤੇਰੇ ਹੀ) ਦਰ ਤੇ ਪਿਆ ਹਾਂ । ੫ ।

[* **Foot note:--**ਦਰਸ਼ਨ ਦੀਦਾਰਿਆਂ ਬਾਰੇ ਗੁਰਮਤਿ ਸਿਧਾਂਤ ਸਮਝਣ ਲਈ ਪੁਸਤਕ--ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--ਦੇ ਨੌਵੇਂ ਭਾਗ ਦੇ ਚੌਥੇ ਕਾਂਡ ਦਾ ੧੯ਵਾਂ ਲੇਖ ਪੜ੍ਹੋ]

੧੨੩- **ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ ॥ ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ ॥ ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥ ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥ ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ ॥ ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ॥ ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ॥ ਕਰਣਾ ਕਥਨਾ ਕਾਰ ਸਭ ਨਾਨਕ ਆਪਿ ਅਕਥੁ ॥ ਅਕਥ ਕੀ ਕਥਾ**

ਸੁਣੇਇ ॥ ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥੧॥ {੧੨੮੯}-ਵਾ-੨੪

੧੨੪- ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ **ਅਗਮ ਅਗੋਚਰੁ ਰੂਪੁ ਨ ਰੇਖਿਆ** ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ ਗੁਰ ਪਰਸਾਦਿ ਪਰਮ ਪਦੁ ਪਾਈ ॥੧॥ ੮੩੮}-ਥਿਤੀ

੧੨੫- **ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ** ਤੇਰੀ ਕੁਦਰਤਿ ਕਉਨੁ ਬੀਚਾਰੇ ॥ ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ ॥੩॥ {੬੭●}-੧

**ਅਰਥ**:--ਹੇ ਪ੍ਰਭੂ ! ਕੋਈ ਰੰਗ ਨਹੀਂ ਦਿਸਦਾ, ਤੇਰੀ ਕੋਈ ਸ਼ਕਲ ਨਹੀਂ ਦਿੱਸਦੀ।ਕੋਈ ਮਨੁੱਖ ਸੋਚ ਨਹੀਂ ਸਕਦਾ ਕਿ ਤੇਰੀ ਤਾਕਤ ਕਿੰਨੀ ਕੁ ਹੈ। ਹੇ ਅਪ੍ਹੰਚ ਪਰਮਾਤਮਾ ! ਤੂੰ ਪਾਣੀ, ਧਰਤੀ ਆਕਾਸ਼ ਸਭ ਥਾਂਈ ਵਿਆਪਕ ਹੈਂ । ੩ ।

੧੨੬- ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥ ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥ ਕਉਣੁ ਕਹੈ ਕਿਣਿ ਬੂਝੀਐ **ਰਮਈਆ ਆਕੁਲੁ ਰੀ ਬਾਈ** ॥੧॥ ਰਹਾਉ ॥ ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥ ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥ ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥ {੫੨੫}

**ਅਰਥ**:--ਹੇ ਭੈਣੇ ! ਮੇਰਾ ਸੋਹਣਾ ਰਾਮ ਹਰ ਥਾਂ ਵਿਆਪਕ ਹੈ, ਪਰ ਕੋਈ ਜੀਵ ਵੀ (ਉਸ ਦਾ ਮੁਕੰਮਲ ਸਰੂਪ) ਬਿਆਨ ਨਹੀਂ ਕਰ ਸਕਦਾ। ਕਿਸੇ ਨੇ ਵੀ (ਉਸ ਦੇ ਪੂਰੇ ਸਰੂਪ ਨੂੰ) ਨਹੀਂ ਸਮਝਿਆ ।੧। ਰਾਹਾਉ ।

ਉਸ ਸੋਹਣੇ ਰਾਮ ਨੂੰ ਮੈਲ ਦਾ ਦਾਗ਼ ਤੱਕ ਨਹੀਂ ਹੈ, ਉਹ ਮੈਲ ਤੋਂ ਪਰੇ ਹੈ, ਉਹ ਰਾਮ ਤਾਂ ਸੁਗੰਧੀ ਵਾਂਗ ਸਭ ਜੀਵਾਂ ਵਿਚ ਵੱਸਦਾ ਹੈ। ਹੇ ਭੈਣੇ ! ਉਸ ਸੋਹਣੇ ਰਾਮ ਦੇ ਜਨਮ ਦਾ ਕਿਸੇ ਨੂੰ ਪਤਾ ਨਹੀਂ ਹੈ।, ਕੋਈ ਨਹੀਂ ਜਾਣਦਾ ਉਹ ਕਿਹੋ ਜਿਹਾ ਹੈ। ੧ । ਜਿਵੇਂ ਆਕਾਸ਼ ਵਿਚ ਪੰਛੀ ਉੱਡਦਾ ਹੈ, ਪਰ ਉਸ ਦੇ ਉੱਡਣ ਵਾਲੇ ਰਸਤੇ ਦਾ ਖੁਰਾ-ਖੋਜ ਵੇਖਿਆ ਨਹੀਂ ਜਾ ਸਕਦਾ, ਜਿਵੇਂ ਮੱਛੀ ਪਾਣੀ ਵਿਚ ਤਰਦੀ ਹੈ, ਪਰ (ਜਿਸ ਰਸਤੇ ਤੁਰਦੀ ਹੈ) ਉਹ ਰਾਹ ਵੇਖਿਆ ਨਹੀਂ ਜਾ ਸਕਦਾ (ਭਾਵ, ਅੱਖਾਂ ਅੱਗੇ ਕਾਇਮ ਨਹੀਂ ਕੀਤਾ ਜਾ ਸਕਦਾ, ਤਿਵੇਂ ਉਸ ਪ੍ਰਭੂ ਦਾ ਸਰੂਪ ਕਥਨ ਨਹੀਂ ਕੀਤਾ ਜਾ ਸਕਦਾ । ੨ । ਜਿਵੇਂ ਖੁੱਲ੍ਹੇ ਥਾਂ ਮ੍ਰਿਗ-ਤ੍ਰਿਸਨਾਂ ਦਾ ਜਲ ਦਿੱਸਦਾ ਹੈ (ਅਗਾਂਹ ਅਗਾਂਹ ਤੁਰ ਜਾਈਏ, ਪਰ ਉਸ ਦਾ ਟਿਕਾਣਾ ਲੱਭਦਾਂ ਨਹੀਂ, ਇਸੇ ਤਰ੍ਹਾਂ ਪ੍ਰਭੂ ਦਾ ਖ਼ਾਸ ਟਿਕਾਣਾ ਨਹੀਂ ਲੱਭਦਾ, ਉਂਵ) ਨਾਮਦੇਵ ਦੇ ਖ਼ਸਮ ਬੀਠਲ ਜੀ ਐਸੇ ਹਨ ਜਿਸ ਨੇ ਮੇਰੇ ਤਿੰਨੇ ਤਾਪ ਸਾੜ ਦਿੱਤੇ ਹਨ। ੩ ।

ਸੁਹਿਰਦ ਗੁਰਮੁਖਿ ਪਾਠਕ ਸੱਜਣ ਨਿਰਣਾ ਕਰਨ ਕਿ, ਗੁਰਬਾਣੀ ਦਾ ਫ਼ੁਰਮਾਨ ਸੱਚ ਹੈ ਕਿ, ਜਾਂ ਇਸ ਗ੍ਰੰਥ ਦਾ ਲਿਖਾਰੀ ਜੋ ਲਿਖ ਰਿਹਾ ਹੈ, ਉਹ ਸੱਚ ਹੈ ? ਜਥੇਦਾਰ ਸਾਹਿਬਾਨ ਨੇ ਪਿੱਛੇ ਪੜ੍ਹ ਲਿਆ ਹੈ ਕਿ, ਲਿਖਾਰੀ ਜੀ ਨੇ ਮਹਾਂਕਾਲ ਰੱਬ ਜੀ ਦਾ ਬੜਾ ਉਚਾ ਲੰਮਾ ਚਾਰ ਬਾਹਾਂ ਅਤੇ ਲਾਲ ਸੁਰਖ ਡਰਾਉਣੀਆਂ ਅੱਖਾਂ ਵਾਲਾ ਵਿਕਰਾਲ ਸਰੀਰ ਲਿਖਣ ਦੇ ਨਾਲ ਉਸ ਨੂੰ ਅਪਾਰ ਕ੍ਰੋਧੀ ਹੋਇਆ ਬੱਦਲ ਵਾਂਗ ਬੜ੍ਹਕਾਂ ਮਾਰਦਾ, ਕ੍ਰੋੜਾਂ ਦੈਂਤਾਂ ਦੇ ਟੋਟੇ ਕਰੀ ਜਾਂਦਾ ਦਰਸਾ ਕੇ ਉਸ ਦੇ ਸਰੂਪ ਨੂੰ ਅਗੰਮ ਅਗੋਚਰ ਅਪਾਰ ਨਹੀਂ ਰਹਿਣ ਦਿੱਤਾ। ਏਥੇ ਹੀ ਬੱਸ ਨਹੀਂ ਸਗੋਂ ਅੱਗੇ ਇਹ ਲਿਖਿਆ ਕਿ ਮਹਾਂਕਾਲ ਨੇ ਪਹਿਲਾਂ ਲਹੂ ਦੀ ਨਦੀ ਵਗਾ ਲਈ, ਫਿਰ ਸਾਰਾ ਲਹੂ ਆਪ ਹੀ ਪੀਣਾ ਅਰੰਭ ਕਰ ਦਿੱਤਾ ਅਤੇ ਫਿਰ ਆਪਣੀਆਂ ਭਿਆਨਕ ਦਾੜ੍ਹਾਂ ਵਿਚ ਜੀਉਂਦਿਆਂ ਦੈਂਤਾਂ ਨੂੰ (ਹੱਡੀਆਂ ਅਤੇ ਸਰੀਰਾਂ ਵਿਚਲੇ ਗੰਦ-ਮੰਦ ਸਮੇਤ) ਕੜੱਚ-ਕੜੱਚ ਚੱਬੀ ਜਾਂਦਾ ਲਿਖਿਆ ਹੈ। ਮਹਾਂਕਾਲ ਨੂੰ ਰੰਗਾ ਰੰਗ ਦੇ ਝੂਠ ਨਾਲ ਜੋੜ ਲੈਣ ਉਪ੍ਰੰਤ ਉਸ ਵਿਚ ਬੜੀ ਸ਼ਰਮਨਾਕ ਕਮਜ਼ੋਰੀ ਦਰਸਾਈ ਹੈ ਕਿ, ਉਹ ਆਪਣੀ ਉਸਤਤਿ ਸੁਣ ਕੇ ਹੜ ਹੜ ਕਰਕੇ ਹੱਸਣ ਲੱਗ ਪੈਂਦਾ ਹੈ। ਇਸ ਤਰ੍ਹਾਂ ਉਸ ਦੇ ਸਮੁਚੇ ਸਰੀਰ ਦਾ ਅਤੇ ਉਸ ਦੇ ਸੁਭਅ ਦਾ ਪੂਰਾ ਵੇਰਵਾ ਲਿਖਿਆ ਹੈ ? **ਸੱਚ ਕਿਥੇ ਹੈ ? ਇਹ ਨ੍ਰਿਣਾ ਤੁਸੀਂ ਕਰਨਾ ਹੈ ।**

੧੨੭- ਆਦਿ ਪੁਰਖੁ ਅਪਰੰਪਰੁ ਆਪੇ ॥ ਆਪੇ ਥਾਪੇ ਥਾਪਿ ਉਥਾਪੇ ॥ ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ **ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ** ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥ ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥ {੧੨੯}-੧-੩੪

੧੨੮- ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥ ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥ ਰਾਮ ਨਾਮੁ ਧਿਆਏ ਪਵਿਤੁ ਹੋਇ ਆਏ **ਤਿਸੁ ਰੂਪੁ ਨ ਰੇਖਿਆ** ਕਾਈ ॥ ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥ ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥ ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥{੪੪੩}-ਛੰਤ-੨-੯

**ਅਰਥ**:--ਜਿਸ ਮਨੁੱਖ ਨੇ ਗੁਰੂ ਦੀ ਬਾਣੀ ਸੁਣੀ, ਪਰਮਾਤਮਾ ਦੀ ਸਿਫ਼ਤਿ ਸੁਣੀ, ਉਸ ਨੂੰ (ਮਨੁੱਖਾ ਜਨਮ-ਮਨੋਰਥ ਵਿਚ) ਕਾਮਯਾਬੀ ਹੋਈ, ਉਸ ਦੇ ਸਾਰੇ ਕੰਮ ਸਫ਼ਲ ਹੋ ਗਏ। ਮੈਂ ਵੀ ਗੁਰੂ ਦੀ ਸਿਖਿਆ ਅਨੁਸਾਰ ਤੁਰ ਕੇ ਰੋਮ ਰੋਮ ਰਾਹੀਂ ਪਰਮਾਤਮਾ ਦਾ ਨਾਮ ਸਿਮਰ ਰਿਹਾ ਹਾਂ । ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਉਹ ਪਵਿੱਤ੍ਰ ਜੀਵਨ ਵਾਲੇ ਬਣ ਕੇ ਉਸ ਪ੍ਰਭੂ ਦੇ ਦਰ ਤੇ ਜਾ ਪਹੁੰਚਿਆ ਜਿਸ ਦਾ ਕੋਈ ਖ਼ਾਸ ਸਰੂਪ, ਚਿਹਨ ਚੱਕ੍ਰ ਕੁਝ ਵੀ) ਦੱਸਿਆ ਨਹੀਂ ਜਾ ਸਕਦਾ। ਜਿਸ ਮਨੁੱਖ ਨੇ ਸਦਾ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਸਿਮਰਿਆ, ਉਸ ਨੇ ਅੰਦਰੋਂ ਮਾਇਆ ਦੀ ਭੁੱਖ ਤ੍ਰੇਹ ਦੂਰ ਕਰ ਲਈ, ਉਸ ਦਾ ਮਨ-ਤਨ ਠੰਢਾ-ਠਾਰ ਹੋ ਗਿਆ, ਉਸ ਦੇ ਆਤਮਕ ਜੀਵਨ ਨੂੰ ਹਰੇਕ ਕਿਸਮ ਦਾ ਸੁਹਜ ਪ੍ਰਾਪਤ ਹੋ ਗਿਆ, ਗੁਰੂ ਦੀ ਸਿਖਿਆ ਦੀ ਬਰਕਤਿ ਨਾਲ ਉਸ ਦੇ ਅੰਦਰ ਪਰਮਾਤਮਾ (ਦਾ ਨਾਮ) ਪ੍ਰਗਟ ਹੋ ਗਿਆ। ਹੇ ਨਾਨਕ ! (ਆਖ-) ਜਦੋਂ ਤੋਂ ਪਰਮਾਤਮਾ ਨੇ ਆਪ ਮੇਰੇ ਤੇ ਮੇਹਰ ਕੀਤੀ ਹੈ ਮੈਂ ਉਸ ਦੇ ਦਾਸਾਂ ਦੇ ਦਾਸਾਂ ਦਾ ਦਾਸ ਬਣ ਗਿਆ ਹਾਂ। ੩ ।

੧੨੯- **ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥** {੫੯੭}-੬

**ਅਰਥ:**--ਮੈਂ ਸਦਾ ਕੁਰਬਾਨ ਹਾਂ ਉਸ ਪਰਮਾਤਮਾ ਤੋਂ ਜੋ ਸਦਾ ਕਾਇਮ ਰਹਿਣ ਵਾਲਾ ਹੈ ਅਤੇ ਜੋ ਸਚਾਈ ਦਾ ਸੋਮਾ ਹੈ। ਉਸ ਪਰਮਾਤਮਾ ਦਾ ਨਾ ਕੋਈ ਰੂਪ ਹੈ ਨਾ ਰੰਗ ਹੈ ਅਤੇ ਨਾ ਹੀ ਕੋਈ ਚਿਹਨ ਚੱਕ੍ਰ ਹੈ । ਸੱਚੇ ਸ਼ਬਦ ਵਿਚ ਜੁੜਿਆਂ ਉਸ ਦਾ ਥਹੁ-ਪਤਾ ਲੱਗਦਾ ਹੈ। ਰਹਾਉ । ਉਹ ਪ੍ਰਮਾਤਮਾ ਅਦ੍ਰਿਸ਼ਟ ਹੈ, ਬੇਅੰਤ ਹੈ, ਅਪਹੁੰਚ ਹੈ, ਮਨੁੱਖ ਦੇ ਗਿਆਨ-ਇੰਦ੍ਰੇ ਉਸ ਨੂੰ ਸਮਝ ਨਹੀਂ ਸਕਦੇ, ਮੌਤ ਉਸ ਨੂੰ ਪੋਹ ਨਹੀਂ ਸਕਦੀ ਕਰਮਾਂ ਦਾ ਉਸ ਉਤੇ ਕੋਈ ਦਬਾਉ ਨਹੀਂ (ਜਿਵੇਂ ਜੀਵ ਕਰਮ-ਅਧੀਨ ਹਨ ਉਹ ਨਹੀਂ) । ਉਸ ਪ੍ਰਭੂ ਦੀ ਕੋਈ ਜ਼ਾਤ ਨਹੀਂ, ਉਹ ਜੂੰਨਾ ਵਿਚ ਨਹੀਂ ਪੈਂਦਾ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਨਾ ਉਸ ਨੂੰ ਕੋਈ ਮੋਹ ਵਿਆਪਦਾ ਹੈ, ਨਾਂ ਉਸਨੂੰ ਕੋਈ ਭਟਕਣਾ ਹੈ । ੧ । ਉਸ ਪ੍ਰਭੂ ਦੀ ਨਾ ਮਾਂ ਹੈ ਨਾ ਪਿਉ, ਪੁੱਤਰ ਜਾਂ ਕੋਈ ਹੋਰ ਰਿਸ਼ਤੇਦਾਰ ਹੀ ਹੈ। ਨਾ **ਉਸ ਨੂੰ ਕਾਮ ਵਾਸਨਾ ਫੁਰਦੀ** ਹੈ ਅਤੇ ਨਾਂ ਹੀ ਉਸ ਦੀ ਕੋਈ ਵਹੁਟੀ ਹੈ। ਉਸ ਦੀ ਕੋਈ ਖ਼ਾਸ ਕੁਲ ਨਹੀਂ, ਉਹ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਬੇਅੰਤ ਹੈ ਪਰੇ ਤੋਂ ਪਰੇ ਹੈ। ਹੇ ਪ੍ਰਭੂ ! ਸਭ ਥਾਂ ਤੇਰੀ ਹੀ ਜੋਤਿ ਪ੍ਰਕਾਸ਼ ਕਰ ਰਹੀ ਹੈ **। ੨ ।** ਹਰੇਕ ਜੀਵ ਦੇ ਅੰਦਰ ਪਰਮਾਤਮਾ ਗੁਪਤ ਹੋ ਕੇ ਬੈਠਾ ਹੋਇਆ ਹੈ, ਹਰੇਕ ਘਟ ਵਿਚ ਹਰ ਥਾਂ ਉਸ ਦੀ ਜੋਤਿ ਹੈ (ਪਰ ਮਾਇਆ ਦੇ ਮੋਹ ਦੇ ਕਰੜੇ ਕਵਾੜ ਲੱਗੇ ਹੋਣ ਕਰ ਕੇ ਜੀਵ ਨੂੰ ਇਹ ਸਮਝ ਨਹੀਂ ਆਉਂਦੀ) । ਗੁਰੂ ਦੀ ਮਤਿ ਤੇ ਤੁਰ ਕੇ ਜਿਸ ਮਨੁੱਖ ਦੇ ਇਹ ਕਿਵਾੜ ਖੁਲ੍ਹਦੇ ਹਨ ਉਸ ਨੂੰ ਸਮਝ ਆਉਂਦੀ ਹੈ ਕਿ ਹਰੇਕ ਜੀਵ ਵਿਚ ਵਿਆਪਕ ਹੁੰਦਾ ਹੋਇਆ ਵੀ ਪ੍ਰਭੂ ਨਿਡਰ ਅਵਸਥਾ ਵਿਚ ਟਿਕਿਆ ਬੈਠਾ ਹੈ **। ੩ ।** ਸਭ ਜੀਵਾਂ ਨੂੰ ਪੈਦਾ ਕਰ ਕੇ ਸਭ ਦੇ ਸਿਰ ਉਤੇ ਪਰਮਾਤਮਾ ਨੇ ਮੌਤ ਵੀ ਟਿਕਾਈ ਹੋਈ ਹੈ, ਸਭ ਜੀਵਾਂ ਦੀ ਜੀਵਨ-ਜੁਗਤਿ ਪ੍ਰਭੂ ਨੇ ਆਪਣੇ ਵੱਸ ਰੱਖੀ ਹੋਈ ਹੈ । ਜੇਹੜੇ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਨਾਮ-ਪਦਾਰਥ ਹਾਸਲ ਕਰਦੇ ਹਨ, ਉਹ ਗੁਰ-ਸ਼ਬਦ ਨੂੰ ਕਮਾ ਕੇ (ਗੁਰੂ-ਸ਼ਬਦ ਅਨੁਸਾਰ ਜੀਵਨ ਢਾਲ ਕੇ ਮਾਇਆ ਦੇ ਬੰਧਨਾ ਤੋਂ) ਆਜ਼ਾਦ ਹੋ ਜਾਂਦੇ ਹਨ **। ੪ ।** ਪਵਿਤ੍ਰ ਹਿਰਦੇ ਵਿਚ ਹੀ ਸਚੁ (- ਪ੍ਰਭੂ) ਟਿਕ ਸਕਦਾ ਹੈ, ਪਰ ਸੁੱਚੇ ਆਚਰਨ ਵਾਲੇ (ਪਵਿੱਤ੍ਰ ਹਿਰਦੇ ਵਾਲੇ) ਕੋਈ ਵਿਰਲੇ ਹੁੰਦੇ ਹਨ। (ਗੁਰੂ ਆਪਣੇ ਸ਼ਬਦ ਦੀ ਰਾਹੀਂ ਹਿਰਦਾ ਪਵਿੱਤ੍ਰ ਕਰ ਕੇ) ਜੀਵ ਨੂੰ ਪਰਮਾਤਮਾ ਮਿਲਾਉਂਦਾ ਹੈ। ਗੁਰੂ ਨਾਨਕ ਸਾਹਿਬ ਜੀ ਅਰਦਾਸ ਕਰਨੀ ਸਿਖਾਉਂਦੇ ਹਨ--ਹੇ ਪ੍ਰਭੂ ! ਮੈ ਤੇਰੀ ਸਰਨ ਹਾਂ (ਮੈਨੂੰ ਆਪਣੇ ਚਰਨਾਂ ਵਿਚ ਜੋੜੀ ਰੱਖ। ੫ ।

ਪਰ ਇਸ ਗਾਥਾ ਵਾਲੇ ਮਹਾਂਕਾਲ ਨੂੰ ਗੁੱਸਾ ਅਪਾਰ ਆਉਂਦਾ ਕਈ ਥਾਈਂ ਲਿਖਿਆ ਹੈ, ਅਤੇ ਕਾਮ ਵਾਸਨਾ ਦਾ ਇਹ ਹਾਲ ਹੈ ਕਿ ਕਿਸੇ ਬੀਬੀ ਨੇ ਆਪਣੇ ਹਿਰਦੇ ਵਿਚ ਵਿਆਹ ਦੀ ਕਾਮਨਾ ਕੀਤੀ ਤਾਂ ਝੱਟ ਸ਼ਾਦੀ ਰਚਾਉਣ ਲਈ ਤਿਆਰ ਹੋ ਪਿਆ । ਭਲਾ ਅਦ੍ਰਿਸ਼ਟਿ ਅਗੋਚਰ ਸਿਰਜਣਹਾਰ ਨੂੰ ਵਿਕਾਰਾਂ ਦੀ ਮੈਲ ਕਿਉਂ ਲੱਗੇ ? ਬ੍ਰਾਹਮਣ ਦਾ ਰੱਬ ਸਭ ਕੁਝ ਕਰਦਾ ਹੋਇਆ ਵੀ ਨਿਹਕਲੰਕ ਹੈ ?

੧੩●- **ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥ ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥ ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥ ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥ ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨॥੧॥੨॥** {੭●●}

**ਅਰਥ:**--ਹੇ ਸੁਹਾਗਵੰਤੀ ਸਹੇਲੀਓ ! (ਹੇ ਗੁਰ ਸਿੱਖੋ !) ਮੈਨੂੰ ਪਿਆਰੇ ਪ੍ਰਭੂ ਦਾ ਮਿੱਠਾ ਜਿਹਾ ਸੁਨੇਹਾ ਦੱਸੋ। (ਮੈ (ਉਸ ਪਿਆਰੇ ਬਾਬਤ) ਕਈ ਕਿਸਮਾਂ (ਦੀਆਂ ਗੱਲਾਂ) ਸੁਣ ਸੁਣ ਕੇ ਹੈਰਾਨ ਹੋ ਰਹੀ ਹਾਂ **। ੧ । ਰਹਾਉ ।** ਕੋਈ ਆਖਦਾ ਹੈ, ਉਹ ਸਭਨਾ ਤੋਂ ਬਾਹਰ ਵੀ ਵੱਸਦਾ ਹੈ, ਤੇ ਸਭਨਾਂ ਦੇ ਵਿਚ ਵੀ ਵੱਸਦਾ ਹੈ, ਉਸ ਦਾ ਰੰਗ ਨਹੀਂ ਦਿੱਸਦਾ, ਉਸ ਦਾ ਕੋਈ ਲੱਛਣ ਨਜ਼ਰ ਨਹੀਂ ਆਉਂਦਾ। ਹੇ ਸੁਹਾਗਣੋ ਮੈਨੂੰ ਤੁਸੀਂ ਸੱਚੀ ਗੱਲ ਸਮਝਾਓ **। ੧ ।** ਗੁਰੂ ਨਾਨਕ ਜੀ ਦਾ ਫ਼ੁਰਮਾਨ--ਹੇ ਲੋਕੋ ਸੁਣੋ ! । ਉਹ ਪਰਮਾਤਮਾ ਸਾਰਿਆਂ ਵਿਚ ਨਿਵਾਸ ਰੱਖਣ ਵਾਲਾ ਹੈ, ਹਰੇਕ ਸਰੀਰ ਵਿਚ ਵੱਸਣ ਵਾਲਾ ਹੁੰਦਾ ਹੋਇਆ ਵੀ (ਉਸ ਨੂੰ ਮਾਇਆ ਦਾ) ਰਤਾ ਵੀ ਲੇਪ ਨਹੀਂ ਹੈ। ਉਹ ਪ੍ਰਭੂ ਸੰਤ ਜਨਾਂ ਦੀ ਜੀਭ ਉਤੇ ਵੱਸਦਾ ਹੈ (ਸੰਤ ਜਨ ਹਰ ਵੇਲੇ ਉਸ ਦਾ ਨਾਮ ਜਪਦੇ ਹਨ)। ੨ ।

ਸੁਜਾਨ ਪਾਠਕ ਸੱਜਣਾਂ ਨੇ ਸਪੱਸ਼ਟ ਵੇਖ ਲਿਆ ਹੈ ਕਿ, ਉਪਰੋਕਤ ਗੁਰੂ ਸ਼ਬਦਾਂ ਵਿਚ ਅਥਵਾ ਤੁਕਾਂ-ਰੂਪ ਗੁਰੂ ਫ਼ੁਰਮਾਨਾ ਵਿਚ ਅਕਾਲ ਪੁਰਖ ਦੇ ਕੇਵਲ " **ਨਿਰ-ਅਕਾਰ** ' ਹੋਣ ਦਾ ਗੁਣ ਹੀ ਪ੍ਰਗਟ ਨਹੀਂ ਹੋ ਰਿਹਾ, ਸਗੋਂ ਉਸ ਬੇਅੰਤ ਪ੍ਰਭੂ ਬਾਰੇ ਹੋਰ ਵਡਮੁੱਲਾ ਗਿਆਨ ਵੀ ਪ੍ਰਾਪਤ ਹੈ। ਸਿਰਜਣਹਾਰ ਦੇ ਵਸੇਬੇ ਦਾ ਠੀਕ ਟਿਕਾਣਾ ਅਤੇ ਉਸ ਦੇ ਮਿਲਾਪ ਦਾ ਸਾਧਨ ਵੀ ਸਮਝਾਇਆ ਗਿਆ ਹੈ। ਉਸ ਅਗੰਮ ਅਗੋਚਰ ਅਕਾਲਪੁਰਖ ਨੂੰ ਸਚਾਈ ਦਾ ਸੋਮਾਂ, ਵਿਕਾਰਾਂ ਤੋਂ ਰਹਿਤ, ਮਾਤਾ, ਪਿਤਾ, ਸੱਜਣ, ਪਤੀ, ਪ੍ਰੀਤਮ, ਅਜੇਹਾ ਮਿੱਠਾ ਅਤੇ ਪਿਆਰਾ ਦਰਸਾਇਆ ਹੈ ਕਿ, ਉਸ ਦੇ ਮਿਲਾਪ ਦੀ ਇਛਿਆ ਪੈਦਾ ਹੋਣ ਦੇ ਨਾਲ, ਉਸ ਤੋਂ ਵਿਛੋੜੇ ਦਾ ਸੱਲ ਵੀ ਅਨੁਭਵ ਹੋਣ ਲੱਗ ਪੈਂਦਾ ਹੈ। ਜਦੋਂ ਜਿਸ ਨਾਲ ਪਿਆਰ ਬਣ ਗਿਆ ਸਮਝੋ ਉਸ ਦੇ ਗੁਣ ਵੀ ਆਪਣੇ ਵਿਚ ਆ ਵੱਸਣ ਦਾ ਸਬੱਬ ਬਣ ਗਿਆ। ਪਰਮਾਤਮਾ-ਪ੍ਰੀਤਮ ਦੇ ਗੁਣ ਮਨੁੱਖ-ਪ੍ਰੇਮੀ ਦੇ ਆਚਰਨ ਵਿਚ ਸ਼ਾਮਲ ਹੋ ਜਾਣ ਨਾਲ ਪ੍ਰੇਮੀ ਲਈ ਆਪ ਹੀ ਪ੍ਰੀਤਮ ਬਣ ਜਾਣ ਦੀ ਸੋਝੀ, ਗੁਰੂ ਬਾਣੀ ਤੋਂ ਮਿਲਦੀ ਹੈ- " **ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨●੪॥** ਅਤੇ -" **ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥** ' ਗੱਲ ਕੀ, ਗੁਰੂ ਬਾਣੀ ਦਾ ਹਰ ਸ਼ਬਦ, ਸਦੀਵੀ ਸਚਾਈ ਭਰਪੂਰ ਬਹੁਪੱਖੀ ਗਿਆਨ ਦਾ ਭੰਡਾਰ ਹੋ ਦਿੱਸਦਾ ਹੈ। ਆਉ ਹੁਣ, ਜਾਪ ਸਾਹਿਬ ਦਧ ਅਰੰਭਕ ' **ਤ੍ਵ ਪ੍ਰਸਾਦਿ ਛਪੈ ਛੰਦ** ' ਵੀ ਵਿਚਾਰ ਲਈਏ:--

੧੩੧- **ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸੁ ਅਮਿਤੋਜੁ ਕਹਿਜੈ ॥ ਕੋਟਿ ਇੰਦ੍ਰ ਇੰਦ੍ਰਾਨ ਸਾਹੁ ਸਾਹਾਨ ਗਣਿਜੈ ॥ ਤ੍ਰਿਭਵਨ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥ ਤਬ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ॥ ੧ ॥**

(ਪੰਡਿਤ ਨਰੈਣ ਸਿੰਘ ਜੀ ਗਿਯਾਨੀ, ਅਨੁਸਾਰ ਅਰਥ:--ਜਿਸ ਦਾ ਚਿਨ੍ਹੰ, ਚਕ੍ਰ, ਵਰਨ ਅਤੇ ਜਾਤ ਬਰਾਦਰੀ (ਆਦਿਕ ਕੁਝ ਭੀ) ਨਹੀਂ ਹੈ। (ਉਸਦੇ) ਰੂਪ ਰੰਗ ਰੇਖ ਭੇਖ ਕੋਈ ਨਹੀਂ ਕਹਿ ਸਕਦਾ ਜੋ ਉਹ ਕੈਸਾ ਹੈ। ਅਚਲ ਹੋਣਾ (ਹੀ ਉਸ ਦਾ) ਸਰੂਪ ਹੈ, ਸੁਤੇ ਗਿਆਨ ਦਾ ਪ੍ਰਕਾਸ਼ ਹੈ ਅਤੇ ਅਮਿਤ ਬਲ ਵਾਲਾ ਕਿਹਾ ਜਾਂਦਾ ਹੈ। ਉਹ ਕ੍ਰੋੜਾਂ ਇੰਦਰਾਂ ਦਾ ਇੰਦਰ ਹੈ ਅਤੇ ਸ਼ਾਹਾਂ ਦਾ ਸ਼ਾਹ ਵੀ ਗਿਣਿਆਂ ਜਾਂਦਾ ਹੈ । ਤਿੰਨਾ ਲੋਕਾਂ ਦੇ ਦੇਵਤੇ, ਮਨੁੱਖਾਂ ਦੇ ਦੈਂਤਾਂ ਦਾ ਰਾਜਾ ਹੈ, ਅਤੇ ਬਿਨਾਂ ਅਤੇ ਬਨਾਂ ਦੇ ਕੱਖ ਵੀ (ਉਸ ਨੂੰ) ਬੇਅੰਤ ਬੇਅੰਤ ਕਹਿੰਦੇ ਹਨ। ਹੇ ਪ੍ਰਭੂ ਤੇਰੇ ਸਾਰੇ ਨਾਮਾਂ ਨੂੰ ਕੌਣ ਕਥਨ ਕਰ ਸਕਦਾ ਹੈ ? (ਕੋਈ) ਸ਼ੁਭ ਮਤਿ ਵਾਲਾ ਹੀ ਤੇਰੇ ਕਰਮ ਨਾਮਾਂ ਨੂੰ ਕਥਨ ਕਰ ਸਕਦਾ ਹੈ। ੧ ।

ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਡੀ. ਲਿਟ--ਦੇ ਨਾਮ ਹੇਠ ਛਪੇ **ਨਿਤਨੇਮ ਸਟੀਕ** ਅਨੁਸਾਰ--

**ਅਰਥ:**--ਹੇ ਪ੍ਰਭੂ ! (ਤੂੰ ਐਸਾ ਹੈਂ ਕਿ) ਜਿਸ ਦੇ ਨਾ ਕੋਈ ਲੱਛਣ (ਦਿਸਦੇ) ਹਨ, ਨਾ ਕੋਈ ਰੰਗ ਹੈ, ਨਾ ਜਾਤਿ ਹੈ ਅਤੇ ਨਾ ਕੋਈ ਕੁਲ ਹੈ। ਕੋਈ ਮਨੁੱਖ ਨਹੀਂ ਕਹਿ ਸਕਦਾ ਕਿ ਤੇਰਾ ਕਿਹੋ ਜਿਹਾ ਰੂਪ ਹੈ, ਕੈਸਾ ਰਖ਼ਗ ਹੈ, ਕਿਹੋ ਜਿਹੇ ਰੇਖ ਹਨ, ਅਤੇ ਕੈਸਾ ਤੇਰਾ ਪਹਿਰਾਵਾ ਹੈ। ਤੇਰੀ ਹਸਤੀ ਸਦਾ ਕਾਇਮ ਰਹਿਣ ਵਾਲੀ ਹੈ, ਤੇਰਾ ਨੂਰ ਤੇਰੇ ਆਪਣੇ ਆਪੇ ਤੋਂ ਹੈ, ਤੂੰ ਅਣਮਿਣਵੇਂ ਬਲ ਵਾਲਾ ਹੈ। (ਭਾਵ, ਸਭ ਜੀਵ ਏਹੀ ਆਖਦੇ ਹਨ ਕਿ ਤੇਰੇ ਬਲ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ)। ਤੂੰ ਕ੍ਰੋੜਾਂ ਰਾਜਿਆਂ ਦਾ ਰਾਜਾ ਅਤੇ ਇੰਦ੍ਰ ਗਿਣਿਆ ਜਾਂਦਾ ਹੈਂ । ਤੂੰ ਤਿੰਨਾ ਭਵਨਾਂ ਦਾ ਮਾਲਕ ਹੈਂ, ਦੇਵਤੇ, ਮਨੁੱਖ, ਦੈਂਤ ਜੀਵ ਜੰਤ ਤਾਂ ਕਿਤੇ ਰਹੇ) ਸਾਰੀ ਬਨਾਸਪਤੀ (ਭੀ, ਸਭ ਏਹੀ) ਆਖਦੇ ਹਨ ਕਿ ਤੂੰ ਇਹ ਨਹੀਂ ਹੈ ਤੂੰ ਇਹ ਨਹੀਂ ਹੈ, (ਭਾਵ, ਦੁਨੀਆਂ ਵਿਚ ਕੋਈ ਭੀ ਤੇਰੇ ਵਰਗਾ ਕੋਈ ਨਹੀਂ ਹੈ)।

ਹੇ ਪ੍ਰਭੂ ! ਕੋਈ ਬੰਦਾ ਤੇਰਾ ਐਸਾ ਨਾਮ ਨਹੀਂ ਦੱਸ ਸਕਦਾ ਜੋ ਤੇਰੀ ਮੁਕੰਮਲ ਹਸਤੀ ਬਿਆਨ ਕਰ ਸਕੇ, ਆਪਣੇ ਬੰਦਿਆਂ ਨੇ ਤੇਰੇ ਉਹੀ ਨਾਮ ਦਸੇ ਹਨ ਜੋ ਉਹਨਾਂ ਤੇਰੇ ਕੰਮਾਂ ਨੂੰ ਵੇਖ ਕੇ ਬਣਾਏ ਹਨ । ੧ ।

[**ਨੋਟ**--ਉਚੇਚਾ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ--ਪੰਡਿਤ ਨਰੈਣ ਸਿੰਘ ਨੇ " **ਸਰਬ ਨਾਮ** " ਦਾ ਅਰਥ--ਸਾਰੇ ਨਾਮ, ਅਤੇ ਕਰਮ ਨਾਮ ਦਾ ਅਰਥ, --" ਕ੍ਰਿਯਾ ਤੋਂ ਬਣੇ ਹੋਏ ਨਾਮ " ਲਿਖਿਆ ਹੈ । ਸਾਹਿਬ ਸਿੰਘ ਜੀ ਨੇ ਕਰਮ ਨਾਮ ਦਾ, ਨ੍ਰੈਣ ਸਿੰਘ ਜੀ ਵਾਲੇ ਹੀ (ਉਹ ਨਾਮ ਜੋ ਉਸ ਦੇ ਕੰਮ ਵੇਖ ਕੇ ਬਣਏ ਗਏ ਹਨ) ਲਿਖੇ ਹਨ । ਪਰ **ਸਰਬ ਨਾਮ**=ਉਹ ਨਾਮ ਜੋ (ਪ੍ਰਭੂ ਦੀ ਸਾਰੀ ਹਸਤੀ) ਨੂੰ ਬਿਆਨ ਕਰ ਸਕੇ, ਲਿਖਿਆ ਹੈ। ਭਾਵ, ਅਜੇਹਾ ਨਾਮ ਜੋ ਸੰਪੂਰਨ ਅਕਾਲਪੁਰਖ ਦਾ ਲਖਾਇਕ ਹੋਵੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪਰਮਾਤਮਾ ਨੂੰ --" **ਸੱਤਿ** " ਅਥਵਾ " **ਸਚੁ** " ਨਾਮ ਨਾਲ ਪੁਕਾਰਿਆ ਹੈ। ਦਾਸ ਨੇ ਕਈਆਂ ਵਿਦਵਾਨਾਂ ਕੋਲੋਂ ਪੁਛਿਆ ਹੈ ਕਿ, ਕੀ, " **ਸਤਿ** " ਅਕਾਲ ਪੁਰਖ ਦਾ ਸਰਬ ਨਾਮ ਨਹੀਂ ਹੈ ? ਪਰ **ਹਾਂ** ਵਿਚ ਜਾਂ **ਨਹੀਂ ਵਿਚ--ਉੱਤਰ** ਕਿਸੇ ਵਲੋਂ ਵੀ ਪ੍ਰਾਪਤ ਨਹੀਂ ਹੋਇਆ। ਜੇ ਸਾਹਿਬ ਸਿੰਘ ਜੀ ਵਲੋਂ ਕੀਤੇ ਅਰਥ ਠੀਕ ਮੰਨ ਲਏ ਜਾਣ ਤਾਂ--ਜਾਪ ਸਾਹਿਬ ਜੀ ਦੇ ਇਸ ਕਥਨ--**ਤਬ ਸਰਬ ਨਾਮ ਕਥੈ ਕਵਨੁ**--ਦੇ ਸਾਹਮਣੇ **ਕੀ**, ਪ੍ਰਸ਼ਨ ਚਿੰਨ੍ਹ ਤਾਂ ਨਹੀਂ ਆ ਲੱਗਦਾ ਜੀ? ਹਰ ਕੋਈ ਚੁੱਪ ਕਿਉਂ ਹੋ ਜਾਂਦਾ ਹੈ ? ਦਾਸ ਦੀ ਤੁੱਛ ਬੁੱਧੀ ਦੀ ਪਕੜ ਵਿਚ ਤਾਂ ਏਹੀ ਆਇਆ ਹੈ ਕਿ " **ਸਤਿ** " ਕਰਮ ਨਾਮ ਨਹੀ ਸਗੋਂ " **ਸਰਬ ਨਾਮ** " ਹੈ॥ ਅਤੇ ਜਾਪ ਸਾਹਿਬ ਵਿਚਲੀ ਇਹ ਗੱਲ- "**ਤਬ ਸਰਬ ਨਾਮ ਕਥੈ ਕਵਨ**" ਸਦੀਵੀ ਸਚੁ ਤੋਂ ਹੀਣੀ ਬਣਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪ੍ਰੋਕਤ ਫ਼ੁਰਮਾਨਾ ਵਿਚੋਂ ਕਿਸੇ ਦੀ ਵੀ ਬਰਾਬਰੀ ਹੁੰਦੀ, ਸਿੱਧ ਨਹੀਂ ਹੈ।

## ੪- ਦ੍ਰਿਸਟਿਮਾਨ ਹੈ ਸਗਲ ਮਿਥੇਨਾ

ਨਜ਼ਰ ਆਉਣ ਵਾਲੇ ਅਥਵਾ ਸਰੀਰਕ ਸਪੱਰਸ਼ ਦੁਆਰਾ ਮਹਿਸੂਸ ਕੀਤੇ ਜਾਣ ਵਾਲੇ ਪਦਾਰਥ ਜਾਂ ਜੀਵ, ਸਭ ਨਾਸ ਵੰਤ ਹਨ। ਕਿਸੇ ਵੀ ਦ੍ਰਿਸ਼ਟਿਮਾਨ ਵਸਤੂ ਨੂੰ ਜਾਂ ਜੀਵ ਨੂੰ ਅਬਿਨਾਸ਼ੀ ਮੰਨਣਾ ਗੁਰਮਤਿ ਨਹੀਂ ਹੈ। ਅਤੇ ਗੁਰਮਤਿ ਤੋਂ ਉਲਟ ਵਿਹਾਰ ਕਰਨ ਵਾਲਾ ਸਤਿਗੁਰਾਂ ਦਾ ਸਿੱਖ ਨਹੀਂ । ਇਸ ਤੱਥ ਨੂੰ ਸਪੱਸ਼ਟ ਕਰ ਰਹੇ ਗੁਰੂ ਬਾਣੀ-ਸ਼ਬਦ:--

੧੩੨- **ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥**{੮●੮}-੧-੩੧

੧੩੩- **ਨਦਰੀ ਆਵਦਾ ਸਭੁ ਕਿਛੁ ਬਿਨਸੈ ਹਰਿ ਸੇਤੀ ਚਿਤੁ ਲਾਇ ॥ ਸਤਿਗੁਰ ਨਾਲਿ ਤੇਰੀ ਭਾਵਨੀ ਲਾਗੈ ਤਾ ਇਹ ਸੋਝੀ ਪਾਇ ॥੭॥ ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥ ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥੮॥ ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ ॥ ਅਨੇਕ ਜਤਨ ਭੇਖ ਕਰੇ ਜੋਗੀ ਰੋਗੁ ਨ ਜਾਇ ਗਵਾਇਆ ॥੯॥** ।੯●੮॥-੧

੧੩੪- **ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥ ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥**{੧੧●●}-ਵਾਰ

੧੩੫- **ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥ ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥ ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥ ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥ ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥ ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥ ਜੋ ਦੀਸੈ**

ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥ ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥{੧੧੦੦}-ਵਾਰ

੧੩੬– ਮਾਰੂ ਮਹਲਾ ੫ ॥ ਅਚੁਤ **ਪਾਰਬ੍ਰਹਮ ਪਰਮੇਸੁਰ** ਅੰਤਰਜਾਮੀ ॥ ਮਧੁਸੂਦਨ ਦਾਮੋਦਰ ਸੁਆਮੀ ॥ ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ ॥੧॥ ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥ ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥੨॥ ਧਰਣੀਧਰ ਈਸ ਨਰਸਿੰਘ ਨਾਰਾਇਣ ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥ ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥੩॥ **ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ** ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥ ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ ॥੪॥ ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥ ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥੫॥ ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ ॥੬॥ **ਅਮੋਘ ਦਰਸਨ ਆਜੂਨੀ ਸੰਭਉ** ॥ **ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ** ॥ ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ ॥੭॥ ਸ੍ਰੀਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥੮॥ ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜੁ ਕਹਾਇਆ ॥ ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥੯॥ ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥੧੦॥ ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥ ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥੧੧॥ ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥ ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥ ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥ ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥੧੩॥ ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥ ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥੧੪॥ ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥ ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥ ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥ ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥ ਓਟ ਗਹੀ ਜਗਤ ਪਿਤ ਸਰਣਾਇਆ ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥ ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ਸਾਧ ਸੰਤਨ ਕੈ ਸੰਗਿ ਸੰਗਾ ॥੧੭॥ **ਦ੍ਰਿਸਟਿਮਾਨ ਹੈ ਸਗਲ ਮਿਥੇਨਾ** ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥ ਮਸਤਕਿ ਲਾਇ ਪਰਮ ਪਦੁ ਪਾਵਉ ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥ ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥ ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ ॥੧੯॥ **ਕਿਰਤਮ ਨਾਮ ਕਥੇ ਤੇਰੇ ਜਿਹਬਾ** ॥ **ਸਤਿ ਨਾਮੁ ਤੇਰਾ ਪਰਾ ਪੂਰਬਲਾ** ॥ ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥ ਤੇਰੀ ਗਤਿ ਮਿਤਿ ਤੂਹੈ ਜਾਣਹਿ ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥ ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥ {੧੦੮੩

## ਇਸ ਗੁਰੂ ਫ਼ੁਰਮਾਨ ਤੋਂ ਮਿਲਦੇ ਉਚੇਚੇ ਗਿਆਨ ਦਾ ਵੇਰਵਾ:--

(੧) ਅਕਾਲ ਪੁਰਖ ਨਿਰ-ਅਕਾਰ ਅਤੇ ਅਬਿਨਾਸ਼ੀ ਹੈ, ਅਜੂਨੀ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ--

(੨) ਸਾਰਾ ਦ੍ਰਿਸ਼ਟਮਾਨ ਸੰਸਾਰ ਨਾਸਵੰਤ ਹੈ,

(੩) ਹਿੰਦੂ ਧਰਮ ਦੇ ਵਿਸ਼ਵਾਸ਼ ਵਾਲੇ ਰੱਬ ਦੇ ਸਾਰੇ ਨਾਮ ਲਿਖੇ ਹਨ। ਨਾਲ ਹੀ ਇਹ ਸਾਫ਼ ਫ਼ੁਰਮਾ ਦਿੱਤਾ ਕਿ ਦ੍ਰਿਸ਼ਟਮਾਨ ਸ਼ਕਲਾਂ ਨਾਸਵੰਤ ਹਨ, ਕੇਵਲ ਅਦ੍ਰਿਸ਼ਟ ਕਰਤਾਰ ਹੀ ਅਬਿਨਾਸ਼ੀ ਹੈ। ਧਿਆਨ ਰਹੇ ਕਿ, ਹਿੰਦੂ ਧਰਮ ਨੇ ਰਬ ਦੇ ਜਿੰਨੇ ਵੀ ਨਾਮ ਮਿਥੇ ਹੋਏ ਹਨ ਸਾਰੇ ਲਿਖੇ ਹਨ ਪਰ, ਕਾਲ, ਮਹਾਂਕਾਲ ਅਸਿਧੁਜ, ਅਸਿਕੇਤ, ਖੜਗਕੇਤ, ਸ਼ਿਵਾ ਕਿਤੇ ਨਹੀ' ਅਇਆ ।

**ਨਿਰਣਾ** -ਉਪ੍ਰੋਕਤ ਪੰਜ ਗੁਰੂ ਫ਼ੁਰਮਾਨਾਂ ਤੋਂ ਗੁਰੂ-ਮਤਿ ਦਾ ਇਹ ਸਿਧਾਂਤ ਸਪੱਸ਼ਟ ਹੈ ਕਿ, ਦਿਸਦਾ ਸਭ ਕੁਝ ਨਾਸਵੰਤ ਹੈ। ਗਾਥਾ ਵਿਚੋਂ ਇਹ ਵੀ ਸਿੱਧ ਹੋ ਚੁੱਕਾ ਹੈ ਕਿ, ਮਹਾਂਕਾਲ ਵਿਕਰਾਲ ਆਕਾਰ ਵਾਲਾ ਹੋਣ ਦੇ ਕਾਰਨ ਦਿਸ਼ਟਮਾਨ ਆਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਨਾਸਵੰਤ ਹੋਣ ਦੇ ਕਾਰਨ ਅੱਜ ਕਦੇ ਕਿਤੇ ਪ੍ਰਗਟ ਨਹੀਂ ਹੋ ਸਕਦਾ। ਇਸ ਲਈ ਇਸ ਗ੍ਰੰਥ ਵਿਚਲੇ ਮਹਾਂਕਾਲ ਅਥਵਾ ਅਸਿਧੁਜ ਨੂੰ

ਅਕਾਲਪੁਰਖ ਮੰਨਣਾ ਜਾਂ ਲਿਖਣਾ ਗੁਰਮਤਿ ਨਹੀਂ ਹੈ। ਉਪ੍ਰੋਕਤ ੧੨੩ ਨੰਬਰ ਤੇ ਗੁਰੂ ਫ਼ੁਰਮਾਨ ਵਿਚ-" **ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ- ਮਹਾ ਸਾਰਥੀ ਸਤਸੰਗਾ " ਆਦਿ, ਹਜ਼ਾਰਾਂ ਸਾਲਾਂ ਤੋਂ ਪਰਮੇਸ਼ਰ ਨਾਲ ਜੁੜੇ ਵਿਸ਼ੇਸ਼ਨਾ ਦਾ ਜ਼ਿਕਰ, ਪ੍ਰਥਾਇ ਸਾਖੀ ਦੇ ਰੂਪ ਵਿਚ ਆਇਆ ਹੈ। ਉਂਜ ਗੁਰਮਤਿ ਦਾ ਆਪਣਾ ਸਿੱਧਾਂਤ ਇਉਂ ਹੈ:--**

**੧੩੮- ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸ੍ਚਰਜ ਰੂਪੰ ਰਹੰਤ ਜਨਮੰ ॥ ਨੇਤ ਨੇਤ ਕਥੰਤਿ ਬੇਦਾ ॥**

**ਊਚ ਮੂਚ ਅਪਾਰ ਗੋਬਿੰਦਹ ॥ ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ ॥੫੭॥** {੧੩੫੯}

**ਅਰਥਾਂ:**--ਗੋਬਿੰਦ ਬੇਅੰਤ ਹੈ, ਉਹ (ਬਹੁਤ) ਵੱਡਾ ਹੈ, ਵੇਦ ਵੀ (ਏਹ ਗੱਲ ਮੰਨਦੇ ਹਨ) ਕਿ ਉਸ ਵਰਗਾ ਹੋਰ ਕੋਈ ਨਹੀਂ ਹੈ, ਉਹ ਜਨਮ ਤੋਂ ਰਹਿਤ ਹੈ, ਉਸ ਦਾ ਰੂਪ ਅਚਰਜ ਹੈ (ਜੋ ਬਿਆਨ ਨਹੀਂ ਹੋ ਸਕਦਾ), ਉਸ ਦੇਹੱਥ ਵਿਚ ਨਾ ਸੰਖ ਹੈ ਨਾ ਚੱਕ੍ਰ ਹੈ, ਨਾ ਗਦਾ ਹੈ, ਨਾ ਹੀ ਉਹ ਕਾਲੇ ਰੰਗ ਵਾਲਾ ਹੈ। (ਭਾਵ, ਨਾ ਹੀ ਉਹ ਵਿਸ਼ਨੂੰ ਵੇ ਅਤੇ ਨਾ ਉਹ ਕ੍ਰਿਸ਼ਨ ਹੈ । ਉਹ ਅਵਿਨਾਸ਼ੀ ਪ੍ਰਭੂ ਗੁਰਮੁਖਾਂ ਦੇ ਹਿਰਦੇ ਵਿਚ ਵੱਸਦਾ ਹੈ। ਹੇ ਨਾਨਕ ! ਵਡੇ ਭਾਗਾਂ ਵਾਲੇ ਬੰਦੇ ਹੀ ( ਇਹ ਗੱਲ) ਸਮਝਦੇ ਹਨ। ੫੭। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੋਥੀ ੧●/੪੭-੪੮) ਅਕਾਰ ਰਹਿਤ ਰੱਬ ਨੂੰ ਕਿਸੇ ਉਚੇਚੇ ਸਾਖ਼ਸ਼ਾਤ ਰੂਪ ਰੰਗ ਵਾਲਾ ਅਥਵਾ ਕਿਸੇ ਹਾਰ ਸ਼ਿੰਗਾਰ ਨਾਲ ਸੁਸੱਜਤ ਅਥਵਾ ਸ਼ਸਤਰ ਧਾਰੀ ਦੇ ਰੂਪ ਵਿਚ ਸਿਮਰਣਾ, ਗੁਰਮਤਿ ਨਹੀਂ ਹੈ

## ੫- ਕਬੀਰ ਕਸਉਟੀ ਰਾਮ ਕੀ----

**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ** ॥[੬੪੧] ਅਸੀਂ ਸਾਰੇ ਜਾਣਦੇ ਹਾਂ ਕਿ, ਹਰ ਪੱਖੋਂ ਸਮਰੱਥ, ਅਭੁੱਲ ਦਸਮ ਸ੍ਰੀ ਗੁਰੂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੇਨਤੀ ਚੌਪਈ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ। ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਾਲੀ ਗੁਰੂ ਬਾਣੀ ਤੋਂ ਛੁੱਟ ਕਿਸੇ ਵੀ ਹੋਰ ਬਾਣੀ ਨੂੰ ਗੁਰਿਆਈ ਦੇ ਕਾਬਲ ਨਹੀਂ ਸੀ ਸਮਝਿਆ। ਸਪੱਸ਼ਟ ਹੈ ਕਿ ਬੇਨਤੀ ਚੌਪਈ ਸ੍ਰੀ ਗੁਰੂ ਨਾਨਕ ਜੀ ਦੀ ਜੋਤਿ ਤੋਂ ਹੀਣੀ ਹੈ। ਪਰ ਕਿਉਂਕਿ ਖ਼ਾਲਸਾ ਜੀ ਨੇ ਇਸ ਬਾਣੀ ਨੂੰ ਗੁਰੂ ਬਾਣੀ ਤੁੱਲ ਮੰਨ ਕੇ ਨਿਤਨੇਮ ਦਾ ਜ਼ਰੂਰੀ ਭਾਗ ਬਣਾ ਲਿਆ ਹੋਇਆ ਹੈ ਇਸ ਲਈ ਆਉ ਇਸ ਨੂੰ ਗੁਰੂ ਬਾਣੀ ਦੀ ਕਸਵੱਟੀ ਤੇ ਪਰਖ ਲਈਏ:--

**ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛ ॥**
**ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥ ੩੭੭ ॥**

**ਅਰਥ**:--ਕਵੀ ਜੀ ਬੇਨਤੀ ਕਰਦੇ ਹਨ ਕਿ, ਹੇ **ਅਕਾਲ ਪੁਰਖ** , ਮਹਾਂ ਕਾਲ ਸ੍ਰੀ ਅਸਿਧੁਜ, ਆਪਣਾ ਹਥ ਦੇਕੇ ਮੇਰੀ ਰਖਿਆ ਕਰ ਤਾਕਿ ਮੇਰੀ ਦਿੱਲ ਦੀ ਇਛਿਆ ਪੂਰੀ ਹੋ ਸਕੇ। ਮੇਰਾ ਮਨ ਹਰ ਵੇਲੇ ਆਪਦੇ ਚਰਨਾਂ ਵਿਚ ਜੁੜਿਆ ਰਹੇ ਆਪਣਾ ਜਾਨ ਕੇ ਮੇਰੀ ਪਾਲਣਾ ਕਰੋ । ੩੭੭।

ਉਪ੍ਰੋਕਤ ਅਰਥਾਂ ਵਿਚ ਪੰਡਿਤ ਨਰੈਣ ਸਿੰਘ ਜੀ ਨੇ **ਅਕਾਲ ਪੁਰਖ** ਪਦ,, **ਖ਼ਾਲਸਾ ਜੀ ਨੂੰ ਭੁਲੇਖੇ ਵਿਚ ਰੱਖਣ ਵਾਲੀ ਕੁਟਲਤਾ ਨਾਲ ਵਰਤਿਆ ਹੈ। ਸੁਹਿਰਦਤਾ ਤਦ ਮੰਨੀ ਜਾਂਦੀ** ਜੇ ਅਕਾਲ ਪੁਰਖ ਦੇ ਥਾਂ, ਉਪ੍ਰੋਕਤ ਕਥਾ ਵਿਚ ਆਏ ਅਸਧੁਜ ਦੇ ਨਾਵਾਂ--ਕਾਲਿਕਾ ਦੇਵ (=੩੧), ਕਾਲਕਾ (=੫੨, ੬੪) ਸਤਿ ਕਾਲ (=੫੩), ਕਾਲ (=੫੯, ੬੬, ੧੧੧, ੧੧੨ ੧੧੬, ੧੧੭, ੧੧੯, ੧੪੫,,੧੪੬, ੨੨੪, ੨੨੫ ,੨੫੩ ਤੋਂ ੨੫੭, ੨੫੯, ੨੭੯, ੨੮੧, ੨੮੨, ੨੯੧, ੨੯੨, ੨੯੪,, ੨੯੫, ੨੯੭, ੩੦੧, ੩੦੨, ੩੦੬, ੩੦੭, ੩੦੯, ੩੧੧, ੩੬੨, ੩੬੪,), ਕਾਲੀ (=੭੭, ੧੩੨) ਖੜਗ-ਕੇਤ (=੨੬੧) ਅਸਿਕੇਤ (=੨੭੧, ੩੭੪, ੩੭੫) ਵਿਚੋਂ ਕੋਈ ਵੀ ਨਾ ਵਰਤਦੇ। ਅਕਾਲ ਪੁਰਖ ਕੇਵਲ ਗੁਰੂ ਨਾਨਕ ਸਾਹਿਬ ਜੀ ਦਾਸਤਿ- ਕਰਤਾ, ਪੁਰਖ ਨਿਰਭਉ, ਵਿਰਵੈਰ, ਅਜੂਨੀ, ਸੈਭੰ, ਅਕਾਲ, ਮੂਰਤਿ, ਪਰਮਾਤਮਾ ਹੈ। ਬ੍ਰਾਹਮਣੀ ਗ੍ਰੰਥਾਂ ਨੇ ਜਦ ਇਸ ਨਾਮ ਨੂੰ ਸਵੀਕਾਰ ਨਹੀਂ ਕੀਤਾ, ਤਾਂ ਅਸੀਂ ਰਬ ਦੇ ਉਨ੍ਹਾਂ ਨਾਵਾ ਦਾ ਜਾਪ ਕਿਉਂ ਕਰੀਏ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਨੇੜੇ ਨਹੀਂ ਲੱਗਣ ਦਿੱਤਾ ? (ਦਾਸ ਦੀ ਅਲਪ ਬੁੱਧੀ ਅਨੁਸਾਰ), ਪੰਡਿਤ ਨਰੈਣ ਸਿੰਘ ਜੀ ਗਿਯਾਨੀ ਨੇ ਬ੍ਰਾਹਮਣਾ ਵਾਲੀ ਕੁਟਲਤਾ ਵਰਤੀ ਹੈ।ਬ੍ਰਾਮਣ ਨੇ ਆਪਣੇ ਧਰਮ ਗ੍ਰੰਥਾਂ ਵਿਚ ਪਰਮਾਤਮਾ ਨੂੰ " ਅਕਾਲ ਪੁਰਖ " ਕਿਸੇ ਇੱਕ ਥਾਂ ਵੀ ਨਹੀਂ ਲਿਖਿਆ। ਭਾਰਤੀ ਬੋਲੀ ਵਿਚ-" **ਤੂ ਅਕਾਲ ਪੁਰਖੁ** ਨਾਹੀ ਸਿਰਿ ਕਾਲਾ ॥ **ਤੂ ਪੁਰਖੁ ਅਲੇਖ ਅਗੰਮ ਨਿਰਾਲਾ** ॥ " ਭਾਰਤੀ ਬੋਲੀ ਵਿਚ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਪਰਮਾਤਮਾ ਨੂੰ **ਅਕਾਲ ਪੁਰਖ** ਲਿਖਿਆ ਹੈ । ਅਤੇ ਫਿਰ " ਜਿਵੇ ਬ੍ਰਾਹਮਣੀ ਗ੍ਰੰਥਾਂ ਵਿਚ " **ਅਕਾਲ ਪੁਰਖ** " ਪਦ ਨਜ਼ਰ ਨਹੀਂ ਆਉਂਦਾ ਏਵੇਂ ਹੀ, ਬਿੱਪ੍ਰੀ ਕੁਟਲ ਕਲਪਣਾ ਦੀ ਉਪਜ, ਸ੍ਰੀ ਅਸਿਧੁਜ ਜੀ ਦੀ ਇਸ ਝੂਠੀ ਕਥਾ ਵਿਚ, ਵਰਤੇ ਬਾਕੀ (ਉਪ੍ਰੋਕਤ-ਕਾਲ, ਮਹਾਂਕਾਲ, ਖੜਗਧਾਰੀ, ਸ਼ਿਵਾ ਆਦਿ) ਨਾਵਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਨੇੜ ਨਹੀਂ ਹੈ। ਇਨ੍ਹਾਂ ਉਪ੍ਰੋਕਤ ੯ ਨਾਵਾਂ ਨੂੰ, ਤ੍ਰੈਕਾਲਦਰਸੀ ਸੁਜਾਨ ਸ੍ਰੀ ਗੁਰੂ ਨਾਨਕ ਸਾਹਿਬ ਜੀ, ਅਥਵਾ ਉਨ੍ਹਾਂ ਦੀ ਜੋਤ ਦੇ ੯ ਪ੍ਰਕਾਸ਼-ਸਰੂਪਾਂ ਨੇ ਗੁਰੂ ਬਾਣੀ ਦਾ ਹਿੱਸਾ ਕਿਸ ਕਾਰਨ ਨਾ ਬਣਾਇਆ? ਨਿਰੀ ਸਤਿਗੁਰਾਂ ਦੀ ਹੀ ਗੱਲ ਨਹੀ', ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਸਨਮਾਨ ਜੋਗ ਭਗਤਾਂ ਨੇ ਵੀ ਰੱਬ ਦੇ ਇਹ ਨਾਮ ਵਰਤਣੇ ਕਿਸ ਕਾਰਨ ਪਸੰਦ ਨਹੀ' ਕੀਤੇ ? ਇਸ ਪ੍ਰਸ਼ਨ ਦਾ ਉੱਤਰ, ਉਨ੍ਹਾਂ ਸੁਜਾਨ ਪਾਠਕਾਂ ਨੇ ਲੱਭ ਲਿਆ ਹੋਇਆ ਹੈ ਜਿਨ੍ਹਾਂ ਨੇ, **ਸ੍ਰੀ ਅਸਿਧੁਜ ਜੀ ਦੀ ਕਥਾ** ਬਾਰੇ ਲਿਖੀ ਉਪ੍ਰੋਕਤ ਵਿਚਾਰ, ਇਕਾਗਰ ਚਿੱਤ ਹੋ ਕੇ ਪੜ੍ਹੀ ਹੈ ਅਤੇ ਬਿਬੇਕ ਬੁੱਧੀ ਨਾਲ ਨਾਲ ਵਿਚਾਰੀ ਹੈ। ਸੰਕੇਤ ਮਾਤ੍ਰ ਏਨਾ ਹੀ ਕਾਫ਼ੀ ਹੈ ਕਿ ਉਪ੍ਰੋਕਤ ਨਾਵਾਂ ਵਾਲੇ ਜਿਸ ਅਸਿਧੁਜ ਜੀ ਦੀ ਜੀਵਨ ਕਥਾ ਗੁਰਮਤਿ ਵਿਰੋਧੀ ਹੋਣ ਦੇ ਨਾਲ ਸਿਰ ਤੋਂ ਪੈਰਾਂ ਤੱਕ ਸਾਰੀ ਦੀ ਸਾਰੀ ਝੂਠ ਦੀ ਮੈਲ ਨਾਲ ਲਤ-ਪਤ ਹੈ, ਅਜੇਹੇ ਮਹਾਂਕਾਲ ਨਾਲ, ਸੱਚ ਦੇ ਅਵਤਾਰ, ਅਤੇ ਸੰਸਾਰ ਨੂੰ ਸੱਚ ਨਾਲ ਜੋੜਨ ਆਏ, (ਸਚੁ-ਸਰੂਪ) ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਰੂਪ ਦਾ (ਅਥਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਕਿਸੇ ਪ੍ਰਕਾਰ ਦਾ ਵਾਸਤਾ, ਕਿਵੇਂ ਹੋ ਸਕਦਾ ਸੀ ?

[ **ਪੰਥ ਦੇ ਸ਼੍ਰੋਮਣੀ ਜਥੇਦਾਰ ਸਾਹਿਬਾਨ** ਦੇ ਧਿਆਨ ਗੋਚਰੀ ਪੁਕਾਰ---ਗੰਭੀਰ ਸ਼ੰਕੇ ਵਾਲੀ ਗੱਲ ?--ਇੱਕ ਪਾਸੇ ਸਿੱਖ ਰਹਿਤ ਮਰਯਾਦਾ ਵਿਚ ਦਸਮ ਗ੍ਰੰਥ ਜੀ ਵਿਚੋਂ ਲਈ ਵਾਰ ਸ੍ਰੀ ਭਗਉਤੀ ਜੀ ਵਿਚ ਕਿਸੇ ਵੀ ਪਰਕਾਰ ਦਾ ਵਾਧਾ ਘਾਟਾ ਕਰਨ ਦੀ ਰੋਕ ਲੱਗੀ ਹੋਈ ਹੈ ਅਤੇ ਨਾਲ ਹੀ ਸ਼੍ਰੋਮਣੀ ਕਮੇਟੀ ਵਲੋਂ ਛਾਪੇ ਜਾ ਰਹੇ ਗੁਟਕਿਆਂ ਵਿਚ ਇਸ ਚੌਪਈ ਦਾ ਨੰਬਰ ੩੭੭ ਦੀ ਥਾਂ **੧** ਦੇ ਕੇ ਆਪਣੇ ਹੁਕਮ ਦੀ ਉਲੰਙਣਾ ਆਪ ਹੀ ਕਰਨ ਦਾ ਕਾਰਨ? ਕੀ, ਸ਼੍ਰੋਮਣੀ ਗ:ਪ੍ਰ: ਕਮੇਟੀ ਨੇ ਇਹ ਬਾਣੀ ਦਸ਼ਮੇਸ਼ ਜੀ ਦੀ ਨਹੀਂ ਮਿਥੀ ਹੋਈ ?}

**ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥**
**ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖਯ ਸਭੈ ਕਰਤਾਰਾ ॥ ੩੭੮ ॥**

**ਅਰਥ**:--ਮੇਰੇ ਸਾਰੇ ਦੁਸ਼ਮਨਾਂ ਦਾ ਖ਼ਾਤਮਾਂ ਕਰੋ ਅਤੇ ਮੈਨੂੰ ਆਪਣਾ ਹੱਥ ਦੇ ਕੇ ਬਚਾਵੋ। ਹੇ ਕਰਤਾਰ, ਮੇਰਾ ਪਰਿਵਾਰ, ਸੇਵਕ, ਸਿੱਖ ਸਭ ਸੁਖੀ ਵੱਸਦੇ ਰਹਿਣ । ੩੭੯ ।{ਨੋਟ:--ਇਨ੍ਹਾਂ ਅਰਥਾਂ ਨਾਲ ਵਿਕ ਰਹੇ ਇਸ ਗ੍ਰੰਥ ਤੇ ਕਿਸੇ ਜਥੇਦਾਰ ਨੇ ਕੋਈ ਕਿੰਤੂ ਨਹੀਂ ਕੀਤਾ। ਸਮਝਿਆ ਜਾਂਦਾ ਹੈ ਕਿ ਇਹ ਅਰਥ ਪੰਥਕ ਪ੍ਰਵਾਨਗੀ ਵਾਲੇ ਹੀ ਹਨ] ਪਰ ਇਨ੍ਹਾਂ ਅਰਥਾਂ ਵਾਲੀ ਇਹ ਚੌਪਈ ਗੁਰਮਤਿ ਦੇ ਅਨਕੂਲ ਨਹੀਂ ਹੈ--ਕਾਰਨ ?:--

(੧) ਗੁਰਮਤਿ ਦੇ ਬੜੇ ਜ਼ਰੂਰੀ ਸਿਧਾਂਤ " ਸਰਬੱਤ " ਦੇ ਭਲੇ ਦੀ ਅਰਦਾਸ ਨੂੰ ਇਹ ਚੋਪਈ ਵਿਅਰਥ ਬਣਾ ਰਹੀ ਹੈ। ਬਿਨਾ ਕਿਸੇ ਸ਼ਕ ਦੇ, ' **ਮੋਹਿ ਬਚਾਵਹੁ** ' ਸ਼ਬਦ ਉਸੇ ਦੂਲਾ ਦੇਵੀ ਦੇ ਹੋ ਸਕਦੇ ਹਨ, (ਜਿਹੜੀ ੩੩ਵੀਂ ਚੋਪਈ ਵਿਚ ਨਿਰਅਕਾਰ ਮਹਾਂਕਾਲ ਦੀ ਪਤਨੀ ਬਣਨਾਂ ਲੋਚਦੀ ਦਰਸਾਈ ਹੈ, ਅਤੇ ੩੫ਵੀਂ ਚੌਪਈ ਵਿਚ ਮਹਾਂਕਾਲ ਜੀ ਉਸ ਨਾਲ ਸ਼ਾਦੀ ਕਰਨ ਲਈ ਰਾਜ਼ੀ ਹੁੰਦੇ ਹਨ ਅਤੇ ਜਿਸ) ਜਿਸ ਨੇ ਉਪ੍ਰੋਕਤ ੫੨ ਤੋਂ ੫੪ ਚੌਪਈਆਂ ਦੁਆਰਾ ਵਿਆਹ ਤੋ ਪਹਿਲਾਂ **ਮਹਾਂਕਾਲ** ਅੱਗੇ ਪੁਕਾਰਾਂ ਕੀਤੀਆਂ ਸਨ। ਸ੍ਰੀ ਦਸ਼ਮੇਸ਼ ਜੀ ਅਜੇਹੇ ਕੱਚੇ ਅਤੇ ਗੁਰਮਤਿ ਵਿਰੋਧੀ ਬਚਨ ਕਦੇ ਨਹੀਂ ਸਨ ਲਿਖ ਸਕਦੇ। ਉਂਜ ' **ਕਬਿਯੋ ਬਾਚ** " ਬਚਨਾ ਦੀ ਅਸਲੀਯਤ (ਚਰਿਤ੍ਰ ੨੬੬-ਚੌਪਈ ੧੨੪, ੧੨੫, ਚਰਿਤ੍ਰਾਂ ਵਿਚ) ਅਸੀਂ ਪੜ੍ਹ ਚੁੱਕੇ ਹਾਂ।

(੨) ਬਚਿੱਤਰ ਨਾਟਕ ਬਾਰੇ ਲਿਖੇ ਗੁਰਮਤਿ ਵਿਚਾਰਾਂ ਵਿਚ " ਦੁਸ਼ਟ " ਲਫ਼ਜ਼ ਬਾਰੇ ਗੁਰਬਾਣੀ ਦੇ ਪਰਮਾਣਾ ਸਹਿਤ ਵਿਸਥਾਰ ਨਾਲ ਵਿਚਾਰ ਲਿਖੀ ਪਾਠਕਾਂ ਨੇ ਪੜ੍ਹ ਹੀ ਲਈ ਹੈ। **ਦੁਸ਼ਟ** ਪਦ, ਆਇਆ ਹੀ ਬਿੱਪ੍ਰ ਦੇ ਗ੍ਰੰਥਾਂ ਵਿਚੋਂ ਹੈ। ਮੰਦੇ ਕਰਮਾਂ ਦੁਆਰਾ ਆਪ **ਮੰਦਾ** ਬਣ ਚੁੱਕੇ-ਮਨ-ਜ਼ਮੀਰ-ਆਤਮਾ ਵਾਲੇ ਦੁਸ਼ਟ ਮਨੁੱਖ ਨੂੰ ਹੀ, ਹਰ ਪਾਸੇ ' **ਦੁਸ਼ਟ** ' ਨਜ਼ਰ ਆਉਂਦਾ ਹੈ। ਪਰ ਸਾਰਿਆਂ ਵਿਚ ਇਕੋ ਪਰਮਾਤਮਾਂ ਦੀ ਜੋਤਿ ਦੇ ਦਰਸ਼ਨ ਕਰਨ ਵਾਲਾ ਨੇਕ ਹਿਰਦੇ ਵਾਲਾ ਮਨੁੱਖ, ਝਟ ਪਟ ਕਿਸੇ ਨੂੰ **ਦੁਸ਼ਟ** ਨਹੀਂ ਕਹਿ ਸਕਦਾ। ਸਤਿਗੁਰੂ ਨਾਨਕ ਜੀ ਦੇ ਵਿਦਿਆਲੇ ਵਿਚ ਤਾਂ ਸਬਕ ਹੀ ਇਹ ਮਿਲ ਰਿਹਾ ਹੈ (੧) -**ਸਭਨਾਂ ਮਹਿ ਏਕੋ ਏਕੁ ਵਖਾਣੈ ॥ ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥** {੧੨੬੧} (੨)- **ਸਭ ਮਹਿ ਵਰਤੈ ਏਕੋ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥** {੧੨੭} (੩)- **ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥** {੬੬੩} (੪) -**ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥{੧੧੭੭}** ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਿਹਰ ਦਾ ਸਦਕਾ, ਜਦੋਂ ਸਾਰੇ ਜੀਵਾਂ ਵਿਚ ਉਸੇ " **ਇਕ** " ਦਾ ਪ੍ਰਕਾਸ਼ ਨਜ਼ਰੀਂ ਆਇਆ ਅਤੇ ਜਦੋਂ **(੫) ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**{੧੩} ਇਕੋ ਉਹੀ ਜੋਤਿ ਨਿਰੰਜਨੀ ਸਾਰਿਆਂ ਮਨੁੱਖਾਂ ਵਿਚ ਡਲ੍ਹਕਾਂ ਮਾਰਦੀ ਨਜ਼ਰ ਆਉਣ ਲੱਗ ਪਵੇ ਤਾਂ ਫਿਰ---(ੳ)--**ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥ {੪੨੫}** (ਅ) **ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥{੭੫੭}** ਇਸ ਸਿਖਿਆ ਨੂੰ ਇਕਾਗਰਤਾ ਨਾਲ ਸਮਝ ਕੇ ਗ੍ਰਹਿਣ ਕਰ ਲੈਣ ਵਾਲੇ ਗੁਰਮੁੱਖ ਪਿਆਰੇ, ਕਿਸੇ ਨੂੰ ਦੁਸ਼ਟ ਆਖ ਕੇ, ਉਸ ਦੇ ਬੁਰੇ ਦੀ ਕਾਮਨਾ ਕਿਵੇਂ ਕਰ ਸਕਦੇ ਹਨ? ਦਸਮ ਸਤਿਗੁਰੂ ਨਾਨਕ ਜੀ ਨੇ, ਦੈਵੀ ਬਰਕਤਾਂ ਭਰਪੂਰ, ਆਪਣਾ ਅਝੁੱਕ ਸੀਸ ਝੁਕਾ ਕੇ ਜਿਸ ਨੂੰ ਆਪਣੇ ਥਾਂ ਗੁਰਿਆਈ ਸੌਂਪੀ ਸੀ, ਉਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿੰਮਨ ਲਿਖਤ ਹੁਕਮ ਦੀ ਉਲੰਙਣਾ ਕਰ ਕੇ, ਕਿਸੇ ਨੂੰ ਦੁਸ਼ਟ ਮੰਨ ਕੇ ਉਸ ਤੋਂ ਆਪਣੀ ਰਖਿਆ ਲਈ, (ਸੁਆਰਥੀਆਂ ਅਤੇ ਕਾਇਰਾਂ ਵਾਲੀ ਬੋਲੀ ਵਿਚ) ਰੱਬ ਅੱਗੇ ਬੇਨਤੀਆਂ, ਦਸ਼ਮੇਸ਼ ਜੀ ਕਦੇ ਨਹੀਂ ਸਨ ਕਰ ਸਕਦੇ :--

੧੩੯- **ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥** {੧੨੯੯}

ਜਿਹੜੇ ਕਲਗੀਆਂ ਵਾਲੇ ਪਾਤਸ਼ਾਹ ਜੀ, ਜਾਨ ਦੇ ਵੈਰੀ ਬਣ ਆਏ, ਪਾਣੀ ਤੋਂ ਪਿਆਸੇ (ਦੁਸ਼ਠ ਵੈਰੀਆਂ) ਨੂੰ ਠੰਡਾ ਜਲ ਸਰੀਰ ਤੇ ਲੱਗੇ ਫੱਟਾਂ ਦੀ ਪੀੜਾ ਦੂਰ ਕਰਕੇ ਸੁਖ ਪੁਚਾਉਣ ਵਾਲੀ ਮਲ੍ਹਮ ਵੀ ਭੇਜ ਸਕਦੇ ਹਨ, ਉਹ ਨਿਰਵੈਰ ਸਤਿਗੁਰੂ ਜੀ ਕਿਸੇ ਦੇ ਬੁਰੇ ਵਾਲੀ ਅਰਦਾਸ ਬੇਨਤੀ ਕਿਵੇਂ ਲਿਖ ਸਕਦੇ ਸਨ ? ਸਭਨਾ ਦੇ ਭਲੇ ਦੀ ਅਰਦਾਸ ਕਰਨੀ ਸਿਖਾਉਣ ਵਾਲਾ ਸਤਿਗੁਰੂ ਸੱਚਾ ਪਿਤਾ ਕੇਵਲ ਆਪਣੇ ਸੇਵਕ ਸਿੱਖਾਂ ਦੇ ਭਲੇ ਦੀ ਹੀ ਕਾਮਨਾ ਕਿਵੇਂ ਕਰੇ ?

ਅਸਲ ਵਿਚ ਭਾਣਾ ਇਹ ਵਰਤ ਰਿਹਾ ਹੈ ਕਿ ਅਸੀਂ ਸਤਿਗੁਰਾਂ ਦੇ ਇਸ ਪਾਵਨ ਉਪਦੇਸ਼ ਨੂੰ ਵੀ ਬੇਲੋੜਾ ਮੰਨ ਕੇ ਮਨਮਤੀਏ ਬਣ ਚੁੱਕੇ ਹਾਂ:--

੧੪●- **ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥**
**ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ਰਹਾਉ॥**
**ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥**
**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥੩॥**
**ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥** {੪●●}

ਬਚਿਤ੍ਰ ਨਾਟਕ ਦੇ ਛੇਵੇ ਅਧਿਆਇ ਦੀ ਵਿਚਾਰ ਸਮੇ, ਕਾਫੀ ਵਿਸਥਾਰ ਨਾਲ **ਦੁਸ਼ਟ** ਪਦ ਬਾਰੇ ਗੁਰਮਤਿ ਵਿਚਾਰ ਹੋ ਚੁੱਕੀ ਹੈ। ਗੁਰੂ ਇਤਿਹਾਸ ਦੀਆਂ ਉਦਾਹਰਣਾ ਦੇ ਨਾਲ ਪੰਜ ਗੁਰੂ ਬਾਣੀ ਸ਼ਬਦ– (੧) [੨੦੧]-੧੦੮ (ਪੂਰਾ), (੨) [੧੨੬੬]-੧(੩) (੩) [੩੭੨]-੭(੩) (੪) [੧੨੬੯]-੧੨-੧੬ (ਰਹਾਓ) ਅਤੇ (੫) [੧੧੩੭]-੯ (ਸਾਰਾ) ਲਿਖੇ ਜਾ ਚੁੱਕੇ ਹਨ। ਅਤੇ " ਦੁਸ਼ਟ " ਪਦ ਦੀ ਵਰਤੋਂ ਵਾਲੇ ਹੋਰ ਗੁਰੂ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:--

| | | | | | |
|---|---|---|---|---|---|
| ੧- [੨੩]-੩-੩੬(੨) | ੨- [੨੫]-੨੯(੪) | ੩- [੩੮]-੩੦-੬੩(੨) | ੪- [੩੨]-੫-੩੯(੭) | ੫- [੧੮੨]-੨੦-੮੯(੩) | ੬- [੧੮੩]-੨੩-੯੨(੧) |
| ੭- [੨੩੭]-੩(੨) | ੮- [੪੦੧]-੨-੧੨੪(੧) | ੯- [੪੦੬]-੧-੧੪੧(੧) | ੧੦-[੪੫੧]-੧੩-੨(੪) | ੧੧-[੧੧੩੩]-੧੦-੨੦(੩) | ੧੨-[੧੧੫੪]-੧-੨(੪) |
| ੧੩-[੧੧੬੫]-੩-੯(੩) | ੧੪-[੧੩੦੯]-੨(੫) | ੧੫-[੬੦੧]-੫(੨) | ੧੬-[੮੧੭]-੩-੬੭(੨) | ੧੭-[੮੨੩]-੧੨-੯੮ | ੧੮-[੮੨੬]-੨੫-੧੧(੧) |
| ੧੯-[੮੨੧]-੨੬-੧੧੨(੨) | ੨੦-[੮੫੦]੧੧(੧) | ੨੧-[੯੧੬]-੩-੮-੨੨(੧) | ੨੨-[੧੧੮੩]-੧੨(੨) | ੨੩-[੧੨੧੦]-੬-੨੯(ੳ) | |

ਗੁਰਬਾਣੀ ਵਿਚ ਦੁਸ਼ਟ ਪਦ ਉਨ੍ਹਾਂ ਅਰਥਾਂ ਵਾਲਾ ਕਿਸੇ ਥਾਂ ਵੀ ਨਹੀਂ ਹੈ ਜਿਨ੍ਹਾਂ ਅਰਥਾਂ ਵਿਚ ਦਸਮ ਗ੍ਰੰਥ ਵਿਚ ਆਇਆ ਹੈ। ਕਥਿਤ ਹਰਨਾਖਸ਼ ਦੁਸ਼ਟ ਦੀ ਕਥਾ ਸੰਕੇਤ ਮਾਤ੍ਰ ਕੇਵਲ ਉਨ੍ਹਾਂ ਸਰੋਤਿਆਂ ਨੂੰ ਪ੍ਰਭੂਨਾਮ ਦੀ ਮਹਿਮਾ ਸਮਝਾਉਣ ਲਈ**ਆਈ** ਜਿਨ੍ਹਾਂ ਦੇ ਮਨਾਂ ਵਿਚ ਹਜ਼ਾਰਾਂ ਸਾਲ ਪਹਿਲਾਂ ਤੋਂ ਪ੍ਰਚਲਤ ਪ੍ਰਹਿਲਾਦ ਭਗਤ ਵਾਲੀ ਗਾਥਾ ਪੂਰਨ ਸੱਚ ਦੇ ਰੂਪ ਵਿਚ ਵੱਸ ਚੁੱਕੀ ਹੋਈ ਸੀ। ਉਂਜ ਇਨ੍ਹਾਂ ਪੁਰਾਣਕ ਕਹਾਣੀਆਂ ਬਾਰੇ ਸਤਿਗੁਰਾਂ ਦਾ ਬੜਾ ਸਪੱਸ਼ਟ ਫੁਰਮਾਨ ਹੈ-**ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ** ॥{੧੨੪੩} ਪਾਪ ਪੁੰਨ ਆਦਿ ਦੀ ਵਿਚਾਰ ਵਾਲੀਆਂ ਕਥਾ ਕਹਾਣੀਆਂ ਵੇਦਾਂ ਦੀ ਦੇਣ ਹੈ। ਭਾਵ, ਇਨ੍ਹਾਂ ਪੁਰਾਣਕ " ਕਥਾ ਕਹਾਣੀਆਂ " ਦਾ ਜ਼ਿਕਰ ਗੁਰਬਾਣੀ ਵਿਚ ਉਸ ਸਮੇ ਹੀ **ਅਇਆ ਹੈ** ਜਦੋਂ ਕਿਸੇ ਅਜੇਹੇ ਪ੍ਰੇਮੀਆਂ ਨੂੰ ਗੁਰਮਤਿ ਗਿਆਨ ਸਾਝਾਇਆ ਜਾ ਰਿਹਾ ਹੁੰਦਾ ਸੀ ਜਿਹੜੇ ਇਨ੍ਹਾਂ ਝੂਠ–ਗਾਥਾਵਾਂ ਨਾਲ ਬੜੇ ਲੰਮੇ ਸਮੇ ਤੋਂ ਜੁੜੇ ਹੋਏ ਹੁੰਦੇ ਸਨ। ਮੁਸਲਮਾਨ ਨੂੰ ਗੁਰਮਤਿ ਦਾ ਆਸ਼ਾ ਸਮਝਾਉਣ ਲਈ ਉਨ੍ਹਾਂ ਦੇ ਧਰਮ ਦੀ ਬੋਲੀ ਮੁੱਖ ਰੱਖੀ ਹੈ। ਸਤਿਗੁਰਾਂ ਦੇ ਸਿਧਾਂਤ ਅਨੁਸਾਰ, ਰਬ ਨੂੰ ਨਰਸਿੰਘ, ਵਰਾਹ, ਮੱਛ, ਕੱਛ ਆਦਿ ਕਿਸੇ ਵੀ ਉਚੇਚੇ ਰੂਪ ਵਿਚ ਦੁਸ਼ਟਾਂ ਦਾ ਨਾਸ ਕਰਨ ਆਇਆ ਮੰਨਣਾ ਮਨਮਤਿ ਹੈ ਅਥਵਾ, ਰੱਬ ਨੂੰ ਕਿਸੇ ਉਚੇਚੇ ਸਰੂਪ ਵਿੱਚ ਆਇਆ ਮੰਨਣਾ **ਸਤਿਗੁਰਾਂ ਨੇ ਕੇਵਲ ਭਰਮ** ਮੰਨਿਆਂ ਹੈ। ਕਿਸੇ ਨੂੰ ਮਾਰਨ ਲਈ ਜੇ ਰਬ ਨੂੰ ਧਰਤੀ ਤੇ ਆਉਂਦਾ ਮੰਨ ਲਈਏ ਤਾਂ (੧) ਕ੍ਰੋੜਾਂ ਜੀਵ ਰੋਜ਼ ਹਰ ਘੜੀ ਕੀ ਰੱਬ ਦੀ ਮਰਜ਼ੀ ਤੋਂ ਉਲਟ ਮਰ ਰਹੇ ਹਨ ? ਜਿਸ ਤਰ੍ਹਾਂ ਅਸੀਂ ਤੁਸੀਂ ਰੱਬੀ ਨਿਯਮ ਅਧੀਨ ਜੰਮਦੇ ਮਰਦੇ ਹਾਂ ਬਸ ਹਰਿ ਇਕ ਦਾ ਜਨਮ ਮਰਣ–**ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥** {੫੬੪} ਇਕੋ ਇਕ ਏਸੇ ਰੱਬੀ ਸਿਧਾਂਤ ਅਨੁਸਾਰ ਹੀ ਹੁੰਦਾ ਹੈ। ਅਵਤਾਰਾਂ ਦੇ ਜਨਮ ਵਾਲੇ ਭਰਮ ਭੁਲੇਖੇ ਅਗਿਅਨੀ ਪਰਚਾਰਕਾਂ ਦੀ, ਅਥਵਾ ਬ੍ਰਾਹਮਣੀ ਸੋਚ ਵਾਲੇ ਲਿਖਾਰੀਆਂ ਦੀ ਦੇਣ ਹਨ।.

**ਮੋ ਰੱਛਾ ਨਿਜ ਕਰ ਦੈ ਕਰਿਯੋ ॥ ਸਭ ਬੈਰਿਨ ਕਉ ਆਜ ਸੰਘਰਿਯੋ ॥**
**ਪੂਰਨ ਹੋਇ ਹਮਾਰੀ ਆਸਾ ॥ ਤੋਰਿ ਭਜਨ ਕੀ ਰਹੈ ਪਿਯਾਸਾ ॥ ੩੭੯ ॥**

**ਅਰਥ:**--ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ ਅਤੇ ਸਾਰੇ ਦੁਸ਼ਮਣਾ ਦਾ ਤਰੁੰਤ ਖ਼ਾਤਮਾ ਕਰੋ। ਮੇਰੀ ਇਹ ਖ਼ਾਹਸ਼ ਪੂਰੀ ਕਰਨੀ ਹੋਵੇ ਕਿ ਮੈਨੂੰ ਸਦਾ ਹੀ ਤੁਹਾਡੀ ਭਗਤੀ ਦੀ ਪਿਆਸ ਬਣੀ ਰਹੇ।੩੭੯।

**ਤੁਮਹਿ ਛਾਡਿ ਕੋਈ ਅਵਰ ਨ ਧਯਾਊਂ ॥ ਜੋ ਬਰ ਚਾਹੋਂ ਸੁ ਤੁਮਤੇ ਪਾਊਂ ॥**
**ਸੇਵਕ ਸਿੱਖ ਹਮਾਰੇ ਤਾਰੀਯਹਿ ॥ ਚੁਨ ਚੁਨ ਸ਼ੱਤ੍ਰ ਹਮਾਰੇ ਮਾਰਿਯਹਿ ॥ ੩੮੦ ॥**

**ਅਰਥ:**--ਮੈ ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਸਿਮਰਣ ਨ ਕਰਾਂ ਅਤੇ ਮੈਂ ਜੋ ਵੀ ਇੱਛਾ ਕਰਾਂ ਉਸ ਦਾ ਵਰ ਕੇਵਲ ਆਪ ਤੋਂ ਹੀ ਪ੍ਰਾਪਤ ਕਰਾਂ। ਮੇਰੇ ਸੇਵਕਾਂ ਅਤੇ ਸਿੱਖਾਂ ਨੂੰ (ਦੁਨਿਆਵੀ ਸਾਗਰ) ਤਰ ਕੇ ਪਾਰ ਲਗਾ ਦੇਵੋ ਅਤੇ ਸਾਡੇ ਦੁਸ਼ਮਣਾ ਨੂੰ ਚੁਣ ਚੁਣ ਕੇ ਮਾਰੋ । ੩੮੦।

(੧) ਦਸਮ ਗ੍ਰੰਥ ਦੇ ਵਡੇ ਸਮੱਰਥਕ ਪੰਡਿਤ ਨਰੈਣ ਸਿੰਘ ਜੀ ਤਾਂ ਬੈਰਿਨ ਦਾ ਅਰਥ ਵੈਰੀ ਹੀ ਲਿਖ ਰਹੇ ਹਨ ਪਰ ਭੁਲੇਖਾ ਪਾਉਣ ਵਾਲੇ ਸਿੱਖ ਲਿਖਾਰੀ, **ਬੈਰਿਨ** ਦਾ ਅਰਥ ਪੰਜ ਵਿਕਾਰ ਲਿਖਦੇ ਹਨ। ਕਾਮ ਕ੍ਰੋਧ ਆਦਿ ਪੰਜ ਵਿਕਾਰ ਵੈਰੀਆਂ ਬਾਰੇ ਤੁਰੰਤ ਮਾਰ ਦੇਣ ਦੀ ਗੱਲ, ਕੁਦਰਤ ਦੇ ਨਿਯੱਮਾ ਦੇ ਵਿਰੁੱਧ ਹੈ । ਇਹ ਪੰਜੇ ਵਿਕਾਰ ਮਨੁੱਖਾ ਜਿੰਦਗੀ ਲਈ ਪਰਮਾਤਮਾਂ ਦੀ ਬੜੀ ਜ਼ਰੂਰੀ ਅਤੇ ਲਾਹੇਵੰਦ ਦੇਣ ਹਨ। ਇਨ੍ਹਾਂ ਨੂੰ ਮਾਰ ਦੇਣ ਦੀ ਗੱਲ ਨਹੀਂ ਸਗੋਂ ਗੁਰਮਤਿ ਵਿਚ ਇਨ੍ਹਾਂ ਨੂੰ ਵੱਸ ਵਿਚ ਰੱਖਣ ਦੀ ਗੱਲ ਹੈ। ਪੁਸਤਕ ਦੇ ਅਠਵੇਂ ਭਾਗ ਵਿਚ ਕਈ ਗੁਰੂ ਸ਼ਬਦਾਂ ਦੇ

ਪਰਮਾਣਾ ਦੁਆਰਾ ਗੁਰਮਤਿ ਦੇ ਇਸ ਸਿਧਾਂਤ ਨੂੰ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੋਇਆ ਹੈ। ਫਿਰ ਕਈ ਸਾਲਾਂ ਤੋਂ ਛਪ ਕੇ ਬਜ਼ਾਰ ਵਿਚ ਵਿਕ ਰਹੇ ਉਪ੍ਰੋਕਤ ' ਵੈਰੀ ' ਅਰਥਾਂ ਵਾਲੀਆਂ ਪੁਸਤਕਾਂ ਬਾਰੇ ਕਿਸੇ ਜਥੇਦਾਰ ਸਾਹਿਬ ਨੇ ਕਦੇ ਕੋਈ ਵੀ ਕਿੰਤੂ ਨਹੀਂ ਕੀਤਾ। ਇਸ ਤੋਂ ਸਪੱਸ਼ਟ ਹੈ ਕਿ ਇਸ ਪੰਗਤੀ ਵਿਚ ਆਏ **ਬੈਰਿਨ** ਦਾ ਅਰਥ ਮਨੁੱਖ ਵੈਰੀ ਹੀ ਮੰਨਿਆਂ ਜਾ ਚੁੱਕਿਆ ਹੈ।

(੨) ਸਰਬੱਤ ਦੇ ਭਲੇ ਦੀ ਅਰਦਾਸ ਵਾਲੀ ਭਾਵਣਾ ਨੂੰ ਵਿਸਾਰ ਕੇ, ਜੇ ਪ੍ਰਭੂ ਨੂੰ ਧਿਆਉਣ ਦੀ ਗੱਲ ਕੀਤੀ ਵੀ ਹੈ ਤਾਂ ਉਹ ਵੀ ਗੁਰਮਤਿ ਵਿਰੋਧੀ ? ਵਰਾਂ ਸਰਾਪਾਂ ਨਾਲ ਸਤਿਗੁਰਾਂ ਦਾ ਵਾਸਤਾ ਕੀ ? ਰਬ ਦੀ ਯਾਦ, ਵਰਾਂ ਦੀ ਪ੍ਰਾਪਤੀ ਦੇ ਲੋਭ ਗ੍ਰਸੀ ਭਾਵਣਾ ਨਾਲ ਜੁੜੀ ਹੋਈ ? ਲੋਭੀ ਮਨੁੱਖ ਦੀ ਪ੍ਰੀਤ ਬਾਰੇ ਗੁਰ ਫ਼ੁਰਮਾਨ:--

੧੪੧- **ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥**
**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥**{੧੩੭੮}

ਲੋਭੀ ਮਨੁੱਖ ਬਾਰੇ ਸਤਿਗੁਰਾਂ ਦਾ ਹੀ ਫ਼ਤਵਾ:--

੧੪੨- **ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥ ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਵਾਇ ॥ ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ ਜਨਮ ਮਰਨ ਕੀ ਮਲੁ ਉਤਰੈ ਜਨ ਨਾਨਕ ਹਰਿ ਗੁਨ ਗਾਇ ॥੪●॥** {੧੪੧੭}

੧੪੩- **ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥ ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥ ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥ ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥੨੧॥੯੧॥**{੫●}

ਦਸ਼ਮੇਸ਼ ਜੀ ਨੂੰ ਅਪਣੇ ਇਨ੍ਹਾਂ ਗੁਰੂ ਸ਼ਬਦਾਂ ਦੀ ਖੰਡਨਾ ਵਾਲੀ ਬਾਣੀ ਰਚਦੇ ਦਰਸਾਉਣ ਵਾਲੇ ਅਸੀਂ ਸਤਿਗੁਰਾਂ ਦੇ ਸਿੱਖ ਕਿਵੇ ਅਖਵਾ ਸਕਦੇ ਹਾਂ ?

(3) " ਸੇਵਕ ਸਿੱਖ ਹਮਾਰੇ ਤਾਰੀਹਿ ॥ ਚੁਨ ਚੁਨ ਸ਼ਤ੍ਰੁ ਹਮਾਰੇ ਮਾਰਿਯਹਿ ॥ " **ਕੇਵਲ** ਆਪਣੇ ਹੀ ਸਿਖ ਸੇਵਕਾਂ ਦੇ ਭਲੇ ਦੀ ਗੱਲ " ਸਾਰੇ ਜਗਤ ਦੇ ਗੁਰੂ ਨੂੰ ਛੁਟਿਆਉਂਦੀ ਹੈ ਅਥਵਾ " **ਸੁਲਤਾਨ** ਨੂੰ **ਮੀਆਂ** ਦਰਸਾ ਰਹੀ ਹੈ- ਅਪਣੇ ਤੀਜੇ ਸਰੂਪ ਸਮੇ ਦਸ਼ਮੇਸ਼ ਜੀ ਦਾ ਹੀ ਉਪਦੇਸ਼ ਇਸ ਪ੍ਰਕਾਰ ਹੈ:--

੧੪੪- **ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥ ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥** {੫੯੧-੯੨}-ਵਾ-੧੫

ਸਰਬਤ ਵਿਚ ਉਸੇ ਇਕ ਦੀ ਜੋਤਿ ਦਾ ਪ੍ਰਕਾਸ਼ ਵੇਖਣ ਦੀ-"**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**" ਗੱਲ ਸਮਝਾਉਣ ਵਾਲੇ ਪਾਤਸ਼ਾਹ ਦਰਵੇਸ਼, ਬੇਕਸਾਂ ਰਾ ਯਾਰ- " ਗੁਰੂ ਬੋਬਿੰਦ ਸਿੰਘ ਜੀ-ਸੁਆਰਥੀਆਂ ਵਾਲੀ ਕੱਚੀ ਭਾਸ਼ਾ ? " ਸੇਵਕ ਸਿੱਖ ਹਮਾਰੇ ਤਾਰਿਯਹਿ " ਬੋਲਦੇ ਦਰਸਾਉਣ ਵਾਲੇ, ਕੀ, ਦਸ਼ਮੇਸ਼ ਜੀ ਨੂੰ ਦਸਵੇਂ ਗੁਰੂ ਨਾਨਕ ਨਾ ਮੰਨਣ ਦਾ ਉਪਦੇਸ਼ ਦੇ ਰਹੇ ਹਨ? ਹੇਠਲਾ ਸ਼ਬਦ-ਉਪਦੇਸ਼ ਵੀ ਦਸਮਗੁਰੂ ਨਾਨਕ ਸਾਹਿਬ ਜੀ ਦਾ ਹੀ ਹੈ। ਕੋਈ ਗੁਰਸਿੱਖ ਇਸ ਦੇ ਉਲਟ ਕਿਉਂ ਸੋਚੇ ? --

੧੪੫- **ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ ॥ ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥੧॥ ਸਾਧਸੰਗਿ ਚਿੰਤ ਬਿਰਾਨੀ ਛਾਡੀ ॥ ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ ॥੧॥ ਰਹਾਉ॥ ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥ ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**

**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥ ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥ ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥{੬੭੧}**

**ਅਰਥ**:-ਹੇ ਭਾਈ ! ਸਾਧ (ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਆ ਕੇ ਮੈਂ ਪਰਾਈ ਆਸ ਛੱਡ ਦਿੱਤੀ। ਹਉਮੈ, ਮਾਇਆ ਦਾ ਮੋਹ, ਮਨ ਦੀ ਵਾਸਨਾ-ਇਨ੍ਹਾਂ ਸਭਨਾਂ ਨੂੰ ਟੋਆ ਪੁੱਟ ਕਏ ਨੱਪ ਦਿੱਤਾ ( ਸਦਾ ਲਈ ਦੱਬ ਦਿੱਤਾ) । **੧ । ਰਹਾਉ ।**
(ਸਾਧ ਗੁਰੂ ਦੀ ਸੰਗਤਿ ਨੇ) ਕਿਰਪਾ ਕਰ ਕੇ ਮੈਨੂੰ ਪਰਮਾਤਮਾ ਦਾ ਨਾਮ ਦਿੱਤਾ, ਤੇ ਗੁਰੂ ਚਰਨੀ ਲਗ ਕੇ ਮੈਂ ਮਾਇਆ ਦੇ ਬੰਧਨਾਂ ਤੋਂ ਛੁੱਟ ਗਿਆ (ਜਿਸ ਤੋਂ ਕਰਕੇ) ਮਨ ਤੋਂ ਸਾਰਾ ਝਗੜਾ-ਝੰਬੇਲਾ ਲਹਿ ਗਿਆ । **੧।** (ਸਾਧ ਗੁਰੂ ਦੀ ਸੰਗਤਿ ਦੀ ਬਰਕਤਿ ਨਾਲ) ਮੇਰਾ ਕੋਈ ਦੁਸ਼ਮਨ ਨਹੀਂ ਰਹਿ ਗਿਆ (ਮੈਨੂੰ ਕੋਈ ਵੈਰੀ ਨਹੀਂ ਦਿੱਸਦਾ), ਮੈਂ ਵੀ ਕਿਸੇ ਦਾ ਵੈਰੀ ਨਹੀਂ ਬਣਦਾ। ਮੈਨੂੰ ਸਤਿਗੁਰੂ ਜੀ ਪਾਸੋਂ (ਭਾਵ, ਗੁਰੂ ਸ਼ਬਦ ਵਿਚਾਰ ਨਾਲ ਜੁੜਿਆ) ਇਹ ਸੰਝ ਪ੍ਰਾਪਤ ਹੋ ਗਈ ਕਿ, ਇਹ ਸਾਰਾ ਜਗਾ-ਖਿਲਾਰਾ ਪਰਮਾਤਮਾ ਆਪ ਹੀ ਹੈ, (ਸਭਨਾਂ ਦੇ) ਅੰਦਰ (ਪਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ) ਖਿਲਾਰਿਆ ਹੈ। **੨ ।** (ਸਾਧ ਗੁਰੂ ਦੀ ਸੰਗਤਿ ਦੀ ਬਰਕਤਿ ਨਾਲ) ਹਰੇਕ ਪ੍ਰਾਣੀ ਨੂੰ ਮੈਂ ਆਪਣਾ ਮਿੱਤਰ ਕਰ ਕੇ ਸਮਝਦਾ ਹਾਂ, ਮੈਂ ਵੀ ਸਭਨਾਂ ਦਾ ਮਿੱਤਰ-ਸੱਜਣ ਹੀ ਬਣਿਆ ਰਹਿੰਦਾ ਹਾਂ। ਮੇਰੇ ਮਨ ਦਾ (ਮਰਮਾਤਮਾ ਨਾਲੋਂ ਬਣਿਆ ਹੋਇਆ) ਵਿਛੋੜਾ (ਸਾਧ ਸੰਗਤਿ ਦੀ ਕਿਰਪਾ ਨਾਲ) ਕਿਤੇ ਦੂਰ ਚਲਾ ਗਿਆ ਹੈ, ਜਦੋਂ ਤੋਂ ਮੈਂ ਸਾਧ-ਗੁਰੂ (ਗ੍ਰੰਥ ਸਾਹਿਬ ਦੀ) ਸਰਨ ਲਈ ਤਦੋਂ ਤੋਂ ਮੇਰੇ ਪ੍ਰਭੂ-ਪਾਤਸ਼ਾਹ ਨੇ ਮੈਨੂੰ (ਆਪਣੇ ਚਰਨਾਂ ਦਾ) ਮਿਲਾਪ ਦੇ ਦਿੱਤਾ । **੩ ।** (ਹੇ ਭਾਈ ! ਸਾਧ-ਗੁਰੂ ਦੀ ਸੰਗਤਿ ਦੀ ਕਿਰਪਾ ਨਾਲ ਮੇਰੇ ਮਨ ਦਾ ) ਢੀਠ-ਪੁਣਾ ਮੁੱਕ ਗਿਆ ਹੈ, ਮੇਰੇ ਮਨ ਅੰਦਰ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਆ ਵੱਸਿਆ ਹੈ, ਗੁਰੂ ਦਾ ਸ਼ਬਦ ਮੈਨੂੰ ਪਿਆਰਾ ਲ੧ਗ ਰਿਹਾ ਹੈ। ਹੇ ਨਾਨਕ ! (ਆਖ-ਹੇ ਭਾਈ !) ਹੁਣ ਮੈਂ ਜਲ, ਧਰਤੀ ਅਤਕਾਸ਼, ਸਭਨੀ ਥਾਂਈਂ ਵੱਸਦੇ ਸੋਹਣੇ ਰਾਮ ਨੂੰ ਵੇਖ ਰਿਹਾ ਹਾਂ। ੪ ।

## ੬

# ਮਰਨ ਕਾਲ ਕਾ ਤ੍ਰਾਸ ? ਨਿਵਰਿਯੈ ॥

ਜਿਸ ਨੇ ਸ੍ਰੀ ਗੁਰੂ ਗ੍ਰੰਥ ਸੋਹਿਬ ਜੀ ਦਾ ਇਹ ਪਾਵਨ ਬਚਨ--**ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮ ਮੰਜਾਰੁ ਕਹਾ ਕਰੈ ਮੋਰ ॥ ੨ ॥[੩੨੩]** ਚੰਗੀ ਤਰ੍ਹਾਂ ਸਮਝ ਲਿਆ ਹੋਇਆ ਹੋਵੇ ਉਹ ਉਪ੍ਰੋਕਤ ਤ੍ਰਾਸ਼ ਪਦ ਅੱਗੇ ਪ੍ਰਸ਼ਨ-ਚਿੰਨ੍ਹ ਕਿਵੇਂ ਨਾ ਲਾਵੇ ?

**ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**

**ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਧੁਜ ਜੂ ਕਰਿਯਹੁ ਰੱਛਾ ॥ ੩੯੧॥**

**ਅਰਥ**:--ਕਿਰਪਾ ਸਹਿਤ ਆਪਣਾ ਹੱਥ ਦੇ ਕੇ ਮੇਰਾ ਉਧਾਰ ਕਰੋ, ਅਤੇ ਮੌਤ ਦੇ ਸਮੇਂ ਦੇ ਭੈ ਦਾ ਨਿਵਾਰਣ ਕਰੋ । ਆਪ ਸਦਾ ਸਾਡੇ ਪੱਖ ਵਿਚ ਰਹੋ ਅਤੇ ਸ੍ਰੀ ਅਸਿਧੁਜ ਜੀ ! ਆਪ ਸਾਡੀ ਰਖਿਆ ਕਰੋ । ੩੯੧।

ਪਿਛਲੀਆਂ ੩੭੮ ਅਤੇ ੩੭੯ ਚੌਪਈਆਂ ਵੱਲ ਵੀ ਝਾਤੀ ਮਾਰੀਏ ਤਾਂ ਇੱਕ ਘਠ -- " **ਆਪੁ ਹਾਥ ਦੇ ਮੋਹਿ ਬਚਾਵਹੁ** " --ਅਤੇ ਦੂਜੀ ਥਾਂ--" **ਮੋ ਰੱਛਾ ਨਿਜ ਕਰ ਦੈ ਕਰੀਐ ॥** " ਅੰਦਰਲੇ ਵੈਰੀਆਂ ਤੋਂ ਰਖਿਆ ਦੀ ਗੱਲ ਨਹੀਂ ਹੈ, ਦੋਹੀ ਥਾਂਈ ਮਾਰਨ ਆਏ ਸ਼ਸਤਰ ਧਾਰੀਆਂ ਤੋਂ ਹੀ ਹੱਥ ਦੇ ਕੇ ਰਖਿਆ ਕਰਨ ਦਾ ਤਰਲਾ ਹੈ, ਪਰ ਇਸ ਚੌਪਈ ਸਾਹਿਬ ਵਿਚ ਮੌਤ ਹੋਣ ਦੇ ਸਮੇ ਬਾਰੇ ਜੋ ਤ੍ਰਾਸ ਵਾਪਰਿਆ ਰਹਿੰਦਾ ਹੈ ਉਸ ਤੋਂ ਖ਼ਲਾਸੀ ਦਾ ਤਰਲ; ਮਾਰਦਿਆਂ ਵੀ--**ਆਪ ਹਾਥ ਦੈ ਮੁਝੈ ਉਬਰਿਯੈ-** ਹੀ ਲਿਖਿਅ ਹੈ। ਹੱਥ ਦੇ ਕੇ ਰਖਿਆ ਕਰਨ ਤੋਂ ਇਹੀ ਭਾਵ ਬਣਦਾ ਹੈ ਕਿ, ਜਿਵੇ, ਆਪਣੇ ਭਗਤਾਂ ਦੀ ਪੁਕਾਰ ਸੁਣ ਕੇ, (ਕਥਿਤ ਤੌਰ ਤੇ) ਭਗਵਾਨ ਜੀ ਨੇ ਆਪ ਹੀ ਸੰਸਾਰ ਤੇ ਜਨਮ ਲੈ ਕੇ, ਰਾਵਨ ਨੂੰ ਅਥਵਾ ਕੰਸ ਨੂੰ ਆਪਣੇ ਹੱਥੀਂ ਆ ਮਾਰਿਆ ਸੀ, ਜਾਂ, ਜਿਵੇਂ ਪ੍ਰਹਿਲਾਦ ਦੀ ਰਖਿਆ ਵਿਚ ਹਰਨਾਕਸ਼ ਨੂੰ ਮਾਰ ਮੁਕਾਉਣ ਲਈ ਥੱਮ ਪਾੜ ਕੇ ਨਰਸਿੰਘ ਦੇ ਰੂਪ ਵਿਚ ਆ ਬਹੁੜਿਆ ਸੀ, ਜਾਂ ਜਿਵੇਂ ਆਪਣਾ ਹੱਥ ਦੇ ਕੇ ਦ੍ਰੋਪਤੀ ਦੀ ਲਾਜ ਰੱਖ ਲਈ ਸੀ ਆਦਿ ?

### ਕਰਮ ਵਾਰ ਗੁਰਮਤਿ ਵਿਚਾਰਾਂ:--

**(ੳ)** ਮੌਤ ਦੇ ਸਮੇਂ ਦੀ ਯਾਦ ਤੋਂ ਵਾਪਰੇ ਤ੍ਰਾਸ ਦੀ ਗੱਲ ਬਾਰੇ ਗੁਰਮਤਿ ਵਿਚਾਰ ਕਰਨ ਤੋਂ ਪਹਿਲਾਂ, ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ, ਇਹ ਪਤਾ ਕਰੀਏ ਕਿ, **ਸ਼ਸਤਰ ਧਾਰੀ ਵੈਰੀਆਂ ਤੋਂ ਬਚਾਉਣ ਲਈ ਰੱਬ ਤੋਂ ਕਰਾਮਾਤੀ ਸਹਾਇਤਾ ਪ੍ਰਾਪਤ ਹੋ ਸਕਣ ਦਾ ਕੋਈ ਭਰੋਸਾ, ਕੀ, ਸਤਿਗੁਰੂ ਜੀ ਨੇ ਵੀ ਦਿੱਤਾ ਹੈ ?**

**ਗੁਰੂ ਬਾਣੀ ਦੀ ਇਸ ਪੰਕਤੀ-" ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ** ॥ ਬਾਰੇ ਵਿਦਵਾਨਾ ਦਾ ਇਹ ਨਿਰਣਾ ਗ਼ਲਤ ਜਾਂ ਅੱਤ ਕਥਨੀ ਨਹੀਂ ਹੈ ਕਿ, ਗੁਰੂ ਬਾਣੀ ਕੇਵਲ ਬ੍ਰਹਮ ਵਿਚਾਰ ਹੀ ਹੈ। ਮਨੋਰੰਜਨ ਲਈ ਲਿਖੇ ਗੀਤਾਂ ਨਾਲ ਜਾਂ ਮਿਥਿਹਾਸਕ ਕਥਾ ਕਾਹਾਣੀਆਂ ਨਾਲ (ਸਿਵਾਇ ਇਕ ਦੇ) ਇਤਿਹਾਸਕ ਗੱਲਾਂ ਨਾਲ ਵੀ ਗੁਰੂ ਬਾਣੀ ਦਾ ਕੋਈ ਵਾਸਤਾ ਨਹੀਂ ਹੈ। ਸੰਤ ਸੂਰਮਾ ਬਣਾ ਰਹੇ ਸਤਿਗੁਰੂ ਜੀ ਨੇ ਇਹ ਨਿਸਚਾ ਦ੍ਰਿੜ ਕਰਨ ਲਈ ਕਿ, ਮਨੁੱਖ ਨੂੰ ਕਰਾਮਾਤੀ ਸ਼ਕਤੀਆਂ ਦੀ ਟੇਕ

ਰਖਦਿਆਂ ਆਪ ਨਿਕੰਮਾ ਨਹੀਂ ਹੋ ਜਾਣਾ ਚਾਹੀਦਾ, ਸਗੋਂ ਹਰ ਮੁਸੀਬਤ ਦੇ ਟਾਕਰੇ ਲਈ ਬਹਾਦਰਾਂ ਵਾਂਗ ਹਰ ਸੰਭਵ ਤਿਆਰੀ ਕਰ ਲੈਣੀ ਜ਼ਰੂਰੀ ਹੁੰਦੀ ਹੈ--ਇਤਿਹਾਸ ਦੀ ਇਕ ਬੜੀ ਦਰਦਨਾਕ ਘਟਨਾ ਨਾਲ ਸੰਧਤ, ਗੁਰਦੇਵ ਜੀ ਨੇ ੪ ਗੁਰੂ ਸ਼ਬਦ ਉਚਾਰਨ ਕੀਤੇ ਹੋਏ ਹਨ। ਉਨ੍ਹਾਂ ਪਾਵਨ ਗੁਰੂ-ਸ਼ਬਦਾਂ ਦੀ ਅਰਥਾਂ ਸਹਿਤ ਪੂਰੀ ਵਿਚਾਰ ਪੁਸਤਕ ਦੇ ਚੌਥੇ ਭਾਗ ਦੇ ਪੰਜਵੇ ਕਾਂਡ ਦੇ ੧੯੬ਵੇਂ ਲੇਖ-" **ਆਵਨਿ ਅਠਤਰੈ ਜਾਨਿ ਸਤਾਨਵੈ ॥**" ਵਿਚ ਲਿਖੀ ਜਾ ਚੁੱਕੀ ਹੈ। ਬਾਬਰ ਹੱਲਾ ਕਰੀ ਆਉਂਦਾ ਸੁਣ ਕੇ ਏਮਨਾਬਾਦ (ਸੈਦਪੁਰ) ਦੇ ਪਠਾਣ ਹਾਕਮਾ ਨੇ ਇਲਾਕੇ ਦੇ ਕਈ ਪੀਰ ਫ਼ਕੀਰ ਬੁਲਵਾ ਲਏ ਅਤੇ ਸਾਰਿਆਂ ਨੂੰ ਆਖਿਆ ਕਿ, ਉਹ ਖ਼ੁਦਾ ਤੋਂ ਮਿਲੀਆਂ ਕਰਾਮਾਤੀ ਸ਼ਕਤੀਆਂ ਨਾਲ ਬਾਬਰ ਨੂੰ ਉਸ ਦੀ ਫ਼ੌਜ ਸਮੇਤ ਤਬਾਹ ਕਰ ਦੇਣ। ਪਰ ਜਦ ਉਨ੍ਹਾਂ ਬੇਹਿਸਾਬੇ ਪੀਰਾਂ ਦੀ "ਵਰਾ-ਸਰਾਪਾਂ" ਵਾਲੀ ਕਥਿਤ ਸ਼ਕਤੀ ਅਥਵਾ ਉਨ੍ਹਾਂ ਵਲੋਂ ਕੀਤੀ ਰਬ ਦੇ ਹਜ਼ੂਰ ਹਾਲ ਦੁਹਾਈ ਕੁਝ ਨਾ ਸੁਆਰ ਸਕੀ ਅਤੇ ਬਾਬਾਰ ਦੀ ਫ਼ੌਜ ਗਲ ਆ ਪਈ, ਤਾਂ ਲਾਚਾਰ ਹੋ ਕੇ ਕਮਜ਼ੋਰ ਦਿਲ ਹਾਕਮਾ ਨੇ ਹਥਿਆਰਾਂ ਨਾਲ ਬਚਾ ਕਰਨ ਦਾ ਯਤਨ ਕੀਤਾ। ਪਰ, ਕਰਾਮਾਤੀ ਸ਼ਕੀਆਂ ਦੇ ਭਰੋਸੇ ਯੁੱਧ ਕਰਨ ਦਾ ਅਭਿਆਸ ਭੁੱਲ ਬੈਠਿਆਂ ਦੇ ਹਥਿਅਰ ਵੀ ਕੁਝ ਨਾ ਸਵਾਰ ਸਕੇ। ਸਤਿਗੁਰੂ ਜੀ ਦੇ ਪਾਵਨ ਬਚਨ:--

੧੪੬:- **ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥ {੪੧੭-੧੮}-੧੨**

**ਅਰਥ**:-ਜਦੋਂ ਪਠਾਣ ਹਾਕਮਾਂ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰ ਕੇ (ਚੜ੍ਹਿਆ) ਆ ਰਿਹਾ ਹੈ, ਤਾਂ ਉਨ੍ਹਾਂ (ਕੋਟੀ ਹੂ-) ਅਨੇਕਾਂ ਹੀ ਪੀਰਾਂ (ਡੇਰੇਦਾਰ ਸਾਧਾਂ ਮਹਾਂਪੁਰਖਾਂ) ਨੂੰ (ਜਾਦੂ ਟੂਣਿਆ ਆਦਿ ਕਰਾਮਾਤਾਂ ਕਰਨ ਲਈ) ਬੁਲਵਾ ਕੇ ਰੋਕ ਰਖਿਆ। (ਪਰ ਉਨ੍ਹਾਂ ਦੀਆਂ ਤਸਬੀਆਂ, ਮਾਲਾਂ ਅਦਿ ਫ਼ੇਰਨ ਤੇ ਵੀ) ਪੱਕੇ ਥਾਂ ਮੁਕਾਮ ਪੱਕੇ ਮਹਲ (ਮੁਗ਼ਲਾਂ ਦੀ ਲਾਈ ਅੱਗ ਨਾਲ) ਸੜ (ਕੇ ਸੁਆਹ ਹੋ) ਗਏ। (ਮੁਗ਼ਲ ਫ਼ੌਜਾਂ) ਨੇ ਪਠਾਣ ਸਾਹਿਬਜ਼ਾਦਿਆਂ ਨੂੰ ਟੋਟੋ ਟੋਟੇ ਕਰ ਦਿੱਤਾ। (ਪੀਰਾਂ ਦੀਆਂ ਤਸਬੀਆਂ=ਮਾਲਾਂ ਅਦਿ ਫ਼ੇਰਨ ਨਾਲ) ਕੋਈ ਇੱਕ ਵੀ (ਮੁਗ਼ਲ) ਅੰਨ੍ਹਾਂ (ਜਾਂ ਲੂਲ੍ਹਾ ਲੰਗੜਾ) ਨਾ ਹੋਇਆ, ਕਿਸੇ ਪੀਰ ਨੇ ਕੋਈ ਕਰਾਮਾਤ ਕਰ ਨ ਵਖਾਈ। ੪ । (ਅੰਤ ਜਦ) ਮੁਗ਼ਲਾਂ ਤੇ ਪਠਾਣਾ ਦੀ ਲੜਾਈ ਹੋਈ. ਤਾਂ ਜੰਗ ਦੇ ਮੈਦਾਨ ਵਿਚ (ਦੋਹਾਂ ਧਿਰਾਂ ਨੇ) ਤਲਵਾਰ ਚਲਾਈ। ਮੁਗ਼ਲਾਂ ਨੇ ਤਾਂ ਬੰਦੂਕਾਂ ਦੇ ਨਿਸ਼ਾਨੇ ਬੰਨ੍ ਬੰਨ੍ ਕੇ ਗੋਲੀਆਂ ਚਲਾਈਆਂ, ਪਰ ਪਠਾਣਾ ਦੇ ਹੱਥਾਂ ਵਿਚ ਹੀ ਚਿੜ ਚਿੜ ਕਰ ਗਈਆਂ (ਭਾਵ, ਪਠਾਣਾ ਨੇ ਤੇਗ਼ ਤਾਂ ਚੰਗੀ ਕੀ ਵਾਹੁਣੀ ਸੀ, ਬੰਦੂਕ ਵੀ ਸਿੱਧੀ ਨਾ ਚੱਲ ਸਕੀ। (ਆਖ਼ਰ ਇਉਂ ਹੀ ਕਹਿਣਾ ਚਾਹੀਦਾ ਹੈ ਕਿ) ਧੁਰੋਂ ਹੀ ਜਿਨ੍ਹਾ ਦੀ ਚਿੱਠੀ ਪਾਟ ਗਈ ਉਹ ਕਦੋਂ ਬਚਿਆ ?

ਆਪਣੇ ਇਤਿਹਾਸ ਵਲ ਵੀ ਝਾਤੀ ਮਾਰ ਵੇਖੀਏ। ਸਿੰਘਨੀਆਂ ਮੰਨੂ ਦੀ ਕੈਦ ਵਿਚ ਕਈ ਮਹੀਨੇ ਅਕਹਿ ਤਸੀਹੇ ਝਲਦੀਆਂ ਰਹੀਆਂ। ਬਚਿਆ ਦੇ ਟੁਕੜਿਆਂ ਦੇ ਹਾਰ ਮਾਵਾਂ ਦੇ ਗਲਾਂ ਵਿਚ ਪਾਏ ਗਏ। ਸ਼ੁਕਰ ਸ਼ੁਕਰ ਹੀ ਕੀਤਾ ਪਰ " **ਆਪੁ ਹਾਥ ਦੇ ਮੋਹਿ ਬਚਾਵਹੁ** " ਜਾਂ " **ਮੋ ਰੱਛਾ ਨਿਜ ਕਰ ਦੈ ਕਰੀਐ ॥**" ਕਿਸੇ ਇੱਕ ਵੀ ਸਿੰਘਣੀ ਨੇ ਨਹੀਂ ਪੁਕਾਰਿਆ ਹੋਣਾ ? ਕਿਉਂਕਿ ਜੇ ਉਨ੍ਹਾਂ ਮਹਾਂਨ ਆਤਮਾਵਾਂ ਦੀ ਵੀ ਅਜੇਹੀ ਪੁਕਾਰ ਨਾ ਸੁਣੀ ਜਾਂਦੀ ਤਾਂ ਸ਼ਾਇਦ ਅਰਦਾਸ ਤੋਂ ਪੰਥ ਦਾ ਵਿਸ਼ਵਾਸ਼ ਹੀ ਜਾਂਦਾ ਰਹਿੰਦਾ। ਹਿਰਦੇ ਤੋਂ ਕੂੜ ਦਾ ਪੜਦਾ ਹਟਾ ਕੇ ਪ੍ਰਭੂ ਦੇ ਦਰਬਾਰ ਵਿਚ ਸਚਿਆਰਾ ਹੋਣ ਲਈ ਜਿਨ੍ਹਾਂ ਸਿੰਘਣੀਆਂ ਨੇ " ਜਪੁ " ਸਾਹਿਬ ਵਿਚਲੇ ਇਸ ਫ਼ੁਰਮਾਨ ਨੂੰ " **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥** ਦ੍ਰਿੜ ਕਰ ਲਿਆ ਹੋਇਆ ਸੀ, ਉਹ **ਸਰਬੱਤ ਦੇ ਭਲੇ** ਦੀ ਗੱਲ ਦੇ ਥਾਂ ਆਪਣੇ ਭਲੇ ਲਈ ਅਰਦਾਸਾਂ ਕਿਵੇਂ ਕਰਦੀਆਂ ? ਜਿਨ੍ਹਾਂ ਸਿੰਘਣੀਆਂ ਨੇ ਸਤਿਗੁਰੂ ਜੀ ਦੇ ਇਸ ਉਪਦੇਸ਼ ਦੀ " **ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥** " {੫੧੪} ਅਤੇ " **ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ** " {੪੮●} ਕਦਰ ਕੀਮਤ ਸਮਝ ਲਈ ਹੋਈ ਸੀ। ਕੌਤਕਹਾਰ ਉਸ ਨਾਥ ਦੇ ਭਾਣੇ-ਰਜ਼ਾ ਵਿਚ ਸਦਾ ਰਾਜ਼ੀ ਰਹਿਣਾ ਉਨ੍ਹਾਂ ਮਰਜੀਵੜੀਆਂ ਦੀ ਜੀਵਨ ਮਰਯਾਦਾ ਬਣ ਚੁੱਕੀ ਸੀ।

ਖੋਪਰੀ ਲਹਿੰਣ ਦਾ ਸਮਾ ਨੇੜੇ ਆਇਆ ਸਮਝ ਕੇ, ਚਰਖੜੀਆਂ ਤੇ ਚਾੜ੍ਹ ਕੇ ਹਡੀਆਂ ਚੂਰਾ ਹੋਣ ਦੀ ਘੜੀ ਨੇੜੇ ਆਈ ਵੇਖ ਕੇ, ਦਸ਼ਮੇਸ਼ ਜੀ ਦੇ ਕਿਸੇ ਵੀ ਸਿੰਘ ਨੇ-" **ਮਰਨ ਕਾਲ ਕਾ ਤ੍ਰਾਸ ਨਿਵਰਿਯੈ** " ਬਚਨਾਂ ਦੇ ਥਾਂ ਸਗੋਂ ਸਤਿਗੁਰਾਂ ਦੇ ਇਨ੍ਹਾਂ ਬਚਨਾਂ ਨੂੰ ਹਿਰਦੇ ਵਿਚ ਵਸਾਇਆ ਹੋਇਆ ਸੀ :--

੧੪੭- **ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥ ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥੩॥ ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥ ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥ ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥** {੧੮}

੧੪੮- **ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥ ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥ ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥੪॥੧੮॥੪੮॥**{੮੧੩}

੧੪੯- **ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ ॥**
**ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥ ਗੁਰਮੁਖਿ ਜਮ ਡੰਡੁ ਨ ਲਗਈ**
**ਹਉਮੈ ਵਿਚਹੁ ਜਾਇ ॥ ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥੧॥** {੧੨੫੧}-ਵਾ-੩੫

ਮੌਤ ਦੇ ਭੈ ਤੋਂ ਅਣਜਾਣ, ਤੱਤੀ ਤਵੀ ਤੇ ਬੈਠਿਆਂ ਇਹ ਪਰਵਚਨ--" **ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥ ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥**{੬੭੬} ਉਸੇ ਹੀ ਪਰਮ-ਤਿਆਗੀ ਦਸ਼ਮੇਸ ਜੀ ਦੇ ਪਿਤਾਮਾ-ਗੁਰਦੇਵ, ਪੰਚਮ ਪਾਤਸਾਹ ਜੀ ਤੋਂ ਹੀ, ਅਕਾਲਪੁਰਖ ਦੇ ਭਾਣੇ ਵਿਚ ਅਡੋਲ ਰਹਿੰਦਿਆਂ ਸ਼ਹੀਦੀਆਂ ਪਾਉਣ ਦੀ ਦ੍ਰਿੜਤਾ ਸਿੱਖੀ ਹੋਈ ਸੀ, ਜਿਨ੍ਹਾਂ ਪਰਮ-ਸੂਰਮੇ ਸਤਿਗੁਰਾਂ ਦੇ ਪਾਵਨ ਮੁਖਾਰਬਿੰਦ ਵਿਚ ਅਸੀਂ ਬੇਨਤੀ ਚੌਪਈ ਵਰਗੀਆਂ ਗੁਰਮਤਿ ਵਿਰੋਧੀ ਬਾਣੀਆਂ ਪਾ ਰਹੇ ਹਾਂ। ਵੈਰੀਆਂ ਨੇ ਵੀ ਸਤਿਗੁਰੂ ਦੇ ਸਿੰਘ ਸੂਰਮਿਆਂ ਦੇ ਉਸ ਸਮੇ ਸੋਹਿਲੇ ਗਾਏ ਜਦ ਖ਼ਾਲਸਾ ਜੀ, ਸਿਰਾਂ ਦੇ ਮੁਲ ਪਾਉਣ ਵਾਲਿਆਂ ਆਪਣੇ ਜਾਨੀ ਦੁਸ਼ਮਨਾਂ ਤੋਂ ਭੈ ਤੋਂ ਅਭਿੱਜ ਰਹਿੰਦਿਆ, ਇਹ ਗੁਰੂ-ਸ਼ਬਦ ਗਾ ਸੁਣਾਉਂਦੇ ਸਨ:--

੧੫●- **ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥ ਜਪਿ ਜਪਿ ਜੀਵਹਿ ਤੇਰਾ ਨਾਂਉ ॥**
**ਤੁਝ ਬਿਨੁ ਦੂਜਾ ਨਾਹੀ ਥਾਉ ॥੨॥ ਦੁਖ ਸੁਖ ਕਰਤੇ ਹੁਕਮੁ ਰਜਾਇ ॥ ਭਾਣੈ ਬਖਸ ਭਾਣੈ**
**ਦੇਇ ਸਜਾਇ ॥ ਦੁਹਾਂ ਸਿਰਿਆਂ ਕਾ ਕਰਤਾ ਆਪਿ ॥ ਕੁਰਬਾਣੁ ਜਾਂਈ ਤੇਰੇ ਪਰਤਾਪ ॥੩॥**
**ਤੇਰੀ ਕੀਮਤਿ ਤੂਹੈ ਜਾਣਹਿ ॥ ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ ॥ ਸੇਈ ਭਗਤ ਜੋ ਤੁਧੁ ਭਾਣੇ ॥**
**ਨਾਨਕ ਤਿਨ ਕੈ ਸਦ ਕੁਰਬਾਣੇ ॥੪॥੨॥੨●॥** {੧੨੭●-੭੧}

ਪ੍ਰਭੂ ਦਾ ਭਾਣਾ ਮੰਨਦਿਆਂ ਉਸ ਦੀ ਰਜ਼ਾ ਵਿਚ ਸਦਾ ਰਾਜ਼ੀ ਰਹਿਣ ਵਾਲੀ ਸਿਖਿਆਂ ਨੇ ਹੀ ਸਾਰੀ ਕੌਮ ਅਜੇਹੀ ਨਿਰਭੈ ਬਣਾ ਦਿੱਤੀ ਹੋਈ ਸੀ ਕਿ, ਹਜ਼ਾਰਾਂ ਸਿੰਘ ਹੱਸਦੇ ਹੱਸਦੇ ਸ਼ਹੀਦ ਹੋ ਗਏ ਪਰ ਆਪਣਾ ਧਰਮ ਕਿਸੇ ਇੱਕ ਨੇ ਵੀ ਨਾ ਸੀ ਤਿਆਗਿਆ। ਪਰ ਉਧਰੋਂ ਵੇਦ ਬਾਣੀ ਪੜ੍ਹਨ ਵਾਲਿਆਂ ਹਿੰਦੂਆਂ ਵਿਚੋਂ ਲੱਖਾਂ ਦੀ ਗਿਣਤੀ ਵਿਚ ਮੁਸਲਮਾਨ ਤਾਂ ਹੋ ਗਏ ਪਰ ਹਿੰਦੂ ਧਰਮ ਦੀ ਖ਼ਾਤਰ ਸ਼ਹੀਦੀ ਕਿੰਨਿਆਂ ਨੇ ਪਾਈ ? ਅਜੇਹੀ ਇੱਕ ਵੀ ਮਿਸਾਲ ਤੋਂ ਇਤਿਹਾਸ ਲਗ-ਪਗ ਸੱਖਣਾ ਹੈ। ਸਪੱਸ਼ਟ ਹੈ ਕਿ ਜੇ ਸਿੱਖ ਦਸ਼ਮੇਸ਼ ਜੀ ਦੇ ਵੇਲੇ ਤੋਂ ਹੀ " **ਆਪ ਹਾਥ ਦੈ ਮੁਝੈ ਉਬਰਿਯੈ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥ ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਧੁਜ ਜੂ ਕਰਿਯਹੁ ਰੱਛਾ ॥੩੯੧॥** ਜਿਹੇ ਜਾਨ ਬਚਾਊ ਤਰਲਿਆਂ ਵਾਲੀ ਬਾਣੀ ਪੜ੍ਹਦੇ ਹੁੰਦੇ ਤਾਂ ਏਧਰ ਵੀ ਉਹੀ ਭਾਣਾ ਵਰਤਦਾ ਜੋ ਹਿੰਦੂ ਧਰਮ ਵਿਚ ਵਰਤਦਾ ਆ ਰਿਹਾ ਸੀ।

**(ਅ)** **ਦੂਜਾ ਪੱਖ**-- ਕੀ, ਸਤਿਗੁਰੂ ਨਾਨਕ ਜੀ ਵੀ ਸਾਨੂੰ -" ਹੇ ਪਰਮਾਤਮਾ ਮੈਨੂੰ ਮੁਸੀਬਤ ਵਿਚੋਂ ਆਪ ਹੱਥ ਦੇ ਕੇ ਬਚਾ ਲੈ " ਪੁਕਾਰਾਂ ਕਰਨੀਆਂ ਹੀ ਸਿਖਾਉਂਦੇ ਰਹੇ ਹਨ ਕਿ ਜਾਂ, ਉਹ ਸਾਡਾ ਹੱਥ ਫੜ ਕੇ, ਸਾਡਾ ਜੀਵਨ ਅਜੇਹੇ ਸੂਰਮੇ ਸੰਤਾਂ ਵਾਲਾ ਬਣਾ ਦਿੰਦੇ ਸਨ, ਜਿਸ ਤੋਂ ਅਸੀਂ ਸਾਰੀਆਂ ਔਕੜਾਂ ਵਿਚੋਂ ਸਫ਼ਲਤਾ ਪ੍ਰਾਪਤ ਕਰਨ ਦੇ ਸਮਰੱਥ ਬਣਦੇ ਜਾ ਰਹੇ ਸਾਂ ? :--

੧੫੧- **ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੰੀ ਕੁਲੁ ਤਾਰਿਆ ਜੀਉ ॥ ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥ ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥ ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥ ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥ ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥**{੮੧}

**ਅਰਥ**:-ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਉਚਾਰਦੇ ਹਨ, ਉਹ ਸੁਅੱਛ ਜੀਵਨ ਵਾਲੇ ਬਣ ਜਾਂਦੇ ਹਨ। ਜਿਹੜੇ ਬੰਦੇ ਪ੍ਰਭੂ ਦੀ ਸਿਫ਼ਤਿ ਸਾਲਾਹ ਸੁਣਦੇ ਹਨ. ਉਹ ਸਾਰੇ ਚੰਗੇ ਭਾਗਾਂ ਵਾਲੇ ਹੋ ਜਾਂਦੇ ਹਨ। ਜਿਹੜੇ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ (ਅਪਣੀ ਹੱਥੀਂ) ਲਿਖਦੇ ਹਨ, ਉਹ (ਆਪਣੇ ਸਾਰੇ) ਖ਼ਾਨਦਾਨ ਨੂੰ (ਹੀ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦੇ ਹਨ। ਜਿੰਨ੍ਹਾਂ ਮਨੁੱਖਾਂ ਨੂੰ ਗੁਰੂ ਦਾ ਮਿਲਾਪ ਪ੍ਰਾਪਤ ਹੁੰਦਾ ਹੈ, ਉਹ ਪਰਮਾਤਮਾ ਦੇ ਨਾਮ (-ਸਿਮਰਨ) ਦਾ ਅਨੰਦ ਮਾਣਦੇ ਹਨ, ਉਹ ਪਰਮਾਤਮਾ ਦੀ ਯਾਦ ਨੂੰ ਆਪਣੇ ਮਨ ਵਿਚ ਟਿਕਾ ਲੈਂਦੇ ਹਨ। ਜਿਸ ਉੱਤੇ ਪ੍ਰਭੂ ਨੇ ਪੂਰਨ ਕਿਰਪਾ ਕੀਤੀ, ਉਸ ਨੇ ਪ੍ਰਭੂ ਨੂੰ ਆਪਣੇ ਮਨ ਵਿਚ ਵਸਾਇਆ ਤੇ ਆਪਣਾ ਜੀਵਨ ਸੋਹਣਾ ਬਣਾ ਲਿਆ। ਪ੍ਰਭੂ ਨੇ ਜਿਸ (ਵਡਭਾਗੀ ਮਨੁੱਖ) ਦਾ ਹੱਥ ਫੜ ਲਿਆ, ਉਸ ਨੂੰ ਉਸ ਨੇ ਆਪਣੀ ਸਿਫ਼ਤਿ-ਸਾਲਾਹ (ਦੀ ਦਾਤ) ਦਿੱਤੀ, ਉਹ ਮਨੁੱਖ ਫਿਰ ਜੂਨਾਂ ਵਿਚ ਨਹੀਂ ਦੌੜਿਆ ਫਿਰਦਾ, ਉਸ ਨੂੰ ਆਤਮਕ ਮੌਤ ਨਹੀਂ ਆਉਂਦੀ।

ਦਇਆ ਕਿਰਪਾ ਦੇ ਘਰ, ਸਤਿਗੁਰੂ ਜੀ ਨੂੰ ਮਿਲ ਕੇ (ਤੇ ਖ਼ਸਮ-ਪ੍ਰਭੂ ਨੂੰ ਸਿਮਰ ਕੇ) ਜਿੰਨ੍ਹਾਂ ਨੇ (ਆਪਣੇ ਅੰਦਰੋਂ) ਕਾਮ ਕ੍ਰੋਧ ਲੋਭ (ਆਦਿਕ ਵਿਕਾਰਾਂ) ਨੂੰ ਮਾਰ (-ਕਾਬੂ ਵਿਚ ਕਰ) ਲਿਆ ਹੈ, ਉਨ੍ਹਾਂ ਦੇ ਆਤਮਕ ਜੀਵਨ ਪ੍ਰਫੁਲੱਤ ਹੋ ਜਾਂਦੇ ਹਨ। ਖ਼ਸਮ ਪ੍ਰਭੂ ਅਕੱਥ ਹੈ (ਉਸ ਦਾ ਰੂਪ) ਬਿਆਨ ਨਹੀਂ ਕੀਤਾ ਜਾ ਸਕਦਾ। ਨਾਨਕ ਉਸ ਤੋਂ ਸਦਕੇ ਕੁਰਬਾਨ ਜਾਂਦਾ ਹੈ । ੫ ।

੧੫੨- **ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥ ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥ ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨●॥ {੨●੪}**

**ਅਰਥ:-** ਹੇ ਜੀਵ-ਪੰਛੀ ! (ਮਾਇਆ ਦੇ ਮੋਹ ਦੇ ਆਲ੍ਹਣੇ ਵਿਚੋਂ ਬਾਹਰ) ਨਿਕਲ। ਮਰਮਾਤਮਾ ਦਾ ਸਿਮਰਨ ਕਰ। (ਪ੍ਰਭੂ ਦਾ ਸਿਮਰਨ) ਖੰਭ ਹਨ (ਇਨ੍ਹਾਂ ਖੰਭਾਂ ਦੀ ਸਹਾਇਤਾ ਨਾਲ ਹੀ ਤੂੰ ਮਾਇਆ ਦੇ ਮੋਹ ਦੇ ਆਲ੍ਹਣੇ ਵਿਚੋਂ ਬਾਹਰ ਉਡ ਕੇ ਜਾ ਸਕੇਂਗਾ)। (ਹੇ ਭਾਈ!) ਗੁਰੂ ਨੂੰ ਮਿਲ ਕੇ ਪੂਰਨ-ਪ੍ਰਭੂ ਦਾ ਆਸਰਾ ਲੈ, ਪਰਮਾਤਮਾ ਦਾ ਨਾਮ-ਰਤਨ ਆਪਣੇ ਹਿਰਦੇ ਨਾਲ (ਸਾਂਭ ਕੇ) ਰੱਖ। ੧। ਰਹਾਉ । ਹੇ ਭਾਈ ! ਮਾਇਆ ਦੀ ਖ਼ਾਤਰ) ਭਟਕਣ ਦੀ (ਮਾਨੋ) ਖੂਹੀ ਹੈ, ਮਾਇਆ ਦੀ ਤ੍ਰਿਸ਼ਨਾ ਤੇ ਵਿਕਾਰਾਂ ਦੇ ਚਸਕੇ (ਉਸ ਖੂਹੀ ਵਿਚ) ਚਿੱਕੜ ਹੈ, (ਜੀਵਾਂ ਦੇ ਗਲ ਵਿਚ ਪਈ ਹੋਈ) ਮੋਹ ਦੀ ਫਾਹੀ ਬੜੀ ਪੱਕੀ (ਤ੍ਰਿੱਖੀ) ਹੈ। ਇਸ ਫਾਹੀ ਨੂੰ ਕੱਟਣ-ਜੋਗਾ ਜਗਤ ਦਾ ਗੁਰੂ ਗੋਬਿੰਦ ਹੀ ਹੈ। ਉਸ ਗੋਬਿੰਦ ਦਿਆ ਚਰਨ-ਕਮਲਾਂ ਵਿਚ ਨਿਵਾਸ ਕਰੀ ਰੱਖ । ੧ । ਹੇ ਗੋਬਿੰਦ ! ਹੇ ਪ੍ਰੀਤਮ ਪ੍ਰਭੂ ! ਹੇ ਗ਼ਰੀਬਾਂ ਦੇ ਮਾਲਕ ! ਹੇ ਨਾਨਕ ਦੇ ਸੁਆਮੀ ! ਮਿਹਰ ਕਰ, ਮੇਰੀ ਬੇਨਤੀ ਸੁਣ, ਮੇਰਾ ਹੱਥ ਫੜ ਲੈ (ਤੇ ਮੈਨੂੰ ਇਸ ਮਾਇਆ ਮੋਹ ਦੀ ਖੂਹੀ ਵਿਚੋਂ ਕੱਢ ਲੈ) ਮੇਰੀ ਇਹ ਜਿੰਦ ਤੇਰਾ ਦਿੱਤਾ ਹੋਇਆ ਸਰਮਾਇਆ ਹੈ, ਮੇਰਾ ਇਹ ਸਰੀਰ ਤੇਰੀ ਬਖ਼ਸ਼ੀ ਹੋਈ ਪੂੰਜੀ ਹੈ, (ਇਸ ਰਾਸਿ-ਪੂੰਜੀ ਨੂੰ ਮੋਹ ਦੇ ਹੱਥੀਂ ਉਜੜਨ ਤੋਂ ਤੂੰ ਆਪ ਹੀ ਬਚਾਉਂਣ ਜੋਗ ਲੈ)। ੨ ।

੧੫੩- **ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥ ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥ ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥੩॥** {੧੩੮੭}-੧੧-੨●

**ਅਰਥ**=(ਹੇ ਜੀਵ ! ਪਰਮਾਤਮਾ ਨੇ ਪਿਤਾ ਦਾ) ਰਤਾ ਕੁ ਬੀਰਜ ਮਾਂ ਦੇ ਪੇਟ ਰੂਪ ਖੇਤ ਵਿਚ ਨਿੰਮਿਆ ਤੇ ਤੇਰਾ ਅਮੋਲਕ (ਮਨੁੱਖਾ) ਸਰੀਰ ਸਜਾ ਕੇ ਰੱਖ ਦਿੱਤਾ (ਉਸ ਨੇ ਤੈਨੂੰ) ਖਾਣ ਪੀਣ ਦੇ ਪਦਾਰਥ, ਮਹਲ-ਮਾੜੀਆਂ ਤੇ ਮਾਣਨ ਨੂੰ ਸੁਖ ਬਖ਼ਸ਼ੇ ਸੰਕਟ ਕੱਟ ਕੇ ਤੇਰੀ ਬਿਪਤਾ ਦੂਰ ਕੀਤੀ । (ਪਰਮਾਤਮਾ ਦੀ ਮਿਹਰ ਨਾਲ ) ਤਦੋਂ ਮਾਂ ਪਿਉ, ਭਰਾ ਤੇ ਸਾਕ-ਸੈਨ-ਪਛਾਣਨ ਦੀ ਤੇਰੇ ਅੰਦਰ ਸੂਝ ਪੈ ਗਈ । ਦਿਨੋ ਦਿਨ ਸਦਾ (ਤੇਰਾ ਸਰੀਰ) ਵਧ-ਫੁਲ ਰਿਹਾ ਹੈ ਤੇ ਡਰਾਉਣਾ ਬੁਢੇਪਾ ਨੇੜੇ ਆ ਰਿਹਾ ਹੈ । ਹੇ ਗੁਣਾ ਤੋਂ ਸੱਖਣੇ, ਕੰਗਾਲੇ, ਮਾਇਆ ਦੇ ਕੀੜੇ ! ਇੱਕ ਘੜੀ ਤਾਂ ਉਸ ਮਾਲਕ ਨੂੰ ਯਾਦ ਕਰ (ਜਿਸ ਨੇ ਤੇਰੇ ਉ-ਤੇ ਇਤਨੀਆ ਬਖ਼ਸ਼ਸ਼ਾਂ ਕੀਤੀਆਂ ਹਨ )

੧੫੪- **ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥ ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥੧॥ ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥** {੨●੩}

**ਅਰਥ:**--ਹੇ ਬਲੀ ਬਾਹਾਂ ਵਾਲੇ ਸੂਰਮੇ ਪ੍ਰਭੂ ! ਹੇ ਸੁਖਾਂ ਦੇ ਸਮੁੰਦਰ ਪਾਰਬ੍ਰਹਮ ! (ਸੰਸਾਰ ਸਮੁੰਦਰ ਦੇ ਵਿਕਾਰਾਂ ਦੇ) ਟੋਏ ਵਿਚ ਡਿਗਦੇ ਦੀ (ਮੇਰੀ) ਉਂਗਲੀ ਫੜ ਲੈ । ੧ । ਰਹਾਉ । (ਹੇ ਪ੍ਰਭੂ ! ਮੇਰੇ) ਕੰਨ ਵਿਚ (ਤੇਰੀ ਸਿਫ਼ਤ-ਸਾਲਾਹ) ਸੁਣਨ ਦੀ **ਸੁਰਤਿ (-ਸੂਝ)** ਨਹੀਂ ਮੇਰੀਆਂ ਅੱਖਾਂ (ਅਜੇਹੀਆਂ) ਸੋਹਣੀਆਂ ਨਹੀਂ (ਕਿ ਹਰ ਥਾਂ ਤੇਰਾ ਦੀਦਾਰ ਕਰ ਸਕਣ), ਮੈਂ ਪਿੰਗਲਾ ਹੋ ਚੁੱਕਾ ਹਾਂ ਤੇ ਦੁਖੀ ਹੋ ਕੇ ਤੇਰੇ ਦਰ ਤੇ ਪੁਕਾਰ ਕਰਦਾ ਹਾਂ (ਮੈਨੂੰ ਵਿਕਾਰਾਂ ਦੇ ਟੋਏ ਵਿਚੋਂ ਬਚਾ ਲੈ । ਗੁਰੂ ਨਾਨਕ ਜੀ--ਹੇ ਗ਼ਰੀਬਾਂ ਦੇ ਖ਼ਸਮ ! ਹੇ ਯਤੀਮਾਂ ਉਤੇ ਤਰਸ ਕਰਨ ਵਾਲੇ ! ਹੇ ਸੱਜਣ ! ਹੇ ਮਿੱਤਰ ਪ੍ਰਭੂ ! ਹੇ ਮੇਰੇ ਮਾਤਾ ਪਿਤਾ ਪ੍ਰਭੂ ! ਤੇਰੇ ਸੰਤ ਤੇਰੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਰੱਖ ਕੇ (ਭਾਵ, ਆਪਾ ਭਾਵ ਮਿਟਾ ਕੇ ਅਤੀਅੰਤ ਨਿਮਰ ਮਨ ਵਿਚ ਤੇਰੀ ਯਾਦ ਸਦਾ ਵਸਾਈ ਰੱਖ ਕੇ) ਸੰਸਾਰ ਸਮੁੰਦਰ ਤੋਂ ਪਾਰ ਲੱਘਦੇ ਹਨ, (ਮਿਹਰ ਕਰ, ਮੈਨੂੰ ਹੰਕਾਰ-ਰਹਿਤ ਅਜੇਹੇ ਹਿਰਦੇ ਦੀ ਬਖ਼ਸ਼ਸ਼ ਕਰ ਜਿਸ ਵਿਚ ਸਦਾ ਤੇਰਾ ਪਿਆਰ ਵਸਿਆ ਰਹੇ) । ੨ ।

ਸਾਰੇ ਗੁਰੂ ਸ਼ਗਦਾਂ ਵਿਚ ਮਨੁੱਖ ਦੀ ਆਪਣੀ ਜੀਵਨ ਜੁਗਤ ਹੀ ਸੰਤਾਂ ਭਗਤਾਂ ਵਾਲੀ ਬਣਾਈ ਜਾ ਰਹੀ ਹੈ। ਪ੍ਰਭੂ ਦੀ ਸਦੀਵੀ ਯਾਦ ਅਤੇ ਉਸ ਦੇ ਭਾਣੇ ਵਿਚ ਰਾਜ਼ੀ ਰਹਿਣਾ ਗੁਰਮਤਿ ਦਾ ਮੁੱਖ ਸਿਧਾਂਤ ਹੈ। ਮੁਸੀਬਤ ਸਮੇਂ ਸਾਰੇ ਉੱਦਮ ਛੱਡ ਛਡਾ ਕੇ, " ਹਾਏ ਰੱਬਾ ! ਅਚਨਚੇਤ ਆ ਪਈ ਮੁਸੀਬਤ ਤੋਂ ਮੈਨੂੰ ਦੁਖਿਆਰੇ ਨੂੰ ਆਪਣਾ ਹੱਥ ਦੇ ਕੇ ਬਚਾ ਲੈ"-ਪਰਮਾਤਮਾ ਅੱਗੇ ਪੁਕਾਰਾਂ ਕਰਨ ਦੀ ਅਜੇਹੀ ਸਿਖਿਆ ਗੁਰੂ ਬਾਣੀ ਵਿਚੋਂ, ਮਿਲਦੀ ਨਜ਼ਰ ਨਹੀਂ ਆਉਂਦੀ। ਤੱਤੀ ਲੋਹ ਤੇ ਬੈਠਣ ਦੇ ਭਿਆਨਕ ਅਤੇ ਅਸਹਿ ਕਸ਼ਟ ਤੋਂ ਹੱਥ ਦੇ ਕੇ ਰਖਿਆ ਕਰਨ ਲਈ ਪਰਮਾਤਮਾ ਅੱਗੇ ਅਰਦਾਸਾਂ ਕਰਨ ਦੀ ਗੱਲ ਤਾਂ ਦੂਰ ਰਹੀ, ਸਗੋਂ ਲਗ-ਪਗ ਸਾਰੇ ਪੁਰਾਤਨ ਇਤਿਹਾਸ ਵਿਚ ਪੰਚਮ ਪਾਤਸ਼ਾਹ ਜੀ, " ਅੱਗ ਤੇ ਪਾਣੀ ਦੇ " ਉਸ ਸਾਰੇ ਕਸ਼ਟ ਵਿਚ, ਖਿੜੇ ਮੱਥੇ, ਸ਼ੁਕਰ ਸ਼ੁਕਰ ਕਰਦੇ ਹੀ ਨਜ਼ਰ ਆ ਰਹੇ ਹਨ। ਗੁਰੂ ਬਾਣੀ ਵਿਚ ਜੇ ਕਿਤੇ ਅਜੇਹੀ ਕੋਈ ਹਾਲ-ਦੁਹਾਈ ਮਚੀ ਨਜ਼ਰੀ ਆਈ ਵੀ ਹੈ, ਤਾਂ ਕੇਵਲ ਪੁਰਾਣਕ ਗਾਥਾਵਾਂ ਦੀ " ਪਰਥਾਇ ਸਾਖੀ " ਬੋਲਦਿਆਂ ਹੀ।{ਉਦਾਹਰਣ ਵਜੋਂ-"**ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥**" (੨) " **ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ ॥੧॥** " **(੩)** " **ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ**

ਲੀਆ ਉਬਾਰਿ ॥੪॥ " **ਅਦਿ।} ਇਨ੍ਹਾਂ ਗੁਰੂ ਸ਼ਬਦਾਂ ਵਿਚ ਬੇਬਸ ਹੋਇਆਂ ਵਲੋਂ ਕੀਤੀਆਂ, ਬਚਾ ਲੈਣ** ਦੀਆਂ ਫ਼ਰਿਆਦਾਂ ਸੁਣ ਕੇ ਜਿਵੇਂ ਪ੍ਰਭੂ ਬਹੁੜਦਾ ਦਰਸਾਇਆ ਹੋਇਆ **ਹੈ। ਗੁਰਮੁਖਾਂ ਵਲੋਂ ਅਜੇਹੀ ਫ਼ਰਿਆਦ ਦਾਸ ਨੂੰ, ਗੁਰੂ ਬਾਣੀ ਵਿਚ ਨਜ਼ਰ ਨਹੀਂ ਆਈ।**

ਨੀਚਤਾ ਦੀ ਖੱਡ ਵਿਚ ਪਏ ਭਰਮੀ ਮਨੁੱਖ ਨੂੰ ਨਿਆਰੇ ਆਚਰਨ ਵਾਲਾ ਸੰਤ ਸੂਰਮਾਂ ਬਣਾ ਰਹੇ, ਅਨਮੋਲ ਸਿਖਿਆ ਨਾਲ ਭਰਪੂਰ ਪੂਰੇ ਸਤਿਗੁਰੂ-ਗ੍ਰੰਥ ਸਾਹਿਬ ਜੀ ਦੀ ਗੁਰੂ ਬਾਣੀ ਵੱਲ ਪਿੱਠ ਕਰਕੇ ਝੂਠ ਅਤੇ ਠੱਗੀ ਦੀ ਸਿਖਿਅ ਦੇਣ ਦੇ ਨਾਲ ਭੰਗ, ਅਫ਼ੀਮ, ਪੋਸਤ ਸ਼ਰਾਬ ਦੇ ਸੇਵਨ ਦੁਆਰਾ ਮੰਦ ਕਮਾਉਣ ਦੀ ਸਿਖਲਾਈ ਦੁਆਰਾ ਆਚਰਨ ਅਤੇ ਅਰੋਗਤਾ ਨੂੰ ਤਬਾਹ ਕਰਨ ਵਾਲੇ ਕਾਮ-ਚਸਕੇ ਵਿਚ ਪੈਣ ਦ ਉਤਸ਼ਾਹ ਦੇਣ ਵਾਲੀ, ਨਗਨ ਅਸ਼ਲੀਲਤਾ ਨੂੰ ਧਰਮ ਗ੍ਰੰਥ ਬਣਾਈ ਬੈਠੇ ਖ਼ਾਲਸਾ ਜੀ, ਤੇਜ਼ ਪ੍ਰਤਾਪ ਦੇ ਸੁਪਨੇ ਲੈ ਰਹੇ ਹਨ ? " ਹੇ ਸੱਚੇ ਪਿਤਾ ਸਿਰਜਣਹਾਰ ਜੀਓ ! ਸਾਡੀ ਭੁੱਲੜਾਂ ਦੀ ਬਾਂਹ ਫੜ ਕੇ, ਅਜੇਹੀ ਸਮਰਥਾ ਬਖ਼ਸ਼ਸ਼ ਕਰੋ ਕਿ, ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਅਨੁਸਾਰ ਅਜੇਹਾ ਜੀਵਨ ਬਣਾ ਲਈਏ ਕਿ, ਤੇਰੀ ਸਦੀਵੀ ਨੇੜਤਾ ਪ੍ਰਾਪਤ ਹੋ ਜਾਵੇ ਤਾਂ ਜੋ ਸਾਨੂੰ - " **ਰੇ ਰੇ ਦਰਗਹ ਕਹੈ ਨ ਕੋਊ** ॥ " ? :--

੧੫੪- **ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ॥ ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ॥ ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ॥ ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥**{੮੪੬}

**ਅਰਥ**:-ਅਬਿਨਾਸ਼ੀ ਪ੍ਰਭੂ ਦੇ ਗੁਣ (ਉਪਕਾਰ) ਵੇਖ ਵੇਖ ਮੈਂ ਤਾਂ ਹੈਰਾਨ ਹੋ ਰਿਹਾ ਹਾਂ। (ਉਸ ਨੇ ਮੇਰਾ) ਹੱਥ ਫੜ ਕੇ, (ਮੇਰੀ) ਜਮਾਂ ਵਾਲੀ ਫਾਹੀ ਕੱਟ ਕੇ, ਮੇਰੀ ਬਾਂਹ ਅਜੇਹੀ ਘੁੱਟ ਕੇ ਫੜ ਲਈ ਹੈ ਕਿ ਮੈਨੂੰ ਆਪਣਾ ਦਾਸ ਹੀ ਬਣਾ ਲਿਆ ਹੈ (ਮੇਰੇ ਭਾਗਾਂ ਦੇ ਫੁੱਟ ਰਹੇ) ਅੰਗੂਰ ਦੇ ਕਾਰਨ (ਉਸ ਨੇ ਮੇਰੇ ਅੰਦਰ ਆਤਮਕ ਜੀਵਨ ਦਾ) ਪਰਕਾਸ਼ ਕਰ ਦਿੱਤਾ ਹੈ। ਮੋਹ ਆਦਿਕ ਭੈੜੇ ਵਿਕਾਰ (ਮੇਰੇ ਅੰਦਰੋਂ) ਨੱਸ ਗਏ ਹਨ (ਮੇਰੀ ਜ਼ਿੰਦਗੀ ਦੇ) ਪਵਿੱਤਰ ਦਿਨ ਆ ਗਏ ਹਨ। (ਭਾਵ, ਮੇਰੀ ਜੀਵਨ-ਜੁਗਤ ਸੁਦਰ ਰਹੀ ਹੈ) । ਨਾਨਕ ਬੇਨਤੀ ਕਰਦਾ ਹੈ--(ਉਸ ਪ੍ਰਭੂ ਨੇ ਮੇਰੇ ਉੱਤੇ ਪਿਆਰ ਭਰੀ) ਨਿਗਾਹ ਕੀਤੀ (ਜਿਹੜੀ ਮੇਰੇ) ਮਨ ਵਿਚ ਪਿਆਰੀ ਲੱਗੀ, (ਉਸ ਦੇ ਪਰਤਾਪ ਨਾਲ ਮੇਰੇ ਅੰਦਰੋਂ) ਬਹੁਤ ਹੀ ਖੋਟੀ ਮਤਿ ਨਾਸ ਹੋ ਗਈ ਹੈ, ਅਬਿਨਾਸ਼ੀ ਪ੍ਰਭੂ ਜੀ (ਮੈਨੂੰ) ਮਿਲ ਪਏ ਹਨ ਮੈ ਪਵਿੱਤਰ ਜੀਵਨ ਵਾਲਾ ਹੋ ਗਿਆ ਹਾਂ **। ੩ ।** ਹੇ ਭਾਈ ! ਜਿਵੇਂ ਸੂਰਜ ਦੀ ਕਿਰਣ ਨਾਲ ਮਿਲ ਕੇ (ਬਰਫ਼ ਤੋਂ ਪਾਣੀ ਬਣ ਜਾਂਦਾ ਹੈ (ਸੂਰਜ ਦੇ ਨਿੱਘ ਨਾਲ ਬਰਫ਼-ਬਣੇ ਪਾਣੀ ਦੀ ਕਠੋਰਤਾ ਖ਼ਤਮ ਹੋ ਜਾਂਦੀ ਹੈ), (ਤਿਵੇਂ ਸਿਫ਼ਤਿ ਸਾਲਾਹ ਦੀ ਬਰਕਤ ਨਾਲ ਜੀਵ ਦੇ ਅੰਦਰੋਂ ਰੁੱਖਾ ਪਨ ਮੁੱਕ ਕੇ ਜੀਵ ਦੀ) ਜਿੰਦ ਪਰਮਾਤਮਾ ਦੀ ਜੋਤਿ ਨਾਲ ਇੱਕ-ਮਿਕ ਹੋ ਜਾਂਦੀ ਹੈ, ਮਨੁੱਖ ਸਾਰੇ ਗੁਣਾ ਦੇ ਮਾਲਕ ਪ੍ਰਭੂ ਦਾ ਰੂਪ ਹੋ ਜਾਂਦਾ ਹੈ। (ਤਦੋਂ ਉਸ ਨੂੰ ਹਰ ਥਾਂ) ਪ੍ਰਭੂ ਹੀ (ਵੱਸਦਾ) ਨਜ਼ਰੀਂ ਆਉਂਦਾ ਹੈ, (ਹਰੇਕ ਵਿਚ) ਪਰਮਾਤਮਾ ਨਹੀ (ਬੋਲਦਾ ਉਸ ਨੂੰ) ਸੁਣੀਦਾ ਹੈ (ਉਸ ਨੂੰ ਇਉਂ ਜਾਪਦਾ ਹੈ ਕਿ ਹਰ ਥਾਂ) ਇਕ ਪਰਮਾਤਮਾ ਦਾ ਹੀ ਜ਼ਿਕਰ ਹੋ ਰਿਹਾ ਹੈ । (ਉਸ ਨੂੰ ਹਰ ਥਾਂ) ਸਿਰਜਣਹਾਰ ਦੀ ਆਤਮਾ ਦਾ ਹੀ ਖਿਲਾਰਾ ਦਿੱਸਦਾ ਹੈ, ਪ੍ਰਭੂ ਤੋਂ ਬਿਨਾ ਉਹ ਕਿਸੇ ਹੋਰ ਨੂੰ ਕਿਤੇ ਨਹੀਂ ਪਛਾਣਦਾ (ਉਸ ਨੂੰ ਸਿਨਚਾ ਹੋ ਜਾਂਦਾ ਹੈ ਕਿ) ਪਰਮਾਤਮਾ ਆਪ (ਹੀ ਸਭ ਨੂੰ) ਪੈਦਾ ਕਰਨ ਵਾਲਾ ਹੈ, (ਜੀਵਾਂ ਵਿਚ ਵਿਆਪਕ ਹੋ ਕੇ) ਆਪ ( ਹੀ ਸਾਰੇ ਰੰਗ)( ਮਾਣ ਰਿਹਾ ਹੈ, ਉਹ ਆਪ ਹੀ ਹਰੇਕ ਕੰਮ ਦੀ ਪ੍ਰੇਰਨਾ ਕਰ ਰਿਹਾ ਹੈ। (ਪਰ) ਨਾਨਕ ਬੇਨਤੀ ਕਰਦਾ ਹੈ (ਕਿ ਇਸ ਅਵਸਥਾ ਨੂੰ) ਉਹੀ ਮਨੁੱਖ ਸਮਝਦੇ ਹਨ, ਜਿਨ੍ਹਾਂ ਨੇ ਪਰਮਾਤਮਾ ਦੇ ਨਾਮ ਦਾ ਸੁਆਦ ਚੱਖਿਆ ਹੈ। ੪ ।

ਉਪਰੋਕਤ ਗੁਰੂ ਸ਼ਬਦਾਂ ਦੀ ਵਿਚਾਰ ਦੀ ਕਮਾਈ ਦੀ ਬਰਕਤਿ ਨਾਲ ਵਿਕਾਰਾਂ ਤੋਂ ਬਚੇ ਰਹਿ ਕੇ ਪ੍ਰਭੂ ਦੀ ਸਦੀਵੀ ਯਾਦ ਨਾਲ ਜੁੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਣ ਦਾ, ਅਥਵਾ ਜੀਵਨ-ਜੁਗਤ ਸੁਆਰ ਲੈਣ ਦਾ ਅਨਮੋਲ ਉਪਦੇਸ਼ ਮਿਲ ਰਿਹਾ ਹੈ। ਕਮਦਿਲੇ ਕਾਇਰਾਂ ਵਾਂਗ ਫ਼ਰਿਆਦਾਂ ਕਰੀ ਜਾਣੀਆਂ ਬ੍ਰਾਹਮਣੀ ਦੇਵਤਿਆਂ ਦਾ ਆਚਰਨ ਹੈ। ਪਰ, ਏਧਰ ਗੁਰਮਤਿ ਮਨੁੱਖ ਨੂੰ ਕਰਮ-ਯੋਗੀ ਸੰਤ-ਸੂਰਮਾਂ ਬਣਾਉਂਦੀ ਹੈ।

**(ੲ)** " ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥"- **ਆਉ ਹੁਣ ਮਰਨ ਸਮੇ ਦੇ ਤ੍ਰਾਸ ਤੋਂ ਬਚਨ ਲਈ** ਬੇਨਤੀਆਂ ਜਾਂ ਅਰਦਾਸਾਂ ਕਰਨ ਬਾਰੇ, ਗੁਰਮਤਿ ਦਾ ਸਧਾਂਤ ਸਮਝ ਲਈਏ:-- ਜੀਊਣਾ **ਝੂਠ** ਅਤੇ ਮਰਨਾ **ਸੱਚ** ਦਾ ਸਿਧਾਂਤ ਸਮਝਾ ਕੇ ਮਨੁੱਖ ਨੂੰ ਅਣਖ ਦੀ ਜ਼ਿੰਦਗੀ ਗੁਜ਼ਾਰਨ ਦੀ ਜਾਚ ਸਿਖਾਉਂਣ ਆਏ ਮਹਾਂਬਲੀ ਵਡਜੋਧੇ ਦਸ਼ਮੇਸ਼ ਜੀ ਬਾਰੇ ਇਹ ਕਿਵੇਂ ਮੰਨ ਲਿਆ ਜਾਵੇ ਕਿ, ਜਿਸ ਅਸਿਧੁੱਜ ਦੀ ਅਤੀਯੰਤ ਦਰਜੇ ਦੀ ਮਾਂਦੀ ਹਾਲਤ ਅਜੇ ਹੁਣੇ ਆਪਣੀ ਹੀ ਕਲਮ ਰਾਹੀਂ ਦਰਸਾਈ ਹੋਵੇ, ਉਸੇ ਅਸਿਧੁਜ ਜੀ ਅੱਗੇ ਮੌਤ ਦੇ ਸਮੇਂ ਦੇ ਤ੍ਰਾਸ ਤੋਂ ਬਚਾਉਣ ਲਈ ਗਿੜਗੜਾ ਰਹੇ ਹੋਣਗੇ ? ਅਜੇਹੀ ਅਰਥ ਹੀਨ ਗੱਲ ਸੱਚ ਮੰਨ ਲੈਣੀ, ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੁੱਚੇ (੧ ਤੋਂ ੧੧) ਪ੍ਰਕਾਸ਼ ਸਰੂਪ ਨਾਲ, ਘਟੀਆ

ਕਿਸਮ ਦਾ ਮਖ਼ੌਲ ਹੈ। ਅਜੇਹਾ ਕਾਰਾ, ਨਿਰਸੰਦੇਹ ਕਿਸੇ ਦੋਖੀ ਦਾ ਹੀ ਹੋ ਸਕਦਾ ਹੈ। ਅਤੇ ਫਿਰ ਮੌਤ ਦੇ ਡਰ ਬਾਰੇ ਗੁਰਮਤਿ ਦਾ ਸਿਧਾਂਤ ਤਾਂ ਇਸ ਪ੍ਰਕਾਰ ਹੈ:--

੧੫੫- **ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ**
**ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ**
**ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥** {੫੭੯}-ਛੰਤ-੨

**ਅਰਥ:**--ਹੇ ਲੋਕੋ ! ਮੌਤ ਨੂੰ ਮਾੜਾ ਨਾਂਹ ਆਖੋ (ਮੌਤ ਚੰਗੀ ਹੈ, ਪਰ ਤਦੋਂ ਹੀ, ਜੇ ਕੋਈ ਮਨੁੱਖ ਉਸ ਤਰੀਕੇ ਨਾਲ (ਜੀਊਂ ਕੇ) ਮਰਨਾ ਜਾਣਦਾ ਹੋਵੇ । ਉਸ ਤਰੀਕਾ ਇਹ ਹੈ ਕਿ) ਆਪਣੇ ਸਰਬ-ਸ਼ਕਤੀਮਾਨ ਮਾਲਕ ਨੂੰ ਸਿਮਰੋ, (ਤਾਂ ਕਿ ਜੀਵਨ ਦੇ ਸਫ਼ਰ ਵਿਚ) ਰਸਤਾ ਸੌਖਾ ਹੋ ਜਾਏ । (ਸਿਮਰਨ ਦੀ ਬਰਕਤਿ ਨਾਲ) ਸੌਖੇ ਜੀਵਨ-ਰਸਤੇ ਤੁਰੋਗੇ ਤਾਂ ਇਸ ਦਾ ਫਲ ਵੀ ਮਿਲੇਗਾ ਤੇ ਪ੍ਰਭੂ ਦੀ ਹਜ਼ੂਰੀ ਵਿਚ ਇਜ਼ਤ ਮਿਲੇਗੀ । ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਉਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ ਕੀਤੇ ਕਰਮਾ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਤੇ ਖ਼ਸਮ-ਪ੍ਰਭੂ ਨੂੰ ਚੰਗੇ ਲਗੋਗੇ । (ਜਿਹੜਾ ਜੀਵ ਇਹ ਭੇਟਾ ਲੈ ਕੇ ਜਾਂਦਾ ਹੈ ਉਹ) ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ । ਹੇ ਲੋਕੋ ! ਮੌਤ ਨੂੰ ਮਾੜਾ ਨਾ ਆਖੋ (ਪਰ ਇਸ ਗੱਲ ਨੂੰ ਉਹੀ ਸਮਝਦਾ ਹੈ) ਜਿਹੜਾ ਇਸ ਤਰ੍ਹਾਂ ਮਰਨਾਂ ਜਾਣਦਾ ਹੈ । ੨ ।

{ਨੋਟ:-ਏਹੀ ਪਾਵਨ ਗੁਰੂ-ਸ਼ਬਦ ਛੇਂਵੇਂ ਭਾਗ ਦੇ ਤੀਜੇ ਕਾਂਡ ਵਿਚਲੇ " ਮੌਤ ਦਾ ਭੈ " ਲੇਖ ਵਿਚ, ਅਰਥਾਂ ਸਮੇਤ ਲਿਖਿਆ ਹੋਇਆ ਹੈ }

"**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ** " ਸੰਸਾਰ ਰਚਨਾ ਦੀ ਕਾਰ ਚਲਾਉਣ ਲਈ ਸੰਜੋਗ ਅਤੇ ਵਿਜੋਗ ਵਾਲੇ ਕੁਦਰਤੀ ਖੇਲ ਦੀ ਅੱਟਲ ਸਚਾਈ ਤੋਂ ਜਾਣੂ ਕਰਾ ਕੇ ਮਨੱਖ ਦੇ ਮਨ ਵਿਚੋਂ ਸਰੀਰਕ ਮੌਤ ਦਾ ਭੈ ਮੁਕਾਉਂਦਿਆਂ, ਸਤਿਗੁਰ ਨਾਨਕ ਸਾਹਿਬ ਜੀ ਨੇ ਆਪਣੇ ਪਹਿਲੇ ਸਰੂਪ ਤੋਂ ਹੀ, ਅਥਵਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਨ ਬਾਣੀ ਜਪੁ (ਸਾਹਿਬ) ਤੋਂ ਹੀ, ਮਨੁੱਖ ਦੇ ਆਚਰਨ ਵਿਚ ਨਿਰਭੈਤਾ-ਗੁਣ ਉਜਾਗਰ ਕਰਨਾ ਅਰੰਭ ਕਰ ਦਿੱਤਾ ਹੋਇਆ ਹੈ-

੧੫੬- **ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥**
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ <u>ਕਰਮੀ ਕਰਮੀ ਹੋਇ ਵੀਚਾਰੁ</u> ॥**
**ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥**
**<u>ਕਚ ਪਕਾਈ ਓਥੈ ਪਾਇ</u> ॥ ਨਾਨਕ ਗਇਆ ਜਾਪੈ ਜਾਇ ॥੩੪॥** {ਪੰਨਾ ੭}

ਸਾਰੇ ਜੀਵਾਂ ਨੇ ਆਪਣੇ ਆਪਣੇ ਕਰਮਾ ਦਾ ਹਿਸਾਬ ਮੁਕਾਉਣ ਲਈ ਉਸ ਸਚੇ ਦੇ ਹੁਕਮ ਦੀ ਪਾਲਣਾ ਵਿਚ ਸਰੀਰ ਤਿਅਗਣਾ ਅਟੱਲ ਸਚਾਈ ਹੈ। ਪਾਵਨ ਗੁਰੂ ਬਾਣੀ ਸੁਖਮਨੀ (ਸਾਹਿਬ) ਦੇ ਨਿਤਨੇਮੀ ਰੋਜ਼ ਪੜ੍ਹਦੇ ਹਨ-" **ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥** "{੨੮੭} ਅਤੇ ਜਨਮ ਅਤੇ ਮੌਤ ਦਾ ਭੈ ਮੁਕਾਉਣ ਵਾਲੇ ਕਈ ਵਿਧੀਆਂ ਦੇ ਗੁਰੂ ਉਪਦੇਸ਼ਾਂ ਵਿਚੋਂ ਕੇਵਲ ਵਣਗੀ ਮਤ੍ਰ :----

੧੫੭- **ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ ਜਨ ਕਉ ਪ੍ਰਭੁ ਹੋਇਓ ਦਇਆਲੁ ॥**
**ਸੇਵਕੁ ਕੀਨੋ ਸਦਾ ਨਿਹਾਲੁ ॥ ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥**
**ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥ ਜਿਸ ਕਾ ਸਾ ਤਿਨਿ ਲੀਆ ਮਿਲਾਇ ॥**
**ਨਾਨਕ ਭਗਤੀ ਨਾਮਿ ਸਮਾਇ ॥੩॥** {੨੯੯}

੧੫੮- **ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥ ਜਪਿ ਜਪਿ ਨਾਮੁ**
**ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥**{੩੬੭}-੭-੫੯

**ਅਰਥ:**--(ਹੇ ਭਾਈ ! ਜਗਤ ਦੇ ਅਨੇਕਾਂ ਜੀਅ-ਜੰਤ-ਰੂਪ) ਬੇਅੰਤ ਲਹਰਾਂ ਦੇ ਮਾਲਕ ਪਰਮਾਤਮਾ ਦਾ ਨਾਮ ਸਿਮਰ । ਗੁਰੂ ਦੀ ਮਤਿ ਲੈ ਕੇ ਮੁੜ ਮੁੜ ਹਰਿ ਨਾਮ ਸਿਮਰ ਤੇ ਸਿਫ਼ਤਿ-ਸਾਲਾਹ ਕਰਦਾ ਰਹੁ । (ਜਿਹੜਾ ਮਨੁੱਖ ਵੀ ਇਸ ਤਰ੍ਹਾਂ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜ ਗਿਆ ਉਸ ਨੇ ) ਕਾਲ ਰੂਪ (ਭਆਨਕ) ਸੱਪ ਨੂੰ ਮਾਰ ਲਿਆ। ਜਮ-ਦੂਤ ਉਸ ਦੇ ਨੇੜੇ ਨਹੀਂ ਢੁੱਕਦੇ । (ਮੌਤ ਦਾ ਭੈ ਅਜੇਹੇ ਗੁਰਮੁਖ ਦੇ ਨੜੇ ਨਹੀਂ ਆ ਸਕਦਾ) । ੧ । ਰਹਾਉ ।

**ਕਾਲ** ਸਬਦ ਦੀ ਵਰਤੋਂ **ਮੌਤ** ਦਾ ਭੈ ਮੁਕਾ ਰਹੀ ਹੈ ਅਤੇ ' **ਕਾਲ ਪੁਰਖ** ' ਸ਼ਬਦ, ਜਮ-ਰਾਜ ਲਈ ਵਰਤੇ ਦੇ ਦਰਸ਼ਨ :-

੧੫੯- **ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥**
**ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥੧॥** {੧੧੬●}-੩-੧੧

**ਅਰਥ:**--ਅਸਲ ਮੁੱਲਾਂ ਉਹ ਹੈ ਜੋ ਆਪਣੇ ਮਨ ਨਾਲ ਘੋਲ ਕਰਦਾ ਹੈ, (ਭਾਵ ਮਨ ਨੂੰ ਵੱਸ ਵਿਚ ਕਰਨ ਦਾ ਜਤਨ ਕਰਦਾ ਹੈ), ਗੁਰੂ ਦੇ ਦੱਸੇ ਹੋਏ ਉਪਦੇਸ਼ ਉੱਤੇ ਤੁਰ ਕੇ ਮੌਤ (ਦੇ ਸਹਿਮ) ਨਾਲ ਟਾਕਰਾ ਕਰਦਾ ਹੈ, ਜੋ ਜਮ-ਰਾਜ ਦਾ ਮਾਣ (ਕਿ ਸਾਰਾ ਜਗਤ ਉਸ ਤੋਂ ਥਰ-ਥਰ ਕੰਬਦਾ ਹੈ) ਨਾਸ ਕਰ ਦਿੰਦਾ ਹੈ। ਮੈਂ ਐਸੇ ਮੁੱਲਾਂ ਅੱਗੇ ਸਦਾ ਸਿਰ ਨਿਵਾਉਂਦਾ ਹਾਂ । ੧ ।

੧੬●- **ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥ ਅੰਮ੍ਰਿਤ ਨਾਮੁ**

**ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥ ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥ ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥** {੮●੨}-੧-੪

**ਅਰਥ**:--ਜਿਨ੍ਹਾਂ ਮਨੁੱਖਾਂ ਦਾ ਬਹਿਣ-ਖਲੋਣ ਸਦਾ ਗੁਰਮੁਖਾਂ ਦੀ ਸੰਗਤਿ ਵਿਚ ਹੈ, ਉਹ ਮਨੁੱਖ ਵਡੇ ਭਾਗਾਂ ਵਾਲੇ ਆਖੇ ਜਾ ਸਕਦੇ ਹਨ। (ਗੁਰਮੁਖਾਂ ਦੀ ਸੰਗਤਿ ਵਿਚ ਹੀ ਰਹਿ ਕੇ) ਆਤਮਕ ਜੀਵਨ ਦੇਣ ਵਾਲਾ ਪਵਿੱਤਰ ਨਾਮ ਸਿਮਰਿਆ ਜਾ ਸਕਦਾ ਹੈ, ਅਤੇ ਮਨ ਵਿਚ (ਉੱਚੇ ਆਤਮਕ ਜੀਵਨ ਦਾ) ਚਾਨਣ (ਗਿਆਨ) ਪੈਦਾ ਹੁੰਦਾ ਹੈ। ਹੇ ਭਾਈ ! (ਗੁਰਮੁਖਾਂ ਦੀ ਸੰਗਤਿ ਵਿ) ਸਾਰੀ ਉਮਰ ਦਾ ਦੁਖ ਕੱਟਿਆ ਜਾਂਦਾ ਹੈ ਅਤੇ ਜਮਰਾਜ ਦੀ ਧੌਂਸ ਵੀ ਮੁੱਕ ਜਾਂਦੀ ਹੈ। ਪਰ, ਹੇ ਨਾਨਕ ! (ਗੁਰਮੁਖਾਂ ਦਾ ਦਰਸ਼ਨ ਉਨ੍ਹਾਂ ਮਨੁੱਖਾਂ ਨੂੰ ਹੀ ਨਸੀਬ ਹੁੰਦਾ ਹੈ ਜੋ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। ੩।

ਪਿਅਰਿਓ ! ਸਤਿਗੁਰੂ ਜੀ ਦੀ ਮਤਿ ਤੇ ਤੁਰਨਾ ਸਿੱਖ ਜਾਈਏ ਤਾਂ, ਕਥਿਤ ਜਮਾਂ ਦਾ ਭੈ ਉਂਜ ਹੀ ਮੁੱਕ ਜਾਂਦਾ ਹੈ:-

੧੬੧- **ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ ਜਤ ਜਤ ਦੇਖਉ ਤਤ ਤਤ ਤੁਮ ਹੀ, ਅਵਰੁ ਨ ਦੁਤੀਆ ਗਾਇਆ ॥੩॥** {੧●੪●}-੩-੨●

**ਅਰਥ**:--(ਦਸ਼ਮੇਸ਼ ਜੀ ਨੂੰ ਮੌਤ ਦੇ ਸਮੇ ਤੋਂ ਡਰਦੇ ਦਰਸਾਉਣ ਵਾਲੇ ਹੇ ਵੀਰੋ ! ਉਸੇ ਦਸਮ ਸਤਿ) ਗੁਰੂ ਜੀ ਦੀ ਮਤਿ ਗ੍ਰਹਿਣ ਕਰੋ (ਗੁਰੂ ਦੀ ਮਤਿ ਦੀ ਰਾਹੀਂ) ਪਰਮਾਤਮਾ ਵਿਚ ਸੁਰਤਿ ਜੋੜਿਆਂ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ( ਇੱਕ-ਰਸ ਵਿਆਪਕ) ਅਖੰਡ ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਮੌਤ (-ਜਮ) ਤੋਂ ਡਰਨ ਦੀ ਲੋੜ ਨਹੀਂ ਰਹਿ ਜਾਂਦੀ। (ਹ ਪ੍ਰਭੂ ! ਇਹ ਤੇਰੇ ਸਿਮਰਨ ਦਾ ਹੀ ਸਦਕ ਹੈ ਕਿ) ਮੈਂ ਜਿਧਰ ਜਿਧਰ ਦੇਖਦਾ ਹਾਂ ਉਧਰ ਉਧਰ ਤੂੰ ਹੀ ਤੂੰ ਦਿੱਸਦਾ ਹੈਂ। ਮੈਨੂੰ ਤੇਰੇ ਵਰਗਾ ਕੋਈ ਹੋਰ ਨਹੀਂ ਦਿੱਸਦਾ, ਮੈਂ ਤੇਰੀ ਹੀ ਸਿਫ਼ਤਿ ਸਾਲਾਹ ਕਰਦਾ ਹਾਂ। ੩।

੧੬੨- **ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥ ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥** {੪੬}-੧੨-੮੨

**ਅਰਥ**:--ਜੇ ਪੂਰਾ ਗੁਰੂ ਮਿਲ ਪਏ, ਤਾਂ (ਉਸ ਪਾਸੋਂ) ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਖ਼ਜ਼ਾਨਾ (-ਸ਼ਬਦ) ਮਿਲ ਜਾਂਦਾ ਹੈ। ਹੇ ਪ੍ਰਭੂ ! ਆਪਣੀ ਮਿਹਰ ਕਰ ( ਗੁਰੂ ਮਿਲਾ, ਤਾਂ ਜੋ ) ਆਤਮਕ ਜੀਵਨ ਦੇਣ ਵਾਲਾ ਤੇਰਾ ਨਾਮ ਅਸੀ ਜਪ ਸਕੀਏ, ਅਤੇ ਜਨਮ ਮਰਨ ਦੇ ਗੇੜ ਵਿਚ ਪੈਣ ਦਾ ਦੁਖ ਦੂਰ ਕਰ ਲਈਏ, ਅਤੇ ਸਾਡੀ ਸੁਰਤਿ ਆਤਮਕ ਅਡੋਲਤਾ ਵਿਚ ਟਿਕ ਜਾਏ। ੧।

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥** {੧੮੬} ਪਿਉ ਦਾਦੇ ਕੋਲੋਂ ਮਿਲੇ ਅਨਮੋਲ ਰਤਨਾਂ ਭਰਪੂਰ ਅਥਾਹ ਖ਼ਜ਼ਾਨੇ ਵਿਚ ਇਹ ਫ਼ੁਰਮਾਨ ਰੂਪੀ ਅਨਮੋਲ ਰਤਨ ਵੀ ਦਸ਼ਮੇਸ਼ ਜੀ ਦੇ ਆਪਣੇ ਕੋਲ ਹੀ ਸਨ:--

੧੬੩- **ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥**
**ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ ॥**
**ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥੨॥**
**ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥੩॥੨●॥** {੩੨੭}

ਸਰੀਰਕ ਮੌਤ ਤੋਂ ਨਿਰਭੈ ਕਰਨ ਆਏ ਸਤਿਗੁਰੂ ਜੀ ਨੇ, ਆਪਣਾ ਸਿੱਖ ਬਣਾਉਣ ਲਈ ਚਰਣਾਮ੍ਰਿਤ ਪਿਲਾਉਣ ਵਾਲੀ ਕਰਮਕਾਂਡੀ ਰਸਮ ਨਹੀਂ ਸੀ ਅਪਣਾਈ, ਸਗੋਂ ਉਨ੍ਹਾਂ ਦੇ ਵਿਦਿਆਲੇ ਵਿਚ ਦਾਖ਼ਲੇ ਦੀ ਮਰਿਯਾਦਾ ਇਸ ਪ੍ਰਕਾਰ ਸੀ:-

੧੬੪- **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥** {੧੧●੨}-ਵਾ-੨੩

ਨਿਰਮਲ-ਨਿਆਰੇ ਪੰਥ ਦੀ ਸਿਰਜਣਾ ਕਰਨ ਆਏ ਸਤਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਹਿਲੇ ਸਰੂਪ ਸਮੇ ਹੀ ਜੀਵਨ ਰੂਪ ਸੁਪਨੇ ਦੀ ਅਸਲੀਅਤ ਸਮਝਾ ਕੇ ਜ਼ਿੰਦਗੀ ਦੇ ਇਸ ਸਮੇਂ ਨੂੰ ਸਦੀਵੀ ਯਾਦ ਵਾਲਾ ਬਣਾਉਣ ਲਈ ਮਨੁੱਖ ਨੂੰ ਸ਼ੁੱਭ ਗੁਣਾ ਭਰਪੂਰ ਸਚੀ ਕਰਣੀ ਵਾਲੀ ਮੁਸ਼ੱਕਤ ਘਾਲਣ ਲਈ ਉਦਮੀ ਬਣਾ ਦਿੱਤਾ ਸੀ। ਸਚੁ ਨਾਲ ਜੁੜੇ ਮਨੁੱਖ ਨੂੰ ਮੌਤ-ਰੂਪ ਸੱਚ ਪ੍ਰਤੀ ਪਿਆਰ ਪੈਦਾ ਹੋਣ ਦੀ ਥਾਂ ਸਗੋਂ " ਮੌਤ ਦੇ ਸਮੇਂ " (ਮਰਨ ਕਾਲ) ਤੋਂ ਤ੍ਰਾਸ ?

ਰਾਗ ਮਾਰੂ ਸੋਲਹੇ ਵਿਚ ਮੌਤ ਦੇ ਭੈ ਨੂੰ ਸਗੋਂ ਉਤਸ਼ਾਹ ਵਿਚ ਬਦਲ ਦੇਣ ਵਾਲਾ ਸਤਿਗੁਰਾਂ ਦਾ ਵਡਮੁੱਲਾ ਉਪਦੇਸ਼:----

੧੬੫- **ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥ ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥ ਹਰਿ ਕੇ ਲੋਗ ਨਹੀ ਜਮੁ ਮਾਰੈ ॥ ਨਾ ਦੁਖੁ ਦੇਖਹਿ ਪੰਥਿ ਕਰਾਰੈ ॥ ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥** {੧●੩੩}-੬-੧੨

**ਅਰਥ**:--ਗੁਰੂ ਦੀ ਆਗਿਆ ਵਿਚ ਤੁਰਨਾ ਹੀ ਸਹੀ ਜੀਵਨ ਰਸਤਾ ਹੈ, ਇਸ ਤਰ੍ਹਾਂ ਜਨਮ ਮਰਨ ਦਾ ਗੇੜ ਹੀ ਮੁੱਕ ਜਾਂਦਾ ਹੈ,ਆਤਮਕ ਮੌਤ ਦਾ ਸਤਾ ਵੀ ਨਹੀਂ ਫੜੀਦਾ। ਜਿਹੜਾ ਮਨੁੱਖ (ਗੁਰੂ ਦੀ ਅਗਵਾਈ ਵਿਚ) ਟਾਹਣੀਆਂ ਛੱਡ ਕੇ ਮੂਲ ਨੂੰ ਪਛਾਣਦਾ ਹੈ (ਪ੍ਰਭੂ ਦੀ ਰਚੀ ਮਾਇਆ ਦਾ ਮੋਹ ਛੱਡ ਕੇ ਸਿਰਜਣਹਾਰ ਪ੍ਰਭੂ ਨਾਲ ਜਾਣ ਪਛਾਣ ਪਾਉਂਦਾ ਹੈ) ਉਸ ਦੇ ਮਨ ਵਿਚ ਸੱਚਾ (=ਅਟੱਲ) ਉਤਸ਼ਾਹ ਪੈਦਾ ਹੁੰਦਾ ਹੈ। **੧੩** । ਜਿਹੜੇ ਬੰਦੇ ਪਰਮਾਤਮਾ ਦੇ ਸੇਵਕ ਬਣਦੇ ਹਨ ਉਨ੍ਹਾਂ ਨੂੰ ਜਮ ਨਹੀਂ ਮਾਰ ਸਕਦਾ (ਆਤਮਕ ਮੌਤ ਨਹੀਂ ਮਾਰ

ਸਕਦੀ), ਉਹ (ਆਤਮਕ ਮੌਤ ਦੇ) ਕਰੜੇ ਰਸਤੇ ਤੇ (ਨਹੀਂ ਪੈਂਦੇ ਤੇ) ਦੁੱਖ ਨਹੀਂ ਵੇਖਦੇ । ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦ ਹੈ। (ਉ ਅੰਤਰ ਆਤਮੇ ਪਰਮਾਤਮਾ ਦੀ) ਭਗਤੀ ਕਰਦੇ ਹਨ। ਉਨ੍ਹਾਂ ਨੂੰ ਮਾਇਆ ਦਾ ਕੋਈ ਹੋਰ ਬਖੇੜਾ ਨਹੀਂ ਵਾਪਰਦਾ । **੧੪ ।**

੧੬੬- **ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥**
**ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥**
**ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥** {੧●੮੯}

**ਅਰਥ**:--(ਮਨੁੱਖ ਲਈ) ਮੌਤ (ਦਾ ਡਰ ਹੀ) ਇਕ (ਐਸਾ) ਕੰਡਾ ਹੈ (ਜੋ ਹਰ ਵੇਲੇ ਦਿਲ ਵਿਚ ਚੁੱਭਦਾ ਰਹਿੰਦਾ ਹੈ) ਕੋਈ ਹੋਰ ਕੰਡਾ (ਭਾਵ, ਸਹਮ) ਇਸ ਵਰਗਾ ਨਹੀਂ ਹੈ, (ਇਹ ਮੌਤ) ਸਾਰੇ ਜਗਤ ਵਿਚ ਵਰਤ ਰਹੀ ਹੈ, ਕੋਈ ਇਸ ਨੂੰ ਰੋਕ ਨਹੀਂ ਸਕਦਾ। **ਮੌਤ ਦਾ ਸਹਿਮ ਵਿਕਾਰੀ ਬੰਦਿਆਂ ਨੂੰ (ਖ਼ਾਸ ਤੌਰ ਤੇ) ਲੜਦਾ ਹੈ (ਭਾਵ, ਪਾਪੀ ਬੰਦਿਆਂ ਦੇ ਮਨ ਤੇ ਮੌਤ ਦੇ ਭੈ ਦਾ ਦਬਾ ਪਿਆ ਰਹਿੰਦਾ ਹੈ-- ਮੌਤ ਦਾ ਡਰ ਪਾਪੀਆਂ ਨੂੰ ਹੋਵੇ ਮੌਤ ਵਰਗੀ ਅਟੱਲ ਸਚਾਈ ਕੋਲੋਂ ਦਸ਼ਮੇਸ਼ ਜੀ ਵਰਗੇ ਧਰਮੀ ਪਰਮ-ਪੁਰਖ ਕਿਉਂ ਡਰਦੇ ?** ਗੁਰੁਬਾਣੀ ਦੀ ਖੰਡਨਾਂ ਕਰਨ ਵਾਲੀ ਚੌਪਈ ਜਿਹੀ ਬਾਣੀ, ਦਸ਼ਮੇਸ਼ ਜੀ ਦੇ ਪਾਵਨ ਨਾਮਣੇ ਨਾਲ ਜੋੜਨ ਵਾਲਿਓ ਡਰੋਂ ਉਸ ਅਦ੍ਰਿਸ਼ਟ ਵਾਹਿਗੁਰੂ ਦੀ ਬੇਆਵਾਜ਼ ਲਸਟਕਾ (-ਲਾਠੀ) ਤੋਂ।)

ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ-ਨਾਮ ਵਿਚ ਪ੍ਰੋਤਾ ਜਾਂਦਾ ਹੈ ਜੋ ਆਪਣੇ ਮਨ ਦੇ ਨਾਲ ਟਾਕਰਾ ਲਾ ਲੈਂਦਾ ਹੈ, ਉਹ ਸਿਮਰਨ ਦੀ ਬਦੌਲਤ (ਜੀਵਨ ਦੀ ਅਸਲੀਅਤ ਨੂੰ) ਸਮਝ ਲੈਂਦਾ ਹੈ ਤੇ ਉਹ ਪ੍ਰਭੂ ਦੀ ਸਰਨ ਵਿਚ ਪੈ ਕੇ (ਮੌਤ ਦੇ ਸਹਿਮ ਤੋਂ) ਬਚ ਜਾਂਦਾ ਹੈ । ਜੋ ਮਨੁੱਖ ਆਪਣੇ ਮਨ ਵਿਚ (ਪ੍ਰਭੂ ਦੇ ਗੁਣਾਂ ਦਾ) ਵਿਚਾਰ ਕਰਕੇ ਬੰਦਗੀ ਕਰਦਾ ਹੈ ਉਹ ਉਸ ਦੀ ਹਜ਼ੂਰੀ ਵਿਚ ਪਰਵਾਨ ਹੋ ਜਾਂਦਾ ਹੈ । ੧੧ ।

੧੬੭- **ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥**
**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥**
**ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥** {੮੪}-ਵਾਰ

ਮਰਨ ਦੇ ਸਮੇ ਤੋ ਡਰਦਾ ਫ਼ਰਿਅਦਾਂ ਕਰਨ ਵਾਲਾ ਨਿਰਸੰਦੇ ਇਹ ਕੋਈ ਪਾਪ ਆਤਮਾ ਹੀ ਹੋ ਸਕਦੀ ਹੇ। ਸੰਸਾਰ ਨੂੰ ਧਰਮੀ ਬਣਾਉਣ ਅਏ ਸਚੁ ਨਾਕ ਇਕ-ਮਿਕ ਹੋ ਚੁੱਕੇ ਸਤਿਗੁਰੂ ਜੀ, ਮੌਤ ਵਰਗੇ ਸਚੁ ਤੋਂ ਕਿਉ ਡਰਨ ? ਸਦਾ ਖੇੜੇ ਵਿਚ ਰਹਿਣ ਵਾਲੇ ਦਸ਼ਮੇਸ਼ ਜੀ ਨੂੰ ਮੌਤ ਦੇ ਸਮੇ ਦਾ ਤਰਾਸ ਕਿਵੇਂ ਆ ਸਕਦਾ ਸੀ ?

ਅਜੇਹੇ ਬਚਨ ਲਿਖਣ ਵਾਲੇ ਮਹਾਂਨ ਸੂਰਬੀਰ ਦਸਮ ਸਤਿਗੁਰੂ ਨਾਨਕ ਸਾਹਿਬ ਸ੍ਰੀ ਦਸ਼ਮੇਸ਼ ਜੀ "**ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**" ਕਮਜ਼ੋਰਾਂ ਵਾਲੇ ਕੀਰਨੇ ਲਿਖਣੇ ਝੱਲ ਹੀ ਨਹੀਂ ਸਨ ਸਕਦੇ। ਸਚੁ ਦੇ ਅਵਤਾਰ, ਨਿਰੋਲ ਸਚੁ ਹੀ ਸਚੁ, ਗੁਰੂ ਨਾਨਾਕ ਜੀ ਦੀ ਗੁਰਿਆਈ ਦੇ ਭਾਈਵਾਲ ਬਣੇ ਬੈਠੇ, ਹੇ ਸੂਰਬੀਰ ਖ਼ਾਲਸਾ ਜੀਓ ! ਪਛਾਣੋ ਦਸ਼ਮੇਸ਼ ਜੀ ਦੀ ਸੱਚੀ ਵਡਿਆਈ ਨੂੰ, ਮਾਰੋ ਸ਼ੇਰਾਂ ਵਾਲੇ ਤਾਣ ਨਾਲ ਇੱਕੋ ਛਾਲ, ਅਤੇ ਆ ਜਾਉ ਝੂਠ-ਖੋਭੇ ਵਿਚੋਂ ਬਾਹਰ ਆਪਣੇ ਸੱਚੇ ਸਤਿਗੁਰੂ ਜੀ ਦੀ ਨਿੱਘੇ ਪਿਅਰਾਂ ਭਰੀ ਬੁੱਕਲ ਵਿਚ। ਯਾਦ ਕਰੋ ਉਸ ਦਿਹਾੜੇ ਨੂੰ ਜਦੋਂ - " **ਪਹਿਲਾ ਮਰਣੁ ਕਬੂਲਿ.....ਹਮਾਰੈ ਪਾਸਿ ॥੧॥** " ਉਪਰੋਕਤ ਅੰਕਿਤ ਗੁਰੂ-ਬਚਨਾ ਅਨੁਸਾਰ ਆਪਣੇ ਅੰਦਰੋਂ ਆਪਾ ਭਾਵ ਸਦਾ ਲਈ ਮਾਰ ਕੇ, ਸਰਬੱਤ ਦਾ ਭਲਾ ਲੋਚਦੇ ਹਿਰਦੇ ਨਾਲ ਸਭਨਾਂ ਦੇ ਚਰਨਾਂ ਦੀ ਧੂੜ ਭਾਵ, ਨਿਮਰਤਾ ਦਾ ਅਨੂਪਮ ਨਮੂਨਾ ਬਣ ਕੇ, ਤੁਸਾਂ ਸਤਿਗੁਰੂ ਜੀ ਦਾ ਲੜ ਫੜਿਆ ਸੀ। ਤੁਸੀਂ ਉਹੀ ਮਰਜੀਵੜੇ ਸਿੰਘ ਸੂਰਮੇ ਹੋ ਜਿਨ੍ਹਾਂ ਨੇ ਅਪਣਾ ਤਨ ਮਨ ਧਨ ਸਭ ਕੁਝ ਸਤਿਗੁਰਾਂ ਦਾ ਹਿਰਦਿਆਂ ਦੀ ਡੂੰਘਾਈ ਤੋਂ ਮੰਨ ਲਿਆ ਹੋਇਆ ਸੀ। ਆਪਣਾ ਸਰਬੰਸ ਉਸ ਗੁਰੂ-ਪਰਮੇਸ਼ਰ ਦਾ ਸਮਝ ਲਿਆ ਹੋਇਆ ਸੀ ਜੋ, ਨੀਚਾਂ ਤੋਂ ਨੀਚ ਸਮਝੇ ਜਾ ਰਹੇ ਲੋੜਵੰਦਾ ਦਾ ਬਣ ਚੁੱਕਾ ਸੀ। ਗੁਰਮੁਖ ਸੂਰਮਿਆਂ ਨੇ ਗ਼ਰੀਬ ਦੇ ਮੂੰਹ ਨੂੰ ਹੀ ਸਤਿਗੁਰਾਂ ਦੀ ਗੋਲਕ ਮੰਨ ਲਿਅ ਹੋਇਆ ਸੀ। ਅੱਜ ਵੀ ਤੁਸੀਂ ਉਹੀ ਪਰਮ-ਤਿਆਗੀ ਖ਼ਾਲਸਾ ਜੀ ਹੋ। ਕੇਵਲ ਆਪਣੇ ਵਿਰਸੇ ਦੀ ਸੰਭਾਲ ਕਰ ਲੈਣ ਦੀ ਢਿੱਲ ਹੈ, ਮੁੜ ਉਹੀ ਛੜ੍ਹਤਾਂ ਤੁਹਾਡੇ ਕਦਮਾ ਵਿਚ ਆ ਟਿਕਣ ਲਈ ਬੇਚੈਨ ਬੈਠੀਆਂ ਹਨ। ਛਡੋ ਗੋਲਕਾਂ ਦੀ ਝਾਕ ਅਤੇ ਪਰਤ ਆਉ ਆਪਣੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਚਰਨਾ ਵਲ:--

੧੬੮- **ਵਰਨ ਰੂਪ ਵਰਤਹਿ ਸਭ ਤੇਰੇ ॥ ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥ ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥ ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥ ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥ ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥ ਤਿਸਨਾ ਅਗਨਿ ਜਲੈ ਸੰਸਾਰਾ ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥ ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥ ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥ ਮਾਇਆ ਮਹਿ ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ ਸਦ**

**ਰਹੈ ਸਮਾਏ ॥ ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥ ਸਚੁ ਸਾਲਾਹੀ ਸਦਾ ਹਜੂਰੇ ॥ ਗੁਰ ਕੈ ਸਬਦਿ ਰਹਿਆ ਭਰਪੂਰੇ ॥ ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥ ਸਚੁ ਮਨ ਅੰਦਰਿ ਰਹਿਆ ਸਮਾਇ ॥ ਸਦਾ ਸਚੁ ਨਿਹਚਲੁ ਆਵੈ ਨ ਜਾਇ ॥ ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥ ਸਚੁ ਸਾਲਾਹੀ ਅਵਰੁ ਨ ਕੋਈ ॥ ਜਿਤੁ ਸੇਵਿਐ ਸਦਾ ਸੁਖੁ ਹੋਈ ॥ ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥** {੧੨●}

ਗੁਰਮਤਿ ਅਨੁਸਾਰ ਗੁਰਮੁਖਾਂ ਦਾ ਸਰੀਰਕ ਮੌਤ ਨਾਲ ਕੋਈ ਵਾਸਤਾ ਨਹੀਂ ਰਹਿੰਦਾ। ਉਨ੍ਹਾਂ ਤੌਖ਼ਲਾ ਕੇਵਲ ਆਤਮਕ ਮੌਤ ਦਾ ਹੀ ਹੁੰਦਾ ਹੈ। ਗੁਰੂ ਦੇ ਸਿੱਖਾਂ ਲਈ ਸਰੀਰਕ ਮੌਤ ਚੋਲਾ ਤਬਦੀਲ ਕਰਨ ਤੋਂ ਵੱਧ ਹੋਰ ਕੁਝ ਨਹੀਂ । ਸਰਿਰਕ ਮੌਤ ਦੇ ਸਮੇ ਦਾ ਡਰ ਕੇਵਲ ਅਸਧੁਜ ਜੀ ਦੇ ਪੁਜਾਰੀਆਂ ਨੂੰ ਹੀ ਵਾਪਰਦਾ ਹੈ। ਸਤਿਗੁਰੂ ਜੀ ਤਾਂ ਏਥੋਂ ਤੱਕ ਫ਼ੁਰਮਾਨ ਕਰਦੇ ਹਨ ਕਿ--**ਗੁਰਮੁਖਿ ਆਵਣੁ ਜਾਵਣੁ ਤੂਟਾ ॥** [੧੩੧] ਸਤਿਗੁਰਾਂ ਦੇ ਮਤ ਅਨੁਸਾਰ ਜੀਵਨ ਜੀ ਰਹੇ ਗੁਰਮੁਖਾਂ ਦਾ ਜਨਮ ਮਰਣ ਉਂਜ ਹੀ ਮੁੱਕ ਜਾਂਦਾ ਹੈ। ਏਥੋਂ ਤੱਕ ਕਿ, ਗੁਰਮੁਖਾਂ ਲਈ ਸੰਸਰ ਤੇ ਆਉਣਾ ਅਤੇ ਏਥੋਂ ਜਾਣਾਂ ਸਵੈ ਇਛਿਆ ਦਾ ਹੀ ਮੁਥਾਜ ਬਣ ਜਾਂਦਾ ਹੈ-- **ਗੁਰਮੁਖਿ ਆਵੈ ਜਾਇ ਨਿਸੰਗ ॥** [੯੩੨]

ਅਗਲੀ ਚੌਪਈ। ਉਹੀ ਪ੍ਰੋਹਿਤਵਾਦੀ ਕਾਇਰਾਂ ਵਾਲੀ ਦੁਹਾਈ ?:--

**ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਆਰੇ ॥**
**ਦੀਨ ਬੰਧੁ ਦੁਸ਼ਟਨ ਕੇ ਹੰਤਾ ॥ ਤੁਮਹੋ ਪੁਰੀ ਚਤੁਰਦਸ ਕੰਤਾ ॥ ੩੮੨ ॥**

**ਅਰਥ:**--ਹੇ ਸੰਸਾਰ ਦੀ ਰਖਿਆ ਕਰਨ ਵਾਲੇ ! **ਮੇਰੀ** (ਭਾਵ, ਸਰਬੱਤ ਦੀ ਨਹੀਂ ਕੇਵਲ ਮੇਰੀ, ਉਪ੍ਰੋਕਤ ੩੯-੪੧ ਆਦਿ ਚੌਪਈਆਂ ਵਾਲੀ **ਦੂਲਾ ਦੇਵੀ** ਦੀ ?) ਰਖਿਆ ਕਰੋ । ਤੁਸੀਂ ਸੰਤਾਂ ਦੇ ਸਹਾਇਕ ਹੋ। ਤੁਸੀ ਗ਼ਰੀਬਾਂ ਦੇ ਮੰਦਦਗਾਰ ਅਤੇ ਦੁਸ਼ਟਾਂ ਦਾ ਨਾਸ ਕਰਨ ਵਾਲੇ ਹੋ ਅਤੇ ਤੁਸੀ ਚੌਦਾਂ ਭਵਨਾਂ ਦੇ ਸੁਆਮੀ ਹੋ । ੩੮੨ ।

ਨਿਰਾ ਸੰਤਾਂ ਦਾ ਹੀ ਸਹਾਈ ਬਣਨ ਵਾਲਾ ਰੱਬ, ਕੇਵਲ ਉਪ੍ਰੋਕਤ ੩੭੬ ਤੱਕ ਦੀਆਂ ਚੌਪਈਆਂ ਵਾਲਾ ਅਸਿਧੁਜ ਹੀ ਹੋ ਸਕਦਾ ਹੈ? ਨਾਸਤਕ, ਡਾਕੂ, ਕਾਤਲ, ਅਤੇ ਹੋਰ ਉਪੱਦਰੀਆਂ ਨੂੰ ਕਿਸ ਨੇ ਪੈਦਾ ਕੀਤਾ ਹੈ ? ਉਨ੍ਹਾਂ ਦੀ ਸਹਾਇਤਾ ਅਤੇ ਪਾਲਣਾ ਕੌਨ ਕਰਦਾ ਹੈ? ਅਤੇ ਫਿਰ ਇਹ ਬਚਨ ਕਿਸ ਦੇ ਹਨ ?--**ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਪਰ ਦੇਤ ਨ ਹਾਰੈ** :-- ਵਿਕਾਰੀਆਂ ਦੇ ਵਿਕਾਰਾਂ ਨੂੰ ਜਾਣਦਾ ਹੋਇਆ ਵੀ ਉਨ੍ਹਾਂ ਨੂੰ ਦਾਤਾ ਦੇ ਰਿਹਾ ਕਹਿਣ ਵਾਲੇ ਦਸ਼ਮੇਸ਼ ਜੀ, ਆਪਣੇ ਲਿਖੇ ਦੀ ਲਾਜ ਕੀ, ਆਪ ਹੀ ਗੁਆ ਬੈਠੇ ? ਦੋ ਵਿਰੋਧੀ ਬਚਨ ਅਭੁੱਲ ਗੁਰੂ ਜੀ ਦੇ ਬਨਾਉਣ ਨੂੰ ਮੂਰਖਤਾਈ ਮੰਨਿਆਂ ਜਾਵੇਗਾ ਕਿ ਕੁਟਲ-ਬੁੱਧੀ ? ਆਦਿ-ਕਾਲ ਤੋਂ ਵੱਡੀ ਮੱਛੀ ਛੋਟੀ ਨੂੰ ਖਾਂਦੀ ਤੁਰੀ ਆ ਰਹੀ ਹੈ। ਗ਼ਰੀਬ ਸਦਾ ਤੋਂ ਅਮੀਰਾਂ ਦੇ ਹੱਥੋਂ ਦੁਖ ਹੀ ਪਾਉਂਦਾ ਆ ਰਿਹਾ ਹੈ। ਦੁਸ਼ਟ ਕੌਣ ਹੈ ? ਉਸ ਨੂੰ ਦੁਸ਼ਟ ਕਿਸ ਨੇ ਬਣਾਇਆ ? ਕੀ, ਕੌਡਾ ਰਾਕਸ਼ ਭਗਤ ਸੀ? ਕਿਸੇ ਇੱਕ ਵੀ ਦੁਸ਼ਟ ਦਾ ਨਾਮ ਇਤਿਹਾਸਕਾਰ ਨਹੀਂ ਲਿਖ ਸਕਿਆ ਜਿਸ ਨੂੰ ਦਸ਼ਮੇਸ਼ ਜੀ ਨੇ ਪਹੁੰਚ ਕੇ ਜਾਨੋਂ ਮਾਰਿਆ ਹੋਵੇ ? ਚੰਗੇ ਮਾੜੇ, ਭਗਤ ਨਾਸਤਕ, ਅਮੀਰ ਗ਼ਰੀਬ, ਦੁਸ਼ਟ ਅਤੇ ਸੰਤ ਸਰਬੱਤ ਵਿਚ ਪਰਮਾਤਮਾਂ ਦੀ ਜੋਤਿ ਇੱਕ ਰਸ ਨਿਰੰਤਰ ਵਿਆਪ ਰਹੀ ਹੈ--**ਸਭਿ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣ ਸਭ ਮਹਿ ਚਾਨਣੁ ਹੋਇ ॥ [੬੬੩]** ਅਤੇ ਫਿਰ--**ਹੋਇ ਰਹੀਐ ਸਗਲ ਕੀ ਰੀਨਾ ॥ ਘਟਿ ਘਟਿ ਰਮਈਆ ਸਭ ਮਹਿ ਚੀਨਾ ॥ ੧ ॥** [੮੬੬] **ਸਭਨਾ** ਅਤੇ **ਸਰਬੱਤ** ਸ਼ਬਦਾਂ ਦੀ ਗੁਰਮਤਿ ਵਿਆਖਿਆ ਸਮਝਣੀ ਹੈ ਤਾਂ ਪੜ੍ਹੋ ਏਸੇ ਪੁਸਤਕ ਦੇ ਪੰਜਵੇਂ ਭਾਗ ਦੇ ਛੇਵੇਂ ਕਾਂਡ ਦਾ ਤੀਜਾ ਲੇਖ।

**ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸ਼ਿਵਜੂ ਅਵਤਰਾ ॥**
**ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ ॥ ਸਕਲ ਕਾਲ ਕਾ ਕੀਯਾ ਤਮਾਸ਼ਾ ॥ ੩੮੩ ॥**
**ਜਵਨ ਕਾਲ ਜੋਗੀ ਸ਼ਿਵ ਕੀਯੋ ॥ ਬੇਦ ਰਾਜ ਬ੍ਰਹਮਾ ਜੂ ਥੀਯੋ ॥**
**ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥ ੩੮੪ ॥**

**ਅਰਥ**:--ਕਾਲ (=ਰੂਪ ਮਹਾਂਕਾਲ) ਦੇ ਹੁਕਮ ਨਾਲ ਹੀ ਬ੍ਰਹਮਾ ਪੈਦਾ ਹੋਇਆ, ਕਾਲ ਦੇ ਹੁਕਮ ਨਾਲ ਹੀ ਸ਼ਿਵਜੀ ਨੇ ਅਵਤਾਰ ਧਾਰਿਆ। ਕਾਲ ਦੇ ਹੁਕਮ ਨਾਲ ਵਿਸ਼ਨੂੰ ਪਰਗਟ ਹੋਇਆ, ਇਸ ਤਰ੍ਹਾਂ ਹੇ ਮਹਾਂਕਾਲ ਤੁਸੀਂ ਸਭ ਤਾ ਤਮਾਸ਼ਾ ਬਣਾ ਦਿੱਤਾ ।੩੮੩। ਤੁਸੀਂ ਜਿਸ ਕਾਲ ਵਿਚ ਸ਼ਿਵਜੀ ਨੂੰ ਜੋਗੀ ਬਣਾਇਆ ਅਤੇ ਬ੍ਰਹਮਾ ਨੂੰ ਵੇਦਰਾਜ ਬਣਾਇਆ ਅਤੇ ਜਿਸ ਕਾਲ ਵਿਚ ਸਾਰੇ ਭਵਨਾਂ (ਚੋਦਾ ਭਵਨ) ਨੂੰ ਬਣਾਇਆ, ਉਸ ਕਾਲ ਨੂੰ ਮੇਰਾ ਨਮਸ਼ਕਾਰ ਹੈ । ੩੮੪।

**ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥**
**ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥ ੩੮੫ ॥**

ਅਰਥ:--ਜਿਸ ਕਾਲ ਜੀ ਨੇ ਸਾਰਾ ਜਗਤ ਬਣਾਇਆ ਅਤੇ ਦੇਵ-ਦਾਨਵ ਜੱਛ ਪੈਦਾ ਕੀਤੇ ਉਸ ਕਾਲ ਜੀਂ ਨੂੰ ਵੀ ਮੇਰੀ ਨਮਸਕਾਰ ਹੈ। ਜੋ ਆਦਿ ਅੰਤ ਵਿਚ ਸਦਾ ਪ੍ਰਕਾਸ਼ਿਤ ਹੈ, ਉਹ ਹੀ ਮੇਰਾ ਗੁਰੂ ਹੈ । ੩੮੫ ।

**ਬਚਿੱਤਰ ਨਾਟਕ ਵਿਚ ਜਗਤ ਰਚਨਾ ਦੀ ਗੱਲ ਇਉ ਅਰੰਭ ਹੁੰਦੀ ਹੈ:--**

**ਪ੍ਰਿਥਮ ਕਾਲ ਜਬ ਕਰਾ ਪਸਾਰਾ ॥ ਓਅੰਕਾਰ ਤੇ ਸ੍ਰਿਸ਼ਟ ਉਪਾਰਾ ॥**
**ਕਾਲ ਸੈਣ ਪ੍ਰਿਥਮੈ ਭਇਓ ਭੂਪਾ ॥ ਅਧਿਕ ਅਤੁਲ ਬਲਿ ਰੂਪ ਅਨੂਪਾ ॥ ੧੦**

ਅਤੇ ਬਚਿਤਰ ਨਾਟਕ ਵਿਚ ਹੀ ਇਕ ਥਾਂ ਸ੍ਰਿਸ਼ਟੀ ਇਉਂ ਵਣ ਰਹੀ ਹੈ:--

**ਏਕ ਸ੍ਰਵਣ ਤੇ ਮੈਲ ਨਿਕਾਰਾ ॥ ਤਾਤੇ ਮਧੁ ਕੀਟਭ ਤਨ ਧਾਰਾ ॥**
**ਦੁਤੀਯ ਕਾਨ ਤੇ ਮੈਲੁ ਨਿਕਾਰੀ ॥ ਤਾਂ ਤੇ ਭਈ ਸ੍ਰਿਸਟਿ ਇਹ ਸਾਰੀ ॥ ੧੩ ॥**

**ਤਿਨ ਕੋ ਕਾਲ ਬਹੁਰ ਬਧ ਕਰਾ ॥ ਤਿਨ ਕੋ ਮੇਦ ਸਮੁੰਦ ਮੋ ਪਰਾ ॥**
**ਚਿਕਨਤਾਸ ਜਲ ਪਰ ਤਿਰ ਰਹੀ ॥ ਮੇਧਾ ਨਾਮ ਤਬਹਿ ਤੇ ਕਹੀ ॥ ੧੪ ॥ (ਦੂਜਾ ਅਧਿਆਇ**
ਅਤੇ ਦੇਵੀ ਮਾਤਾ ਦੀ ਗਾਥਾ ਵਿਚ ਸਿਰਜਣ **?**

**ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ ॥ ..... ੨॥**

(ਅ) ਜਗਤ ਸਿਰਜਣਾ ਬਾਰੇ ਦਸਮਗ੍ਰੰਥ ਦੇ ਲਿਖਾਰੀ ਦੀ ਕਿਹੜੀ ਗੱਲ ਸਚੁ ਮੰਨੀ ਜਾਵੇ ?

**(ੳ)** ਇਸ ਬੇਨਤੀ ਚੌਪਈ ਵਿਚ ਜਿਸ ਕਾਲ ਨੂੰ ਸਭ ਤੋਂ ਵਡਾ ਬਲਵਾਨ ਦਰਸਾਇਆ ਜਾ ਰਿਹਾ ਹੈ, ਗੁਰੂ ਬਾਣੀ ਨੇ ਉਸ ਕਾਲ ਨੂੰ ਸਤਿਗੁਰਾਂ ਦੇ ਉਪਦੇਸ਼ ਦੀ ਬਰਕਤਿ ਨਾਲ ਪ੍ਰਭੂ ਦੀ ਯਾਦ ਵਿਚ ਜੁੜ ਚੁੱਕੇ ਪ੍ਰਾਣੀ ਦੇ ਸਾਹਮਣੇ ਬੇਵੱਸ ਦਰਸਾਇਆ ਹੈ। :--

**੧੬੯- ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥** {੨੨੭}-੧੪
੧੭●- **ਜਾ ਕਉ ਰਾਖੈ ਹਰਿ ਰਾਖਣਹਾਰਾ ॥ ਤਾ ਕਉ ਕੋਇ ਨ ਸਾਕਸਿ ਮਾਰਾ ॥**
**ਸੋ ਐਸਾ ਹਰਿ ਸੇਵਹੁ ਸੰਤਹੁ ਜਾ ਕੀ ਊਤਮ ਬਾਣੀ ਹੇ ॥੨॥** {੧●੭●}-੨

ਚੌਪਈ ਦਾ ਕਾਲ ਉਹੀ ਮਹਾਂਕਾਲ ਹੈ ਜਿਹੜਾ ਕ੍ਰੋਧ ਨਾਲ ਗੱਜਦਾ ਹੋਇਆ ਦੈਂਤਾਂ ਨੂੰ ਚੱਬ ਚੱਬ ਕੇ ਖਾਈ ਜਾਂਦਾ ਅਸੀਂ ਪਿੱਛੇ ਵੇਖ ਆਏ ਹਾਂ । ਅਤੇ ਜਿਸ ਦੀ ਕ੍ਰੋਧ ਅਗਨੀ ਵਿਚ ਸੜਨੋਂ ਡਰਦਾ ਮਹਾਂਦੇਵ ਆਪਣਾ ਆਸਣ ਛੱਡ ਗਿਆ ਸੀ, ਬ੍ਰਹਮਾਂ ਡਰਦਾ ਆਪਣੀ ਜਨਮ ਭੂਮੀ, ਕੰਵਲ ਫੁੱਲ ਦੀ ਨਾਲੀ ਵਿਚ ਜਾ ਵੜਿਆ ਸੀ, ਅਤੇ ਵਿਸ਼ਨੂੰ ਸਹਿਮਿਆਂ ਹੋਇਆ ਸਮੁੰਦਰ ਵਿਚ ਜਾ ਲੁਕਿਆ ਸੀ=[ਚੌਪਈ ੮੦] ਅਤੇ ਆਖ਼ਰ ਡਰਦੇ ਮਾਰੇ--**ਤ੍ਰਾਹਿ ਤ੍ਰਹਿ ਹਮ ਸਰਨ ਤਿਹਾਰੀ ॥ ਸਭ ਭੈ ਤੇ ਹਮ ਲੇਹੁ ਉਬਾਰੀ ॥** (੯੦) ਬਚਾ ਲਉ ਬਚਾ ਲਉ ਦੀ ਦੁਹਾਈ ਪਾਉਂਦੇ ਮਹਾਂਕਾਲ ਦੀ ਉਸਤਤਿ ਵਿਚ ਉਪ੍ਰੋਕਤ ੯੧ ਤੋਂ ੯੫ ਚੌਪਈਆਂ ਉਚਾਰੀਆਂ ਸਨ। ਇਸ **ਮਹਾਂਕਾਲ** ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ **ਅਕਾਲ ਪੁਰਖ,** ਸਮਝਣਾ ਜਾਂ ਕਹਿਣਾ, ਅਗਿਆਨਤਾ ਹੈ। ਕਿਉਂਕਿ ਗੁਰੂ ਨਾਨਕ ਜੀ ਦਾ ਰੱਬ ਅਜੇਹਾ ਸੱਜਣ ਸੁਆਮੀ ਹੈ (ਜਿਸ ਲਈ ਬੱਦਲਾਂ ਵਾਂਗ ਗਰਜਦਿਆਂ ਕਤਲਾਮ ਕਰਕੇ ਲਹੂ ਦੇ ਦਰਿਆ ਵਗਾ ਦੇਣ ਤਾਂ ਬੜੀ ਦੂਰ ਦੀ ਗੱਲ ਹੈ, ਉਹ ਤਾਂ ਅਜੇਹਾ ਮਿਠਾ ਸੱਜਣ ਸੁਆਮੀ ਹੈ) ਜਿਹੜਾ ਕਿਸੇ ਨੂੰ ਬੁਰਾ ਲੱਗਣ ਵਾਲਾ ਕੌੜਾ ਬੋਲ, ਬੋਲਣਾ ਹੀ ਨਹੀਂ ਜਾਣਦਾ। ਜਿਹੜਾ ਪਾਪੀਆਂ ਨੂੰ ਮਾਰਦਾ ਨਹੀਂ ਸਗੋਂ ਉਹ ਤਾਂ ਪਤਿਤ ਹੋ ਚੁਕਿਆਂ ਨੂੰ ਪਾਵਨ ਕਰਦਾ ਹੈ। ਜਪੁ ਸਾਹਿਬ ਦੀ ਚੌਥੀ ਪਉੜੀ -- " **ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥** " ਅਨੁਸਾਰ, ਉਸ ਅਪਾਰ ਪ੍ਰਭੂ ਦੀ ਭਾਖਿਆ (=ਬੋਲ) ਕੇਵਲ ਭਾਉ (ਪਿਆਰ) ਹੀ ਹੈ। --ਅੱਗੇ ਚੱਲਣ ਤੋਂ ਪਹਿਲਾਂ ਆਉ, ਗੀਦਿਆਂ ਤੋਂ ਸਾਨੂੰ ਸੰਤ ਸੂਰਮਾਂ ਬਣਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਅਰਾਂ ਲੱਦੇ **ਅਕਾਲ** ਜੀ ਦ ਦਰਸ਼ਨਾਂ ਦਾ ਝਲਕਾਰਾ ਮਾਣ ਲਈਏ ਸ਼ਯਿਦ ਸਾਇਦ ਸਾਡੇ ਅੰਦਰ ਵੀ ਮਿਠਾਸ ਨੂੰ ਪ੍ਰਵੇਸ਼ ਕਰਨ ਦਾ ਰਾਹ ਲੱਭ ਜਾਵੇ ?:---

੧੭੧- **ਮਿਠ ਬੋਲੜਾ** ਜੀ ਹਰਿ ਸਜਣੁ ਸੁਆਮੀ ਮੋਰਾ॥ **ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥ ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥ ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥ ਪ੍ਰਭ ਪੇਖਤ ਜੀਵਾ ਠੰਢੀ ਥੀਵਾ** ਤਿਸੁ ਜੇਵਡੁ ਅਵਰੁ ਨ ਕੋਈ॥ **ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ ॥ ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥ ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥** {੭੮੪}-੧-੧੧

**ਅਰਥ:**--ਹੇ ਭਾਈ ! (੧) ਮੇਰਾ ਮਾਲਕ-ਪ੍ਰਭੂ ਮਿੱਠੇ ਬੋਲ ਬੋਲਣ ਵਾਲਾ ਪਿਆਰਾ ਮਿੱਤਰ ਹੈ। ਮੈਂ ਚੇਤੇ ਕਰ ਕਰ ਥੱਕ ਗਈ ਹਾਂ (ਕਿ ਉਸ ਦਾ ਕਦੇ ਕੌੜਾ ਬੋਲ ਬੋਲਿਆ ਯਾਦ ਆ ਜਾਏ, ਪਰ) ਉਜ ਕਦੇ ਵੀ ਕੌੜਾ ਬੋਲ ਨਹੀਂ ਬੋਲਦਾ । **(੨)** ਉਹ ਸਾਰੇ ਗੁਣਾਂ ਨਾਲ ਭਰਪੂਰ ਭਗਵਾਨ ਕੌੜਾ (ਖਰਵਾ) ਬੋਲਣਾ ਜਾਣਦਾ ਹੀ ਨਹੀਂ, (ਕਿਉਂਕਿ ਉਹ ਸਾਡਾ) ਕੋਈ ਵੀ ਔਗਣ ਚੇਤੇ ਹੀ ਨਹੀਂ ਰਖਡਾ। **(੩)**ਉਹ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ--ਇਹ ਉਸ ਦਾ ਮੁੱਢ-ਕਦੀਮਾਂ ਦਾ ਸਭਾਉ ਦੱਸਿਆ ਜਾਂਦਾ ਹੈ, (ਅਤੇ ਉਹ ਕਿਸੇ ਦੀ ਵੀ) ਕੀਤੀ ਘਾਲ-ਕਮਾਈ ਨੂੰ ਰਤਾ ਭਰ ਵੀ ਵਿਅਰਥ ਨਹੀਂ ਜਾਣ ਦਿੰਦਾ । (੩)ਮੇਰਾ ਸੱਜਣ ਹਰੇਕ ਸਰੀਰ ਵਿਚ ਵੱਸਦਾ ਹੈ, ਹੋਇਆ ਹਰੇਕ ਜੀਵ ਦੇ ਅੱਤ ਨੇੜੇ ਵੱਸਦਾ ਹੈ। ਦਾਸ ਨਾਨਕ ਸਦਾ ਉਸ ਦੀ ਸਰਨ ਪਿਆ ਰਹਿੰਦਾ ਹੈ। ਮੇਰਾ ਸੱਜਣ ਪ੍ਰਭੂ ਆਤਮਕ ਜੀਵਨ ਦੇਣ ਵਾਲਾ ਹੈ । ੧ ।

ਅਜੇਹੇ ਸੱਜਣ ਸੁਆਮੀ ਦਾ ਲੜ ਛੱਡ ਕੇ ਬਿੱਪ੍ਰੀ ਮਹਾਂਕਾਲ ਨੂੰ ਖਸਮ ਬਣਾ ਲੈਣਾ-**ਡੁਬੇ ਸੇ ਵਣਜਾਰਿਆ।..**?

ਚੋਪਈ ਦੀ ਦੂਜੀ ਪੰਕਤੀ-" ਅਦਿ ਅੰਤਿ .......ਹਮਾਰਾ ॥ ੩੯੫ ॥ ਨੂੰ ਅਸੀਂ ਪਿਛੇ ਚਰਿਤਰਾਂ ਦੀ ਵਿਚਾਰ ਸਮੇਂ ਵਿਚਾਰ ਲਿਆ ਸੀ। ਮਹਾਨ ਕੋਸ਼ ਦੇ ੮੮ ਸਫ਼ੇ ਤੇ ਅਵਤਾਰ ਦਾ ਅਰਥ : ਜਨਮ. " ਮਾਨੁਖਾ

ਅਵਤਾਰ ਦੁਰਲਭ " ਲਿਖਿਆ ਹੈ। ਅਵਤਾਰ ਦਾ ਭਾਵ ਮਾਤਾ ਦੇ ਗਰਭ ਚੋਂ ਜਨਮ ਲੈਣ ਵਾਲਾ ਹੈ। ਜਨਮ ਲੈਣ ਵਾਲੇ ਲਈ ਮਰਨਾ ਜ਼ਰੂਰੀ ਹੈ--" **ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ॥੭॥" {੧●੩੩}** ਗੁਰਮਤਿ ਅਨੁਸਾਰ ਐਸਾ ਕੋਈ ਅਵਤਾਰ ਨਹੀਂ ਹੋ ਸਕਦਾ ਜੋ ਸਦੀਵੀ ਰਹਿ ਸਕੇ, ਭਾਵ, ਜਿਸ ਦਾ ਨਾ ਕੋਈ ਅਦਿ ਹੋਵੇ ਨਾ ਕੋਈ ਅੰਤ ਹੋਵੇ। ਅਜੇਹਾ ਅਵਤਾਰ ਕੇਵਲ ਬ੍ਰਾਹਮਣ ਦੀ ਕਲਪਣਾ ਤੋਂ ਹੀ ਜਨਮ ਲੈਂਦਾ ਰਿਹਾ ਹੈ ਅਤੇ ਪੁਰਾਣਾ ਵਿਚ ਲਿਖਿਆ ਬਿਸਰਾਮ ਕਰਦਾ ਰਹਿੰਦਾ ਹੈ। ਇਹ ਕਹਿਣਾ-ਅਦਿ ਅੰਤਿ ਏਕੈ ਅਵਤਾਰਾ । ਸੋਈ ਗੁਰੂ ਸਮਝਿਯਹੁ  ਹਮਾਰਾ । ਗੁਰਮਤਿ ਵਿਰੋਧੀ ਅਰਥ ਹੀਣ ਕੱਚਾ ਬਚਨ ਹੈ। ਜਿਵੇਂ ਮਨੁੱਖ ਨੂੰ ਪਰਮਾਤਮਾ ਦੀ ਸਿਰਜਣਾ ਦਾ ਕੋਈ ਭੇਤ ਨਹੀਂ ਏਵੇ ਹੀ ਬ੍ਰਾਹਮਣੀ ਗ੍ਰੰਥਾਂ ਵਾਲੇ ਭਗਵਾਨਾ ਦਾ ਹਾਲ ਹੈ:- ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ= **ਰਾਮਕਲੀ ਮਹਲਾ ੫ ॥**

੧੭੨- **ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ  ਪਾਰਬ੍ਰਹਮ ॥੨॥ ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥ ਇਕਿ ਭਰਮੇ ਇਕਿ ਭਗਤੀ ਲਾਏ ॥ ਅਪਣਾ ਕੀਆ ਆਪਿ ਜਣਾਏ ॥੩॥ ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥  {੮੯੩}**

**ਨਮਸਕਾਰ  ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥**
**ਸਿਵਕਨ ਕੋ ਸਵਗੁਨ ਸੁਖ ਦੀਯੋ ॥ ਸ਼ੱਤ੍ਰਨ ਕੋ ਪਲ ਮੋ ਬਧ ਕੀਯੋ ॥ ੩੮੬ ॥**

**ਅਰਥ**:--ਮੇਰਾ ਉਸ ਨੂੰ ਨਮਸਕਾਰ ਹੈ ਜਿਸ ਨੇ ਸਾਰੀ ਪਰਜਾ ਨੂੰ ਆਪ ਬਣਾਇਆ (ਭਾਵੇ ਬਣਾਇਆ ਤਾਂ ਸਰਿਆਂ ਨੂੰ ਆਪ ਹੀ ਹੈ ਪਰ) ਸੇਵਕਾਂ ਨੂੰ ਤੁਸੀਂ ਸੌ ਗੁਣਾ ਵੱਧ ਸੁਖ ਦਿੱਤੇ ਹਨ ਅਤੇ ਦੁਮੁਣਾ ਨੂੰ ਪਲ ਭਰ ਵਿਚ ਮਾਰ ਦਿੱਤਾ ਹੈ। ੩੮੬।(ਪੰਡਿਤ ਨਰੈਣ ਸਿੰਘ--ਸ੍ਰੀ ਦਸਮਗ੍ਰੰਥ ਸਾਹਿਬ ਜੀ ਸਟੀਕ ਤੀਜੀ ਪੋਥੀ ਸਫ਼ਾ ੫੭੬)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜੇਹਾ ਕੋਈ ਸ਼ਬਦ ਨਹੀਂ ਹੈ ਜਿਸ ਵਿਚ ਭਲੇ ਬੁਰੇ ਦਾ ਨਿਖੇੜ ਕਰਕੇ, ਭਲੇ ਨੂੰ ਕਈ ਗੁਣਾ ਵੱਧ ਸੁਖ ਮਿਲਣ ਦੀ ਅਤੇ ਬਰਿਆਂ ਨੂੰ ਜਾਨੋਂ ਮਾਰ ਦੇਣ ਦੀ ਗੱਲ ਕੀਤੀ ਹਵੇ। ਸਾਡੇ ਅਨੂਪਮ ਸਤਿਗੁਰੂ ਜੀ ਤਾਂ ਸਾਡੀ ਸਾਂਝ ਉਸ-**ਆਦਿ ਸਚੁ ਜੁਗਾਦਿ ਸਚੁ** -- ਨਾਲ ਬਣਾ ਰਹੇ ਹਨ ਜਿਸ ਲਈ-**ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥੨॥**{੪੯੬}-ਅਥਵਾ; **-ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥** {੨੩੬} ਕਿਸੇ ਨੂੰ ਸੇਵਕ ਅਤੇ ਕਿਸੇ ਨੂੰ ਸ਼ਤਰੂ ਸਮਝਣ ਵਾਲੇ ਰੱਬ ਲਈ ਇਹ ਬਚਨ ਕਹੇ ਹੀ ਨਹੀਂ ਜਾ ਸਕਦੇ--" **ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥ ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ ॥** {੫੫੨} **ਭੁਲੜਾਂ** ਨੂੰ ਸਿਆਣੇ ਬਣਾ ਲੈਣ ਦੇ ਥਾਂ ਚੌਪਈ ਵਾਲਾ ਅਸਿਧੁਜ ਤਾਂ ' ਗੱਡੀ ਚਾੜ੍ਹੀ ' ਜਾਣ ਵਾਲੀ (ਬਾਬਾ ਜਰਨੈਲ ਸਿੰਘ ਜੀ ਵਾਲੀ) ਬੋਲੀ ਹੀ ਜਾਣਦੇ ਹਨ। ਭਾਈ ਘਨਈਆ ਜੀ ਦੇ ਰੂਪ ਵਿਚ, ਸਾਡੇ ਦਸ਼ਮੇਸ਼ ਜੀ ਤਾਂ ਅਵੈਰੀ ਬਣ ਕੇ ਆਏ ਘਾਇਲ ਦੁਸ਼ਟਾਂ ਨੂੰ ਗੋਦ ਵਿਚ ਲੈ ਕੇ ਠੰਡਾ ਜਲ ਛਕਾਉਣ ਦੇ ਨਾਲ ਉਨ੍ਹਾਂ ਦੇ ਘਾਵਾਂ ਨੂੰ ਸਾਫ਼ ਕਰਕੇ ਮਲ੍ਹਮ ਪੱਟੀ ਕਰਦੇ ਦਰਸ਼ਨ ਦੇ ਰਹੇ ਹਨ। ਅਤੇ ਫਿਰ ਵੈਰੀਆਂ ਨੂੰ ਪਲ ਵਿਚ ਮਾਰ ਦੇਣ ਵਾਲੀ ਗਲ ਵੀ **ਪ੍ਰਤੱਖ** ਝੂਠੀ, ਅਸਾਂ ਪਿਛੇ ਵੇਖ ਹੀ ਲਈ ਹੈ। ਇਕ ਅਤੁਲਬੀਜ ਦੈਂਤ ਹੀ ਕਈ ਵਰ੍ਹਿਆਂ ਦੀ ਜੰਗ ਵਿਛੋਂ, **ਕਾਇਰਾਂ ਵਾਲੀ ਕੋਝੀ** ਨਿਰਦੈਤਾ ਨਾਲ ਖਿਝੇ ਹੋਏ ਥੋਹੜ ਦਿਲੇ ਵੈਰੀ ਵਾਂਗ, ਮਰੇ ਹੋਏ ਦਾ ਸਿਰ ਸ੍ਰੀ ਅਸਧੁਜ ਜੀ **ਆਪ** ਲਾਹ **ਰਹੇ ਦਰਸਾਏ ਹੋਏ ਹਨ।**

ਅਗਲੀ ਚੌਪਈ:-ਘਟ ਘਟ ਕੇ  ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ।॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥ ੩੮੭ ॥

**ਅਰਥ**:- ਤੁਸੀ ਹਰਿ ਇਕ ਮਨ ਦੀ ਗੱਲ ਜਣਦੇ ਹੋ ਅਤੇ ਭਲੇ ਬਰੇ ਦੇ ਦੁਖ ਨੂੰ ਪਛਾਣਦੇ ਹੋ। ਕੀੜੀ ਤੋਂ ਲੈ ਕੇ ਵਡੇ ਅਕਾਰ ਵਾਲੇ ਹਾਥੀ ਤਕ ਤੁਸੀਂ ਹਰ ਇਕ ਉਤੇ ਪ੍ਰਸੰਨਤਾਪੂਰਬਕ ਕਿਰਪਾ ਦ੍ਰਿਸ਼ਟੀ ਰਖਦੇ ਹੋ।੩੮੭।

ਮਾੜਾ ਜਿਹਾ ਝੋਲਾ ਪਿਆ ਹੈ ਕਿ ਇਹ ਚੌਪਈ ਗੁਰਮਤਿ ਦੇ ਵਿਰੁੱਧ ਨਹੀਂ। ਪਰ ਅਧੂਰਾ ਗਿਆਨ ਹੋਣ ਦੇ ਕਾਰਨ ਗੁਰਬਾਣੀ ਵਾਲੇ ਅਨੰਦ-ਰਸ ਤੋਂ ਹੀਣੀ ਹੈ। ਕੀੜੀ ਤੋਂ ਹਾਥੀ ਦਾ ਅਰਥ ਕੇਵਲ ਖ਼ੁਸ਼ਕੀ ਦੇ ਜੀਵ ਜੰਤ ਹਨ ਪਰ ਕਿਟਾਣੂਆਂ ਤੁੱਲ ਕਈ ਜੰਤ ਕੀੜੀ ਤੋਂ ਵੀ ਛੋਟੇ ਹੁੰਦੇ ਹਨ, ਅਤੇ-**ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ** ॥{ਪੰਨਾ ੪੮੫} ਪਾਣੀ ਵਚਿਲੇ ਸੰਸਾਰ ਦਾ ਕੋਣ ਹੈ ?-ਏਧਰ ਵੀ ਪੰਖੀ ਅੱਖ ਝਾਤੀ ਮਾਰ ਲਉ--**ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ** ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥ ਅਤੇ -" **ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ** ॥ {ਜਪੁ}

੧੭੩– **ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ
ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ
ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥**{੪੬੭}–ਵਾ–੮

ਸਿਖਿਆ–ਰੂਪ ਬੇਅੰ ਰਤਨ, ਜਵਾਹਰ, ਮਾਣਕਾਂ ਦੇ ਨਿਧਿ, ਹੇ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀਓ ! ਉਹਾਡੀ ਬਰਾਬਰੀ ਕੌਣ ਕਰੇ ? ਅਗਲੀਆਂ ਚੌਪਈ ?

ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਨੈ ॥੩੯੮॥

ਸਰਬ ਪਿਤ੍ਰਪਾਲਕ ਸਿਰਣਹਾਰ, ਨਾਸਤਕਾਂ ਦੀ ਵੀ ਉਵੇਂ ਹੀ ਪਾਲਣਾ ਕਰ ਰਿਹਾ ਹੈ ਜਿਵੇ ਖ਼ਾਲਸਾ ਜੀ ਸੰਭਾਲ ਦੀ ਹੋ ਰਹੀ ਹੈ। ਘਟ ਘਟ ਵਾਸੀ ਉਸ ਨਿਰਵੈਰ ਪਰਮਾਤਮਾ ਬਾਰੇ ਪੱਖਪਾਤੀ ਰੁਚੀ ਦਰਸਾਉਂਦੇ ਅਜੇਹੇ ਬਚਨ ? ਉਸ ਨੂੰ ਕਿਸੇ ਦੇ ਦੁਖ ਸੁਖ ਨਾਲ ਕੀ ਵਾਸਤਾ ? ਭਾਵੇਂ ਕੋਈ ਸੰਤ ਹੈ ਤੇ ਭਾਵੇਂ ਅਸੰਤ ਹੈ। ਪਰ, ਅਜੇਹਾ ਮਨੁੱਖ ਜੋ ਸੰਸਾਰੀ ਦੁਖ ਸੁਖ ਨਾਲ ਪ੍ਰਭਾਵਤ ਹੁੰਦਾ ਹੈ ਉਹ " ਬਿੱਪ੍ਰ ਜਾਂ ਉਸ ਦੇ ਚੇਲਿਆਂ ਲਈ ਹੀ " ਸੰਤ " ਹੋ ਸਕਦਾ ਹੈ, ਪਰ ਏਧਰ ਸਤਿਗੁਰੂ ਗ੍ਰੰਥ ਸਾਹਿਬ ਜੀ ਲਈ ਭਗਵਾਨ ਦਾ ਰੂਪ ਉਹ ਮਹਾਂਪੁਰਖ ਹੈ ਜੋ– " **ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ** ॥੧੩॥ {੧੪੨੭} ਅਤੇ–**ਸੰਤਨਾਂ ਦੀ ਰੀਤ** ਇਉ ਫ਼ੁਰਮਾਨ ਕੀਤੀ ਹੈ:–**ਮਾਰੂ ਮਹਲਾ ੫ ॥**

੧੭੪– ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ ਮਨ
ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥ ਚਰਣ
ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥ ਚੰਦਨ
ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥ ਕਰਿ
ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ ਸੁਭਾਇ
ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ ਚਰਣ
ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥
{੧●੧੭}

**ਅਰਥ** :- ਰਹਾਉ ਦੀ ਤੁਕ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ, ਹੇ ਮੇਰੇ ਮਨ ! ਦਇਆਲ, ਪ੍ਰਕਾਸ਼-ਰੂਪ(ਦੇਵ) ਕਿਰਪਾਲ ਗੋਬਿੰਦ ਦੇ (ਸੰਤ ਜਨਾਂ ਦੀ ਸੰਗਤ ਵਿੱਚ ਰਹਿ ਕੇ) ਸਦਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਰਹੁ (ਉਹ ਸੰਤ ਜਨ ਹੁੰਦੇ ਕਿਹੋ ਜਿਹੇ ਹਨ ? ਉਨ੍ਹਾਂ) ਸੰਤ ਜਨਾਂ ਦੀ ਜੀਵਨ ਮਰਯਾਦਾ ਸੁਨ । ੧ ।

ਜਿਸ ਮਨੁੱਖ ਨੇ ਕਿਸੇ ਰੁੱਖ ਨੂੰ ਕਿਸੇ ਤੀਖਣਿ ਭਾਵ ਤੇਜ਼ ਹਥਿਆਰ ਨਾਲ ਕੱਟ ਸੁਟਿਆ, ਰੁੱਖ ਨੇ ਆਪਣੇ ਮਨ ਵਿੱਚ ਉਸ ਉਤੇ ਰੋਸੁ ਭਾਵ ਗੁੱਸਾ ਨਹੀਂ ਕੀਤਾ ਸਗੋਂ ਰੁਖ ਦੀ ਲੱਕੜੀ ਨੇ ਉਸ ਦਾ ਕੰਮ ਸਵਾ ਦਿੱਤਾ, ਤੇ ਕੱਟਣ ਵਾਲੇ ਨੂੰ ਰਤਾ ਭਰ ਕੋਈ ਦੋਸ਼ ਨਾਂ ਦਿੱਤਾ ।੧।

ਜਿਹੜਾ ਮਨੁੱਖ ਬੇੜੀ ਨੂੰ ਆਪਣੇ ਪੈਰਾਂ ਹੇਠ (ਉਗਾਹਿ) ਬੈਸਿਓ ਭਾਵ ਆਪਣੇ ਪੈਰਾਂ ਹੇਠ ਲਿਤੜ ਕੇ, ਨੱਪ ਕੇ ਉਸ ਵਿੱਚ ਬੈਹ ਗਿਆ ਉਸ ਮਨੁੱਖ ਦੇ ਸਰੀਰ ਵਿੱਚ ਪੈਂਡੇ ਦਾ ਸ੍ਰਮ ਭਂਵ ਥਕੇਵਾਂ ਨਾ ਰਿਹਾ । ਭਿਆਨਕ ਸਮੁੰਦਰ (ਦਰਿਆ ਆਦਿ) ਉਸ ਨੂੰ ਨਹੀਂ ਵਿਆਪ ਸਕਦਾ ਭਾਵ ਉਸ ਉਤੇ ਆਪਣਾ ਕੋਈ ਅਸਰ ਨਹੀਂ ਪਾ ਸਕਦਾ, ਬੇੜੀ ਵਿੱਚ ਬੈਠ ਕੇ ਝੱਟ ਪਾਰ ਜਾ ਉਤਰਿਆ ਬੇੜੀ ਨੇ ਆਪਣੀ ਹੋਈ ਕਿਸੇ ਬੇਅਦਬੀ ਵੱਲ ਕੋਈ ਧਿਆਨ ਨਹੀਂ ਦਿੱਤਾ ਸਗੋਂ ਉਸ ਨਾਲ ਨੇਕੀ ਹੀ ਕੀਤੀ **। ੨ ।** ਜਿਹੜਾ ਮਨੁਖ ਧਰਤੀ ਉੱਤੇ ਚੰਦਨ ਅਗਰ ਕਪੂਰ ਨਾਲ ਲੇਪਨ ਕਰਦਾ ਹੈ ਉਸ ਮਨੁੱਖ ਨਾਲ ਧਰਤੀ ਕੋਈ ਖ਼ਾਸ ਪਿਆਰ ਨਹੀਂ ਕਰਦੀ, ਤੇ ਜਿਹੜਾ ਮਨੁੱਖ ਧਰਤੀ ਉੱਤੇ ਗੂੰਹ ਮੂਤਰ ਸੁਟਦਾ ਹੈ, ਧਰਤੀ ਨੂੰ ਪੁੱਟਦਾ ਹੈ ਉਸ ਮਨੁੱਖ ਵਿਰੁਧ ਧਰਤੀ ਕੋਈ ਰੋਸ ਨਹੀਂ ਕਰਦੀ **। ੩ ।** ਕੋਈ ਉੱਚਾ ਹੋਵੇ ਕੋਈ ਨੀਵਾਂ ਹੋਵੇ, ਕੋਈ ਬੁਰਾਈ ਕਰੇ ਕੋਈ ਭਲਾਈ ਕਰੇ ਆਕਾਸ਼ ਦੇ ਵਤੀਰੇ ਵਿੱਚ ਕੋਈ ਫਰਕ ਨਹੀਂ ਪੈਂਦਾ ਅਤੇ ਸਭਨਾਂ ਵਾਸਤੇ ਸੁਖਾਂ ਦਾ ਛਤਰ ਬਣਿਆ ਰਹਿੰਦਾ ਹੈ । ਅਕਾਸ਼ ਨਾ ਕਿਸੇ ਨੂੰ ਮਿੱਤਰ ਸਮਝਦਾ ਹੈ ਅਤੇ ਨਾ ਕਿਸੇ ਨੂੰ ਵੈਰੀ, ਸਾਰੇ ਜੀਵਾਂ ਨਾਲ ਇੱਕ-ਸਮਾਨ ਹੈ । ੪ ।

ਸੂਰਜ ਆਪਣੀ ਪ੍ਰਚੰਡ ਭਾਵ ਤੇਜ਼ ਰੌਸ਼ਨੀ ਨਾਲ ਪ੍ਰਗਟ ਹੋ ਕੇ ਹਨੇਰੇ ਦਾ ਨਾਸ ਕਰਦਾ ਹੈ । ਚੰਗੇ ਮੰਦੇ ਸਭ ਜੀਵਾਂ ਨੂੰ ਉਸ ਦੀਆਂ ਕਿਰਣਾਂ ਲੱਗਦੀਆਂ ਹਨ, ਕਿਸੇ ਨਾਲ ਕੋਈ ਬਿਖਾਦੁ ਭਾਵ ਦੁੱਖ, ਵਿਤਕਰਾ ਨਹੀਂ ਕਰਦਾ **। ੫ ।** ਠੰਡੀ, ਮਿੱਠੀ ਅਤੇ ਸੁਗੰਧੀ-ਭਰੀ ਹਵਾ ਸਭਨਾ ਥਾਂਵਾਂ ਤੇ ਇੱਕੋ ਜਿਹੀ ਚਲਦੀ ਹੈ, ਚੰਗੀਆਂ ਮੰਦੀਆਂ ਸੱਭ ਚੀਜ਼ਾਂ ਨੂੰ ਬਿਨਾ ਸੰਕੇ ਦੇ ਭਾਵ ਬਿਨਾ ਝਿਜਕ ਦੇ ਲੱਗਦੀ ਹੈ । ੬ ।

ਜਿਹੜਾ ਵੀ ਮਨੁੱਖ ਚੰਗੀ ਜਾਂ ਮੰਦੀ ਭਾਵਨਾ ਨਾਲ ਅੱਗ ਦੇ ਨੇੜੇ ਜਾਂਦਾ ਹੈ, ਅੱਗ ਉਸ ਦਾ ਪਾਲਾ ਦੂਰ ਕਰ ਦਿੰਦੀ ਹੈ । ਅੱਗ ਨੂੰ ਕਿਸੇ ਆਪਣੇ ਜਾਂ ਪਰਾਏ ਨਾਲ ਕੋਈ ਵਾਸਤਾ ਨਹੀਂ ਉਹ ਆਪਣੇ ਸੁਭਾ ਵਿੱਚ ਅਡੋਲ ਰਿਹਿੰਦੀ ਹੈ **। ੭ ।** (ਹੇ ਮੇਰੇ ਮਨ ! ਇਸੇ ਤਰ੍ਹਾਂ ਪਰਮਾਤਮਾ ਦੇ ਸੰਤ ਜਨ) ਪਰਮਾਤਮਾ ਦੇ ਚਰਨਾਂ ਦੀ ਸਰਨ ਵਿਚ ਰਹਿ ਕੇ ਖ਼ਸਮ ਵਾਲੇ ਬਣ ਜਾਂਦੇ ਹਨ, ਉਹ ਸੋਹਣੇ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰਤੇ ਰਹਿੰਦੇ ਹਨ । ਹੇ ਮੇਰੇ ਮਨ ਤੂੰ ਵੀ ਗੋਪਾਲ ਪ੍ਰਭੂ ਦੇ ਗੁਣ ਗਾਉਂਦਾ ਰਿਹਾ ਕਰ ਤਾਂ ਜੋ ਤੇਰੇ ਤੇ ਵੀ ਪ੍ਰਭੂ ਦੀ ਮਿਹਰ ਹੋ ਜਾਏ । ੮ ।

**ਅਤੇ ਸੰਤ ਭਗਤ ਉਹ ਹੈ ਜੋ ਹਰ ਹਾਲਤ ਵਿਚ - " ਨਾਨਕ ਭਗਤਾ ਸਦਾ ਵਿਗਾਸੁ ॥ " ਸਦਾ ਖੇੜੇ ਵਿਚ ਹੀ ਹੈ। ਕਿਉਂਕਿ-**

੧੭੫- **ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ {੨੧੯}-੧**

**ਪ੍ਰਭੂ ਦੇ ਦਰਬਾਰ ਦਾ ਅਟੱਲ ਸਿਧਾਂਤ ਹੈ ਕਿ,(੧) " ਜੇਹਾ ਕੋ ਬੀਜੇ ਤੇਹਾ ਫਲੁ ਪਾਏ " ।" ਯਥਾ- (੨) ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥** " ਅਤੇ--(੩) **ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ "--** ਅਪਣੇ ਕਰਮਾ ਤੋਂ ਦੁਖ ਸੁਖ ਮਿਲਦੇ ਹਨ--(੪) " **ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥ ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥** "{੧●੩●} (੫) **ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥** {੪੩੩} ਚੌਪਈ ਸਾਹਿਬ ਦੀ ਤਾਂ ਗੱਲ ਹੀ ਉਲਟੀ ਹੈ। ਸੰਸਾਰ ਖੇਡ ਦੀ ਸੰਭਾਲ ਉਸ ਦੇ ਨਿਯਮ-ਰੂਪ ਹੁਕਮ ਵਿਚ ਹੋ ਰਹੀ " **ਵੇਖੈ ਵਿਗਸੈ ਕਰਿ ਵੀਚਾਰੁ ॥** " ਸਦਾ ਖੇੜੇ ਵਿਚ ਰਹਿਣ ਵਾਲਾ ਸਿਰਜਣਹਾਰ ਭਲਾ ਕਿਸੇ ਦੇ ਕਰਮਾ ਤੋਂ ਮਿਲਦੇ ਦੁਖ ਤੋਂ ਆਪ ਦੁਖੀ ਕਿਉਂ ਹੋਵੇ ? ਧਰਤੀ ਦੇ ਮਾਲਕ, ਉਸ ਸਚੇ ਸਹਿਬ ਦੀ ਤਾਂ ਨਿਸ਼ਾਨੀ ਹੀ ਇਹ ਹੈ :-

੧੭੬- **ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥**

**ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥** {੬੩੨}

ਉਸ ਦੀ ਵਡਿਆਈ ਇਹ ਹੈ ਕਿ ਉਹ ਅਪਣੇ ਇਕ ਬੱਝਵੇਂ ਸਿਧਾਂਤ ਦੁਆਰਾ ਜੀਵਾਂ ਦੀ ਪਾਲਣਾ ਕਰ ਰਿਹਾ ਹੈ। ਉਸ ਦਾਤਾਰ ਦੀਆਂ ਬੇਅੰਤ ਵਡਿਆਈਆਂ ਵਿਚੋਂ ਇਕ ਵਢਿਆਈ ਇਹ ਵੀ ਹੈ " **ਵਡੀ ਵਡਿਆਈ ਜਾ ਸਚੁ ਨਿਆਉ** ॥{੪੬੩} ਕਿ **ਉਸ ਦਾ ਨਿਆਂ ਖੁਨਾਮੀ ਰਹਿਤ ਅਤੇ ਅਟੱਲ ਹੈ।**

## ੭- ਬਰਾਹਮਣੀ ਗ੍ਰੰਥਾਂ ਵਰਗੀ ਲਿਖਣ ਵਿਧੀ ?

ਦਸਮ ਗ੍ਰੰਥ ਦੇ ਸਮਰਥਕਾਂ ਲਈ ਵੀ ਕੋਈ ਮਸਾਲਾ ਉਪਲਬਧਿ ਰਹਿਣਾ ਜ਼ਰਰੀ ਸੀ। ਚਪਲ ਬੁੱਧੀ ਵਿਦਵਾਨ ਬਿੱਪ੍ਰ ਆਪਣੀ ਏਸੇ ਲਿਖਣ-ਵਿਧੀ ਨਾਲ ਹੀ ਵੱਡੇ ਤੋਂ ਵਡਾ ਕੁਫ਼ਰ ਲੋਕਾਂ ਲਈ ਪੂਜਨੀਕ ਬਣਾਉਂਦਾ ਆ ਰਿਹਾ ਹੈ। ਇਸੇ ਨੀਤੀ ਅਧੀਨ ਅਗਲੀਆਂ ੩੯੯ ਤੋਂ ੩੯**੫** ਤਕ **ਚੌਪਈਆਂ** ਗੁਰਮਤਿ ਦੀ ਖੰਡਨਾ ਤਾਂ ਨਹੀਂ ਕਰ ਰਹੀਆਂ, ਪਰ ਗੁਰਬਾਣੀ ਦੀ ਬਰਾਬਰ ਦੀ ਗਲ, ਉਨ੍ਹਾਂ ਵਿਚ ਵੀ ਨਹੀਂ ਹੈ। ਉਦਾਹਰਨ ਵਜੋਂ- " **ਤੁਮਰਾ ਲਖਾ ਨ ਜਾਇ ਪਸਾਰਾ । ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥ ੩੯੩॥** " ਪੂਰਾ ਸਚੁ ਨਹੀਂ ਹੈ ਕਿਉਂਕਿ, ਏਸੇ ਲਿਖਾਰੀ ਜੀ ਨੇ ਸ੍ਰਿਸ਼ਟੀ ਸਿਰਜਣਾ ਅਰੰਭ ਹੋਣ ਦਾ ਪੂਰਾ ਵੇਰਵਾ ਕਈ ਥਾਈਂ ਲਿਖਿਆ ਹੋਇਆ ਹੈ, ਜੋ ਅਸੀਂ ਬਚਿੱਤ੍ਰ ਨਾਟਕ ਦੀ ਵਿਚਾਰ ਸਮੇਂ ਬੜੇ ਵਿਸਥਾਰ ਨਾਲ ਪੜ੍ਹ ਚੁੱਕੇ ਹਾਂ। " ਬਿੱਪਰਨ ਕੀ ਰੀਤ ਤੋ ਸੱਚ ਦਾ ਮਾਰਗ " ਪੁਸਤਕ ਦੇ ਸਤਵੇਂ ਭਾਗ ਵਿਚ ਦੂਜਾ ਹੀ ਲੇਖ-" ਸ੍ਰੀ ਦਸਮ ਗੁਰੂ ਗ੍ਰੰਥ ਜੀ ਅਤੇ ਸ੍ਰਿਸ਼ਟੀ ਸਿਰਜਣਾ " ਹੈ। ਇਸ ਵਿਸ਼ੇ ਬਾਰੇ ਦਸਮ ਗ੍ਰੰਥ ਵਿਚਲੀਆਂ ਕਈ ਤਰ੍ਹਾਂ ਦੀਆਂ ਸਵੈ ਵਿਰੋਧੀ ਗੱਲਾਂ ਪਾਠਕਾਂ ਨੇ ਇਸ ਗ੍ਰੰਥ ਦੀ ਵਿਚਾਰ ਸਮੇਂ ਵੀ ਪੜ੍ਹੀਆਂ ਹਨ। ਸੋ ਬਾਰ ਬਾਰ ਉਹੀ ਗੱਲਾਂ ਲਿਖੀ ਜਾਣੀਆਂ ਸਮੇ ਦਾ ਹੀ ਨਸ਼ਟ ਕਰਨ ਵਾਲੀ ਵਿਅਰਥ ਗੱਲ ਹੋਵੇਗੀ।

ਅੱਗੇ ਫਿਰ ਉਹੀ ਨਿਜ-ਸੁਆਥੀ ਕਾਇਰਾਂ ਵਾਲੀ ਬ੍ਰਾਹਮਣੀ ਕੁਟਲ ਬੋਲੀ ? :--

**ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖਯ ਉਪਾਰਿ ਅਸਿੱਖਯ ਸੰਘਰੋ ॥**

**ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਗਲ ਮਲੇਛ ਕਰੋ ਰਣ ਘਾਤਾ ॥ ੩੯੬॥**

**ਅਰਥ**:-ਹਣ ਤੁਸੀਂ ਮੇਰੀ ਰਖਿਆ ਕਰੋ ਅਤੇ ਗੁਰਮੁਖਾਂ ਨੂੰ ਬਚਾਓ ਅਤੇ ਮਨਮੁਖਾਂ ਦਾ ਨਾਸ ਕਰੋ। ਜਿੰਨੇ ਵੀ ਦੁਸ਼ਟ ਉਠ ਕੇ ਉਪੱਧਰ ਮਚਾ ਰਹੇ ਹਨ ਉਨ੍ਹਾਂ ਸਭ ਮਲੇਛਾਂ ਦਾ ਯੁੱਧ ਵਿਚ ਖ਼ਾਤਮਾ ਕਰੋ।੩੯੬।

ਕੀ, ਇਹ ਮੰਗ ਉਨ੍ਹਾਂ ਹੀ ਦਸਮ-ਗੁਰੂ ਨਾਨਕ ਸਾਹਿਬ ਜੀ ਦੀ ਹੈ ਜਿਹੜੇ ਭਖਦੇ ਜੰਗ ਵਿਚ ਵੇਰੀਆਂ ਦੀ ਸੇਵਾ ਵਿਚ ਰੁੱਝ ਅਸਾਂ ਅਜੇ ਹੁਣੇ ਅਸਾਂ ਵੇਖੇ ਹਨ ? **ਗੁਰਮੁਖ** ਅਤੇ **ਮਨਮੁਖ** ਸ਼ਬਦ ਦਸਮਗ੍ਰੰਥ ਵਿਚ ਕਿਤੇ ਭੇਲੇਖੇ ਨਾਲ ਲਿਖੇ ਹੋਏ ਵੀ ਨਹੀਂ ਮਿਲਦੇ। ਗਿਆਨੀ ਨਰੈਣ ਸਿੰਘ ਦੀ ਦਸਮਗ੍ਰੰਥ ਪ੍ਰਤੀ ਉਚੇਚੀ ਸ਼ਰਧਾ ਦਾ ਹਾਲ ਵੇਖੋ ਕਿ ਉਨ੍ਹਾਂ ਇਸ ਗ੍ਰੰਥ ਦੀ ਲਿਖਤ ਨੂੰ

ਗੁਰਬਾਣੀ ਦਾ ਰੂਪ ਦੇਣ ਲਈ " ਗੁਰਮੁਖਿ ਅਤੇ ਮਨਮੁਖ " ਪਦ ਕੋਲੋਂ ਹੀ ਲਿਆ ਵਾੜੇ। ਭਾਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਹਾਇਤਾ ਨਾਲ ਗੁਰਮਤਿ ਵਿਰੋਧੀ ਲਿਖਤ ਨੂੰ ਗੁਰਬਾਣੀ ਦੀ ਸ਼ਕਲ ਦਿੱਤੀ ਜਾ ਰਹੀ ਹੈ। ਕੀ, ਮਨਮੁਖਾਂ ਦਾ ਨਾਸ ਕਰਨ ਦਾ ਜ਼ਿਕਰ ਗੁਰਬਾਣੀ ਵਿਚ ਮਿਲਦਾ ਹੈ? ਇਸ ਵਲ ਧਿਆਨ ਕੀਤੇ ਬਿਨਾ ਜਦ ਪੰਥ ਦੇ ਸਰਬਰਾਹਾਂ ਨੇ, ਗੁਰਮਤਿ ਵਿਰੋਧੀ ਇਸ ਚੌਪਈ ਸਾਹਿਬ ਨੂੰ ਸਿੱਖ ਧਰਮ ਦਾ ਥੰਮ* ਰੂਪ ਮਿਥ ਲਿਆ, ਤਾਂ ਗਿਆਨੀ ਨਰੈਣ ਸਿੱਘ ਜੀ ਵੀ ਕਿਉਂ ਕਸਰ ਛੱਡਦੇ ?

{**Foot note:-**ਪੜ੍ਹੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਰਤੋਂ ਨਾਲ ਜਾਰੀ ਹੋਇਆ ਹੁਕਮਨਾਮਾ --

ੴ

ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ। ਮਿਤੀ- ੫-੭-੧੯੭੭

ਨੰ: ੩੫੭੪੮

**ਹੁਕਮਨਾਮਾ**

ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚ ਅਰਦਾਸ ਚੌਪਈ (ਹਮਰੀ ਕਰੋ ਹਾਥ ਦੇ ਰੱਛਾ) ਭੀ ਹਨ, ਜੋ ਸਿੱਖ ਧਰਮ ਦੇ ਥੰਮ ਰੂਪ ਹਨ, ਜਿਨ੍ਹਾਂ ਦਾ ਸਮੁੱਚੇ ਤੌਰ ਤੇ ਸਾਰੇ ਸਿੱਖ ਜਗਤ ਨਾਲ ਸੰਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੇ ਸਮੁੱਚੇ ਫ਼ੈਸਲੇ ਤੋਂ ਬਿਨਾ ਗਿਆਨੀ ਭਾਗ ਸਿੰਘ ਅੰਬਾਲਾ ਨੇ ਇੱਕ ਦਸਮ ਗ੍ਰੰਥ ਨਿਰਣੈ ਪੁਸਤਕ ਲਿਖ ਕੇ ਵਿਅਕਤੀਗਤ ਕਿੰਤੂ ਕਰਕੇ ਪੰਥ ਦੇ ਬੁਨਿਅਦੀ ਅਸੂਲਾਂ ਤੇ ਭਾਰੀ ਸੱਟ ਮਾਰ ਕੇ ਘੋਰ ਪਾਪ ਕੀਤਾ ਹੈ। ਇਸ ਲਈ **ਮੈ** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਿੰਵਚ ਦੇਸ਼ ਪ੍ਰਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਆਪ ਹਾਜ਼ਰ ਹੋ ਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫ਼ੀ ਨਹੀਂ ਮੰਗਦਾ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਵਿਖੇ ਕਿਸੇ ਸੂਰਤ ਵਿੱਚ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ ਤੇ ਸਖ਼ਤੀ ਨਾਲ ਅਮਲ ਕਰਨ।

ਸਹੀ ਸਾਧੂ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ। }

ਵਾਹ ਖ਼ਾਲਸਾ ਜੀ ਵਾਹ ! ਅਰਦਾਸ ਵਿਚ ਤਾਂ ਦੋਵੇਂ ਵੇਲੇ ਸਰਬੱਤ ਦੇ ਭਲੇ ਦੀ ਮੰਗ ਕਰਦੇ ਹੋ ਪਰ ਨਿਤਨੇਮ ਵਿਚ ਕਈਆਂ ਦੇ ਸਰਬ ਨਾਸ ਦੀ ਮੰਗ ? ਹੇ ਦੂਲੇ ਖ਼ਾਲਸਾ ਜੀਓ ! ਜਿਸ ਸਤਿਗੁਰੂ ਜੀ ਦੇ ਲੜ ਲੱਗੇ ਹੋਏ ਹੋ, ਉਸ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਇਸ ਮਹਾਂਵਾਕ ਦਾ ਕੀ ਬਣਿਆਂ। ਆਪਣੇ ਬਝਵੇਂ ਹੁਕਮ ਰੁਪੀ ਵਿਯੱਮ ਅਨੁਸਰ, " ਸਚੁ ਨਿਅਉਂ " ਕਰਨ ਦੀ ਵਡਿਆਈ ਵਾਲਾ ਪਰਮ-ਆਦਲ ਧਰਮੀਆਂ ਦਾ ਜੈਕਾਰ ਅਤੇ ਪਾਪੀਆਂ ਨੂੰ ਡੰਡ ਦਿੰਦਾ ਵਿਖਾਇਆ ਜ਼ਰੂਰ ਹੈ--ਜਿਵੇਂ- " ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥ ੧੬॥ " {੮੯} ਪਰ ਇਨ੍ਹਾਂ ਅਰਥਾਂ ਵਾਲੀ ਮੰਗ, ਪਰਮਾਤਮਾ ਤੋਂ ਕਿਸੇ ਥਾਂ ਨਹੀਂ ਕੀਤੀ ਗਈ। ਮੰਗ ਤਾਂ ਸਦਾ ਏਹੀ ਹੈ:-

੧੭੭- **ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥**{੮੫੩}-੧●

ਪੰਡਿਤ ਨਰੈਣ ਸਿੰਘ ਜੀ ਗਿਆਨੀ ਨੇ ਗੁਰਬਾਣੀ ਵਿਚੋਂ ਸ਼ਾਇਦ, ਮਨਮੁਖਾਂ ਦੇ ਖ਼ਾਤਮੇ ਦੀ ਗੱਲ ਕਿਤੋਂ ਪੜ੍ਹ ਲਈ ਹੋਵੇ ? ਇਸ ਸ਼ੰਕੇ ਦੀ ਨਿਵਰਤੀ ਲਈ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਭਰੀ ਤਾਂ ਮਨਮੁਖ ਆਪਣੀ ਕਰਤੂਤ ਦੇ ਕਾਰਨ ਦੁਖੀ, ਜਨਮ ਮਰਨ ਦੇ ਗੇੜ ਵਿਚ ਪਿਆ ਤਾਂ ਕਈ ਥਾਈਂ ਨਜ਼ਰੀਂ ਆਇਆ, ਪਰ ਜਿਵੇਂ ਚੌਪਈ ਸਾਹਿਬ ਵਿਚ " ਅਸਿੱਖ ਸੰਘਾਰੇ " ਜਾਂ ਮਲੇਛਾਂ ਦਾ ਘਾਤ ਚਿਤਵਿਆ ਹੋਇਆ ਹੈ, ਅਜੇਹਾ ਬਚਨ, ਵਡੇ ਤੋਂ ਵਡੇ ਕਿਸੇ ਪਾਪੀ ਲਈ ਵੀ ਕਿਤੇ ਨਹੀਂ ਮਿਲਦਾ। ਮਨਮੁਖ ਪ੍ਰਤੀ ਬੇਅੰਤ ਗੁਰੂ ਫ਼ੁਰਮਾਨਾ ਵਿਚੋਂ ਕੇਵਲ ਵਣਗੀ ਮਾਤਰ:--

੧੭੮- **ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥ ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥ ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥ ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥ ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥ ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥ ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥ ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥ {੯੫●}-ਵਾ-੯**

ਮਨਮੁਖ ਦੀ ਖ਼ਸਲਤ ਦਰਸਾ ਕੇ ਉਸ ਨੂੰ ਭਟਕਣਾ ਵਿਚੋਂ ਬਾਹਰ ਆਉਣ ਦਾ ਰਸਤਾ ਵੀ ਵਿਖਾਇਆ ਹੈ। ਗੁਰੂ ਨਾਨਕ ਸਾਹਿਬ ਜੀ ਦੇ ਘਰ ਕਿਸੇ ਦਾ ਬੁਰਾ ਚਿਤਵਣਾ ਰਬ ਦਾ ਬੁਰਾ ਚਿਵਣ ਤੁਲ ਮੰਨਿਆਂ ਗਿਆ ਹੈ-**ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥** " ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ " ਚੌਥੇ ਭਾਗ ਦੇ ਤੀਜੇ ਕਾਂਡ ਵਿਚ ਪਾਪ ਪੰਨ ਦਾ ਗੁਰਮਤਿ ਸਿਧਾਂਤ ਵਿਚਾਰਦੇ ਸਮੇ, ਵਿਸਥਾਰ ਨਾਲ ਲਿਖਿਆ ਹੋਇਆ ਹੈ ਕਿ, ਕਿਸੇ ਦੇ ਕਰਮ ਨੂੰ ਚੰਗਾ ਜਾਂ ਮਾੜਾ ਕਿਹਾ ਜਾ ਸਕਦਾ ਹੈ ਪਰ ਮਨੁੱਖ ਬਾਰੇ ਅਜੇਹਾ ਫ਼ਤਵਾ ਨਹੀਂ ਦਿੱਤਾ ਜਾ ਸਕਦਾ। ਉਹੀ ਮੁਨੁੱਖ ਮੰਦੇ ਤੋਂ ਚੰਗਾ ਅਤੇ

ਚੰਗੇ ਤੋਂ ਮੰਦਾ ਬਣਦਾ ਆ ਰਿਹਾ ਹੈ। ਭਾਈ ਸੱਜਣ, ਭਾਈ ਕੌਡਾ, ਭਾਈ ਭੂਮੀਆਂ ਕਰਮਾਂ ਕਰਕੇ ਹੀ ਮਾੜੇ ਸਨ ਕਰਮ ਸੁਧਰ ਗਏ ਭਾਈ ਸਾਹਿਬ ਬਣ ਗਏ। ਸੋ ਕਿਸੇ ਦੀ ਮੌਤ ਲਈ ਅਰਦਾਸਾਂ ਕਰਨੀਆਂ ਬ੍ਰਾਹਮਣਵਾਦ ਹੈ।

ਪੰਡਿਤ ਨਰੈਣ ਸਿੰਘ ਜਿਹੇ ਦੁਬਾਜਰੇ ਗਿਆਨੀਆਂ ਨੇ ਨਿਰਮਲ ਖ਼ਾਲਸਾ ਪੰਥ ਵਿਚ ਮੈਲ ਰਲਾ ਕੇ ਇਸ ਦੀ ਨਿਆਰੀ ਆਭਾ ਨੂੰ ਅਜੇਹਾ ਵਿਗਾੜਿਆ ਕਿ, ਪੰਥ ਆਪਣੀਆਂ ਚੜ੍ਹਤਾਂ ਗੁਆ ਬੈਠਾ ਹੋਇਆ ਵੀ ਹੰਕਾਰ ਦੀ ਸਿਖ਼ਰ ਤੋਂ ਹੇਠਾਂ ਨਹੀਂ ਆ ਰਿਹਾ।

ਜੇ ਅਸਿਧੁਜ ਤਵ ਸ਼ਰਨੀ ਪਰੇ । ਤਿਨ ਕੇ ਦੁਸ਼ਟ ਦੁਖਿਤ ਹਵੈ ਪਰੇ ।
ਪੁਰਖ ਜਵਨ ਪਗੁ ਪਰੇ ਤਿਹਾਰੇ । ਤਿਨ ਕੇ ਤੁਮ ਸੰਕਟ ਸਭੁ ਟਾਰੇ ॥ ੩੯੭॥

ਕਿਸੇ ਦੇ ਕੇਵਲ ਪੈਰੀ ਪੈ ਜਾਣ ਨਾਲ ਉਸ ਰੱਬ ਨੂੰ ਕੀ ? ਕਿਉਂਕਿ- " **ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥** "--ਦੈਤਾਂ ਨਾਲ ਜੂਝ ਕੇ ਹਟੇ ਇਸ ਸ੍ਰੀ " ਅਸਿਧੁਜ " ਜੀ ਦਾ ਕੋਈ ਪਤਾ ਨਹੀਂ, ਉਹ ਕਿਸੇ ਦਾ ਭਲਾ ਕਿਸ ਸ਼ਰਤ ਤੇ ਕਰਦੇ ਹੋਣ ? ਪਰ ਉਸ ਸਰਬ ਪ੍ਰਿਤਪਾਲਕ ਅਕਾਲ ਪੁਰਖ ਦੇ ਦਰਸ਼ਨ ਤਾਂ ਇਉਂ ਹੋ ਰਹੇ ਹਨ:--

੧੨੯- **ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ॥ ਸਾਰਿ ਸਮ੍ਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ ॥੧॥ ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ ॥੧॥ ਰਹਾਉ ॥ ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥ ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥੨॥ ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥ ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥੩॥ ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥** {੧੨੬੬}

ਵਾਹੁ ਵਾਹੁ ਮਿਠਬੋਲੜੇ ਗੁਰੂ ਨਾਨਕ ਜੀ ਦੇ ਦਿਆਲੂ ਅਕਾਲਪੁਰਖ ਜੀਓ! ਤੁਸੀਂ ਧੰਨ ਧੰਨ ਹੋ, ਬਿਨਾ ਵਿਤਕਰੇ ਦੇ ਸਕੇ ਪੁੱਤਰਾਂ ਵਰਗਾ ਸਨੇਹ ਅਤੇ ਦੇਖਭਾਲ ? ਹੇ ਸੱਚੇ ਪਿਤਾ ਜੀਓ ! ਇਸ ਦਾਸਰੇ ਨੂੰ ਸਦਾ ਅਪਣੇ ਚਰਨਾਂ ਵਿਚ ਹੀ ਟਿਕਾਈ ਰੱਖਣਾ ਜੀ।

ਜਿਉ ਜਿਉ ਵਿਚਾਰ ਅੱਗੇ ਤੁਰਦੀ ਹੈ, ਇਸ ਚੌਪਈ ਸਾਹਿਬ ਦੇ ਗੁਰਮਤਿ ਵਿਰੋਧੀ ਬਚਨਾਂ ਤੋਂ ਮਨ ਹੋਰ ਵੀ ਵੱਧ ਪੀੜਤ ਹੁੰਦਾ ਹੈ॥ ਕੁਝ ਕੁ ਬਚਨ ਤੋਂ, ਜਿਵੇ ਜ਼ਹਿਰ ਛਕਾਉਣ ਲਈ ਸ਼ਹਿਦ ਮਿਲਾਉਣ ਦੀ ਵਿਧੀ ਵਰਤੀ ਹੋਵੇ, ਗੁਰਮਤਿ ਦਾ ਝੌਲਾ ਜਿਹਾ ਪੈਂਦਾ ਹੈ, ਉਂਜ, ਲਗ-ਪਗ ਸਾਰੀ ਚਉਪਈ-ਸਾਹਿਬ, ਗੁਰਮਤਿ ਦੇ ਆਸ਼ੇ ਦੀ ਘੋਰ ਖੰਡਣਾ ਹੈ--

## ੮

# ਦੇਗ਼ ਵਿਚੋਂ ਦਾਣਾ ਟੋਹ ਲਿਆ ?

ਅਖਾਣ ਹੈ ਕਿ ਦੇਗ਼ ਵਿਚੋਂ ਇੱਕ ਦਾਣਾ ਟੋਹ ਲੈਣ ਨਾਲ ਸਾਰੀ ਦੇਗ਼ ਬਾਰੇ ਸਮਝ ਪੈ ਜਾਂਦੀ ਹੈ, ਕਿ ਦੇਗ਼ ਤਿਆਰ ਹੈ, ਕਿ, ਜਾਂ ਉਸ ਦੇ ਅੰਦਰ ਦਾ ਪਦਾਰਥ ਅਜੇ ਕੱਚਾ ਹੀ ਹੈ ? ਅਸੀਂ ਤਾਂ ਅਧੀਓਂ ਵੱਧ ਚੌਪਈ ਸਾਹਿਬ ਦੇ ਖੁਲ੍ਹੇ ਦਰਸ਼ਨ ਕਰ ਲਏ ਹਨ। ਫਿਰ ਅੰਤ ਵਿਚ ਤਾਂ ਲਿਖਾਰੀ ਨੇ ਆਪ ਹੀ ਸਪੱਸ਼ਟ ਕਰ ਦਿੱਤਾ ਹੈ ਕਿ, ਇਹ ਕਬਯੋ ਬਾਚ ਸ੍ਰੀ ਅਸਧੁਜ ਦੀ ਕਥਾ ਦਾ ਭਾਗ ਹੈ, ਅਥਵਾ ਨੰਗੇਜ ਅਤੇ ਅਸ਼ਲੀਲਤਾ ਅਤੇ ਦੀ ਸੜ੍ਹਾਂਦ ਨਾਲ ਨਕਾਨਕ ਭਰੇ ਹੋਏ ਚਰਿਤ੍ਰੋ ਪਾਖਿਆਨ ਗ੍ਰੰਥ ਦਾ ਹੀ ਹਿੱਸਾ ਹੈ। ਲਿਖਾਰੀ ਜੀ ਲਿਖਦੇ ਹਨ:-

**ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥**
**ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥ ੪੦੨** ॥

**ਅਰਥ:**--ਜਗਤ ਦੀ ਮਾਤਾ (ਸ਼ਿਵਾ =ਬਾਰਬਤੀ-ਦੁਰਗਾ-ਦੂਲੋ ਦੇਵੀ ਜੀ ? ਕਿ ਜਾਂ ਮਹਾਂਕਾਤ-ਰੂਪ ਅਕਾਲਪੁਰਖ ?) ਜੀ ਨੇ ਮੇਰੇ ਤੇ ਕਿਰਪਾ ਕੀਤੀ ਹੈ ਅਤੇ ਇਸ ਸ਼ੁੱਭ ਰਾਤ ਨੂੰ ਇਹ ਗ੍ਰੰਥ ਪੂਰਾ ਕਰ ਲਿਆ ਹੈ। ਉਹ ਪ੍ਰਭੂ ਸਰੀਰ ਦੇ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਹੈ ਅਤੇ ਦੋਖੀਆਂ ਅਤੇ ਦੁਸ਼ਟਾਂ ਨੂੰ ਮਾਰਨ ਵਾਲਾ ਹੈ। ੪੦੨।

**ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥**
**ਮਨ ਬਾਂਛਤ ਫਲ ਪਾਏ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥** ੪੦੩ ॥

**ਅਰਥ**:--ਜਦ ਸ੍ਰੀ ਅਸਿਧਜ ਜੀ ਦਿਆਲ ਹੋਏ ਤਾਂ ਛਿਣ ਵਿਚ ਹੀ ਇਹ ਗ੍ਰੰਥ ਸੰਪੂਰਨ ਕਰ ਦਿੱਤਾ । ਜਿਹੜਾ ਵਿਅਕਤੀ ਇਸ ਗ੍ਰੰਥ ਨੂੰ ਪੜ੍ਹੇ ਸੁਣੇਗਾ, ਉਹ ਮਨ ਇੱਛਤ ਫਲ ਪਾਵੇਗਾ ਅਤੇ ਉਸ ਨੂੰ ਕੋਈ ਵੀ ਦੁੱਖ ਨਹੀਂ ਲੱਗੇਗਾ । ੪੦੩।

ਜੁਲਾਈ ੧੯੯੪ ਵਿਚ ਛਪੇ ਸ੍ਰੀ ਦਸਮ ਗ੍ਰੰਥ ਜੀ ਸਟੀਕ ਦੀ ਤੀਜੀ ਪੋਥੀ ਦੇ ੫੯੦ ਸਫ਼ੇ ਤੇ ਪੰਡਿਤ ਨਰੈਣ ਸਿੰਘ ਗਯਾਨੀ ਜੀ ਦੇ ਲਿਖੇ ਉਪਰੋਕਤ ਅਰਥਾਂ ਅਨੁਸਾਰ ਇਸ ਗ੍ਰੰਥ ਨੂੰ ਪੜਨ ਸੁਣਨ ਵਾਲੇ ਦੇ ਮਨ ਦੇ ਸਾਰੇ ਮਨੋਰਥ ਪੂਰੇ ਹੋ ਜਾਣ ਦਾ ਭਰੋਸਾ ਬੱਝਦਾ ਹੈ। ਪਰ ਸੱਚ ਦਾ ਹੋਕਾ ਦੇ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਾੜਾ ਮੋਟਾ ਸੰਕੇਤ ਤੱਕ ਵੀ ਨਹੀਂ ਮਿਲਦਾ, ਕਿ ਕਿਸੇ **ਬਾਣੀ ਨੂੰ ਕੇਵਲ ਪੜ੍ਹ-ਸੁਨਣ ਮਾਤ੍ਰ ਨਾਲ** ਮਨ

ਇਛੇ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ। **ਸਤਿ** ਦਾ ਰੂਪ ਹੋ ਚੁੱਕੇ ਆਪਣੇ ਸੱਚ-ਉਪਦੇਸ਼ ਦੀ ਬਰਕਤ ਨਾਲ, ਮਨੁੱਖ ਨੂੰ **ਸਤਿ** ਨਾਲ ਜੋੜਨ ਆਏ, ਸਤਿਗੁਰਾਂ ਦਾ ਮਨ ਇਛੇ ਫਲਾਂ ਦੀ ਪ੍ਰਾਪਤੀ ਬਾਰੇ, ਫ਼ੁਰਮਾਨ ਇਉਂ ਹੈ-**ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥**[੨੯੩]-੨੨ ਮਨ ਇਛੇ ਫਲਾਂ ਦੀ ਪ੍ਰਾਪਤੀ ਦੇ ਉਪਦੇਸ਼ ਵਾਲੇ, ਹੋਰ ਬੇਅੰਤ ਗੁਰੂ ਬਾਣੀ ਸ਼ਬਦਾਂ ਵਿਚੋਂ, ਉਦਾਹਰਣ ਵਜੋਂ ਕੇਵਲ ਪੰਜ ਗੁਰੂ ਬਾਣੀ ਸ਼ਬਦ ਇਸ ਪ੍ਰਕਾਰ ਹਨ:--

੧੮●- **ਆਠ ਪਹਰ ਹਰਿ ਧਿਆਈਐ ਰਾਮ ॥ ਮਨ ਇਛਿਅੜਾ ਫਲੁ ਪਾਈਐ ਰਾਮ ॥ ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥ ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥ ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥ ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥** {੫੭੮}-੩

੧੮੧- **ਅਨਦਿਨੁ ਰਾਮ ਕੇ ਗੁਣ ਕਹੀਐ ॥ ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥੧॥ ਰਹਾਉ ॥** {੧੨●੬}-੧੨

੧੮੨- **ਸਫਲ ਸੇਵਾ ਸੁਆਮੀ ਮੇਰੇ ਕੀ ਮਨ ਬਾਂਛਤ ਫਲ ਪਾਵਹੁ ॥ ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ ਸੁਖ ਸੇਤੀ ਘਰਿ ਜਾਵਹੁ ॥੨॥੫●॥੭੩॥** {੧੨੧੮}

੧੮੩- **ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥ ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ ॥ ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ ॥ ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ ॥ ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥ ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ ਤਾਰੀਐ ॥੨॥** {੮●}-੩

੧੮੪- **ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥੨॥ ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੩॥ ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥** {੯੫}

ਪ੍ਰਭੂ ਦੀ ਸਦੀਵੀ ਯਾਦ ਅਤੇ ਗੁਰਮਤਿ ਅਨੁਸਾਰ ਜੀਵਨ ਢਾਲ ਕੇ ਪ੍ਰਭੂ ਨਾਲ ਇੱਕਸੁਰਤਾ ਬਣਾ ਲੈਣ ਵਿਚ ਹੀ, ਸਤਿਗੁਰਾਂ ਨੇ ਮਨ ਦੀਆਂ ਸਾਰੀਆਂ ਸੱਧਰਾਂ ਪੂਰੀਆਂ ਹੋਈਆਂ ਮੰਨੀਆਂ ਹਨ। ਤਜਰਬਾ ਦੱਸਦਾ ਹੈ ਕਿ ਝੂਠ ਬਾਣੀ ਲਿਖਣ ਵਾਲਾ ਠੱਗ ਲਿਖਾਰੀ ਹੀ, ਉਸ ਦੇ ਪਾਠ ਤੋਂ ਮਨ ਇੱਛੇ ਫਲਾਂ ਦੀ ਪ੍ਰਾਪਤੀ ਦਾ ਭਰਮ ਪਾਉਂਦਾ ਹੈ। ਅਗਲੀ ਅੜਿੱਲ ਵਿਚ ਤਾਂ ਭਰਮ ਪਾਉਣ ਦਾ ਹੋਰ ਵੀ ਘਿਣਾਵਣਾ ਨਮੂੰਨਾ ਹੈ:--

**ਅੜਿੱਲ ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥ ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥**
**ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥ ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੪੦੪॥**

**ਅਰਥ:**--ਇਸ ਗ੍ਰੰਥ ਨੂੰ ਜੇ ਗੂੰਗਾ ਸੁਣੇਗਾ ਤਾਂ ਉਸ ਨੂੰ ਜੀਭ ਮਿਲ ਜਾਵੇਗੀ, ਜੇ ਮਹਾਂਪੁਰਖ ਵੀ ਸੁਣੇਗਾ ਤਾਂ ਚਤੁਰ ਅਤੇ ਬੁੱਧੀਵਾਨ ਹੋ ਜਾਵੇਗਾ। ਜਿਹੜਾ ਇਕ ਵਾਰ ਚੌਪਈ ਦਾ ਪਾਠ ਕਰੇਗਾ ਉਸਦੇ ਨੇੜੇ ਕਿਸੇ ਪ੍ਰਕਾਰ ਦਾ ਦੁੱਖ, ਦਰਦ ਅਤੇ ਡਰ ਨਹੀਂ ਆਵੇਗਾ । ੪੦੪

ਪਾਠ ਮਾਤਰ ਤੋਂ ਹੀ ਹਰ ਪ੍ਰਕਾਰ ਦੇ ਦੁਖਾਂ ਦੇ ਨਸ਼ਟ ਹੋਣ ਦਾ ਭਰੋਸਾ ਕੇਵਲ ਚਿਰਿਤ੍ਰੋ ਪਾਖਯਾਨ ਗ੍ਰੰਥ ਦੇ ਹਿੱਸੇ ਦੀ ਗੱਲ ਹੀ ਨਹੀਂ ਹੈ, ਹੁਸ਼ਿਆਰ ਬਿੱਪ੍ਰ ਆਪਣੀਆਂ ਸਾਰੀਆਂ ਝੂਠ-ਲਿਖਤਾਂ ਨੂੰ ਮਨਮੋਹਣਾ ਬਨਾਉਣ ਲਈ, ਅਜੇਹਾ ਭਰਮ ਪਾਉਣੋਂ ਕਿਸੇ ਥਾਂ ਵੀ ਨਹੀਂ ਭੁਲਿਆ। ਉਦਾਰਣ ਵਜੋਂ ਅਜੇਹੀ ਝੂਠ-ਲਿਖਤਾਂ, ਜਿੰਨ੍ਹਾਂ ਨੇ ਪੰਥ ਨੂੰ ਬ੍ਰਾਹਮਣਵਾਦ ਨਾਲ ਜੋੜਨ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:--

**(੧)** ਉਪ੍ਰੋਕਤ ਚੌਪਈ ਅਥਵਾ ਸ੍ਰੀ ਅਸਿਧੁਜ ਜੀ ਦੀ ਦੀ ਕਥਾ,,

**(੨)** **ਚੰਡੀ ਚਰਿਤ੍ਰ ਉਕਤਿ ਬਿਲਾਸ (ਪਹਿਲਾ)** ਵਿਚੋਂ---

**ਜਾਹਿ ਨਮਿਤ ਪੜੈ ਸੁਨਿ ਹੈ ਨਰ, ਸੋ ਨਿਸਚੈ ਕਰਿ ਤਾਹਿ ਦਈ ਹੈ ॥ ੨੩੨ ॥**

**ਅਰਥ:**--(ਜਿਸ ਵਾਸਤੇ ਕੋਈ) ਪੁਰਸ਼ (ਇਸ ਕਥਾ ਨੂੰ) ਨਿਸਚਾ ਕਰਕੇ ਪੜੇ ਜਾਂ ਸੁਣੇਗਾ, (ਦੁਰਗਾ) ਉਸਨੂੰ ਓਹ ਵਸਤੂ ਦੇਵੇਗੀ। ੨੩੨

**(੩)** **ਅਥ ਚੰਡੀ ਚਰਿਤ੍ਰ ਲਿਖਯਤੇ** (ਦੂਜਾ)

**ਪੜ੍ਹੈ ਮੂੜ੍ਹ ਯਾਕੋ ਧਨੰ ਧਾਮ ਬਾਢੇ ॥ ਸੁਨੈ ਸੂਮ ਸੋਫ਼ੀ ਲਰੈ ਜੁੱਧ ਗਾਢੇ ॥**
**ਜਗੈ ਰੈਣ ਸੋਫੀ ਜਪੈ ਜਾਪ ਯਾਕੋ ॥ ਧਰੈ ਪਰਮ ਜੋਗੰ ਲਹੈ ਸਿੱਧਤਾ ਕੌ ॥ ੪ ॥ ੨੬੦ ॥**

**ਅਰਥ:**--(ਜੇ) ਮੂਰਖ ਵੀ ਇਸ (ਚਰਿਤ੍ਰ) ਨੂੰ ਪੜ੍ਹੇਗਾ, (ਉਸਦੇ) ਘਰ ਧਨ ਵਧੇਗਾ। (ਜੇ) ਮਹਾਂ ਕਾਇਰ (ਵੀ ਇਸ ਚਰਿਤ੍ਰ ਨੂੰ) ਸੁਣੇਗਾ (ਉਸ ਵਿਚ ਬੀਰ ਰਸ ਜਾਗੇਗਾ ਅਤੇ ਉਹ) ਮਹਾਂ ਜੰਗ ਵਿਚ (ਅਗੇ ਹੋਕੇ) ਲੜੇਗਾ । (ਜੋ) ਜੋਗੀ ਇਸ ਜਾਪ ਨੂੰ ਜਪੇਗਾ, (ਉਹ) ਸਾਰੀ ਰਾਤ ਜਾਗਦਾ ਰਹੇਗਾ, ਭਾਵ, ਉਸਨੂੰ ਮੋਹਾਦਿਕ ਵਿਕਾਰ ਪ੍ਰਪਤ ਨਹੀਹੋਣਗੇ। (ਉਹ) ਸਾਰੀ ਰਾਤ ਜੋਗ ਨੂੰ ਪ੍ਰਾਪਤ ਹੋ ਕੇ, ਸਿੱਧਤਾ ਨੂੰ ਪਾ ਲਏਗਾ । ੪ । ੨੬੦।

**(੪)** ਵਾਰ ਭਗਾਉਤੀ ਜੀ ਕੀ ਵਿਚੋਂ----

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥ ਫਿਰਿ ਨ ਜੂਨੀ ਆਇਆ ਜਿਨ ਇਹੁ ਗਾਇਆ ॥ ੫੫ ॥

**ਅਰਥ**:--(ਅਸਾਂ ਇਨ੍ਹਾਂ) ਸਭਨਾਂ ਪਉੜੀਆਂ ਵਿਚ ' ਦੁਰਗਾ ' ਪਾਠ ਬਣਾਇਆ ਹੈ। ਜਿਸ ਨੇ ਇਹ ਗਾਵਿਆਂ ਹੈ, ਉਹ ਮੁੜ ਜੂਨਾਂ ਵਿਚ ਨਹੀਂ ਆਇਆ ।

ਯਾਦ ਰਹੇ ਕਿ ਕਿ ਇਹ ਤਿੰਨੇ ਚਰਿਤ੍ਰ ਇੱਕੋ ਦੇਵੀ ਦੁਰਗਾ ਦੇ ਹੀ ਹਨ ਅਤੇ ਕਹਾਣੀ ਵੀ ਇੱਕੋ ਹੈ:--

ਉਪ੍ਰੋਕਤ ਤਿੰਨਾਂ ਹੀ ਚੰਡੀ ਚਰਿਤ੍ਰਾਂ ਵਿਚਲੀ ਅਪਾਰ ਝੂਠ-ਵਾਰਤਾ ਦੇ ਦਰਸ਼ਨ ਵੀ ਅਸੀਂ ਹੁਣ ਕਰ ਲੈਣੇ ਹਨ। ਸੋ ਜਿੱਥੇ ਜਿੱਥੇ ਵੀ ਬਿੱਪ੍ਰ ਲਿਖਾਰੀ ਨੇ ਝੂਠ ਬਾਣੀ ਲਿਖੀ ਹੈ ਉਥੇ ਨਾਲ ਹੀ ਇਹ ਭਰਮ ਵੀ ਪੱਕਾ ਕਰ ਦਿੱਤਾ, ਕਿ ਇਸ ਦੇ ਪਾਠ ਮਾਤ੍ਰ ਨਾਲ ਹੀ ਜਨਮ ਤੋਂ ਮਰਨ ਤੱਕ ਦੇ ਸਾਰੇ ਕਾਰਜ ਸਿੱਧੀ ਹੋ ਜਾਣਗੇ ਅਥਵਾ ਮਨੁੱਖ ਰਿਧੀਆਂ ਸਿਧੀਆਂ ਦਾ ਮਾਲਕ ਬਣ ਜਾਂਦਾ ਹੈ।

**(੫)** ਸੰਜੋਗਾਂ ਦਾ ਅਜੀਬ ਮੇਲ ਹੈ ਕਿ--ਜਿਸ ਤਰ੍ਹਾਂ ਦੀ ਭੁਲੇਖਾ ਪਾਊ ਸਿਖਿਆ ਅਸੀਂ ਬਚਿੱਤ੍ਰ ਨਾਟਕ, ਤਿਰਯਾ ਚਤਿਰਤ੍ਰਾਂ ਵਿਚ ਅਥਵਾ ਚੰਡੀ ਚਰਿਤ੍ਰਾਂ ਵਿਚ ਪੜ੍ਹ ਰਹੇ ਹਾਂ ਉਸੇ ਤਰਜ਼ ਦੀ ਭੁਲੇਖਾ ਪਾਊ ਭਰਮਾਊ ਬਾਣੀ, ਰਾਮਕਲੀ ਕੀ ਵਾਰ ਪਾਤਿਸ਼ਾਹੀ ੧੦- ਹੈ। ਉਸ ਵਾਰ ਦੀ ਵਿਚਾਰ, ਅਸਾਂ ਪੁਸਤਕ ਦੇ ਪੰਜਵੇਂ ਭਾਗ ਦੇ ਸਤਵੇਂ ਕਾਂਡ ਦੇ ਪਹਿਲੇ---**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ**--ਲੇਖ ਵਿਚ, ਬੜੀ ਵਿਸਥਾਰ ਨਾਲ ਕਰ ਆਏ ਹਾਂ। ਲਿਖਾਰੀ ਨੇ ਉਸ ਵਾਰ ਦਾ ਪਾਠ ਮਾਤ੍ਰ ਹੀ ਮਨੁੱਖ ਨੂੰ ਅਮਰ ਕਰਨ ਦੇ ਨਾਲ ਬੜੀਆਂ ਬਰਕਤਾਂ ਵਾਲਾ ਬਣਾ ਕੇ ਜਨਮ ਮਰਨ ਦਾ ਦੁਖ ਮਿਟਾਉਂਣ ਵਾਲਾ ਹੀ ਲਿਖਿਆ ਹੈ । ਯਾਦ ਤਾਜ਼ਾ ਕਰਨ ਲਈ ਸੰਬੰਧਤ ਲਿਖਤ ਇਸ ਪ੍ਰਕਾਰ ਹੈ:--

**ਯਹ ਵਾਰ ਭਗੁਤੀ ਜੋ ਪੜੈ ਅਮਰਾਪਦ ਪਾਏ । ਤਹ ਦੁਖ ਸੰਤਾਪ ਨ ਕੁਛ ਲਗੈ ਆਨੰਦ ਵਰਤਾਏ ।**
**ਫਿਰ ਜੋ ਚਿਤਵੇ ਸੋਈ ਲਹੈ ਘਟਿ ਅਲਖ ਲਖਾਏ । ਤਬ ਨਿਸ ਦਿਨ ਇਹ ਵਾਕ ਕਉ ਮੁਖ ਪਾਠ ਸੁਨਾਇ ।**
**ਸੋ ਲਹੈ ਪਦਾਰਥ ਮੁਕਤਿ ਪਦ ਚੜਿ ਗਗਨ ਸਮਾਏ । ਤਬ ਕਛੂ ਨ ਪੂਛੇ ਜਮ ਧਰਮ ਸਭ ਪਾਪ ਮਿਟਾਏ ।**
**ਤਬ ਲਗੇ ਨ ਉਸ ਜਮ ਡੰਡ ਦੁਖ ਨਹੀਂ ਹੋਇ ਦੁਹੇਲਾ । ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।।੨੦।।**

ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਜੀ ਅਤੇ ਦਸ਼ਮੇਸ਼ ਪਿਤਾ ਜੀ ਦਾ ਪਾਵਨ ਨਾਮ ਵਰਤ ਕੇ ਵਾਰ ਦੇ ਪਾਠ ਨੂੰ ਫਲ ਦਾਇਕ ਲਿਖ ਲਿਆ । ਏਥੇ ਗੁਰੂ ਨਾਨਕ ਜੀ ਪ੍ਰਤੀ ਸ਼ਰਧਾ ਦਰਸਾਉਣ ਦਾ ਪਖੰਡ ਰਚਾ ਕੇ, ਅੰਤਲੀ ੨੮ਵੀਂ ਪਉੜੀ ਵਿਚ ਭਗਉਤੀ, ਭਾਵ ਦੁਰਗਾ ਦੇਵੀ, ਅਥਵਾ ਗਿਰਧਰ ਜੀ ਦੀ ਭਗਤੀ ਕਰਵਾਉਣ ਵਾਲੇ ਅਸਲ ਮੰਨਸ਼ੇ ਵੱਲ ਮੋੜਾ ਖਾ ਲਿਆ ਸਾਫ਼ ਦਿੱਸ ਆ ਰਿਹਾ ਹੈ:--

**ਇਹ ਵਾਰ ਭਗਉਤੀ ਮਹਾਂ ਪੁਨੀਤੇ । ਜਿਸ ਉਚਰਤਿ ਉਪਜਤਿ ਪਰਤੀਤੇ ।**
**ਜੋ ਇਸ ਵਾਰ ਸੋਂ ਪ੍ਰੇਮ ਲਗਾਵੈ । ਸੋਈ ਮਨ ਬਾਂਛਤ ਫਲ ਪਾਵੈ ।**
**ਮਿਟਹਿ ਸਗਲ ਦੁਖ ਦਰਦ ਕਲੇਸਾ । ਫੁਨ ਪ੍ਰਗਟੈ ਬਹੁ ਸੁਖ ਪਰਵੇਸਾ ।**
**ਜੋ ਨਿਸ ਬਾਸੁਰ ਰਟਹਿ ਇਹ ਵਾਰੇ । ਸੋ ਪਹੁਚੇ ਧੁਰ ਹਰਿ ਦਰਬਾਰੇ ।... ੨੮ ॥**

ਜੇ ਇਨ੍ਹਾਂ ਚਿਰਤ੍ਰਾਂ ਦੇ (ਅਤੇ ਇਸ ਵਾਰ ਦੇ) ਪਾਠ ਮਾਤ੍ਰ ਨਾਲ ਹੀ ਸਾਰੇ ਮੰਤਵ ਪੂਰੇ ਹੋ ਜਾਣ ਦੀ ਤਸੱਲੀ ਦੀ ਗੱਲ ਦਸ਼ਮੇਸ਼ ਜੀ ਨੇ ਆਪ ਹੀ ਲਿਖਣ ਸੀ, ਤਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣੀ, ਕੀ ਫੋਕਾ ਡਰਾਮਾ ਹੀ ਸੀ ? ਸਾਡੀ ਮਤਿ-ਬੁੱਧ ਤੇ ਬ੍ਰਾਹਮਣੀ ਮਾਇਆ ਜਾਲ ਏਨੀ ਸਫ਼ਲਤਾ ਨਾਲ ਪੈਰ ਜਮਾ ਬੈਠਾ ਹੈ ਕਿ, ਅਸੀਂ ਝੂਠ-ਖੋਭੇ ਦੀ ਸੜ੍ਹਾਂਦ ਵਿਚ ਦਮ ਘੁਟੀ ਫਿਰਦੇ ਵੀ, ਹੰਕਾਰ ਗ੍ਰਸੇ ਫੁੰਕਾਰੇ ਮਾਰਨੋਂ ਨਹੀਂ ਰੁਕੇ। ਹੌਲੀ ਹੌਲੀ ਇਹ **ਭਗਉਤੀ** ਸਾਡੀ ਅਰਦਾਸ ਵਿਚ ਵੀ ਆ ਵੜੀ। ਗੁਰੂ ਨਾਨਕ ਜੀ ਦਾ ਸਿਰਜਿਆ ਇਹ ਦੂਲਾ ਪੰਥ, ਏਡਾ ਔਝੜੇ ਪੈ ਗਿਆ ਕਿ ਪਤਿਤਪੁਣਾ ਸਿਖ਼ਰਾ ਤੇ ਜਾ ਪੁਜਿਆ। **ਸ਼ਾਇਦ ਸਾਡੀ ਬਦਕਿਸਮਤੀ ਦਾ ਅੰਤਮ ਸਿਖਰ ਅਜੇ ਹੋਰ ਵੀ ਅੱਗੇ ਹੈ** ?

**ਚੌਪਈ ॥ ਸੰਬਤ ਸੱਤ੍ਰਹ ਸਹਸ ਭਣਿਜੈ।। ਅਰਧ ਸਹਸ ਫੁਮਿ ਤੀਨਿ ਕਹਿੱਜੈ ॥**
**ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ।। ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥ ੪੦੫ ॥**

**ਅਰਥ**:--(ਸੰਮਤ ਸਤਾਰਾ ਸੌ ਜਮਾਂ ਅੱਧਾ ਸੌ ਜਮਾ ਤਿੰਨ) ਸੰਮਤ ਸਤਾਰਾਂ ਸੌ ਤਿਰਵੰਜਾ, ਭਾਦੋਂ ਸੁਦੀ ਅਸ਼ਟਮੀ ਐਤਵਾਰ, ਸਤਲੁਜ ਨਦੀ ਦੇ ਕੰਢੇ ਬੈਠ ਕੇ ਇਸ ਗ੍ਰੰਥ ਨੂੰ ਸੰਪੂਰਨ ਕੀਤਾ। ॥ ੪੦੫ ॥

**ਮਨ ਦੀ** ਪੂਰੀ ਇਕਾਗਰਤਾ ਤੋ ਬਿਨਾ ਅਥਵਾ ਪੂਰੀ ਤਰ੍ਹਾਂ ਮਨ ਜੋੜੇ ਬਿਨ; ਕਹਾਣੀ, ਇਸ ਤਰ੍ਹਾਂ ਦੀ ਕਵਿਤਾ ਵਿਚ ਲਿਖੀਆਂ ਹੀ ਨਹੀਂ ਜਾ; ਸਕਦੀਆਂ [ ਅਜੇਹੇ ਗ੍ਰੰਥ ਲਿਖਣੇ ਤਾਂ ਹੀ ਸੰਭਵ ਬਣਦੇ ਹਨ ਜੇ ਹੋਰ ਸਾਰੇ ਪਾਸਿਆਂ ਤੋਂ ਮਨ ਹਟਾ ਕੇ, ਸੁਰਤ ਕੇਵਲ ਏਧਰ ਹੀ ਕੇਂਦ੍ਰਿਤ ਕਰ ਲਈ ਜਾਵੇ । ਪ੍ਰਭੂ ਦੀ ਭਗਤੀ ਵਿਚ ਲੀਨਤਾ ਵਾਲੀ ਗੱਲ ਪਖੰਡ ਬਣ ਜਾਂਦੀ ਹੈ। ਇੱਕ ਸਮੇ ਵਿਚ ਮਨ ਨੂੰ ਕੇਵਲ ਇੱਕ ਪਾਸੇ ਹੀ ਲਾਇਆ ਜਾ ਸਕਦਾ ਹੈ। ਰੋਜ਼ ਦਾ ਸਰੀਰਕ ਕਰਮ ਕਰਦਿਆਂ ਤਾਂ ਮਨ ਪ੍ਰਭੂ ਦੀ ਯਾਦ ਵਿਚ ਵੀ ਲਾਇਆ ਜਾ ਸਕਦਾ ਹੈ, ਪਰ ਕਿਸੇ ਗ੍ਰੰਥ ਦੀ ਸਿਰਜਣਾ ਕਰਨ ਲੱਗਿਆ ਮਨ ਕੇਵਲ ਉਸੇ ਵਿਚ ਖੁੱਭਾ ਰਹਿਣਾ ਜ਼ਰੂਰੀ ਸ਼ਰਤ ਹੈ । ਸਾਡੇ ਲਿਖਾਰੀਆਂ ਨੇ ਇਹ ਬਣਾ ਲਿਆ ਕਿ ਦਸ਼ਮੇਸ਼ ਜੀ ਨੇ ਇਹ ਵਿਸ਼ਾਲ ਗ੍ਰੰਥ ਪਾਉਂਟੇ (ਸਾਹਿਬ) ਠਹਿਰਨ ਸਮੇ ਲਿਖਿਆ ਸੀ। ਜੇ ਏਹੀ ਸੱਚ ਹੈ ਤਾਂ ਕੀ, ਪਹਿਲੇ ਸਰੂਪਾਂ ਵਿਚ ਲਿਖੇ ਆਪਣੇ ਬਚਨਾਂ ਦੀ ਖੰਡਨਾ ਦਸ਼ਮੇਸ਼ ਜੀ ਨੇ ਆਪ ਹੀ ਕਰ ਦੇਣੀ ਸੀ--**(੧)-ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ ॥** {੨੪੪} **(੨)-ਮੇਰੈ ਮਨਿ ਐਸੀ ਭਗਤਿ ਬਨਿ ਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥੧॥ ਰਹਾਉ ॥**{੩੬੮} (੩)-**ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥** {੬●੧} (੪)-- **ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ ॥**{੫੬੪} **(੫)-ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥ ਜਾ ਕੇ**

**ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥੧॥ ਰਹਾਉ ॥** {੧੨੦੭} ਅਤੇ ਬਾਰ ਬਾਰ ਉਚਾਰੇ ਅਜੇਹੇ ਕਈ ਹੋਰ ਪਰਵਚਨ ?

ਝੂਠੀਆਂ ਕਹਾਣੀਆਂ ਪੜ੍ਹਨੀਆਂ ਝੂਠ ਦੀ ਸੰਗਤਿ ਹੈ। ਝੂਠ ਲਿਖਣਾ ਝੂਠ ਵਿਚ ਪ੍ਰਵਿਰਤ ਹੋਏ ਰਹਿਣ ਵਾਲੀ ਬੜੀ ਡੂੰਘੀ ਝੂਠ-ਸੰਗਤਿ ਹੈ। ਅਤੇ ਮਹੀਨਿਆਂ ਤੋਂ ਵੱਧ ਸਾਲਾਂ ਬੱਧੀ ਇੱਕ ਰਸ ਝੂਠ ਦੀ ਸੰਗਤਿ ? ਅਤੇ ਉਹ ਵੀ ਦਸ਼ਮੇਸ਼ ਜੀ ਦੇ ਮੱਥੇ ?-- **ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥**{੧੩੭੫} ਇਹ ਕਿਵੇਂ ਮਨ ਲਿਆ ਜਾਵੇ ਕਿ (ਸ੍ਰੀ ਗੁਰੂ ਨਾਨਕ ਸਧਹਿਬ ਜੀ ਦੀ ਜੋਤਿ ਦੇ ਦਸਵੇਂ ਪ੍ਰਗਟ ਸਰੂਪ) ਸਭ ਕੁਝ ਭੁੱਲ ਭੁਲਾ ਕੇ ਬੜਾ ਲੰਮਾ ਸਮਾਂ ਅਸ਼ਲੀਲਤਾ ਗ੍ਰਸੇ ਨਿਰੋਲ ਕੁਫ਼ਰ ਦੀ ਸੰਗਤਿ ਵਿਚ ਮਸਤ ਰਹੇ ? ਝੂਠ ਦੀ ਸੰਗਤ ਵਿਚ ਅਜੇਹੇ ਮਗਨ ਹੋ ਗਏ ਕਿ, ਉਨ੍ਹਾਂ ਨੂੰ ਪਹਾੜੀ ਰਾਜਿਆਂ ਨੇ ਆ ਘੇਰਿਆਂ ? ਸਤਿਗੁਰਾਂ ਦੇ ਇਤਿਹਾਸ ਵਿਚ ਇਹ ਗੰਭੀਰ ਪ੍ਰਸ਼ਨ ਚਿੱਨ੍ਹ ਵੀ ਆ ਜੁੜਿਆ ਕਿ, ਭਗਾਣੀ ਦੇ ਯੁੱਧ ਵਿਚ ਬੁਧੂ ਸ਼ਾਹ ਜੀ ਆਪਣੇ ਮੁਰੀਦਾਂ ਅਤੇ ਪਰਵਾਰ ਸਮੇਤ ਜੇ, ਸਮੇ ਸਿਰ ਸਹਾਇਤਾ ਲਈ ਨਾ ਆ ਬਹੁੜਦੇ ਤਾਂ ਸ਼ਾਇਦ ਕੀ ਬਣਦਾ ? ਕਿਹੜੇ ਜੁੱਗ ਹੋਵੇਗਾ ਭਲਾ ਅਜੇਹੇ ਲਿਖਾਰੀਆਂ ਦਾ ? ਸਚੁ ਦੀ ਪਛਾਣ ਕਿਵੇ ਹੋਵੇ ? ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸਪੱਸ਼ਟ ਫ਼ੁਰਮਾਨ ਹੈ, ਕਿ ਸਚੁ ਨਾਲ ਤਦ ਹੀ ਜੁੜਿਆ ਜਾ ਸਕਦਾ ਹੈ ਜੇ ਝੂਠ ਦੀ ਮੈਲ ਨੇੜੇ ਤੇੜੇ ਵੀ ਨਾ ਆਉਣ ਦਿਤੀ ਜਾਵੇ:--

੧੮੫- **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥** {੪੬੮}-੧●

ਪਰ ਜਿਸ ਪ੍ਰਕਾਰ ਦੇ **ਝੂਠ-ਖੋਭੇ** ਵਿਚ ਦਸ਼ਮੇਸ਼ ਜੀ ਨੂੰ ਮਗਨ ਰਹੇ ਦਰਸਾਇਆ ਜਾ ਰਿਹਾ ਉਸ ਹਾਲਤ ਵਿਚ ਤਾਂ ਵਡਾ ਸਚਿਆਰ ਮਨੁੱਖ ਵੀ ਸਚੁ ਭੁੱਲ ਜਾਂਦਾ ਹੈ। ਹਿਰਦਾ ਸੱਚ ਵਿਚ ਰੰਗਿਆ ਹੋਵੇ ਤਾਂ, ਫਿਰ ਝੂਠ, ਲਿਖਣਾ ਤਾਂ ਦੂਰ ਦੀ ਗੱਲ ਹੈ, ਝੂਠ ਸੁਣਿਆਂ ਵੀ ਨਹੀਂ ਜਾ ਸਕਦਾ----**ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ**-॥ **?** ਏਥੇ ਇਸ ਗ੍ਰੰਥ ਦਾ ਲਿਖਣਾ ਤਾਂ, ਕਈ ਤਰ੍ਹਾਂ ਦੇ ਝੂਠ ਵਿਚ ਨਾਸਾਂ ਤੱਕ ਡੁੱਬੇ ਰਹਿਣ ਦੀ ਘੋਰ ਤਪੱਸਿਆ ਸੀ। ਇਸ ਚੌਪਈ ਦੇ ਪਾਠ ਨੂੰ ਸੁਣਿਆ-- **ਸੁਨੈ ਗੁੰਗ ........** ਅਰਥਾਂ ਸਮੇਤ ਲਿਖੀ ਉਪਰੋਕਤ ੪੦੪ ਨੰਬਰ ਅੜਿੱਲ ? ਕੁਲ ਜਹਾਨ ਦੀਆਂ ਬਰਕਤਾਂ ਦੀ ਦਾਤੀ ? ਕਿਵੇਂ ਮੰਨ ਲਿਆ ਜਾਵੇ ਕਿ ਇਹ ਸਾਰਾ ਕੂੜ ਕੁਬਾੜਾ ਕੇਵਲ ਸਾਡੀ ਜਾਣਕਾਰੀ ਲਈ, ਝੂਠ ਬਾਣੀ ਦਾ ਕੇਵਲ ਅਨੁਵਾਦ ਹੀ ਹੈ ? (ਆਪਾ ਫ਼ਰੋਲੀਏ ਕੀ ਕਿਤੇ, ਅਜੇਹੀ ਝੂਠ ਬਾਣੀ ਦੇ ਨਿਤਨੇਮੀ ਬਣਨ ਦੇ ਕਾਰਨ ਹੀ ਸਾਡੀ ਜ਼ਿੰਦਗੀ ਵਿਚ ਵੀ ਨੱਕ ਤੱਕ ਝੂਠ ਹੀ ਝੂਠ ਨਹੀਂ ਭਰ ਚੁੱਕਾ ਹੋਇਆ ? ਕੀ ਅੱਜ ਸੰਸਾਰ ਦੀਆਂ ਨਜ਼ਰਾਂ ਵਿਚ ਖ਼ਾਲਸਾ ਜੀ ਦਾ ਵਿਸ਼ਵਾਸ਼ ਉਵੇਂ ਦਾ ਹੀ ਬਣਿਆਂ ਹੋਇਆ ਹੈ ਜਿਵੇਂ ਦਾ ਕਾਜ਼ੀ ਨੂਰ ਮੁਹੱਮਦ ਨੂੰ ਲਿਖਣਾ ਪਿਆ ਸੀ? ਕੀ, ਅੱਜ ਸਾਡੇ ਪਾਠ, ਸਾਡੇ ਪੁੰਨ ਦਾਨ, ਸਾਡੀ ਗੁਰਦੁਆਰਿਆਂ ਦੀ ਯਾਤਰਾ, ਸਭ ਧਰਮ ਕਰਮ, ਅਲੋਕਾਰ ਧਰਮ-ਕਰਮੀਆਂ ਦੀ ਸਾਡੀ ਹਾਲਤ ਉਸੇ ਤਪੇ ਵਰਗੀ ਨਹੀਂ ਹੋ ਚੁੱਕੀ ਜਿਸ ਪ੍ਰਥਾਇ ਸਤਿਗੁਰੂ ਜੀ ਦਾ ਇਹ ਪਾਵਨ ਗੁਰੂ ਸ਼ਬਦ ਹੈ?:---

੧੮੬- **ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥**
**ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥**
**ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥** {੯੪੮}-ਵਾ-੫

ਕੀ, ਸਾਨੂੰ ਕਿਸੇ ਵੀ ਹੋਰ ਝੂਠ-ਸਿਖਿਆ ਮਗਰ ਲੱਗਣ ਦੀ ਭੁੱਲ ਤਿਆਗ ਕੇ, ਕੇਵਲ ਆਪਣੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਨਾਲ ਹੀ ਨਹੀਂ ਸੀ ਜੁੜੇ ਰਹਿਣਾ ਚਾਹੀਦਾ ? ਸਵੇਰ ਦਾ ਭੁੱਲਿਆ ਹੋਇਆ ਸ਼ਾਮ ਨੂੰ ਹੀ ਘਰ ਮੁੜ ਆਵੇ, ਤਾਂ ਉਸ ਨੂੰ ਭੁਲਿਆ ਹੋਇਆ ਨਹੀਂ ਕਿਹਾ ਜਾਂਦਾ ।

ਅੱਗੇ ਹੁਣ **(Part 3)** । ਉਪ੍ਰੋਕਤ ਕੁਫ਼ਰ ਤੋਂ ਵੀ **ਵੱਡੇ ਝੂਠ ਵਿਚ, ਗਲ-ਗਲ ਡੁੱਬੇ ਦੇਵੀ ਚਰਿਤ੍ਰ** ? ਖ਼ਾਲਸਾ ਜੀ ਦੀ ਨਿਆਰੀ ਬਣ ਰਹੀ ਆਭਾ ਤੋਂ ਸਾੜਾ ਖਾ ਕੇ, ਬਿਪ੍ਰ ਨੇ ਅਥਵਾ ਬਿਪ੍ਰ ਦੇ ਚੇਲਿਆਂ ਨੇ- ' ਬਾਣੀ-ਰੂਪ ਝੂਠ-ਮਹੁਰਾ " ' ਚੁੰਨ ਚੁੰਨ ' ਕਰਿ ਖ਼ਾਲਾਸ ਜੀ ਦੇ ਨਿਤਨੇਮ ਦੀ ਬਾਣੀਆਂ ਵਿਚ, ਅਤੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਿਆਰੀ ਸਮੇ ਪੜ੍ਹੀ ਜਾਣ ਵਾਲੀ, ਪਾਵਨ ਗੁਰਬਾਣੀਆਂ ਵਿਚ ਰਲਾ ਦਿੱਤਾ ? ਨਿਆਰੇ ਕਿਵੇਂ ਰਹਿਣਾ ਸੀ ਅਤੇ ਤੇਜ ਪ੍ਰਤਾਪ ਕਿਵੇ ਟਿਕਿਆ ਰਹਿਣਾ ਸੀ ? ਆਓ ! ਇੱਕ ਵਾਰੀ ਫੇਰ ਸਤਿਗੁਰਾਂ ਦੇ ਅਨਮੋਲ ਬਚਨਾਂ ਨੂੰ ਯਾਦ ਕਰ ਲਈਏ--

੧੮੭- **ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ**

**ਜੋਤੀ ਮਾਹਿ ਸਮਾਨਾ ॥ ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥ ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥** {੨੨੧}-੧

## ਸੱਚ ਦਾ ਇੱਕ ਇਹ ਰੂਪ ?--

ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ, ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣੀ ਕਰਮ-ਕਾਂਡ ਦੇ ਜੂਲੇ ਨੇ ਭਾਰਤੀ ਮਨੁੱਖ ਨੂੰ ਵਿਦਿਆਹੀਣ, ਅਗਿਆਨੀ, ਅਨੇਕਤਾ ਦਾ ਅਥਵਾ ਨਿਰੋਲ ਝੂਠ ਦਾ ਪੁਜਾਰੀ, ਬੇਅੰਤ ਪ੍ਰਕਾਰ ਦੇ ਭਰਮਾਂ ਦਾ ਭੰਡਾਰ ਬਣਾ ਦਿੱਤਾ ਹੋਇਆ ਸੀ। ਇਸ ਸਚਾਈ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ ਕਿ, ਅਣਖਹੀਣ, ਡਰਪੋਕ ਅਤੇ ਇੱਕ ਤਰ੍ਹਾਂ ਨਾਲ ਭੇਡਾਂ ਦਾ ਵੱਗ ਬਣ ਚੁੱਕੇ ਮਨੁੱਖਾਂ ਨੂੰ ਨਿਰੋਲ ਸੱਚ ਨਾਲ ਜੋੜ ਕੇ ਸੰਤ ਸੂਰਮਾ ਬਣਾਉਣ ਲਈ ਜਨਮ ਸਿੱਧ ਸਤਿਗੁਰੂ ਨਾਨਕ ਸਾਹਿਬ ਜੀ ਨੇ ੧੫ਵੀ ਸਦੀ ਈਸਵੀ ਦੇ ਸ਼ੁਰੂ ਵਿਚ ਅਨੂਪਮ ਘਾਲਣਾ ਘਾਲਣੀ ਅਰੰਭ ਕਰਕੇ ਨਿਆਰਾ ਨਿਰਮਲ ਪੰਥ ਚਲਾ ਲਿਆ ਸੀ। ਮਨੁੱਖ ਨੂੰ ਜਿਸ ਉੱਚੀ ਪੱਧਰ ਤੇ ਲੈ ਜਾਣਾ ਸੀ, ਉਸ ਟੀਚੇ ਦੀ ਪ੍ਰਾਪਤੀ ਲਈ ਸਤਿਗੁਰਾਂ ਨੇ-ਰੱਬੀ ਗਿਆਨ ਦੇ ਭੰਡਾਰ, ਦੈਵੀ ਜੀਵਨ-ਮਰਿਯਾਦਾ ਦੀ ਸਿਖਲਾਈ ਦੀ ਲਿਖਤੀ ਅਨੂਪਮ ਰੂਪ ਰੇਖਾ ਤਿਆਰ ਕਰ ਲੈਣ ਉਪ੍ਰੰਤ-**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥** ਵਾਲਾ ਕੌਤਕ ਵਰਤਾਉਣਾ ਜ਼ਰੂਰੀ ਜਾਤਾ । ਨਿਰਮਲ ਪੰਥ ਦੀ ਸਿਖਲਾਈ ਵਾਲੇ ਸਤਿਗੁਰੂ ਨਾਨਕ-ਵਿਦਿਆਲੇ ਵਿਚ ਦਾਖ਼ਲ ਹੋ ਚੁੱਕੇ ਨਿਰਮਲ ਪੰਥੀਆਂ ਦੀ ਅਗਵਾਈ ਸੰਨ ੧੫੩੯ ਤੱਕ ਆਪ ਕਰਦੇ ਰਹਿ ਕੇ, ਅਗੇ ਇਹ ਕਾਰਜ ਬਾਬਾ ਲਹਿਣਾ ਜੀ ਨੂੰ ਸੌਂਪਣ ਲਈ ਉਨ੍ਹਾਂ ਨੂੰ ਅਪਣਾ ਹੀ ਰੂਪ **ਗੁਰੂ ਅੰਗਦ ਸਾਹਿਬ** ਬਣਾ ਲਿਆ ਅਤੇ ਸਦੀਵੀ ਸੇਧ ਦੇਣ ਵਾਲੇ ਦੈਵੀ ਗਿਆਨ ਦਾ ਭੰਡਾਰ, ਭਾਵ, ਮਨੁੱਖ ਨੂੰ ਸੰਤ ਸੂਰਮਾ ਬਣਾ ਰਹੀ ਗੁਰਮਤਿ ਮਰਿਯਾਦਾ ਦਾ ਖਰੜਾ, ਉਹ ਪਾਵਨ ਕਿਤਾਬ [ਆਸਾ ਹਥਿ **ਕਿਤਾਬ** ਕਛਿ ਕੂਜਾ ਬਾਂਗ ਮੁਸਲਾ ਧਾਰੀ] ਵੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪ ਦਿੱਤੀ। ਅੰਤ ਵਿਚ ਓਸੇ ਜੋਤਿ ਜੁਗਤਿ ਦੇ ਦਸਵੇਂ ਪ੍ਰਕਾਸ਼, ਬਾਦਸ਼ਾਹ ਦਰਵੇਸ਼, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ, ਪਹਿਲੇ ਸਰੂਪ ਤੋਂ ਸਿਰਜੇ **ਨਿਰਮਲ ਪੰਥ** ਨੂੰ ਅੰਤਮ ਛੋਹਾਂ ਦਿੱਤੀਆਂ ਅਤੇ ਇਸ ਨੂ **ਖ਼ਾਲਸਾ ਪੰਥ** ਥਾਪ ਦਿੱਤਾ ।

ਖ਼ਾਲਸਾ ਜੀ ਨੂੰ ਸੰਬੋਧਨ ਕਰਕੇ ਦਸ਼ਮੇਸ਼ ਜੀ ਨੇ ਸਤਿਗੁਰ ਪੂਰਾ, ਸੱਜਣ ਸੂਰਾ--ਕਹਿਣ ਦੀ ਗੱਲ, ਅਸੀ ਸੈਂਕੜੇ ਸਾਲਾ ਤੋਂ ਗਾ ਗਾ ਕੇ ਲੋਕਾਂ ਨੂੰ ਸੁਣ ਰਹੇ ਹਾਂ। ਬੇਅੰਤ ਕੁਰਬਾਨੀਆਂ ਦੇ ਕੇ ਬੜੀਆਂ ਸੱਧਰਾਂ ਨਾਲ ਸਿਰਜੇ ਹੋਏ ਖ਼ਾਲਸਾ ਜੀ ਕੋਲੋਂ ਅਨੂਪਮੰ ਸਤਿਗੁਰਾਂ ਨੇ ਜੋ ਮੰਗ ਕਤਿੀ ਸੀ ਉਸ ਨੂੰ ਵਿਸਾਰ ਦੇਣ ਵਿਚ ਅਸਾਂ ਜ਼ਰਾ ਢਿੱਲ ਨਾ ਲਈ ? ਦਸ਼ਮੇਸ਼ ਜੀ ਨੇ ਆਪਣੇ ਪਿਆਰੇ ਪੰਥ ਕੋਲੋਂ ਬੜੀਆਂ ਸੱਧਰਾਂ ਨਾਲ ਮੰਗ ਕੀਤੀ ਸੀ ਕਿ-- " ਹੇ ਗੁਰੂ ਨਾਨਕ ਜੀ ਦੇ ਪਿਆਰੇ ਖ਼ਾਲਸਾ ਪੰਥ ਜੀਓ ! ਆਪਣੀ ਨਿਆਰੀ ਗੁਰਮਤਿ ਮਰਿਯਾਦਾ, ਆਪਣਾ ਨਿਆਰਾ ਆਚਰਨ, ਆਪਣੀ ਨਿਆਰੀ ਸ਼ਕਲ-ਸੂਰਤ ਸਾਂਭੀ ਰੱਖ ਕੇ ਜਗਤ ਨੂੰ ਗੁਰੂ ਨਾਨਕ ਜੀ ਦੀ ਸਿੱਖੀ ਵਿਚ ਲਿਆ ਕੇ **ਹੇਲੀਮੀ ਰਾਜ** ਸਥਾਪਤ ਕਰਨਾ ਨਾ ਭੁੱਲ ਜਾਇਓ "। ਅਸਾਂ ਵਡੇ ਢੀਠ ਅਕ੍ਰਿਤਘਣਾਂ ਨੇ ਆਪਣੇ ਸਤਿਗੁਰੂ ਜੀ ਦੇ ਬੇਅੰਤ ਉਪਕਾਰ ਭੁਲਾ ਕੇ ਆਪਣਾ ਅਨਮੋਲ ਸਰਮਾਇਆ ੧੯ਵੀ ਸਦੀ ਤੋਂ ਹੀ ਲੁਟਾਉਣਾ ਅਰੰਭ ਕਰ ਦਿੱਤਾ ਸੀ। ਪਰ ਘੋੜੇ ਚੜ੍ਹੀ ਜਿਸ ਤੇਜ਼ੀ ਨਾਲ ਪਤਿਤ ਪੁਣਾ ਪੰਥ ਵਿਚ ਅੱਜ ਪੱਸਰ ਰਿਹਾ ਹੈ ਉਸ ਦੀ ਮਿਸਾਲ ਇਤਿਹਾਸ ਵਿਚੋਂ ਨਹੀਂ ਮਿਲਦੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਹੀ ਸਰੂਪਾਂ ਦੀ ਲਾਮਿਸਾਲ ਘਾਲਣਾ ਨੂੰ ਮਿਟੀ ਵਿਚ ਰੋਲੀ ਜਾਣ ਦਾ ਅਸਲ ਜ਼ਿੰਮੇਵਾਰ ਕੌਣ ਹੈ ? ਇਹ ਜਾਣਨ ਲਈ ਇਸ ਪੁਸਤਕ ਦੇ ਦਸਵੇਂ ਭਾਗ-- **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਸ੍ਰੀ ਦਸਮਗ੍ਰੰਥ ਜੀ** " ਚੰਡੀ ਚਰਿਤ੍ਰ **(Part 3)** ਦੇ ਮਗਰੋਂ **ਨੌਵੇਂ ਭਾਗ ਵਿਚਲਾ ' ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ** ' ਲੇਖ, ਇਕਾਗਰਤਾ ਨਾਲ ਪੜ੍ਹਨਾ ਨਾ ਭੁੱਲਣਾਂ । ਵੱਡੇ ਘਾਤਕ ਝੂਠ ਨਾਲ ਭਰੇ ਗ੍ਰੰਥ ਦੀ ਅਸਲੀਯਤ ਸਮਝਾ ਰਹੇ, ਪੁਸਤਕ ਦੇ ਤੀਜੇ ਹਿੱਸੇ ਵਿਚ ਫਿਰ ਮੇਲ ਹੋਣਗੇ । ਬੁਲਾਉ ਗੱਜ ਕੇ ਗੁਰੂ ਫ਼ਤਹਿ-- **ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥**

ਗੁਰਮਤਿ ਅਨੁਸਾਰ ਜੀਵਨ ਢਾਲ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--

ਦਾਸਰਾ ਗੁਰਬਖ਼ਸ਼ ਸਿੰਘ (ਕਾਲਾ ਅਫ਼ਗ਼ਾਨਾ)

**੧੮੮- ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥੧ ॥**
**ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥** {੩੯੪}

# ਪੰਥ ਦਾ ਹਿਤੈਸ਼ੀ ਕਿ ਜਾਂ ....?

# ਸੰਤ ਸਿੰਘ ਮਸਕੀਨ ਜੀ ?

ਪਦਮ ਸਾਹਿਬ ਦੀ ਸੇਵਾ ਵਿਚ ਚਿੱਠੀ ਭੇਜੀ ਜਾਣ ਉਪ੍ਰੰਤ ਦੁਰਗਾ ਦੇਵੀ ਬਾਰੇ ਅਤੇ ਸ੍ਰੀ ਦਸਮ ਗ੍ਰੰਥ ਜੀ ਦੇ ਕੁਝ ਹੋਰ ਹਿੱਸੇ ਬਾਰੇ ਖੋਜ ਪੜਤਾਲ ਕਰਕੇ ਲਿਖਣਾ ਬਾਕੀ ਸੀ ਕਿ, ਕਲ੍ਹ ਮਿਤੀ ੨੩ ਮਈ ਸਨੀਚਰ ਵਾਰ ੧੯੯੮ ਨੂੰ ਇੱਕ ਪ੍ਰੇਮੀ ਨੇ ਕੈਸਟ (Adio Tape) ਫੜਾਉਂਦਿਆਂ ਹੋਇਆਂ ਬੜੀ ਦਰਦ ਭਰੀ ਸੁਰ ਵਿਚ ਆਖਿਆ--ਭਾਈ ਸਾਹਿਬ ਜਿਸ ਨੂੰ ਮੈਂ ਵੀ ਪੰਥ ਦਾ ਬੜਾ ਹਿਤੈਸ਼ੀ ਸਮਝਿਆ ਕਰਦਾ ਸੀ, ਸੁਣ ਲਇਓ ਉਹ ਕਿਵੇ ....... ਹੈ. " ਬੜੇ ਬੀਬੇ ਰਾਣੇ ਭਲੇ ਲੋਕ ਗੁਰਮੁਖਿ ਦੇ ਮੂੰਹੋਂ ਕਰੜੇ ਸ਼ਬਦ ਸੁਣ ਕੇ ਉਸ ਟੇਪ ਨੂੰ ਛੇਤੀ ਸੁਣਨ ਦੀ ਉਤਸੁਕਤਾ ਨਾਲ ਘਰ ਪੁਜਿਆ। ਆਉਂਦਿਆਂ ਹੀ ਉਸ ਟੇਪ ਨੂੰ ਸੁਣਿਆ। ਸੰਤ ਸਿੰਘ ਜੀ ਮਸਕੀਨ ਦਾ ਭਾਸ਼ਨ ਬੜੀ ਰੋਹ ਭਰੀ ਸੁਰ ਵਿਚ ਹੈ। **ਕਾਮ** (Sex) ਦੀਆਂ ਅਪਾਰ ਸ਼ਕਤੀਆਂ ਬਾਰੇ ਜੋ ਉਨ੍ਹਾਂ ਨੇ ਫੁਰਮਾਨ ਕੀਤਾ ਹੈ ਬੜਾ ਦੁਖਦਾਈ ਅਤੇ ਗੁਰਮਤਿ ਦੇ ਪ੍ਰਤਿਕੂਲ ਅਨੁਭਵ ਹੋਇਆ। ਦੇਵ ਨੇਤ ਨਾਲ ਦਾਸ ਨੇ ਰੇਡੀਉ ਤੋਂ ਇਹ ਸੁਣ ਲਿਆ ਕਿ ਮਸਕੀਨ ਜੀ ਸਆਟਲ ਦੇ " **ਸਚਾ ਸੌਦਾ** " ਗੁਰੂ ਦੁਆਰੇ ਵਿਚ ਆ ਰਹੇ ਸਨ। ਝੱਟ ਪਟ ਆਪਣੇ ਵਿਚਾਰ ਲਿਖ ਕੇ ਉਨ੍ਹਾਂ ਦੀ ਸੇਵਾ ਵਿਚ ਪੇਸ਼ ਕਰਨ ਲਈ ਭਾਈ ਸਹਿਬ ਜਸਵੰਤ ਸਿੰਘ ਕੋਲੋਂ ਸਹਾਇਤਾ ਮੰਗੀ । ਉਨ੍ਹਾਂ ਨੇ ਟੇਪ ਵਾਲੇ ਭਾਸ਼ਣ ਨੂੰ ਲਿਖਤੀ ਰੂਪ ਦੇ ਕੇ ਦਾਸ ਤੱਕ ਪੁਚਾ ਦਿੱਤਾ । ਜੋ ਕੁਝ ਲਿਖਿਆ ਉਹ ਸਭ ਕੁਝ ਅਤੇ ਦੋਵੇਂ ਪੁਸਤਕਾਂ-**ਮਾਸੁ ਮਾਸੁ ਕਰਿ ਮੂਰਖ ਝਗੜੇ** ਅਤੇ--**ਬਿੱਪ੍ਰਨ ਕੀ ਰੀਤ ਤੋਂ ਸਚੁ ਦਾ ਮਾਰਗ**--ਵੀ ਅਸਾਂ (ਦਾਸ ਨੇ ਅਤੇ ਭਾਈ ਸਾਹਿਬ ਜਸਵੰਤ ਸਿੰਘ ਜੀ ਵਾਸੀ ਸਿਆਟਲ ਨੇ ) ਉਪ੍ਰੋਕਤ ਗੁਰੂ ਦੁਆਰੇ ਦੇ ਗ੍ਰੰਥੀ ਸਿੰਘ, ਭਾਈ ਸਾਹਿਬ ਅੰਮ੍ਰਿਤਪਾਲ ਸਿੰਘ, ਡਾ: ਤ੍ਰਲੋਚਨ ਸਿੰਘ ਜੀ ਸਕੱਤਰ ਅਤੇ ਹੋਰ ਗੁਰਮੁਖਾਂ ਦੇ ਬੈਠਿਆਂ ਮਸਕੀਨ ਜੀ ਦੀ ਸੇਵਾ ਵਿਚ ਭੇਟਾ ਜਾ ਕੀਤਾ। ਮਸਕੀਨ ਜੀ ਉਸ ਸਮੇ ਕੁਝ ਵੀ ਪੜ੍ਹਨ ਦੇ ਮੂਡ ਵਿਚ ਨਹੀਂ ਸਨ। ਸਭ ਕੁਝ ਕੋਲ ਬੈਠੇ ਆਪਣੇ ਸੇਵਾਦਾਰ ਸਾਥੀ ਨੂੰ ਫੜਾ ਦਿੱਤਾ। ਅੱਜ ਮਿਤੀ ੨੮ ਨਵੰਬਰ ੧੯੯੯ ਤੱਕ ਗਿਆਨੀ ਜੀ ਵਲੋਂ ਕੋਈ ਪੱਤਰ ਨਹੀਂ ਮਿਲਿਆ। ਅਵੱਲ ਤਾਂ ਆਸ ਨਹੀਂ ਪਰ ਜੇ ਕੋਈ ਉੱਤਰ ਆ ਬਹੁੜਿਆ ਤਾਂ ਉਹ ਵੀ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੋ ਜਾਵੇਗਾ । ਅਜੇ ਮਸਕੀਨ ਜੀ ਦੀ ਸੇਵਾ ਵਿਚ ਪੇਸ਼ ਕੀਤੇ ਬੇਨਤੀ ਪੱਤਰਾਂ ਦਾ ਉਤਾਰਾ ਹਾਜ਼ਰ ਹੈ:---

**ੴ ਸਤਿਗੁਰ ਪ੍ਰਸਾਦਿ ॥**

**ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖ ਮਾਰੀ ॥ ੨ ॥**
**ਬੋਲਤ ਬੋਲਤ ਬਢਹਿ ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ ਬਿਚਾਰਾ ॥ ੩ ॥**

ਪਰਮ ਸਤਿਕਾਰਤ ਗਿਆਨੀ ਸੰਤ ਸਿੰਘ ਜੀਓ, June 18 1998

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ ॥

ਮਹੀਨਾ ਸ਼ਾਇਦ ਅਕਤੂਬਰ ਦਾ ਸੀ, ੧੯੭੫ ਜਦ ਦਾਸ ਨੇ ਪਹਿਲੀ ਵਾਰ ਆਪ ਜੀ ਦੇ ਦਰਸ਼ਨ, ਮੰਜੀ ਸਾਹਿਬ (ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਦੀ ਸਟੇਜ ਤੇ ਕੀਤੇ ਸਨ। ਭਾਵੇਂ ਬੜੀ ਜ਼ਿੰਮੇਵਾਰੀ ਵਾਲੀ ਅਤੇ ਅਚਨਚੇਤ ਪੈ ਜਾਣ ਵਾਲੇ ਰੁਝੇਵੇਂ ਵਾਲੀ ਸਰਕਾਰੀ ਸੇਵਾ ਤੇ ਨਿਯੁਕਤ ਸਾਂ ਫਿਰ ਵੀ, ਉਸ ਤੋਂ ਉਪ੍ਰੰਤ ਮੰਜੀ ਸਾਹਿਬ ਹਾਲ ਵਿਚ ਅਤੇ ਵੇਦਾਂਤ ਸਮੇਲਨ ਵਿਚ ਹੋਏ ਤੁਹਾਡੇ, ਲਗ-ਪਗ ਸਾਰੇ ਭਾਸ਼ਨ ਨੇਮ ਨਾਲ ਸੁਣਦੇ ਰਹਿਣ ਤੋਂ ਦਾਸ ਕਦੇ ਨਹੀਂ ਖੁੰਝਿਆ। ਆਪ ਜੀ ਦੀਆਂ ਲਿਖੀਆਂ ਪੁਸਤਕਾਂ, ਅਤੇ ੧੦੦ ਤੋਂ ਵੱਧ ਕੈਸਟਾਂ ਖਰੀਦੀਆਂ। ਬੜਾ ਕੁਝ ਪ੍ਰਾਪਤ ਹੋਇਆ। ਆਪ ਜੀ ਦਾ ਦਿਲੋਂ ਰਿਣੀ ਹਾਂ।

ਆਪ ਜੀ ਨੂੰ ਆਪਣੇ ਹਿਰਦੇ ਦੀ ਡੂੰਘਾਈ ਤੋਂ, ਬੜੇ ਸੁਲਝੇ ਹੋਏ ਸੁਧਾਰਕ, ਅਗਿਆਨੀਆਂ ਨੂੰ ਗਿਆਨ ਬਖ਼ਸ਼ਸ਼ ਕਰਨ ਦੀ ਸੇਵਾ ਨਿਭਾ ਰਹੇ, ਸੰਤ ਸੁਭਾਅ, ਅਤੇ ਸੁਹਿਰਦ ਗੁਰਮੁਖਿ ਪਿਆਰੇ, ਸਮਝਦਾ ਹੋਇਆ, ਗੁਰਮਤਿ ਪ੍ਰਤੀ ਕੁਝ ਸ਼ੰਕਿਆਂ ਨੂੰ ਲਿਖਤੀ ਰੂਪ ਦੇ ਕੇ ਉਨ੍ਹਾਂ ਦੀ ਨਿਵਰਤੀ ਲਈ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ। ਉਨ੍ਹਾਂ ਲਿਖਤਾਂ ਦਾ ਵੇਰਵਾ ਇਸ ਪ੍ਰਕਾਰ ਹੈ:--

(੧) ਪੰਜ ਵਿਕਾਰਾਂ ਵਿਚੋਂ " ਕਾਮ " ਨੂੰ ਅਧਿਕ ਸ਼ਕਤੀ ਦਰਸਾਉਂਣ ਵਾਲੇ ਆਪ ਜੀ ਦੇ ਭਾਸ਼ਨ ਸੰਬੰਧੀ, ੧੧ ਸਫ਼ੇ ਦਾ ਜੋਦੜੀ ਪੱਤਰ ,

(੨) **(ੳ)** ਭਗਉਤੀ **ਜੀ ਕੀ ਵਾਰ (ਅ)** ਸ੍ਰੀ ਬਚਿੱਤ੍ਰ ਨਾਟਕ, **(ੲ)** ਚਰਿਤ੍ਰੋ ਪਖਯਾਨ, **(ਸ)** ਤਿੰਨੇ ਹੀ ਚੰਡੀ ਚਰਿਤ੍ਰ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਲਿਖੇ ਅੱਡ ਅੱਡ ਲੇਖ ।

ਸ੍ਰੀ ਦਸਮ ਗ੍ਰੰਥ ਸਾਹਿਬ ਦੇ ਉਪ੍ਰੋਕਤ ਭਾਗ ਅਤੇ ਸਿੱਖ ਰਹਿਤ ਮਰਯਾਦਾ ਦੇ ਖਰੜੇ ਨੂੰ ਗੁਰੂ-ਬਾਣੀ-ਬਿਬੇਕਤਾ ਦੀ ਕਸਵੱਟੀ ਤੇ ਪਰਖਿਆ ਹੈ। ਦਲੀਲ ਨੂੰ ਗੁਰਮਤਿ ਦੇ ਅਨਕੂਲ ਸਿੱਧ ਕਰਨ ਲਈ ਘੱਟ ਤੋਂ ਘੱਟ ਪੰਜ ਗੁਰੂ-ਬਾਣੀ ਪ੍ਰਮਾਣਾਂ ਦਾ ਟੀਚਾ ਹੈ। ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ ਲਿਖਣੀ ਅਰੰਭ ਕਰਨ ਦਾ ਮੂਲ ਕਾਰਨ ਉਹੀ ਦੋ ਪੰਗਤੀਆਂ ਹਨ ਜਿਹੜੀਆਂ ਦਾਸ ਨੇ ਆਪ ਜੀ ਤੋਂ ਹੀ ੧੯੭੫ ਵਿਚ ਸ੍ਰੀ ਮੰਜੀ ਸਾਹਿਬ ਵਿਆਖਿਆ ਸਹਿਤ ਸੁਣੀਆਂ ਸਨ ਅਤੇ ਆਪ ਜੀ ਦੇ ਟੇਪ ਹੋਏ ਕਈ ਭਾਸ਼ਨਾ ਦਾ ਸ਼ਿੰਗਾਰ ਹਨ-**ਜਬ ਲਗ ਖਾਲਸਾ ਰਹੇ ਨਿਆਰਾ । ਤਬ ਲੱਗ ਤੇਜ ਦੀਆ ਮੈਂ ਸਾਰਾ "। ਨਿਆਰੇ ਰਹਿਣ ਦੀ ਸ਼ਰਤ ਤੇ (ਖ਼ਾਲਸਾ ਜੀ ਕੋਲ) ਤੇਜ ਪ੍ਰਤਾਪ ਕਿਆਮਤ ਤੱਕ ਟਿਕੇ ਰਹਿਣ ਦਾ ਸਾਧ ਬਚਨ ?** ਖ਼ਾਲਸਾ ਜੀ ਤੋਂ ਸ਼ਕਤੀ ਸ਼ਾਲੀ ਰਾਜ ਅਤੇ ਅਧਿਆਤਮਕ ਰੰਗਣ ਵਾਲੀ ਜੀਵਨੀ ਰੂਪ ਤੇਜ ਪ੍ਰਤਾਪ, ਖੁੱਸ ਜਾਣ ਦਾ ਅਰਥ ?---ਸਪੱਸ਼ਟ ਹੈ ਕਿ, ਅਸੀਂ ਨਿਆਰੇ ਨਹੀਂ ਰਹੇ । **ਅਤੇ ਫਿਰ--ਜਬ ਇਹ ਗਹੇ ਬਿਪ੍ਰਨ ਕੀ ਰੀਤ । ਮੈਂ ਨਾ ਕਰੂੰ ਇਨਕੀ ਪਰਤੀਤ ।** ਜੇ ਕਿਤੇ ਅਸੀਂ ਬਿੱਪ੍ਰਨ ਕੀ ਰੀਤ ਦੇ ਧਾਰਨੀ ਵੀ ਬਣ ਗਏ ਹਾਂ, ਤਾਂ ਨਿਰਸੰਦੇਹ ਅਸੀਂ ਸਤਿਗੁਰਾਂ ਲਈ ਬੇਪ੍ਰਤੀਤੇ ਵੀ ਬਣ ਚੁੱਕੇ ਹਾਂ। ਇਸ ਤੌਖਲੇ ਨੇ ੧੯੮੪ ਤੋ ਦਾਸ ਦੇ ਹਿਰਦੇ ਦਾ ਚੈਨ ਖੋਹ ਲਿਆ ।

ਇਸ ਸਚਾਈ ਦਾ ਪਰਚਾਰ ਆਪ ਜੀ ਵੀ ਕਰਦੇ ਆ ਰਹੇ ਹੋ ਕਿ, ਸਿਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ, ਸਿੱਖ ਧਰਮ ਨਾਲ ਸੰਬੰਧਤ, ਬਾਕੀ ਕੋਈ ਵੀ ਅਜੇਹੀ ਲਿਖਤ ਜਾਂ ਗ੍ਰੰਥ ਨਹੀਂ ਹੈ ਜੋ ਪੰਥ ਦੇ ਵੈਰੀਆਂ ਦੀ ਪਹੁੰਚ ਤੋਂ ਬਚਿਆ ਰਿਹਾ ਹੋਵੇ । ਦਾਸ ਦੇ ਲਿਖੇ ਨੂੰ ਪੜ੍ਹ ਕੇ ਜਿਹੜੀ ਕੋਈ ਗੱਲ ਗੁਰਮਤਿ ਦੇ ਅਨਕੂਲ ਨਹੀਂ, ਅਥਵਾ ਜੇ ਕਿਤੇ ਗੁਰੂ ਬਾਣੀ ਦੇ ਪਾਵਨ ਸ਼ਬਦਾਂ ਦੀ ਅਢੁਕਵੀਂ ਵਰਤੋਂ ਹੋਈ ਹੋਵੇ ਤਾਂ, (ਕੇਵਲ ਅਤੇ ਕੇਵਲ ਗੁਰੂ ਬਾਣੀ ਦੇ **ਘਟ ਤੋਂ ਘੱਟ ਪੰਜ** ਪਰਮਾਣਾ ਦੁਆਰਾ) ਗੁਰਮਤਿ ਦੀ ਠੀਕ ਸੋਧ ਬਖ਼ਸ਼ਸ਼ ਕਰੋ। ਦਾਸ ਆਪਣੇ ਲਿਖੇ ਵਿਚ ਸੋਧ ਕਰ ਲੈਣ ਵਿਚ ਜ਼ਰਾ ਢਿੱਲ ਨਹੀਂ ਕਰੇਗਾ। ਗੁਰੂ ਬਾਣੀ ਦੇ ਢੁਕਵੇ ਪਰਮਾਣਾ ਨਾਲ ਗੁੰਦੀ ਹੋਈ ਗੁਰਮਤਿ ਸੂਝ ਬਖ਼ਸ਼ਸ਼ ਕਰਨ ਵਾਲੇ, ਆਪ ਜੀ ਦੇ ਉਪਕਾਰ ਨੂੰ ਨਾ ਭੁੱਲਦਾ ਹੋਇਆ ਦਾਸ ਸਦਾ ਆਪ ਜੀ ਦਾ ਰਿਣੀ ਰਹੇਗਾ।

ਪਾਠਕਾਂ ਦੇ ਹੱਥਾਂ ਵਿਚ ਪੁੱਜਣ ਤੋਂ ਪਹਿਲਾਂ ਗੁਰਮਤਿ ਅਨੁਸਾਰ ਸੋਧ ਹੋ ਜਾਣੀ, ਆਪ ਜੀ ਵਲੋਂ ਬੜੀ ਅਨਮੋਲ ਪੰਥਕ ਸੇਵਾ ਹੋਵੇਗੀ। ਦਸਮ-ਗ੍ਰੰਥ ਸਾਹਿਬ ਦੀ ਅਸਲੀਅਤ ਤੋਂ ਸਮੁੱਚੇ ਪੰਥ ਦਾ ਜਾਣੂੰ ਹੋਣਾਂ ਅਤੇ ਇਸ ਬਾਰੇ ਪੰਥ ਵਲੋਂ ਅੰਤਮ ਫੈਸਲਾ ਹੋ ਜਾਣਾ ਪੰਥ ਦੀ ਚੜ੍ਹਦੀ ਕਲਾ ਲਈ ਅਤੀ ਜ਼ਰੂਰੀ ਹੈ। ਸਰਬ-ਪਰਵਾਣਤ ਅਤੇ ਕੇਵਲ ਇੱਕ ਪੱਕਾ ਫੈਸਲਾ ਤਦ ਹੀ ਸੰਭਵ ਹੈ ਜੇ ਅਸੀ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਹਿਰਦਤਾ ਨਾਲ, ਵਿਚੋਲੇ ਅਤੇ ਮੁਨਸਫ਼ ਮੰਨ ਲਈਏ।** ਨਹੀਂ ਤਾਂ ਇਹ ਦੁਚਿੱਤੀ ਪੰਥ ਨੂੰ ਲੈ ਡੁਬੇਗੀ। **ਦਾਸ ਨੂੰ ਪੂਰਨ ਵਿਸ਼ਵਾਸ਼ ਹੈ ਕਿ ਦਾਸ ਦੇ ਇਸ ਅਟੱਲ ਵਿਸ਼ਵਾਸ਼ ਨਾਲ ਆਪ ਜੀ ਪੂਰਨ ਤੌਰ ਤੇ ਸਹਿਮਤ ਹੋਵੋਗੇ--**

**ਸੁਚੱਜੀ ਗੁਰਮਤਿ ਸੂਝ ਦੀ ਬਖ਼ਸ਼ਸ਼ ਕਰਨ ਦੀਆਂ ਜੋਦੜੀਆਂ ਕਰਦਾ ਹੋਇਆ---- ਦਾਸ- ਗੁਰਬਖ਼ਸ਼ ਸਿੰਘ**

**ੴ ਸਤਿਗੁਰ ਪ੍ਰਸਾਦਿ ॥**

**ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥ ੩ ॥**

ਪੰਥ ਵਲੋਂ ਸਤਿਕਾਰੇ ਹੋਏ, ਗਿਆਨੀ ਸੰਤ ਸਿੰਘ ਮਸਕੀਨ ਜੀਓ, ਜੂਨ ੧੮--੧੯੯੮

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥

ਆਪ ਜੀ ਦੇ ਭਾਸ਼ਨ ਦੀ ਟੇਪ ਬਾਜ਼ਾਰ ਵਿਚ ਵਿਕਦੀ ਹੈ ਜਿਸ ਵਿਚ ਆਪ ਜੀ ਨੇ " ਕਾਮ ' ਨੂੰ ਅਧਿਕ ਸ਼ਕਤੀ ਦੱਸਦਿਆਂ ਇਹ ਸਮਝਾਉਣ ਦਾ ਹੀ ਯਤਨ ਕੀਤਾ ਹੈ ਕਿ, ਕਾਮ ਸ਼ਕਤੀ ਜੇ ਹੇਠਾਂ ਨੂੰ ਤੁਰ ਜਾਵੇ ਤਾਂ ਸੰਤਾਨ ਪੈਦਾ ਕਰਦੀ ਹੈ ਪਰ ਜੇ ਕਿਤੇ ਇਹ ਉੱਪਰ ਨੂੰ ਚੜ੍ਹ ਆਵੇ ਤਾਂ ਵਾਹਿਗੁਰੂ ਨਾਲ ਮਿਲਾਪ ਕਰਾ ਦਿੰਦੀ ਹੈ। ਉਤਸੁਕਤਾ ਵਧਨ ਦੇ ਕਾਰਨ ਦਾਸ ਨੇ ਬੜਾ ਯਤਨ ਕੀਤਾ ਪਰ ਗੁਰਬਾਣੀ ਵਿਚੋਂ ਅਜੇਹਾ ਕੋਈ ਫ਼ੁਰਮਾਨ ਨਹੀਂ ਮਿਲ ਸਕਿਆ ਜਿਸ ਤੋਂ ਆਪ ਜੀ ਦੇ ਕਥਨ ਦੀ ਮਾੜੀ ਮੋਟੀ ਪੁਸ਼ਟੀ ਵੀ ਹੁੰਦੀ ਹੋਵੇ। ਤੁਸਾਂ ਜਿਨ੍ਹਾਂ ਗੁਰੂ ਸ਼ਬਦਾਂ ਦਾ ਸੰਕੇਤ ਮਾਤ੍ਰ ਜ਼ਿਕਰ ਕੀਤਾ ਹੈ ਉਨ੍ਹਾਂ ਦੀ ਵਿਚਾਰ ਤੋ ਸਗੋਂ ਭਰਮ ਹੋਰ ਵਧਿਆ। ਕੁਝ ਗੁਰਮੁਖ ਸੱਜਣਾ ਨਾਲ ਵਿਚਾਰਾਂ ਕੀਤੀਆਂ । ਪਰ ਮਸਲਾ ਹੋਰ ਉਲਝਿਆ। ਆਖ਼ਰ ਜਦ ਇਹ ਪਤਾ ਲੱਗਾ ਕਿ ਆਪ ਜੀ ਸਿਆਟਲ ਹੀ ਗੁਰੂ ਦੁਆਰਾ ਸਾਹਿਬ --ਸੱਚਾ ਮਾਰਗ ਵਿਖੇ ਕੁਝ ਦਿਨਾਂ ਲਈ ਸੰਗਤਾਂ ਨੂੰ ਨਿਹਾਲ ਕਰਨ ਲਈ ਆ ਰਹੇ ਹੋ ਤਾਂ ਫੈਸਲਾ ਹੋਇਆ ਕਿ, ਸਾਰੇ ਭਰਮ ਭੁਲੇਖੇ ਦੂਰ ਕਰਨ ਲਈ ਆਪ ਹੀ ਦੀ ਸੇਵਾ ਵਿਚ ਇਹ ਲਿਖਤੀ ਬੇਨਤੀ ਪੱਤਰ ਪੇਸ਼ ਕੀਤਾ ਜਾਵੇ। ਸ਼ੰਕੇ ਇਸ ਪ੍ਰਕਾਰ ਹਨ ਜੀ:--

**ੳ- ਕਾਮ ਦੀ ਉਪ੍ਰੋਕਤ ਵਰਣਨ ਸ਼ਕਤੀ ਦੀ ਮੁਹੱਤਤਾ ਗੁਰਮਤਿ ਅਨੁਸਾਰ ਸਿੱਧ ਕਰਨ ਲਈ ਆਪ ਜੀ ਨੇ ਆਪਣੇ ਭਾਸ਼ਨ ਵਿਚ ਜਿੰਨੇ ਹੀ ਗੁਰੂ ਸ਼ਬਦਾਂ ਦੀ ਪੰਗਤੀਆਂ ਦੀ ਵਰਤੋਂ ਕੀਤੀ ਹੈ, ਪੂਰੇ ਗੁਰੂ ਸ਼ਬਦਾਂ ਦੇ ਅਸਲ ਆਸ਼ੇ ਨੂੰ ਵਿਗਾੜਨ ਦੀ ਭੁੱਲ ਕੀਤੀ ਹੋਣ ਦਾ ਹੀ ਭਰਮ ਬਣਿਆਂ ਹੈ। ਪਹਿਲੀ ਪੰਗਤੀ**-ਗੂਜਰੀ ਰਵਿਦਾਸ : **ਮੈਲਾਗਰ ਬੇਰੇ ਹੈ ਭੁਇਅੰਗਾ ਬਿਖੁ ਅੰਮ੍ਰਿਤ ਬਸੈ ਇਕ ਸੰਗਾ ॥** ਹੈ । ਉਸ ਪੂਰੇ ਗੁਰੂ ਸ਼ਬਦ ਦੀ ਸਿਖਿਆ ਦਾ ਮੇਲ ਆਪ ਜੀ ਦੇ ਭਾਸ਼ਨ ਵਿਚਲੀ ਦਲੀਲ ਨਾਲ ਨਹੀਂ ਖਾ ਰਿਹਾ:-

**ਸ਼ੰਕਾ**-- ਦਾਸ ਕੋਲ ਆਪ ਜੀ ਦੇ ਭਾਸ਼ਨ ਦੀ ਟੇਪ ਹੈ ਜਿਸ ਵਿਚ, ਤੁਸਾਂ ਸਾਬਕਾ ਪ੍ਰਿੰਸੀਪਲ ਸਾਹਿਬ ਸਿੰਘ ਜੀ ਨੂੰ, ਹੋ ਗੁਜ਼ਰੇ ਗੁਰੂ-ਬਾਣੀ ਦੇ ਸਾਰੇ ਟੀਕਾਕਾਰਾਂ ਵਿਚੋਂ ਸਭ ਤੋਂ ਉੱਤਮ ਟੀਕਾਕਾਰ ਹੋਣ ਦਾ ਫ਼ਤਵਾ ਦਿੱਤਾ ਹੈ। ਉਨ੍ਹਾਂ ਵਲੋਂ ਕੀਤੇ ਅਰਥਾਂ ਦਾ ਤੁਹਾਨੂੰ ਚੇਤਾ ਕਰਾਉਣਾ ਜਾਗਦੇ ਨੂੰ ਜਗਾਉਣ ਵਾਲੀ ਅਤੇ ਸੂਰਜ ਨੂੰ ਦੀਵਾ ਵਿਖਾਉਣ ਵਾਲੀ ਗੱਲ ਹੈ। ਨਿਰਸੰਦੇਹ ਆਪ ਨੇ ਸਭ ਕੁਝ **ਜਾਣਤ ਹੀ** ਬੋਲਿਆ ਹੈ। ਆਪ ਜੀ ਨਾਲ ਕੀਤੇ ਜਾ ਰਹੇ ਇਸ ਪੱਤਰ ਵਿਹਾਰ ਨੇ ਪੁਸਤਕ ਦਾ ਰੂਪ ਲੈਣਾ ਹੈ। ਇਸ ਲਈ ਸਾਰਿਆਂ ਦੀ ਜਾਣਕਾਰੀ ਲਈ ਸਾਹਿਬ ਸਿੰਘ ਜੀ ਵਾਲੇ ਅਰਥਾਂ ਸਮੇਤ ਪੂਰਾ ਗੁਰੂ ਸ਼ਬਦ ਲਿਖਿਆ ਜਾ ਰਿਹਾ ਹੈ:--

**੧- ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ ॥ ੧ ॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਉ ॥ ਅਵਰ ਨ ਫੂਲੁ ਅਨੂਪੁ ਨਾ ਪਾਵਉ ॥ ੧ ॥ ਰਹਾਉ ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥ ੪ ॥ ਪੂਜਾ ਅਰਚਾ ਆਹਿ ਨਾ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥** [੫੨੫]-੧

**ਪਦ ਅਰਥ:--ਬਛਰੈ**=ਵੱਛੇ ਨੇ। **ਥਨਹੁ**=ਥਣਾਂ ਵਿਚੋਂ ਹੀ। **ਬਿਟਾਰਿਓ**=ਜੂਠਾ ਕਰ ਦਿੱਤਾ। **ਭਵਰਿ**=ਭਵਰੇ ਨੇ। **ਮੀਨਿ**=ਮੀਨ ਨੇ, ਮੱਛੀ ਨੇ। **੧ । ਮਾਈ**=ਹੇ ਮਾਂ । **ਕਹਾ**=ਕਿਥੋਂ। **ਚਰਾਵਉ**=ਮੈਂ ਭੇਟਾ ਕਰਾਂ। **ਅਨੂਪ**=[ਅਨ+ਉਪੁ] ਜਿਸ ਵਰਗਾ ਹੋਰ ਕੋਈ ਨਹੀ, ਅਤੀ ਸੁੰਦਰ। **ਨ ਪਾਵਉ**=ਮੈ ਹਾਸਲ ਨਹੀਂ ਕਰ ਸਕਾਂਗਾ । ੧ । ਰਹਾਉ ॥ **ਮੈਲਾਗਰ**=[ਮਲਯ+ਅਗਰ] ਮਲਯ ਪਰਬਤ ਉੱਤੇ ਉੱਗੇ ਹੋਏ ਚੰਦਨ ਦੇ ਬੂਟੇ । **ਬੇਰ੍ਹੇ**=ਵ੍ਹੇੜੇ ਹੋਏ, ਲਪੇਟੇ ਹੋਏ । **ਬਿਖੁ**=ਜ਼ਹਿਰ। **ਇੱਕ ਸੰਗਾ**=ਇੱਕ ਥਾਂ, ਇਕੱਠੇ। **੨ । ਦੀਪ**=ਦੀਵਾ। **ਨਈਬੇਦ**= [An offering of eatables presented to a deity or idol] ਕਿਸੇ ਬੁੱਤ ਜਾਂ ਦੇਵੀ ਦੇਵਤੇ ਅੱਗੇ ਖਾਣ ਵਾਲੀਆਂ ਚੀਜ਼ਾਂ ਦੀ ਭੇਟਾ । **ਬਾਸਾ**=ਬਾਸਨਾ, ਸੁਗੰਧੀ। **੩ । ਅਰਪਉ**=ਅਰਪ ਦਿਆਂ, ਮੈਂ ਭੇਟਾ ਕਰਾਂ। ਚਰਾਵਉ=ਭੇਟਾ ਕਰਾਂ। ੪ । **ਅਰਚਾ**=ਮੂਰਤੀ ਆਦਿਕ ਦੀ ਪੂਜਾ, ਮੂਰਤੀ ਅਗੇ ਸਿਰ ਨਿਵਾਉਣਾ, ਮੂਰਤੀ ਨੂੰ ਸ਼ਿੰਗਾਰਨਾ। ਅਹਿ ਨ=ਨਹੀਂ ਹੋ ਸਕੀ। **ਕਹਿ**=ਕਹੈ, ਆਖਦਾ ਹੈ । **ਕਵਨ ਗਤਿ**=ਕੀਹ ਹਾਲ ? । **੫ ।**

**ਅਰਥ:**- ਦੁਧ ਤਾਂ ਥਣਾ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ, ਫੁੱਲ ਭੌਰੇ ਨੇ (ਸੁੰਘ ਕੇ) ਤੇ ਪਾਣੀ ਮੱਛੀ ਨੇ ਖ਼ਰਾਬ ਕਰ ਦਿੱਤਾ (ਸੋ, ਇਹ ਤਿੰਨੇ) ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟ ਕਰਨ ਯੋਗ ਨਹੀਂ ਰਹਿ ਗਏ। **੧ ।** ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟ ਕਰਾਂ ਕੋਈ ਹੋਰ (ਸੁੱਚਾ) ਫੁੱਲ (ਆਦਿਕ ਮਿਲ) ਨਹੀਂ (ਸਕਦਾ)। ਕੀ ਮੈਂ (ਇਸ ਘਾਟ ਕਰ ਕੇ) ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ ? **। ੧ । ਰਹਾਉ।** ਚੰਦਨ ਦੇ ਬੂਟਿਆਂ ਨੂੰ ਸੱਪ ਚੰਬੜੇ ਹੋਏ ਹਨ (ਤੇ ਉਨ੍ਹਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ), ਜ਼ਹਿਰ ਤੇ ਅੰਮ੍ਰਿਤ (ਭੀ ਸਮੁੰਦਰ ਵਿਚ) ਇਕੱਠੇ ਹੀ ਵੱਸਦੇ ਹਨ। **੨ ।** ਸੁਗੰਧੀ ਆ ਜਾਣ ਕਰ ਕੇ ਧੂਪ ਦੀਪ ਤੇ ਨੈਵੇਦ ਭੀ (ਜੂਠੇ ਹੋ ਜਾਂਦੇ ਹਨ), (ਫਿਰ ਹੇ ਪ੍ਰਭੂ ! ਜੇ ਤੇਰੀ ਪੂਜਾ ਇਨ੍ਹਾਂ ਚੀਜ਼ਾਂ ਨਾਲ ਹੋ ਸਕਦੀ ਹੋਵੇ, ਤਾਂ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ) ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਰਨ ? **। ੩ ।** (ਹੇ ਪ੍ਰਭੂ!) ਮੈਂ ਆਪਣਾ ਤਨ ਮਨ ਅਰਪਣ ਕਰਦਾ ਹਾਂ, ਤੇਰੀ ਪੂਜਾ ਵਜੋਂ ਭੇਟ ਕਰਦਾ ਹਾਂ, (ਇਸੇ ਭੇਟਾ ਨਾਲ ਹੀ) ਸਤਿਗੁਰ ਦੀ ਮਿਹਰ ਦੀ ਬਰਕਤਿ ਨਾਲ ਤੈਨੂੰ ਮਾਇਆ-ਰਹਿਤ ਨੂੰ ਲੱਭ ਸਕਦਾ ਹਾਂ ? **। ੪ ।** ਰਵਿਦਾਸ ਆਖਦਾ ਹੈ--(ਹੇ ਪ੍ਰਭੂ ! ਜੇ ਸੁੱਚੇ ਦੁੱਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾਂ ਨਾਲ ਹੀ ਤੇਰੀ ਪੂਜਾ ਹੋ ਸਕਦੀ ਤਾਂ ਕਿਤੇ ਭੀ ਇਹ ਸ਼ੈਆਂ ਸੁੱਚੀਆਂ ਨਾਂਹ ਮਿਲਣ ਕਰ ਕੇ) ਮੈਥੋਂ ਤੇਰੀ ਪੂਜਾ ਅਤੇ ਤੇਰੀ ਭਗਤੀ ਹੋ ਹੀ ਨਾਂਹ ਸਕਦੀ, ਤਾਂ ਫਿਰ (ਹੇ ਪ੍ਰਭੂ !) ਮੇਰਾ ਕੀ ਹਾਲ ਹੁੰਦਾ। ।

ਦਾਸ ਦੀ ਤੁੱਛ ਬੁੱਧੀ ਅਨੁਸਾਰ ਇਸ ਗੁਰੂ ਫ਼ੁਰਮਾਨ ਦੀ ਪੰਗਤੀ ਦਾ ਆਪ ਜੀ ਦੇ ਵਿਸ਼ੇ ਨਾਲ ਕੋਈ ਮੇਲ ਨਹੀਂ ਬਣਦਾ। ਜ਼ਹਿਰ ਅਤੇ ਅੰਮ੍ਰਿਤ ਦੀ ਗੱਲ ਵੀ ਕਿਸੇ ਖ਼ਾਸ ਮਥਿਹਾਸਕ **ਕੁਫ਼ਰ-ਭਿੱਟ** ਵੱਲ ਹੀ ਇਸ਼ਾਰਾ ਕਰ ਰਹੀ ਹੈ। ਉਂਜ ਆਪ ਜੀ ਦਾ ਇਹ ਕਥਨ ਬਿਲਕੁਲ ਸੱਚ ਹੈ ਕਿ, ਜਹਿਰ ਅਤੇ ਅੰਮ੍ਰਿਤ ਵਿਚ ਕੋਈ ਦੂਰੀ ਨਹੀਂ ਹੈ। ਪਰ ਸੰਖੀਏ ਦੇ ਜਿਸ ਕੁਸ਼ਤੇ ਨੂੰ ਖਾ ਕੇ ਤੁਸੀਂ ਜੈਪੁਰ ਵਿਖੇ ਭਾਸ਼ਨ ਦੇਣ ਦੇ ਕਾਬਲ ਹੋ ਗਏ ਸੀ, ਜੇ ਚਮਚਾ ਭਰ ਖਾ ਲੈਂਦੇ ਤਾਂ ਉਸੇ ਅੰਮ੍ਰਿਤ ਮਈ ਕੁਸ਼ਤੇ ਨੇ ਕੁਝ ਹੋਰ ਹੀ ਰੰਗ ਵਿਖਾ ਦੇਣਾ ਸੀ। ਸੋ ਅਸਲੀ ਗੱਲ ਏਹੀ ਹੈ ਕਿ, ਕਰਤੇ ਦਾ ਬਣਾਇਆ ਕੋਈ ਵੀ ਪਦਾਰਥ ਆਪਣੇ ਆਪ ਵਿਚ ਨਾ ਜ਼ਹਿਰ ਹੈ ਅਤੇ ਨਾ ਅੰਮ੍ਰਿਤ ਹੈ। ਵਰਤੋਂ ਦਾ ਸੰਜਮ ਅਤੇ ਢੰਗ, ਉਸੇ ਨੂੰ ਅੰਮ੍ਰਿਤ ਅਤੇ ਉਸੇ ਪਦਾਰਥ ਨੂੰ ਜ਼ਹਿਰ ਬਣਾ ਦਿੰਦਾ ਹੈ। ਹਰ ਪ੍ਰਕਾਰ ਦੇ ਨਸ਼ੇ ਵਾਲੇ ਪਦਾਰਥ ਬੜੀਆਂ ਲਾਹੇਵੰਦ ਦਵਾਈਆਂ ਦਾ ਜ਼ਰੂਰੀ ਹਿੱਸਾ ਬਣਦੇ ਆ ਰਹੇ ਹਨ। ਸੋ ਉਸ ਪ੍ਰਭੂ-ਖਸਮ ਦੀ ਕਿਰਤ, ਨਿੰਦਨ ਜੋਗ ਨਹੀਂ ਹੈ । ਉਂਜ ਆਪ ਜੀ ਇਹ ਪਤਾ ਵੀ ਜ਼ਰੂਰ ਹੈ ਕਿ ਚੰਦਨ ਅਤੇ ਸੱਪਾਂ ਦੇ ਇੱਕੋ ਥਾਂ ਹੋਣ ਦੀ ਗੱਲ ਗੁਰੂ ਬਾਣੀ ਵਿਚ ਇਉਂ ਵੀ ਹੈ--

੨- **ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਹ ਬੇਢਿਓ, ਤ ਸੀਤਲਤਾ ਨ ਤਜੰਤ ॥ ੧੭੪ ॥**[੧੩੭੩]

**ਅ**- ਆਪ ਜੀ ਦਾ ਇਹ ਫ਼ੁਰਮਾਨ:--

ਔਲਾਦ ਨੂੰ ਮਨੁੱਖ ਨੇ ਗਵਾਇਆ ਏ ਸਿਰਫ ਧੰਨ ਨੂੰ ਬਚਾਇਆ ਏ ॥ਤੇ ਹੁਣ ਔਲਾਦ ਦਾ ਰੋਣਾ ਪਿਟਣਾ ਕਿਹੜੀ
ਗੱਲ ਏ ॥ ਅਸਲੀ ਧੰਨ ਔਲਾਦ ਏ ਤੇ ਉਸ ਤੇ ਮਿਹਨਤ ਚਾਹੀਦੀ ਹੈ,ਸਮਾ ਚਾਹੀਦਾ ਹੈ , ਵਖਤ ਚਾਹੀਦਾ ॥

ਪਰਮ ਸਤਿਕਾਰ ਜੋਗ ਮਸਕੀਨ ਜੀਓ ! ਕੀ ਔਲਾਦ ਅਥਵਾ ਧੀਆਂ ਪੁੱਤਰ **ਮਾਇਆ** ਨਹੀਂ ਹੈ ? ਕੀ ਅਸਲ ਧਨ ਨਾਮ ਨਹੀਂ ਹੈ ਜੀ ? ਫਿਰ ਔਲਾਦ ਦੀ ਸਾਂਭ-ਸਿਖਲਾਈ ਵਾਲਾ ਆਪ ਜੀ ਦਾ ਉਪਦੇਸ਼ ਕੀ, ਗੁਰੂ ਬਾਣੀ ਦੇ ਇਨ੍ਹਾਂ ਸ਼ਬਦਾਂ ਦੀਆਂ ਅੰਤ੍ਰੀਵ ਭਾਵਨਵਾਂ ਦੇ ਅਧਾਰ ਤੇ ਨਹੀਂ ਸੀ ਹੋਣਾ ਚਾਹੀਦਾ ਜੀ?

੩- **ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥**
**ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸ ਬਿਧਵਾ ਕਰਿ ਮਹਤਾਰੀ ॥ ੨ ॥** [੧੨੬੨]-੧

੪- **ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥ ੧ ॥** [੩੨੮]-੨੫

੫- **ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**
**ਨਿਤ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥** [੬੯੭]-੫

**ਦੂਜਾ ਪੱਖ** ---ਗੁਰਬਾਣੀ ਵਿਚ ਮਾਤਾ ਨੂੰ ਧੰਨ ਧੰਨ ਵੀ ਬੜੀ ਵਾਰੀ ਕਿਹਾ ਹੈ :--

੬- **ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥**
**ਕੁਲ ਉਧਾਰੇ ਆਪਣਾ, ਧੰਨੁ ਜਣੇਦੀ ਮਾਇਆ ॥.....੨ ॥** [੧੩੮]-ਵਾ-੨

੭- -**... ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ ਦਰਿ ਸਚੈ ਸਚਿਆਰੁ ਸਚਾ ਆਇਆ ॥ ।...੧੮ ॥**[੧੨੮੬]-ਵਾਰ

੮- **ਧੰਨੁ ਸੁ ਵੰਸੁ ਧੰਨੁ ਸੁ ਪਿਤਾ, ਧੰਨੁ ਸੁ ਮਾਤਾ, ਜਿਨਿ ਜਨ ਜਣੇ ॥**
**ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਹਰਿ ਜਨ ਬਣੇ ॥ ...... ੩ ॥** [੧੧੩੫]-੩-੭

੯- **ਬਿਖਿਆ ਮਾਹਿ ਉਦਾਸੁ ਹੈ ਹਉਮੈ ਸਬਦਿ ਜਲਾਇਆ ॥**
**ਆਪਿ ਤਰਿਆ ਕੁਲ ਉਧਰੇ, ਧੰਨੁ ਜਣੇਦੀ ਮਾਇਆ ॥ .... ੧ ॥** [੮੫੨]-ਵਾ-੮

੧੦- **ਧਨ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ ॥ ਸਤਿਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ ਦਰਿ ਸੇਵਨਿ ਸੰਤ ਜਨ ਖੜੇ, ਪਾਇਨਿ ਗੁਣੀ ਨਿਧਾਨ ॥ ੧ ॥** [੩੨]-੧੬-੪੯

ਪਰ ਆਪ ਜੀ ਦੇ ਭਾਸ਼ਨ ਦਾ ਅਸਲ ਵਿਸ਼ਾ ਤਾਂ ਕਾਮ ਦੇਵਤਾ ਨੂੰ ਅਧਿਕ ਸ਼ਕਤੀ ਸਿੱਧ ਕਰਨ ਦਾ ਅਥਵਾ ਉਸ ਦੀ ਪੂਜਾ ਦਾ ਸੀ। ਚੰਗੀ ਮਾੜੀ ਔਲਾਦ ਦੀ ਗੱਲ ਛੇੜਨੀ ਸ਼ਾਇਦ ਪਰਚਾਰ-ਕਲਾ ਦਾ ਜ਼ਰੂਰੀ ਹਿੱਸਾ ਹੋਵੇ ? ਉਪ੍ਰੋਕਤ ਗੁਰੁ-ਸ਼ਬਦਾਂ ਨਾਲ ਏਥੇ ਆਪ ਜੀ ਦਾ ਕੀ ਵਾਸਤਾ ? ਹੋ ਚੁੱਕੀ ਭੁੱਲ ਲਈ ਦਾਸ ਨੂੰ ਖਿਮਾ ਬਖ਼ਸ਼ਸ਼ ਕਰਨੀ ਜੀ ।

**ਏ**- ਆਪ ਜੀ ਦਾ ਫ਼ੁਰਮਾਨ:--

ਸ਼ਕਤੀ ਹੈ ਮਨੁੱਖ ਦੇ ਕੋਲ, ਜਹਿਰ ਬਣੇਗੀ, ਅੰਮ੍ਰਿਤ ਬਣੇਗੀ , ਬਿਖ ਅੰਮ੍ਰਿਤ ਬਸੇ ਇਕ ਸੰਗਾ ॥ ਉਸੇ ਸ਼ਕਤੀ ਦਾ ਨਾ ਹੈ ਕਾਮ ॥

**ਹੋਰ ਸ਼ਕਤੀ ਨਹੀ ਮਨੁੱਖ ਦੇ ਕੋਲ**---- ਤੁਸੀ ਆਖੋਗੇ , ਮੈ ਕਿਸ ਵਿਸ਼ੇ ਨੂੰ ਛੋਇਆ ॥ ਗੁਰੂ ਨਾਨਕ ਦਾ ਸ਼ਬਦ ਨਾ ਹੁੰਦਾ , ਮੈ ਨਹੀਂ ਛੁਹਣਾ ਸੀ॥ **ਕਲ ਕਲਵਾਲੀ , ਕਾਮ ਮਦ , ਮਨੂਆ ਪੀਵਣਹਾਰ ॥ ਕ੍ਰੋਧ ਕਟੋਰੀ ਮੋਹ ਭਰੀ, ਪਿਲਾਵਾ ਅਹੰਕਾਰੁ ॥ ਮਜਲਸ ਕੂੜੈ ਲਬ ਕੀ , ਪੀ ਪੀ ਹੋਏ ਖੁਆਰ ॥** ਜੇ ਕ੍ਰੋਧ ਵਿਆਖਿਆ ਕੀਤੀ ਜਾ ਸਕਦੀਹੈ , ਲੋਭ ਤੇ ਕੀਤੀ ਜਾ ਸਕਦੀ ਹੈ, ਹੰਕਾਰ ਤੇ ਕੀਤੀ ਜਾ ਸਕਦੀ ਹੈ, ਮੋਹ ਦੀਆ ਧੱਜੀਆ ਉਡਾਈਆ ਜਾ ਸਕਦੀਆ ਤੇ ਇਕੋ ਈ ਵਿਸ਼ਾ ਜਿਸ ਦੀ ਚਰਚਾ ਨਹੀ ਹੋਵੇਗੀ, ਜੇ ਨਹੀ ਹੋਵੇਗੀ ਤਾ ਜਿੰਦਗੀ ਭ੍ਰਸ਼ਟ ਹੋ ਜਾਵੇ ਗੀ ॥ ਨਹੀ ਹੋਵੇ ਗੀ ਤਾ ਮਨੁੱਖ ਅਗਿਆਨੀ ਰਹਿ ਜਾਵੇਗਾ ॥ ਨਾ-ਸਮਝ ਰਹਿ ਜਾਵੇਗਾ ॥ ਇਹੀ ਵੀ ਮੈ **....**

ਆਉ ਆਪ ਜੀ ਦੇ ਕਥਨ ਵਾਲੇ ਮਹਾਂਨ ਟੀਕਾਕਾਰ ਸਾਹਿਬ ਸਿੰਘ ਜੀ ਦੇ ਕੀਤੇ ਹੀ ਅਰਥਾਂ ਦੇ ਅਧਾਰ ਤੇ ਸਤਿਗੁਰਾਂ ਦੇ ਇਸ ਪਾਵਨ ਗੁਰੂ-ਵਾਕ--**ਸਲੋਕੁ ਮਰਦਾਨਾ ੧ ॥** ਨੂੰ ਵਿਚਾਰ ਲੈਂਦੇ ਹਾਂ:--

੧੧- **ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹ ਭਰੀ, ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ ਕਰਣੀ, ਸਤੁ ਗੁੜੁ, ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥**[੫੫੩]-ਵਾਰ ੧੨

**ਅਰਥ:**--ਕਲਜੁਗੀ ਸੁਭਾਉ (ਮਾਨੋਂ) (ਸ਼ਰਾਬ ਕੱਢਣ ਵਾਲੀ) ਮੱਟੀ ਹੈ, ਕਾਮ (ਮਾਨੋ) ਸ਼ਰਾਬ ਹੈ ਤੇ ਇਸ ਨੂੰ ਪੀਣ ਵਾਲਾ (ਮਨੁੱਖ ਦਾ) ਮਨ ਹੈ, ਮੋਹ ਨਾਲ ਭਰੀ ਹੋਈ ਕ੍ਰੋਧ ਦੀ (ਮਾਨੋਂ) ਕਟੋਰੀ ਹੈ ਤੇ ਅਹੰਕਾਰ (ਮਾਨੋਂ) ਪਿਲਾਉਣ ਵਾਲਾ ਹੈ, ਕੂੜੇ ਲੱਬ ਦੀ (ਮਾਨੋ) ਮਜਲਸ ਹੈ (ਜਿਸ ਵਿਚ ਬਹਿ ਕੇ) ਮਨ (ਕਾਮ ਦੀ ਸ਼ਰਾਬ ਨੂੰ) ਪੀ ਪੀ ਕੇ ਖ਼ੁਆਰ ਹੁੰਦਾ ਹੈ। (ਪਰ ਹੇ ਭਾਈ !) ਚੰਗੀ ਕਰਣੀ ਨੂੰ (ਸ਼ਰਾਬ ਕੱਢਣ ਵਾਲੀ ਲਾਹਣ, ਸੱਚ ਬੋਲਣ ਨੂੰ ਗੁੜ ਬਣਾ ਕੇ ਸੱਚੇ ਨਾਮ ਨੂੰ ਸ੍ਰੈਸ਼ਟ ਸ਼ਰਾਬ ਬਣਾ। ਗੁਣਾ ਨੂੰ ਮੰਡੇ, ਸੀਤਲ ਸੁਭਾਉ ਨੂੰ ਘਿਉ ਤੇ ਸ਼ਰਮ ਨੂੰ ਮਾਸ--(ਇਹ ਸਾਰੀ) ਖ਼ੁਰਾਕ ਬਣਾ, ਹੇ ਨਾਨਕ ! ਇਹ ਖ਼ੁਰਾਕ ਸਤਿਗੁਰੂ ਦੇ ਸਨਮੁੱਖ ਹੋਇਆਂ ਮਿਲਦੀ ਹੈ ਤੇ ਇਸ ਦੇ ਖਾਧਿਆਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

ਉਪ੍ਰੋਕਤ ਗੁਰੂ-ਫ਼ੁਰਮਾਨ ਵਿਚ ਕੇਵਲ ਕਾਮ ਦੀ ਗੱਲ ਨਹੀਂ ਕ੍ਰੋਧ ਲੋਭ ਮੋਹ ਅਹੰਕਾਰ ਦੀ ਗੱਲ ਵੀ ਨਾਲ ਹੀ ਹੈ। ਪਰ ਆਪ ਜੀ ਨੇ ਗੱਲ ਕਰਨ ਦੀ ਵਿਧੀ ਨਾਲ ਸ੍ਰੋਤਿਆਂ ਦੇ ਮਨਾਂ ਵਿਚ ਪ੍ਰਭਾਵ ਏਹੀ ਬਿਠਾਇਆ ਹੈ ਕਿ ਸਤਿਗੁਰਾਂ ਨੇ ਕਾਮ ਨੂੰ ਅਧਿਕ ਸ਼ਕਤੀ ਕਿਹਾ ਹੈ। । ਕੀ, ਆਪਣੀ ਮਰਜ਼ੀ ਦੇ ਵਿਸ਼ੇ ਨੂੰ ਗੁਰਮਤਿ ਸਿੱਧ ਕਰਨ ਲਈ ਗੁਰੂ ਬਾਣੀ ਦੀ ਵਰਤੋਂ ਕਰ ਲੈਣ ਵਿਚ ਕੋਈ ਖ਼ੁਨਾਮੀ ਤਾਂ ਨਹੀਂ ਹੈ ਜੀ ?

**ਸ-** ਸਿਰ ਤੋਂ ਪੈਰਾਂ ਤੱਕ, ਨਗਨ ਜਵਾਨ ਇਸਤ੍ਰੀ ਮਰਦ ਆਪਸ ਵਿਚ ਕਈ ਆਸਣਾ ਨਾਲ ਭੋਗ ਕਰ ਰਹੇ ਮੂਰਤੀਆਂ ਦੀ ਸ਼ਕਲ ਵਿਚ ਦਰਸਾਏ ਹੋਏ ਮੰਦਰਾਂ ਵਾਲੇ ਨੱਗਰ ਦੀਆਂ ਰੌਣਕਾਂ ਦਾ ਜ਼ਿਕਰ ਕਰਨ ਉਪ੍ਰੰਤ ਅੱਗੇ ਤੁਹਾਡਾ ਫ਼ੁਰਮਾਨ ਇਉਂ ਹੈ:----

ਹੈਰਾਨਗੀ ਹੋਈ ਮੈਨੂੰ ਇਹ ਕੀ ਹੋ ਗਿਆ ਇਸ ਪੁਰਾਣੇ ਰਿਸੀਆ ਮੁਨੀਆ ਨੂੰ॥ ਇਹ ਕੀ ਕੀਤਾ ਇਨ੍ਹਾ ਨੇ ਮੰਦਰ ਔਰ ਫਿਰ ਕੁਨਾਰਕ ਦਾ ਮੰਦਰ ਜਗਨਨਾਥ ਪੁਰੀ ਦਾ ਮੰਦਰ॥ ਇਨ੍ਹਾ ਮੰਦਰਾ 'ਚ **ਗੁਰੂ ਬਾਬਾ ਜੀ ਗਏ ਨੇ , ਗੁਰੂ ਨਾਨਕ ਦੇਵ ਜੀ ॥ ਜਗਨਨਾਥ ਪਰੀ ਗਏ ਨੇ ,ਕੁਨਾਰਕ ਗਏ ਨੇ ॥ ਯਾਦਗਾਰੀ ਅਸਥਾਨ ਬਣੇ ਨੇ ॥** ਇਹ ਵੀ ਮੈ ਅਰਜ਼ ਕਰ ਦਿਆ ॥ ਸਤਿਗੁਰ ਦੇ **ਵਕਤ ਇਨ੍ਹਾ ਮੰਦਰਾ 'ਚ ਪਾਠ ਪੂਜਾ ਚਲਦਾ ਸੀ** ॥ ਅੱਜ ਜਗਨਨਾਥ ਪੁਰੀ 'ਚ ਹੈ ਪੂਜਾ ਪਾਠ, ਥੋੜਾ ਬਹੁਤ ਕੁਨਾਰਕ ਵਿਚ ਵੀ ਹੈ, ਲੇਕਿਨ ਖਜੂਰਾਹੇ 'ਚ ਨਹੀ ਰਹਿ ਗਿਆ॥ ਹਜ਼ਾਰਾ ਦੀ ਭੀੜ ਰੋਜ ਆਉਦੀ ਏ , ਰੋਜ਼ ਜਾਦੀ ਏ॥ ਮੂਰਤੀਆ ਕਾਮ ਦੀਆ॥ ਸਟੱਡੀ ਕਰਦਿਆ ਕਰਦਿਆ ਕੁਛ ਗੱਲ ਮੇਰੇ ਸਾਹਮਣੇ ਆਈ ॥ ਜਿੰਦਗੀ ਇਕ ਮੰਦਰ ਏ ॥ ਸਰੀਰ ਦੇ ਤਲ ਤੇ ਕਾਮ ਈ ਕਾਮ, ਬਾਹਰ ਮੂਰਤੀ ਤੇ ਕਾਮ ਦੀ ਏ , ਅੰਦਰ ਰਾਮ ਏ। ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਬਿਸਰਾਮ ॥ ***ਅੰਦਰ ਰਾਮ ਏ ॥ ਬਾਹਰ ਕਾਮ ਆ*** ॥ ਉਹ ਜਿਹੜਾ ਅੰਦਰ ਨਾਮ ਏ ਉਹ ਸਿਧਾ ਪ੍ਰਮਾਤਮਾ ਤੋ ਆਇਆ ॥ ਇਹ ਜਿਹੜੀ ਕਾਇਆ ਏ , ਏ ਆਈ ਕਾਮ ਤੋ ॥ ਏ ਆਈ ਕਾਮ ਤੋ ਏ ॥ ਤੋ ਕਾਇਆ ਦੇ ਰੋਮ ਰੋਮ ਵਿਚ ਕਾਮ ਹੈ ॥ ਅੰਦਰ ਚੇਤਨਾ ਦੇ ਰੋਮ ਰੋਮ ਦੇ ਵਿਚ ਨਾਮ ਏ॥

ਆਪਣੇ ਭਾਸ਼ਨ ਦੇ ਉਪ੍ਰੋਕਤ ਭਾਗ ਵਿਚ ਤੁਸਾਂ ਮਨੁੱਖ ਦੀ ਉਸ **ਕਮਜ਼ੋਰੀ** ਨੂੰ ਵੀ ਉਜਾਗਰ ਕੀਤਾ ਹੈ ਜਿਹੜੀ, ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਰੱਬੀ ਕਮਾਲ ਦੇ ਦਰਸ਼ਨਾਂ ਤੋਂ ਠੰਢ ਮਾਣਨ ਦੀ ਗੱਲ, **ਭੁਲ ਭੁਲਾ ਕੇ, ਉਤੇਜਣਾ ਪੈਦਾ ਕਰਨ ਵਾਲੀ ਅਸ਼ਲੀਲਤਾ** ਨੂੰ ਵੇਖਣ ਲਈ ਮਨੁੱਖਾਂ ਨੂੰ ਬੌਰਾ ਬਣਾ ਰਹੀ ਹੁੰਦੀ ਹੈ। ਆਪ ਜੀ ਦੀ ਸ਼ਬਦਾਵਲੀ ਅਤੇ ਬੋਲਣ ਦੇ ਅੰਦਾਜ਼ ਤੋਂ ਸਿੱਧ ਹੁੰਦਾ ਹੈ ਕਿ ਏਹੀ ਅਸ਼ਲੀਲਤਾ ਵੇਖਣ ਲਈ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਵੀ (ਬੌਰੇ ਹੋਏ ?) ਉਨ੍ਹਾਂ ਕਾਮ-ਮੰਦਰਾਂ ਦੀ ਯਾਤਰਾ ਨੂੰ ਜਾਂਦੇ ਰਹੇ ਸਨ ? ਅਸ਼ਲੀਲਤਾ ਦੇ ਦਰਸ਼ਨਾਂ ਦੀ ਯਾਤ੍ਰਾ ਤੇ ਜਾਣ ਵਾਲੀ ਝੂਠ-ਗੱਲ ਨੂੰ ਅਣਜਾਣ ਸਰੋਤੇ ਲਈ ਸੱਚ ਬਨਾਉਂਦਿਆਂ ਤੁਸਾਂ ਇਹ ਵੀ ਕਿਹਾ ਕਿ ਉਨ੍ਹਾਂ ਥਾਵਾਂ ਦੀ ਯਾਤਰਾ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ। ਫਿਰ ਗੁਰੂ ਨਾਨਕ ਸਾਹਿਬ ਜੀ ਦੀ, ਉਨ੍ਹਾਂ ਕਾਮ-ਮੰਦਰਾਂ ਦੀ ਕਥਿਤ ਯਾਤਰਾ ਨੂੰ ਧਰਮ ਦਾ ਅੰਗ ਹੋਣ ਦਾ ਭਰਮ ਪੈਦਾ ਕਰਕੇ, ਝੂਠ ਨੂੰ ਪੂਰਨ ਸੱਚ ਬਨਾਉਣ ਵਾਲਾ ਤੁਹਾਡਾ ਇਹ ਫ਼ੁਰਮਾਨ, ਕਿ--" **ਉਨ੍ਹੀਂ ਦਿਨੀ ਉਨ੍ਹਾਂ ਮੰਦਰਾਂ ਵਿਚ ਪੂਜਾ ਪਾਠ ਵੀ ਹੁੰਦੀ ਸੀ** "। ਦੇਵੀ ਦੇਵਤੇ ਦੀ ਪੂਜਾ ਪਾਠ ਨਾਲ, ਖ਼ਾਸ ਕਰਕੇ ਕਾਮ ਦੇਵਤਾ ਦੀ ਪੂਜਾ ਪਾਠ ਨਾਲ-- **ਗੁਰਦੇਵਾ ਜੀ ਦਾ ਕੀ ਨਾਤਾ** ? ਇਸ ਪੱਖੋਂ ਗੰਭੀਰ ਚੁੱਪ ? ਇਹ ਕਿਵੇਂ ਮੰਨ ਲਿਆ ਜਾਵੇ ਕਿ ਆਪ ਜੀ ਇਸ ਪੱਖੋਂ ਅਣਜਾਣ ਹੋ ਕਿ ਪੁਰਾਣਾਕਾਰੀਆਂ ਨੇ **ਭੋਗ ਵਿਲਾਸ ਨੂੰ** ਹੀ ਕਾਮ ਦੇਵਤਾ ਦੀ **ਪੂਜਾ** ਲਿਖਿਆ ਹੈ?

ਹੈਰਾਨੀ ਹੈ ਕਿ ਇੱਕ ਪਾਸੇ ਆਪਣੀ ਪੁਸਤਕ--**ਗੁਰੂ ਜੋਤੀ**--ਦੇ ੩੯ ਸਫ਼ੇ ਤੇ--" ਹਰ ਕਰਮ ਇਕ ਬੀਜ ਹੈ। ਹਰ ਕਰਮ ਦਾ ਸੰਸਕਾਰ ਬਣਦਾ ਹੈ ਤੇ ਸੰਸਕਾਰਾਂ ਦੇ ਇਕੱਠ ਤੋਂ ਸੁਭਾਵ ਬਣਦਾ ਹੈ ਤੇ ਸੁਭਾਵ ਹੀ ਦੁਖ ਸੁਖ ਨੂੰ ਜਨਮ ਦੇਂਦਾ ਹੈ। ਦੁਖ ਸੁਖ ਦੇ ਫਲ ਕਰਮਾਂ ਦੇ ਬੀਜ ਤੋਂ ਪ੍ਰਫੁਲਤ ਹੁੰਦੇ ਹਨ । " ਲਿਖਣ ਵਾਲੇ ਮਸਕੀਨ ਸਾਹਿਬ ਜੀਓ, ਕੀ ਤੁਸੀ ਅੱਖੀਆਂ ਨਾਲ ਵੇਖਣ ਨੂੰ **ਕਰਮ** ਨਹੀਂ ਮੰਨਦੇ ਹੋ ? ਕਾਮ ਅਗਨੀ ਨੂੰ ਉਤੇਜਤ ਕਰਨ ਵਲੇ ਨਗਨ ਇਸਤ੍ਰੀ ਮਰਦਾਂ ਵਲੋਂ ਕਈ ਆਸਣਾ ਵਿਚ ਕੀਤਾ ਜਾ ਰਿਹਾ ਭੋਗ-ਤਮਾਸ਼ਾ ਕੀ, ਕਾਮ ਰੁਚੀਆਂ ਵਧਾਉਣ ਵਾਲੇ ਸੰਸਕਾਰਾਂ ਨੂੰ ਹੋਰ ਵੀ ਵੱਧ ਡੂੰਘਾ ਨਹੀਂ ਉੱਕਰਦਾ ? ਅਸ਼ਲੀਲਤਾ ਦਾ ਨੰਗਾ ਨਾਚ ਵੇਖਣ ਨੂੰ ਰੱਬੀ ਮਿਲਾਪ ਦਾ ਸਾਧਨ, ਤੁਸੀਂ ਗੁਰੂ ਬਾਣੀ ਦੇ ਕਿਸ ਗੁਰੂ ਫ਼ੁਰਮਾਨ ਦੇ ਅਧਾਰ ਤੇ ਪਰਚਾਰ ਰਹੇ ਹੋ ? ਕੀ, ਤੁਸੀਂ ਕੋਈ ਅਜੇਹਾ ਸ਼ਬਦ ਲਿਖ ਸਕਦੇ ਹੋ ਜਿਸ ਤੋਂ ਅਜੇਹੀਆਂ ਕਾਮ ਮੂਰਤੀਆਂ ਵੇਖਣ ਦੀ ਸਹਿਮਤੀ ਵਿਚ ਸ੍ਰੀ ਗੁਰੂ ਨਾਨਕ ਜੀ ਦਾ ਮਾੜਾ ਮੋਟਾ ਵੀ ਸੰਕੇਤ ਜ਼ਾਹਰ ਹੋ ਸਕਦਾ ਹੋਵੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ, ਪ੍ਰਭੂ ਦੇ ਹੁਕਮ ਰੂਪੀ ਨਿਯਮ ਅਨਸਾਰ, ਜੀਵ ਜਿਵੇਂ ਜਿਵੇਂ ਵੇਖਦੇ ਹਨ, ਤਿਹੋ ਜਿਹਾ ਉਨ੍ਹਾਂ ਦਾ ਆਪਣਾ ਸਰੂਪ ਬਣਦਾ ਜਾਂਦਾ ਹੈ।

੧੨- **ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ [੪੬੬]-ਵਾਰ-੭**

**ਅਰਥ:**--ਜਿਹੜਾ ਮਨੁੱਖ ਹਰ ਥਾਂ ਪ੍ਰਭੂ ਨੂੰ ਹੀ ਵੇਖਦਾ ਹੈ, ਸਦਾ ਥਿਰ ਪ੍ਰਭੂ ਹੀ ਜਿਸ ਨੂੰ ਬੋਲਦਾ ਦਿਸ ਰਿਹਾ ਹੈ, ਉਸ ਦੇ ਗਿਆਨ ਇੰਦਰੇ (ਮਾਇਆ ਦੇ ਹਲਿਆਂ ਵਲੋਂ) ਅਤੇ ਉਸ ਦਾ ਮਨ (ਵਿਕਾਰਾਂ ਦੇ ਹਲਿਆਂ ਵਲੋਂ) ਅਡੋਲ ਹੋ ਜਾਂਦਾ ਹੈ । ਉਸ ਲਈ ਉਪਦੇਸ਼ ਅਤੇ ਸਿਖਿਆ ਪ੍ਰਭੂ ਦਾ ਸਿਮਰਨ ਹੀ ਹੈ । ਪ੍ਰਭੂ ਦਾ ਰੂਪ ਹੋ ਚੁੱਕੇ ਉਸ (ਵਡਭਾਗੇ ਮਨੁੱਖ) ਸੀ ਸੋਭਾ ਅਟੱਲ ਹੋ ਜਾਂਦੀ ਹੈ । ਪਰ ਜਿਨ੍ਹਾਂ ਨੇ ਸੱਚ (-ਸਦਾ ਥਿਰ ਪ੍ਰਭੂ) ਨੂੰ ਭੁਲਾਈ ਰਖਿਆ, ਉਹ (ਜਿੰਦਗੀ ਵਿਚ ਵੀ) ਦੁਖੀ ਰਹੇ, ਅਤੇ ਏਥੋਂ ਤੁਰੇ ਵੀ ਦੁਖੀ ਹੋ ਹੋ ਕੇ । ੪ ।

ਸਚੁ ਨਾਲ ਜੋੜਨ ਵਾਲੇ ਸੱਚ ਨੂੰ ਹੀ ਸਦਾ ਵੇਖਣ ਸੁਣਨ ਬਾਰੇ ਸਤਿਗੁਰਾਂ ਦਾ ਫ਼ੁਰਮਾਨ:--

੧੩- **ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ**
**ਸਚੇ ਸਚੀ ਸੋਇ ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥ ੪ ॥** [੬੯/੭੦]-੧੭-੮-੨੫

ਕਾਮ ਕ੍ਰੀੜਾ ਦੇ ਆਸਣਾ ਵਾਲੀ ਝੂਠ ਅਸ਼ਲੀਲਤਾ ਵਿਚ ਕਿਸ ਪ੍ਰਕਾਰ ਦੇ ਸੱਚ ਦੇ ਦਰਸ਼ਨ ਕਰਨੇ ਸਨ ? ਸ੍ਰੀ ਗੁਰੂ ਨਾਨਕ ਜੀ ਆਪਣੇ ਹੀ ਲਿਖੇ ਸਿਧਾਂਤ ਦੀ ਖੰਡਨਾਂ ਵਾਲਾ ਕੋਈ ਵੀ ਕਰਮ ਕਦੇ ਨਹੀਂ ਸਨ ਕਰ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸੁਣਨ ਕਿਰਿਆ ਬਾਰੇ ਹੇਠ ਲਿਖਿਆ ਉਪਦੇਸ਼ ਕੀ ਉਸੇ ਮਹਾਨ ਗੁਰੂ ਪਰਮੇਸ਼ਰ ਜੀ ਦਾ ਨਹੀਂ ਹੈ, ਜਿਨ੍ਹਾਂ ਨੂੰ ਕਾਮ-ਅਗਨੀ ਨੂੰ ਭੜਕਾਉਣ ਵਾਲੀ ਅਸ਼ੀਲਤਾ ਦੀ ਯਾਤ੍ਰਾ ਲਈ ਜਾਂਦੇ ਰਹੇ ਦਰਸਾਇਆ ਹੈ ? ---

੧੪- **ਮੇਰੇ ਮੋਹਿਨ ਸ੍ਰਵਨੀ ਇਹ ਨ ਸੁਨਾਇ ॥**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਇ ॥ ੧ ॥ ਰਹਾਉ ॥** [੮੨੦]

ਉਸ ਬੇ-ਸੁਰੇ ਕਾਮ-ਰਾਗ ਦੇ ਅਲਾਪ ਵਿਚ ਗੁਰੂ ਬਾਣੀ ਦੀ ਇਹ ਤੁਕ?--**ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸਰਾਮ ॥** ਅਯੋਗ ਢੰਗ ਨਾਲ ਵਰਤੀ ਅਨੁਭਵ ਹੋਈ ਹੈ। ਖਜੁਰਾਇ ਦੀ ਆਸ਼ਲੀਲਤਾ ਨਾਲ ਜੋੜਨ ਦੀ ਖੇਚਲ ਕਰਨ ਦੇ ਥਾਂ ਉਸ ਪਾਵਨ ਪੰਗਤੀ ਨੂੰ ਉਸੇ ਥਾਂ ਨਾਲ ਜੋੜ ਕੇ ਸਰੋਤਿਆਂ ਨੂੰ ਉਸ ਦੇ ਸਹੀ ਦਰਸ਼ਨ ਜੇ ਮਸਕੀਨ ਜੀ ਤੁਸਾਂ ਨਾ ਕਰਾਏ, ਤਾਂ ਫਿਰ ਇਹ ਉਪਕਾਰ ਹੋਰ ਕੌਣ ਕਰਨ ਲੱਗਾ ਹੈ ਜੀ ?---

੧੫- **ਸਲੋਕ ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ**
**ਮਨਿ ਪਰਗਾਸੁ ॥ ੧ ॥ ਅਸਟਪਦੀ ॥ ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ**
**ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸ਼ਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥**
**ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ**
**ਬਿਸਮਾਦ ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥[੨੯੩]-ਅਸਟ-੨੩**

ਰੱਬ ਦਾ ਜਾਂ ਰੱਬੀ ਸ਼ਕਤੀਆਂ ਦਾ ਟਿਕਾਣਾ ਕਿਸੇ ਕੋਠੇ (ਖਜੂਰਾਇ ਦੇ ਮੰਦਰਾਂ--ਅੰਦਰ ਰਾਮ ਤੇ ਬਾਹਰ ਕਾਮ ?) ਵਿਚ ਸੀਮਤ ਹੋ ਸਕਦਾ ਹੁੰਦਾ ਤਾਂ ਮੱਕੇ ਜਾ ਕੇ ਕਾਬੇ ਵਲ ਪੈਰ ਪਸਾਰ ਕੇ ਬਾਬਾ ਜੀ ਨੂੰ ਲੇਟਣ ਦੀ ਕੀ ਲੋੜ ਸੀ ? ਗੱਲ ਮਨੁੱਖਾ ਸਰੀਰ ਦੀ ਹੈ ਇੱਟਾ ਗਾਰੇ ਦੇ ਬਣੇ ਕਿਸੇ ਕੋਠੇ ਵਿਚ ਰੱਬੀ ਮਿਲਾਪ ਦਾ ਅੱਡਾ ਬਣਨ ਦੀ ਗੱਲ ਸਤਿਗੁਰਾਂ ਨੇ ਪਹਿਲੇ ਸਰੂਪ ਦੇ ਸਮੇ ਹੀ ਰੱਦ ਕਰ ਦਿੱਤੀ ਸੀ। ਇਹ ਪੰਗਤੀ ਜੋ ਤੁਸੀ ਜਿਸ ਥਾਂ ਵਰਤੀ ਹੈ ਉਹ ਤਾਂ**........ ! ਕਬੀਰ ਮਨ ਜਾਨੈ ਸਭ ਬਾਤ** ਜਾਨਤ ਹੀ **........ ?**

**ਆਦਿ ਸਚੁ** ਨਾਲ ਜੋੜਨ ਆਏ ਉਸ **ਸੱਚ** ਦੇ **ਸੱਚੇ ਅਵਤਾਰ**--(ਜਿਸ ਨੂੰ ਤੁਸਾਂ ਆਪ ਹੀ ਗੁਰੂ ਬਾਬਾ ਜੀ ਦਾ ਪ੍ਰਥਮ ਉਦਘੋਸ਼ ਫ਼ੁਰਮਾਨ ਕੀਤਾ ਹੋਇਆ ਹੈ, ਉਸ), ਮੂਲ ਮੰਤ੍ਰ ਵਿਚ ਹੀ ਰੱਬ ਨੂੰ--**ਸਤਿ** ਕਹਿਣ ਵਾਲੇ--**ਸਤਿ ਸਤਿ ਸਤਿ ਪ੍ਰਭੁ ਸੁਆਮੀ ॥** ਉਚਾਰਨ ਕਰਦੇ ਰਹਿਣ ਵਾਲੇ--**ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੇ ਦੇਖੁ ਸਮਾਲੇ ॥ ੪ ॥** [੩੮੧]--**ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ੧ ॥ ਰਹਾਉ ॥** [੧੧੬੬]--**ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪ੍ਰਸਾਦਿ ਸਦਾ ਮਨ ਰਾਤਾ ॥ [੧੦੭੨]- ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੇਹੁ ॥** [੧੨੨੬] ਉਚਾਰਦੇ ਹੋਏ ਦਸਾਂ ਸਰੂਪਾਂ ਵਿਚ ਵਿਚਰਦੇ ਰਹਿ ਕੇ, ਸ੍ਰੀਗੁਰੂਗ੍ਰੰਥ ਸਾਹਿਬ-ਰੂਪ ਹੋ ਕੇ ਸੰਸਾਰ ਵਿਚ ਵਿਚਰਦੇ ਹੋਏ ਜੋ ਸੱਚ ਦੀ ਪਛਾਣ ਕਰਨ ਦਾ ਉਪਦੇਸ਼ ਨਿਰੰਤਰ ਦੇ ਰਹੇ ਹਨ:---

੧੬- **ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ॥ ਦੂਸਰ ਆਨ ਅਵਰੁ ਪੁਰਖ ਪਊਰਾਤਨੁ ਸੁਣੀਐ॥ ਅੰਮ੍ਰਿਤੁ ਹਰਿ ਕੋ**
**ਨਾਮੁ ਲੈਤ ਮਨਿ ਸਭ ਸੁਖ ਪਾਏ॥ ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ॥ ਜਿਹ ਠਾਕੁਰ ਸੁਪ੍ਰਸੰਨੁ ਭਯੋ ਸਤਸੰਗਤਿ**
**ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ ॥ ੬ ॥**[੧੩੯੬]

ਤੁਸਾਂ ਉਸ ਪੂਰਨ ਸੱਚ ਨੂੰ ਝੂਠ ਦੀ ਯਾਤਰਾ ਕਰਦੇ ਦਰਸਾ ਕੇ ਸਾਨੂੰ ਕੀ ਸਮਝਾਉਣ ਦਾ ਯਤਨ ਕੀਤਾ ਹੈ ਜੀ ?

**ਹ**- ਆਪਣੇ ਏਸੇ **ਕਾਮ** ਵਿਸ਼ੇ ਨੂੰ ਗੁਰਮਤਿ ਸਿੱਧ ਕਰਨ ਲਈ ਤੁਸਾਂ ਗੁਰੂ ਬਾਣੀ ਦੀ ਵਰਤੋਂ ਕਰਨ ਤੋਂ ਪਹਿਲਾਂ ਇਉਂ ਫ਼ੁਰਮਾਨ ਕੀਤਾ---

ਅਗਰ ਕਾਮ ਦੀ ਬਨਾਵਟ ਏ ਸਰੀਰ ਤੇ ਕਾਮ ਖਾਕ ਏ , ਕਾਮੀ ਖਾਕ ਹੋ ਜਾਏਗਾ॥ ਤੁਸੀ ਆਖੋਗੇ ਕਾਮ ਖਾਕ ਕਿਸ ਤਰ੍ਹਾ ॥ ਕਾਮੀ ਖਾਕ

ਕਿਸ ਤਰ੍ਹਾ ? ਖਾਕ ਚਲ ਪਈ ਯਾਤਰਾ ਤੇ, ਤੇ ਕੀ ਬਣ ਗਈ –ਖੁਰਾਕ ॥ ਖੁਰਾਕ ਚਲ ਪਈ ਯਾਤਰਾ ਤੇ, ਤੇ ਕੀ ਬਣ ਗਈ –ਖੂਨ ॥ ਖੂਨ ਬਣਿਆ ਬਿੰਦ॥ ਇਹੀ ਬਿੰਦ ਬਣਿਆ, ਇਕ ਬੱਚਾ, ਮਾਸ ਦਾ ਲੋਥੜਾ--ਹੋਰ ਕੀ ਏ ? ਮੂਲ ਰੂਪ 'ਚ ਦੇਖੋਗੇ ਤੇ ਕੀ ਏ?--ਖਾਕ, ਹੋਰ ਕੀ ਏ ? ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਤਰ੍ਹਾ ਫੁਰਮਾਨ ਕਰਦੀ ਏ **ਪਾਨੀ ਮੈਲਾ ਮਾਟੀ ਗੋਰੀ** ॥ **ਇਸ ਮਾਟੀ ਕੀ ਪੁਤਰੀ ਜੋਰੀ ॥** (ਭਗਤ ਕਬੀਰ ) **ਮਾ ਕੀ ਰਕਤ , ਪਿਤਾ ਬਿੰਦ ਧਾਰਾ** ॥ ਪਾਨੀ **ਮੈਲਾ ਮਾਟੀ ਗੋਰੀ ॥ ਗੋਰੀ –ਗੇਰਵੀ –ਲਾਲ ॥ ਪਿਤਾ ਦਾ ਬਿੰਦ , ਮਾ ਦਾ ਖੂਨ ॥ ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥** ਇਸ ਤਰ੍ਹਾ ਮਿਟੀ ਦਾ ਪੁਤਲਾ ਬਣਿਆ।

ਉਪ੍ਰੋਕਤ ਭਾਸ਼ਨ ਤੋਂ ਜਿਸ ਪ੍ਰਕਾਰ ਦੀ ਜਾਣਕਾਰੀ ਦੀ ਮਨ ਵਿਚ ਉਤਸੁਕਤਾ ਜਾਗੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ ਜੀ:--

**(੧)** ਖੁਰਾਕ ਤੋਂ ਕੀ ਕੁਝ ਬਣਦਾ ਹੈ--ਇਹ ਗਿਆਨ ਕਿਸ ਗ੍ਰੰਥ ਤੋਂ ਮਿਲਦਾ ਹੈ ? **(੨)** ਇਹ ਵਿਸ਼ਾ ਕਿਸ ਵਿਦਿਆਲੇ ਦਾ ਸਲੇਬਸ ਹੈ ?

**(੩)** ਆਖ਼ਰ ਤੁਸਾਂ ਹਰ ਥਾਂ ਗੁਰੂ ਬਾਣੀ ਦੀ ਵਰਤੋਂ ਅਜਾਂਈਂ ਤਾਂ ਨਹੀਂ ਕੀਤੀ ਹੋਣੀ ? ਸੋ, ਜੇ ਇਹ ਸਾਰਾ ਗਿਆਨ ਉਨ੍ਹਾਂ ਗੁਰੂ ਸ਼ਬਦਾਂ ਤੋਂ ਮਿਲਦਾ ਹੈ ਜਿਨ੍ਹਾਂ ਵਿਚੋਂ ਤੁਸਾਂ ਉਪ੍ਰੋਕਤ ਦੋ ਪੰਗਤੀਆਂ ਵਰਤੀਆਂ ਹਨ, ਤਾਂ ਆਉ ਉਨ੍ਹਾਂ ਗੁਰੂ ਸ਼ਬਦਾਂ ਦੀ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ " ਵਿਚਲੇ ਅਰਥਾਂ ਦੇ ਅਧਾਰ ਤੇ ਕਰ ਲੈਂਦੇ ਹਾਂ:---

੧੭- **ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥ ੧ ॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥ ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥ ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥ ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥** [੩੩੭]-੧

**ਅਰਥ:**--(ਹੇ ਅਹੰਕਾਰੀ ਜੀਵ ! ਕਿਸ ਗੱਲ ਦਾ ਮਾਣ ਕਰਦਾ ਹੈਂ ?) ਪਿਉ ਦੀ ਗੰਦੀ ਬੂੰਦ ਅਤੇ ਮਾਂ ਦੀ ਰਕਤ--(ਇਨ੍ਹਾਂ ਦੋਹਾਂ ਤੋਂ ਤਾਂ ਪਰਮਾਤਮਾ ਨੇ) ਜੀਵ ਦਾ ਇਹ ਮਿੱਟੀ ਦਾ ਬੁੱਤ ਬਣਾਇਆ ਹੈ। **੧ ।** ਹੇ ਮੇਰੇ ਗੋਬਿੰਦ ! (ਤੈਥੋਂ ਵੱਖਰੀ) ਮੇਰੀ ਕੋਈ ਹਸਤੀ ਨਹੀਂ ਹੈ ਅਤੇ ਕੋਈ ਮੇਰੀ ਮਲਕੀਅਤ ਨਹੀਂ ਹੈ। ਇਹ ਸਰੀਰ, ਧਨ ਅਤੇ ਇਹ ਜਿੰਦ ਸਭ ਤੇਰੇ ਹੀ ਦਿੱਤੇ ਹੋਏ ਹਨ **। ੧ । ਰਹਾਉ ।** ਇਸ ਮਿੱਟੀ (ਦੇ ਪੁਤਲੇ) ਵਿਚ (ਇਸ ਨੂੰ ਖੜਾ ਰੱਖਣ ਲਈ) ਪ੍ਰਾਣ ਟਿਕੇ ਹੋਏ ਹਨ, (ਪਰ ਇਸ ਕਮਜ਼ੋਰ ਜਿਹੀ ਥੰਮ੍ਹੀ ਦੀ ਅਸਲੀਅਤ ਨੂੰ ਨਾਹ ਸਮਝਦਾ ਹੋਇਆ) ਜੀਵ ਝੂਠਾ ਖਿਲਾਰਾ ਖਿਲਾਰ ਬੈਠਦਾ ਹੈ **। ੨ ।** ਜਿਨ੍ਹਾਂ ਜੀਵਾਂ ਨੇ ਪੰਜ ਪੰਜ ਲੱਖ ਜਾਇਦਾਦ ਜੋੜ ਲਈ ਹੈ, ਮੌਤ ਆਇਆਂ ਉਨ੍ਹਾਂ ਦਾ ਭੀ ਸਰੀਰ-ਰੂਪ ਭਾਂਡਾ ਭੱਜ ਜਾਂਦਾ ਹੈ **। ੩ ।** ਕਬੀਰ ਆਖਦਾ ਹੈ--ਹੇ ਅਹੰਕਾਰੀ ਜੀਵ ! ਤੇਰੀ ਤਾਂ ਜੋ ਨੀਂਹ ਹੀ ਖੜੀ ਕੀਤੀ ਗਈ ਹੈ ਉਹ ਇਕ ਪਲਕ ਵਿਚ ਨਾਸ ਹੋ ਜਾਣ ਵਾਲੀ ਹੈ । ੪ ।

**ਦੂਜੀ ਅਧੂਰੀ ਜਿਹੀ ਪੰਗਤੀ**--ਮਾ ਕੀ ਰਕਤ , ਪਿਤਾ ਬਿੰਦ ਧਾਰਾ । ਮਾਰੂ ਸੋਹਲੇ ਮਹਲਾ ੧ ॥ ੧੬ ਤੁਕਾਂ ਦਾ ਇਹ ਪਾਵਨ ਗੁਰੂਸ਼ਬਦ ਵੀ ਮਨੁੱਖ ਨੂੰ ਕਾਮ ਸ਼ਕਤੀ ਬਾਰੇ ਉਚੇਚਾ ਗਿਆਨ ਦੇਣ ਲਈ ਉਚਾਰਿਆ ਹੋਇਆ ਸਿੱਧ ਨਹੀਂ ਹੁੰਦਾ। ਉਸ ਸਾਰੇ ਗੁਰੂ ਸ਼ਬਦ ਨੂੰ ਬੜੀ ਇਕਾਗਰਤਾ ਅਤੇ ਗਹੁ ਨਾਲ ਵਿਚਾਰਿਆਂ ਵੀ, ਕਾਮ ਪ੍ਰਤੀ ਗਿਆਨ ਦਾ ਸੰਕੇਤ ਤੱਕ ਨਹੀਂ ਮਿਲ ਸਕਿਆ । ਤੁਹਾਡਾ ਇਸ਼ਾਰਾ ਜਿਸ ਤੁਕ ਵੱਲ ਹੈ ਸਗੋਂ ਉਸ ਤੋਂ ਪਹਿਲੀ ਤੁਕ ਵਿਚ ਕਾਮ **ਕ੍ਰੋਧ ਨੂੰ ਨਿਵਾਰਨ** ਦਾ ਉਪਦੇਸ਼ ਹੈ। ਦੋਵੇਂ ਤੁਕਾਂ ਇਸ ਪ੍ਰਕਾਰ ਹਨ:--

੧੮- **ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੇ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥ ਮਾਂ ਕੀ ਰਕਤ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥ ੪ ॥**[੧੦੨੨]-੩

**ਅਰਥ**:--(ਗੁਰੂ ਦੀ ਸਰਨ ਪੈ ਕੇ ਜਿਹੜੇ ਮਨੁੱਖ ਅੰਦਰੋਂ) ਕਾਮ ਕ੍ਰੋਧ ਅਹੰਕਾਰ ਨੂੰ ਦੂਰ ਕਰਦਾ ਹੈ, ਗੁਰੂ ਦੇ ਸ਼ਬਦ ਵਿਚ ਜੁੜ ਕੇ ਕਾਮਾਦਿਕ ਪੰਜ ਚੋਰਾਂ ਨੂੰ ਮਾਰਦਾ ਹੈ, ਗੁਰੂ ਤੋਂ ਮਿਲੇ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਲੜਾਈ ਕਰਦਾ ਹੈ, ਉਸ ਦੇ ਮਨ ਦਾ ਮਾਇਕ ਫੁਰਨਾ ਮਨ ਦੇ ਵਿਚ ਹੀ ਮੁੱਕ ਜਾਂਦਾ ਹੈ (ਭਾਵ, ਮਨ ਵਿਚ ਮਾਇਕ ਫੁਰਨੇ ਉੱਠਦੇ ਹੀ ਨਹੀਂ) । ੩ । ਹੇ ਅਪਾਰ ਪ੍ਰਭੂ ! ਮਾਂ ਦੇ ਲਹੂ ਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਤੂੰ ਮਨੁੱਖ ਦਾ ਬੁੱਤ ਬਣਾ ਦਿੱਤਾ, ਸੋਹਣੀ ਸ਼ਕਲ ਬਣਾ ਦਿੱਤੀ। ਹਰੇਕ ਜੀਵ ਦੇ ਅੰਦਰ ਤੇਰੀ ਜੋਤਿ ਹੈ, ਜਿਹੜੀ ਭੀ ਪਦਾਰਥਾਂ ਦੀ ਬਖ਼ਸ਼ਸ਼ ਹੈ ਸਭ ਤੇਰੀ ਹੀ ਹੈ, ਤੂੰ ਸਿਰਜਣਹਾਰ ਹਰ ਥਾਂ ਮੌਜੂਦ ਹੈਂ । ੪ ।

**ਕ**- ਕਾਮ ਸ਼ਕਤੀ ਦਾ ਅਨੋਖਾ ਗਿਆਨ ਦੇਣ ਲਈ ਅਰੰਭੇ ਭਾਸ਼ਨ ਵਿਚ ਤੁਸਾਂ ਅੱਗੇ ਗੁਰੂ ਬਾਣੀ ਦੀ ਪੰਗਤੀ ਦੀ ਵਰਤੋਂ ਇਉ ਕੀਤੀ ਹੈ

ਇਸ ਸਰੀਰ ਦੇ ਵਿਚਿ ਕੁਛ ਇਸਤਰੀ ਦੇ ਕਣ ਨੇ ॥ ਇਸ ਸਰੀਰ ਦੇ ਵਿਚ ਕੁਛ ਪੁਰਸ਼ ਦੇ ਕਣ ਨੇ ॥ ਮਾ-ਬਾਪ ਤੋ ਸਰੀਰ ਆਇਆ ਤੇ **ਮਾ-ਬਾਪ ਦੀ ਅੰਸ਼** ਸਰੀਰ ਦੇ ਵਿਚ ਮੌਜੂਦ ਏ ॥ ਹਰਿ ਇਕ ਦੇ ॥ ਇਸ ਨੂੰ ਗੁਰੂ ਨਾਨਕ ਇੰਜ ਕਹਿੰਦੇ ਨੇ । **ਰਾਮ ਕਲੀ ਮਹਲਾ ੧ ॥ ਪੁਰਖ ਮਹਿ ਨਾਰ , ਨਾਰ ਮਹਿ ਪੁਰਖਾ ॥ ਬੂਝਹੁ ਬ੍ਰਹਮ ਗਿਆਨੀ ॥** <u>ਐ ਬ੍ਰਹਮ ਗਿਆਨੀ ਆ, ਬਹੁਤੀਆ ਡੀਂਗਾ ਮਾਰਨ ਦੀ ਥਾ ਪਹਿਲਾ ਇਹ ਵੀ ਸਮਝੋ, ਇਹ ਵੀ ਜਾਣ</u> ॥ ਪੁਰਖ ਮਹਿ ਨਾਰ , ਨਾਰ ਮਹਿ ਪੁਰਖਾ॥ ਬੂਝਹੁ ਬ੍ਰਹਮ ਗਿਆਨੀ ॥ਕੋਈ ਐਸੀ ਇਸਤ੍ਰੀ ਨਹੀ ਜਿਹਦੇ 'ਚ ਪੁਰਸ਼ ਦੇ ਕਣ ਨਾ ਹੋਵਣ ॥ ਕੋਈ ਐਸਾ ਪੁਰਸ਼ ਨਹੀ ਜਿਹਦੇ 'ਚ ਇਸਤ੍ਰੀ ਦੇ ਕਣ ਨਾ ਹੋਣ॥ ਦੋਹਾ ਤੋ ਸਰੀਰ ਆਇਆ ਦੋਹਾ ਦੀ ਅੰਸ਼ ਮੌਜੂਦ ਐ ॥ ਫਰਕ ਸਿਰਫ ਇਤਨਾ ਹੈ , ਪੁਰਸ਼ ਇਸ ਵਾਸਤੇ ਪੁਰਸ਼ ਹੋ ਗਿਆ ਕਿ ੬੦% ਪਿਤਾ ਦੇ ਕਣ ਨੇ, ੪੦% ਮਾ ਦੇ ਕਣ ਨੇ ॥ ਇਸਤਰੀ ਇਸ ਵਾਸਤੇ ਇਸਤਰੀ ਹੋ ਗਈ ਕਿ ਉਹਦੇ ਵਿਚ ੬੦% ਮਾ ਦੇ ਕਣ ਨੇ ੪੦% ਪਿਉ ਦੇ ॥ ਬਸ ਇਤਨੀ ਗੱਲ ਏ ॥

ਉਪ੍ਰੋਕਤ ਭਾਸ਼ਨ ਦੇ Underline ਭਾਗ --**ਐ ਬ੍ਰਹਮ ਗਿਆਨੀ ਆ ਬਹੁਤੀਆ ਡੀਂਗਾ ਮਾਰਨ ਦੀ ਥਾ ਪਹਿਲਾ ਇਹ ਵੀ ਸਮਝੋ** --ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਇਸਤ੍ਰੀ ਅਤੇ ਪੁਰਸ਼ ਦੋਹਾਂ ਵਿਚ ਇਕ ਦੂਜੇ ਵਿਚਲੇ ਕਣਾ ਦੇ ਫ਼ੀ-ਸਦੀ ਅਨੁਪਾਤ ਦਾ ਪੂਰਾ ਗਿਆਨ ਅਥਵਾ ਬੱਚੀ, ਪਿਤਾ, ਲੜਕਾ, ਮਾਂ ਦਾ ਆਪਣੇ ਆਪ ਵਿਚ ਅਧੂਰੇ ਹੋਣ ਦਾ ਠੀਕ ਠੀਕ ਗਿਆਨ, **ਰਾਮਕਲੀ ਮਹਲਾ ੧ ॥** ਦੇ ਉਸੇ ਗੁਰੂ ਸ਼ਬਦ ਵਿਚੋਂ ਮਿਲਦਾ ਹੋਣਾ ਹੈ, ਜਿਸ ਵਿਚੋ ਤੁਹਾਡੇ ਮਨ ਦੀ ਚੋਣ ਵਿਚ ਆਈ ਪੰਗਤੀ ਦੀ ਤੁਸਾਂ ਵਰਤੋਂ ਕੀਤੀ ਹੈ। ਇਸ ਲਈ, ਅਸਾਂ ਮੂਰਖਾਂ ਨੇ ਵੀ ਏਧਰ ਓਧਰ ਡੀਂਗਾਂ ਕਿਉਂ ਮਾਰਨੀਆਂ ਹਨ, ਉਹੀ ਪੂਰਾ ਪਾਵਨ ਸ਼ਬਦ ਪਾਠਕਾਂ ਨਾਲ ਸਾਂਝਾ ਕਰ ਲੈਂਦੇ ਹਾਂ:--

੧੯- **ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥ ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤ ਪਛਾਣੈ ॥ ੧ ॥ ਐਸਾ ਗਿਆਨੁ ਬੀਚਾਰੈ ਕੋਈ ॥ ਤਿਸ ਤੇ ਮੁਕਤਿ ਪਰਮਗਤਿ ਹੋਈ ॥੧॥ ਰਹਾਉ ॥ ਦਿਨ ਮਹਿ**

**ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥ ਤਾ ਕੀ ਗਤਿ ਮਿਤ ਅਵਰੁ ਨਾ ਜਾਣੈ ਗੁਰ ਬਿਨੁ ਸਮਝ ਨ ਹੋਈ ॥ ੨ ॥ ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥ ਧੁਨਿ ਮਹਿ ਧਿਆਨੁ ਧਿਆਨੁ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥ ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥ ੪ ॥**[੮੭੯-੯]-੯

ਇਸ ਸਾਰੇ ਗੁਰੂ ਸ਼ਬਦ ਵਿਚ ਸਤਿਗੁਰਾਂ ਨੇ ਸਿਰਜਣਹਾਰ ਦੇ ਸ੍ਰਿਸ਼ਟੀ ਸਿਰਜਣਾ ਵਾਲੇ ਹੈਰਾਨ ਕਰ ਦੇਣ ਵਾਲੇ ਨਿਯਮ ਵੱਲ ਸਾਡਾ ਧਿਆਨ ਦਿਵਾ ਕੇ ਉਸ ਦੀਆਂ ਵਡਿਆਈਆਂ ਦਾ ਇਹ ਅਦਭੁਤ-ਅਪਾਰ ਪੱਖ ਯਾਦ ਕਰਾ ਕੇ ਉਸ ਨਾਲ ਨੇੜਤਾ ਅਤੇ ਪਿਆਰ ਪਾਉਣ ਦਾ ਉੱਦਮ ਬਖ਼ਸ਼ਸ਼ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੀ ਛੇਵੀ ਪੋਥੀ ਦੇ ੪੫੭-੪੫੮ ਸਫ਼ੇ ਤੇ ਸ਼ਬਦ ਦੇ ਅਰਥਾਂ ਵਿਚੋ ਚੋਣ ਵਿਚ ਆਈ ਉਪ੍ਰੋਕਤ ਤੀਜੀ ਤੁਕ ਦੇ ਅਰਥ ਇਸ ਪ੍ਰਕਾਰ ਹਨ ਜੀ:---

**ਅਰਥ:**--ਹੇ ਪਰਮਾਤਮਾ ਨਾਲ ਡੂੰਘੀ ਸਾਂਝ ਰੱਖਣ ਵਾਲੇ ! ਵੇਖ ਅਚਰਜ ਖੇਡ ਕਿ ਮਨੁੱਖਾਂ ਦੇ ਵੀਰਜ ਤੋਂ ਇਸਤ੍ਰੀਆਂ ਪੈਦਾ ਹੁੰਦੀਆਂ ਹਨ ਤੇ ਇਸਤ੍ਰੀਆਂ ਤੋਂ ਮਨੁੱਖ ਜੰਮਦੇ ਹਨ। ਪਰਮਾਤਮਾ ਦੀ ਕੁਦਰਤਿ ਦੀ ਕਹਾਣੀ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਜਿਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਆਪਣੀ ਸੁਰਤਿ ਜੋੜਦਾ ਹੈ ਤੇ ਉਸ ਵਿਚੋਂ ਪਰਮਾਤਮਾ ਨਾਲ ਜਾਣ-ਪਛਾਣ ਪਾ ਲੈਂਦਾ ਹੈ । ੩ ।

ਜਿਸ ਅਨੂਪਮ ਨਿਯੱਮ ਦੁਆਰਾ ਤੁਸਾਂ ਤੀਸਰੀ ਤੁਕ ਵਿਚਲੇ ਇਸਤ੍ਰੀ ਅਤੇ ਪੁਰਸ਼ ਦੇ ਕਣਾ ਦਾ ਠੀਕ ਠੀਕ ਅਨੁਪਾਤ ਫੀਸਦੀਆਂ ਦੇ ਹਿਸਾਬ ਨਾਲ ਦੱਸ ਕੇ ਉਨ੍ਹਾਂ ਨੂੰ ਅਧੂਰਾ ਕਹਿਣਾ ਗੁਰੂ ਨਾਨਕ ਜੀ ਦਾ ਫ਼ੁਰਮਾਨ ਘੋਸ਼ਤ ਕਰ ਰਹੇ ਹੋ, ਉਸ ਨੀਯਮ ਅਨੁਸਾਰ ਗੁਰੂ ਸ਼ਬਦ ਦੀ ਪਹਿਲੀ ਤੁਕ ਵਿਚੋਂ **ਸਾਗਰ** ਵਿਚ ਬੂੰਦ ਦੇ ਅਤੇ **ਬੂੰਦ** ਵਿਚ ਸਾਗਰ ਦੇ, ਫਿਰ ਤੀਜੀ ਤੁਕ--**ਰੈਣਿ** ਵਿਚ ਦਿਨ ਦੇ ਅਤੇ **ਦਿਨ** ਵਿਚ ਰੈਣ ਦੇ ਕਣਾ ਦਾ ਅਨੁਪਾਤ, ਫਿਰ ਚੌਥੀ ਤੁਕ ਵਿਚਲੇ **ਮਨ** ਵਿਚ ਜੋਤਿ ਅਤੇ **ਜੋਤਿ** ਵਿਚ ਮਨ ਦੇ ਕਣਾ ਦਾ ਅਨੁਪਾਤ ਵੀ ਕੱਢ ਵਿਖਾਉਣ ਦਾ ਚਮਤਕਾਰ ਕਰ ਵਿਖਾਉਣਾ ਸੀ ਜੀ ?

**ਖ-** ਅਧੂਰਾ ਦੱਸਣ ਵਾਲੇ ਅਲਾਪ ਨੂੰ ਸਤਿਗੁਰਾਂ ਦਾ ਆਪਣਾ ਫ਼ੁਰਮਾਨ ਸਿੱਧ ਕਰਨ ਦੀ ਧੁਨ ਵਿਚ ਗੁਰੂ ਬਾਣੀ ਦੀ ਹੋਰ ਤੋਂ ਹੋਰ ਪੰਗਤੀਆਂ ਵਰਤਣ ਦਾ ਰਾਹ ਬਨਾਉਣ ਲਈ ਆਪ ਜੀ ਦੇ ਬਚਨ:---

> ਬੱਚੀ ਵਿਚ ਪਿਤਾ ਅਧੂਰਾ ਏ ॥ ਬੱਚੇ ਵਿਚ ਮਾ ਅਧੂਰੀ ਏ ॥ ਅਧੂਰੀ ਮਾ ਪੂਰਾ ਹੋਣਾ ਚਾਹੁੰਦੀ ਏ ॥ ਤੋ ਇਸਤਰੀ ਦਾ ਬਹੁਤਾ ਖਿਚਾਉ ਲੜਕੇ ਦੀ ਤਰਫ ਹੁੰਦਾ , ਲੜਕੀ ਦੀ ਤਰਫ ਨਹੀ ॥ ਅਰ ਪਿਤਾ ਦਾ ਜਿਆਦਾ ਖਿਚਾਉ, **ਗੁਰੂ ਨਾਨਕ ਦੇ ਕਥਨ** ਅਨੁਸਾਰ , ਲੜਕੀ ਦੀ ਤਰਫ, ਹੁੰਦਾ ਲੜਕੇ ਦੀ ਤਰਫ ਨਹੀ ॥ ਪੰਗਤੀ ਮੈ ਤੁਹਾਡੇ ਸਾਹਮਣੇ ਰਖ ਦੇਵਾ ਗੁਰੂ ਨਾਨਕ ਦੀ : **ਬਾਲ ਕੰਨਿਆ ਕਉ ਜੈਸੇ ਬਾਪ ਪਿਆਰਾ , ਭਾਈ ਕੋ ਅਤ ਭਾਈ** ॥ ਬਾਲ ਕੰਨਿਆ ਉਹਨੂੰ ਮਾ ਨਹੀ ਪਿਆਰੀ , ਪਿਉ ਪਿਆਰਾ ॥

੨੦- **ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ॥ ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ॥ ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮ ਸਖਾਈ ॥ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥ ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨੁ ਸਿਉ ਵਾਦੁ ਰਚਾਈ ॥ ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖ ਖਾਈ ॥ ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥ ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥ ੨ ॥** [੫੯੬]-੩

**ਅਰਥ:**--ਜੋ ਮਨੁੱਖ ਮਾਪਿਆਂ ਦਾ ਪਿਆਰਾ ਪੁੱਤਰ ਸੀ, ਕਦੇ ਸਹੁਰੇ ਦਾ ਸਿਆਣਾ ਜਵਾਈ ਸੀ, ਕਦੇ ਪੁੱਤਰ ਧੀ ਵਾਸਤੇ ਪਿਆਰਾ ਪਿਉ ਸੀ, ਅਤੇ ਭਰਾ ਦਾ ਬੜਾ ਪਿਆਰਾ (ਸਨੇਹੀ) ਭਰਾ ਸੀ, ਜਦੋਂ ਅਕਾਲਪੁਰਖ ਦਾ ਹੁਕਮ ਹੋਇਆ ਤਾਂ ਉਸ ਨੇ ਘਰ ਬਾਰ (ਸੁਭ ਕੁਝ) ਛੱਡ ਦਿੱਤਾ, ਇੱਕ ਪਲਕ ਵਿਚ ਸਭ ਕੁਝ ਓਪਰਾ ਹੋ ਗਿਆ। ਆਪਣੇ ਮਨ ਦੇ ਪਿੱਛੇ ਹੀ ਤੁਰਨ ਵਾਲੇ ਬੰਦੇ ਨੇ ਨਾਹ ਨਾਮ ਜਪਿਆ, ਨਾਂਹ ਸੇਵਾ ਕੀਤੀ ਅਤੇ ਨਾਂਹ ਪਵਿਤ੍ਰ ਆਚਰਨ ਬਣਾਇਆ। ਇਸ ਮਨੁੱਖਾ ਸਰੀਰ ਦੀ ਰਾਹੀਂ ਉਹ-ਖ਼ੁਆਰੀ ਹੀ ਕਰਦਾ ਰਿਹਾ **। ੧ ।** ਜਿਸ ਮਨੁੱਖ ਦਾ ਮਨ ਗੁਰੂ ਦੇ ਉਪਦੇਸ਼ ਵਿਚ ਪਤੀਜਦਾ ਹੈ ਉਹ ਪਰਮਾਤਮਾ ਦੇ ਨਾਮ ਨੂੰ ਅਸਲ ਮਿਤ੍ਰ ਸਮਝਦਾ ਹੈ। ਮੈਂ ਤਾਂ ਗੁਰੂ ਦੇ ਪੈਰੀਂ ਲੱਗਦਾ ਹਾਂ, ਗੁਰੂ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਇਹ ਸੱਚੀ ਮਤਿ ਦਿੱਤੀ ਹੈ (ਕਿ ਪਰਮਾਤਮਾ ਹੀ ਅਸਲ ਮਿੱਤ੍ਰ ਹੈ) **। ਰਹਾਉ ।** ਮਨੁੱਖ ਦਾ ਮਨ ਜਗਤ ਨਾਲ ਝੂਠੇ ਪਿਆਰ ਵਿਚ ਪ੍ਰੋਇਆ ਰਹਿੰਦਾ ਹੈ, ਸੰਤ ਜਨਾਂ ਨਾਲ ਉਹ ਝਗੜਾ ਖੜਾ ਕਰੀ ਰੱਖਦਾ ਹੈ। ਮਾਇਆ (ਦੇ ਮੋਹ) ਵਿਚ ਮਸਤ ਉਹ ਦਿਨ ਰਾਤ ਮਾਇਆ ਦਾ ਰਾਹ ਤੱਕਦਾ ਰਹਿੰਦਾ ਹੈ, ਪਰਮਾਤਮਾ ਦਾ ਨਾਮ ਕਦੇ ਨਹੀਂ ਸਿਮਰਦਾ, ਇਸ ਤਰ੍ਹਾਂ (ਮਾਇਆ ਦੇ ਮੋਹ ਦੀ) ਜ਼ਹਿਰ ਖਾ ਖਾ ਕੇ ਆਤਮਕ ਮੌਤੇ ਮਰ ਜਾਂਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਗੰਦੇ ਗੀਤਾਂ (ਗਾਵਣ ਸੁਨਣ) ਵਿਚ ਮਸਤ ਰਹਿੰਦਾ ਹੈ, ਗੰਦੇ ਗੀਤ ਨਾਲ ਹੀ ਹਿਤ ਕਰਦਾ ਹੈ, ਪਰਮਾਤਮਾ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ ਵਿਚ ਉਸ ਦੀ ਸੁਰਤਿ ਨਹੀਂ ਲੱਗਦੀ। ਨਾਂਹ ਉਹ ਪਰਮਾਤਮਾ ਦੇ ਪਿਆਰ ਵਿਚ ਰੰਗੀਜਦਾ ਹੈ, ਨਾਂਹ ਉਸ ਨੂੰ ਨਾਮ-ਰਸ ਵਿਚ ਖਿੱਚ ਪੈਂਦੀ ਹੈ। ਮਨਮੁਖ ਏਸੇ ਤਰ੍ਹਾਂ ਆਪਣੀ ਇੱਜ਼ਤ ਗਵਾ ਲੈਂਦਾ ਹੈ। ੨ । ਨੋਟ: ਗੁਰੂ ਸ਼ਬਦ ਵਿਚਲੇ ਅਸ਼ਲੀਲਤਾ ਤੋਂ ਦੂਰ ਰਹਿਣ ਦੇ ਉਪਦੇਸ਼ ਨੂੰ ਅੱਖੋਂ ਪਰੋਖੇ ਕਰ ਦੇਣਾ ਵਡੀ ਬਦਕਿਸਮਤੀ ਹੈ।

**ਬਾਲ ਕੰਨਿਆਂ ਕੌ ਬਾਪ ਪਿਆਰਾ** ਲਿਖ ਕੇ ਇਸਤ੍ਰੀ ਅਤੇ ਮਰਦ ਨੂੰ ਅਧੂਰਾ ਤੁਸਾਂ ਕਿਸ ਦੀਲਲ ਦੇ ਆਸਰੇ ਆਖਿਆ ਹੈ ? ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ (-ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਕਾਮ ਦੇ ਪੱਖੋਂ ਮਨੁੱਖ ਨੂੰ ਅਧੂਰਾ ਕਿਸੇ ਥਾਂ ਵੀ ਨਹੀਂ ਕਿਹਾ। ਉਸ **ਸੱਚੇ** ਦੀ **ਸੱਚੀ ਕਾਰ** ਨੂੰ ਅਧੂਰਾ, ਨਾਮ ਤੋਂ ਟੁੱਟੇ ਸਾਡੇ ਵਰਗੇ ਅਧੂਰੇ ਅਗਿਆਨੀ ਮਨੁੱਖ ਤਾਂ ਬੇਸ਼ਕ ਕਹਿੰਦੇ ਫਿਰਨ ਪਰ ਆਪ ਜੀ ਵਰਗੇ ਕਥਨੀ ਕਰਣੀ ਦੇ ਸੂਰੇ ਅਤੇ ਨਾਮ ਅਭਿਆਸੀ, ਗੁਰੂ ਉਪਦੇਸ਼ ਨੂੰ ਅਗਾਂਹ ਤੋਂ ਅਗਾਹ ਤੋਰਦੇ ਰਹਿਣ ਵਾਲੇ, ਸਤਿਗੁਰੂ ਜੀ ਦਾ ਹੀ ਰੂਪ ਹੋ ਚੁੱਕੇ--ਯਥਾ-- **ਗੁਰੂ ਸਿੱਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥** ਕੇਵਲ ਬਨਤਰ ਦੇ ਹੀ ਪੱਖੋਂ ਇਸਤ੍ਰੀ ਨੂੰ ਜਾਂ ਮਰਦ ਨੂੰ ਅਧੂਰਾ ਕਿਉਂ ਕਹੇ। ਮਨੁੱਖਾ ਸਰੀਰ ਦੀ ਬਨਤਰ ਬਾਰੇ ਗੁਰੂ ਫ਼ੁਰਮਾਨ ਆਪ ਜੀ ਤੋਂ ਕਿਹੜਾ ਭੁੱਲਾ ਹੋਇਆ ਹੈ--**ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ ੨ ॥** [੮੮੪]

ਅਤੇ-**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥** [੧੧੨੮]-੧। ਅਤੇ ਫਿਰ ਤੁਹਾਡੇ ਲਈ ਤਾਂ ਹਰ ਥਾਂ---**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ ਅਥਵਾ--ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥** ਗੁਰੂ ਫੁਰਮਨਾਂ ਦੇ ਉਪਦੇਸ਼ ਨਾਲ ਜੋੜਿਆ ਕਰਦੇ ਹੋ। ਇਹ ਰੱਬੀ ਨਿਯੱਮ ਰੂਪ ਹੁਕਮ ਵਿਚ ਨਿੰਮੇ ਅਤੇ ਪ੍ਰਾਵਾਨ ਚੜ੍ਹੇ ਮਨੱਖਾ ਸਰੀਰਾਂ ਨੂੰ ਅਧੂਰਾ ਆਖਣ ਵਾਲਾ ਬੇਸੁਰਾ ਰਾਗ ? ਉਹ ਵੀ ਮਸਕੀਨ ਜੀ ਦੇ ਮੁਖਾਰ ਬਿੰਦ ਚੋਂ ?

ਸਤਿਗੁਰਾਂ ਨੇ ਰੱਬ ਤੋਂ ਟੁੱਟੇ ਮਨੁੱਖ ਨੂੰ ਅਥਵਾ ਆਚਰਨ ਦੇ ਢਿੱਲੇ ਮਨੁੱਖ ਨੂੰ ਪੂਰਨ ਮਨੁੱਖ ਨਹੀਂ ਮੰਨਿਆਂ।-**ਨਿਹਫਲ ਮਾਨੁਖੁ ਜਪੈ ਨਹੀ ਨਾਮ ॥** [੧੯੫]--(੨)--**ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥**[੨੩]--(੩) **ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥**[੫੭੪]--(੪)--**ਨਿਹਫਲੰ ਤਸੵ ਜਨਮਸੵ ਜਨਮਸੵ ਜਾਵਦ ਬ੍ਰਹਮ ਨ ਬਿੰਦਤੇ ॥** [੧੩੫੩] (੫) **ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥** [੩੨੨]-ਪਰ ਕਾਮ ਕ੍ਰੀੜਾ ਦੇ ਗਿਆਨ ਤੋਂ ਅਣਜਾਣ ਰਹਿ ਜਾਣ ਬਾਰੇ ਮਨੁੱਖ ਲਈ ਚਿੰਤਾ ਸਤਿਗੁਰਾਂ ਨੇ ਕਦੇ ਨਹੀਂ ਪ੍ਰਗਟਾਈ। ਇਸ ਗਿਆਨ ਦੀ ਸਿਖਲਾਈ ਵਾਲੇ **ਖ਼ਲੀਫੇ** ਸੰਸਾਰ ਵਿਚ ਬੇਅੰਤ ਹਨ। ਸਤਿਗੁਰਾਂ ਨੂੰ ਇਸ ਪਾਸੇ ਕਿਸ ਯੋਜਨਾਂ ਅਧੀਨ ਧੂਈ ਆ ਰਹੇ ਹੋ ਜੀ ? ਆਖ਼ਰ ਆਪ ਜੀ ਕੋਈ ਗੱਲ ਅਰਥ ਹੀਨ ਕਿਵੇ ਕਰ ਸਕਦੇ ਹੋ?

**ਮੁੜ ਮੁੜ ਉਹੀ ਬਚਨ**-- ਮੈ ਅਰਜ਼ ਕਰਾ , ਕੋਈ ਐਸਾ ਵਿਸ਼ਾ ਮੈ ਤੁਹਾਡੇ ਸਾਹਮਣੇ ਨਹੀ ਰੱਖਾਗਾ ਜਿਹਦੇ ਤੇ ਗੁਰੂ ਨਾਨਕ ਮੁਹਰ ਨਹੀ ਲਾਦੇ ॥ ਗੁਰੂ ਗ੍ਰੰਥ ਸਾਹਿਬ ਮੁਹਰ ਨਹੀ ਲਾਦਾ ॥ ਕਿਉਕਿ ਮੇਰੇ ਸੁਭਾਅ 'ਚ ਏ , ਮੈ ਨਹੀ ਵਰਨਣ ਕਰਦਾ ॥ ਜਿਸ ਦੀ ਤਸਦੀਕ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਹੀ ਕਰਦੇ ॥ ਇਹ ਗੱਲ ਵੱਖਰੀ ਐ , ਹਜਾਰਾ ਐਸੇ ਵਿਸ਼ੇ ਨੇ ਸਿਖ ਜਗਤ ਦੇ ਅਛੂਤੇ ਰਹਿ ਗਏ, ਛੋਹਿਆ ਈ ਨਹੀ ਗਇਆ ॥

ਫਿਰ ਉਹੀ ਝੂਠ-ਬਚਨ---ਤੁਸੀ ਫਿਰ ਆਖੋਗੇ ਮੈ ਅਛੂਤੇ ਵਿਸ਼ੇ ਨੂੰ ਛੋਹਿਆ ਐ ॥ ਗੁਰੂ ਨਾਨਕ ਦੀ ਬਾਣੀ ਨੂੰ ਲੈ ਕੇ ਮੈ ਇਸ ਅਛੂਤੇ ਵਿਸ਼ੇ ਨੂੰ ਛੋਹਿਆ ਐ ॥ ਇਸ ਵਾਸਤੇ ਇਸ ਨੂੰ ਸਮਝੋ ॥ ਭਾਰਤ ਅਜੇ ਸੈੱਕਸ ਪਰਧਾਨ ਦੇਸ਼ ਨਹੀ ਐ ॥

ਸਾਰੇ ਭਾਸ਼ਨ ਵਿਚ ਕਿਸੇ ਇੱਕ ਵੀ ਅਜੇਹੇ ਗੁਰੂ ਬਾਣੀ ਸ਼ਬਦ ਦਾ ਜ਼ਿਕਰ ਤੁਸੀਂ ਨਹੀਂ ਕਰ ਸਕੇ, ਜਿਸ ਤੋਂ ਕਾਮ ਅਧਿਕ ਸ਼ਕਤੀ ਸਿੱਧ ਹੋ ਕੇ ਪ੍ਰਭੂ ਦੇ ਮਿਲਾਪ ਦਾ ਸਾਧਨ ਬਣਦਾ ਨਜ਼ਰ ਆ ਸਕੇ। ਸਗੋਂ ਜਿਨ੍ਹਾਂ ਗੁਰੂ ਬਾਣੀ ਸ਼ਬਦਾਂ ਦਾ ਹਵਾਲਾ ਦਿੱਤਾ ਉਹ ਕੁਝ ਹੋਰ ਸਮਝਾ ਰਹੇ ਹਨ। ਆਪ ਜੀ ਦਾ ਬਾਰ ਬਾਰ ਇਹ ਕਹਿਣਾ, ਕਿ ਤੁਸੀਂ ਗੁਰੂ ਨਾਨਕ ਜੀ ਦੇ ਫੁਰਮਾਨ ਤੋਂ ਬਾਹਰੀ ਕੋਈ ਵੀ ਗੱਲ ਨਹੀਂ ਕਰਦੇ-- ਸਤਿਗੁਰਾਂ ਦੇ ਦਰਬਾਰ ਵਿਚ ਜਾਣ ਬੁੱਝ ਕੇ ਬੋਲਿਆ **ਸੱਚ** ਹੈ ਕਿ ਜਾਂ **ਝੂਠ** ? ਦਾਸ ਤਾਂ ਆਪ ਜੀ ਦੇ ਚਰਨਾਂ ਦੀ ਧੂੜ ਇੱਕ ਗੁਮਨਾਮ ਜਿਹਾ ਕੀਟ ਹੈ। ਆਪ ਜੀ ਜਗਤ ਵਿਚ ਚਾਨਣ ਮੁਨਾਰੇ ਬਣ ਰਹੇ ਹੋ। ਇਸ ਲਈ ਉਪ੍ਰੋਕਤ ਸ਼ੰਕੇ ਨੂੰ ਤੁਸੀਂ ਆਪ ਹੀ ਸਾਫ਼ ਕਰੋ ਤਾਂ ਜੋ ਆਪ ਜੀ ਦਾ ਭਾਸ਼ਨ ਸੁਣਨ ਵਾਲਿਆਂ ਦੇ ਅਥਵਾ ਅਖ਼ਬਾਰਾਂ ਵਿਚ ਛਪਿਆ ਏਹੀ ਭਾਸ਼ਨ ਪੜ੍ਹਨ ਵਾਲੀਆਂ ਸੰਗਤਾਂ ਦੇ ਭਰਮ ਭੁਲੇਖੇ ਦੂਰ ਹੋ ਜਾਣ ਜੀ ।

**ਗ-** ਆਪ ਜੀ ਦੇ ਭਾਸ਼ਨ ਦਾ ਵਿਸ਼ੇਸ਼ ਹਿੱਸਾ, **ਕਾਮ** ਨੂੰ ਅਜੇਹੀ ਜ਼ਰੂਰੀ ਅਧਿਕ ਸ਼ਕਤੀ ਦਰਸਾਉਣ ਵਿਚ ਖ਼ਰਚ ਹੋਇਆ ਅਨੁਭਵ ਹੁੰਦਾ ਹੈ ਜਿਹੜੀ ਹੇਠਾ ਉੱਤ੍ਰ ਜਾਵੇ ਤਾਂ ਸੰਤਾਨ ਪੈਦਾ ਕਰਦੀ ਹੈ ਅਤੇ ਜੇ ਉੱਪਰ ਚੜ੍ਹ ਜਾਵੇ ਤਾਂ ਨਾਮ ਨਾਲ ਜੋੜਦੀ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਤਾਂ ਵਿਕਾਰਾਂ ਦੇ ਤਿਆਗ ਤੋਂ ਪਰਮਾਤਮਾ ਦੇ ਮਿਲਾਪ ਦੀ ਯੁਕਤੀ ਸਮਝਾਉਣ ਸਮੇ **ਕਾਮ ਦੇ ਤਿਆਗ** ਦੀ ਗੱਲ ਪਹਿਲਾਂ ਕਰਦੇ ਹਨ:--

੨੧- **ਮਹਲਾ ੪ ॥ ਪਰਹਰਿ ਕਾਮੁ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ॥ ਤਜਿ ਕਾਮੁ ਕਾਮਿਨੀ ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ, ਤਜਿ ਪਿਆਸ ਆਸ ਰਾਮ ਲਿਵ ਲਾਵੈ ॥ ਨਾਨਕ ਸਾਚਾ ਮਨਿ ਵਸੈ, ਸਾਚ ਸਬਦਿ ਹਰਿ ਨਾਮ ਸਮਾਵੈ ॥ ੨ ॥** [੧੪੧]-ਵਾ-੮

**ਅਰਥ**:--(ਜੇ ਮਨੁੱਖ) ਕਾਮ ਗੁੱਸਾ ਝੂਠ ਨਿੰਦਿਆ ਛੱਡ ਦੇਵੇ, ਜੇ ਮਾਇਆ ਦਾ ਲਾਲਚ ਛੱਡ ਕੇ ਅਹੰਕਾਰ ਵੀ ਦੂਰ ਕਰ ਲਏ, ਜੇ ਵਿਸ਼ੇ ਦੀ ਵਾਸ਼ਨਾ ਛੱਡ ਕੇ ਇਸਤ੍ਰੀ ਦਾ ਮੋਹ ਤਿਆਗ ਦੇਵੇ ਤਾਂ ਮਨੁੱਖ ਮਾਇਆ ਦੀ ਕਾਲਖ ਵਿਚ ਰਹਿੰਦਾ ਹੋਇਆ ਹੀ ਮਾਇਆ-ਰਹਿਤ ਪ੍ਰਭੂ ਨੂੰ ਲੱਭ ਲੈਂਦਾ ਹੈ। (ਜੇ ਮਨੁੱਖ) ਅਹੰਕਾਰ ਦੂਰ ਕਰ ਕੇ ਪੁੱਤ੍ਰ ਵਹੁਟੀ ਦਾ ਮੋਹ ਛੱਡ ਦੇਵੇ, ਜੇ (ਦੁਨੀਆਂ ਦੇ ਪਦਾਰਥਾਂ ਦੀਆਂ) ਆਸਾਂ ਤੇ ਤ੍ਰਿਸ਼ਨਾ ਛੱਡ ਕੇ ਪਰਮਾਤਮਾ ਨਾਲ ਸੁਰਤਿ ਜੋੜ ਲਏ, ਤਾਂ, ਹੇ ਨਾਨਕ ! ਸਦਾ ਥਿਰ ਰਹਿਣ ਵਾਲਾ ਪਰਮਾਤਮਾ ਉਸ ਦੇ ਮਨ ਵਿਚ ਵੱਸ ਪੈਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦੇ ਨਾਮ ਵਿਚ ਉਹ ਲੀਨ ਹੋ ਜਾਂਦਾ ਹੈ । ੨।

**ਘ-** ਆਪ ਜੀ ਦੇ ਬਚਨ--

ਮੈਨੂੰ ਦਿੱਲੀ ਵਿਚ ਕਈਆ ਨੇ ਕਹਿ ਦਿੱਤਾ , ਕਿਹੜੇ ਵਿਸ਼ੇ ਨੂੰ ਛੋਹ ਲਿਆ ॥ ਮੈ ਕਿਹਾ ਪਹਿਲੇ ਗੁਰੂ ਅਰਜਨ ਦੇਵ ਜੀ ਨੂੰ ਕਹੋ ਜਿਨ੍ਹਾ ਨੇ ਸਹਸ ਕ੍ਰਿਤੀ ਸਲੋਕ ਵਿਚ ਵਿਸ਼ਾ ਈ ਪਹਿਲੇ ਇਹ ਰੱਖਿਆ ॥ ਏ ਕਾਮਨ , ਨਰਕ ਬਿਸਰਾਮਨ ॥ ਬਹੁ ਜੋਨੀ ਭਰਮਾਵਣੇ ॥ ਕਾਮ ਕ੍ਰੋਧ ਕਾਇਆ ਕੋ ਗਾਲੇ ਜਿਉ ਕੰਚਨਿ ਸੁਹਾਗਾ ਢਾਲੇ ॥ ਕਲ ਕਲਵਾਲੀ ਕਾਮ ਮਦ ॥ **ਪਹਿਲੇ ਗੁਰੂ ਨਾਨਕ ਨੂੰ ਤੁਸੀ ਆਪਣੀ ਸ਼ਿਖਸ਼ਾ ਦਿਖਸ਼ਾ ਸੁਣਾਉ ॥ ਗੁਰੂ ਅਰਜਨ ਦੇਵ ਜੀ ਨੂੰ ਸੁਣਾਉ ॥ ਭਗਤ ਕਬੀਰ ਨੂੰ ਕਹੋ** ॥ ਦੁਨੀਆ ਭਰ ਦੇ ਅਵਤਾਰੀ ਪੁਰਸ਼ਾ ਨੂੰ ਕਹੋ , ਜਿਨ੍ਹਾ ਨੇ ਇਨ੍ਹਾ ਤੇ ਗ੍ਰੰਥ ਲਿਖੇ ਨੇ ॥

ਇਹ ਕਹਿਣਾ ਕਿ ਪਹਿਲਾਂ ਸਤਿਗੁਰਾਂ ਨੂੰ ਕਹੋ । ਇਸ ਦਾ ਸਿੱਧਾ ਅਰਥ ਕੀ, ਇਹ ਨਹੀਂ ਹੈ ਜੀ ਕਿ, ਜੇ ਕਾਮ ਨੂੰ ਵਿਕਾਰ ਦੇ ਥਾਂ ਅਧਿਕ ਸ਼ਕਤੀ ਸਿੱਧ ਕਰਨ ਦਾ ਵਿਸ਼ਾ ਅਰੰਭ ਕਰਕੇ ਮੈਂ ਗ਼ਲਤੀ ਕੀਤੀ ਹੈ, ਤਾਂ ਮੇਰੇ ਤੋਂ ਪਹਿਲਾਂ ਇਹ ਗ਼ਲਤੀ ਸਤਿਗੁਰਾਂ ਨੇ ਕੀਤੀ ਹੈ। ਪਹਿਲਾਂ ਉਨ੍ਹਾਂ ਨੂੰ ਜਾ ਕੇ ਸਮਝਾਉ । ਉਨ੍ਹਾਂ ਨੂੰ ਸਿਖਸ਼ਾ ਦੀਖਸ਼ਾ ਦਿਉ, ਭਾਵ ਪਹਿਲਾਂ ਉਨ੍ਹਾਂ ਦੇ ਗੁਰੂ ਬਣ ਲਉ ਫੇਰ ਮੇਰੇ ਕੋਲ ਆਇਓ। ਅਜੇਹੇ ਬਚਨ ਹਨ ਤਾਂ ਨਿਰਸੰਦੇਹ **ਵਡੇ ਹੰਕਾਰ ਦੀ ਪ੍ਰਦਰਸਨੀ** ਹੀ, ਪਰ ਜੇ ਵਾਕਿਆ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਅਰਜਨ ਸਾਹਿਬ ਜੀ ਅਥਵਾ ਕਬੀਰ ਸਾਹਿਬ ਜੀ ਨੇ, ਕਾਮ ਨੂੰ ਅਧਿਕ ਸ਼ਕਤੀ ਹੋਣ ਦਾ ਉਪਦੇਸ਼ ਲਿਖਿਆ ਹੈ, ਤਾਂ ਸਤਿਗੁਰਾਂ ਦੀ ਸ਼ਾਨ ਨੂੰ ਘਟਾਉਣ ਵਾਲੇ ਉਪ੍ਰੋਕਤ ਬਚਨਾਂ ਨੂੰ **ਅਪਰਾਧ** ਦੇ ਥਾਂ **ਗੁਸਤਖ਼ੀ** ਦਾ ਰੂਪ ਦਿੱਤਾ ਜਾ ਸਕਦਾ ਹੈ। ਪਰ ਗੁਰਬਾਣੀ ਵਿਚੋਂ ਸਗੋਂ ਕਾਮ ਕ੍ਰੋਧ ਆਦਿ ਪੰਜ ਵਿਕਾਰਾਂ ਨੂੰ ਮਨੁੱਖਤਾ ਦੇ ਸ਼ੁੱਭ ਗੁਣਾ ਦੇ ਵੈਰੀ ਦੱਸ ਕੇ

ਇਨ੍ਹਾਂ ਨੂੰ ਵੱਸ ਵਿਚ ਰੱਖਣ ਦਾ ਉਪਦੇਸ਼ ਜੇ ਸੈਂਕੜੇ ਬਾਰ ਮਿਲਿਆ ਹੋਵੇ, ਤਾਂ**... ?** --ਜਿਵੇਂ ਮਹਾਂਭਾਰਤ ਗਾਥਾ ਵਿਚ ਯੁਧਿਸ਼ਟਰ ਕਾਤਲ ਬ੍ਰਾਹਮਣ ਨੂੰ ਇਸ ਕਰਕੇ ਸਜ਼ਾ ਨਹੀਂ ਸੀ ਸੁਣਾ ਸਕਿਆ ਕਿਉਂਕਿ ਉਹ ਵਿਦਵਾਨ ਸੀ । ਬ੍ਰਾਹਮਣ ਦੇ ਅਪਰਾਧ ਦੇ ਡੰਨ ਦਾ ਫੈਸਲਾ ਬ੍ਰਾਹਮਣ ਨੇ ਹੀ ਕੀਤਾ ਸੀ। ਇਸ ਗੰਭੀਰ ਮਸਲੇ ਦਾ ਹੱਲ ਵੀ ਤੁਸੀਂ ਆਪ ਹੀ ਆਪ ਹੋ ਜੀ---

ਆਪ ਜੀ ਨੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਜਿਸ ਪਾਵਨ ਸਲੋਕ ਦਾ ਜ਼ਿਕਰ ਕੀਤਾ ਹੈ, ਆਉ ਉਸ ਨੂੰ ਵੀ ਮਿਥੇ ਹੋਏ ਉਪ੍ਰੋਕਤ ਸਿਧਾਂਤ ਅਨੁਸਾਰ ਵਿਚਾਰ ਕੇ ਸਮਝ ਲਈਏ । ਸ਼ਾਇਦ ਇਸ ਪਾਵਨ ਵਾਕ ਵਿਚ ਉਨ੍ਹਾਂ ਨੇ ਪੰਜ ਵਿਕਾਰਾਂ ਵਿਚੋਂ ਕਾਮ ਨੂੰ ਅਧਿਕ ਸ਼ਕਤੀ ਦਸ ਕੇ ਕਾਮ ਸ਼ਕਤੀ ਦੀ ਵਰਤੋਂ ਦੇ ਢੰਗ ਅਤੇ ਉਸ ਤੋਂ ' ਮਿਲਦੇ ਲਾਭ ਬਾਰੇ ਕੁਝ ਸਮਝਾਇਆ ਹੀ ਹੋਵੇ ? :--

੨੨-- **ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥ ਚਿਤ ਹਰਣੰ ਤ੍ਰੈ ਲੋਕ ਗੰਮ੍ਯੰ, ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ, ਚੰਚਲ, ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥ ੪੬ ॥** [੧੩੫੮]

**ਅਰਥ**:--ਹੇ ਕਾਮ ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ, ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈ । ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸੁੱਧ ਆਚਰਨ ਨਾਸ ਕਰ ਦਿੰਦਾ ਹੈਂ ।

ਹੇ ਚੰਚਲ ਕਾਮ ! ਤੂੰ ਸੁਖ ਤਾਂ ਥੋੜਾ ਹੀ ਦਿੰਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸੁੱਧ ਆਚਰਨ ਦੇ) ਧਨ ਤੋਂ ਸੱਖਣਾ ਕਰ ਦਿੰਦਾ ਹੈਂ । ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈ । ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਹੈ । ਗੁਰਦੇਵ ਜੀ ਦਾ ਫ਼ੁਰਮਾਨ-- (ਸਾਧ ਗੁਰੂ ਗ੍ਰੰਥ ਸਾਹਿਬ ਦੇ ਸੰਗ ਵਿਚ ਜਾ ਕੇ) ਪ੍ਰਭੂ ਦੀ ਸਰਨ ਲੈ । ੪੬ ।

ਇਸ ਗੱਲ ਦਾ ਫੈਸਲਾ ਵੀ ਤੁਸਾਂ ਹੀ ਕਰਨਾ ਹੈ ਕਿ, ਇਸ ਗੁਰੂ ਫ਼ੁਰਮਾਨ ਵਿਚੋਂ ਕੀ, ਆਪ ਜੀ ਦੇ ਵਿਸ਼ੇ ਦੀ ਪ੍ਰੋੜਤਾ ਉਪਲਬਧ ਹੈ ਕਿ ਜਾਂ ਏਥੇ ਵੀ ਗੁਰੂ ਬਾਣੀ ਦੀ ਗ਼ਲਤ ਵਰਤੋਂ ਵਾਲੀ ਧੱਕੇ ਸ਼ਾਹੀ ਦੀ ਸਾਖ਼ੀ ਹੀ ਭਰੀ ਜਾ ਰਹੀ ਹੈ ਜੀ ?

ਉਪਰਲੇ (੧੮ ਨੰਬਰ) ਸ਼ਬਦ ਵਿਚ ਜਿਥੇ ਵਿਕਾਰਾਂ ਦੇ ਤਿਆਗਣ ਦਾ ਉਪਦੇਸ਼ ਹੈ, ਉਥੇ ਵੀ **ਕਾਮ** ਦਾ ਹੀ ਨੰਬਰ ਪਹਿਲਾਂ ਹੈ। ਕਾਮ ਦਾ ਜ਼ਿਕਰ ਪਹਿਲਾਂ ਆਉਣ ਦਾ ਕਾਰਨ, (ਬਿਨਾ ਕਿਸੇ ਸ਼ੱਕ ਦੇ) ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ, ਪੰਜ ਵਿਕਾਰਾਂ ਦਾ ਜ਼ਿਕਰ ਕਰਨ ਲੱਗਿਆ ਮਨੁੱਖ ਹਜ਼ਾਰਾਂ ਸਾਲਾਂ ਤੋਂ **ਕਾਮ** ਲਫ਼ਜ਼ ਪਹਿਲਾਂ ਬੋਲਦਾ ਆ ਰਿਹਾ ਹੈ। ਨਾਲ ਨੱਥੀ ਪੱਤਰਿਆਂ ਤੇ ਵਿਕਾਰਾਂ ਬਾਰੇ ਲਿਖੀ ਗੁਰਮਤਿ ਵਿਚਾਰ ਵਿਚ **ਕਾਮ** ਨੂੰ ਨਹੀਂ ਸਗੋਂ **ਹਉਮੈ** ਨੂੰ ਬੜਾ ਬਲਵਾਨ ਕਿਹਾ ਹੋਇਆ ਹੈ। ਪੰਜਾਂ ਵਿਕਾਰਾਂ ਵਿਚੋਂ ਸਤਿਗੁਰਾਂ ਨੇ ਕੇਵਲ--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨਾ ਵਸਹਿ ਇਕ ਠਾਇ ॥** ਕਹਿ ਕੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਹੈ---(੧) **ਹਉਮੈ ਜਾਇ ਸਬਦਿ ਘਰੁ ਲਹੀਐ ॥** [੯੦੪] (੨) **ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ ੧੩ ॥** [੧੦੭੬] (੩) **ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥** [੪੧੩] (੪) **ਹਉ ਹਉਂ ਕਰਤਿ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥** [੨੨੬] (੫) **ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥ ੬ ॥** [੭੫੦] ਮਨੁੱਖ ਦੀ ਪਰਮਾਤਮਾ ਨਾਲ ਇਕਸੁਰਤਾ ਬਣਾ ਰਹੇ ਅਜੇਹੇ ਹੋਰ ਕਈ ਗੁਰੂ ਫ਼ੁਰਮਾਨਾਂ ਵਿਚੋਂ ਮਿਥੇ ਟੀਚੇ ਅਨੁਸਾਰ ਕੇਵਲ ਪੰਜ ਗੁਰੂ ਫ਼ੁਰਮਾਨ ਲਿਖੇ ਹਨ । ਕੇਵਲ ਹਉਮੈ ਦਾ ਤਿਆਗ ਆਤਮਕ ਉੱਚਤਾ ਦੇ ਅਥਵਾ ਪਰਮ ਨੰਦ ਦੇ ਮਿਲਾਪ ਦਾ ਸੁਨੇਹਾ ਹੈ। ੧੪੩੦ ਅੰਕਾਂ ਵਿਚੋਂ ਤੁਸੀਂ ਇੱਕ ਵੀ ਅਜੇਹਾ ਗੁਰੂ ਸ਼ਬਦ ਸੰਗਤਾਂ ਨੂੰ ਨਹੀਂ ਦੱਸ ਸਕੇ ਜਿੱਥੋਂ ਤੁਹਾਡੀ **(ਕੇਵਲ-) ਕਾਮ-ਅਧਿਕ** ਸ਼ਕਤੀ, ਕਿਸੇ ਵੀ ਢੰਗ ਨਾਲ, ਪ੍ਰਭੂ ਮਿਲਾਪ ਦਾ ਸਾਧਨ ਬਣਦੀ ਦਿੱਸ ਆਉਂਦੀ ਹੋਵੇ ?

## ਙ:-- ਆਪ ਜੀ ਦੇ ਫ਼ੁਰਮਾਨ ਦਾ ਇਹ ਭਾਗ

**(A)**ਨਾਮ ਜਪਣਾ ਏ ॥ ਅੰਮ੍ਰਿਤ ਵੇਲੇ ਉਠਣਾ ਏ॥ ਘੰਟਾ ਦੋ ਘੰਟਾ ਵਾਹਿਗੁਰੂ ਵਾਹਿਗੁਰੂ ਜਪਣਾ॥ ਆਪ ਦੀ ਗਿਆਤ ਲਈ ਅਰਜ ਕਰਾਂ ॥ ੳ ਜਿਹੜਾ ਏ ਨਾ ੧ੳ , ੳ ਇੰਜ ਥੱਲੇ ਜਾ ਕੇ ਉਪਰ ਆਂਦਾ ਏ ਨਾ॥ ਥੱਲੇ ਇੰਜ ਆਕਰ, ਸਿੱਧੀ ਲਾਈਨ ਨਹੀ ਪਾਣੀ ਚਾਹੀਦੀ ॥ ਉਪਰ ਆ ਕੇ ਇੰਜ ਥੱਲੇ ਆਣਾ ਚਾਹੀਦਾ॥ ਇਉ ?ਉਚਾਰਨ ਕਰਨੀ ਏ ਧੁਨ ਉਚੀ, ਹੌਲੀ ਹੌਲੀ ਥੱਲੇ॥ ਇਹਨੂੰ ਘੰਟਾ ਨਾਦ ਕਹਿੰਦੇ ਨੇ॥ ਮੈ ਹੁਣੇ ਇਕ ਘੰਟਾ ਇਸੇ ਤੋ ਬੋਲਕੇ ਆਇਆ॥ ਵਾਹੇਗੁਰੂ ਥੱਲੇ ਚਲੀ ਗਈ॥ ਕਾਰ ਇਸ ਤਰ੍ਹਾ ਉਚਾਰਨ ਕਰਨਾ॥ ਕਖ ਨਹੀ ਅਨਾਦ, ਓਅੰਕਾਰ ਆਦਿ॥ ਪਰਮਾਤਮਾ ਦੀ ਆਦਿ ਧੁਨੀ , ਬ੍ਰਹਮੰਡ ਦੀ ਆਦਿ ਧੁਨੀ ਕੀ ਐ॥ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ: ਓਅੰਕਾਰ ॥ ਓਅੰਕਾਰ--ਘੰਟਾ ਨਾਦ ॥ ਇਨ੍ਹੂ ਕਹਿੰਦੇ ਨੇ ਘੰਟਾ ਨਾਦ ॥ **ਘੜਿਆਲ ਵਜਾਦੇ ਨੇ ਮੰਦਰ ਦੇ, ਉਹ ਪਰਤੀਕ ਐ ॥ ਅੰਦਰ ਜਾ ਸਕਦੇ ਹੋ -ਉਂਜ ਨਹੀ ॥ ਨਿਯਮ ਐ ॥ ਸਮਝਾ ਰਹੇ ਨੇ, ਅਵਾਜ ਕਰਕੇ ਹੀ ਰਾਮ ਮੰਦਰ 'ਚ ਪਰਵੇਸ਼ ਕਰ ਸਕੋਗੇ ॥ ਉਂਵ ਨਹੀ ॥ ਤੋ ਘੰਟਾ ਮੰਦਰ ਦੇ ਵਿਚ ਲਟਕਾਣ ਦੀ ਲੋੜ ਏ ॥ ਜਿੰਦਗੀ ਮੰਦਰ ਏ ਅਰ ਮੂੰਹ ਦੇ ਵਿਚ ਘੰਟਾ ਲਟਕਾ ਰੱਖਿਆ ਪਰਮਾਤਮਾ ਨੇ ---ਜਬਾਨ** ॥ ਘੜਿਆਲ ਤਾ ਲਟਕਿਆ ਏ ॥ ਏਈ ਘੜਿਆਲ ਐ ਹੋਰ ਕਿਹੜਾ ਘੜਿਆਲ ਐ ॥ ਜਿੰਦਗੀ ਮੰਦਰ ਐ ॥

**(B)**"ਹਰਿ ਮੰਦਰੁ ਇਹੁ ਸਰੀਰ ਹੈ ॥ ਅੰਦਰ ਰਾਮ ਬੈਠਾ ॥ ਨਾਮ ਬੈਠਾ ਐ ॥ ਵਜਾਉ ਘੜਿਆਲ ॥ ਵਾਹਿਗੁਰੂ ॥ ਧੁੰਨ ਥੱਲੇ ਆਉਦੀ ॥ ਉਪਰ ਉਠ ਕੇ ਧੁੰਨ ਥੱਲੇ ਆਉਦੀ ॥ 'ਓਂ ਸਿੱਧਾ ਨਹੀ ਪਾਣਾ ਚਾਹੀਦਾ ॥ ਇਤਨੀ ਮੈ ਅਰਜ਼ ਕਰ ਦਿਆ ॥ ਸਿੱਧੀ ਲਾਈਨ ਨਹੀ ਪਾਣੀ ਚਾਹੀਦੀ ॥ ਐਜੰ ਘੁਮਾ ਕੇ ਧੁਨ ਉਪਰ ਉਠ ਕੇ ਥੱਲੇ ਗੂੰਜਾਰ , ਇਸ ਨੂੰ ਕਹਿੰਦੇ ਨੇ , ਗੂੰਜਾਰ ਪਾਣੀ ॥ ਗੁਬੰਦ ਵੀ ਇਸ ਵਾਸਤ` ਬਣਾਏ ਗਏ ਸਨ ॥ ਸਿਰਫ ਗੂੰਜਾਰ ਪਾਣ ਲਈ ॥ ਸਿਰਫ ਦਰਸਨ ਮਾਤ੍ਰ ਗੁਬੰਜ ਨਹੀ ਸਨ ॥ ਅਵਾਜ ਗੂੰਜੇ ॥ ਗੂੰਜ ਕੇ ਅਵਾਜ ਟਕਰਾਵੇ ॥ ਇਹ ਗੱਲਾ ਖੋਹ ਗਈਆ ॥ ਅੰਮ੍ਰਿਤ ਵੇਲੇ ਕਰਨ ਦੀਆ ਗੱਲਾ ਨੇ ॥ ਜਦ ਇਸ ਤਰ੍ਹਾ ਦਾ ਜਪ ਕਰੋਗੇ , ਉਹ ਜਿਹੜੀ ਕਾਮ ਸ਼ਕਤੀ ਐ ਉਪਰ ਉਠੇਗੀ ॥ ਨਾਮੁ ਰਸ ਬਣ ਜਾਏਗੀ ॥ ਰੋਮ ਰੋਮ ਦੇ ਵਿਚਹੁ ਰਾਮ ਪਰਗਟ ਹੋਵੇਗਾ ॥ ਰੋਮ ਰੋਮ ਦੇ ਵਿਚਹੁ ਪਰਮਾਤਮਾ ਪਰਗਟ ਹੋਵੇਗਾ ॥ ਜਿੰਦਗੀ ਅੰਮ੍ਰਿਤ ਬਣਜਾਏ ਗੀ ॥ ਜੀਵਨ ਹਰੀ ਮੰਦਰ ਬਣ ਜਾਏਗਾ ॥ ਲੇਕਨ ਨਿੰਦਾ ਨਹੀ ਐ ॥ ਕੁਝ ਸਮੇ ਤੱਕ ਇਹ ਸ਼ਕਤੀ ਥੱਲੇ ਜਾਣੀ ਚਾਹੀਦੀ ਐ ਤਾ ਕਿ ਸੰਤਾਨ ਦਾ ਜਨਮ ਹੋਵੈ ॥ ਅੱਧਕ ਹੈ ਸ਼ਕਤੀ ਵਿਚ ॥ ਅੱਧਕ ਸ਼ਕਤੀ ਸੰਤਾਨ ਬਣੇਗੀ ॥ ਅੱਧਕ ਸ਼ਕਤੀ ਹੀ ਰਾਮ ਬਣੇਗੀ ॥ ਨਾਮੁ ਰਸ ਬਣੇਗੀ ॥

ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਦੇ ਜਾਪ ਦੀ ਮਹੱਤਤਾ ਨੂੰ ਅਤੇ ਮਨੁੱਖ ਦੀ ਜ਼ਬਾਨ ਨੂੰ ਮੰਦਰਾਂ ਦੇ ਘੰਟੇ ਘੰਟੀਆਂ ਨਾਲ ਜੋੜਨਾ। ਮੰਦਰ ਵਿਚਲੇ, ਮੂਰਤੀ-ਰੂਪ ਅੱਡ ਸ਼ਕਲਾਂ ਦੇ ਅਥਵਾ ਕਾਮ-ਦੇਵਤਾ-ਰੂਪ ਰਾਮ ਦੇ ਦਰਸ਼ਨਾਂ ਨੂੰ, ਵਾਹਿਗੁਰੂ ਦੇ ਮਿਲਾਪ ਦਾ ਭਰਮ ਬਣਾ ਕੇ ਉਸ ਦੇ ਦਰਸ਼ਨਾਂ ਲਈ ਘੰਟਾ ਖੜਕਾ ਕੇ ਮੰਦਰ ਵਿਚ ਪਰਵੇਸ਼ ਕਰਨ ਦੀ ਕਿਰਿਆ ਨਾਲ ਜੋੜਨਾ। ੧ ਓ ਅਖਰਾਂ ਦੀ ਬਨਾਵਟ, ਉਪੱਰ ਨੂੰ ਉੱਠ ਕੇ ਥੱਲੇ ਨੂੰ ਆਉਣ ਵਾਲੀ, ਮਸੀਤਾਂ, ਮੰਦਰਾਂ ਆਦਿ ਵਿਚ ਬਣੇ ਗੁੰਬਦਾਂ ਦੀ ਅਤੇ ਉਨ੍ਹਾਂ ਵਿਚ ਆਵਾਜ਼ ਤੋਂ ਪੈਂਦੀ ਗੂੰਜਾਰ, ਨੂੰ, ਅਤੇ ਵਾਹਿਗੁਰੂ ਸ਼ਬਦ ਦੇ ਉਚਾਰਨ ਦੀ ਧੁਨੀ ਉੱਪਰ ਉੱਠ ਦੇ ਥੱਲੇ ਨੂੰ ਆਉਣੀ, ਆਦਿ ਕਈ ਤਰ੍ਹਾਂ ਦੀ ਕਰਮ ਕਿਰਿਆ। ਭਾਵ, ਪੁਰਾਣਕ ਬ੍ਰਾਹਮਣ ਰਿਸ਼ੀਆਂ ਦੇ ਕਰਮਕਾਂਡੀ ਜਪ ਤਪ ਵਿਧੀ ਨਾਮ-ਰਸ ਦੀ ਪ੍ਰਾਪਤੀ ਲਈ ਜ਼ਰੂਰੀ ਦੱਸਣੀ। ਆਪ ਜੀ ਦੇ ਘੰਟਾਨਾਦ ਵਿਧੀ-ਉਪਦੇਸ਼ ਵਿਚ ਬੇਜ਼ੁਬਾਨੇ ਅਥਵਾ ਗੂੰਗੇ ਮਨੁੱਖਾਂ ਲਈ ਵਹਿਗੁਰੂ ਨਾਲ ਇੱਕ ਸੁਰਤਾ ਹੋ ਸਕਣ ਦੀ ਸੰਭਵਾਨਾ ਨਾ ਰਹਿ ਕੇ ਸਰਬੱਤ ਲਈ ਸਰਬ-ਸਾਂਝੇ ਗੁਰਮਤਿ ਉਪਦੇਸ਼ ਦੀ ਰੂਪ ਰੇਖਾ।. ? ਕੀ ਸਭ ਕੁਝ ਗੁਰਮਤਿ ਹੈ ਜੀ। ਸਮਝ ਸੂਝ ਦੀ ਲੋੜ ਮੁਕਾ ਕੇ ਕੇਵਲ **ਘੰਟਾ ਨਾਦ** ਵਾਂਗ (ਵਾਹਿਗੁਰੂ) ਸ਼ਬਦ ਦਾ ਜਾਪ ਗੁਰੂ ਬਾਣੀ ਦੇ ਉਪਦੇਸ਼ ਦੇ ਅਨਕੂਲ ਹੀ ਹੈ ਜੀ ? ਫਿਰ ਨਿੰਮਨ ਲਿਖਤ ਗੁਰੂ ਫ਼ੁਰਮਾਨਾ ਬਾਰੇ ਆਪ ਜੀ ਦੇ ਵਿਚਾਰ ..... ?

**ਜਪਾਂ ਤਪਾਂ ਬਾਰੇ ਗੁਰੂ ਬਾਣੀ ਦੇ ਇਹ ਸ਼ਬਦ**, ਕੀ ਵਿਅਰਥ ਸਮਝ ਲੈਣੇ ਚਾਹੀਦੇ ਹਨ ਜੀ ?:--

੨੩- **ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥**
**ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੇ ਮਾਥੇ ਛਾਈ ॥ ੧ ॥** [੪੧੨]-੨

੨੪- **ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥**
**ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ ॥ ੧ ॥ ਰਹਾਉ ॥** [੨੧੬]-੬-੧੬੪

੨੫- **ਜਾਪ ਤਾਪ ਅਨੇਕ ਕਰਣੀ ਸਫ਼ਲ ਸਿਮਰਤ ਨਾਮ ॥**
**ਕਰਿ ਅਨੁਗ੍ਰਹੁ ਆਪਿ ਰਾਖੇ, ਭਏ ਪੂਰਨ ਕਾਮ ॥ ੨ ॥** [੫੦੨]-੩-੨੯

੨੬- **ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥**
**ਚਰਣ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥ ੨ ॥** [੧੨੨੨]-੭੨-੯੫

੨੭- **ਅਨਿਕ ਬਰਖ ਕੀਏ ਜਪ ਤਾਪਾ ॥ ਗਵਨ ਕੀਆ ਧਰਤੀ ਭਰਮਾਤਾ ॥**
**ਇਕ ਖਿਨੁ ਹਿਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥ ੩ ॥** [੯੮]-੫-੧੨

## ਕਪਟੀ ਮਨੁਮੁੱਖ ਦਾ ਜਪ ਤਪ

੨੮- ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥ ੧ ॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥ **ਜਪੁ ਤਪ ਸੰਜਮ** ਵਰਤ ਕਰੇ ਪੂਜਾ ਮਨਮੁਖ ਰੋਗ ਨ ਜਾਈ ॥ ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ ੨ ॥ [੭੩੨]-੪

੨੯- ਕਾਹੇ ਕਉ ਕੀਜੈ **ਧਿਆਨ ਜਪੰਨਾ** ॥ ਜਬ ਤੇ ਸੁਧੁ ਨਾਹੀ ਮਨ ਅਪਨਾ ॥ ੧ ॥ ਰਹਾਉ ॥ **[੪੮੫]-੪**

੩੦- ਹਿਰਦੈ ਕਪਟੁ ਨਿਤ ਕਪਟ ਕਮਾਵਹਿ **ਮੁਖਹੁ ਹਰਿ ਹਰਿ** ਸੁਣਾਇ ॥
ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥ ੪ ॥ [੧੧੯੯]-੪

੩੧- **ਕਿਆ ਜਪੁ, ਕਿਆ ਤਪੁ, ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥ ੧ ॥** ੩੨੪]-੬

## ਗੁਰ ਸੇਵਾ ਤਪਾਂ ਸਿਰਿ ਤਪ

੩੨- ਗੁਰ ਸੇਵਾ **ਤਪਾਂ ਸਿਰਿ ਤਪੁ** ਸਾਰੁ ॥ ਹਰਿਜੀਉ ਮਨਿ ਵਸੈ
ਸਭ ਦੂਖ ਵਿਸਾਰਣਹਾਰੁ ॥ ਦਰਿ ਸਾਚੈ ਦੀਸੈ ਸਚਿਆਰੁ ॥ ੪ ॥ [੪੨੩]-੨-੨੪

੩੩- **ਜਪੁ ਤਪੁ ਸੰਜਮੁ** ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥
ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥ **੧੨** ॥ [੧੦੬੦]-੨-੧੬

੩੪- ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ ਸਤਗੁਰ ਕਾ ਭਾਣਾ
ਮੰਨਿ ਲਈ ਵਿਚਹੁ ਆਪੁ ਗਵਾਇ ॥ ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥ ੧ ॥ [੩੪]-੨੧-੫੪
ਨਾਨਕ ਰਾਮਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥ ੫ ॥ [੩੫੬]-੨੨

੩੫- **ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥**

**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥**
**ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥**
**ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥**[੨੬੫]-੩

ਵੀਚਾਰ ਤੋਂ ਬਿਨਾ ਜ਼ਬਾਨ ਤੋਂ ਕੇਵਲ ਜਾਪ, ਵਡਾ ਜਪੀ ਹੋਣ ਦਾ ਸ਼ਾਇਦ ਹੰਕਾਰ ਤਾਂ ਬੇਸ਼ਕ ਪੈਦਾ ਕਰਦਾ ਹੋਏ ਪਰ ਮੁੱਨੁਖ ਦਾ ਸੰਵਰਦਾ ਕੁਝ ਨਹੀਂ। ਪਰਮਾਤਮਾ ਨਾਲ ਸਾਂਝ ਪੈਂਦੀ ਹੀ ਸ਼ਬਦ-ਰੂਪ ਗਿਆਨ ਦੀ ਵੀਚਾਰ ਤੋਂ ਹੀ ਹੈ-**ਘਰ ਮਹਿ ਵਸਤੁ ਅਗਮ ਅਪਾਰਪਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ** ॥[੧੧੭੫] (੨)--**ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥**[੧੨੩੩] (੩)--**ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭ੍ਰਾ ॥ ੬ ॥** [੯੦੬] (੪) **ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥** [੭੬੫] (੫) **ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ ੭ ॥**[੫੯] ਗੁਰ ਦੇ ਸ਼ਬਦ ਦੀ ਵੀਚਾਰ ਤੋਂ ਸਤਿਗੁਰਾਂ ਦੇ ਉਪਦੇਸ਼ ਨੂੰ ਸਮਝਣਾ ਬੁਝਣਾ ਅਤੇ ਉਸ ਦੇ ਅਨੁਸਾਰ ਜੀਵਣ ਢਾਲਣਾ ਹੀ ਗੁਰਸਿੱਖੀ ਹੈ। ਕਿਸੇ ਵੀ ਅੱਖਰ ਦਾ ਜਾਂ ਕਿਸੇ ਖ਼ਾਸ ਸ਼ਬਦ ਦੇ ਜਾਪ ਦੁਆਰਾ ਹੀ ਮਸਲਾ ਹੱਲ ਹੋ ਸਕਦਾ ਹੁੰਦਾ ਤਾਂ ੧੪੩੦ ਅੰਕਾਂ ਵਾਲੇ ਵਿਸ਼ਾਲ ਸ਼ਬਦ ਸੰਗ੍ਰਹਿ ਕਰਨ ਦੀ ਕੀ ਲੋੜ ਸੀ ? ਸੋ ਆਪਣੇ ਸਤਿਗੁਰਾਂ ਦੇ ਉਪਦੇਸ਼ ਦੇ ਹਰ ਪੱਖ ਨੂੰ ਸਮਝ ਕੇ ਠੀਕ ਨਿਰਣੇ ਤੇ ਪੁਜੱਣ ਦੀ ਲੋੜ ਮੁਕਾ ਕੇ, ਜਾਪ ਕਰਨ ਦੇ ਸਰੀਰਕ ਵਿਧੀਵਿਧਾਨ ਸਮਝਾਉਣ ਵਾਲਿਆਂ ਧਰਮ ਉਪਦੇਸ਼ਕਾਂ ਦੀ ਹੀ ਕਿਰਪਾ ਹੈ ਕਿ ਗੁਰੂ ਦਾ ਸਿੱਖ ਆਪਣੇ ਗੁਰੂ ਨੂੰ ਅੱਜ ਤੱਕ ਨਹ(ੀਂ ਸਮਝ ਸਕਿਆ। ਭਾਵ, ਭਾਵੇ ਰੋਜ਼ ਗੁਰੂ ਦੁਆਰੇ ਜਾਂਦਾ ਹੈ ਪਰ ਸਤਿਗੁਰਾਂ ਦੇ ਦਰਸ਼ਨਾਂ ਤੋਂ ਵਾਂਜਿਆ ਹੀ ਹੈ।

ਰਾਮਾਇਣ ਦੀ Video Documentary ਵਿਚ ਵਿਸ਼ਵਾਮਿਤ੍ਰ ਨਾਮੀ ਇੱਕ ਬੜੇ ਪ੍ਰਸਿੱਧ ਰਿਖੀ ਨੂੰ ਆਪਣਾ ਹਜ਼ਾਰਾਂ ਸਾਲਾਂ ਦਾ ਤਪ ਇਕ ਸੁੰਦਰ ਅਪੱਛਰਾ ਤੋਂ ਭੰਗ ਕਰਦਾ ਦਰਸਾਇਆ ਹੋਇਆ ਹੈ । (੨) ਸਿੱਖ ਇਤਿਹਾਸ ਵਿਚ ਵੀ ਢਾਡੀਆਂ, ਰਾਗੀਆਂ ਪਰਚਾਰਕਾਂ ਆਦਿ ਨੇ ਇੱਕ ਸਾਖੀ ਵਿਚ ਦਸ਼ਮੇਸ਼ ਜੀ ਦੇ ਅਨਿੰਨ ਅਤੇ ਸਿਦਕੀ ਸਿੱਖ, ਭਾਈ ਜੋਗਾ ਸਿੰਘ ਨੂੰ ਕਥਿਤ ਤੌਰ ਤੇ ਹੁਸ਼ਿਆਪੁਰ ਦੀ ਕਿਸੇ ਵੇਸਵਾ ਨੂੰ ਵੇਖ ਕੇ ਸਿਦਕ ਤੋਂ ਡੋਲਿਆ ਦਰਸਾਇਆ ਹੋਇਆ ਹੈ। **ਮਸਕੀਨ ਸਾਹਿਬ ਜੀਓ !** ਅਪਾਰ ਕਿਰਪਾ ਕਰਦੇ ਹੋਏ ਇਹ ਸਮਝਾਉਣ ਦੀ ਮਿਹਰ ਕਰ ਦਿਉ ਕਿ, ਇਹ ਕਾਮ ਜਦ ਇੱਕ ਵਾਰੀ (ਵਿਸ਼ਵਾ ਮਿੱਤਰ ਅਤੇ ਭਾਈ ਜੋਗਾ ਸਿੰਘ ਦੀ ਮਿਸਾਲ--) ਉੱਪਰ ਨੂੰ ਚੜ੍ਹ ਗਿਆ ਹੋਵੇ, ਤਾਂ ਫਿਰ ਹੇਠਾਂ ਉਤਰਨ ਲੱਗਾ ਜ਼ਰਾ ਵੀ ਢਿੱਲ ਕਿਸ ਕਾਰਨ ਨਹੀਂ ਲਾਉਂਦਾ ? ਕੀ, ਵਿਸ਼ਵਾਸ਼ ਕੀਤਾ ਜਾਵੇ ਇਸ ਦਾ ? ਅਜੇ ਬਹੁਤਾ ਚਿਰ ਨਹੀਂ ਹੋਇਆ ਸੀ ਕਿ ਇੱਕ ਬਾਵਾ ਜੀ ਭਗਵਾਨ ਨਾਲ ਇੱਕ-ਮਿੱਕ ਪੂਜਨੀਕ, ਅੰਤਰਜਾਮੀ, ਮਹਾਂਪੁਰਖ ਬਣੇ ਸ਼ਰਧਾਲੂਆਂ ਦੀ ਭੀੜ ਵਿਚ ਘਿਰੇ ਹੋਏ ਸਨ, ਕਿ, ਹੁਣ ਪੁੱਠੀ ਹਥਕੜੀ ਲਾ ਕੇ ਪੁਲਸ ਲਈ ਜਾ ਰਹੀ ਹੈ ? ਸਚ-ਮੁਚ ਹੀ ਇਹ ਖੁਟਹਰ ਬੜਾ ਉਦਮਾਦਾ ਹੈ। ਮਸਕੀਨ ਸਾਹਿਬ ਜੀਓ ! ਇਹ ਕਿਵੇਂ ਮੰਨ ਲਿਆ ਜਾਵੇ ਕਿ ਆਪ ਜੀ ਨਹੀਂ ਜਾਣਦੇ ਕਿ ਮੁਨੱਖਾ ਸਰੀਰ ਵਿਚ ਅਧਿਕ ਸ਼ਕਤੀ **ਕਾਮ** ਨਹੀਂ ਸਗੋਂ **ਮਨ** ਹੈ ? ਚੰਗੇ ਭਲੇ ਬ੍ਰਹਮ ਗਿਆਨੀ ਦੀ ਮਤਿ ਮਾਰ ਲੈਣ ਵਾਲੇ ਇਸ ਕਾਮ ਬਾਰੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਤਾਂ ਸਗੋਂ ਇਹ ਫ਼ੁਰਮਾਨ ਹੈ:--

੩੮- **ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥ ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥ ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥੩॥੫॥** {੧੧੯੪}

**ਅਰਥ:**--ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ ਹੁਣ ਮੈਥੋਂ ਸਹਾਰਿਆ ਨਹੀਂ ਜਾਂਦਾ **। ੧ । ਰਹਾਉ ।** (ਮੇਰੀ ਚੰਚਲ ਬੁੱਧ ਦੇ ਕਾਰਨ, ਹੁਣ) ਮੇਰੇ ਇਸ ਤਨ ਮਨ ਵਿਚ ਕਾਮਦੇਵ ਚੋਰ ਆ ਵੱਸਿਆ ਹੈ, ਜਿਸ ਨੇ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ ਬੜਾ ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਮੈਂ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ ਗ਼ਰੀਬ ਦੀ ਕੀ ਪਾਇਆਂ ਹੈ ? **। ੧ ।** ਸਨਕ, ਸਨੰਦਨ, (=ਦੋਵੇਂ ਕਥਿਤ ਬ੍ਰਹਮਾ ਦੇ ਕਥਿਤ ਪੁੱਤਰ), ਸ਼ਿਵ, ਸੁਕਦੇਵ ਵਰਗੇ (ਵੱਡੇ ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਨਮੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਜਟਾਧਾਰੀ ਸਾਧੂ--ਇਹ ਸਭ (ਕਾਮ ਤੋਂ ਡਰਦੇ) ਆਪੋ ਆਪਣੇ ਵੇਲੇ ਦਿਨ-ਕਟੀ ਕਰ ਕੇ ਚਲੇ ਗਏ **। ੨ ।** ਕਬੀਰ ਸਾਹਿਬ ਦਾ ਫ਼ੁਰਮਾਨ--(ਕਾਮ ਆਦਿਕ ਤੋਂ ਬਚਨ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ--) ਹੇ ਸੁਖਾਂ ਦੇ ਸਾਗਰ ਪ੍ਰਭੂ ! ਹੇ ਦੀਨਾਨਾਥ ਪਰਮੇਸ਼ਵਰ ! ਤੂੰ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ । ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ । ੩ ।

**ਚ-** **ਤੇ ਹੁਣ ਆਪ ਜੀ ਦੇ ਇਹ ਬਚਨ---**

ਤੋ ਰਿਸ਼ੀ ਵਾਦ ਸਾਇਨ ਨੇ ਲਿਖਿਆ ॥ ਇਹ ਸ਼ਕਤੀ ਜਦ ਭ੍ਰਸ਼ਟ ਹੁੰਦੀ ਐ ਤੋ ਕਿਵੇ ਇਸਤਰੀ ਚਰਿਤਰ ਦਿਖਾਦੀ ਏ ॥
ਪੁਰਸ਼ ਧੋਖਾ ਦੇਦਾ ॥ ਜਿਸ ਨੂੰ ਗੁਰੂ ਨਾਨਕ ਕਹਿੰਦੇ ਨੇ **ਰੰਨਾ ਹੋਈਆ ਬੋਦੀਆ , ਪੁਰਖ ਹੋਏ ਸਈਆਦ** ॥ ਇਹ ਪੁਰਖ
ਕਿਵੇ ਸ਼ਿਕਾਰੀ ਬਣਾ ਏ ਤੇ ਇਸਤਰੀਆ ਕਿਵੇ ਚੰਚਲ ਬਣ ਦੀਆ ॥ ਗੁਰੂ ਨਾਨਕ ਕਹ ਗਏ ॥

੩੯- **ਮ: ੧ ॥ ਰੰਨਾ ਹੋਈਆਂ ਬੋਧੀਆ, ਪੁਰਸ ਹੋਏ ਸਈਆਦ ॥ ਸੀਲੁ ਸੰਜਮੁ ਸੁਚ ਭੰਨੀ**
**ਖਾਣਾ ਖਾਜੁ ਅਹਾਜ ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥**
**ਨਾਨਕ ਸਚਾ ਏਕੁ ਹੈ ਅਉਰ ਨ ਸਚਾ ਭਾਲਿ ॥ ੨ ॥** [੧੨੪੨]-ਵਾ-੧੪

**ਅਰਥ:**--(ਰੱਬ ਤੋਂ ਵਿਛੁੜ ਕੇ) ਮਨੁੱਖ ਜ਼ਾਲਮ ਹੋ ਰਹੇ ਹਨ, ਤੇ ਤੀਵੀਆਂ ਇਸ ਜ਼ੁਲਮ ਲਈ ਸਲਾਹਕਾਰ ਬਣ ਰਹੀਆਂ ਹਨ, ਮਿੱਠਾ ਸੁਭਾਉ, ਜੁਗਤਿ ਵਿਚ ਰਹਿਣਾ, ਦਿਲ ਦੀ ਸਫ਼ਾਈ--ਇਹ ਸਭ ਗੱਲਾਂ ਦੂਰ ਹੋ ਗਈਆਂ ਹਨ, ਤੇ ਵੱਢੀ ਆਦਿ ਹਰਾਮ ਮਾਲ ਇਨ੍ਹਾਂ ਲੋਕਾਂ ਦਾ ਮਨ ਭਾਉਂਦਾ ਖਾਣਾਂ ਹੋ ਗਿਆ ਹੈ, ਸ਼ਰਮ ਹਯਾ ਕਿਤੇ ਆਪਣੇ ਵਤਨ ਚਲੀ ਗਈ ਹੈ (ਭਾਵ, ਇਨ੍ਹਾਂ ਮਨੁੱਖਾਂ ਤੋਂ ਕਿਤੇ ਦੁਰਾਡੇ ਹੋ ਗਈ ਹੈ) । ਹੇ ਨਾਨਕ ! (ਜੇ ਸੀਲ ਸੰਜਮ ਸੁਚ ਆਦਿਕ ਗੁਣ ਲੱਭਣੇ ਹਨ, ਤਾਂ ਉਨ੍ਹਾਂ ਦਾ ਸੋਮਾ) ਸਿਰਫ਼ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਹੀ ਹੈ (ਇਨ੍ਹਾਂ ਗੁਣਾਂ ਲਈ) ਕੋਈ ਹੋਰ ਥਾਂ ਨਾ ਲੱਭੋ । ( ਭਾਵ, ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਲੱਭ ਸਕਦੇ) । ੨ ।

ਇਸ ਗੁਰੂ ਫ਼ੁਰਮਾਨ ਵਿਚ ਵੀ ਕਾਮ ਬਾਰੇ ਕੋਈ ਉਚੇਚੀ ਜਾਣਕਾਰੀ ਨਹੀਂ, ਨਾ ਹੀ ਏਥੇ ਕਿਸੇ ਦੇ ਚਲਿੱਤ੍ਰਾਂ ਦੀ ਗੱਲ ਹੈ। ਜ਼ਮਾਨੇ ਨੂੰ ਵਗੀ ਮਾਰ ਦੀ ਗੱਲ ਅਤੇ ਸੱਚ ਨਾਲ ਜੁੜਨ ਦਾ ਵਡਮੁੱਲਾ ਉਪਦੇਸ਼ ਹੈ।

## ਛ- ਜਮ ਪੁਰ ਵੱਲ ਨੂੰ ਧ੍ਰੂ ਖੜਨ ਵਾਲੀ ਅਕਿਰਤਘਣਤਾ ?---

ਕਿਸੇ ਵਿਦਵਾਨ ਦੀ ਕਿਰਪਾ ਨਾਲ Hermeneutics ਦੇ ਵਿਦਵਾਨਾਂ ਦੀ ਰਾਏ ਪੜ੍ਹਨ ਨੂੰ ਮਿਲ ਗਈ। ਉਨ੍ਹਾਂ ਦਾ ਫ਼ਤਵਾ ਹੈ ਕਿ, ਕਿਸੇ ਖ਼ਾਸ ਸ਼ਬਦ ਜਾਂ ਤੁਕ ਦੇ ਸਥਾਈ ਅਰਥ ਕਰਕੇ ਕਿਸੇ ਗ੍ਰੰਥ ਦੇ ਸਿਧਾਂਤ ਬਾਰੇ ਸਿੱਟਾ ਕੱਢਣਾ ਨਿਰਾ ਗ਼ਲਤ ਹੀ ਨਹੀਂ ਸਗੋਂ ਵੱਡੀ ਹੂੜ ਮਤ ਹੈ । ਹਰ ਤੁਕ ਦਾ ਭਾਵ ਪੂਰੀ ਪੁਸਤਕ ਅਥਵਾ ਪੂਰੇ ਗ੍ਰੰਥ ਦੇ ਸਮੁਚੇ ਆਸ਼ੇ ਦੇ ਅਨਕੂਲ ਹੋਣਾ ਚਾਹੀਦਾ ਹੈ । ਇਹ ਪੜ੍ਹ ਕੇ ਹਿਰਦੇ ਵਿਚੋਂ ਹਉਕਾ ਨਿਕਲਿਆ ਕਿ ਸਾਡੇ ਲਿਖਾਰੀਆਂ ਨੇ ਤਾਂ ਲੱਕ ਹੀ ਇਸ ਭੁੱਲ ਨੂੰ ਕਰੀ ਜਾਣ ਤੇ ਬੰਨ੍ਹ ਲਿਆ ਹੋਇਆ ਹੈ ।

ਪਰ ਹੁਣ ਜਦ ਗੁਰੂ ਬਾਣੀ ਦੀ ਇਸੇ ਤਰ੍ਹਾਂ ਦੀ ਅਯੋਗ ਵਰਤੋਂ ਹੁੰਦੀ ਤੁਹਾਡੇ ਮੁਖਾਰ ਬਿੰਦ ਵਿਚੋਂ ਸੁਣੀ ਤਾਂ ਦਾਸ ਦੀ ਆਪ ਪ੍ਰਤੀ ਬਣੀ ਸ਼ਰਧਾ ਨੇ Hermeneutics ਦੇ ਵਿਦਵਾਨਾ ਦੀ ਖੋਜ ਦਾ ਸਿੱਟਾ ਸ਼ੱਕੀ ਬਣਾ ਦਿੱਤਾ। ਯਕੀਨ ਬਣਿਆਂ ਹੋਇਆ ਸੀ, ਮਸਕੀਨ ਜੀ ਧੋਖਾ ਦੇਣ ਵਾਲੀ **ਕੁਟਲ ਬੋਲੀ** ਕਦੇ ਨਹੀਂ ਬੋਲ ਸਕਦੇ। ਬਾਣੀ ਵਿਚੋਂ ਆਪਣੀ ਪਸੰਦ ਦੀਆਂ ਪੰਗਤੀਆਂ ਆਪਣੀ ਵਿਉਂਤ ਅਨੁਸਾਰ ਵਰਤ ਲੈਣੀਆਂ ਵੀ ਸਿੱਖ ਧਰਮ ਦਾ ਹਿੱਸਾ ਹੀ ਹੋਣੀਆਂ ਹਨ ? ਪਰ ਫਿਰ ਜੱਦ ਇਹ ਸਮਝ ਫੁਰੀ ਕਿ ਜਦ ਪਾਵਨ ਪਵਿੱਤਰ ਗੁਰੂਬਾਣੀ ਵਿਚੋਂ ਕਾਮ-ਸ਼ਕਤੀ ਬਾਰੇ ਮਸਕੀਨ ਜੀ ਦੇ ਬਚਨਾਂ ਦੀ ਪ੍ਰੋੜਤਾ ਵਾਲਾ ਇੱਕ ਵੀ ਗੁਰੂ-ਸ਼ਬਦ ਮਸਕੀਨ ਜੀ ਨੂੰ ਵੀ ਨਹੀਂ ਮਿਲ ਸਕਿਆ, ਤਾਂ ਹੁਣ ਮਸਕੀਨ ਜੀ ਦੇ ਭਾਸ਼ਨ ਵਿਚੋਂ ਹੀ ਜੇ ਭਲਾ ਕੇਵਲ---" ਪਹਿਲੇ ਗੁਰੂ ਨਾਨਕ ਨੂੰ ਤੁਸੀ ਆਪਣੀ ਸ਼ਿਖਸ਼ਾ --ਦਿਖਸ਼ਾ ਸੁਣਾਉ ਗੁਰੂ ਅਰਜਨ ਦੇਵ ਜੀ ਨੂੰ ਸੁਣਾਉ ॥ ਭਗਤ ਕਬੀਰ ਨੂੰ ਕਹੋ ॥ ਦੁਨੀਆ ਭਰ ਦੇ ਅਵਤਾਰੀ ਪੁਰਸ਼ਾ ਨੂੰ ਕਹੋ, ਜਿਨ੍ਹਾ ਨੇ ਇਨ੍ਹਾ ਤੇ ਗ੍ਰੰਥ ਲਿਖੇ ਹਨ " ਏਨੇ ਬਚਨ ਹੀ ਚੁਣ ਕੇ ਲੋਕਾਂ ਵਿਚ ਮਸਕੀਨ ਜੀ ਨੂੰ ਬੜੇ ਘਟੀਆ ਕਿਸਮ ਦੇ ਹੰਕਾਰੀ ਦੇ ਰੂਪ ਵਿਚ ਪੇਸ਼ ਕੀਤਾ ਜਾਣਾ ਅਰੰਭ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰੇ ? ਕੀ, ਮਸਕੀਨ ਜੀ ਵਰਗਾ ਸੁਲਝਿਆ ਹੋਇਆ ਵਿਦਵਾਨ ਆਪਣੇ ਸਤਿਗੁਰਾਂ ਨਾਲ ਅਜੇਹਾ ਘਟੀਆ ਵਿਹਾਰ ਕਰ ਸਕਦਾ ਹੋਵੇਗਾ ? ਕਿਸੇ ਵੀ ਵਿਦਵਾਨ ਦੇ ਭਾਸ਼ਨ ਵਿਚੋਂ ਕੋਈ ਨ ਕੋਈ ਬਚਨ ਅਜੇਹੇ ਮਿਲ ਸਕਦੇ ਹਨ ਜਿਹੜੇ ਅੱਡਰੇ ਕਰਕੇ ਸੁਨਾਉਣ ਨਾਲ ਪੂਰੇ ਭਾਸ਼ਨ ਦਾ ਅਸਲ ਮੰਤਵ ਵਿਗਾੜ ਸਕਦੇ ਹਨ। ਉਪ੍ਰੋਕਤ ਸਭ ਕੁਝ ਸੁਣਿਆ, ਤਾਂ ਸਮਝ ਆਈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਅਸਲ ਭਾਵਣਾ ਤਬਦੀਲ ਕਰਨ ਵਿਚ ਤੁਸੀਂ ਹੋਰ ਸਾਰਿਆਂ ਨਾਲੋਂ ਅੱਗੇ ਲੰਘ ਤੁਰੇ ਹੋਏ ਹੋ। ਹਿਰਦਾ ਪੀੜ ਨਾਲ ਕੁਰਲਾ ਉਠਿਆ---ਹੈਂ ! ਇਹ ਕੀਹ ? ਉਸਂ ਪੱਖੋਂ ਮਸਕੀਨ ਜੀ ਗੁਰੂ ਬਾਣੀ ਦੀ ਕੁ-ਵਰਤੋਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਵਿਸ਼ਵਾਸ਼ ਘਾਤ ਕਰ ਰਹੇ ਹਨ ? ਜਾਣਦਿਆਂ ਬੁੱਝਦਿਆਂ ਅਜੇਹਾ ਕਰਨਾ ਕੀ ਸਤਿਗੁਰਾਂ ਪ੍ਰਤੀ ਬੜੀ ਘਿਣਾਵਣੀ ਅਕਿਰਤਘਣਤਾ ਤਾਂ ਨਹੀਂ ?

**ਮਾਇਆ ਦੀ ਵਿਸ਼ਾਲ ਉਗ੍ਰਾਹੀ** ਕਰਨ ਲਈ ਗੁਰੂ ਸ਼ਬਦ-ਅੰਮ੍ਰਿਤ--" **ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥** (੨) **ਗੁਰ ਕਾ ਸਬਦੁ ਅੰਮ੍ਰਿਤ ਰਸ ਖਾਇਣ ॥** (੩) **ਗੁਰ ਕਾ ਸਬਦ ਅੰਮ੍ਰਿਤ ਹੈ ਸਭ ਤ੍ਰਿਸਨਾ ਭੁਖ ਗਵਾਏ ॥** ਅਤੇ ਗੁਰੂ ਬਾਣੀ ਅੰਮ੍ਰਿਤ--(੪) **ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥** (੫) **ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੇ ਸੋ ਮੁਖਿ ਅੰਮ੍ਰਿਤ ਪਾਵੈ ॥** (੬)--**ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥** ਦੀ ਵਰਤੋਂ ਕਰਨ ਵਾਲਿਆਂ ਲਈ ਤਾਂ ਉਂਜ ਵੀ ਸਤਿਗੁਰਾਂ ਦਾ ਬੜਾ ਕਰੜਾ ਫ਼ੁਰਮਾਨ ਹੈ---

੪੦- **ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥ ੧ ॥ ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥ ੧ ॥ ਰਹਾਉ ॥ ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥ ੨ ॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰੁ ॥ ੩ ॥ ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥ ੪ ॥** [੧੯੪]-੭੧-੧੪੦

ਵਿਕਾਰ ਕਮਾਉਣ ਦੀ ਖੁੱਲ੍ਹ ਦੀ ਗੱਲ ਕਰਨ ਲਈ ਗੁਰੂ-ਸ਼ਬਦਾਂ ਦਾ ਉਹਲਾ ਕਰ ਲੈਣਾ ਕੀ, ਬ੍ਰਾਹਮਣ ਦੀ ਦੇਣ ਨਹੀਂ ਹੈ ਜੀ ? ਕਿਰਪਾ ਸਹਿਤ ਦਾਸਾਂ ਦਾ ਇਹ ਸ਼ੰਕਾ ਗੁਰੂ ਬਾਣੀ ਦੇ ਘੱਟੋ ਘੱਟ ਪੰਜ ਗੁਰੂ ਫ਼ੁਰਮਾਨਾ ਨਾਲ ਦੂਰ ਕਰ ਦੇਣ ਦੀ ਮਿਹਰ ਕਰ ਦੇਣੀ ਜੀ।

# ਆਪ ਜੀ ਦੇ ਭਾਸ਼ਨ ਦਾ ਦੂਜਾ ਪੱਖ--

**ਸ**- ਆਪ ਜੀ ਦੇ ਭਾਸ਼ਨ ਵਿਚੋਂ **ਰਿਖੀ ਵਾਦਸੈਨ ਦੇ ਜ਼ਿਕਰ** ਵਾਲੇ ਬਚਨਾਂ ਦਾ ਵੇਰਵਾ--

(1) ਇਹ ਵੀ ਮੈ ਅਰਜ਼ ਕਰ ਦਿਆ ॥ ਭਾਰਤ ਦੇ ਵਿਚ ਇਕ ਰਿਸ਼ੀ ਹੋਇਆ, ਰਿਸ਼ੀ ਵਾਦ ਸਾਇਨ ॥ ਉਸਨੂੰ ਰਿਸ਼ੀ ਕਹਿੰਦੇ ਨੇ , ਸੰਤ ਹੋਇਆ , ਸੰਤ ਸੀ , **ਤੁਸੀ ਆਖੋਗੇ ਉਸਨੇ ਕਿਹੜਾ ਸ਼ਾਸ਼ਤ੍ਰ ਲਿਖਿਆ ॥** ਉਸ ਨੇ ਕਿਹੜਾ ਧਰਮ ਗ੍ਰੰਥ ਲਿਖਿਆ ॥ ਉਹਨੇ ਲਖਿਆ ਕਾਮ ਸੂਤ੍ਰ , ਕਾਮ ਸੂਤ੍ਰ , ਕਾਮ ਦਾ ਗਿਆਨ ॥ ਉਹ ਦਾਵੈ ਨਾਲ ਕਹਿੰਦਾ , ਜਿਹਨੂੰ ਕਾਮ ਦਾ ਗਿਆਨ ਨਹੀ, ਉਹਨੂੰ ਰਾਮ ਦਾ ਗਿਆਨ ਨਹੀ - ਆ ॥ ਉਹ ਦਾਵੈ ਨਾਲ ਕਹਿੰਦਾ ਜੋ ਕਾਮ ਰਸ ਤੋ ਉਚਾ ਨਹੀ ਉਠਿਆ , ਉਹ ਰਾਮ ਰਸ ਤੱਕ ਪਹੁੰਚ ਵੀ ਨਹੀ ਸਕਦਾ ॥ ਉਹ ਇੰਞ ਵੀ ਕਹਿੰਦਾ ਏ ॥ ਜੀਵਨ 'ਚ ਕ੍ਰੋਧ ਹੈ – ਕ੍ਰੋਧ ਸਮਝੋ॥ ਮਨ 'ਚ ਲੋਭ ਹੈ – ਲੋਭ ਨੂੰ ਸਮਝੋ ॥ ਜੀਵਨ ਵਿਚ ਕਾਮ ਹੈ --- ਕਾਮ ਨੂੰ ਸਮਝੋ, ਜਾਣੋ ॥

(2) **ਅਰ ਇਕ ਮਹਾ ਰਿਸ਼ੀ ਹੋਇਆ --- ਰਿਸ਼ੀ ਵਾਦ ਸਾਇਨ , ਜਿਸ ਨੇ ਕਾਮ ਸੂਤਰ ਲਿਖਿਆ ਐ ॥ ਉਹਦਾ ਤਰਜਮਾ ਕੀਤਾ ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਦੇ ਵਿਚ ॥**

(3) **ਵਾਦ ਸਾਇਨ ਰਿਸ਼ੀ** ਨੇ ਕਾਮ ਸੂਤ੍ਰ ਲਿਖਿਆ ॥ ਆਪ ਦੀ ਗਿਆਤ ਲਈ ਅਰਜ ਕਰਾ ॥ ਜਦ ਮੈ ਬਾਬਾ ਬਲੰਵਤ ਸਿੰਘ ਨਾਲ ਬਾਣੀ ਗ੍ਰੈਮਰ ਪੜ੍ਹਦਾ ਹੁੰਦਾ ਸੀ , ਓਦੋ ਕਮ ਸੇ ਕਮ ੭੦ -੭੫ ਸਾਲ ਦੇ ਤੇ ਹੋ ਗਏ ਸਨ ॥ ੯੨ ਸਾਲ ਦੇ ਹੋ ਕੇ ਉਹ ਗੁਜਰੇ , ਬਾਬਾ ਸ਼ਾਮ ਸਿੰਘ ਜੀ ਦੇ ਡੇਰੇ , ਅੰਮ੍ਰਿਤਸਰ ॥ ਸਾਰੇ ਦੇਸ਼ ਵਿਚ ਉਹ ਕਥਾ ਈ ਕਰਦੇ ਸੀ ॥ ੫੦ - ੬੦ ਸਾਲ ਕਥਾ ਕਰਦੇ ਰਹੇ

(4) **ਰਿਸ਼ੀ ਵਾਦ ਸਾਇਨ** ਨੇ ਲਿਖਿਆ ॥ ਇਹ ਸ਼ਕਤੀ ਜਦ ਭ੍ਰਸ਼ਟ ਹੁੰਦੀ ਐ ਤੋ ਕਿਵੇ ਇਸਤਰੀ ਚਰਿਤਰ ਦਿਖਾਦੀ ਏ ॥ ਪੁਰਸ਼ ਧੋਖਾ ਦੇਦਾ ॥ ਜਿਸ ਨੂੰ ਗੁਰੂ ਨਾਨਕ ਕਹਿੰਦੇ ਨੇ : ਰੰਨਾ ਹੋਈਆ ਬੋਧੀਆ , ਪੁਰਖ ਹੋਏ ਸਈਆਦ ॥

(5) ਇਸ ਵਾਸਤੇ **ਰਿਸ਼ੀ ਵਾਦ ਸਾਇਨ** ਨੇ ਕਾਮ ਸੂਤ੍ਰ ਲਿਖਿਆ ॥ ਇਸ ਵਾਸਤੇ ਗੁਰੂ ਨਾਨਕ , ਗੁਰੂ ਅਰਜਨ , ਭਗਤ ਕਬੀਰ ਜੀ ਸਾਨੂੰ ਸਾਵਧਾਨ ਕਰਦੇ ਪਏ ਨੇ ॥ ਸੁਚੇਤ ਪਏ ਕਰਦੇ ਨੇ ॥ ਏਸੇ ਵਾਸਤੇ ਖਜਰਾਹੇ ਦੇ ਮੰਦਰ ਨੇ , ਕਾਮ ਸਿਰਫ ਸਰੀਰ ਦੇ ਤਲ ਤੇ ਰਹਿਣਾ ਚਾਹੀਦਾ ॥ ਮਨ ਦੇ ਤਲ ਤੇ ਰਾਮ ॥

ਜਦ ਪਾਵਨ ਪਵਿੱਤਰ ਗੁਰੂਬਾਣੀ ਵਿਚੋਂ ਕਾਮ-ਸ਼ਕਤੀ ਬਾਰੇ ਤੁਹਾਡੇ ਬਚਨਾਂ ਦੀ ਪ੍ਰੋੜਤਾ ਵਾਲਾ ਇੱਕ ਵੀ ਗੁਰੂ-ਸ਼ਬਦ ਤੁਹਾਨੂੰ ਨਹੀਂ ਮਿਲ ਸਕਿਆ ਤਾਂ ਤੁਸੀ ਰਿਸ਼ੀ ਵਾਸ ਸੈਨ ਨੂੰ ਪੰਥ ਵਿਚ ਕਿਸ ਯੋਜਨਾ ਅਧੀਨ ਘਸੀਟੀ ਆ ਰਹੇ ਹੋ ਜੀ ?

**ਸ਼ੰਕੇ**- **(੧)** ਇਹ ਵਾਦ ਸੈਨ ਕੀ ਗੁਰਮਤਿ ਦਾ ਵੀ ਪਰਚਾਰਕ ਸੀ ? **(੨)** ਕੀ, ਕਾਮ ਸੂਤਰ ਸ਼ਾਸਤਰ ਤੋਂ ਸਤਿਗੁਰੂ ਨਾਨਕ ਜੀ (ਨੌਂਵੇਂ ਸਰੂਪ ਤੱਕ) ਅਣਜਾਣ ਹੀ ਸਨ ? **(੩)** ਕੀ ਸਤਿਗੁਰਾਂ ਦਾ ਇਹ ਫੁਰਮਾਨ--**ਸਲੋਕ ॥ ਬਹੁ ਸ਼ਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੧ ॥**--ਵਿਅਰਥ ਦੀ ਗੱਪ ਹੈ ਜੀ ? **(੪)** ਕੀ ਗੁਰਬਾਣੀ ਵਿਚ ਜਿਸ ਤਰ੍ਹਾਂ ਅਤੇ ਜਿਵੇਂ ਦੀ ਸੋਝੀ ਕਾਮ ਬਾਰੇ ਆ ਚੁੱਕੀ ਹੈ ਉਹ ਮਨੁੱਖਾ ਜੀਵਨ ਲਈ ਕਾਫ਼ੀ ਨਹੀਂ ਸੀ ਜੀ ? **(੫)** ਕੀ, ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ ਭਾਈ ਨੰਦ ਲਾਲ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਛੁੱਟ, ਕਿਸੇ ਹੋਰ ਸ਼ਾਸਤਰ ਨੂੰ ਗੁਰਮਤਿ ਪਰਚਾਰ ਦਾ ਹਿੱਸਾ ਬਨਾਉਣ ਦੀ ਖੁੱਲ੍ਹ ਵੀ ਹੋ ਚੁੱਕੀ ਹੈ ਜੀ ? ਜਿਸ ਗੁਰੂ ਬਾਣੀ ਨੂੰ ਤੁਸੀਂ ਆਪ ਵੀ ਹੋਰ ਸਾਰੇ ਧਰਮ ਗ੍ਰੰਥਾਂ ਦੀ " **ਮਾਂ** " ਲਿਖ ਰਹੇ ਹੋ, ਉਸੇ ਗੁਰੂ ਬਾਣੀ ਦੇ ਹੁੰਦਿਆਂ, ਇਸ ਵਾਦ ਸੈਨ ਦੀ ਬਾਣੀ ਦੀ ਲੋੜ ਕੀ ਆਣ ਪਈ ਹੈ ਜੀ ? ਹੇ ਸਤਿਕਾਰਤ ਮਸਕੀਨ ਜੀਓ ! ਸਤਿ ਗੁਰੂ ਜੀ ਦੇ ਇਸ ਉਪਦੇਸ਼ ਨੂੰ ਵਿਆਰਥ ਨਾ ਬਣਾਈਏ-- **ਜਾ ਕਉ ਠਾਕੁਰ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥** ਕੀ ਆਪ ਜੀ ਦੇ ਵਿਚਾਰ ਵਿਚ ਸਤਿਗੁਰਾਂ ਦੇ ਇਹ ਬਚਨ ਹੁਣ ਵਿਆਰਥ ਹੋ ਚੁੱਕੇ ਹਨ ਜੀ ?--

੪੧- **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ੫ ॥[੯੮੨]**

੪੨- **ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਿਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਹੈ ਬਾਣੀ ॥ ੨੪ ॥**[੯੨੦]

ਇੱਕ ਪਾਸੇ ਗੁਰੂ ਬਾਣੀ ਨੂੰ ਹੋਰ ਸਾਰੇ ਗੰਥਾਂ ਦੀ ਮਾਂ ਕਹਿ ਰਹੇ ਹੋ ਅਤੇ ਨਾਲ ਇਹ ਕਹਿੰਦਿਆਂ ਲਾਜ ਵੀ ਨਹੀਂ ਮੰਨ ਰਹੇ ਕਿ ਦਸ਼ਮੇਸ਼ ਜੀ ਨੇ ਕਾਮ ਸੂਤਰ ਜਿਹੇ ਹਿੰਦੂਆਂ ਦੇ ਪੁਰਾਤਨ ਗ੍ਰੰਥਾਂ ਦਾ ਅਨੁਵਾਦ ਕੀਤਾ ਹੈ । ਇਸ ਸਚਾਈ ਨੂੰ ਤੁਸੀਂ ਝੁਠਲਾਉਣ ਨਹੀਂ ਲੱਗੇ ਕਿ ਗਿਆਨ ਦਾ ਦਾਤਾ ਗੁਰੂ ਮੰਨਿਆਂ ਜਾਂਦਾ ਹੈ। ਫਿਰ, ਕਿਸੇ ਦੂਜੇ ਦੇ ਲਿਖੇ ਗ੍ਰੰਥ ਦੀ ਬਾਣੀ ਨੂੰ ਆਪਣੇ ਸਿੱਖਾਂ ਲਈ ਸੁਮਤਿ ਦੇਣ ਵਾਲੀ ਮੰਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅੱਡਰਾ ਗ੍ਰੰਥ ਲਿਖਣ ਦਾ ਅਰਥ ਸਤਿਗੁਰੂ ਜੀ ਆਪ ਉਸ ਗ੍ਰੰਥ ਦੇ ਲਿਖਾਰੀ ਦੇ ਚੇਲੇ ਬਣੇ ਅਤੇ ਅਸਿੱਧੇ ਤੌਰ ਤੇ ਉਸ ਗੰਥ ਦਾ ਲਿਖਾਰੀ ਸਾਰੇ ਪੰਥ ਦਾ ਵੀ ਗੁਰੂ ਥਾਪ ਦਿੱਤਾ।

## (ੜ) ਜਾਣ ਬੁੱਝ ਕੇ ਬੋਲਿਆ ਭੁਲੇਖਾ ਪਾਊ ਝੂਠ (Deliberate Lie)

**ਪਿਆਰਾ ਸਿੰਘ ਪਦਮ ਨੇ** ਆਪਣੀ ਪੁਸਤਕ-**ਦਸਮ ਗ੍ਰੰਥ ਦਰਸ਼ਨ** ਵਿਚ ਕਿਸੇ ਥਾਂ ਨਹੀਂ ਲਿਖਿਆ ਕਿ ਦਸਮ ਗ੍ਰੰਥ ਵਿਚ ਕਾਮ **ਸੂਤਰ ਦਾ ਅਨੁਵਾਦ ਵੀ ਕਿਤੇ ਮੌਜੂਦ ਹੈ । ਸਗੋਂ ਪੁਸਤਕ ਦੇ ੧੨੧ ਸਫ਼ੇ** ਤੇ " **ਚਰਿਤ੍ਰ ਪਖਯਾਨ** " ਲੇਖ, ਦੇ ਅਰੰਭ ਵਿਚ ਹੀ ਇਉਂ ਲਿਖਿਆ ਹੈ:---

**(੧)** " ਇਸ ਨੂੰ ਪਖਯਾਨ ਚਰਿਤਰ ਯਾ ਤ੍ਰਿਯ ਚਰਿਤਰ ਵੀ ਆਖਿਆ ਗਿਆ ਹੈ। ਇਹ **ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ** ਜੋ ਕਿ ਹਿੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ। ਆਮ ਖ਼ਿਆਲ ਹੈ ਕਿ ਇਸ ਵਿਚ **੪੦੪** ਤਿਰਯਾ ਚਰਿਤਰ ਦਿੱਤੇ ਗਏ ਹਨ, ਇਹ ਠੀਕ ਨਹੀਂ । ਪਹਿਲੀ ਗੱਲ ਇਹ ਹੈ ਕਿ ਚਾਰ ਸੌ ਚਾਰ ਕਹਾਣੀਆਂ ਨਹੀਂ, ਕਈ ਥਾਂ ਇਕੋ ਕਹਾਣੀ ਦੇ ਦੋ ਤਿੰਨ ਭਾਗ ਬਣਾ ਕੇ ਵੱਖ ਵੱਖ ਕਾਂਡਾਂ ਵਿਚ ਵੰਡਿਆ ਹੋਇਆ ਹੈ। ਕਹਾਣੀ ਇਕੋ ਹੈ । ਜੇ ਕਿਸੇ ਇਸਤਰੀ ਦੇ ਛਲ ਦਾ ਜਵਾਬ ਪੁਰਸ਼ ਨੂੰ ਛਲ ਵਿਚ ਦਿੱਤਾ ਤਾਂ ਉਸ ਲਈ ਦੂਜਾ ਅਧਿਆ ਰਚ ਲਿਆ ਗਿਆ ਹੈ। ਜਿਵੇਂ ਕਿ ਅਨੂਪ ਕੌਰ ਵਾਲਾ ਚਰਿਤਰ ੨੧, ੨੨ ਤੇ ੨੩ ਅਧਿਆਇ ਵਿਚ ਵੰਡ ਦਿਤਾ ਹੈ। ਅਹੱਲਿਆ ਦੀ ਕਥਾ ੧੧੫, ੧੧੬ ਤੇ ੧੧੭ ਅਧਿਆਇਵਾਂ ਵਿਚ, ਕਪਲ ਮੁਨੀ ਦੀ ੧੦੮ ਤੇ ੧੦੯ ਅਧਿਆ ਵਿਚ ਤੇ ਏਵੇ ਜਿਵੇਂ ਗੌਂਡ ਖਾਂ ਡੋਗਰ ਦੀ ਕਹਾਣੀ ੩੬ ਤੇ ੩੭ ਅਧਿਆ ਵਿਚ ਵੰਡ ਕੇ ਅੰਕਿਤ ਕੀਤੀ ਹੈ। **ਕਹਾਣੀਕਾਰ** ਇਸ ਵੰਡ ਲਈ ਆਪਣੀ ਥਾਂ ਠੀਕ ਹੈ ਕਿ ਜਿਸ ਨੇ ਜੋ ਚਾਲਾਕੀ ਯਾ ਜਵਾਬੀ ਚਲਾਕੀ ਕੀਤੀ, ਉਸਨੂੰ ਅੱਡ ਅੱਡ ਪੇਸ਼ ਕਰ ਦਿਤਾ ਪਰ ਸਮੁੱਚੇ ਤੌਰ ਤੇ ਇਹ ਕਹਿਣਾ ਪਵੇਗਾ ਕਿ ਇਸ ਹਿਸਾਬ ਕੁਲ ਕਹਾਣੀਆਂ ੪੦੪ ਨਹੀਂ, ਸਗੋਂ ਕਾਂਡ **੪੦੪?**

**(੨) ਅਤੇ ਫਿਰ** ਉਸੇ ਪੁਸਤਕ ਦੇ ੧੨੫ ਸਫ਼ੇ ਤੇ ਇਹ ਵੀ ਲਿਖਿਆ ਹੈ:--

" ਗੁਰੂ ਸਾਹਿਬ ਨੇ **ਕੁਝ ਆਪ-ਬੀਤੀਆਂ ਵੀ ਦਰਜ ਕੀਤੀਆਂ ਹਨ** ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ੧੬, ੨੧, ੨੨ ੨੩ ਆਦਿ। ੧੫ ਨੰਬਰ ਕੀਰਤਪੁਰ ਦਾ ਹੈ। "

ਪਰ ਤੁਸਾਂ ਆਪਣੇ ਭਾਸ਼ਨ ਵਿਚ ਇੱਕ ਤੋਂ ਵੱਧ ਵਾਰੀ ਕਿਹਾ ਹੈ ਕਿ **ਤ੍ਰਿਯਾ ਚਰਿਤ੍ਰ ਰਿਸ਼ੀ ਵਾਦ ਸੈਨ ਦੇ ਕਾਮ ਸੂਤਰ ਗ੍ਰੰਥ ਦਾ ਅਨੁਵਾਦ ਹੈ**--ਤੁਸੀਂ ਆਪ ਹੀ ਨਿਰਣਾ ਕਰੋ ਕਿ ਤੁਹਾਡੇ ਦੋਹਾਂ (ਪਦਮ ਜੀ ਅਤੇ ਤੁਸੀਂ) ਵਿਚੋਂ ਸੱਚੇ ਬਚਨ ਕਿਸ ਦੇ ਹਨ? ਕੀ ਤੁਸੀ ਵੀ ਏਹੀ ਨਹੀਂ ਕਹੋਗੇ ਕਿ--**ਪੂਰਾ ਸਚ ਤਾਂ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ** ? ਪਦਮ ਸਾਹਿਬ ਦੀ ਸੇਵਾ ਵਿਚ ਭੇਜੇ ਚਿੱਠੀ ਰੂਪ ਲੇਖ ਦਾ ਉਤਾਰਾ ਆਪ ਜੀ ਦੀ ਸੇਵਾ ਵਿਚ ਹਾਜਰ ਹੈ । ਪਦਮ ਸਾਹਿਬ ਦੀ ਝੂਠ ਲਿਖਤ ਦੇ ਹੋਰ ਵੀ ਖੁਲ੍ਹੇ ਦਰਸ਼ਨ ਸ਼ਾਇਦ ਆਪ ਜੀ ਨੂੰ ਗਦ-ਗਦ ਹੀ ਕਰਨ ਦਾ ਸਾਧਨ ਬਣ ਜਾਣ ? **ਕੁਨਦ ਹਮ ਜਿਨਸ ਬ ਹਮ ਜਿਨਸ ਪ੍ਰਵਾਜ਼**---ਵਾਲੀ ਗੱਲ ?

੪੩- **ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥**
**ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ ੧ ॥** [੧੪੦]-ਵਾਰ-੫

**ਆਪ ਜੀ ਦੇ ਭਾਸ਼ਨ ਦਾ ਅਤੀਅੰਤ ਦੁਖਦਾਈ ਭਾਗ-" ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਸਮ ਗ੍ਰੰਥ ਦੇ ਇਨ੍ਹਾ ਵਿਸ਼ਿਆ ਨੂੰ ਉਜਾਗਰ ਕੀਤਾ ਐ** ॥ (੨) ਤੋ ਦਸਮ ਗ੍ਰੰਥ ਦੇ ਖਿਲਾਫ ਪਤਾ ਨਹੀ ਕਿਤਨੇ **ਮੂਰਖਾ ਨੇ ਰੋਲੇ ਪਾਏ ਨੇ ॥ ਮੂੜ ਨੇ, ਨਾ -ਸਮਝ ਨੇ , ਪਤਾ ਈ ਕੋਈ ਨਹੀ** ॥ ਐ ਜੇ ਏ ਪੜ੍ਹ ਲਈਏ , ਤ੍ਰਿਯਾ ਚ੍ਰਿਤਰ ਪੜ੍ਹ ਲਈਏ॥ ਤ੍ਰਿਯਾ ਚ੍ਰਿਤਰ ਈ ਐ ਪਰ ਪੁਰਸ਼ ਦੀਆ ਕਰਤੂਤਾ ਦਾ ਵੀ ਜਿਕਰ ਐ , ਉਹ ਵੀ ਤਾ ਪੜ੍ਹੋ॥ ਹਕਾਇਤਾ 'ਚ ਸੱਭ ਕੁਛ ਲਿਖਿਆ॥ ਪੁਰਸ਼ ਤੇ ਭ੍ਰਸ਼ਟ ਪਣਾ , ਇਸਤਰੀ ਦਾ ਭ੍ਰਸ਼ਟ ਪਣਾ ॥ ਆਖਰ ਦੋਵੇ ਭ੍ਰਸ਼ਟ ਹੋਣਗੇ ਤਾ ਈ ਅਨਰਥ ਹੋਵੇਗਾ ॥ ਦੁਨੀਆ 'ਚ ਦੁਰਾਚਾਰ ਫੈਲੇਗਾ , ਬੇਈਮਾਨੀ ਫੈਲੇਗੀ ॥ ਦੋਹਾ ਦੇ ਸੰਜੋਗ ਨਾਲ ਹੋਵੇਗਾ ॥ ਇਹ ਵੀ ਮੈ ਅਰਜ਼ ਕਰ ਦਿਆ " ॥

**ਦਾਸ ਨੇ ਸਕੂਲੀ ਪੜ੍ਹਾਈ ਸਮੇ** ਹਕੀਮ ਬੂ-ਅਲੀ-ਸੀਨਾ ਦਾ ਲਿਖਿਆ ਕੋਕ ਸ਼ਾਸਤਰ ਪੜ੍ਹਿਆ ਸੀ। ਕਾਮ ਬਾਰੇ ਬੜੀ ਲਾਹੇਵੰਦ ਜਾਣਕਾਰੀ ਲਿਖੀ ਹੋਈ ਹੈ। ਉਨ੍ਹਾਂ ਦਿਨਾ ਵਿਚ ਹੀ ਲਾਹੌਰ ਦੇ ਹਕੀਮ ਹਰਨਾਮਦਾਸ ਦੇ ਲਿਖੇ ਹਦਾਇਤ ਨਾਮੇ (**ਹਦਾਇਤ ਨਾਮਾ ਖ਼ਾਵੰਦ, ਹਦਾਇਤ ਨਾਮਾ ਬੀਵੀ--ਹਦਾਇਤ ਨਾਮਾ ਗ਼ਿਜਾ--ਹਦਾਇਤ ਨਾਮਾ ਸਿਹਤ, ਆਦਿ**) ਬੜੇ ਹਰ ਮਨ ਪਿਆਰੇ ਬਣੇ ਹੋਏ ਸਨ। ਸਰੀਰ ਦੀ ਅਰੋਗਤਾ ਦੀ ਰਖਿਆ ਵਾਲੇ ਅਨਮੋਲ ਨਿਯੱਮਾਂ ਦੇ ਨਾਲ ਗ੍ਰਿਹਸਤੀ ਜਿੰਦਗੀ ਨੂੰ ਹਰ ਪੱਖੋ ਸੁਖੀ ਬਨਾਉਣ ਬਾਰੇ ਬੜੀ ਕੀਮਤੀ ਜਾਣਕਾਰੀ ਦੇ ਨਾਲ ਪੈਦਾਇਸ਼ੀ ਸਮੇਂ ਤੋਂ ਕਾਮ ਰੁਚੀ ਦੀ ਮਨੁੱਖਾ ਸਰੀਰ ਵਿਚ ਪ੍ਰਧਾਨਗੀ ਦੀ ਅਤੇ ਬਚਪਨ ਵਿਚ ਪੈ ਜਾਣ ਵਾਲੀਆਂ ਘਾਤਕ ਆਦਤਾਂ ਬਾਰੇ ਬੜੇ ਲਾਹੇਵੰਦ ਢੰਗ ਨਾਲ ਜਾਣਕਾਰੀ ਲਿਖੀ ਹੋਈ ਸੀ। ਕਮਜ਼ੋਰ ਤੋਂ ਕਮਜ਼ੋਰ ਮਰਦਮੀ ਤਾਕਤ ਵਾਲਾ ਵੀ, ਤਕੜੀ ਤੋਂ ਤਕੜੀ ਇਸਤ੍ਰੀ ਦੀ ਕਾਮ ਭੁੱਖ ਬੜੀ ਸਫ਼ਲਤਾ ਨਾਲ ਪੂਰੀ ਕਰੀ ਰੱਖ ਕੇ ਘ੍ਰੋਗੀ ਜ਼ਿੰਦਗੀ ਨੂੰ ਕਿਵੇਂ ਰਸ-ਦਾਇਕ ਅਤੇ ਸੁਖੀ ਬਣਾਈ ਰੱਖਣ ਵਿਚ ਸਫ਼ਲ ਹੋ ਸਕਦਾ ਹੈ ? ਅਜੇਹੇ ਬੇਅੰਤ ਤਰ੍ਹਾਂ ਦੀ ਬੜੀ ਲਾਹੇਵੰਦ ਜਾਣਕਾਰੀ ਸੀ ਕੋਕ ਸ਼ਾਸਤ੍ਰ ਵਿਚ। ਕਾਮ ਸੂਤਰ ਸ਼ਾਸਤ੍ਰ ਤਾਂ ਦਾਸ ਨੇ ਪੜ੍ਹਿਆ ਨਹੀਂ ਪਰ ਦਸਮ ਗ੍ਰੰਥ ਸਾਹਿਬ ਵਿਚਲੇ ਚਰਿਤ੍ਰੋ ਪਖਿਯਾਨ ਗ੍ਰੰਥ ਵਿਚ ਕਾਮ ਬਾਰੇ ਅਜੇਹੀ ਕਿਸੇ ਲਾਹੇਵੰਦ ਜਾਣਕਾਰੀ ਦੀ ਅਣਹੋਂਦ ਦਾ ਏਡਾ ਦੁੱਖ ਨਹੀਂ ਹੋਇਆ, ਜਿੰਨਾ ਉਸ ਵਿਚੋਂ ਜਵਾਨੀ ਨੂੰ ਤਬਾਹ ਅਤੇ ਬਰਬਾਦ ਕਰ ਦੇਣ ਦਾ ਭੜਕਾਊ ਮਸਾਲਾ ਪੜ੍ਹ ਕੇ ਕਾਂਬਾ ਛਿੜਿਆ। ਕਾਮ ਅਗਨੀ ਦਾ ਭਾਂਬੜ ਬਾਲ ਦੇਣ ਵਾਲੀ ਨਗਨ ਅਸ਼ਲੀਲਤਾ, ਅਥਵਾ ਮਨੁੱਖਤਾ ਦਾ ਘਾਤ ਕਰਨ ਵਾਲਾ ਝੂਠ ਅਤੇ ਕੁਫ਼ਰ ਦਾ ਹੜ ? ਚਰਿਤਰੋ ਪਖਿਆਨ ਗ੍ਰੰਥ ਤੋਂ ਆਪ ਜੀ ਦੇ ਬਚਨਾ ਵਾਲੀ **ਕਾਮ-ਅਧਿਕ ਸ਼ਕਤੀ** ਦਾ ਕਿਤੇ ਕੋਈ ਖੁਰਾਖੋਜ ਨਹੀਂ ਮਿਲਦਾ। ਕਾਮ-ਕਲਾ ਦਾ ਜੋ ਗਿਆਨ ਉਸ ਵਿਸ਼ਾਲ ਗ੍ਰੰਥ ਵਿਚੋਂ ਬਾਹਾਂ ਪਸਾਰੀ ਸਵਾਗਤ ਕਰ ਰਿਹਾ ਹੁੰਦਾ ਹੈ ਉਸ ਅਨੂਠੇ ਕਾਮ-ਗਿਆਨ ਦੀ ਵਿਆਖਿਆ, (ਸ੍ਰੀ ਗੁਰੂ ਗ੍ਰੰਥ ਸਾਹਿਬ--ਮਾਝ ਕੀ ਵਾਰ ਪਹਿਲੀ ਪਉੜੀ ਨਾਲ ਸੰਬੰਧਤ-- ਮ: ੧ ॥ ਸਲੋਕ ਦੀ-) ਕੇਵਲ ਇਹ ਪੰਗਤੀ " **ਛਿਵੈ ਕਾਮ ਨ ਪੁਛੈ ਜਾਤਿ ॥** " ਹੀ ਸਮਝਾਉਂਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਤੁਸੀਂ ਪਤਾ ਨਹੀਂ ਕਿਸ ਮਜਬੂਰੀ ਦੇ ਕਾਰਨ ਹੋਰ ਹੋਰ ਚਕਰੀਆਂ ਦੇਈ ਜਾਣ ਵਿਚ ਰੁੱਝੇ ਰਹੇ ?

ਆਪ ਜੀ ਦਾ ਭਾਸ਼ਨ ਸੱਚ ਤੋਂ ਕੋਹਾਂ ਦੂਰ ਅਨੁਭਵ ਹੋਇਆ ਹੈ। ਸੋ ਆਪ ਜੀ ਵਲੋਂ ਕਿਸੇ ਦੂਜੇ ਲਈ " **ਮੂਰਖ, ਮੂੜ੍ਹ** ਅਤੇ **ਨਾ ਸਮਝ** " ਸ਼ਬਦ ਵਰਤਣੇ ਸ਼ਾਇਦ ਗੁਰਮਤਿ ਦੀ ਘੋਰ ਖੰਡਨਾ ਹੈ ਜੀ ? ਵਿਚਾਰ ਕਰ ਲੈਣ ਦੀ ਖੇਚਲ ਕਰ ਲੈਣਾ ਹੋ ਸਕਦਾ ਹੈ ਆਪ ਜੀ ਨੇ (**ਦੂਜਿਆਂ ਨੂੰ ਮੂੜ੍ਹ ਮੂਰਖ ਕਹਿਣ ਵਿਚ**,) ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤਿ ਜੁਗਤ ਦੇ ਯਾਰ੍ਹਵੇਂ ਪ੍ਰਗਟ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਬਚਨਾਂ ਦੀ ਉਲੰਙਣਾ ਹੀ ਕੀਤੀ ਹੋਵੇ ? ਗੁਰਮਤਿ-ਉਪਦੇਸ਼ ਦੇ ਪੱਖ ਨੂੰ ਬੇਲੋੜਾ ਜਾਣਦਿਆਂ **ਸ਼ਾਇਦ ਢੰਗ ਨਾਲ, ਤਸਮੱਸਖ਼ਰ ਹੀ** ਉਡਾਇਆ ਹੋਵੇ ਜੀ ? :--

੪੪- **ਨਾਨਕ ਮੂਰਖ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥ ੪ ॥**[੧੩੨੮]

੪੫- **ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੧॥ਰਹਾਉ ॥**[੧੦੧੫]

੪੬- **ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ ੪ ॥** [੭੨੮]

੪੭- **ਇਕ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥** [੧੩੮੪]

੪੮- **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**
**ਫਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ੧ ॥**[੪੭੩]-ਵਾਰ-੨੦

੪੯- **ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਹਿਬ ਏਕੁ ॥**
**ਸਭਨਾ ਸਾਹਿਬ ਏਕੁ ਹੈ ਵੇਖੈ ਧੰਧੈ ਲਾਇ ॥ ਕਿਸ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥ ... ੧ ॥** [੧੨੩੮]-ਵਾ-੨

੫੦- **ਫ਼ਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥** [੧੩੮੧]

ਦੂਜਿਆਂ ਨੂੰ ਮੂਰਖ ਕਹਿਣ ਤੋਂ ਪਹਿਲਾਂ ਆਉ ਵਿਚਾਰ ਲਈਏ ਕਿ, ਭਾਈ ਗੁਰਦਾਸ ਜੀ ਦੇ ਇਹ ਬਚਨ ਕਿਤੇ ਸਾਡੇ ਆਪਣੇ ਹੀ ਤੇ ਤਾਂ ਨਹੀਂ ਢੁੱਕ ਰਹੇ ?--

੫੧- ਮੂਰਖ ਤਿਸਨੋ ਆਖੀਐ ਬੋਲਿ ਨ ਸਮਝੈ ਬੋਲਿ ਨ ਜਾਣੈ । ਹੋਰੋ ਕਿਹੁਕਰਿ ਪੁਛੀਐ ਹੋਰੋ ਕਿਉ ਕਰਿ ਆਖਿ ਵਖਾਣੈ ।
ਸਿਖ ਦੇਇ ਸਮਝਾਈਐ ਐਥੁ ਅਨਰਥੁ ਮਨੈ ਵਿਚਿ ਆਣੈ। ਵਡਾ ਅਸਮਝ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੇ ।
ਗੁਰਮਤਿ ਚਿਤਿ ਨ ਆਵਈ ਦੁਰਮਤਿ ਮਿਤ੍ਰ ਸਤ੍ਰ ਪਰਵਾਣੇ । ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਨ ਕਰੇ ਧਿਙਾਣੇ ।

ਮੁਤੇ ਰੋਵੈ ਮਾਂ ਨ ਸਿਞਾਣੈ ॥ ੧੪ ॥ [ਵਾਰ-੩੨]

**ਸਾਰੇ ਦਸਮ ਗ੍ਰੰਥ ਵਿਚ ਅਜੇਹੀ ਸਿਖਿਆ ਵਾਲੀ ਗੱਲ ਖ਼ੁਰਦਬੀਨ ਨਾਲ ਵੇਖਿਆਂ ਵੀ ਨਹੀਂ ਲੱਭੀ ।** ਸਤਿਕਾਰ ਯੋਗ ਮਸਕੀਨ ਸਾਹਿਬ ਜੀਓ **!** ਕਰੋ ਬਹੁੜੀ, ਤੁਸੀਂ ਹੀ ਵਿਖਾ ਦਿਉ ਜੇ ਕਿਤੇ ਅਜੇਹੀ ਕੋਈ ਸਿਖਿਆ ਹੈ ਤਾਂ:-- **ਕਾਜੀ ਸੋ, ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ ਸੁਪਨੈ, ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥ ੨ ॥** [੧੧੬੦]-੩-੧੧

## ਵ- ਆਪ ਜੀ ਦੇ ਭਾਸ਼ਨ ਦੇ ਅੰਤਮ ਬਚਨ---

**(C)** ਇਸ ਵਾਸਤੇ ਤ੍ਰਿਯਾ ਚਰਿਤਰ ਤੇ ਪੁਰਸ਼ ਦੀ ਕਠੋਰਤਾ ਦਾ ਜ਼ਿਕਰ ਕੀਤਾ, ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੇ ਵਿਚ ॥ ਇਸ ਵਾਸਤੇ ਰਿਸ਼ੀ ਵਾਦ ਸਾਇਨ ਨੇ ਕਾਮ ਸੂਤ੍ਰ ਲਿਖਿਆ ॥ ਇਸ ਵਾਸਤੇ ਗੁਰੂ ਨਾਨਕ , ਗੁਰੂ ਅਰਜਨ , ਭਗਤ ਕਬੀਰ ਜੀ ਸਾਨੂੰ ਸਾਵਧਾਨ ਕਰਦੇ ਪਏ ਨੇ ॥ ਸੁਚੇਤ ਪਏ ਕਰਦੇ ਨੇ ॥ ਏਸੇ ਵਾਸਤੇ ਖਜਰਾਹੇ ਦੇ ਮੰਦਰ ਨੇ , ਕਾਮ ਸਿਰਫ ਸਰੀਰ ਦੇ ਤਲ ਤੇ ਰਹਿਣਾ ਚਾਹੀਦਾ ॥ ਮਨ ਦੇ ਤਲ ਤੇ ਰਾਮ ॥ ਅੰਦਰ ਰਾਮ ਰਹਿਣਾ ਚਾਹੀਦਾ ॥ ਰਾਮ ਦੀ ਮੂਰਤੀ ਅੰਦਰ ਐ ॥ ਦੀਵਾਰਾ ਤੇ ਕਾਮ ਦੀਆ ਮੂਰਤੀਆ ਨੇ, ਇਹ ਬਹੁਤ ਗੈਰਾਹੀ 'ਚ ਨਾ ਛੂਹੇ ॥ ਇਹ ਦਿਮਾਗ ਦਾ ਹਿੱਸਾ ਨਾ ਬਣੇ, ਸੋਚਣੀ ਦਾ ਹਿੱਸਾ ਨਾ ਬਣੇ , ਵੀਚਾਰ ਦਾ ਹਿੱਸਾ ਨਾ ਬਣੇ , ਸਿਰਫ ਸਰੀਰ ਦਾ ਹਿੱਸਾ ਈ ਬਣੇ ॥

ਪੱਕੀ ਆਸ ਹੈ, ਖਜੁਰਾਏ ਦੀ ਅਸ਼ਲੀਲਤਾ ਨੂੰ ਤੁਸੀਂ ਖਾਲਸਾ ਜੀ ਲਈ ਤੀਰਥ ਅਸਥਾਨ ਬਣਾ ਕੇ ਹੀ ਛੱਡੋਗੇ ?:--

ਦਾਸ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਜਿਨ੍ਹਾਂ ਹਿਸਿਆਂ ਨੂੰ ਗੁਰੂ-ਬਾਣੀ ਦੀ ਕਸਵੱਟੀ ਤੇ ਅਤੇ ਗੁਰਮਤਿ ਬਿਬੇਕਤਾ ਦੀ ਸਹਾਇਤਾ ਨਾਲ ਪਰਖਿਆ ਹੈ, ਉਹ ਲੇਖ, **ਅੱਜ ਮਿਤੀ ਜੂਨ ੧੮ ੧੯੯੮ ਨੂੰ ਅਮਰੀਕਾ** ਦੇ ਸਿਆਟਲ ਸ਼ਹਿਰ ਵਿਚਲੇ ਗੁਰੂ ਦੁਆਰਾ ਸਾਹਿਬ " ਸੱਚਾ ਮਾਰਗ " ਵਿਖੇ ਜੁੜੀ ਸਤਿਸੰਗਤਿ ਵਿਚ, ਆਪ ਜੀ ਦੀ ਸੇਵਾ ਵਿਚ ਹਾਜ਼ਰ ਕਰ ਦਿੱਤੇ ਹਨ। ਸਨਿੱਮਰ ਜੋਦੜੀ ਹੈ ਕਿ ਇਨ੍ਹਾਂ ਨੂੰ ਪੜ੍ਹ ਕੇ, **ਗੁਰੂ ਬਾਣੀ ਦੇ ਪਰਮਾਣਾ ਦੇ ਅਧਾਰ ਤੇ ਗੁਰਮਤਿ ਦੇ ਅਨਕੂਲ**, ਸੋਧਾਂ ਕਰਨ ਲਈ ਜੋ ਵੀ ਫ਼ੁਰਮਾਨ ਕਰੋਗੇ ਦਾਸ ਪਾਲਣਾ ਕਰਨ ਵਿਚ ਜ਼ਰਾ ਢਿੱਲ ਨਹੀਂ ਕਰੇਗਾ। ਪਾਠਕਾਂ ਦੀ ਕਚਿਹਰੀ ਵਿਚ ਪੁੱਜਣ ਤੋਂ ਪਹਿਲਾਂ ਅਜੇਹਾ ਕੋਈ ਬਚਨ ਇਨ੍ਹਾਂ ਲੇਖਾਂ ਵਿਚ ਨਹੀਂ ਰਹਿਣਾ ਚਾਹੀਦਾ ਜਿਸ ਤੋਂ ਪੰਥ ਵਿਚ ਗੁਰਮਤਿ ਵਿਰੋਧੀ ਕੋਈ ਨਵੀਂ ਦਬਿਧਾ ਖੜੀ ਹੋ ਜਾਵੇ। ਇਹ ਦਾਸ ਦੀ ਦਿਲੀ ਇਛਿਆ ਹੈ। ਪਰ ਕਿਸੇ ਵੀ ਡਰੋਂ ਝੂਠ ਨੂੰ ਸੱਚ ਮੰਨਣ ਲਈ ਰਾਜ਼ੀ ਹੋ ਜਾਣਾ ਪੰਥਕ ਪਰੰਪ੍ਰਾਵਾਂ ਦਾ ਘਾਤ ਹੈ। ਜੇ ਅਸੀਂ ਆਪਣੇ ਗੁਰੂਪਰਮੇਸ਼ਰ ਜੀ ਦੇ ਬਚਨਾ ਅਨੁਸਾਰ ਨਹੀਂ ਤੁਰਦੇ ਤਾਂ----

੫੧ **ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥** [੮੩੬]

੫੨- **ਅੰਚਲਾ ਗਹਿਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥**
**ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥**

ਭੁੱਲਾਂ ਦੀ ਖਿਮਾ। ਨਿਆਰੇ ਸਤਿਗੁਰਾਂ ਦੀ ਨਿਆਰੀ ਮਤਿ ਲੈਂਦੇ ਰਹਿਣ ਦਾ ਚਾਹਵਾਨ। ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲ ਰਹੇ

**ਗੁਰਮੁੱਖਾਂ ਰਾ ਪਾ ਖ਼ਾਕ-** ਗੁਰਬਖ਼ਸ਼ ਸਿੰਘ (ਕਾਲਾ ਅਫ਼ਗਾਨ) -